ਸ੍ਰੀਮਤ
ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ

# ਗੁਰੂ ਗਿਰਾਰਥ ਕੋਸ਼

ਪੁਨਰ ਸੰਪਾਦਿਤ : ਨਵੀਨ ਸ਼ਬਦ-ਕ੍ਰਮ ਅਨੁਸਾਰ

ਪਹਿਲੀ ਜਿਲਦ
'ੳ' ਤੋਂ 'ਣ' ਤਕ

ਮੁਖ ਸੰਪਾਦਕ
ਡਾ. ਹਰਭਜਨ ਸਿੰਘ

ਸੰਪਾਦਕ
ਮੁਹੱਬਤ ਸਿੰਘ
ਕੁਲਵਿੰਦਰ ਸਿੰਘ
ਮਨਜੀਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰੁ ਗਿਰਾਰਥ ਕੋਸ਼

ਸ੍ਰੀਮਤ
ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ

# ਗੁਰੁ ਗਿਰਾਰਥ ਕੋਸ਼

*ਪੁਨਰ ਸੰਪਾਦਿਤ : ਨਵੀਨ ਸ਼ਬਦ-ਕ੍ਰਮ ਅਨੁਸਾਰ*

ਪਹਿਲੀ ਜਿਲਦ
'ੳ' ਤੋਂ 'ਣ' ਤਕ

ਮੁਖ ਸੰਪਾਦਕ
ਡਾ. ਹਰਭਜਨ ਸਿੰਘ

ਸੰਪਾਦਕ
ਮੁਹੱਬਤ ਸਿੰਘ
ਕੁਲਵਿੰਦਰ ਸਿੰਘ
ਮਨਜੀਤ ਕੌਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

©
ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਪੰਜਾਬੀ ਯੂਨੀਵਰਸਿਟੀ ਪਟਿਆਲਾ
20-ਪ੍ਰੀਤਮ ਰੋਡ ਡਾਲਨਵਾਲਾ, ਦੇਹਰਾਦੂਨ
Ph. 0135-2673954

Shrimat Pandit Tara Singh Narotam

**SHRI GURU GIRARTHA KOSH** *(PUNJABI)*

*CHIEF EDITOR*
DR. HARBHAJAN SINGH

*EDITORS*
MOHUBAT SINGH
KULWINDER SINGH
MANJEET KAUR

ISBN - 81-302-0212-3

2010
ਪਹਿਲੀ ਵਾਰ : 500 ਕਾਪੀਆਂ
ਮੁੱਲ : 550 ਰੁਪਏ

ਪ੍ਰੋ. ਸੁਖਦਰਸ਼ਨ ਸਿੰਘ ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ ਅਤੇ
ਪਰਲ ਬੁਕਸ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿਖੇ ਛਪੀ

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮ ਕਲਿਆਣਕਾਰੀ ਬਾਣੀ ਸਮੁਚੀ ਮਾਨਵਤਾ ਦੀ ਸਾਂਝੀ ਧਰਮ-ਧਰੋਹਰ ਹੈ। ਇਸ ਪੁਨੀਤ ਧਰਮ ਗ੍ਰੰਥ ਦੀ ਇਹ ਵਿਸ਼ੇਸ਼ਤਾ ਹੈ ਕਿ ਭਾਵੇਂ ਇਸ ਦੀ ਦੈਵੀ ਬਾਣੀ ਦੁਆਰਾ ਇਕ ਅਸਲੋਂ ਨਵੀਨ ਸੰਸਕ੍ਰਿਤੀ ਦਾ ਵੀ ਧਰਤੀ ਉਤੇ ਆਗਮਨ ਹੋਇਆ ਸੀ, ਫਿਰ ਵੀ ਇਹ ਵਿਸ਼ਵ ਦੀਆਂ ਸਾਰੀਆਂ ਸੰਸਕ੍ਰਿਤੀਆਂ ਨੂੰ ਆਪਣੇ ਅੰਗ-ਸੰਗ ਰਖਣ ਵਾਸਤੇ ਬਹੁਤ ਵਿਸ਼ਾਲ ਹਿਰਦਾ ਰਖਦਾ ਹੈ। ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਨੇ ਮਨੁੱਖ ਦੇ ਤਨ-ਮਨ ਲਈ ਹਿਤਕਾਰੀ ਹਰ ਪ੍ਰਕਾਰ ਦੇ ਖਾਣ, ਪੀਣ, ਪਹਿਨਣ, ਰਹਿਣ-ਸਹਿਣ, ਵਿਚਰਨ ਦੇ ਢੰਗਾਂ ਨੂੰ ਇਕ-ਸਮਾਨ ਦ੍ਰਿਸ਼ਟੀ ਨਾਲ ਵੇਖਿਆ ਹੈ। ਹਰ ਭਾਸ਼ਾ, ਹਰ ਦੇਸ਼, ਹਰ ਜਾਤੀ, ਹਰ ਵਰਣ, ਹਰ ਮਜ਼੍ਹਬ, ਹਰ ਰੰਗ-ਰੂਪ, ਹਰ ਦਿਸ਼ਾ ਨਾਲ ਸੰਬੰਧਿਤ ਮਨੁੱਖਾਂ ਨਾਲ ਸਮਾਨ ਵਿਵਹਾਰ ਕਰਨ ਦੇ ਸੁਦ੍ਰਿੜ ਪੂਰਨੇ ਪਾਏ ਹਨ। ਫਲਸਰੂਪ ਅਨੇਕਾਂ ਵਰਗਾਂ ਨੇ ਇਸ ਦੀ ਬਾਣੀ ਦਾ ਪ੍ਰਭਾਵ ਆਪਣੇ-ਆਪਣੇ ਢੰਗ ਨਾਲ ਕਬੂਲਿਆ ਹੈ। ਕਈ ਇਸ ਦੇ ਪ੍ਰਭਾਵ ਕਾਰਨ ਪੰਥ ਦਾ ਅੰਗ ਬਣ ਗਏ, ਤਾਂ ਕਈ ਪੰਥ ਤੋਂ ਬਾਹਰ ਰਹਿ ਕੇ ਵੀ ਇਸ ਦੇ ਕਲਿਆਣਕਾਰੀ ਬਚਨਾਂ ਨੂੰ ਪਥ-ਪਰਦਰਸ਼ਕ ਸਵੀਕਾਰਦੇ ਰਹੇ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਰ ਵਿਅਕਤੀ ਆਪਣਾ ਰਹਿਬਰ ਜਾਣ ਕੇ ਆਪਣੀ ਭਾਵਨਾ ਅਨੁਸਾਰ ਸਨਮਾਨ ਦਿੰਦਾ ਸੀ, ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੀ ਪ੍ਰੇਰਿਤ ਲੋਕ ਆਪਣੀ-ਆਪਣੀ ਭਾਵਨਾ ਅਨੁਸਾਰ ਗ੍ਰਹਿਣ ਕਰਦੇ ਸਨ, ਜਿਸ ਕਾਰਨ ਗੁਰਬਾਣੀ ਦੀ ਵਿਆਖਿਆਕਾਰੀ ਵਿਵਿਧ ਪ੍ਰਕਾਰ ਨਾਲ ਵਿਕਸਿਤ ਹੋਈ। ਟਕਸਾਲਾਂ ਦਾ ਆਪਣਾ ਢੰਗ ਰਿਹਾ ਹੈ, ਗਿਆਨੀਆਂ ਦੀ ਸੰਪ੍ਰਦਾਇ ਆਪਣੇ ਢੰਗ ਨਾਲ ਅਰਥ ਕਰਦੀ ਰਹੀ ਹੈ, ਨਿਰਮਲਿਆਂ ਦੀ ਆਪਣੀ ਸ਼ੈਲੀ ਅਤੇ ਰਹਿਣ ਦਾ ਢੰਗ ਸੀ ਅਤੇ ਉਦਾਸੀ, ਸੇਵਾ ਪੰਥੀ ਆਦਿ ਆਪਣੇ ਤਰੀਕਿਆਂ ਨਾਲ ਗੁਰਮਤਿ ਦਾ ਵਿਚਾਰ ਦਸਦੇ ਰਹੇ ਹਨ। ਹਰ ਸੰਪ੍ਰਦਾਇ ਦੇ ਵਿਅਕਤੀ ਦਾ ਚਿੰਤਨ ਇਸ ਦੇ ਵਿਚਾਰ ਨੂੰ ਅਨੁਕੂਲ ਜਾਣਦਾ ਰਿਹਾ ਹੈ।

ਗੁਰਬਾਣੀ ਦੀ ਵਿਆਖਿਆਕਾਰੀ ਵਿਚ 'ਨਿਰਮਲ ਸੰਪ੍ਰਦਾਇ' ਦਾ ਆਪਣਾ ਵਿਲਖਣ, ਪਰ ਬਹੁਤ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਸੰਪ੍ਰਦਾਇ ਦੇ ਮਹਾਪੁਰਖਾਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਹ ਗੁਰਬਾਣੀ ਦੇ ਗੰਭੀਰ ਚਿੰਤਨ ਤਕ ਪੁਜਣ ਵਾਸਤੇ ਵੈਦਿਕ ਗ੍ਰੰਥ ਅਤੇ ਭਾਰਤੀ ਦਰਸ਼ਨ-ਸ਼ਾਸਤ੍ਰ ਨੂੰ ਪੂਰੀ ਲਗਨ ਸਹਿਤ ਪੜ੍ਹਦੇ ਰਹੇ ਹਨ, ਪਰ ਗੁਰਬਾਣੀ ਦੇ ਸਿਧਾਂਤ ਅਤੇ ਦਰਸ਼ਨ ਨੂੰ ਸਭ ਦਰਸ਼ਨਾਂ ਤੋਂ ਉਪਰ ਸਥਾਪਿਤ ਕਰਦੇ ਰਹੇ ਹਨ। ਵਾਸਤਵ ਵਿਚ ਇਹ ਉਨ੍ਹਾਂ ਦੇ ਧਰਮ ਪ੍ਰਚਾਰ ਦਾ ਆਪਣਾ ਇਕ ਨਿਵੇਕਲਾ ਢੰਗ ਸੀ। ਵਖ-ਵਖ ਮੱਤਾਂ ਦੇ ਲੋਕਾਂ ਵਿਚ ਵਿਚਰ ਕੇ ਗੁਰਮਤਿ ਦਾ ਵਿਸਤਾਰ ਕਰਨਾ ਉਹ ਬਾਖੂਬੀ ਜਾਣਦੇ ਸਨ। ਭਾਰਤੀ ਦਰਸ਼ਨ ਦੇ ਚੰਗੇ ਗਿਆਤਾ ਹੋਣ ਕਾਰਨ, ਉਨ੍ਹਾਂ ਦੀ ਵਿਆਖਿਆਕਾਰੀ ਵਿਚ ਦਰਸ਼ਨ-ਸ਼ਾਸਤ੍ਰ ਦੇ ਗੰਭੀਰ ਤੱਤ ਆਉਣੇ ਕੁਦਰਤੀ ਸਨ। ਧਰਮ-ਸ਼ਾਸਤ੍ਰ ਦੇ ਇਨ੍ਹਾਂ ਗੰਭੀਰ ਤੱਤਾਂ ਨੇ ਸਿਖ ਚਿੰਤਨ ਨੂੰ ਸੂਖਮਤਾ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਨਿਰਸੰਦੇਹ 'ਨਿਰਮਲ ਸੰਪ੍ਰਦਾਇ' ਦੀ ਵਿਆਖਿਆ ਨੂੰ ਸਿਖਰ ਤਕ ਪਹੁੰਚਾਉਣ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਦਾ ਯੋਗਦਾਨ ਅਦੁਤੀ ਸੀ। ਉਨ੍ਹਾਂ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਆਪਣੀਆਂ ਪੁਸਤਕਾਂ ਵਿਚ ਸਿਖ ਸਿਧਾਂਤ ਅਤੇ ਦਰਸ਼ਨ ਦੀ ਗੱਲ ਵੀ ਕੀਤੀ, ਗੁਰਬਾਣੀ ਦੇ ਟੀਕੇ ਵੀ ਲਿਖੇ, ਸਿਖ ਰਹੁਰੀਤੀ ਦੀ ਵਿਆਖਿਆ ਵੀ ਕੀਤੀ, ਸਿਖ ਤੀਰਥ-ਸਥਾਨਾਂ ਬਾਰੇ ਵੀ ਲਿਖਿਆ ਅਤੇ ਗੁਰਮਤਿ ਸਾਹਿਤ ਨੂੰ ਬਹੁਤ ਉਤਮ ਕਿਸਮ ਦਾ ਸ਼ਬਦ ਕੋਸ਼ ਦੇ ਕੇ ਵੀ ਸਮ੍ਰਿਧ ਕੀਤਾ। ਭਾਵੇਂ ਉਨ੍ਹਾਂ ਦੁਆਰਾ ਤਿਆਰ ਕੀਤਾ ਗਿਆ 'ਗੁਰੂ ਗਿਰਾਰਥ ਕੋਸ਼' ਗਿਆਨ ਦਾ ਵਿਸ਼ਾਲ ਭੰਡਾਰ ਹੈ ਅਤੇ ਆਪਣੇ ਸਮੇਂ ਵਿਚ ਉਨ੍ਹਾਂ ਨੇ ਉਪਲਬਧ ਗਿਆਨ ਦੇ ਪ੍ਰਕਾਸ਼ ਵਿਚ ਇਸ ਨੂੰ ਸਰਬ-ਗੁਣ ਸੰਪੰਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ, ਫਿਰ ਵੀ ਇਸ ਨੂੰ ਪ੍ਰਕਾਸ਼ਿਤ ਹੋਇਆਂ ਇਕ ਸੌ ਸਾਲ ਤੋਂ ਵਧੀਕ ਸਮਾਂ ਬੀਤ ਗਿਆ ਹੈ। ਸਮਾਂ ਬੀਤਣ ਨਾਲ ਅਜਿਹੇ ਕੋਸ਼ਾਂ ਦੀ ਤਿਆਰੀ ਦੇ ਢੰਗਾਂ ਵਿਚ ਭਾਰੀ ਬਦਲਾਅ ਆ ਚੁਕਾ ਹੈ। ਇਸ ਦੀ ਦੁਬਾਰਾ ਛਪਾਈ ਨਾ ਹੋਣ ਕਰ ਕੇ ਇਕ ਵਿਖਿਆਤ ਵਿਦਵਾਨ ਦੀ ਸ੍ਰੇਸ਼ਠ ਕ੍ਰਿਤੀ ਨਸ਼ਟ ਹੋ ਜਾਣ ਦਾ ਵੀ ਬਹੁਤ ਵਡਾ ਖਤਰਾ ਸੀ।

ਇਨ੍ਹਾਂ ਪ੍ਰਸਥਿਤੀਆਂ ਵਿਚ ਇਸ ਦੁਰਲਭ ਗਿਆਨ-ਸਾਮੱਗਰੀ ਦੀ ਸੰਭਾਲ ਕਰ ਕੇ ਉਸ ਨੂੰ ਸਮੇਂ ਅਨੁਕੂਲ ਬਣਾਉਣ ਵਾਸਤੇ ਸਰਬ-ਭਾਂਤ ਸੋਧ ਕੇ ਪ੍ਰਕਾਸ਼ਿਤ ਕਰਨ ਦੀ ਬਹੁਤ ਆਵਸ਼ਕਤਾ ਸੀ। ਇਹ ਬਹੁਤ ਪ੍ਰਸੰਨਤਾ ਦੀ ਗੱਲ ਹੈ ਕਿ ਦੇਹਰਾਦੂਨ ਵਿਖੇ ਸਥਿਤ ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਚ ਕਾਰਜਰਤ ਅਕਾਦਮਿਕ ਸਟਾਫ਼ ਨੇ ਇਸ ਦੇ ਪਹਿਲੇ ਭਾਗ ਨੂੰ ਸਰਬ-ਭਾਂਤ ਸੋਧ ਕੇ ਪ੍ਰਕਾਸ਼ਿਤ ਕਰਨ ਯੋਗ ਬਣਾ ਲਿਆ ਹੈ। ਇਸ ਅਤਿ ਅਹਿਮ ਕਾਰਜ ਨੂੰ ਡਾ. ਹਰਭਜਨ ਸਿੰਘ ਅਤੇ ਉਨ੍ਹਾਂ ਦੀ ਅਗਵਾਈ ਵਿਚ ਕੰਮ ਕਰ ਰਹੇ ਸ. ਕੁਲਵਿੰਦਰ ਸਿੰਘ (ਪ੍ਰਾਜੈਕਟ ਐਸੋਸੀਏਟ), ਸ. ਮੁਹੱਬਤ ਸਿੰਘ (ਪ੍ਰਾਜੈਕਟ ਐਸੋਸੀਏਟ) ਅਤੇ ਬੀਬੀ ਮਨਜੀਤ ਕੌਰ ਨੇ ਸਖ਼ਤ ਮਿਹਨਤ ਕਰ ਕੇ ਸਿਰੇ ਚੜ੍ਹਾਇਆ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਦੇਹਰਾਦੂਨ ਵਿਖੇ ਸਥਿਤ ਪੰਜਾਬੀ ਯੂਨੀਵਰਸਿਟੀ ਦਾ ਇਹ ਕੇਂਦਰ ਭਾਵੇਂ ਆਕਾਰ ਵਿਚ ਛੋਟਾ ਦਿਸਦਾ ਹੋਵੇ, ਪਰ ਇਸ ਦੀਆਂ ਅਕਾਦਮਿਕ ਪ੍ਰਾਪਤੀਆਂ ਬਹੁਤ ਵਡੀਆਂ ਹਨ। ਮੈਂ ਆਸ ਕਰਦਾ ਹਾਂ ਕਿ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਗਿਆਨ ਦੇ ਖੇਤਰ ਵਿਚ ਆਪਣੇ ਯੋਗਦਾਨ ਨੂੰ ਹਮੇਸ਼ਾ ਪ੍ਰਚੰਡਤਾ ਦੇਂਦਾ ਰਹੇਗਾ ਅਤੇ ਆਪਣੇ ਸੰਸਥਾਪਕਾਂ ਦੇ ਸੁਪਨਿਆਂ ਨੂੰ ਜ਼ਰੂਰ ਸਾਕਾਰ ਕਰੇਗਾ।

ਇਹ ਪੁਸਤਕ ਮੈਂ ਸੰਨ 2008 ਵਿਚ ਆਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਗੱਦੀ ਦਿਵਸ ਨੂੰ ਸਮਰਪਿਤ ਕਰਦਿਆਂ ਬਹੁਤ ਗੌਰਵ ਅਤੇ ਅਤਿਅੰਤ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਮੈਂ ਆਸ ਕਰਦਾ ਹਾਂ ਕਿ ਸਿਖ ਧਰਮ ਦੇ ਵਿਖਿਆਤ ਵਿਆਖਿਆਕਾਰ ਦੀ ਇਹ ਦੁਰਲਭ ਕ੍ਰਿਤੀ ਗੁਰਮਤਿ ਸਾਹਿਤ ਵਿਚ ਗੌਰਵਮਈ ਸਥਾਨ ਪਰਾਪਤ ਕਰਦਿਆਂ, ਬੁਧੀਮਾਨ ਅਤੇ ਵਿਵੇਕੀ ਪਾਠਕਾਂ ਦੀ ਬੌਧਿਕ-ਸੰਪਦਾ ਵਿਚ ਅਭੂਤਪੂਰਵ ਵਾਧਾ ਕਰੇਗੀ। ਮੇਰਾ ਅਟੁਟ ਵਿਸ਼ਵਾਸ ਹੈ ਕਿ ਗਿਆਨ-ਜਿਗਿਆਸੂ ਪਾਠਕ ਇਸ ਪੁਸਤਕ ਦੇ ਨਵ-ਆਗਮਨ ਦਾ ਭਰਪੂਰ ਸਵਾਗਤ ਕਰਨਗੇ।

ਜਸਪਾਲ ਸਿੰਘ
ਵਾਈਸ-ਚਾਂਸਲਰ

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਸਾਦਰ ਸਮਰਪਣ

ਗੁਰੁਤਾ-ਗਦੀ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਤੀਜੀ ਸ਼ਤਾਬਦੀ (2008)

# ਸਰਪ੍ਰਸਤ ਦੀ ਆਸੀਸ

ਨਿਰਮਲ ਸੰਪ੍ਰਦਾਇ ਵਿਚ ਉਚ ਕੋਟੀ ਦੇ ਵਿਦਵਾਨ ਅਤੇ ਨਾਮ-ਰਸੀਏ ਸੰਤ ਹੋਏ ਹਨ, ਜਿਨ੍ਹਾਂ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਇਲਾਹੀ ਬਾਣੀ ਦੇ ਅਰਥ ਅਤੇ ਸੂਖਮ ਭਾਵ ਖੋਲਣ, ਪ੍ਰਚਾਰਨ, ਪ੍ਰਸਾਰਨ ਵਿਚ ਭਾਰੀ ਯੋਗਦਾਨ ਹੈ। ਪੰਡਤ ਤਾਰਾ ਸਿੰਘ ਨਰੋਤਮ ਜੀ ਵੀ ਇਸ ਸ਼੍ਰੇਣੀ ਦੇ ਉਘੇ ਸੰਤ ਹੋਏ ਹਨ। ਇਹ ਗਿੜਵੜੀ (ਜਿਲ੍ਹਾ ਹੁਸ਼ਿਆਰਪੁਰ) ਦੇ ਨਿਵਾਸੀ ਸੰਤ ਗੁਲਾਬ ਸਿੰਘ ਜੀ ਦੇ ਸ਼ਿਸ਼ ਸਨ ਅਤੇ ਮਹਾਰਾਜਾ ਪਟਿਆਲਾ ਨੇ ਇਨ੍ਹਾਂ ਨੂੰ ਵਡੇ ਵਿਦਵਾਨ ਜਾਣ ਕੇ ਬੜੇ ਸਨਮਾਨ ਸਹਿਤ ਪਟਿਆਲੇ ਵਿਚ ਰਖਿਆ ਸੀ।

ਆਪ ਸੰਸਕ੍ਰਿਤ ਦੇ ਵਡੇ ਪੰਡਤ ਅਤੇ ਗੁਰਬਾਣੀ ਦੇ ਗਿਆਨੀ ਸਨ। ਇਨ੍ਹਾਂ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ। ੧੮੯੫ ਵਿਚ ਛਪਿਆ 'ਗੁਰੁ ਗਿਰਾਰਥ ਕੋਸ਼' ਇਨ੍ਹਾਂ ਦੀ ਨਾਯਾਬ ਰਚਨਾ ਹੈ। ਇਹ ਹੁਣ ਦੁਰਲਭ ਹੈ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇ ਆਰਕਾਇਵਜ਼ ਵਿਚ ਇਸ ਦੀਆਂ ਤਿੰਨ ਕਾਪੀਆਂ ਸੰਭਾਲੀਆਂ ਹੋਈਆਂ ਹਨ। ਡਾ. ਹਰਭਜਨ ਸਿੰਘ ਜੋ ਗੁਰਬਾਣੀ ਦੇ ਉਘੇ ਵਿਦਵਾਨ ਹਨ ਅਤੇ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਤਿਆਰ ਕਰਨ ਵਿਚ ਲਗੇ ਹੋਏ ਹਨ। ਉਨ੍ਹਾਂ ਨੇ ਇਸ ਗ੍ਰੰਥ ਦੀ ਮਹੱਤਤਾ ਨੂੰ ਮਦੇਨਜ਼ਰ ਰਖਦੇ ਹੋਏ, ਪ੍ਰਾਜੈਕਟ ਐਸੋਸੀਏਟ ਸ. ਮੁਹੱਬਤ ਸਿੰਘ, ਸ. ਕੁਲਵਿੰਦਰ ਸਿੰਘ ਅਤੇ ਜੂਨੀਅਰ ਸਹਾਇਕ ਸ੍ਰੀਮਤੀ ਮਨਜੀਤ ਕੌਰ ਦੇ ਸਹਿਯੋਗ ਨਾਲ ਮੁੜ ਸੰਪਾਦਿਤ ਕਰਨ ਲਈ ਇਸਦਾ ਖਰੜਾ ਤਿਆਰ ਕਰ ਲਿਆ ਹੈ। ਖਰੜਾ ਤਿਆਰ ਕਰਦਿਆਂ ਇਸ ਗਲ ਦਾ ਵਿਸ਼ੇਸ਼ ਧਿਆਨ ਰਖਿਆ ਗਿਆ ਹੈ, ਕਿ ਕੋਸ਼ ਵਿਚਲੇ ਪੁਰਾਣੇ ਜੁੜਵੇਂ ਸ਼ਬਦਾਂ ਦੀ ਬਜਾਇ ਪਦ-ਛੇਦ ਕਰਕੇ ਛਪਵਾਇਆ ਜਾਵੇ, ਤਾਂ ਜੋ ਪਾਠਕ ਨੂੰ ਪੜ੍ਹਨ ਵਿਚ ਅਸਾਨੀ ਹੋ ਜਾਵੇ। ਇਸ ਤੋਂ ਇਲਾਵਾ ਸ਼ਬਦਾਂ ਦਾ ਕ੍ਰਮ ਵਿਗਿਆਨਕ ਅਖਰ-ਕ੍ਰਮ ਅਨੁਸਾਰ ਦਿਤਾ ਜਾਵੇ ਅਤੇ ਬਾਣੀ ਦੀਆਂ ਪੰਕਤੀਆਂ ਵੀ ਸ਼ੋਧ ਕੇ ਦਿਤੀਆਂ ਜਾਣ।

ਸਿਖ ਅਕਾਦਮਿਕ ਖੋਜੀਆਂ ਅਤੇ ਪੁਰਾਣੇ ਗ੍ਰੰਥਾਂ ਦੇ ਕਦਰਦਾਨਾਂ ਲਈ ਇਹ ਇਕ ਨਾਯਾਬ ਗ੍ਰੰਥ ਸਾਬਤ ਹੋਵੇਗਾ।

**ਮਹਿੰਦਰ ਕੌਰ**
ਆਨਰੇਰੀ ਡਾਇਰੈਕਟਰ

ਡਾ. ਬਲਬੀਰ ਸਿੰਘ ਸਾਹਿਤ ਕੇਂਦਰ
ਦੇਹਰਾਦੂਨ

# ਪ੍ਰਸਤਾਵਨਾ

ਸਿਖ ਧਰਮ-ਸਿਧਾਂਤ ਅਤੇ ਗੁਰਬਾਣੀ ਦੀ, ਵਿਸ਼ੇਸ਼ ਤੌਰ ਤੇ ਪਰੰਪਰਾਈ, ਵਿਆਖਿਆਕਾਰੀ ਵਿਚ 'ਨਿਰਮਲ ਸੰਪ੍ਰਦਾਇ' ਦਾ ਆਪਣਾ ਅਤੀ ਵਿਸ਼ਿਸ਼ਟ ਸਥਾਨ ਹੈ। ਨਾ ਕੇਵਲ ਇਸ ਪਾਵਨ ਸਿਖ ਸੰਪ੍ਰਦਾਇ ਦਾ ਗੌਰਵਮਈ ਪੁਨੀਤ ਇਤਿਹਾਸ ਹੈ, ਬਲਕਿ ਭਾਰਤੀ ਅਧਿਆਤਮਕ ਚਿੰਤਨ-ਪਰੰਪਰਾ ਵਿਚ ਉਸ ਦੇ ਯੋਗਦਾਨ ਦੀ ਅਮਿਟ ਛਾਪ ਵੀ ਹੈ। ਵਿਸ਼ਵ ਦੇ ਉਤਕ੍ਰਿਸ਼ਟ ਸਾਹਿਤਕਾਰ ਅਤੇ ਸਾਹਿਤ-ਸਿਰਜਕਾਂ ਦੇ ਸਰਵੋਤਮ ਸਰਪ੍ਰਸਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਵਿਚ ਜਿਨ੍ਹਾਂ ਸਿਖਾਂ ਨੂੰ ਵਿਦਿਆ-ਪ੍ਰਬੀਨ ਹੋਣ ਦਾ ਸੂਖਮ ਧਰਮ ਪ੍ਰਦਾਨ ਕੀਤਾ ਸੀ, ਉਨ੍ਹਾਂ ਨੇ ਇਸ ਫ਼ਰਜ਼ ਨੂੰ ਆਪਣੇ ਜੀਵਨ-ਕਾਲ ਵਿਚ ਹੀ ਸਿਦਕ ਨਾਲ ਨਹੀਂ ਨਿਭਾਇਆ, ਸਗੋਂ ਇਸ ਗੁਰੂ-ਆਗਿਆ ਨੂੰ ਪੀੜ੍ਹੀ-ਦਰ-ਪੀੜ੍ਹੀ ਪ੍ਰਵਾਹਿਤ ਕਰਨ ਵਾਸਤੇ ਪਰਿਪੱਕ ਸਮੁਚਿਤ ਵਿਵਸਥਾ ਨੂੰ ਵੀ ਹੋਂਦ ਵਿਚ ਲਿਆਉਣ ਦੀ ਫ਼ਰਜ਼-ਪੂਰਤੀ ਪੂਰੀ ਸ਼ਰਧਾ ਅਤੇ ਸੁਹਿਰਦਤਾ ਨਾਲ ਕੀਤੀ ਸੀ। 'ਨਿਰਮਲ ਭੇਖ' ਦੇ ਧਾਰਨੀ ਇਨ੍ਹਾਂ ਵਿਵੇਕੀ ਸਿਖ ਚਿੰਤਕਾਂ ਨੇ ਸਿਖ ਧਰਮ ਦੀ ਵਿਆਖਿਆ ਦੀ ਵਿਲਖਣ ਰੀਤ ਚਲਾਈ, ਜਿਸ ਨੂੰ ਸਿਖ ਪੰਥ ਕਦੇ ਵੀ ਨਜ਼ਰੰਦਾਜ਼ ਨਹੀਂ ਕਰ ਸਕਦਾ। ਨਿਰਮਲੇ ਸੰਤਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਸਰਬ-ਭਾਂਤ ਵੇਦ-ਨਿਸ਼ਠ ਸਨ, ਪਰ ਗੁਰਬਾਣੀ ਦੇ ਪ੍ਰਮਾਣ ਨੂੰ ਸਭ ਸ਼ਾਸਤ੍ਰਾਂ ਤੋਂ ਉਪਰ ਜਾਣਦੇ ਸਨ। ਜਿਵੇਂ ਭਾਰਤੀ ਧਰਮ-ਪਰੰਪਰਾ ਵਿਚ ਵੇਦ ਅੰਤਿਮ ਪ੍ਰਮਾਣ ਮੰਨਿਆ ਜਾਂਦਾ ਰਿਹਾ ਹੈ, ਤਿਵੇਂ ਹੀ ਨਿਰਮਲੇ ਸੰਤ ਗੁਰੂ-ਬਚਨ ਨੂੰ ਅਕਟ ਦੈਵੀ ਫ਼ਰਮਾਨ ਮੰਨਦੇ ਸਨ, ਜਿਸ ਦਾ ਵਿਚਾਰ ਉਨ੍ਹਾਂ ਲਈ ਸਭ ਸ਼ਾਸਤ੍ਰਾਂ ਤੋਂ ਸ਼ਿਰੋਮਣੀ ਰਿਹਾ ਹੈ। ਸਿੰਘ ਸਭਾ ਲਹਿਰ ਦੇ ਉਦਗਮ ਨਾਲ ਭਾਵੇਂ ਗੁਰਬਾਣੀ ਅਤੇ ਸਿਖ ਸਿਧਾਂਤ ਦੀ ਪਰੰਪਰਾਈ ਵਿਆਖਿਆ ਪ੍ਰਤੀ ਕੁਝ ਅਰੁਚੀ ਦਾ ਪ੍ਰਸਾਰ ਜ਼ਰੂਰ ਹੋਇਆ ਹੈ, ਫਿਰ ਵੀ ਵਿਦਵਤਾ ਦੇ ਖੇਤਰ ਵਿਚ ਉਚੇਰੀ ਸੇਵਾ ਵਾਸਤੇ 'ਨਿਰਮਲ ਸੰਪ੍ਰਦਾਇ' ਦਾ ਯੋਗਦਾਨ ਵਿਸਾਰਿਆ ਨਹੀਂ ਜਾ ਸਕਦਾ।

ਜਿਵੇਂ ਭਾਈ ਕਾਨ੍ਹ ਸਿੰਘ 'ਨਾਭਾ' ਦੀਆਂ ਸਾਹਿਤਿਕ ਕ੍ਰਿਤੀਆਂ ਨੂੰ ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਦਾ ਸਾਰ ਕਹਿਣਾ ਸਰਬ-ਭਾਂਤ ਉਚਿਤ ਹੈ, ਉਸੇ ਤਰ੍ਹਾਂ 'ਨਿਰਮਲ ਪੰਥ' ਦੀ ਵਿਆਖਿਆਕਾਰੀ ਅਤੇ ਵਿਚਾਰਧਾਰਾ ਦਾ ਉਚਿਤ ਪ੍ਰਤੀਪਾਦਨ ਸ੍ਰੀ ਮਾਨ ਪੰਡਿਤ ਤਾਰਾ ਸਿੰਘ 'ਨਰੋਤਮ' ਦੀਆਂ ਕ੍ਰਿਤੀਆਂ ਨੂੰ ਮੰਨਣ ਵਿਚ ਕੋਈ ਅਤਿਕਥਨੀ ਨਹੀਂ ਹੈ। ਪੰਡਿਤ ਜੀ ਇਸ ਸੰਪ੍ਰਦਾਇ ਦੀ ਵਿਚਾਰ-ਪ੍ਰਣਾਲੀ ਦੀ ਅੰਤਿਮ-ਸਿਖਰ ਹਨ, ਜਿਸ ਦੀ ਬਰਾਬਰੀ ਅਸੰਭਵ ਜਾਪਦੀ ਹੈ। ਉਨ੍ਹਾਂ ਦਾ ਜਨਮ 1822 ਈ. ਵਿਚ ਗੁਰਦਾਸਪੁਰ ਜ਼ਿਲੇ ਦੇ ਕਾਲਿਆਂ ਪਿੰਡ ਦੇ ਇਕ ਕਿਸਾਨ ਪਰਿਵਾਰ ਵਿਚ ਹੋਇਆ ਮੰਨਿਆ ਜਾਂਦਾ ਹੈ। ਬਾਲ-ਉਮਰ ਤੋਂ ਹੀ ਉਨ੍ਹਾਂ ਦਾ ਮਨ ਭਜਨ-ਕੀਰਤਨ, ਮਹਾਪੁਰਖਾਂ ਦੀ ਸੇਵਾ ਅਤੇ ਸਤਿਸੰਗ ਕਰਨ ਵਿਚ ਲਗਦਾ ਸੀ। ਇਸੇ ਬਿਰਤੀ ਕਾਰਨ ਉਹ ਘਰ ਤਿਆਗ ਕੇ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਵਿਚ ਸਥਿਤ ਗਿਰਵੜੀ ਨਦੀ ਕੰਢੇ ਕੁਰਾਲਾ ਪਿੰਡ ਵਿਚ ਪੰਡਿਤ ਗੁਲਾਬ ਸਿੰਘ ਦੇ ਆਸ਼ਰਮ ਆ ਗਏ ਅਤੇ ਪੰਡਿਤ ਜੀ ਦਾ ਸ਼ਿਸ਼ਤਵ ਪਾ ਕੇ ਉਨ੍ਹਾਂ ਨੇ ਨਿਰਮਲ ਭੇਖ ਧਾਰਨ ਕਰ ਲਿਆ। ਨਿਰਮਲ ਪੰਥ ਦੀ ਪਰੰਪਰਾ ਅਨੁਸਾਰ ਉਹ ਸੰਸਕ੍ਰਿਤ ਦੀ ਉਚੇਰੀ ਵਿਦਿਆ ਹਾਸਿਲ ਕਰਨ ਵਾਸਤੇ ਕਾਸ਼ੀ ਚਲੇ ਗਏ, ਜਿਥੋਂ ਵਿਦਿਤ ਹੋ ਕੇ ਬੰਗਾਲ ਵਲ ਰਹਿ ਕੇ ਉਨ੍ਹਾਂ ਨੇ ਵੇਦ-ਵੇਦਾਂਤ ਦਾ ਗੰਭੀਰ ਅਧਿਐਨ ਕੀਤਾ। 1861 ਈ. ਵਿਚ ਉਹ ਪ੍ਰਸਿਧੀ-ਪ੍ਰਾਪਤ ਨਿਰਮਲੇ ਵਿਦਵਾਨ ਹੋ ਕੇ ਅਰਧ-ਕੁੰਭ ਦੇ ਮੇਲੇ ਤੇ ਹਰਿਦੁਆਰ ਆਏ, ਜਿਥੋਂ ਉਨ੍ਹਾਂ ਨੂੰ ਪਟਿਆਲਾ ਨਰੇਸ਼ ਮਹਾਰਾਜਾ ਨਰਿੰਦਰ ਸਿੰਘ ਨੇ ਆਪਣੀ ਰਿਆਸਤ ਵਿਚ ਸੱਦ ਲਿਆ। 1891 ਈ. ਵਿਚ ਪੰਡਿਤ ਜੀ ਦਾ ਦੇਹਾਂਤ ਹੋ ਗਿਆ। ਉਹ ਆਪਣੀ ਵਿਸ਼ਿਸ਼ਟ ਟੀਕਾਕਰੀ ਕਾਰਨ ਸਿਖ ਪੰਥ ਦੇ ਮਹਾਨ ਚਿੰਤਕਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਦੇ ਵਿਚਾਰਾਂ ਅਨੁਸਾਰ ਗੁਰਮਤਿ ਦਾ ਚਿੰਤਨ ਅਦ੍ਵੈਤਵਾਦੀ ਹੈ। ਜੀਵ ਅਤੇ ਬ੍ਰਹਮ ਦਾ ਇਕੋ ਅਸਲਾ ਹੈ। ਜੀਵ ਬ੍ਰਹਮ ਵਿਚ ਹੈ ਅਤੇ ਬ੍ਰਹਮ ਜੀਵ ਵਿਚ। ਦੋਹਾਂ ਨੂੰ ਭਿੰਨ ਕਰ ਕੇ ਜਾਣਨਾ ਅਗਿਆਨ ਹੈ। ਉਹ ਗੁਰਮਤਿ ਮਾਰਗ ਨੂੰ ਵੇਦ ਦਾ ਹੀ ਰਸਤਾ ਸਵੀਕਾਰ ਕਰਦੇ ਸਨ। ਜਪੁ ਬਾਣੀ ਦੇ ਟੀਕੇ ਵਿਚ ਉਨ੍ਹਾਂ ਦਾ ਕਥਨ ਹੈ, "ਹੇ ਸਿਖਯ ! ਵੇਦ ਬਿਨਾ ਔਰ ਕੋਈ ਯਥਾਰਥ ਗਯਾਨ ਕਾ ਸਾਧਨ ਖੋਜਤੇ ਹੂਏ ਅਨੇਕ ਪੁਰਖ ਥਕੇ, ਨਾਮ ਥਕ ਗਏ ਹੈ, ਪਰੰਤੂ ਕੋਈ ਅਨੁਮਾਨਾਦਿ

ਪਾਯਾ ਨਹੀਂ। ਯਾ ਤੇ ਪ੍ਰਮੇਸ਼ਵਰ ਕਾ ਰਚਿਆ ਵੇਦ ਹੀ ਤਿਸ ਕੇ ਸਰੂਪ ਕੋ ਜਨਾਵੇ ਹੈ, ਔਰ ਕੋਈ ਨਹੀ ਜਨਾਵੇ"। ਪਰ ਉਨ੍ਹਾਂ ਦੀ ਇਹ ਵੇਦ-ਨਿਸ਼ਠਾ ਸਿਖ ਧਰਮ ਦੇ ਪ੍ਰਸਾਰ ਵਾਸਤੇ ਹੈ, ਉਨ੍ਹਾਂ ਦੇ ਜੀਵਨ ਅਤੇ ਵਿਚਾਰ ਵਿਚ ਇਹ ਸਮਰਪਣ ਅਤੇ ਨਿਸ਼ਠਾ ਕਦੇ ਵੀ ਗੁਰਮਤਿ ਦੀ ਨਿਰਮਲਤਾ ਵਾਲੀ ਉਚਾਈ ਨੂੰ ਪਾਰ ਨਹੀਂ ਕਰ ਸਕੇ।

ਪੰਡਿਤ ਜੀ ਦੀਆਂ ਗੁਰਬਾਣੀ ਟੀਕਾਵਾਂ ਵਿਦਵਾਨਾਂ ਵਾਸਤੇ ਹਮੇਸ਼ਾ ਪ੍ਰੇਰਨਾ-ਸ੍ਰੋਤ ਅਤੇ ਅਮੁਕ ਗਿਆਨ-ਪੂੰਜੀ ਹੈ। ਮੋਖ ਪੰਥ ਟੀਕਾ (1865 ਈ.), ਸੁਰਤਰੂ ਕੋਸ਼ (1866 ਈ.), ਗੁਰਮਤ ਨਿਰਣਯ ਸਾਗਰ (1877 ਈ.), ਅਕਾਲ ਮੂਰਤਿ ਦਰਸ਼ਨ (1878 ਈ.), ਗੁਰੂ ਵੰਸ਼ ਤਰੂ ਦਰਪਣ (1878 ਈ.), ਟੀਕਾ ਗੁਰਭਾਵ ਦੀਪਿਕਾ ਜਪੁ, ਰਹਿਰਾਸ, ਸੋਹਿਲਾ, ਸ਼ਬਦ ਹਜ਼ਾਰੇ (1880 ਈ.), ਸਟੀਕ ਭਗਤ ਬਾਣੀ (1882 ਈ.), ਗੁਰ ਤੀਰਥ ਸੰਗ੍ਰਹਿ (1883 ਈ.), ਟੀਕਾ ਸਿਰੀ ਰਾਗ (1885 ਈ.) ਉਨ੍ਹਾਂ ਦੀਆਂ ਮਹਾਨ ਕ੍ਰਿਤੀਆਂ ਹਨ। 'ਗੁਰੁ ਗਿਰਾਰਥ ਕੋਸ਼' ਉਨ੍ਹਾਂ ਦੀ ਅਜਿਹੀ ਦੁਰਲਭ ਕ੍ਰਿਤੀ ਹੈ, ਜੋ ਆਪਣੀ ਤਰ੍ਹਾਂ ਦਾ ਪਹਿਲਾ ਸ੍ਰੀ ਗੁਰੂ ਗ੍ਰੰਥ ਕੋਸ਼ ਹੋਣ ਦੇ ਮਾਣ ਲਈ ਪੂਰਾ ਹਕਦਾਰ ਹੈ। ਇਸ ਕ੍ਰਿਤੀ ਦੇ ਆਰੰਭ ਵਿਚ ਗੁਰਬਾਣੀ ਵਿਦਿਆ ਲਈ ਕੋਸ਼ ਦਾ ਮਹੱਤਵ ਦਸਦਿਆਂ ਉਹ ਲਿਖਦੇ ਹਨ-

"ਸਰਬ ਸਜਨੋਂ ਕੇ ਹੇਤ ਰਚਤਾ ਹੂੰ। ਗੁਰੂ ਜੀ ਕੀ ਬਾਣੀ ਕੇ ਪਦੋਂ ਕੇ ਅਰਥੋਂ ਕਾ ਕੋਸ ਨਾਮ ਖਜਾਨਾ ਰੂਪ ਗ੍ਰੰਥ। ਕੋਸ ਨਾਮੋ ਕੇ ਅਰਥ ਬੋਧਕ ਗ੍ਰੰਥੋਂ ਕੋ ਕਹਤੇ ਹੈਂ। ਸੋ ਭੀ ਬਯਾਕਰਣ ਵਤ ਵਿਦਯਾ ਕੇ ਅਭਯਾਸ ਕੋ ਮੂਲ ਹੈਂ। ਇਸੀ ਲੀਏ ਜੋ ਲੋਗ ਜਿਸ ਬੋਲੀ ਕੇ ਸੀਖਨੇ ਕੀ ਇੱਛਾ ਕਰਤੇ ਹੈਂ। ਪਹਲੇ ਉਸ ਕੇ ਅਰਥ ਗਯਾਨ ਵਾਸਤੇ ਤਿਸ ਕੇ ਕੋਸ ਅਰ ਬਯਾਕਰਣ ਕੋ ਪੜਤੇ ਹੈਂ। ਕਿਉਂਕਿ ਬਯਾਕਰਣ ਬਿਨਾ ਪਦੋਂ ਕੇ ਯੌਗਕ ਅਰਥੋਂ ਕਾ ਗਯਾਨ ਨਹੀਂ ਹੋ ਸਕਤਾ। ਕੋਸ ਬਿਨਾ ਰੂਢ ਪਦੋਂ ਕਾ ਵਾ ਯੋਗ ਰੂਢ ਪਦੋਂ ਕਾ ਅਰਥ ਗਯਾਨ ਨਹੀਂ ਹੋ ਸਕੇ। ਪ੍ਰਾਚੀਨ ਕੋਸੋਂ ਸੇ ਭੀ ਪਦੋਂ ਕੇ ਵਹੁ ਅਰਥ ਜਾਨੇ ਜਾਤੇ ਹੈਂ, ਜਿਨ ਅਰਥੋਂ-ਮੇਂ ਪਦੋਂ ਕੀ ਸਕਤੀ ਬ੍ਰਿਤਿ ਹੈ। ਜੈਸੇ ਉਲੂ ਪਦ ਕੀ ਉਲੂਕ ਪੱਖੀ ਮੇ ਸਕ੍ਤੀ ਹੈ। ਕੋਸ ਮੇ ਉਸ ਕਾ ਇਹ ਨਾਮ ਦੇਖਨੇ ਸੇ ਉਸੀ ਕਾ ਗਯਾਨ ਹੋਤਾ ਹੈ। ਜਿਨ ਅਰਥੋਂ ਮੇ ਪਦੋਂ ਕੀ ਲਖਣਾ ਹੈ ਵਾ ਬਯੰਜਨਾ ਹੈ।"

ਇਸ ਮਹਾਨ ਕ੍ਰਿਤੀ ਨੂੰ ਪਟਿਆਲਾ ਰਿਆਸਤ ਦੇ ਮਹਾਰਾਜਾ ਰਾਜਿੰਦਰ ਸਿੰਘ ਨੇ ਦੋ ਭਾਗਾਂ ਵਿਚ ਇੰਪੀਰੀਅਲ ਪ੍ਰੈਸ ਲਾਹੌਰ ਅਤੇ ਰਾਜਿੰਦ੍ਰ ਪ੍ਰੈਸ ਪਟਿਆਲਾ ਤੋਂ ਪ੍ਰਕਾਸ਼ਿਤ ਕਰਵਾਇਆ ਸੀ। ਇਸ ਦਾ ਪਹਿਲਾ ਭਾਗ 1895 ਈ. ਵਿਚ ਪ੍ਰਕਾਸ਼ਿਤ ਹੋਇਆ, ਜਦੋਂ ਕਿ ਦੂਜਾ ਭਾਗ ਤਿੰਨ ਸਾਲ ਬਾਅਦ 1898 ਈ. ਵਿਚ ਛਪਵਾਇਆ ਗਿਆ। ਇਸ ਦੇ ਅੰਤ ਵਿਚ ਇੰਦਰਾਜ਼ਾਂ ਦੀ ਗਿਣਤੀ 14502 ਦਿੱਤੀ ਹੋਈ ਹੈ। ਕੋਸ਼ ਵਿਚ ਲਏ ਸਬਦਾਂ ਅਰਥਾਂ ਦੀ ਵਿਆਖਿਆ ਵਾਸਤੇ ਗੁਰਬਾਣੀ ਦੀਆਂ ਪੰਕਤੀਆਂ ਦੇਣ ਦੀ ਪ੍ਰਥਾ ਦਾ ਵਿਕਾਸ ਕੀਤਾ ਹੈ। ਪੌਰਾਣਿਕ ਕਥਾਵਾਂ ਦਾ ਪ੍ਰਤੀਪਾਦਨ ਜੋ ਹੋਇਆ ਹੈ, ਉਹ ਉਸ ਸਮੇਂ ਦੀ ਵਿਆਖਿਆਕਾਰੀ ਦੀਆਂ ਰੁਚੀਆਂ ਦਾ ਪ੍ਰਤਿਪਾਲਣ ਹੈ, ਕਿਉਂਕਿ ਜਨ-ਸਾਧਾਰਨ ਨੂੰ ਕਹਾਣੀਆਂ ਦੁਆਰਾ ਗੁਰਬਾਣੀ ਦੇ ਗੂਹਜ ਭਾਵ ਸਮਝਾਉਣ ਵਾਸਤੇ ਅਤੇ ਕਥਾ ਨੂੰ ਰੋਚਕ ਬਣਾਉਣ ਵਾਸਤੇ ਪੁਰਾਣ-ਕਥਾਵਾਂ ਦਾ ਪ੍ਰਤੀਪਾਦਨ ਕਥਾਕਾਰੀ ਦਾ ਇਕ ਅੰਗ ਹੀ ਬਣ ਚੁਕਾ ਸੀ। ਨਰੋਤਮ ਜੀ ਨੇ ਕੋਸ਼ ਨੂੰ ਜ਼ਿਆਦਾ ਉਪਯੋਗੀ ਬਣਾਉਣ ਵਾਸਤੇ ਇਸ ਵਿਚ ਕਈ ਸ਼ਬਦ ਗੁਰਬਾਣੀ ਤੋਂ ਬਾਹਰਲੇ ਵੀ ਸ਼ਾਮਿਲ ਕੀਤੇ ਹਨ। ਉਨ੍ਹਾਂ ਦੀ ਕੋਸ਼ਕਾਰੀ ਦਾ ਨਮੂਨਾ ਇਸ ਪ੍ਰਕਾਰ ਹੈ- ਉਤਰ. ਸੰ. ਉਤਰ ਦਿਸਾ ਯਥਾ- ਉਤਰ ਦਖਣ ਪੂਬ ਅਰ ਪਸਚਮ। ਪ੍ਰਤਿਵਾਕ੍ਯ, ਜਬਾਬ ਯਥਾ- ਰੋਸ ਨ ਕੀਜੈ ਉਤਰ ਦੀਜੈ। ਉਤਮ ਯਥਾ- ਉਤਰ ਅਵਘਟ ਸਰਵਰ ਨਾਵੈ। ਊਰਧ, ਉਤਰ ਦੇਸ, ਬਿਰਾਟ ਰਾਜਾ ਕਾ ਪੁਤ੍ਰ, ਦੇਸੀ ਉਤਰਤਾ ਹੈ ਯਥਾ- ਜਉ ਗੁਰਦੇਉ ਤ ਉਤਰੈ ਪਾਰ। ਬੈਠੀ ਹੂਈ ਹੈ ਯਥਾ- ਅੰਤਰ ਬਿਖਯਾ ਉਤਰੀ ਘੇਰੈ। ਭੀਤਰ ਸਬਦਾਦਿ ਵਿਖਯ ਚਕ੍ਰ ਪਾਈ ਬੈਠੇ ਹੈਂ। ਪੰਜਾਬੀ ਲਹ ਯਥਾ- ਰਾਮ ਰੰਗ ਕਦੇ ਉਤਰ ਨ ਜਾਇ।

ਭਾਵੇਂ ਇਹ ਕੋਸ਼ ਸ਼ਬਦ-ਅਰਥਾਂ ਦੇ ਨਾਲ-ਨਾਲ ਹਿੰਦੁਸਤਾਨੀ ਫਲਸਫੇ ਦਾ ਇਕ ਅਮੁਕ ਭੰਡਾਰ ਹੈ, ਫਿਰ ਵੀ ਹੌਲੀ-ਹੌਲੀ ਮੌਜੂਦਾ ਪਾਠਕਾਂ ਅਤੇ ਖੋਜੀਆਂ ਦੀ ਇਹ ਪਹੁੰਚ ਤੋਂ ਬਾਹਰ ਹੋ ਗਿਆ ਸੀ, ਜਿਸ ਦੇ ਕੁਝ ਵਿਸ਼ੇਸ਼ ਕਾਰਨ ਹਨ। ਸਭ ਤੋਂ ਵਡੀ ਸਮਸਿਆ ਇਸ ਦੀ ਅਨੁਪਲਬਧਤਾ ਸੀ। ਬਹੁਤ ਘਟ ਲਾਇਬ੍ਰੇਰੀਆਂ ਵਿਚ ਇਸ ਦੀ ਕੋਈ ਪ੍ਰਤੀ ਮਿਲ ਸਕਦੀ ਹੈ। ਸੰਸਥਾ ਦੇ ਸੰਸਥਾਪਕਾਂ ਦੀ ਪਰਮ ਕ੍ਰਿਪਾਲਤਾ ਕਰ ਕੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਪਥਰ ਦੇ ਛਾਪੇ ਦੁਆਰਾ ਛਪੀਆਂ ਇਸ ਦੀਆਂ ਤਿੰਨ ਪ੍ਰਤੀਆਂ ਮੌਜੂਦ ਹਨ, ਪਰ ਸੌ ਸਾਲ ਤੋਂ ਵਧੀਕ ਸਮਾਂ ਗੁਜ਼ਰਨ ਕਾਰਨ ਹਥ ਲਗਾਇਆਂ ਹੀ ਇਨ੍ਹਾਂ ਦੇ ਪਤਰੇ ਭੁਰ-ਭੁਰ ਜਾਂਦੇ ਹਨ। ਸਪਸ਼ਟ ਹੈ ਇਸ ਦੁਰਲਭ ਕ੍ਰਿਤੀ ਦੇ ਲੁਪਤ ਹੋਣ ਦਾ ਵਡਾ

ਖ਼ਤਰਾ ਬਿਲਕੁਲ ਸਾਹਮਣੇ ਖੜੋਤਾ ਸੀ। ਦੂਜੀ ਸਮਸਿਆ ਇਸ ਦਾ ਪਾਠ ਪੁਰਾਣੀ ਮਰਯਾਦਾ ਅਨੁਸਾਰ ਲੜੀਵਾਰ ਹੋਣ ਦਾ ਸੀ। ਇਕ ਤਾਂ ਇਹ ਸਾਧ ਭਾਖਾ ਵਿਚ ਰਚਿਤ ਹੈ ਅਤੇ ਫਿਰ ਪਾਠ ਲੜੀਵਾਰ। ਆਮ ਪਾਠਕ ਵਾਸਤੇ ਇਸ ਨੂੰ ਪੜ੍ਹਨ ਦੀ ਔਖਿਆਈ ਸੀ। ਇਸ ਦੇ ਨਾਲ ਹੀ ਵਿਸ਼ਰਾਮ ਚਿੰਨ੍ਹਾਦਿ ਨਾ ਲਗੇ ਹੋਣ ਕਰ ਕੇ ਜਾਂ ਠੀਕ ਸਥਾਨ 'ਤੇ ਨਾ ਹੋਣ ਕਾਰਨ ਸਾਧਾਰਨ ਪਾਠਕ ਵਾਸਤੇ ਵਾਕ-ਬਣਤਰ ਨੂੰ ਸਮਝਣਾ ਹੀ ਮੁਸ਼ਕਿਲ ਸੀ। ਅਗਲੀ ਵਡੀ ਸਮਸਿਆ ਸੀ ਇਸ ਦੇ ਸ਼ਬਦਾਂ ਦਾ ਕ੍ਰਮ। ਹਾਲਾਂਕਿ ਪੰਡਿਤ ਜੀ ਨੇ ਬਹੁਤ ਵਿਵੇਕ ਨਾਲ ਸ਼ਬਦ-ਕ੍ਰਮ ਦਾ ਆਪਣਾ ਇਕ ਵਿਸ਼ੇਸ਼ ਸਿਸਟਮ ਇਸ ਕਾਰਜ ਲਈ ਲਾਗੂ ਕੀਤਾ ਸੀ, ਪਰ ਅਜ ਦੇ ਪਾਠਕ ਵਾਸਤੇ ਉਸ ਤਰੀਕੇ ਦਾ ਅਨੁਸਰਣ ਕਰਨਾ ਲਗਪਗ ਅਸੰਭਵ ਜਿਹੀ ਗਲ ਹੈ। ਇਸ ਦਾ ਸ਼ਬਦ-ਕ੍ਰਮ ਇਕ ਉਦਾਹਰਣ ਨਾਲ ਸਪਸ਼ਟ ਹੋ ਸਕਦਾ ਹੈ- ਇਸ ਵਿਚ ਕਲਪ ਤੋਂ ਬਾਅਦ ਕਫ ਫਿਰ ਕਰਪਫਾ, ਕਬ, ਕਬਾਬ, ਕਰਬ, ਕਤੇਬ, ਕਸਾਬ, ਕਰਤਬ, ਕਢਭਾ ਆਦਿ ਇੰਦਰਾਜ਼ ਸੰਜੋਏ ਗਏ ਸਨ। ਸੋ ਇਨ੍ਹਾਂ ਸਾਰੀਆਂ ਸਮਸਿਆਵਾਂ ਦੇ ਸਮਾਧਾਨ ਵਾਸਤੇ ਵਿਵੇਕ ਅਤੇ ਧੀਰਜ ਸਹਿਤ ਇਸ ਕਾਰਜ ਨੂੰ ਪੁਨਰ-ਸੰਪਾਦਿਤ ਕਰਨ ਦੀ ਅਤੀ ਆਵਸ਼ਕਤਾ ਸੀ।

ਅਨਮੋਲ ਸਾਹਿਤਿਕ ਸਾਮਗਰੀ ਨਾਲ ਭਰਪੂਰ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਹਮੇਸ਼ਾ ਹੀ ਪੰਜਾਬੀ ਯੂਨੀਵਰਸਿਟੀ ਦੀ ਛਤਰ-ਛਾਇਆ ਵਿਚ ਅਜਿਹੇ ਦੁਰਗਮ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿਚ ਅਗੇ ਰਿਹਾ ਹੈ। ਪਿਛਲੇ ਸਾਲ ਹੀ ਕੇਂਦਰ ਦੇ ਅਕਾਦਮਿਕ ਸਟਾਫ਼ ਨੇ ਬਹੁਤ ਮਿਹਨਤ ਨਾਲ ਗਿ. ਹਜ਼ਾਰਾ ਸਿੰਘ ਕ੍ਰਿਤ 'ਸ੍ਰੀ ਗੁਰੂ ਗ੍ਰੰਥ ਕੋਸ਼' ਦੇ ਇੰਦਰਾਜ਼ਾਂ ਦਾ ਕ੍ਰਮ ਬਦਲ ਕੇ ਉਸ ਨੂੰ ਨਵੀਨ ਵਿਗਿਆਨਿਕ ਰੂਪ ਦੇਂਦਿਆਂ 4000 ਨਵੇਂ ਇੰਦਰਾਜ਼ਾਂ ਸਹਿਤ ਪੁਨਰ-ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਸੀ। ਕੇਂਦਰ ਦੇ ਸੇਵਕਾਂ ਨੇ ਪੰਜਾਬੀ ਯੂਨੀਵਰਸਿਟੀ ਅਤੇ ਇਸ ਦੇ ਉਪਰ ਵਰਣਿਤ ਗੌਰਵਮਈ ਕੇਂਦਰ ਦੀਆਂ ਸਿਹਤਮੰਦ ਸਾਹਿਤਿਕ ਪਰੰਪਰਾਵਾਂ ਦੀ ਭਰਪੂਰ ਪ੍ਰੇਰਨਾ ਅਧੀਨ ਵਿਦਿਅਕ ਖੇਤਰ ਵਿਚ ਆਪਣੀ ਯੂਨੀਵਰਸਿਟੀ ਦਾ ਸਤਿਕਾਰ ਵਧਾਉਣ ਅਤੇ ਉਤਮ ਸਾਹਿਤ ਦੁਆਰਾ ਪਾਠਕਾਂ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਇਸ ਦੁਰਗਮ ਕਾਰਜ ਨੂੰ ਸਹਿਜ ਅਤੇ ਸਰਲਤਾ ਸਹਿਤ ਨੇਪਰੇ ਚਾੜ੍ਹਨ ਦਾ ਉਪਰਾਲਾ ਕੀਤਾ ਹੈ। ਇਸ ਉਪਰਾਲੇ ਤਹਿਤ ਸ੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਦੇ 'ਗੁਰੁ ਗਿਰਾਰਥ ਕੋਸ਼' ਨੂੰ ਅਸਲੋਂ ਨਵੀਨ ਰੂਪ-ਰੇਖਾ ਵਿਚ ਪੁਨਰ-ਸੰਪਾਦਿਤ ਕਰਨ ਦੀ ਸਾਹਸਮਈ ਯੋਜਨਾ ਬਣਾਈ ਗਈ। ਯੋਜਨਾ ਇਹ ਸੀ ਕਿ ਇਸ ਦੇ ਪਾਠ ਦਾ ਪਦ-ਛੇਦ ਕੀਤਾ ਜਾਵੇ, ਸਾਰੇ ਇੰਦਰਾਜ਼ਾਂ ਦਾ ਕ੍ਰਮ ਵਿਗਿਆਨਿਕ ਆਧਾਰ 'ਤੇ ਵਿਵਸਥਿਤ ਕੀਤਾ ਜਾਵੇ, ਗੁਰਬਾਣੀ ਦੀਆਂ ਪੰਕਤੀਆਂ ਸ਼ੁਧ ਕੀਤੀਆਂ ਜਾਣ ਅਤੇ ਜਿਥੇ ਕਿਤੇ ਬਿਲਕੁਲ ਅਪੂਰਨ ਜਾਪਦੀਆਂ ਹਨ, ਉਸ ਊਣਤਾਈ ਨੂੰ ਦੂਰ ਕੀਤਾ ਜਾਵੇ, ਵਿਸ਼ਰਾਮਾਦਿ ਚਿੰਨ੍ਹ ਵਿਗਿਆਨਿਕ ਲੀਹਾਂ ਉਤੇ ਨਵੇਂ ਸਿਰਿਓਂ ਵਿਵਸਥਿਤ ਕੀਤੇ ਜਾਣ, ਜਿਸ ਤੋਂ ਵਾਕ-ਬਣਤਰ ਬਿਲਕੁਲ ਸਪਸ਼ਟ ਹੋਵੇ, ਪੁਸਤਕ ਨਾਲ ਜੋ ਸ਼ੁਧੀ-ਪਤਰ ਲਗੇ ਹੋਏ ਹਨ, ਉਹ ਸਾਰੀਆਂ ਸੋਧਾਂ ਵੀ ਮੂਲ ਪਾਠ ਵਿਚ ਕਰ ਲਈਆਂ ਜਾਣ। ਮੂਲ ਕੋਸ਼ ਵਿਚ ਵਸਤੂਆਂ ਦੀ ਗਿਣਤੀ ਲਈ ਗਿਣਤੀ ਦੇ ਹਿੰਦਸੇ ਬਾਅਦ ਵਿਚ ਦਿਤੇ ਗਏ ਸਨ, ਜਿਵੇਂ ਕਿ 'ਅਸਟਧਾਤੁ' ਇੰਦਰਾਜ਼ ਵਿਚ ਅਠ ਪਦਾਰਥਾਂ ਦੀ ਗਿਣਤੀ ਇੰਞ ਲਿਖੀ ਗਈ ਸੀ- ਸੁਵਰਨ 1. ਚਾਂਦੀ 2. ਤਾਂਬਾ 3. ਜਿਸਤ 4. ਪਾਰਾ 5. ਕਲੀ- ਰਾਂਗ 6. ਲੋਹਾ 7. ਸਿਕਾ 8.। ਇਸ ਨੂੰ ਸੋਧ ਕੇ ਇੰਞ ਕੀਤਾ ਜਾਣਾ ਸੀ- 1. ਸੁਵਰਨ 2. ਚਾਂਦੀ 3. ਤਾਂਬਾ 4. ਜਿਸਤ 5. ਪਾਰਾ 6. ਕਲੀ- ਰਾਂਗ 7. ਲੋਹਾ 8. ਸਿਕਾ।

ਸੋ ਨਿਸ਼ਚਿਤ ਹੀ ਇਹ ਕੰਮ ਸੂਖਮ ਵਿਵੇਕ ਵਾਲਾ ਵੀ ਸੀ ਅਤੇ ਸਖ਼ਤ ਮਿਹਨਤ ਵੀ ਮੰਗਦਾ ਸੀ। ਅਸਾਂ ਅਕਾਲ-ਪੁਰਖ ਦੀ ਆਸ਼ੀਰਵਾਦ ਨਾਲ ਇਹ ਕਾਰਜ ਆਰੰਭ ਕੀਤਾ, ਫਲਸਰੂਪ ਇਸ ਦਾ ਪਹਿਲਾ ਭਾਗ ਪਾਠਕਾਂ ਦੇ ਹਥਾਂ ਵਿਚ ਪਹੁੰਚਾਉਣ ਵਾਸਤੇ ਤਿਆਰ ਹੋ ਗਿਆ ਹੈ। ਅਸੀਂ ਉਪਰ ਕਹਿ ਆਏ ਹਾਂ ਕਿ ਮਾਨਯੋਗ ਪੰਡਿਤ ਜੀ ਨੇ ਇਸ ਕੋਸ਼ ਵਿਚ ਕੁਲ 14502 ਇੰਦਰਾਜ਼ ਸ਼ਾਮਿਲ ਕੀਤੇ ਸਨ। ਪਹਿਲੇ ਭਾਗ ਵਿਚ ਤਕਰੀਬਨ ਅਧੇ ਇੰਦਰਾਜ਼ ਆ ਗਏ ਹਨ, ਜਿਨ੍ਹਾਂ ਦੀ ਗਿਣਤੀ 7000 ਤੋਂ ਕੁਝ ਵਧੇਰੇ ਹੈ। ਅਸੀਂ ਪਰਮਾਤਮਾ ਦੇ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਸ ਦੁਆਰਾ ਬਖ਼ਸ਼ਿਸ਼ ਕੀਤੀ ਸਮਰਥ ਬਲ-ਬੁਧੀ ਦੇ ਸਹਾਰੇ ਇਸ ਅਤੀ ਕਠਿਨ ਕਾਰਜ ਦਾ ਪਹਿਲਾ ਪੜਾਅ ਫ਼ਤਹਿ ਕਰ ਕੇ 'ਪਿਓ ਦਾਦੇ ਦੇ ਖ਼ਜ਼ਾਨੇ' ਵਿਚੋਂ ਦੁਰਲਭ ਸਾਮਗਰੀ ਦੀ ਨਾ ਸਿਰਫ਼ ਸੰਭਾਲ ਕਰਨ ਵਿਚ, ਸਗੋਂ ਉਸ ਪੂੰਜੀ ਨੂੰ ਵਿਵਹਾਰਕ ਬਣਾਉਣ ਵਿਚ ਅਸਾਂ ਸਫਲਤਾ ਪਾਈ ਹੈ। ਕੋਈ ਸੰਦੇਹ ਨਹੀਂ ਕਿ ਇਹ ਸਭ ਕੁਝ ਮੇਰੇ ਸਹਿਯੋਗੀਆਂ ਦੀ ਸਖ਼ਤ ਮਿਹਨਤ, ਭਰਪੂਰ ਲਗਨ ਅਤੇ ਸਿਦਕ-ਦਿਲੀ ਦਾ ਪ੍ਰਤਾਪ ਹੈ।

ਇਸ ਕਾਰਜ ਦੀ ਸਫਲਤਾ ਵਾਸਤੇ ਮੈਂ ਆਪਣੇ ਪਰਮ ਵਿਵੇਕੀ ਅਤੇ ਸੁਹਿਰਦ ਵਾਈਸ-ਚਾਂਸਲਰ ਸਾਹਿਬ ਡਾ. ਜਸਪਾਲ ਸਿੰਘ ਜੀ ਦਾ ਬਹੁਤ ਆਭਾਰੀ ਹਾਂ, ਜਿਨ੍ਹਾਂ ਦੀ ਨਿਘੀ ਸਰਪ੍ਰਸਤੀ ਅਤੇ ਹਰ ਸੰਭਵ ਸਹਾਇਤਾ ਸਾਨੂੰ ਔਖੇ ਕਾਰਜ ਹਥ ਵਿਚ ਲੈਣ ਅਤੇ ਪੂਰੇ ਕਰਨ ਲਈ ਨਿਰੰਤਰ ਭਰਪੂਰ ਪ੍ਰੇਰਨਾ ਪ੍ਰਦਾਨ ਕਰਦੀ ਹੈ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੀ ਆਨਰੇਰੀ ਡਾਇਰੈਕਟਰ ਪਰਮ ਸਨਮਾਨ ਅਤੇ ਸ਼ਰਧਾ ਦੀ ਪਾਤਰ ਬੀਬੀ ਮਹਿੰਦਰ ਕੌਰ ਜੀ ਦੀਆਂ ਆਸੀਸਾਂ ਨਾਲ ਹਰ ਮੁਸ਼ਕਿਲ ਕਾਰਜ ਆਸਾਨ ਹੋ ਜਾਂਦਾ ਹੈ, ਇਹ ਮੇਰਾ ਪੱਕਾ ਵਿਸ਼ਵਾਸ ਹੈ। ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਸੁਖਦਰਸ਼ਨ ਸਿੰਘ ਖਹਿਰਾ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ. ਮਲਕੀਤ ਸਿੰਘ ਸੈਣੀ ਦੇ ਅਭੂਤਪੂਰਵ ਸਹਿਯੋਗ ਵਾਸਤੇ ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ। ਅਨਮੋਲ ਸਲਾਹਾਂ ਅਤੇ ਭਰਪੂਰ ਪ੍ਰੇਰਨਾ ਦੇਣ ਵਾਸਤੇ ਡਾ. ਸੰਤੋਖ ਸਿੰਘ (ਭੂਤ-ਪੂਰਵ ਡਾਇਰੈਕਟਰ ਮੈਡੀਕਲ ਐਜੂਕੇਸ਼ਨ, ਮੱਧ ਪ੍ਰਦੇਸ਼-ਭੋਪਾਲ) ਅਤੇ ਪ੍ਰੋ. ਸ਼ਰਨ ਕੌਰ ਸੰਸਕ੍ਰਿਤ ਵਿਭਾਗ ਪੰਜਾਬੀ ਯੂਨੀਵਰਸਿਟੀ ਦਾ ਦਿਲੋਂ ਧੰਨਵਾਦੀ ਹਾਂ।

ਇਸ ਕਾਰਜ ਨੂੰ ਸਿਰੇ ਚਾੜ੍ਹਨ ਵਾਸਤੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਪ੍ਰਾਜੈਕਟ ਤੇ ਕੰਮ ਕਰ ਰਹੇ, ਸ. ਮੁਹੱਬਤ ਸਿੰਘ (ਪ੍ਰਾਜੈਕਟ ਸਹਾਇਕ) ਅਤੇ ਸ. ਕੁਲਵਿੰਦਰ ਸਿੰਘ (ਪ੍ਰਾਜੈਕਟ ਸਹਾਇਕ) ਨੇ ਜਿਤਨੀ ਤਨਦਿਲੀ ਅਤੇ ਭਰਪੂਰ ਲਗਨ ਨਾਲ ਦਿਨ-ਰਾਤ ਯਤਨ ਕੀਤਾ ਹੈ, ਉਹ ਬਹੁਤ ਪ੍ਰਸ਼ੰਸਨੀਯ ਹੈ। ਮੈਂ ਇਨ੍ਹਾਂ ਦੇ ਉਜਲ-ਭਵਿਖ ਅਤੇ ਜੀਵਨ ਵਿਚ ਉਚੇਰੀਆਂ ਕਾਮਯਾਬੀਆਂ ਦੀ ਦਿਲੋਂ ਕਾਮਨਾ ਕਰਦਾ ਹਾਂ। ਕੇਂਦਰ ਦੀ ਇਹ ਵੀ ਇਕ ਵਿਸ਼ੇਸ਼ ਉਪਲਬਧੀ ਹੈ ਕਿ ਕੇਂਦਰ ਦੀ ਕਰਮਚਾਰੀ ਬੀਬੀ ਮਨਜੀਤ ਕੌਰ (ਟਾਈਪਿਸਟ) ਨੇ ਪੁਸਤਕ ਦੀ ਸੰਪਾਦਨਾ ਵਿਚ ਸਕ੍ਰਿਯ ਯੋਗਦਾਨ ਦਿਤਾ ਹੈ। ਆਸ ਹੈ ਭਵਿਖ ਵਿਚ ਉਹ ਖੋਜ ਕਾਰਜਾਂ ਵਿਚ ਹੋਰ ਵਧੇਰੇ ਰੁਚੀਮਾਨ ਹੋਣਗੇ।

ਅੰਤ ਵਿਚ 'ਗੁਰੁ ਗਿਰਾਰਥ ਕੋਸ਼' ਦੇ ਸੋਧੇ ਹੋਏ ਸੰਸਕਰਣ ਦਾ ਪਹਿਲਾ ਭਾਗ ਅਸੀਂ ਆਪਣੇ ਵਿਵੇਕੀ ਪਾਠਕਾਂ ਨੂੰ ਸਮਰਪਿਤ ਕਰਦੇ ਹਾਂ। ਆਸ ਹੈ ਕਿ ਗੁਨੀ-ਜਨ ਸਾਡੇ ਕਾਰਜ ਤੋਂ ਜ਼ਰੂਰ ਸੰਤੁਸ਼ਟ ਹੋਣਗੇ ਅਤੇ ਇਹ ਕਾਰਜ ਸਾਡੀ ਯੂਨੀਵਰਸਿਟੀ ਦੀ ਮਾਨ-ਪ੍ਰਤਿਸ਼ਠਾ ਨੂੰ ਸਿਖਰ ਤਕ ਪਹੁੰਚਾਉਣ ਵਿਚ ਆਪਣਾ ਯੋਗਦਾਨ ਜ਼ਰੂਰ ਪਾਵੇਗਾ।

**ਹਰਭਜਨ ਸਿੰਘ**

ਪੰਜਾਬੀ ਯੂਨੀਵਰਸਿਟੀ
ਪਟਿਆਲਾ

ੴ ਸਤਿਗੁਰ ਪ੍ਰਸਾਦਿ

# ਗੁੰਥ ਗੁਰੁ ਗਿਰਾਰਥ ਕੋਸ

ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ ਸੁਧੀ ਸੁਰਗਵਾਸੀ
ਗੁਰਦ੍ਵਾਰਾ ਗਿਰਵੜੀ ਨਿਵਾਸੀ ਪਟਿਆਲੇ

ਬ ਹੁਕਮ ਬੰਦਿਗਾਨ ਆਲੀ ਮੁਤਆਲੀ ਹਿਜ਼ ਹਾਏਨਿਸ
ਫਰਜੰਦ ਖਾਸ ਦੌਲਤ ਇੰਗਲਿਸੀਆਮੰ ਸੁਰਜਮਾਨ ਅਮੀਰੁਲ
ਉਮਰਾ ਮਹਾਰਾਜਾਧਿਰਾਜ ਰਾਜੀਸ੍ਵਰ ਮਹਾਰਾਜ ਰਾਜਗਾਨ
ਰਾਜਿੰਦ੍ਰ ਸਿੰਘ ਸਾਹਬ ਮਹਿੰਦ੍ਰ ਬਹਾਦੁਰ
ਫਰਮਾਰਵਾਏ ਰਿਆਸਤ ਪਟਿਆਲਾ ਦਾਮ ਇਕਬਾਲ ਹੂ

ਸੰਮਤ ਵਿਕ੍ਰਮੀ ੧੯੫੨ ਮੁਤਾਬਿਕ ਸੰਮਤ ਸ੍ਰੀ ਗੁਰੁ ਨਾਨਕ ਸਾਹਬ
੪੨੬ ਮੁਆਫਿਕ ਸਨ ਈਸਵੀ ੧੮੯੫ ਮੇ
ਮਤਬੇ ਰਾਜਿੰਦ੍ਰ ਪ੍ਰੇਸ ਪਟਿਆਲੇ ਮੇ ਬਇਹ ਤਮਾਮ ਸਯਦ ਰਜਬ
ਅਲੀ ਸਾਹ ਮਾਲਿਕ ਮਤਬਾਨੀ ਉਇੰਮਪੀਰਯਲ ਪ੍ਰੇਸ ਲਾਹੌਰ
॥ਵਾ ਰਾਜਿੰਦ੍ਰ ਪ੍ਰੇਸ ਪਟਿਆਲਾ ਕੇ ਛਪਾ॥

# ੴ ਸਤਿਗੁਰੁਪ੍ਰਸਾਦਿ॥

# ਪਹਿਲੇ ਸੰਸਕਰਣ ਦੀ ਭੂਮਿਕਾ

॥ਦੋਹਾ॥

ਗੁਰੁਪਰ ਅਪਰ ਗੁਰੂਨ ਕੇ ਪਦ ਪੰਕਜ ਨਿਰਦੋਸ॥
ਬੰਦ ਰਚੋਂ ਹਿਤ ਸਰਬ ਕੇ ਗੁਰੂ ਗਿਰਾਰਥ ਕੋਸ॥੧॥

॥ਟੀਕਾ॥ ਬ੍ਰਹਮਾਦਿਕੋਂ ਕੇ ਉਪਦੇਸ ਕਰਨੇ ਵਾਲੇ ਗੁਰੁਪਰ, ਪਰਗੁਰੁ ਪਰਮਾਤਮਾ ਕੇ ਚਰਨ ਕਮਲੋਂ ਕੋ। ਤਥਾ ਤਾਂ ਕੇ ਕੀਏ ਉਪਦੇਸ ਕੋ ਗ੍ਰੰਥ ਜੀ ਰਚਨ ਦ੍ਵਾਰਾ ਪ੍ਰਕਾਸ ਕਰਨੇ ਵਾਲੇ ਅਪਰ, ਸ੍ਰੀ ਪਰਮ ਗੁਰੁ ਨਾਨਕ ਜੀ ਸੇ ਲੇ ਦਸੋਂ ਗੁਰੋਂ ਕੇ ਕੰਟਕਾਦਿ ਦੋਖ ਰਹਤ ਚਰਨ ਕਮਲੋਂ ਕੋ ਬਾਰੰਬਾਰ ਬੰਦਨ ਕਰ ਗੁਰੂ ਗਿਰਾ ਕੇ ਪਦਾਰਥ ਜਾਨਨੇ ਕੀ ਇਛਾ ਵਾਲੇ ਸਰਬ ਸੱਜਨੋ ਕੇ ਹੇਤ ਰਚਤਾ ਹੂੰ। ਗੁਰੂ ਜੀ ਕੀ ਬਾਣੀ ਕੇ ਪਦੋਂ ਕੇ ਅਰਥੋਂ ਕਾ ਕੋਸ ਨਾਮ ਖਜਾਨਾ ਰੂਪ ਗ੍ਰੰਥ।੧।

ਕੋਸ ਨਾਮੇ ਕੇ ਅਰਥ ਬੋਧਕ ਗ੍ਰੰਥੋਂ ਕੋ ਕਹਤੇ ਹੈਂ। ਸੋ ਭੀ ਬਯਾਕਰਣ ਵਤ ਵਿਦਯਾ ਕੇ ਅਭਯਾਸ ਕੇ ਮੂਲ ਹੈਂ। ਇਸੀ ਲੀਏ ਜੋ ਲੋਗ ਜਿਸ ਬੋਲੀ ਕੋ ਸੀਖਨੇ ਕੀ ਇੱਛਾ ਕਰਤੇ ਹੈਂ। ਪਹਲੇ ਉਸ ਕੇ ਅਰਥ ਗਯਾਨ ਵਾਸਤੇ ਤਿਸ ਕੇ ਕੋਸ ਅਰ ਬਯਾਕਰਣ ਕੋ ਪੜਤੇ ਹੈਂ। ਕਿਉਂਕਿ ਬਯਾਕਰਣ ਬਿਨਾ ਪਦੋਂ ਕੇ ਯੌਗਕ ਅਰਥੋਂ ਕਾ ਗਯਾਨ ਨਹੀਂ ਹੋ ਸਕਤਾ। ਕੋਸ ਬਿਨਾ ਰੂਢ ਪਦੋਂ ਕਾ ਵਾ ਯੋਗ ਰੂਢ ਪਦੋਂ ਕਾ ਅਰਥ ਗਯਾਨ ਨਹੀਂ ਹੋ ਸਕੇ। ਪ੍ਰਾਚੀਨ ਕੋਸੋਂ ਸੇ ਭੀ ਪਦੋਂ ਕੇ ਵਹੁ ਅਰਥ ਜਾਨੇ ਜਾਤੇ ਹੈਂ। ਜਿਨ ਅਰਥੋਂ ਮੇਂ ਪਦੋਂ ਕੀ ਸਕਤੀ ਬ੍ਰਿਤਿ ਹੈ। ਜੈਸੇ ਉਲੂ ਪਦ ਕੀ ਉਲੂਕ ਪੱਖੀ ਮੇ ਸਕ੍ਰੀ ਹੈ। ਕੋਸ ਮੇ ਉਸ ਕਾ ਇਹ ਨਾਮ ਦੇਖਨੇ ਸੇ ਉਸੀ ਕਾ ਗਯਾਨ ਹੋਤਾ ਹੈ। ਜਿਨ ਅਰਥੋਂ ਮੇ ਪਦੋਂ ਕੀ ਲਖਨਾ ਹੈ ਵਾ ਬਯੰਜਨਾ ਹੈ। ਵਹੁ ਅਰਥ ਕੋਸ ਮੇ ਨਹੀਂ ਲਿਖੇ ਜਾਤੇ। ਜੈਸੇ ਉਲੂ ਪਦ ਕੀ ਮੂਰਖ ਪੁਰਖ ਮੇਂ ਲਖਨਾ ਹੈ। ਯਾਂਤੇ ਕੋਸ ਮੇ ਮੂਰਖ ਕਾ ਨਾਮ ਉਲੂ ਨਹੀ ਲਿਖਾ ਜਾਤਾ। ਤਥਾ ਸੂਰਯ ਅਸ੍ਤ ਹੂਆ ਵਕਯ ਮੇਂ। ਅਸ੍ਤ ਇਸ ਪਦ ਕੋ ਸੁਣ ਸੰਧਯਾ ਕਾ ਨੇਮੀ ਸੰਧਯਾ ਕਰਨੇ ਲਗੇ ਹੈ। ਸਮੀਪ ਗ੍ਰਾਮ ਮੇ ਜਾਨੇ ਵਾਲਾ ਤਹਾਂ ਜਾਵੇ ਹੈ। ਰਸੋਈ ਕਰਨੇ ਵਾਲਾ ਰਸੋਈ ਕਰੇ ਹੈ। ਇਸ ਸੇ ਅਸ੍ਤ ਪਦ ਕੀ ਸੰਧਯਾ ਕਰਨੇ ਵਾਲਾ ਸਮੀਪ ਗ੍ਰਾਮ ਜਾਨੇ ਵਾਲੇ ਰਸੋਈ ਕਰਨੇ ਵਾਲੇ ਹੇਤ ਬਯੰਜਨਾ ਹੈ। ਯਾਂਤੇ ਅਸ੍ਤ ਪਦ ਕੇ ਅਰਥ ਕੋਸੋ ਮੇ ਬਿਨਾ ਸੂਰਯ ਛਿਪਾ ਇਤਨੇ ਸੇ ਆਨ ਸੰਧਯਾ ਕਰੋ ਆਦਿ ਨਹੀ ਲਿਖੇ ਜਾਤੇਂ। ਯਾਂਹੀ ਤੇ ਲਖ੍ਯਕ ਬਯੰਜਕ ਪਦੋਂ ਕੋ ਛੋਡ ਕੇ ਕੋਸੋ ਮੇ ਕੇਵਲ ਵਹੀ ਨਾਮ ਲਿਖੇ ਗਏ ਹੈਂ। ਜੋ ਨਾਮ ਸਕ੍ਰੀ ਸੇ ਵਸਤੁਯੋਂ ਕੇ ਵਾਚਕ ਹੈਂ। ਏਤਾ ਬਿਸੇਖ ਹੈ ਸੰਸਕ੍ਰਿਤ ਬਾਣੀ ਕੇ ਕੋਸੋ ਮੇ ਨਾਮੋ ਸੇ ਪਰੇ ਇਸਤ੍ਰੀ ਪੁਰਖ ਨਪੁੰਸਕ ਕੇ ਚਿੰਨ ਲਿਖੇ ਜਾਵੇ ਹੈਂ। ਜਿਸ ਭਾਖਾ ਬਾਣੀ ਮੇ ਨਪੁਸੰਕ ਕਾ ਚਿੰਨ ਪ੍ਰਸਿੱਧ ਨਹੀ। ਤਿਸ ਸੇ ਇਸਤ੍ਰੀ ਪੁਰਖ ਦੋਨੋ ਕੇ ਚਿੰਨ ਲਿਖੇ ਜਾਵੇ ਹੈਂ। ਅਨੇਕ ਭਾਖਾ ਕੇ ਕੋਸੋਂ ਮੇ ਜਿਸ ਜਿਸ ਬੋਲੀ ਕੇ ਵਹੁ ਸਬਦ ਹੋਵੇਂ। ਤਿਨ ਕੇ ਆਗੇ ਉਸ ਭਾਖਾ ਕਾ ਸੂਚਕ ਏਕ ਅੱਖਰ ਲਿਖਾ ਜਾਵੇ ਹੈ। ਜੈਸੇ ਸੰਸਕ੍ਰਿਤ ਪ੍ਰਾਕ੍ਰਿਤ ਬਾਣੀ ਕੇ ਮਿਸ੍ਰਿਤ ਕੋਸੋਂ ਮੇ ਸੰਸਕ੍ਰਿਤ ਕਾ ਸੰ. ਔ ਪ੍ਰਾਕ੍ਰਿਤ ਪ੍ਰਾ. ਲਿਖਤੇ ਹੈਂ। ਏਵੇਂ ਅਰਬੀ ਫਾਰਸੀ ਕੇ ਕੋਸੋਂ ਮੇ ਅਰਬੀ ਪਦ ਆਗੇ ਐਨ ਫਾਰਸੀ ਕੇ ਆਗੇ ਫੇ ਲਿਖਤੇ ਹੈਂ। ਤੈਸੇ ਯਹ ਗੁਰੂ ਜੀ ਕੀ ਗੁਰਮੁਖੀ ਵਿਦਯਾ ਕੇ ਨਾਮੋਂ ਕਾ ਕੋਸ ਬਨਾਯਾ ਜਾਤਾ ਹੈ। ਇਸ ਮੇ ਬਹੁਤ ਭਾਖਾ ਕੇ ਅਖਰ ਲਿਖੇ ਜਾਵੇਂਗੇ। ਕਾਹੇ ਤੇ ਗੁਰੂ ਜੀ ਨੇ ਆਪਣੀ ਬਾਣੀ ਮੇ ਸੰਸਕ੍ਰਿਤ ਅਰਬੀ ਫਾਰਸੀ ਅਰ ਹਿੰਦੁਸ੍ਤਾਨ ਕੇ ਕਈ ਦੇਸੋਂ ਕੀ ਭਾਖਾ ਲਿਖੀ ਹੈ। ਜਿਨ ਮੇ ਸਭ ਸੇ ਅਧਿਕ ਲਹੌਰ ਅੰਮ੍ਰਿਤਸਰ ਮੁਲਤਾਨ ਕੇ ਸਮੀਪ ਕੀ ਪੰਜਾਬੀ ਔ ਸਿੰਧੀ ਭਾਖਾ ਹੈ। ਅਰ ਸੰਸਕ੍ਰਿਤ ਅਰਬੀ ਫਾਰਸੀ ਕੇ ਨਾਮ ਬਹੁਤ ਕਰ ਸ਼ੁੱਧ ਕਹੀਂ ਕਹੀਂ ਲੋਕੋਂ ਕੀ ਬੋਲ ਚਾਲ ਕੇ ਅਨੁਸਾਰ। ਅਸੁਧ ਭੀ ਲਿਖੇ ਹੈਂ। ਇਸ ਵਾਸਤੇ ਇਸ ਕੋਸ ਮੇ ਇਨ ਸਭ ਭਾਖਾ ਕੇ ਨਾਮੋ ਆਗੇ ਸਭ ਭਾਖਾ ਬੋਧਕ ਅੱਖਰ ਲਿਖੇ ਜਾਵੇਂਗੇ। ਅਰ ਕਈ ਪਦ ਦੋ ਭਾਖਾ ਮੈ ਏਕ ਅਰਥ ਵਾਲੇ ਹੋਤੇ ਹੈਂ। ਤਹਾਂ ਤਹਾਂ ਅਰਥ ਦੂਸਰੀ ਵਾਰ ਨਹੀ ਕੀਆ ਜਾਵੇਗਾ। ਸੰਕੇਤ ਉਸ ਪਦ ਆਗੇ ਦੋ ਹੋਂਗੇ। ਜੈਸੇ ਖਰ ਪਦ ਸੰਸਕ੍ਰਿਤ ਫਾਰਸੀ ਦੋਨੋ ਭਾਖਾ ਮੇ ਗਧੇ ਕਾ ਵਾਚਕ ਹੈ। ਯਾਂਤੇ ਅਰਥ ਏਕ ਵਾਲਾ ਸੰਕੇਤ ਦੋ ਵਾਲਾ ਹੈ। ਕਈ ਪਦ ਸ੍ਵਰੂਪ ਸੇ ਦੋ ਭਾਖਾ ਮੇ ਤੁਲਯ ਹੋਤੇ ਹੈ। ਅਰਥ ਮੈ ਭੇਦ ਹੋਤਾ ਹੈ। ਜੈਸੇ ਸਰੀਰ ਨਾਮ ਸੰਸਕ੍ਰਿਤ ਮੇ ਦੇਹ ਕਾ ਹੈ। ਫਾਰਸੀ ਮੈ ਸੈਤਾਨ ਕਾ ਹੈ। ਪਾਕ ਨਾਮ ਸੰਸਕ੍ਰਿਤ ਮੇ ਭੋਜਨ ਕਾ ਹੈ। ਫਾਰਸੀ ਮੈ ਪਵਿਤ੍ਰ ਕਾ ਹੈ। ਬਦਨ ਨਾਸ

ਸੰਸਕ੍ਰਿਤ ਮੇਂ ਮੁਖ ਕਾ ਹੈ। ਫਾਰਸੀ ਮੈ ਦੇਹ ਕਾ ਹੈ। ਬੰਦਾ ਨਾਮ ਸੰਸਕ੍ਰਿਤ ਮੈ ਨਮਸਕਾਰਾ ਕਾ ਔ ਬ੍ਰਿਛ ਪੈ ਉਪਜੀ ਲਤਾ ਕਾ ਹੈ। ਫਾਰਸੀ ਮੈ ਦਾਸ ਕਾ ਹੈ। ਗੀਰ ਨਾਮ ਸੰਸਕ੍ਰਿਤ ਮੈ ਬਾਣੀ ਕਾ ਹੈ। ਫਾਰਸੀ ਮੈ ਪਕੜਨੇ ਕਾ ਹੈ। ਅਸ੍ਤੁ ਨਾਮ ਸੰਸਕ੍ਰਿਤ ਮੈ ਸਮਾਪਤੀ ਕਾ ਹੈ ਫਾਰਸੀ ਮੈ ਹੈ ਕਾ ਹੈ। ਦੀਨ ਨਾਮ ਸੰਸਕ੍ਰਿਤ ਮੈ ਗਰੀਬ ਕਾ ਹੈ। ਫਾਰਸੀ ਮੈ ਧਰਮ ਕਾ ਹੈ। ਤਰਕ ਸੰਸਕ੍ਰਿਤ ਮੈ ਯੁਕ੍ਤੀ ਕਾ ਨਾਮ ਹੈ। ਫਾਰਸੀ ਮੈ ਤਜਾਗ ਕਾ ਨਾਮ ਹੈ। ਐਸੇ ਪਦੋਂ ਕੇ ਅਰਥ ਦੋਨੋ ਜੁਦੇ ਜੁਦੇ ਲਿਖੇ ਜਾਵੇਂਗੇ। ਏਵੰ ਦੇਸ ਭਾਖਾ ਪਦ ਕਾ ਸ੍ਰੂਪ ਭੀ ਜਹਾਂ ਗੁਰੁਬਾਣੀ ਮੇ ਸੰਸਕ੍ਰਿਤ ਪਦ ਕੇ ਵਾ ਆਨ ਭਾਖਾ ਕੇ ਪਦ ਕੇ ਸਮਾਨ ਹੋਗਾ। ਤਹਾਂ ਪ੍ਰਕਾਸ ਕੀਆ ਜਾਵੇਗਾ। ਜੈਸੇ ਜਨਕ ਪਦ ਜਨਕ ਰਾਜ ਈਹਾਂ ਸੰਸਕ੍ਰਿਤ ਹੈ। ਔਰ ਜਨਕ ਮੋਤੀ ਈਹਾਂ ਜਨਕ ਮਾਨੋ ਕੇ ਅਰਥ ਮੇ ਦੇਸ ਭਾਖਾ ਹੈ। ਇਸ ਲੀਏ ਦੋ ਜਗਹ ਅਰਥ ਮੇ ਜੁਦੇ ਜੁਦੇ ਸੰਕੇਤ ਲਿਖੇ ਜਾਵੇਂਗੇ।

ਜੋ ਸੋ ਜੈਸੇ ਜੈਸੇ ਏਹ ਓਹ ਕਜਾ ਕੌਨ ਜਤ੍ਰੁ ਕਤ੍ਰੁ ਇਤਯਾਦਿਕ ਸਰਬਨਾਮ ਸਬਦੋਂ ਕਾ ਘਟਾਦਿਕ ਸਬਦੋਂ ਵਤ ਅਪਨਾ ਨੇਮੀ ਅਰਥ ਕੋਈ ਨਹੀ। ਇਨ ਕਾ ਵੋਹੀ ਅਰਥ ਹੈ। ਜਿਸ ਕੋ ਕਹਨੇ ਵਾਲਾ ਆਪਨੇ ਚਿਤ ਮੇਂ ਰੱਖ ਕਹਿਆ ਚਾਹੇ। ਯਾਹੀ ਤੇ ਨਾ ਤਿਸ ਏਹ ਨ ਓਹ । ਈਹਾਂ ਏਹ ਸਬਦ ਕਾ ਅਰਥ ਲੋਕ। ਅਰ ਓਹ ਸਬਦ ਕਾ ਅਰਥ ਪਰਲੋਕ ਹੈ। ਏਹ ਕਿਨੇਹੀ ਚਾਕਰੀ ਈਹਾਂ ਏਹ ਸਬਦ ਯਹ ਕੈਸੀ ਚਾਕਰੀ ਹੈ। ਇਸ ਅਰਥ ਕਾ ਵਾਚਕ ਹੈ। ਲੋਕ ਕਾ ਵਾਚਕ ਨਹੀ। ਓਹ ਨੇਹੁ ਨਵੇਲਾ ਪਾਠ ਮੈ ਓਹ ਪਦ ਵਹੁ ਨੇਹ ਨਯਾ ਹੈ। ਐਸੇ ਵਹੁ ਅਰਥ ਕਾ ਵਾਚਕ ਹੈ। ਪਰਲੋਕ ਕਾ ਵਾਚਕ ਨਹੀਂ। ਯਾਂਤੇ ਇਨ ਕੇ ਵੋਹ ਹੀ ਅਰਥ ਹੈਂ ਜਿਸ ਕੋ ਵਕਤਾ ਕਹਜਾ ਚਾਹੇ। ਇਸੀ ਅਭਿਪ੍ਰਾਯ ਸੇ ਇਨ ਕਾ ਨਾਮ ਸਰਬਨਾਮ ਰਖਾ ਹੈ। ਜੋ ਯੇ ਜਿਸ ਕੋ ਕਹਨਾ ਚਾਹੇ ਉਨ ਸਭ ਕੇ ਨਾਮ ਬਨ ਜਾਤੇ ਹੈਂ।

ਜੋ ਸੁਧ ਪਦੋਂ ਕੇ ਲੋਗੋਂ ਕੇ ਮੁਖ ਚੜ ਵਿਗੜੇ ਅਸੁਧ ਪਦ ਪ੍ਰਸਿੱਧ ਹੈਂ। ਪੁਨਾ ਤਿਨ ਅਸੁਧੋਂ ਕੇ ਅਸੁਧ ਪ੍ਰਸਿੱਧ ਹੈਂ। ਜੈਸੇ ਮਧਜ ਸੁਧ ਕਾ ਮਹ ਅਸੁਧ। ਔ ਮਹ ਅਸੁਧ ਕਾ ਮਹੀਓ ਵਾ ਮਹੀਏ ਅਸੁਧ। ਪੁਨਾ ਤਿਨ ਕਾ ਮਹੀਅਲ ਅਸੁੱਧ ਪ੍ਰਸਿੱਧ ਹੈ। ਤਥਾ ਆਧਾਰ ਸੁਧ ਕਾ ਅਧੋਰੀ ਔ ਅਧਰਿ ਪ੍ਰਸਿਧ ਹੈ। ਤਥਾ ਕ੍ਰਿਪਾ ਸੁਧ ਕੇ ਕ੍ਰਿਪਛੇ ਕ੍ਰਿਪੈਨ ਕ੍ਰਿਪੰਗਨਾ ਅਸੁਧ ਪ੍ਰਸਿਧ ਹੈਂ। ਤਿਨ ਕੇ ਉਸੀ ਸੁਧ ਭਾਖਾ ਅਨੁਸਾਰ ਅਰਥ ਕਰਕੇ ਪੀਛੇ ਵਹੀ ਸੁੱਧ ਨਾਮ ਲਿਖੇ ਜਾਵੇਂਗੇ।

ਇਸ ਕੋਸ ਮੇ ਪਰਾਚੀਨ ਕੋਸੋਂ ਵਤ ਏਕ ਏਕ ਥਾਨ ਮੇਂ ਏਕ ਏਕ ਵਸਤੁ ਕੇ ਸਭੀ ਨਾਮ ਨਹੀਂ ਲਿਖੇ ਜਾਵੇਂਗੇ। ਕਿੰਤੂ ਪਹਲੇ ਊੜੇ ਆਦਿ ਅੱਖਰੋਂ ਕੇ ਕ੍ਰਮ ਸੇ ਪੈਂਤੀ ਮੇ ਭਰੇ ਜਾਵੇਂਗੇ। ਪੀਛੇ ਮੁਹਾਰਨੀ ਅਰਥਾਤ ਬਾਰਾਖੜੀ ਕੀ ਰੀਤਿ ਸੇਂ। ਏਕ ਏਕ ਅਖਰ ਨਾਮੋ ਕੇ ਆਦਿ ਮੇ ਬਾਰਾਂ ਬਾਰਾਂ ਜਗਾ ਲਿਖਾ ਜਾਵੇਗਾ। ਇਸ ਕ੍ਰਮ ਬਿਨਾ ਪੂਰਬ ਬਨੇ ਬਡੇ ਪ੍ਰਸਿੱਧ। ਹੇਮ ਅਮਰਾਦਿ ਕੋਸੋਂ ਸੇ ਭੀ ਯਹ ਉਪਕਾਰ ਨਹੀ ਹੋ ਸਕਾ। ਇਸੀ ਲੀਏ ਵਰਤਮਾਨ ਸਮੇ ਸਭੀ ਵਿਦ੍ਵਾਨ। ਨਾਮ ਕੇ ਸੀਘ੍ਰ ਖੋਜ ਹੇਤ ਬਰਣ ਕ੍ਰਮ ਸੇ ਬਨਾਵੇ ਹੈਂ। ਜਿਸ ਰਚਨਾ ਕਾ ਕੰਠ ਤੁਲਯ ਮਹਾਤਮ ਹੈ। ਵਾਸ੍ਤਵ ਸੇ ਕੰਠ ਸੇ ਭੀ ਅਧਿਕ ਮਹਾਤਮ ਹੈ। ਕਿਉਂਕਿ ਕੰਠ ਕਰੀ ਵਸਤੁ ਕਬੀ ਬੁੱਧੀ ਕੁੰਠਿਤ ਹੋਨੇ ਸੇ ਸੀਘ੍ਰ ਫੁਰਣ ਨਹੀ ਹੋਤੀ। ਲਿਖੀ ਸੀਘ੍ਰ ਫੁਰਣ ਹੋਤੀ ਹੈ। ਅਰ ਸੀਘ੍ਰ ਖੋਜਨੇ ਹੇਤ ਆਦਿ ਮੈ ਜੋ ਅਖਰ ਚਲੇਗਾ। ਉਸ ਕੇ ਅੰਤ ਕੇ ਊੜੇ ਆਦਿ ਅਖਰ ਨਾਮੋਂ ਮੈ ਕ੍ਰਮ ਸੇ ਬਦਲਤੇ ਜਾਵੇਂਗੇ। ਜੈਸੇ ਜਹਾਂ ਅੰਤ ਪਾਸੇ ਊੜਾ ਪੂਰਾ ਹੂਆ ਅੰਤ ਕੋ ਆੜਾ ਚਲੇਗਾ। ਵਹੁ ਪੂਰਾ ਹੂਏ ਈੜੀ ਆਦਿਕ ਚਲੇਂਗੇ। ਨਾਮ ਕੀ ਮ੍ਰਜਾਦਾ ਏਕ ਅਖਰੇ ਨਾਮ ਸੇ ਲੇ ਸਾਤ ਅਖਰ ਪ੍ਰਯੰਤ ਮੇਦਨੀ ਆਦਿ ਕੋਸੋ ਮੇ ਬਾਂਧੀ ਹੈ। ਯਾਂਤੇ ਕ੍ਰਮ ਸੇ ਏਕ ਅਖਰੇ ਦੁਅਖਰੇ ਆਦਿ ਨਾਮ ਲਿਖੇ ਜਾਵੇਂਗੇ।

ਜੋ ਸਬਦ ਹਮਾਰੀ ਦ੍ਰਿਸ੍ਟਿ ਮੇ ਕਾਹੂੰ ਦੇਸ ਕੀ ਭਾਖਾ ਮੇ ਪ੍ਰਸਿਧ ਨਹੀ। ਉਨ ਕੇ ਆਗੇ ਗੁਰੂ ਕੇ ਸੰਕੇਤ ਕਾ ਸੂਚਕ ਬਿੰਦੀ ਵਾਲਾ ਗੁ. ਲਿਖਾ ਜਾਵੇਗਾ। ਗੁਰੂ ਕੇ ਸੰਕੇਤ ਕੇ ਪਦ ਅਵਸਜ ਹੀ ਲਿਖਨੇ ਪੜੇਂਗੇ। ਕਿਉਂਕਿ ਙੰਙਾ ਞੰਞਾ ਜਿਨ ਨਾਮੋ ਕੇ ਆਦਿ ਮੇ ਹੈਂ। ਐਸੇ ਨਾਮ ਸੰਸਕ੍ਰਿਤ ਫਾਰਸੀ ਮੇ ਵਾ ਆਨ ਦੇਸ ਕੀ ਭਾਖਾ ਮੇ ਬਹੁਤ ਕਰ ਪ੍ਰਸਿੱਧ ਨਹੀ। ਔ ਗੁਰੂ ਜੀ ਨੇ ਬਾਵਨ ਅਖਰੀ ਮੇ ਲਿਖੇ ਹੈਂ। ਯਾਂਤੇ ਗੁਰੁ ਸੰਕੇਤ ਲਿਖਨਾ ਆਵਸਜਕ ਹੈ। ਜਿਨ ਨਾਮੋ ਕੀ ਖੋਜ ਕਰਨੇ ਸੇ ਭੀ ਆਨ ਭਾਖਾ ਮੇ ਪ੍ਰਸਿਧੀ ਨਹੀ ਮਿਲੇਗੀ ਵਹੁ ਸਭ ਗੁਰੂ ਸੰਕੇਤ ਮੇ ਲਿਖੇ ਜਾਵੇਂਗੇ। ਨਾ ਮਿਲੇ ਗੁਰੁ ਸੰਕੇਤ ਹੀ ਸਾਰ ਹੈ।

ਬਾਈਸ ਪਦ ਐਸੇ ਹੈਂ। ਜਿਨ ਕੇ ਮੇਲ ਸੇ ਏਕ ਏਕ ਪਦ ਕੇ ਅਰਥ ਜੁਦੇ ਜੁਦੇ ਹੋ ਜਾਤੇ ਹੈਂ। ਜੈਸੇ ਹਾਰ ਪਦ ਕੇ ਪੀਛੇ ਉਨ ਮੇ ਸੇ ਪਰਿ ਲਗਾਵੇ ਤਬ ਮਾਰਣੇ ਕਾ ਵਾਚਕ ਪਰਿਹਾਰ ਹੋ ਜਾਤਾ ਹੈ। ਆ ਲਗਾਵੇ ਤਬ ਖਾਣੇ ਕਾ ਵਾਚਕ ਆਹਾਰ ਹੋਵੈ ਹੈ। ਸੰ ਲਗਾਵੇ ਤਬ ਨਾਸ ਕਰਨੇ ਕਾ ਵਾਚਕ ਸੰਹਾਰ ਹੋਵੈ ਹੈ। ਵਿ ਲਗਾਵੇਂ ਤਬ ਫਿਰਨੇ ਕਾ ਵਾਚਕ ਵਿਹਾਰ ਹੋਵੈ ਹੈ।

ਨਾਮ ਇਨ ਕਾ ਉਪਸਰਗ ਹੈ ਗਤੀ ਹੈ ੧. ਪ੍ਰ ੨. ਪਰਾ ੩. ਅਪ ੪. ਸਮ ੫. ਅਨੁ ੬. ਅਵ ੭. ਨਿਰ ੮. ਨਿਸ ੯. ਦੁਰ ੧੦. ਦੁਸ ੧੧. ਵਿ ੧੨. ਆਙ ੧੩. ਨਿ ੧੪. ਅਧਿ ੧੫. ਅਪਿ ੧੬. ਅਤਿ ੧੭. ਸੁ ੧੮. ਉਤ ੧੯. ਅਭਿ ੨੦. ਪ੍ਰਤਿ ੨੧. ਪਰਿ ੨੨. ਉਪ। ਯੇ ਬਾਈਸ ਹੈਂ। ਅਰਥ ਇਨ ਕੇ ਜਿਸ ਜਿਸ ਪੰਕ੍ਰੀ ਮੇ ਇਨ ਕੇ ਆਦਿ ਕੇ ਅਖ੍ਰਰ ਆਵੇਂਗੇ। ਊਹਾਂ ਇਸੀ ਕੋਸ ਮੇ ਲਿਖੇ ਜਾਵੇਂਗੇ। ਈਹਾਂ ਇਨ ਕਾ ਕਈ ਪਦੋਂ ਸਾਥ ਮੇਲ ਬਤਾਵੇ ਹੈਂ। ਭੁ ਸਾਥ ਪ੍ਰ ਜੋੜੇ ਪ੍ਰਭੁ ਹੋਵੈ ਹੈ। ਰਬਧ ਕੇ ਪੀਛੇ ਪਰਾ ਜੋੜੇ ਪਰਾਰਬਧ ਹੋਵੇ ਹੈ। ਗਤੀ ਕੇ ਆਦਿ ਮੇ ਅਪ ਜੋੜਣ ਅਪਗਤਿ ਹੋਵੈ ਹੈ। ਦ੍ਰਿਸ੍ਰਤਾ ਕੇ ਆਦਿ ਮੇ ਸਮ ਜੋੜੇ ਸਮ ਦ੍ਰਿਸ੍ਰੇਤਾ ਹੋਵੇ ਹੈ। ਦਿਨ ਕੇ ਆਦਿ ਮੇ ਅਨੁ ਜੋੜੇ ਅਨੁਦਿਨ ਹੋਤਾ ਹੈ। ਭਵ ਕੇ ਆਦਿ ਅਨੁ ਜੋੜੇ ਅਨੁਭਵ ਹੋਤਾ ਹੈ। ਗਤਿ ਕੇ ਆਦਿ ਅਵ ਜੋੜੇ ਅਵਗਤਿ ਹੋਵੈ ਹੈ। ਵੈਰ ਕੇ ਆਦਿ ਨਿਰ ਜੋੜੇ ਨਿਰਵੈਰ ਹੋਵੈ ਹੈ। ਪ੍ਰੇਹੀ ਕੇ ਪੀਛੇ ਨਿਸ ਜੋੜੇ ਨਿਸਪ੍ਰੇਹੀ । ਬੁਧਿ ਕੇ ਆਦਿ ਦੁਰ ਜੋੜੇ ਦੁਰਬੁਧਿ। ਤਰ ਕੇ ਆਦਿ ਦੁਸ ਜੋੜੇ ਦੁਸਤਰ। ਚਾਰ ਕੇ ਆਦਿ ਵਿ ਜੋੜੇ ਵਿਚਾਰ। ਚਾਰ ਕੇ ਆਦਿ ਆ ਜੋੜੇ ਆਚਾਰ। ਧਾਨ ਕੇ ਆਦਿ ਨਿ ਜੋੜੇ ਨਿਧਾਨ। ਆਤਮ ਕੇ ਆਦਿ ਅਧਿ ਜੋੜੇ ਅਧਯਾਤਮ। ਹਤ ਕੇ ਆਦਿ ਅਪਿ ਜੋੜੇ ਅਪਿਹਤ ਹੋਤਾ ਹੈ। ਯਹੀ ਅਪਿ ਪੁਨਰ ਸਬਦ ਕੇ ਪਰੇ ਜੁੜਨੇ ਸੇ ਪੁਨਰਪਿ ਬਨੇ ਹੈ। ਸੂਰ ਕੇ ਆਦਿ ਅਤਿ ਜੋੜੇ ਅਤਿਸੂਰ। ਚਜ ਕੇ ਆਦਿ ਸੁ ਜੋੜੇ ਸੁਚਜਾ। ਪਤਿ ਕੇ ਆਦਿ ਮੇ ਉਤ ਜੋੜੇ ਉਤਪੱਤਿ ਹੋਵੇ ਹੈ। ਆਗਤ ਕੇ ਆਦਿ ਮੇਂ ਅਭਿ ਲਗਾਏ ਅਭਯਾਗਤ। ਹਾਰ ਕੇ ਆਦਿ ਮੇ ਪ੍ਰਤਿ ਜੋੜੇ ਪ੍ਰਤਿਹਾਰ ਬਨੇ ਹੈ। ਸ੍ਰਮ ਕੇ ਆਦਿ ਮੇ ਪਰਿ ਲਗਾਏ ਪਰਿਸ੍ਰਮ। ਦੇਸ ਕੇ ਆਦਿ ਮੇ ਉਪ ਲਗਾਏ ਉਪਦੇਸ ਬਨੇ ਹੈ। ਕਈ ਕਈ ਪਦੋਂ ਕੇ ਆਦਿ ਮੇ ਯੇ ਦੋ ਦੋ ਜੁੜੇ ਹੈਂ। ਜੈਸੇ ਅਭਯਾਗਤ ਈਹਾ ਗਤ ਪਦ ਸੇ ਪ੍ਰਥਮ ਆ ਹੈ। ਉਸ ਸੇ ਪਹਲੇ ਅਭਿ ਹੈ। ਨਿਖੇਧ ਵਾਚਕ ਨੰਨੇ ਕੀ ਜਗਾ ਊਹੇ ਈੜੀ ਆੜੇ ਵਾਲੇ ਨਾਮੋ ਕੇ ਆਦਿ ਮੇ ਅਨ ਹੋਤਾ ਹੈ। ਜੈਸੇ ਨ ਉਤਮ ਅਨੁਤਮ ਨ ਈਸ੍ਰਰ ਅਨੀਸ੍ਰਰ। ਨ ਆਦਿ ਅਨਾਦਿ। ਸਸੇ ਆਦਿ ਅਖਰੋਂ ਵਾਲੇ ਨਾਮ ਕੇ ਆਦਿ ਮੇ ਅ ਮਾਤ੍ਰ ਹੋਤਾ ਹੈ। ਜੈਸੇ ਨ ਸਾਧ ਅਸਾਧ ਨ ਹਾਲ ਅਹਾਲ ਨ ਕਾਜ ਅਕਾਜ। ਏਵੰ ਵਿਚਲ ਕੇ ਆਦਿ ਮੇ ਨ ਜੋੜਨੇ ਸੇ ਅਵਿਚਲ ਹੋਵੇ ਹੈ। ਇਸ ਅਵਿਚਲ ਕਾ ਹੀ ਅਬਚਲ ਬੋਲਨੇ ਮੇ ਆਵੇ ਹੈ। ਜੈਸੇ ਅਬਿਚਲ ਨਗਰ ਗੁਰੂ ਦਸਮ ਜੀ ਕੀ ਸਮਾਧਿ ਕਾ ਨਾਮ ਹੈ। ਨਾ ਚਲਾਇਮਾਨ ਹੋਨੇ ਵਾਲੀ ਵਸਤੁ ਕੋ ਅਬਿਚਲ ਕਹਤੇ ਹੈਂ। ਯਹ ਅਵਿਚਲ ਕਾ ਅਰਥ ਹੈ।

ਦੇਸ ਭਾਖਾ ਭੇਦ ਸੇ ਏਕ ਹੀ ਸੁਧ ਪਦ ਅਨੇਕ ਪ੍ਰਕਾਰ ਕਾ ਬਨ ਜਾਤਾ ਹੈ। ਜੈਸੇ ਸੰਸਕ੍ਰਿਤ ਕੇ ਇਹ ਪਦ ਕਾ ਦਖਣ ਮੇ ਈਕੜੇ ਕਾਸੀ ਮੈ ਏਹਰ ਬ੍ਰਿਜ ਮੈ ਈਹਾਂ ਹਰੀਦ੍ਵਾਰ ਸਮੀਪ ਈਂਘੇ ਕੁਰਖੇਤ੍ਰ ਮੈ ਅੜੇ ਮਾਰਵਾੜ ਮੈ ਅਠੇ ਪੰਜਾਬ ਮੈ ਏਥੇ। ਤਤ੍ਰ ਸੰਸਕ੍ਰਿਤ ਕਾ ਦਖਣ ਮੈ ਤੀਕੜੇ ਕਾਸੀ ਮੈ ਓਹਰ ਬ੍ਰਿਜ ਮੇ ਊਹਾਂ ਹਰੀਦ੍ਵਾਰ ਸਮੀਪ ਊਂਘੇ ਕੁਰਖੇਤ੍ਰ ਮਾਰਵਾੜ ਮੈ ਉਠੇ ਪੰਜਾਬ ਮੈ ਓਥੇ ਬਨੇ ਹੈ। ਐਸੇ ਔਰ ਭੀ ਬਹੁਤ ਬਨੇ ਹੈਂ। ਤਿਨ ਸਭ ਅਨੇਕ ਰੂਪੋਂ ਕਾ ਮੂਲ ਏਕ ਕੋ ਜਾਨੇ। ਜੋ ਮੂਲ ਪਦ ਕਾ ਅਰਥ। ਸੋ ਉਨ ਸਭ ਕੇ ਅਰਥ ਜਾਨਨੇ ਸੇ ਉਨ ਕੇ ਅਰਥੋ ਮੇ ਸੰਦੇਹ ਨਹੀ ਰਹੇ। ਇਸ ਲੀਏ ਏ ਸਭ ਕੇ ਮੂਲ ਬਤਾਏ ਜਾਵੇਂਗੇ। ਈਹਾਂ ਯਹ ਭੀ ਜਾਨੋ। ਜੈਸੇ ਏਕ ਏਕ ਮੂਲ ਕੇ ਬਿਗੜ ਕਰ। ਹਿੰਦ ਦੇਸ ਮੇ ਅਨੇਕ ਪ੍ਰਕਾਰ ਕੇ ਨਾਮ ਬਨ ਗਏ ਹੈਂ। ਵੈਸੇ ਸਭ ਬੋਲੀਓ ਕੀ ਮਾਤਾ ਸੰਸਕ੍ਰਿਤ ਬੋਲੀ ਕੇ। ਆਨ ਵਲਾਇਤੋਂ ਮੇ ਔਰ ਔਰ ਪ੍ਰਕਾਰ ਕੇ ਨਾਮ ਬਨ ਗਏ ਹੈਂ। ਜੈਸੇ ਸੰਸਕ੍ਰਿਤ ਮਾਤਾ ਪਦ ਕਾ ਮਾਂ ਭਾਖਾ। ਮਾਦਰ ਔ ਮਾਮ ਫਾਰਸੀ। ਮਾਡਰ ਅੰਗ੍ਰੇਜੀ। ਪਿਤਾ ਸੰਸਕ੍ਰਿਤ ਕਾ ਪਿਉ ਭਾਖਾ ਪਿਦਰ ਫਾਰਸੀ। ਫਾਡਰ ਅੰਗ੍ਰੇਜੀ। ਪੀਟਰ ਯੂਨਾਨੀ। ਪਦ ਸੰਸਕ੍ਰਿਤ ਕਾ ਪਾਇ ਭਾਖਾ। ਪਾ ਫਾਰਸੀ। ਪਾਡਾਸ ਯੂਨਾਨੀ। ਨਾਸ ਸੰਸਕ੍ਰਿਤ ਕਾ ਨਾਕ ਭਾਖਾ। ਨੋਜ਼ ਅੰਗ੍ਰੇਜੀ। ਨੋਜ ਲੈਟਨ ਬਨ ਗਏ ਹੈਂ। ਫਾਰਸੀ ਅਰਬੀ ਮੇ ਤੋ ਸੰਸਕ੍ਰਿਤ ਸੇ ਬਿਗੜ ਕੇ ਬਹੁਸ ਹੀ ਬਨੇ ਹੈਂ। ਸੋ ਜੈਸੇ ਬਨੇ ਹੈਂ ਤੈਸੇ ਤਲੇ ਕੇ ਚਕ੍ਰ ਮੇਂ ਦਿਖਾਏ ਜਾਤੇ ਹੈਂ।

## ਚਕ੍ਰ ਯਹ ਹੈ

| ਸੰਸਕ੍ਰਿਤ ਪਦ | ਫਾਰਸੀ ਪਦ | ਸੰਸਕ੍ਰਿਤ ਪਦ | ਫਾਰਸੀ ਪਦ |
|---|---|---|---|
| ਆਮ੍ਰ | ਅੰਬ | ਆਦਿਮ | ਆਦਮ |
| ਅਪ | ਆਬ | ਆਸਕ੍ਰ | ਆਸਿਕ |

| ਸੰਸਕ੍ਰਿਤ ਪਦ | ਫਾਰਸੀ ਪਦ | ਸੰਸਕ੍ਰਿਤ ਪਦ | ਫਾਰਸੀ ਪਦ |
|---|---|---|---|
| ਅਸ੍ਵ | ਅਸਪ | ਅੰਤ | ਇੰਤਹਾ |
| ਅਭ੍ਰ | ਅਬਰ | ਭ੍ਰੂ | ਅਬਰੂ |
| ਉਸਟ੍ਰ | ਉਸ੍ਤੁਰ | ਆਪੱਤਿ | ਆਫਤ |
| ਆਗਮਨ | ਆਮਦਨ | ਅਸ੍ਰ | ਹਸ੍ਰ |
| ਬਰਣਨ | ਬਯਾਨ | ਸੁਸਕ | ਖੁਸ਼ਕ |
| ਦੁਹਿਤਾ | ਦੁਖ੍ਰ | ਦੁਸ੍ਮਨ | ਦੁਸ਼ਮਨ |
| ਕੋਟਜਪਾਲ | ਕੋਤਵਾਲ | ਬਾਦਿਤ੍ਰ | ਬਹਬਤ |
| ਭੂਮੀ | ਬੂਮ | ਚਤੁਰ | ਚਹਾਰ |
| ਸਪ੍ਤ | ਹਫਤ | ਖੀਰ | ਸ਼ੀਰ |
| ਮਹਤਤਰ | ਮਿਹਤਰ | ਸਰਬਰੀ | ਸ਼ਬ |
| ਜਾਲਮ | ਯਾਲਮ | ਮੁਰਬਾਨੀ | ਸੁਰਯਾਨੀ |
| ਬਾਲ੍ਹੀਕ | ਬਲਖ | ਗਾਂਧਾਰ | ਕੰਧਾਰ |

ਨਾਮ ਕੀ ਮੂਲ ਭਾਖਾ ਕਾ ਯਹ ਸੰਕੇਤ ਹੈ। ਸੰਸਕ੍ਰਿਤ ਨਾਮ ਕੇ ਅੰਤ ਮੇ ਸੰ. ਹੋਵੈਗਾ ਜੈਸੇ ਅਮਰ ਦੇਵਤਾ ਕਾ ਨਾਮ ਹੈ। ਤਹਾਂ ਅਮਰ ਸੰ. ਹੋਵੈਗਾ। ਪਾਕ ਪਵਿਤ੍ਰ ਕਾ ਨਾਮ ਫ਼ਾਰਸੀ ਹੈ ਤਹਾਂ ਪਾਕ ਫ਼ਾ. ਹੋਵੈਗਾ। ਓਮੀ ਅਨਪੜ ਕਾ ਨਾਮ ਅਰਬੀ ਹੈ ਤਹਾਂ ਓਮੀ ਅ. ਹੋਵੈਗਾ। ਜਹਾਂ ਅਰਬੀ ਫਾਰਸੀ ਨਾਮ ਕਾ ਠੀਕ ਨਿਰਣੇ ਨਹੀਂ ਤਹਾਂ ਸੰਦੇਹ ਵਾਲੇ ਪਦ ਆਗੇ ਯਵਨ ਭਾਖਾ ਕਾ ਯਵ. ਹੋਵੈਗਾ। ਮਨਈ ਮਨੁਖ ਕਾ ਨਾਮ ਪੂਰਬੀ ਹੈ ਤਹਾਂ ਮਨਈ ਦੇ. ਪੂ. ਹੋਵੈਗਾ। ਹੰਢੇ ਫਿਰੇ ਕਾ ਨਾਸ ਪੰਜਾਬੀ ਹੈ ਤਹਾਂ ਹੰਢੇ ਦੇ. ਪੰ. ਐਸਾ ਹੋਵੈਗਾ। ਬਾਕੇ ਰਹੇ ਕਾ ਨਾਮ ਬੰਗਾਲੀ ਹੈ ਤਹਾਂ ਬਾਕੇ ਦੇ. ਬੰ. ਹੋਵੈਗਾ। ਓਲਗੀਆ ਪਹਚਾਨ ਕਾ ਨਾਮ ਦਖਣੀ ਹੈ ਤਹਾਂ ਓਲਗੀਆ ਦੇ. ਦ. ਹੋਵੈਗਾ। ਹੰਬੈ ਹੈ ਅਰਥ ਮੇ ਮਾਰਵਾੜੀ ਹੈ। ਤਹਾਂ ਹੰਬੈ ਦੇ. ਮਾਰ. ਹੋਵੈਗਾ। ਲਵੇ ਸਮੀਪ ਕਾ ਨਾਮ ਜੰਗਲੀ ਹੈ। ਤਹਾਂ ਲਵੇ ਦੇ. ਜੰ. ਹੋਵੈਗਾ। ਪਿਰਾਨ ਪਹਚਾਨ ਅਰਥ ਮੇ ਬਾਂਗਰੂ ਹੈ। ਤਹਾਂ ਪਿਰਾਨ ਦੇ. ਬਾਂ ਹੋਗਾ। ਨਢੀ ਛੋਟੀ ਕਾ ਨਾਮ ਸਿੰਧੀ ਹੈ ਤਹਾਂ ਨਢੀ ਦੇ. ਸਿੰ. ਹੋਗਾ। ਨੀਚੇ ਕੀ ਕੁੰਡਲੀ ਸੇ ਯਹ ਸੰਕੇਤ ਸੁਗਮ ਸਮਝ ਮੇ ਆ ਸਕਤਾ ਹੈ।

| ਪਦ | ਅਰਥ | ਪਦ | ਅਰਥ |
|---|---|---|---|
| ਸੰ. ਅਮਰ | ਦੇਵਤਾ | ਫ਼ਾ. ਪਾਕ | ਪਵਿਤ੍ਰ |
| ਅ. ਓਮੀ | ਅਨਪੜ੍ਹ | ਯਵ. ਕਲੰਦਰ | ਅਵਧੂਤ |
| ਦੇ. ਪੂ. ਮਨਈ | ਮਨੁਖ | ਦੇ. ਪੰ. ਹੰਢੇ | ਫਿਰੇ |
| ਦੇ. ਬੰ. ਬਾਕੇ | ਰਹੇ | ਦੇ. ਦ. ਓਲਗੀਆ | ਪਹਿਚਾਨ |
| ਦੇ. ਮਾਰ. ਹੰਬੈ | ਹੈ | ਦੇ. ਜੰ. ਲਵੇ | ਸਮੀਪ |
| ਦੇ. ਬਾਂ. ਪਿਰਾਨ | ਪਹਚਾਨ | ਦੇ. ਸਿੰ. ਨਢੀ | ਛੋਟੀ |

ਗ੍ਰੰਥ ਸਾਹਿਬ ਜੀ ਮੇ ਔਰ ਦੇਸੋਂ ਭੀ ਭਾਖਾ ਸੇ ਸਿੰਧੀ ਪੰਜਾਬੀ ਬਹੁਤ ਹੈ। ਅਰ ਪੰਜਾਬ ਸਤਲੁਜ ਸੇ ਲੇ ਅਟਕ ਪ੍ਰਯੰਤ ਪਾਂਚ ਦਰੀਆਵੋਂ ਕੇ ਭੀਤਰ ਕੇ ਦੇਸ ਕਾ ਨਾਮ ਹੈ। ਯਾਂਤੇ ਜਹਾਂ ਮੁਲਤਾਨੀ ਪੰਜਾਬੀ ਹੋਗੀ। ਤਹਾਂ ਪੰ. ਮੁ. ਹੋਗਾ ਜਹਾਂ

ਪੋਠੋਹਾਰੀ ਹੋਗੀ ਤਹਾਂ ਪੰ. ਪੋ. ਹੋਗਾ। ਜਹਾਂ ਮਾਝੇ ਕੀ ਹੋਗੀ ਤਹਾਂ ਪੰ. ਮਾ. ਹੋਗਾ। ਜਹਾਂ ਦੁਆਬੇ ਕੀ ਹੋਗੀ। ਤਹਾਂ ਪੰ. ਦੁ. ਹੋਗਾ। ਜਹਾਂ ਪੰਜਾਬ ਕੇ ਸਾਥ ਕੇ ਪਰਬਤ ਕੀ ਹੋਗੀ। ਤਹਾਂ ਪੰ. ਪਰ. ਹੋਗਾ। ਜੋ ਪਦ ਅਨੇਕ ਦੇਸੋਂ ਮੇ ਤੁਲਜ਼ ਹੋਗਾ। ਤਹਾਂ ਦੇ. ਮਾਤ੍ਰ ਹੋਗਾ। ਅਨੇਕ ਭਾਖਾ ਕੇ ਅਨੇਕ ਅਰਥੋਂ ਵਾਲੇ ਪਦੋਂ ਆਗੇ ਨਾਨਾ ਭਾਖਾ ਕੇ ਚਿੰਨ ਹੋਵੇਗੇ। ਜੈਸੇ ਪਿਤਾ ਵਾਚਕ ਜਨਕ ਪਦ ਆਗੇ ਸੰ. ਮਾਨੋ ਵਾਚਕ ਜਨਕ ਆਗੇ ਦੇ. ਪੰ. ਹੋਵੈਗਾ। ਭੋਜਨ ਕੇ ਵਾਚਕ ਪਾਕ ਪਦ ਆਗੇ। ਸੰ. ਪਵਿਤ੍ਰ ਕੈ ਵਾਚਕ ਪਾਕ ਪਦ ਆਗੇ ਫ਼ਾ. ਹੋਵੈਗਾ। ਏਵੰ ਸਰਬਤ੍ਰ ਜਾਨੋ।

ਗ੍ਰੰਥ ਸਾਹਿਬ ਜੀ ਮੇ ਪਦੋਂ ਕੇ ਅਨੇਕਾਰਥ ਤੁਕੋਂ ਕੇ ਬਲ ਸੇ ਸਿੱਧ ਕੀਏ ਜਾਵੇਂਗੇ। ਜੈਸੇ ਰਾਸ ਸਚ ਨਾਮ ਦੁਆਰਕਾ ਨਗਰੀ ਰਾਸ ਬਗੋਈ ਇਸ ਤੁਕ ਸੇ ਜਾਨਾ ਹੈ। ਰਾਸ ਕਾਰਜ ਸਿਧੀ ਕਾ ਨਾਮ ਕਾਰਜ ਆਵੈ ਰਾਸ। ਇਸ ਤੁਕ ਸੇ ਜਾਨ੍ਹਾ ਹੈ। ਰਾਸ ਪੂੰਜੀ ਕਾ ਨਾਮ ਸਚੀ ਰਾਸ ਸਚਾ ਬਾਪਾਰ। ਇਸ ਤੁਕ ਸੇ ਜਾਨਾ ਹੈ। ਬਹੁਤ ਜਗਾ ਪਦੋ ਕੇ ਅਨੇਕਾਰਥ ਸੰਸਕ੍ਰਿਤ ਕੈ ਕੋਸੋ ਸੇ ਔ ਫਾਰਸੀ ਕੀ ਲੁਗਾਤੋ ਸੇ ਕੀਏ ਹੈਂ। ਜਿਨ ਮੇ ਕਈ ਅਰਥ ਗ੍ਰੰਥ ਸਾਹਿਬ ਕੀ ਤੁਕੋ ਕੇ ਪਾਠੋਂ ਮੇ ਵਰਤੇ ਜਾਵੇਂਗੇ। ਸੇਖ ਰਹੇ ਔਰ ਗ੍ਰੰਥੋ ਮੇ ਸਹਾਇਤਾ ਕਰੇਂਗੇ। ਨਾਨਾ ਅਰਥੋਂ ਮੇ ਜਹਾਂ ਕਠਨ ਅਰਥ ਕੇ ਸੁਗਮ ਬੋਧ ਹੇਤ ਦੂਸਰਾ ਸੁਗਮ ਅਰਥ ਲਿਖੇਂਗੇ। ਤਹਾਂ ਪਹਲੇ ਨਾਮ ਕੇ ਪੀਛੇ ਬਿੰਦੀ ਹੋਵੇਗੀ। ਜਹਾਂ ਦੂਸਰਾ ਅਰਥ ਨਹੀ ਕਰੇਗੇ। ਤਹਾਂ ਹਰ ਅਰਥ ਪੀਛੇ ਏਕ ਟੇਢੀ ਲੀਕ ਹੋਗੀ।

ਕੋਸੋਂ ਮੇ ਰੂਢ ਯੌਗਿਕ ਯੋਗ ਰੂਢ ਪਦ ਹੀ ਲਿਖੇ ਜਾਤੇ ਹੈਂ। ਵਾਕਜ਼ ਨਹੀਂ ਲਿਖੇ ਜਾਤੇ। ਇਸ ਕੋਸ ਮੇ ਵਾਕਜ਼ ਭੀ ਲਿਖੇ ਹੈਂ। ਜਿਨ ਕੇ ਅੰਤ ਮੇ ਵਾ. ਮਾਤ੍ਰ ਵਾਕਜ਼ ਕਾ ਬੋਧਕ ਪਾਠ ਲਿਖਾ ਹੈ। ਦੋ ਭਾਖਾ ਕੇ ਮਿਸ੍ਰਿਤ ਵਾਕਜ਼ ਆਗੇ। ਵਾ. ਮਿ। ਪਾਠ ਹੋਵੈਗਾ। ਸੋ ਵਾਕਜ਼ ਗੁਰਮੁਖੀ ਪੜੇ ਜਨੋ ਕੋ ਸੁਗਮ ਬੋਧ ਹੇਤ ਲਿਖੇ ਹੈਂ। ਸੁਗਮ ਬੋਧ ਹੇਤ ਹੀ ਅਰਥੋਂ ਕੇ ਆਗੇ ਗ੍ਰੰਥ ਸਾਹਿਬ ਜੀ ਕੀ ਤੁਕੋਂ ਕੇ ਬਹੁਤ ਕਰ ਉਦਾਹਰਣ ਲਿਖੇ ਹੈਂ। ਕਈ ਬਾਹਰਲੇ ਭੀ ਲਿਖੇ ਹੈਂ। ਜਿਨ ਮੇ ਗ੍ਰੰਥ ਜੀ ਤੁਕੋਂ ਕੇ ਆਦਿ ਯਥਾ ਪਾਠ ਕੇ ਥਾਨ ਬਿੰਦੀ ਵਾਲਾ ਯ. ਹੋਵੇਗਾ। ਬਾਹਰ ਕੇ ਉਦਾਹਰਣੋ ਕੇ ਆਦਿ ਜੈਸੇ ਪਾਠ ਹੋਗਾ।

ਬਰਣ ਕ੍ਰਮ ਕੇ ਕੋਸੋ ਮੇ ਨਾਮ ਖੋਜਨੇ ਕੀ ਦੋ ਰੀਤਿ ਹੈਂ। ਏਕ ਤੋ ਜਿਸ ਅੱਖਰ ਵਾਲਾ ਨਾਮ ਖੋਜਨਾ ਹੋਵੈ। ਉਸ ਅੱਖਰ ਸੇ ਅਗਲੇ ਅੱਖਰ ਕੇ ਮੇਲ ਸੇ ਨਾਮ ਖੋਜਾ ਜਾਤਾ ਹੈ ਜੈਸੇ ਅਗਨੀ ਅਗੰਮ ਅਗਾਧ ਅਗੋਚਰ ਨਾਮੋ ਕੇ ਅਰਥ ਖੋਜਨੇ ਹੋਵੈ। ਤੋ ਆਦਿ ਮੈ ਐੜਾ ਆਰੇ। ਗਕਾਰ ਖੋਜਕੇ ਨਾਮ ਮਿਲਤਾ ਹੈ। ਸੋ ਰੀਤੀ ਇਸ ਕੋਸ ਮੇ ਨਹੀ ਰਖੀ ਗਈ। ਦੂਸਰੀ ਜਿਸ ਅੱਖਰ ਵਾਲਾ ਨਾਮ ਖੋਜਨਾ ਹੋਵੇ। ਉਸਕੇ ਅੰਤ ਕਾ ਅੱਖਰ ਦੇਖਕੇ ਨਾਮ ਮਿਲਤਾ ਹੈ। ਜੈਸੇ ਸੁਤ ਸੁਤਾ ਸੁਰਤਿ ਸੁੰਨਤਿ ਸੁਰਪਤਿ ਨਾਮੋ ਕੇ ਅਰਥ ਖੋਜਨੇ ਹੋਵੈਂ। ਤੋ ਆਦਿ ਮੇ ਔਂਕੁੜ ਵਾਲਾ ਸੱਸਾ ਖੋਜ ਕੇ ਪੀਛੇ ਤੱਤਾ ਦੇਖਨੇ ਸੇ ਨਾਮ ਮਿਲਤਾ ਹੈ। ਸੋ ਰੀਤੀ ਇਸ ਕੋਸ ਮੈ ਹੈ ਜਹਾਂ ( ) ਐਸਾ ਚਿੰਨ ਹੋਵੇਗਾ ਤਹਾਂ ਸੰਸਕ੍ਰਿਤ ਪਦੋਂ ਕੇ ਕਰਤਾ ਕਰਣਾਦਿ ਅਰਥੋ ਕਾ ਸੂਚਕ ਹੋਵੈਗਾ ਜਹਾਂ " " ਐਸਾ ਚਿੰਨ ਹੋਵੈਗਾ ਤਹਾਂ ਪ੍ਰਮਾਣ ਵਾਕਯ ਕਾ ਸੂਚਕ ਹੋਵੈਗਾ।

## ਕੋਸ ਕੇ ਬਿਚਾਰ ਕਾ ਅਧਿਕਾਰ

ਗੁਰੂ ਗਿਰਾਰਥ ਕੋਸ ਮੇ ਵੇਦ ਵੇਦਾਂਗ ਉਪਵੇਦ ਪਰਾਣ ਇਤਿਹਾਸ ਸੂਤ੍ਰ ਸੰਹਿਤਾ ਸਿਮ੍ਰਿਤੀ ਸਾਸਤ੍ਰਾਦੀ ਪਦੋ ਕੈ ਅਰਥੋ ਕੇ ਬਰਣਨ ਮੇ, ਤਿਨ ਤਿਨ ਮਤੋ ਮੇ ਮਾਨੇ, ਕਿੰਚਤ ਪਦਾਰਥ ਭੀ ਦਿਖਾਏ ਜਾਵੈਗੇਂ। ਇਸ ਲੀਏ ਇਸ ਕੇ ਬਿਚਾਰਨੇ ਕੀ ਯੋਗਜ਼ਤਾ। ਅਪਨੇ ਮੈ ਪੈਤੀ ਮੁਹਾਰਨੀ ਸੀਖ ਪੰਜ ਗ੍ਰੰਥੀ ਦਸ ਗ੍ਰੰਥੀ ਪੋਥੀ ਪੜ। ਗ੍ਰੰਥ ਸਾਹਿਬ ਜੀ ਕਾ ਪਾਠ ਸੀਖ ਕਰ ਹੀ ਨਾ ਸਮਝੇਂ ਕਿੰਤੂ ਕਿੰਚਤ ਬਾਣੀ ਕੇ ਅਰਥੋਂ ਕੇ ਅਰ ਮਤੋਂ ਕੇ ਪਦਾਰਥੋਂ ਕੇ ਭੀ ਗਜਾਤਾ ਹੋਵੇਂ। ਸੋ ਨਿਸੰਕ ਬਿਚਾਰੇਂ। ਕਿਉਕੇ ਗੁਰੂ ਆਪ ਹੀ ਲਿਖਤੇ ਹੈਂ। ਪੜਿਐ ਨਾਹੀ ਭੇਦੁ ਬੁਝਿਐ ਪਾਵਣਾ। ਪੁਨਾ-ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ। ਜੇਕਰ ਇਸ ਕੋਸ ਕੋ ਪੜ ਕੇ ਹੀ ਕਹਨੇ ਯੋਗਜ਼ ਪਦਾਰਥੋ ਕੇ ਗ੍ਯਾਨ ਕੋ ਪੂਰਾ ਜਾਮਾ ਕਰਨਾ ਚਾਹੇਂ ਤਬ ਪੂਰੇ ਜਾਨਨੇ ਵਾਲੇ ਸ੍ਰੋਤ੍ਰ ਸੇ ਇਸੀ ਕੋ ਸੁਨ ਕਰ ਕਰ ਲੇਵੇਂ।

# ਗੁਰੁ ਗਿਰਾਰਥ ਕੋਸ਼

## ੳ

**ਉਆ** ਪੰ. ਉਸ ਤੇ, ਯਥਾ- ਉਆ ਤੇ ਊਤਮੁ ਗਨਉ ਚੰਡਾਲਾ। ਉਸ ਕਾ, ਯਥਾ- ਨਾਨਕ ਉਆ ਕਾ ਮਨੁ ਸੀਤਲਾਇਆ। ਉਸ ਨੂੰ, ਯਥਾ- ਭਾਵੈ ਖਸਮ ਤ ਉਆ ਸੁਖੁ ਦੇਤਾ। ਉਨ, ਯਥਾ- ਉਆ ਮਹਲੀ ਪਾਵਹਿ ਤੂ ਬਾਸਾ।

**ਉਆ ਕੀ** ਦੇ. ਉਸ ਕੀ, ਯਥਾ- ਉਆ ਕੀ ਤ੍ਰਾੜਿ ਮਿਟਤ ਬਿਨਸਾਹੀ।

**ਉਆ ਤੇ** ਗੁ. ਉਸ ਤੇ, ਯਥਾ- ਉਆ ਤੇ ਊਤਮੁ ਗਨਉ ਚੰਡਾਲਾ।

**ਉਆਹਿ** ਦੇ. ਉਸ ਕੇ, ਯਥਾ- ਉਆਹਿ ਜਪੇ ਬਿਨੁ ਉਬਰ ਨ ਹੋਊ। ਉਸੀ ਸੇ, ਯਥਾ- ਉਆਹੂ ਸਿਉ ਮਨੁ ਰਾਤੇ। ਉਸੀ ਸਥਾਨ ਕੋ, ਯਥਾ- ਉਠਿ ਉਆਹੂ ਕਉ ਦਉਰਿਓ। ਉਸੀ ਮੇਂ, ਯਥਾ- ਗਰਬਿ ਗਰਬਿ ਉਆਹੂ ਮਹਿ ਪਰੀਆ।

**ਉਸ ਹੀ** ਦੇ. ਉਸੀ ਕੇ, ਯਥਾ- ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ। ਉਸ ਕੋ, ਯਥਾ- ਜਨਮ ਮਰਣੁ ਉਸ ਹੀ ਕਉ ਹੈ ਰੇ। ਹੰਕਾਰ ਕੋ।

**ਉਸ ਕਾ** ਦੇ. ਉਸ ਪੁਰਖ ਕਾ, ਯਥਾ- ਬਹੁਰਿ ਉਸ ਕਾ ਬਿਸ੍ਰਾਸੁ ਨ ਹੋਵੈ। ਉਸੀ ਕਾ, ਯਥਾ- ਸਭੁ ਕਛੁ ਉਸ ਕਾ ਓਹੁ ਕਰਨੈਹਾਰੁ। ਪਰਮੇਸ੍ਰਰ ਕੀ, ਯਥਾ- ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ। ਜੈਸੇ ਸਿਫਤ ਬੜੀ ਹੈ ਤੈਸੇ ਹੀ ਖੇਲ ਬਡਾ ਹੈ।

**ਉਸ ਤੇ** ਦੇ. ਪੂਰਬ ਨਾਸ ਹੋ ਗਏ ਪਦਾਰਥੋ ਤੇ, ਯਥਾ- ਉਸ ਤੇ ਚਉਗੁਨ ਕਰੈ ਨਿਹਾਲੁ।

**ਉਸ਼ਟ** ਦੇ. ਊਟ ਪਸੂ, ਯਥਾ- ਤੁਰੇ ਉਸਟ ਮਾਇਆ ਮਹਿ ਭੇਲਾ। ਮਿਲ ਰਹੇ ਹੈ।

**ਉਸਤਤਿ** ਦੇ. ਪ੍ਰਸੰਸਾ, ਸਿਫਤ, ਯਥਾ- ਉਸਤਤਿ ਮਨ ਮਹਿ ਕਰਿ ਨਿਰੰਕਾਰ।

**ਉਸਤਾਦੁ** ਫਾ. ਗੁਰੂ, ਯਥਾ- ਭਉਰੁ ਉਸਤਾਦੁ ਨਿਤ ਭਾਖਿਆ।

**ਉਸਨ** ਸੰ. ਗਰਮ, ਯਥਾ- ਉਸਨ ਸੀਤ ਸਮਸਰਿ ਸਭ ਤਾ ਕੈ।

**ਉਸਨ ਸੀਤ** ਵਾ. ਸਰਦੀ ਗਰਮੀ, ਯਥਾ- ਉਸਨ ਸੀਤ ਬਿਧਿ ਸੋਈ।

**ਉਸਰਈਆ** ਗੁ. ਬਣਾਤੇ ਹੈਂ, ਯਥਾ- ਜਿਉ ਬਾਲਕ ਬਾਲੂ ਘਰ ਉਸਰਈਆ।

**ਉਸਰੇ** ਪੰ. ਬਨੇ ਹੁਏ, ਯਥਾ- ਉਸਰੇ ਢਾਹੈ। ਬਨੇ ਹੁਏ ਦੇਹ ਰੂਪ ਮੰਦਰ ਢਾਹ ਦੇਵੇ ਹੈ।

**ਉਸਾਸ** ਦੇ. ਸ੍ਵਾਸ, ਯਥਾ- ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ।

**ਉਸਾਸਾ** ਦੇ. ਊਰਧ ਸ੍ਵਾਸ, ਯਥਾ- ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ।

**ਉਸਾਰੇਦੇ** ਦੇ. ਉਸਾਰਤੇ ਹੂਏ, ਯਥਾ- ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ।

**ਉਸਾਰੈ** ਪੰ. ਬਨਾਵੇ ਹੈ, ਯਥਾ- ਢਾਹਿ ਉਸਾਰੈ। ਪ੍ਰਲਯ ਕਰਕੇ ਚਾਰ ਖਾਣ ਕੀ ਦੇਹਾਂ ਫੇਰ ਰਚੇ ਹੈ। ਮੰਦਰ ਰਚਨਾ।

**ਉਸੁ** ਦੇ. ਉਸ ਕੋ, ਯਥਾ- ਤੈਸਾ ਸੁਵਰਨੁ ਤੈਸੀ ਉਸੁ ਮਾਟੀ। ਉਸ ਕੇ, ਯਥਾ- ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ। ਉਸ ਕਾ ਸ੍ਵਰੂਪ, ਯਥਾ- ਅਸਗਾ ਅਸ ਉਸਗਾ। ਤਿਸ, ਯਥਾ- ਉਸੁ ਅਸਥਾਨ ਕਾ ਨਹੀ ਬਿਨਾਸੁ।

**ਉਹ** ਪੰ. ਵਹੁ ; ਉਹੀ, ਵਹੀ।

**ਉਕਤਾਵਲੀ** ਦੇ. ਸ੍ਰੇਸ੍ਰ ਬਚਨੋਂ ਕੀ ਪੰਕਤੀ।

**ਉਕਤਿ** ਦੇ. ਬਚਨੋ ਕੀ ਚਤੁਰਾਈ, ਯਥਾ- ਉਕਤਿ ਸਿਆਣਪ ਸਗਲੀ ਤਿਆਗੁ। ਨੀਤੀ ਆਦਿਕ ਬਚਨੋ ਕੀ ਚਤੁਰਾਈਆਂ। ਬਚਨ ਰੂਪ ਆਗਯਾਨੁਸਾਰ, ਯਥਾ- ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ। ਵਹੁ ਪ੍ਰਮੇਸ੍ਰਰ ਕੀ ਆਗ੍ਯਾ ਵੇਦ ਹੈਂ ਉਕ੍ਰੰਚ- ਹਰਿ ਆਗ੍ਯਾ ਹੋਏ ਵੇਦ, ਜਹਾ ਸ੍ਰੁਤੀ ਸਿਮ੍ਰਿਤੀ ਮਮੈਵਾਗ੍ਯੇ ਲਿਖਾ ਹੈ ਤਹਾ ਸਿਮ੍ਰਿਤੀ ਕੋ ਸ੍ਰੁਤੀ ਕੀ ਛਾਯਾ ਮਾਨ ਕੇ ਅਪਨੀ ਆਗ੍ਯਾ ਲਿਖਾ ਹੈ ਕਿਉਕੇ ਸਿਮ੍ਰਿਤੀਓ ਮੇ ਵਹੀ ਆਗ੍ਯਾ ਰਿਖੀਓ ਨੇ ਪ੍ਰਗਟ ਕਰੀ ਹੈ ਜੋ ਵੇਦ ਮੇ ਲਿਖੀ ਵਾ ਅਭਿਪ੍ਰਾਯ ਸੇ ਰਖੀ ਗਈ ਹੈ। ਵੇਦ ਪ੍ਰਤਿਕੂਲ ਸਿਮ੍ਰਿਤੀਓ ਕੇ ਮਾਨਣੇ ਕਾ ਨਿਖੇਧ ਹੈ, ਮਨੂ ਮੇ ਯਾਤੇ ਵਹੁ ਆਗ੍ਯਾ ਪਦ ਸੇ ਗ੍ਰਹਣ ਯੋਗਯ ਨਹੀ ; ਵੇਦ ਸਿਮ੍ਰਿਤੀ ਰੂਪ ਬਚਨ ; ਬਚਨ ਮਾਤ੍ਰ।

**ਉਕਤਿ ਸਿਆਣਪ** ਵਾ. ਅਪਨੀ ਬਾਣੀ ਕੀ ਚਤੁਰਾਈ, ਯਥਾ- ਉਕਤਿ ਸਿਆਣਪ ਸਗਲੀ ਤਿਆਗੁ।

**ਉਖਲੀ** ਪੰ. ਅੰਨ ਕੂਟਨੇ ਕੀ ਉਖਲੀ।

**ਉਗ੍ਰਸੈਣ** ਦੇ. ਕੰਸ ਕਾ ਪਿਤਾ, ਯਥਾ- ਨਾਮੁ ਜਪਤ ਉਗ੍ਰਸੈਣਿ ਗਤਿ ਪਾਈ। ਪੁਨਾ- ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ। ਉਗ੍ਰ ਸੈਨਾ ਵਾਲਾ ਰਾਜਾ ਉਗ੍ਰਸੇਨ ਨਾਮ ਕਾ ਅਰਥ ਹੈ। ਸੰ. ਉਗ੍ਰਸੇਨ।

**ਉਗਲਾਰੇ** ਪੰ. ਉਗਲ ਕੇ, ਯਤਨ ਸੇ ਨਿਕਾਸ ਕੇ, ਯਥਾ- ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ। ਜੇ ਕਰ ਬੁਰੇ ਪੁਰਖ ਕੋ ਪ੍ਰੇਮ ਸੇ ਖਵਾਯ ਕੇ ਚਾਹੀਏ ਜੋ ਯਹ ਹਮਾਰਾ ਭਲਾ ਕਰੇ ਸੋ ਨਹੀ ਕਰੇਗਾ ਕਿਉਂਕੇ ਸਾਕਤ ਨਰ ਸਰਪ ਕਾ ਸੁਭਾਵ ਰਖਤੇ ਹੈਂ ਜੈਸੇ ਸਰਪ ਦੂਧ ਪਿਵਾਯੇ ਭੀ ਮੁਖ ਸੇ ਉਗਲ ਕੇ ਬਿਖ ਨਿਕਾਸੇ ਹੈ ਵੈਸੇ ਸਾਕਤ ਨਿੰਦਾ ਹੀ ਨਿਕਾਸੇ ਹੈਂ।

**ਉਗਲੇ** ਪੰ. ਵਮਨ ਕਰ ਮੁਖ ਸੇ ਬਾਹਰ ਨਿਕਾਸੇ।

**ਉਗਵਣਹੁ** ਪੰ. ਸੂਰਜ ਕੇ ਉਦੇ ਥਾਨ ਤੇ, ਯਥਾ- ਉਗਵਣਹੁ ਤੈ ਆਥਵਣਹੁ। ਸੰ. ਉਦਯਸਥਾਨ।

**ਉਗਵਤ** ਦੇ. ਉਗਤੇ, ਉਦੇ ਹੋਤੇ, ਯਥਾ- ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ। ਮੰਦਰ ਮੰਦਰ ਮੇ ਰੁਦਨ ਤੁਲਯ ਊਚੀ ਅਵਾਜ ਦੇਵੇਂਗਾ ਚੜਤੇ ਸੂਰਜ ਕੇ ਭਾਵ ਆਤੇ ਮੌਤ ਕੇ।

**ਉਗਵੈ** ਗੁ. ਉਪਜੇ, ਯਥਾ- ਅਬ ਕਿਉ ਉਗਵੈ ਦਾਲਿ। ਉਦੇ ਹੋਤਾ ਹੂਆ, ਯਥਾ- ਉਗਵੈ ਸੂਰੁ ਅਸੁਰ ਸੰਘਾਰੈ। ਉਦੇ ਹੋਵੇ, ਯਥਾ- ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ। ਪੁਨਾ- ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ।

**ਉਗਾਹਿ** ਪੰ. ਦਬਾਇ, ਯਥਾ- ਚਰਣ ਤਲੈ ਉਗਾਹਿ ਬੈਸਿਓ। ਗਵਾਹ, ਯਥਾ- ਸੇ ਦਰਗਹ ਓਗਾਹਾ। ਪੁਨਾ- ਲੈ ਕੈ ਵਢੀ ਦੇਨਿ ਉਗਾਹੀ।

**ਉਗਾਹੀ** ਸਾਖ, ਯਥਾ- ਲੈ ਕੈ ਵਢੀ ਦੇਨਿ ਉਗਾਹੀ। ਫਾ. ਗਵਾਹੀ।

**ਉਘਰਿ** ਪੰ. ਉਘੜ, ਪ੍ਰਗਟ ਹੋ ਗਯਾ, ਯਥਾ- ਉਘਰਿ ਗਇਆ ਜੈਸਾ ਖੋਟਾ ਢਬੂਆ। ਖੁੱਲ, ਯਥਾ- ਉਘਰਿ ਗਏ ਬਿਖਿਆ ਕੇ ਤਾਕ।

**ਉਘਲਾਨਾ** ਪੰ. ਊਘਤਾ ਭਯਾ ਨਿੰਦ੍ਰਾ ਸੇ, ਯਥਾ- ਮੇਰਾ ਮਨੁ ਆਲਸੀਆ ਉਘਲਾਨਾ।

**ਉਘੜੈ** ਪੰ. ਖੁਲੇ, ਯਥਾ- ਗੁਰ ਬਿਨੁ ਮਨ ਕਾ ਤਾਕੁ ਨ ਉਘੜੈ। ਪ੍ਰਗਟ ਹੋਤਾ ਹੈ, ਯਥਾ- ਅੰਦਰਿ ਕਮਾਣਾ ਸਰਪਰ ਉਘੜੈ। ਸੁਆਵਗੀਰ ਸਭ ਉਘੜ ਆਏ।

**ਉਘਾ** ਪੰ. ਪ੍ਰਗਟ, ਜਾਹਰ, ਯਥਾ- ਪੰਚਾ ਨੋ ਉਘਾ ਕਰਿ ਵੇਖਾਲਿਆ।

**ਉਚ** ਦੇ. ਊਚੀ, ਯਥਾ- ਤਿਨ੍ ਕਉ ਪਦਵੀ ਉਚ ਭਈ।

**ਉਚਹਦੀ** ਪੰ. ਉਚੀ ਅਵਾਜ ਸੇ, ਯਥਾ- ਉਚਹਦੀ ਵੈਣੁ ਵਿਰਿਕਿਓਨੁ। ਉਚੀ ਅਵਾਜ ਸੇ ਬਚਨ ਕਹਾ ਉਚਹਦੀ ਪਾਠ ਅਗੋ ਦੇ ਸਤ ਭਾਉ ਨ ਦਿਚੈ ਪਾਠ ਵਤ ਪੰਜਾਬੀ ਹੈ।

**ਉਚਕਾ** ਪੰ. ਠਗ ਉਠਾਈਗੀਰਾ, ਯਥਾ- ਹਰਿ ਧਨ ਕਉ ਉਚਕਾ ਨੇੜਿ ਨ ਆਵਈ।

**ਉਚਕਿ** ਦੇ. ਉਠ, ਯਥਾ- ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ।

**ਉਚਰਹਿ** ਦੇ. ਉਚਾਰੇ ਹੈਂ, ਯਥਾ- ਸਉਦੇ ਵਾਹੁ ਵਾਹੁ ਉਚਰਹਿ।

**ਉਚਰਹੀ** ਦੇ. ਉਚਾਰਤੇ ਹੈਂ, ਯਥਾ- ਪੰਚ ਰਾਗਨੀ ਸੰਗਿ ਉਚਰਹੀ।

**ਉਚਰਹੁ** ਦੇ. ਉਚਾਰਨ ਕਰੋ, ਯਥਾ- ਉਚਰਹੁ ਰਾਮ ਨਾਮੁ ਲਖ ਬਾਰੀ।

**ਉਚਰਣੰ** ਦੇ. ਉਚਾਰਣ, ਯਥਾ- ਉਚਰਣੰ ਨਾਮ ਕੀਰਤਨਹ।

**ਉਚਰੰਤਿ** ਸੰ. ਉਚਾਰਨ ਕਰਨੇ ਸੇ, ਯਥਾ- ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ। ਭਗਤ ਬਾਰ ਬਾਰ ਨਾਮ ਕੋ ਉਚਾਰਤਾ ਸਰਬ ਪਾਪੋ ਸੇ ਛੂਟਤਾ ਹੈ।

**ਉਚਰੁ** ਦੇ. ਮੁਖ ਸੇ ਉਚਾਰਣ ਕਰ, ਯਥਾ- ਸ੍ਰੀ ਰਾਮ ਨਾਮਾ ਉਚਰੁ ਮਨਾ। ਉਚਾਰਨ ਕਰੇ, ਯਥਾ- ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ। ਪ੍ਰਮੇਸੁਰ ਕੇ ਅਮ੍ਰਿਤ ਰੂਪ ਗੁਣ ਬਾਣੀ ਸੇ ਉਚਾਰੇ। ਉਚਾਰਣ ਕਰਾਂ, ਯਥਾ- ਵਾਹੁ ਵਾਹੁ ਹਿਰਦੈ ਉਚਰਾ।

**ਉਚਰੈ** ਗੁ. ਯੁਕ੍ਤੀ ਸੇ ਭਖਣ ਕਰੇ, ਯਥਾ- ਕਾਮ ਕ੍ਰੋਧੁ ਤ੍ਰਿਸਨਾ ਉਚਰੈ। ਉ ਕਾ ਅਰਥ ਵਿਤਰਕ ਭਾਵ ਯੁਕ੍ਤੀ ਹੈ, ਚਰੇ ਕਾ ਭਖਣ ਕਰੇ ਹੈ। ਕਹੇ ਹੈਂ, ਯਥਾ- ਜੈ ਕਾਰਣਿ ਬੇਦ ਬ੍ਰਹਮੈ ਉਚਰੇ।

**ਉਚੜੀ** ਪੰ. ਉਚਾ, ਯਥਾ- ਪਿਰੁ ਉਚੜੀਐ ਮਾੜੜੀਐ। ਪਤਿ ਕਾ ਤੁਰੀਆ ਰੂਪ ਉਚ ਥਾਨ ਹੈ। ਛਿਲੀ ਗਈ, ਜੈਸੇ- ਮੇਰੀ ਉਂਗਲੀ ਉਚੜੀ ਹੈ।

**ਉਚਾ** ਦੇ. ਅਕਾਸ, ਯਥਾ- ਘਰ ਉਚਾ ਨਿਰਣਉ। ਬਦਲੋਂ ਕੇ ਘਰ ਅਕਾਸ਼ ਕਾ ਨਿਰਨੇ ਕਰੇ ਹੈ ਜੋ ਅਕਾਸ ਸਜਲ ਦਿਖਾਈ ਪੜੇ ਹੈ ਤੈਸੇ ਸਾਧਨ ਰੂਪ ਮੀਡੋ ਵਾਲੇ ਪਰਮਾਤਮ ਘਰ ਕਾ ਨਿਰਣਾ ਕਰੇ ਹੈਂ ਜੋ ਅਬ ਹਮ ਪੈ ਪਰਮਾਤਮਾ ਕੀ ਕ੍ਰਿਪਾ ਹੈ।

**ਉਚਾਪਤਿ** ਪੰ. ਦੁਕਾਨ ਸੇ ਕਰਜਾ ਉਠਾਨਾ, ਯਥਾ- ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ।

**ਉਚਾਰੀ** ਦੇ. ਮੁਖ ਸੇ ਕਹੋਂ, ਯਥਾ- ਪ੍ਰਾਤਹਕਲਿ ਹਰਿ ਨਾਮੁ ਉਚਾਰੀ। ਪੜਾ ਕਰੇ, ਜੈਸੇ- ਰਾਮ ਮੰਤ੍ਰੁ ਮੁਖ ਨੀਤ ਉਚਾਰੇ।

**ਉਚਿਤ** ਸੰ. ਯੋਗਯ, ਯਥਾ- ਉਦਾਰ ਉਚਿਤ ਦਾਰਿਦ ਹਰਨ। ਗੁਰੂ ਉਦਾਰ ਹੈਂ, ਯਾਤੇ ਯੋਗਯ ਹੈਂ ਦਰਿਦ੍ਰ ਹਰਨੇ ਕੋ।

**ਉਚੀਆ** ਦੇ. ਉਚੀ ਹੈਂ, ਯਥਾ- ਖੇਤਿ ਮਿਆਲਾ ਉਚੀਆ। ਸਾਧਨ ਰੂਪੀ ਵੱਟਾਂ ਜਿਨ ਕੇ ਮਨ ਮੈ ਉਚੀ ਹੈਂ।

**ਉਂਛ** ਸੰ. ਸਿਲਾਬ੍ਰਿਤੀ।

**ਉਛਲਿਆ** ਦੇ. ਮ੍ਰਯਾਦਾ ਸੇ ਬਾਹਰ ਹੂਆ, ਯਥਾ- ਉਛਲਿਆ ਕਾਮੁ ਕਾਲ ਮਤਿ ਲਾਗੀ।

**ਉਛਾਹਾੜਾ** ਗੁ. ਉਛਲ ਕਰ, ਯਥਾ- ਕੂੜੁ ਮਾਰੇ ਕਾਲੁ ਉਛਾਹਾੜਾ।

**ਉਛਾਹਿ** ਦੇ. ਉਤਸਾਹ ਸੇ, ਯਥਾ- ਖੇਲੁ ਕੀਆ ਆਪਣੈ ਉਛਾਹਿ ਜੀਉ।

**ਉਜਲੁ** ਸੰ. ਸੁਪੈਦ, ਚਿਟਾ, ਯਥਾ- ਉਜਲੁ ਕੈਹਾ ਚਿਲਕਣਾ ਘੋਟਿਮ

ਕਾਲੜੀ ਮਸੁ। ਸੁਪੈਦ ਕਾਸੀ ਧਾਤੁ ਬਡੀ ਚਮਕ ਵਾਲੀ ਹੋਤੀ ਹੈ ਪਰੰਤੂ ਘੋਟੀ ਹੋਈ ਸਿਜਾਹੀ ਸਮ ਕਾਲੀ ਹੋ ਜਾਤੀ ਹੈ ਐਸੇ ਹੀ ਦੰਭੀਓਂ ਕੇ ਆਚਰਣੋ ਕੀ ਦਸਾ ਹੈ। ਸੰ. ਦੀਪ੍ਰ, ਪ੍ਰਕਾਸ ਵਾਲਾ, ਯਥਾ- ਨਾਨਕ ਤੇ ਮੁਖ ਉਜਲੇ। ਈਹਾ ਵਹੁ ਮੁਖ ਪ੍ਰਕਾਸ ਵਾਲੇ ਹੋਤੇ ਹੈਂ। ਸਿੰਗਾਰ ਰਸ ; ਵਿਸਿਦ।

**ਉਜੜੇ** ਪੰ. ਬਰਬਾਦ ਹੂਏ ; ਸੁੰਨੇ ਹੂਏ, ਯਥਾ- ਉਜੜੇ ਥਾਵ ਬਸਾਵੈ ਮੇਰਾ ਗੋਬਿੰਦ। ਬਰਬਾਦ ਹੂਈ, ਯਥਾ- ਖੇਤੀ ਜਿਨ ਕੀ ਉਜੜੈ।

**ਉਜਾਗਰ** ਪੰ. ਪ੍ਰਗਟ, ਯਥਾ- ਅਵਤਾਰੁ ਉਜਾਗਰੁ ਆਨਿ ਕੀਅਉ। ਪੁਨਾ- ਹਰਿ ਕੇ ਨਾਮ ਕਬੀਰ ਉਜਾਗਰ।

**ਉਜਾਰਉ** ਦੇ. ਪ੍ਰਕਾਸ, ਯਥਾ- ਤਬ ਜਾਇ ਜੋਤਿ ਉਜਾਰਉ ਲਹੈ।

**ਉਜਾਰੋ** ਦੇ. ਪ੍ਰਕਾਸ ਕਰਨੇ ਵਾਲਾ, ਯਥਾ- ਸਤਿਗੁਰ ਸਬਦਿ ਉਜਾਰੋ ਦੀਪਾ। ਪ੍ਰਕਾਸ, ਯਥਾ- ਤਬ ਜਾਇ ਜੋਤਿ ਉਜਾਰਉ ਲਹੈ। ਪੁਨਾ- ਨਾਮੁ ਜਪਤ ਕੋਟਿ ਸੂਰ ਉਜਾਰਾ।

**ਉਜਾਲਾ** ਦੇ. ਪ੍ਰਕਾਸ।

**ਉਜਿਆਰਾ** ਦੇ. ਪ੍ਰਕਾਸ ; ਚਾਂਦਨਾ, ਯਥਾ- ਹਰਿ ਕਾ ਨਾਮੁ ਸੰਗਿ ਉਜੀਆਰਾ। ਪੁਨਾ- ਭਇਓ ਉਜਿਆਰੋ ਭਵਨ ਸਗਲਾਰੇ। ਪ੍ਰਕਾਸਵਾਨ, ਯਥਾ- ਮਨ ਨਿਰਮਲ ਉਜੀਆਰੇ।

**ਉਜੂ** ਦੇ. ਹਥ ਪੈਰ ਮੁਖ ਧੋਣਾ, ਯਥਾ- ਕਿਆ ਉਜੂ ਪਾਕੁ ਕੀਆ ਮੁਹੁ ਧੋਇਆ। ਫਾ. ਵਜ਼ੂ।

**ਉਝਰਤ** ਗੁ. ਦੂਰ ਹੋਤੇ, ਯਥਾ- ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।

**ਉਝੜਿ** ਪੰ. ਉਜਾੜ ਮੇ, ਯਥਾ- ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ। ਪੁਨਾ- ਉਝੜੁ ਅੰਧ ਗੁਬਾਰੋਂਵਾ।

**ਉਝਾਰੈ** ਗੁ. ਦੂਰ ਕਰੇ ਹੈਂ, ਯਥਾ- ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ।

**ਉਠਈਆ** ਗੁ. ਉਠਾਵਤਾ ਹੈ, ਯਥਾ- ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ।

**ਉਠਸੀ** ਪੰ. ਉਠੇਗਾ, ਯਥਾ- ਹੋਰੁ ਭੀ ਉਠਸੀ ਮਰਦ ਕਾ ਚੇਲਾ।

**ਉਠਹੁ** ਗੁ. ਉਠੋ, ਯਥਾ- ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ।

**ਉਠਦਿਆ** ਪੰ. ਖੜੇ ਹੋਤੇ, ਯਥਾ- ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।

**ਉਠਦੇ** ਪੰ. ਉਠਤੇ ਹੂਏ, ਯਥਾ- ਉਠਦੇ ਭੀ ਵਾਹੁ ਕਰੇਨਿ।

**ਉਠਨਿ** ਦੇ. ਉਠਤੇ ਹੈਂ, ਯਥਾ- ਧੁਖਿ ਧੁਖਿ ਉਠਨਿ ਪਾਸ।

**ਉਠਰੀਐ** ਦੇ. ਉਠਾਵਤੇ ਹੈ, ਯਥਾ- ਹਰਿ ਜਨ ਸਿਉ ਬਾਦੁ ਉਠਰੀਐ।

**ਉਠਾਈ** ਪੰ. ਚੁੱਕੀ, ਯਥਾ- ਬੰਨਿ੍ ਉਠਾਈ ਪੋਟਲੀ ਕਿਥੈ ਵੰਞਾ ਘਤਿ। ਨਿਬੇੜ ਦੇਹੁ, ਯਥਾ- ਸਭੁ ਲੇਖਾ ਰਖਹੁ ਉਠਾਈ।

**ਉਠਾਹੀ** ਦੇ. ਉਤਪੰਨ ਹੋਤਾ ਹੈ, ਯਥਾ- ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ।

**ਉਠਾਲਿ** ਪੰ. ਉਠਾਇ ਕੇ, ਯਥਾ- ਇਕਨਾ ਸੁਤਿਆ ਦੇਇ ਉਠਾਲਿ।

**ਉਠਾਲਿਓ** ਦੇ. ਉਠਾਯਾ, ਯਥਾ- ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ।

**ਉਠਾਲਿਆ** ਗੁ. ਪੈਦਾ ਕੀਆ, ਜੈਸੇ- ਜਲ ਵਿਚਹੁ ਬਿੰਬ ਉਠਾਲਿਆ।

**ਉਠਾਲੀਆ** ਗੁ. ਪੈਦਾ ਕਰੀ ਹੈ, ਯਥਾ- ਤੁਧੁ ਆਪੇ ਗੋਇ ਉਠਾਲੀਆ।

**ਉਠਾਵਹਿ** ਦੇ. ਉਠਾਵਤੀ ਹੈ, ਯਥਾ- ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ। ਜੀਵ ਬੁਧਿ ਪ੍ਰਤਿ ਕਹਿਤਾ ਹੈ- ਤੂ ਜੋ ਕੂੜ ਕਮਾਵਤੀ ਹੈ, ਸੋ ਬਡਾ ਭਾਰ ਉਠਾਤੀ ਹੈ।

**ਉਠਾਵੈ** ਦੇ. ਚੁਕੇ ਹੈਂ, ਯਥਾ- ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ। ਪਾਪੋ ਕਾ ਸੇਖ ਨਿੰਦਾ ਕਰਕੇ ਦੂਸਰੇ ਕੇ ਪਾਪੋ ਕਾ ਅਪਨੇ ਪੈ ਬੋਝ ਉਠਾਵੇ ਹੈਂ ਅਰਥਾਤ ਆਪ ਦੋਖੀ ਹੋਵੇ ਹੈ। ਆਲਾਪੇ, ਯਥਾ- ਕਬ ਕੋ ਰਾਗ ਧੁਨਿ ਉਠਾਵੈ।

**ਉਠਿ** ਦੇ. ਉਠ ਕੇ, ਯਥਾ- ਉਠਿ ਵੰਞੁ ਵਟਾਊੜਿਆ। ਪੁਨਾ- ਨਾਨਕ ਉਠੀ ਚਲਿਆ। ਲਕ ਬੰਨ ਕੇ, ਯਥਾ- ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ। ਪਰਜ੍ਵਲਤ ਹੂਈ, ਯਥਾ- ਜਲ ਮਹਿ ਅਗਨਿ ਉਠੀ ਅਧਿਕਾਇ। ਉਠ ਖੜਾ ਹੋ, ਯਥਾ- ਖੂਲੀ ਗੰਠਿ ਉਠੋ ਲਿਖਿਆ ਆਇਆ।

**ਉਡਿ** ਦੇ. ਉਡ ਕੇ, ਯਥਾ- ਉਡਿ ਉਡਿ ਰਾਵਾ ਝਾਟੈ ਪਾਇ। ਪੁਨਾ- ਊਡੇ ਊਡਿ ਆਵੈ ਸੈ ਕੋਸਾ।

**ਉਡਹਿ** ਦੇ. ਉਡਤੇ, ਯਥਾ- ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ।

**ਉਡਹੁ** ਦੇ. ਉਡਤੇ, ਯਥਾ- ਉਡਹੁ ਨ ਕਾਗਾ ਕਾਰੇ। ਹੇ ਮੇਰੇ ਪਾਪੋ ਤੁਮ ਮੇਰੇ ਮਨ ਸੇ ਉਡਤੇ ਕਿਉ ਨਹੀ।

**ਉਡਤੇ** ਦੇ. ਉਡਣੇ ਵਾਲੇ ਕੋ, ਯਥਾ- ਉਡਤੇ ਕਉ ਉਡਤਾ।

**ਉਡਨ** ਦੇ. ਉਡਣੇ ਵਾਲਾ, ਯਥਾ- ਇਹੁ ਮਨੁ ਉਡਨ ਪੰਖੇਰੂ ਬਨ ਕਾ। ਉਡਨੇ ਕੀ, ਯਥਾ- ਉਡਣ ਸੰਦੀ ਡੰਝ।

**ਉਡਰਿ** ਗੁ. ਉਡ, ਯਥਾ- ਉਡਰਿ ਹੰਸੁ ਚਲਿਆ ਫੁਰਮਾਇਆ। ਉਡ ਕੇ, ਯਥਾ- ਹੰਸੁ ਉਡਰਿ ਕੋਧ੍ਰੈ ਪਇਆ। ਪੁਨਾ- ਪੰਖੀ ਪੰਚ ਉਡਰਿ ਨਹੀ ਧਾਵਹਿ।

**ਉਡਰਿਆ** ਪੰ. ਉਡਿਆ, ਯਥਾ- ਧਰਮੁ ਪੰਖ ਕਰਿ ਉਡਰਿਆ। ਮਾਨੋ ਧਰਮ ਪੰਖ ਲਗਾ ਕਰ ਉਡ ਗਇਆ ਯਹ ਉਤਪ੍ਰੇਖਯਾਲੰਕਾਰ ਹੈ।

**ਉਡਵਾ** ਗੁ. ਤਾਰਿਓਂ ਮੇ, ਯਥਾ- ਜਿਉ ਵਿਚਿ ਉਡਵਾ ਸਸਿ ਕੀਕ। ਜੈਸੇ ਤਾਰਿਓਂ ਮੇ ਚੰਦ ਹੈ।

**ਉਡਾਈਐ** ਦੇ. ਉਡਾਵੇਗੀ, ਯਥਾ- ਦੇਹੀ ਹੋਵਗਿ ਖਾਕੁ ਪਵਣੁ ਉਡਾਈਐ।

**ਉਡਾਨੀ** ਦੇ. ਉਡ ਗਈ, ਯਥਾ- ਸਭੈ ਉਡਾਨੀ ਭ੍ਰਮ ਕੀ ਟਾਟੀ।

**ਉਡਾਵੈ** ਦੇ. ਚਲਤਾ ਕਰੇ ਹੈ, ਯਥਾ- ਨਾ ਮਨੁ ਚਲੈ ਨ ਪਉਣੁ ਉਡਾਵੈ। ਤ੍ਰਿਸਨਾ ਰੂਪੀ ਵਾਯੂ ਨਾਨਾ ਸੰਕਲਪੋਂ ਕੋ ਨਹੀ ਚਲਾ ਸਕੇ ਹੈ।

**ਉਡਿਆ** ਦੇ. ਪ੍ਰਲੋਕ ਨੂੰ ਜਾਤਾ ਜੀਵ, ਯਥਾ- ਉਡਿਆ ਹੰਸੁ ਦਸਾਏ ਰਾਹ।

**ਉਡੀਸੇ** ਦੇ. ਉਡੀਸਾ ਕੇ ਸਮੁੰਦ੍ਰ ਮੇਂ, ਯਥਾ- ਕਹਾ ਉਡੀਸੇ ਮਜਨੁ ਕੀਆ। ਜਗੰਨਾਥ ਕੇ ਮੰਦ੍ਰ ਵਾਲੇ ਦੇਸ ਕਾ ਨਾਮ ਉਡੀਸਾ ਹੈ। ਸੰ. ਉਡੀਸ। ਚੰਦ੍ਰਮਾ, ਤੰਤ੍ਰ।

**ਉਡੀਣੀ** ਪੰ. ਉਡੀਕਤੀ ਨੇ, ਯਥਾ- ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ। ਪ੍ਰਾਪਤੀ ਕੀ ਆਸ ਹੈ ਤਿਸ ਕਰ ਉਡੀਕਤੀ ਨੇ ਮੈਨੇ ਬੁਧਿ ਰੂਪੀ ਨੇਤ੍ਰ ਪਤੀ ਓਰ ਜੋੜ ਰਖੇ ਹੈਂ, ਉਦਾਸੀਨ।

**ਉਡੀਣੀਆ** ਪੰ. ਉਦਾਸ ਹਾਂ, ਯਥਾ- ਹਉ ਤੁਝੁ ਬਾਝਹੁ ਖਰੀ ਉਡੀਣੀਆ। ਪੁਨਾ- ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ।

**ਉਡੀਨੀ** ਗੁ. ਉਡੀਕਤੀ ਹੂੰ, ਯਥਾ- ਉਡੀਨੀ ਉਡੀਨੀ ਉਡੀਨੀ। ਕਬ ਘਰਿ ਆਵੈ ਰੀ।

**ਉਡੈ** ਦੇ. ਉਡਤੀ ਹੈ, ਯਥਾ- ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ। ਪੁਨਾ- ਉਡੈ ਨ ਹੰਸਾ ਪੜੈ ਨ ਕੰਧੁ। ਚਲਤਾ ਨਹੀ ਮਨ।

**ਉਣੇਤੁ** ਪੰ. ਜਨੇਊ, ਯਥਾ- ਭਦਣੁ ਉਣੇਤੁ ਕਰਾਇਓ। ਸੰ. ਉਪਵੀਤ।

**ਉਤ** ਸੰ. ਪ੍ਰਸ੍ਨ ; ਸੰਦੇਹ ; ਬਹੁਤ ; ਊਰਧ ; ਬਿਤਰਕ ; ਅਲਪ ; ਨਿਸਚੇ ; ਨਿੰਦਾ ; ਸਮੁਚਯ ; ਅਤਯੁਕ੍ਤੀ ਰੂਪ ਕ੍ਰਿਯਾ। ਦੇ. ਪਰਲੋਕ ਕੀ, ਯਥਾ- ਇਤ ਉਤ ਕੀ ਓਹੁ ਸੋਝੀ ਜਾਨੈ। ਉਸ ਤਰਫ, ਯਥਾ- ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ।

**ਉਤ ਹੀ** ਦੇ. ਉਸੀ, ਯਥਾ- ਸਾਜਨੁ ਉਤ ਹੀ ਠਾਇ।

**ਉਤ ਹੀ ਤੇ** ਵਾ. ਬਿਸ੍ਵਾ ਸੇ ਹੀ ਆਇ ਕੇ, ਯਥਾ- ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ।

**ਉਤਸਾਹ** ਸੰ. ਖੁਸੀ।

**ਉਤੰਗੀ** ਦੇ. ਉਚੇ ਪਯੋਧਰੋ ਵਾਲੀ, ਯਥਾ- ਉਤੰਗੀ ਪੈ ਓਹਰੀ। ਸੰ. ਉੱਤੁੰਗ।

**ਉਤਪਤਿ** ਸੰ. ਜਨਮ, ਪੈਦਾਇਸ, ਯਥਾ- ਤਿਸੁ ਪ੍ਰਭ ਤੇ ਸਗਲੀ ਉਤਪਤਿ। ਸਾਸਤ੍ਰਕਾਰੋਂ ਨੇ ਦੋ ਪ੍ਰਕਾਰ ਕੀ ਮਾਨੀ ਹੈ- ਏਕ ਗੁਪਤ ਰਹੀ ਵਸਤੁ ਕਾ ਨਿਮਿਤ ਕਾਰਣੋਂ ਕੇ ਸੰਬੰਧ ਸੇ ਪ੍ਰਗਟ ਹੋਨਾ, ਦੂਜਾ ਉਪਾਦਾਨ ਮੇ ਅਸਤ ਰਹੇ ਕਾਰਯ ਕਾ ਨਿਮਿਤ ਕਾਰਣੋਂ ਕੇ ਸੰਬੰਧ ਸੇ ਸਤ ਹੋਨਾ। ਪਹਲਾ ਮਤ ਸਾਂਖ ਪਾਤੰਜਲ ਬੇਦਾਂਤ ਮੀਮਾਂਸਾ ਚਾਰ ਸਾਸਤ੍ਰੋਂ ਕਾ ਹੈ, ਦੂਜਾ ਮਤ ਨਯਾਯ ਬੈਸੇਖਕ ਦੋ ਸਾਸਤ੍ਰੋਂ ਕਾ ਹੈ। ਯੇ ਦੋਨੋ ਉਤਪਤੀ ਸੇ ਪੂਰਬ ਕਾਰਣ ਮੇ ਕਾਰਯ ਕੋ ਅਸਤ ਮਾਨਨੇ ਸੇ ਅਸਤ ਕਾਰਯਵਾਦੀ ਕਹਾਵੇ ਹੈਂ। ਚਾਰੋ ਸਾਸਤ੍ਰੋਂ ਵਾਲੇ ਉਤਪਤੀ ਸੇ ਪੂਰਬ ਹੀ ਕਾਰਣ ਮੇ ਕਾਰਯ ਕੋ ਸਤ ਮਾਨਨੇ ਸੇ, ਸਤ ਕਾਰਯਵਾਦੀ ਕਹਾਵੇ ਹੈਂ। ਵੇਦ ਵਿਖੇ ਭੀ ਉਤਪੱਤੀ ਸੇ ਪੂਰਬ ਕਾਰਣ ਮੇ ਕਾਰਯ ਸਤ ਮਾਨਾ ਹੈ। ਗੁਰੂ ਜੀ ਭੀ 'ਆਪ ਸਤ ਸਤ ਸਭ ਧਾਰੀ' ਐਸੇ ਉਤਪਤੀ ਸੇ ਪੂਰਬ ਪਰਮਾਤਮਾ ਮੇ ਸਭ ਕਾਰਯੋਂ ਕੇ ਸਤ ਕਹੇ ਹੈਂ। ਯਾਤੇ ਗੁਰਮਤ ਮੇ ਕਾਰਣ ਸਤਵਾਦ ਕਾ ਅੰਗੀਕਾਰ ਹੈ, ਅਸਤਵਾਦ ਕਾ ਅੰਗੀਕਾਰ ਨਹੀ। ਅਸਤ ਕਾਰਯਵਾਦ ਮੇ ਦੋਖ ਭੀ ਹੈ ਜੇਕਰ ਉਤੱਪਤੀ ਸੇ ਪੂਰਬ ਅਸਤ ਅਰਥਾਤ ਨਾ ਰਹੇ ਕਾਰਯ ਕੀ ਉਤਪਤੀ ਹੋਵੇ ਤਬ ਬਾਲੂ ਮੇ ਨਾ ਰਹੇ ਤੇਲ ਕੀ ਬਾਲੂ ਸੇ ਉਤਪੱਤੀ ਹੋਨੀ ਚਾਹੀਏ, ਹੋਤੀ ਕਬੀ ਨਹੀ। ਯਾਤੇ ਜੈਸੇ ਉਤਪਤੀ ਸੇ ਪਹਲੇ ਰਹੇ ਤੇਲ ਕੀ ਹੀ ਕੋਲੂ ਆਦਿਕ ਨਿਮਿਤ ਕਾਰਣੋਂ ਕੇ ਪ੍ਰਤਾਪ ਸੇ, ਤਿਲੋਂ ਸੇ ਉਤਪਤੀ ਹੋਵੇ ਹੈ ਤੈਸੇ ਉਤਪਤੀ ਸੇ ਪੂਰਬ ਅਪਨੇ ਅਪਨੇ ਉਪਾਦਾਨੋ ਮੇ ਛਿਪੇ ਰਹਯੋਂ ਕਾ ਜਾਹਰ ਹੋਨਾ ਅਰ ਬਾਤ ਗੁਪਤ ਰਹੇ ਕਾ ਪ੍ਰਗਟ ਹੋਨਾ, ਰੂਪ ਉਤਪਤੀ ਹੋਵੈ ਹੈ। ਯਾਤੇ ਸਤ ਕਾਰਯਵਾਦ ਮਤ ਪੂਰਾ ਨਿਰਦੋਖ ਹੈ।

**ਉਤਪਤਿਆ** ਗੁ. ਉਤਪਤੀ ਕਰਨੇ ਵਾਲਾ, ਯਥਾ- ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ।

**ਉਤਪਾਤ** ਸੰ. ਕਾਹੂ ਰੀਤਿ ਕੀ ਬੁਰਾਈ ਸੂਚਨ ਹੇਤ ਵਸਤੁ ਕੇ ਸੁਭਾਵ ਕਾ ਬਦਲ ਜਾਨਾ ਜੈਸੇ ਰਾਤਿ ਸਮੇ ਇੰਦ੍ਰ ਧਨਖ ਦਿਖਾਈ ਦੇਨਾ। ਉਤਪਾਤ ੧. ਭੌਮ ੨. ਦਿਬਯ ੩. ਅੰਤਰਿਖਯ ਭੇਦ ਸੇ ਤੀਨ ਭਾਂਤ ਕੇ ਹੋਤੇ ਹੈ। ਤੀਨੋ ਮੇ ਜੋ ਭੂਮੀ ਮੇ ਰਹਨੇ ਵਾਲੀ ਚੀਜੋਂ ਕੇ ਸੁਭਾਵ ਕਾ ਵਿਪਰੀਤ ਹੋ ਜਾਨਾ ਹੈ, ਸੋ ਭੌਮ ਹੈ ਜੈਸੇ ਭੂਚਾਲ ਹੋਨਾ, ਜੰਗਲੋਂ ਮੇ ਰਹਨੇ ਵਾਲੇ ਜੀਵੋਂ ਕਾ ਅਕਸਮਾਤ ਗ੍ਰਾਮੋ ਮੇ ਆ ਜਾਨਾ, ਅਗਨਿ ਬਿਨਾ ਜਲ ਹੀਨ ਪ੍ਰਿਥਵੀ ਸੇ ਧੂਆ ਨਿਕਸਨਾਦਿਕ ਭੌਮ ਹੈਂ, ਸੂਰਯ ਮੇ ਛਿਦ੍ਰ ਭਾਨ ਹੋਨੇ ਚੰਦਹਰਾ ਭਾਨ ਹੋਨਾ, ਕੇਤੁਓਂ ਕਾ ਉਦਯ ਹੋਨਾ ਯੇ ਦਿਬਯ ਉਤਪਾਤ ਹੈਂ। ਰਾਤ ਕੋ ਇੰਦ੍ਰ ਧਨਖ ਪੜਨਾ ਗਗਨ ਮੇ ਅਵਾਜ ਹੋਨੀ ਉਲਕਾਪਾਤ ਹੋਨਾ ਯੇ ਅੰਤਰਿਖ ਅਰਥਾਤ ਪ੍ਰਿਥ੍ਵੀ ਕੇ ਮਧਯ ਮੇ ਹੋਨੇ ਵਾਲੇ ਉਤਪਾਤ ਹੈਂ।

**ਉਤਪਾਤਿ** ਗੁ. ਉਤਪਤੀ, ਯਥਾ- ਅਨਿਕ ਪਰਲਉ ਅਨਿਕ ਉਤਪਾਤਿ।

**ਉਤਪਾਤੀ** ਗੁ. ਉਤਪਤੀ, ਯਥਾ- ਓਅੰਕਾਰਿ ਉਤਪਾਤੀ। ਸੰ. ਉਤਪਾਤ ਵਾਲੀ ਵਸਤੂ।

**ਉਤਭੁਜ** ਦੇ. ਊਰਧ ਕੋ ਭੇਦਨ ਕਰ ਨਿਕਸੇ ਲਤਾ ਬਿਰਛਾਦਿ, ਯਥਾ- ਉਤਭੁਜ ਚਲਤ ਆਪਿ ਕਰਿ ਚੀਨੈ। ਉਤਭੁਜ ਜੇਰਜਾਦਿ ਅਪਨੇ

ਚਰਿਤ੍ਰੋਂ ਕੋ ਰਚ ਕਰ ਆਪ ਹੀ ਦੇਖੇ ਹੈ। ਸੰ. ਉਦਿੱਝ੍ਰਜ।

**ਉਤਮ ਸਲੋਕ** ਸੰ. ਪਵਿਤ੍ਰ ਯਸ ਵਾਲਾ ਹਰਿ ; ਉਤਮ ਛੰਦ, ਯਥਾ- ਉਤਮ ਸਲੋਕ ਸਾਧ ਕੇ ਬਚਨ। ਸੰ. ਉਤਮਸ੍ਲੋਕ।

**ਉਤਰਸਿ** ਦੇ. ਉਤਰੋਂਗੇ, ਯਥਾ- ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।

**ਉਤਰਹਿ** ਦੇ. ਉਤਰੇਗਾ, ਯਥਾ- ਅਗਨਿ ਸਾਗਰੁ ਜਪਿ ਉਤਰਹਿ ਪਾਰਿ।

**ਉਤਰਨਿ** ਦੇ. ਉਤਰ ਜਾਤੇ ਹੈਂ, ਯਥਾ- ਕਿਲਵਿਖ ਸਭੇ ਉਤਰਨਿ।

**ਉਤਰਿ** ਸੰ. ਉਤਰ ਦਿਸਾ, ਯਥਾ- ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ। ਪ੍ਰਤਿਵਾਕ੍ਯ, ਜਬਾਬ, ਯਥਾ- ਰੋਸੁ ਨ ਕੀਜੈ ਉਤਰੁ ਦੀਜੈ। ਉਤਮ, ਯਥਾ- ਉਤਰਿ ਅਵਘਟਿ ਸਰਵਰਿ ਨ੍ਹਾਵੈ। ਊਰਧ ; ਉਤਰ ਦੇਸ ; ਬਿਰਾਟ ਰਾਜਾ ਕਾ ਪੁਤ੍ਰ। ਦੇ. ਉਤਰਤਾ ਹੈ, ਯਥਾ- ਜਉ ਗੁਰਦੇਉ ਤ ਉਤਰੈ ਪਾਰਿ। ਬੈਠੀ ਹੁਈ ਹੈ, ਯਥਾ- ਅੰਤਰਿ ਬਿਖਿਆ ਉਤਰੀ ਘੇਰੇ। ਭੀਤਰ ਸਬਦਾਦਿ ਵਿਖਯ ਚਕ੍ਰ ਪਾਈ ਬੈਠੇ ਹੈਂ। ਪੰ. ਲਹ, ਯਥਾ- ਰਾਮ ਰੰਗੁ ਕਦੇ ਉਤਰਿ ਨ ਜਾਇ।

**ਉਤਰਿਓ** ਦੇ. ਪਾਰ ਹੋਇਆ, ਯਥਾ- ਖਿਨਹਿ ਉਤਰਿਓ ਤੀਰਿ।

**ਉਤਰਿਆ** ਪੰ. ਲਹਿ ਗਿਆ, ਯਥਾ- ਉਤਰਿਆ ਮਨ ਕਾ ਧੋਖਾ। ਪਾਰ ਹੋ ਗਿਆ, ਯਥਾ- ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ।

**ਉਤਰੀਆ** ਦੇ. ਪਾਰ ਕਰਨੇ ਵਾਲੇ, ਯਥਾ- ਭੈ ਸਾਗਰ ਸੰਤ ਪਾਰਿ ਉਤਰੀਆ।

**ਉਤਰੀਐ** ਗੁ. ਤਰੀਦੀ ਹੈ ਮਾਯਾ, ਯਥਾ- ਗਾਖਰੀ ਗੁਰ ਸਬਦੀ ਪਾਰਿ ਉਤਰੀਐ। ਕਠਨ ਮਾਯਾ ਗੁਰੋ ਕੇ ਉਪਦੇਸ ਸੇ ਤਰੀਤੀ ਹੈ। ਪੁਨਾ- ਸੰਤਹੁ ਸਾਗਰੁ ਪਾਰਿ ਉਤਰੀਐ।

**ਉਤਰੇ** ਦੇ. ਠਹਰੇ ; ਤਰੇ, ਪਾਰ ਹੂਏ।

**ਉਤਵਤਾ** ਪੰ. ਮਾ. ਅਵੈੜਾ, ਕੱਬਾ, ਉਲਟਾ ਅਰਥਾਤ ਬਿਪਰੀਤ ਸੁਭਾਵ ਵਾਲਾ।

**ਉਤਵਤਾਏ** ਗੁ. ਉਤਵਤੇ, ਯਥਾ- ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ। ਬਿਨਾ ਬਿਚਾਰ ਉਲਟੇ ਕਾਮ ਕਰਤੇ ਉਤਵਤੇ ਕਹਾਵੇ ਹੈਂ।

**ਉਤਾਹਿ** ਪੰ. ਓਤੀਹੀ, ਯਥਾ- ਘਟੈ ਨ ਵਧੈ ਉਤਾਹਿ। ਚੌਰਾਸੀਹੀ ਭੋਗਨੀ ਪੜੇਗੀ ਯਾਦਾ (ਜ਼ਿਆਦਾ) ਕਮ ਨਹੀ ਹੋਵੇਗਾ। ਉਪਰ, ਜੈਸੇ- ਉਤਾਹ ਧੂੜ ਚੜੀ ਹੈ।

**ਉਤਾਰਈ** ਦੇ. ਉਤਾਰ ਸਕਤਾ, ਯਥਾ- ਲਗਾ ਰੰਗੁ ਅਪਾਰੁ ਕੋ ਨ ਉਤਾਰਈ।

**ਉਤਾਰੀਅਨੁ** ਸੰ. ਉਤਾਰ ਦਈ, ਯਥਾ- ਮਲੁ ਕੂੜੀ ਨਾਮਿ ਉਤਾਰੀਅਨੁ।

**ਉਤਾਰੀਆ** ਦੇ. ਸਮੀਪ ਪ੍ਰਾਪਤ ਕਰ ਦੀਆ, ਯਥਾ- ਤਿਤੁ ਦਰਿ ਜਾਇ ਉਤਾਰੀਆ।

**ਉਤਾਰੇ** ਦੇ. ਪਾਰ ਕੀਏ, ਯਥਾ- ਅਗਨਿ ਸਾਗਰ ਗੁਰਿ ਪਾਰਿ ਉਤਾਰੇ। ਉਤਾਰ ਦੇਤਾ ਹੈ, ਯਥਾ- ਚੰਦਨ ਲੇਪੁ ਉਤਾਰੈ ਧੋਇ। ਉਤਾਰ ਦਈ, ਯਥਾ- ਸੁਣਿ ਹਰਿ ਕਥਾ ਉਤਾਰੀ ਮੈਲੁ। ਪਾਪ ਰੂਪ ਸੋਖ ; ਉਤਰੇ ਹੈ ਵਾ ਉਤਾਰੇ ਹੈ ਸੇਵਕੋ ਕੋ, ਯਥਾ- ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ। ਉਤਾਰ ਦੇਵੋ, ਯਥਾ- ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।

**ਉਤਾਵਲਾ** ਦੇ. ਸੀਘ੍ਰ, ਯਥਾ- ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ। ਸੀਘ੍ਰ ਜਾਨੇ ਵਾਲੀ, ਯਥਾ- ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ।

**ਉਤੇ** ਪੰ. ਊਪਰ ; ਪੈ।

**ਉਥਪਿ** ਗੁ. ਉਠਾਇ ਦੇਤੇ ਹੈਂ, ਯਥਾ- ਤਿ ਨਰ ਉਥਪਿ ਥਿਥਪਹਿ।

**ਉਥਾਪਨ** ਸੰ. ਉਠਾਨੇ, ਯਥਾ- ਖਿਨ ਮਹਿ ਥਾਪਿ ਉਥਾਪਨਹਾਰਾ।

**ਉਥਾਪੇ** ਦੇ. ਉਠਾਵੇ ਹੈਂ, ਯਥਾ- ਖਿਨ ਮਹਿ ਥਾਪਿ ਉਥਾਪੇ।

**ਉਥਾਰੈ** ਪੰ. ਸੈਨ ਸਮੇ ਛਾਤੀ ਪੈ ਆਏ ਹਾਥ ਸੇ, ਯਥਾ- ਰੇ ਜਨ ਉਥਾਰੈ ਦਬਿਓਹੁ। ਹੇ ਪੁਰਖ ਤੂ ਛਾਤੀ ਪੈ ਆਏ ਹਾਥ ਸੇ, ਦਬੇ ਪੁਰਖ ਵਤ ਅਵਿਦ੍ਯਾ ਨੀਂਦ ਮੇ ਪੜਾ, ਮੋਹ ਰੂਪ ਹਾਥ ਸੇ, ਦਬ ਰਹਾ ਹੈ। ਹਕੀਮ ਇਸ ਕੋ ਹਵਾ ਕੀ ਬੀਮਾਰੀ ਕਹਤੇ ਹੈਂ।

**ਉਦਉ** ਗੁ. ਉਦੇ, ਯਥਾ- ਭਾਗੈ ਕਾ ਉਦਉ ਹੋਇ।

**ਉਦਕੁ** ਸੰ. ਜਲ, ਯਥਾ- ਨਿਰਮਲ ਉਦਕੁ ਗੋਵਿੰਦ ਕਾ ਨਾਮ।

**ਉਦਧਿ** ਸੰ. ਸਮੁਦ੍ਰ, ਯਥਾ- ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ।

**ਉਦਮ ਮਤਿ** ਦੇ. ਪ੍ਰਭ ਅੰਤਰਯਾਮੀ ਕੇ ਮਿਲਨੇ ਹੇਤ ਬੁਧੀ ਮੇ ਉਦਮ ਧਾਰੋ, ਯਥਾ- ਉਦਮ ਮਤਿ ਪ੍ਰਭ ਅੰਤਰਜਾਮੀ।

**ਉਦਮਾਦਾ** ਦੇ. ਉਨਮੱਤ, ਬਾਵਲਾ, ਯਥਾ- ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।

**ਉਦਮੁ** ਦੇ. ਯਤਨ, ਯਥਾ- ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ। ਸੰ. ਉਦ੍ਯਮ।

**ਉਦਰ** ਸੰ. ਪੇਟ, ਯਥਾ- ਜੈਸੀ ਅਗਨਿ ਉਦਰ ਮਹਿ। ਜੈਸੀ ਜੀਵ ਕੋ ਤਾਪ ਦੇਨੇ ਵਾਲੀ ਜਠਰਾਗਨਿ ਪੇਟ ਮੇ ਥੀ ਤੈਸੀ ਬਾਹਰ ਮਾਯਾ ਹੈ।

**ਉਦਰ** ਸੰ. ਪੇਟ ਮੇ, ਯਥਾ- ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ। ਪੇਟ ਮੇਂ, ਯਥਾ- ਉਦਰੈ ਮਾਹਿ ਆਇ ਕੀਆ ਨਿਵਾਸੁ।

**ਉਦਰ ਸੰਜੋਗੀ** ਵਾ. ਦੇਹ ਉਦਰ ਸੰਬੰਧ ਵਾਲੀ, ਜੈਸੇ- ਉਦਰ ਸੰਜੋਗੀ ਗੜ ਦਸ ਦੁਆਰ। ਗੜ ਦੇਹ ਦਸ ਦ੍ਵਾਰੇ ਵਾਲਾ ਉਦਰ ਕੇ ਸੰਜੋਗ ਵਾਲਾ ਹੈ।

**ਉਦਵਿਅਉ** ਗੁ. ਪ੍ਰਗਟ ਹੋ ਰਹਾ ਹੈ, ਯਥਾ- ਆਸੰਭਉ ਉਦਵਿਅਉ ਪੁਰਖੁ ਪੁਰਨ।

**ਉਦਾਸਾ** ਦੇ. ਉਦਾਸੀਨ, ਯਥਾ- ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ।

**ਉਦਾਸੀ** ਦੇ. ਉਦਾਸੀਨ, ਯਥਾ- ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ। ਵੈਰਾਗ ਸੇ ਉਦਾਸੀਨ ਅਰਥਾਤ ਵਿਰਕ੍ਤ ਨਹੀ ਹੋਤਾ। ਪੁਨਾ- ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ।

**ਉਦਾਸੁ** ਪੰ. ਵਿਰਕਤਤਾ, ਯਥਾ- ਸੋ ਉਦਾਸੀ ਜਿ ਪਾਲੇ ਉਦਾਸੁ।

**ਉਦਾਸੇਰਾ** ਗੁ. ਉਦਾਸੀਨ ਹੈ, ਯਥਾ- ਸਿੰਙੀ ਵਾਜੈ ਨਿਤ ਉਦਾਸੇਰਾ। ਜੋ ਸੋਹੰ ਕੀ ਸਿੰਙੀ ਵਾਜੈ ਹੈ ਉਸ ਸੇ ਉਦਾਸ ਹੈ ਰੋਜ ਹੀ।

**ਉਦਾਰ** ਸੰ. ਦਾਤਾ, ਯਥਾ- ਤੁਮ ਧਨ ਧਨੀ ਉਦਾਰ ਤਿਆਗੀ। ਮਹਾਨ, ਚਤੁਰ।

**ਉਦਿਆਨਦ** ਗੁ. ਉਜਾੜ ਹੈ, ਯਥਾ- ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ। ਉਦਿਆਨਾ ਪਾਠ ਕੇ ਆਗੇ ਦ ਮਿਲਨੇ ਸੇ ਉਦਿਆਨਦ ਬਨਾ ਹੈ।

**ਉਦਿਆਨੇ** ਦੇ. ਜੰਗਲ ਮੇ, ਯਥਾ- ਰੁਖਿ ਬਿਰਖਿ ਉਦਿਆਨੇ। ਪੁਨਾ- ਉਦਿਆਨ ਭ੍ਰਮਿੰਨਾ। ਪੁਨਾ- ਤੈ ਖੋਜਤ ਉਦਿਆਨਾ। ਜੰਗਲ ਮੇ ਬਸਨੇ ਵਾਲਾ, ਯਥਾ- ਸੋਮਪਾਕ ਅਪਰਸ ਉਦਿਆਨੀ। ਸ੍ਵਯੰ ਪਾਕੀ ਨਾ ਛੋਹਨੇ ਵਾਲਾ ਜੰਗਲ ਮੇਂ ਬਸਨੇ ਵਾਲਾ।

**ਉਦਿੰਤੁ** ਸੰ. ਬ੍ਰਿਤਾਂਤ, ਯਥਾ- ਸੁਖ ਸਾਗਰੁ ਪਾਇਅ ਉਦਿੰਤੁ। ਸੁਖ ਕੇ ਸਾਗਰ ਪਰਮੇਸ੍ਵਰ ਕਾ ਪਾਇਆ ਹੈ ਬ੍ਰਿਤਾਂਤ।

**ਉਦੈ** ਦੇ. ਚੜ੍ਹਿਆ, ਯਥਾ- ਉਦੈ ਭਾਨੁ ਜਬ ਚੀਨਾ। ਸੰ. ਉਦਿਤ।

**ਉਦੋਸਾਹੈ** ਪੰ. ਉਦੋਸਾਹ ਕੀ, ਯਥਾ- ਉਦੋਸਾਹੈ ਕਿਆ ਨੀਸਾਨੀ।

**ਉਦੋਸੀਅ** ਗੁ. ਉਦੋਸਾਹ ਕੇ, ਯਥਾ- ਉਦੋਸੀਅ ਘਰੇ ਹੀ ਵੁਠੀ।

**ਉਦੋਤ** ਗੁ. ਉਦੇ ਅਰਥਾਤ ਪ੍ਰਗਟ ਕਰਨੇ ਵਾਲਾ, ਯਥਾ- ਭਾਵੀ ਉਦੋਤ ਕਰਣੰ। ਸੂਰਜ ਕੇ ਉਦੇ ਹੋ ਅਸਤ ਭਇਆ, ਯਥਾ- ਅਸਤੁ ਉਦੋਤੁ ਭਇਆ ਉਠਿ ਚਲੇ। ਸੂਰਜ ਕੇ ਅਸਤ ਭਯਾ ਜੈਸੇ ਪਖੀ ਅਪਨੇ ਥਾਨੋ ਮੇ ਜਾਵੇ ਹੈ ਤੈਸੇ ਜੀਵ ਦੇਹ ਕੇ ਅਸਤ ਸਮੇ ਵਾਸਨਾਨੁਸਾਰ ਆਨ ਜਨਮੋ ਮੇ ਜਾਵੇ ਹੈ।

**ਉਧਰਸਿ** ਦੇ. ਉਧਾਰ ਕਰੇਗਾ, ਯਥਾ- ਉਧਰਸਿ ਆਖੀ ਫੇਰ।

**ਉਧਰਹਿ** ਦੇ. ਉਧਰੇ ਹੈਂ, ਯਥਾ- ਉਧਰਹਿ ਆਪਿ ਤਰੈ ਸੰਸਾਰੁ।

**ਉਧਰਣੰ** ਦੇ. ਉਧਾਰ ਕਰਣਾ, ਯਥਾ- ਉਧਰਣੰ ਕੁਲ ਸਮੂਹਣਹ।

**ਉਧਰਣ** ਦੇ. ਉਧਰਣਾ ਹੋਤਾ ਹੈ ਹਰਿ ਕ੍ਰਿਪਾ ਸੇ, ਯਥਾ- ਉਧਰਣ ਕ੍ਰਿਪਾ। ਪੁਨਾ- ਉਧਰਣੰ ਨੈਨ ਨੰਦਨੀ।

**ਉਧਰਨ** ਦੇ. ਕਲਿਆਣ ਕਰਨ ਵਾਲਾ, ਯਥਾ- ਪਤਿਤ ਉਧਰਨ ਹਰਿ ਹਰੇ।

**ਉਧਰਿਓ** ਦੇ. ਮੁਕ੍ਤ ਹੂਆ, ਯਥਾ- ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ ।

**ਉਧਰਿਆ** ਦੇ. ਕਲਯਾਣ ਕੀਆ, ਯਥਾ- ਸੈਲ ਲੋਅ ਜਿਨਿ ਉਧਰਿਆ। ਉਧਰ ਗਿਆ, ਯਥਾ- ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ। ਪੁਨਾ- ਉਧਰਿਆ ਸਗਲ ਬਿਸ੍ਵਾਨ।

**ਉਧਰੀਐਂ** ਗੁ. ਉਧਰ ਗਿਆ।

**ਉਧਰੁ** ਸੰ. ਉਧਾਰ ਕਰੋ, ਯਥਾ- ਗਰਤਹੁ ਉਧਰੁ ਗੋਪਾਲ। ਗੁਰੋ ਕਾ ਮੰਤ੍ਰ ਉਧਾਰਨੇ ਵਾਲਾ ਹੈ, ਯਥਾ- ਗੁਰਦੇਵ ਮੰਤ੍ਰ ਹਰਿ ਜਪਿ ਉਧਰਾ। ਤਾਰੇ ਹੈ, ਯਥਾ- ਨਾਮੇ ਉਧਰੇ ਸਭਿ ਜਿਤਨੇ ਲੋਅ। ਪੁਨਾ- ਹਰਿ ਜਨ ਹਰਿ ਲਿਵ ਉਬਰੇ। ਜੈਸੇ- ਗੁਰਪ੍ਰਸਾਦੀ ਸਬਦ ਉਧਰੇ। ਗੁਰ ਕ੍ਰਿਪਾ ਵਾਲੇ ਉਪਦੇਸ ਸੇ ਤਰੇ ਹੈਂ। ਤਰੀ, ਯਥਾ- ਜਿਹ ਸਿਮਰਤ ਗਨਕਾ ਸੀ ਉਧਰੀ।

**ਉਧਾਰਹਿ** ਦੇ. ਉਧਾਰਤਾ ਹੈ, ਯਥਾ- ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ।

**ਉਧਾਰਣ** ਦੇ. ਉਧਾਰ ਕਰਣੇ ਵਾਲਾ, ਯਥਾ- ਪਤਿਤ ਉਧਾਰਨ ਭੈ ਹਰਨ। ਕਲਿਆਨ ਕਰਨੇ ਵਾਸਤੇ, ਯਥਾ- ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ। ਪੁਨਾ- ਸਭ ਲੋਕ ਉਧਰਣ ਅਰਥਾ।

**ਉਧਾਰਦਾ** ਪੰ. ਕਲਿਆਣ ਕਰਤਾ ਹੈ, ਯਥਾ- ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ।

**ਉਧਾਰਿਓ** ਦੇ. ਉਧਾਰ ਕੀਆ, ਯਥਾ- ਬਧਿਕੁ ਉਧਾਰਿਓ ਖਮਿ ਪ੍ਰਹਾਰ।

**ਉਧਾਰਿਅਨੁ** ਪੰ. ਉਧਾਰੇ ਹੈਂ, ਯਥਾ- ਲੜਿ ਲਾਇ ਉਧਾਰਿਅਨੁ। ਉਪਦੇਸ ਰੂਪ ਪੱਲੇ ਮੇ ਲਾਇ ਕਰ ਕਲਯਾਣ ਕਰੇ।

**ਉਧਾਰੈ** ਦੇ. ਉਧਾਰਣ ਕਰੇ ਹੈ, ਯਥਾ- ਸਾਧ ਕੈ ਸੰਗਿ ਸਭ ਕੁਲ ਉਧਾਰੈ। ਕਲਯਾਣ ਕਰੋ, ਯਥਾ- ਨਾਨਕ ਉਨ ਸੰਗਿ ਮੋਹਿ ਉਧਾਰੋ। ਪੁਨਾ- ਪਿਤਰੀ ਹੋਇ ਉਧਾਰੋ। ਉਧਾਰ ਕਰਨੇ ਵਾਲੇ, ਯਥਾ- ਸੁਣਿ ਸੁੰਦਰਿ ਸਾਧੂ ਬਚਨ ਉਧਾਰੀ। ਤਾਰਨ, ਯਥਾ- ਕੁਲ ਕਾ ਕਰਨਿ ਉਧਾਰੁ।

**ਉੱਨ** ਦੇ. ਭੇਡ ਕੇ ਰੋਮੋ ਕੋ, ਯਥਾ- ਹੰਢੇ ਉੱਨ ਕਤਾਇਦਾ ਪੈਧਾ ਲੋੜੈ ਪਟੁ। ਸੰ. ਊਰਣ।

**ਉਨ** ਦੇ. ਸੰਬੰਧੀਓ ਕੇ, ਯਥਾ- ਉਨ੍ਹ ਪੇਖਤ ਹੀ ਕਾਲਿ ਗ੍ਰਸਿਆ। ਉਨ ਕੀ, ਯਥਾ- ਉਨ ਜਨਮ ਜਨਮ ਕੀ ਮੈਲੁ ਉਤਰੈ। ਉਨ ਕੇ, ਯਥਾ- ਨਾਨਕ ਉਨ ਜਨ ਚਰਨ ਪਰਾਤਾ। ਉਸ ਨੇ, ਯਥਾ- ਉਨ ਸਤਿਗੁਰ ਆਗੈ ਸੀਸੁ ਨ ਬੇਚਿਆ। ਉਸ, ਯਥਾ- ਉਨ ਕੈ ਸੰਗਿ ਤੂ

ਕਰਤੀ ਕੇਲ। ਜੀਵ ਕੇ ਸਾਥ ਹੋਤੀ। ਉਨ ਕੋ, ਯਥਾ- ਨਾ ਓਨ ਸਿਧਿ ਨ ਬੁਧਿ ਹੈ।

**ਉਨ ਤੇ** ਦੇ. ਉਨਹੁ ਸੇ, ਯਥਾ- ਉਨ ਤੇ ਦੁਗੁਣ ਦਿੜੀ ਉਨ ਮਾਏ। ਪੁਨਾ- ਉਨ ਤੇ ਰਾਖੈ ਬਾਪੁ ਨ ਮਾਈ। ਉਨ ਤੇ ਰਾਖੈ ਮੀਤੁ ਨ ਭਾਈ।

**ਉਨਮਤ** ਸੰ. ਬਾਵਲੇ ਹੁਏ, ਯਥਾ- ਉਨਮਤ ਕਾਮਿ ਮਹਾ ਬਿਖੁ ਭੂਲੈ।

**ਉਨਮਦ** ਗੁ. ਤੁਰੀਆ ਪਦ ਕੀ ਮਸਤੀ, ਯਥਾ- ਉਨਮਦ ਚਢਾ ਮਦਨ ਰਸੁ ਚਾਖਿਆ। ਨਿਖਲ ਮਸਤੀਓ ਸੇ ਪਰੇ ਤੁਰੀਆ ਸ੍ਰਰੂਪ ਆਨੰਦ ਮੇ ਚਿਤ ਚੜਾ।

**ਉਨਮਨਿ** ਸੰ. ਤੁਰੀਆ ਪਦ, ਮਨ ਸੇ ਅਤੀਤ ਥਾਨ ; ਉਨਭ੍ਰਾਤ ਹੂਆ ਹੈ ਮਨ ਜਿਸ ਕਾ ਵਹ ਪ੍ਰਮਾਦੀ ; ਸੰਸਾਰ ਸੇ ਉਦਾਸ ਹੋ ਪਰਮਾਤਮ ਓਰ ਮਨ ਵਾਲੇ, ਯਥਾ- ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ। ਪੁਨਾ- ਉਨਮਨਿ ਮਨੂਆ ਸੁੰਨਿ ਸਮਾਨਾ।

**ਉਨਮਨਿ ਰਥੁ** ਗੁ. ਸੰਸਾਰ ਓਰ ਸੇ ਉਦਾਸ ਹੋ ਪਰਮਾਤਮਾ ਓਰ ਭਏ ਮਨ ਕੇ ਸੁਭਾਵ ਵਾਲੇ।

**ਉਨਮਾਦ** ਸੰ. ਚਿਤ ਕੀ ਭ੍ਰਾਂਤਿ ਭੂਤਾਦਿਕੋ ਕੇ ਪ੍ਰਵੇਸ ਸੇ ਚਿਤ ਕੀ ਅਨਿਸਥਿਰਤਾ ; ਕਾਮ ਕੇ ਤਾਪ ਸੇ ਬਿਰਹੀ ਪੁਰਖੋ ਕੀ ਬਦਲੀ ਅਵਸਥਾ ; ਸਰੀਰ ਕੇ ਰੋਗ ਸੇ ਬੁਧਿ ਕਾ ਨਾਸ। ਸੰ. ਉਨਮਾਦ।

**ਉਨਮਾਨੁ** ਦੇ. ਪਰਿਮਾਣ ਅਰਥਾਤ ਸ੍ਵਰਣਾਦਿ ਧਾਤੂਓ ਕੇ ਤੋਲ ਹੇਤ ਤੋਲੇ ਮਾਸੇ ਆਦਿ ਵਜਨ ; ਪ੍ਰਕਰਣ ਮੇ ਵਿਚਾਰ, ਯਥਾ- ਸਾਧਿ ਅਜਗਰੁ ਜਿਨਿ ਕੀਆ ਉਨਮਾਨੁ। ਅਹੰਕਾਰ ਨਿਬ੍ਰਿਤੀ ਸਿਧ ਕਰ ਜਿਨਹੁ ਨੇ ਕੀਆ ਹੈ ਵਿਚਾਰ।

**ਉਨਵਿ** ਦੇ. ਨੀਵੇ ਹੋ ਕੇ, ਝੁਕ ਕੇ, ਯਥਾ- ਘਣ ਉਨਵਿ ਵੁਠੇ ਜਲ ਥਲ ਪੂਰਿਆ। ਉਨਵੇ ਬਰਸੇ ਹੈਂ ਨੀਵੇ ਹੋ ਕਰ ਬਦਲ।

**ਉਨਵੈ ਘਨੁ** ਵਾ. ਬਰਸਨੇ ਹੇਤ ਨੀਚੇ ਹੂਏ ਬਾਦਲ। ਸੰ. ਉੱਨਮਿਤ ਘਨ।

**ਉਪ** ਸੰ. ਸਾਦ੍ਰਿਸਜ ; ਫੈਲਨਾ ; ਪੂਜਾ ; ਸਕਤੀ ; ਆਰੰਭ ; ਦਾਨ ; ਦੋਖ ਕਥਨ ; ਆਸਚਰਜ ਕਰਣਾ ; ਬਿਨਾਸ ; ਉਦਾਹਰਣ ; ਉਦਮ ; ਗੁਣ ਧਾਰਨ ; ਅਧਿਕ ਹੀਨ ; ਸਮੀਪ, ਯਥਾ- ਨਿੰਦਕ ਆਵਧ ਹੋਇ ਉਪਤਿਸਟਤੇ।

**ਉਪਈਆ** ਗੁ. ਉਤਪੰਨ ਕੀਤਾ, ਯਥਾ- ਸਭਿ ਵਰਨ ਰੂਪ ਜੀਅ ਜੰਤ ਉਪਈਆ।

**ਉਪਸਤਿ** ਸੰ. ਸਮੀਪ ਜਾਨਾ।

**ਉਪਹਾਸ** ਸੰ. ਹਸਣੇ ਕੇ, ਯਥਾ- ਪ੍ਰਿਅ ਬਚਨ ਉਪਹਾਸ ਕਹੋ।

**ਉਪਕੰਠਿ** ਸੰ. ਕੰਠ ਸਾਥ ਮਿਲਾ ; ਸਮੀਪ, ਯਥਾ- ਨਦੀ ਉਪਕੰਠਿ।

**ਉਪਕਰੇ** ਪੰ. ਸਹਾਇਤਾ ਕਰਨੇ ਵਾਲੇ ਹੋਵੇ, ਯਥਾ- ਜਿਨ ਕਾਰਣ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ। ਪੁਨਾ- ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ।

**ਉਪਕਾਰ** ਸੰ. ਸਹਕਾਰ ; ਸਹਾਇਤਾ ਹੇਤ, ਯਥਾ- ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ। ਜੋ ਹਰਿ ਗੁਨ ਗਾਵਤੀ ਹੈ, ਲੋਗੋ ਕੇ ਉਪਕਾਰ ਹੇਤ, ਤਿਸ ਜੀਭ ਕਾ ਮੋਲ ਨਹੀ।

**ਉਪਕਾਰੀ** ਸੰ. ਉਪਕਾਰ ਕਰਨੇ ਵਾਲੇ, ਯਥਾ- ਹਮ ਅਉਗਨ ਤੁਮ੍ ਉਪਕਾਰੀ। ਹਮ ਦੋਖੀਓ ਪੈ ਭੀ ਤੁਮ ਉਪਕਾਰ ਕਰਨੇ ਵਾਲੇ ਹੋ, ਈਹਾ ਔਗੁਣ ਪਦ ਔਗੁਣੋ ਵਾਲੇ ਪੈ ਹੈ, ਲਖਣਾ ਸੇ।

**ਉਪਜਹਿ** ਦੇ. ਉਤਪੰਨ ਹੋਤੇ ਹੈ, ਯਥਾ- ਉਪਜਹਿ ਬਿਨਸਹਿ ਬੰਧਨ ਬੰਧੇ।

**ਉਪਜੰਪਿ** ਗੁ. ਉਪਾਂਸੁ ਜਪ ਕਰਤੇ, ਯਥਾ- ਉਪਜੰਪਿ ਦਰਸਨੁ ਕੀਜੈ ਤਾ ਕਾ। ਗੁਪਤ ਨਾਮ ਜਪਤੇ ਹੁਏ ਜਾਕਰ ਤਿਨ ਕਾ ਦਰਸਨ ਕਰਨਾ। ਪੁਨਾ- ਪ੍ਰਭਾਤੀ ਬਿਭਾਸ ਮ: ੪ ਉਪਜੰਪਿ ਉਪਾਇ ਨ ਪਾਈਐ ਕਤਹੂ। ਸੰ. ਉਪਜਾਪ। ਉਪਜਾਪ ਪਦ ਕੇ ਅਰਥ ਭੇਦ, ਵਿਛੇਦ, ਉਪਾਂਸੁ ਜਪ ਯੇ ਤੀਨ ਲਿਖੇ ਹੈਂ। ਤਿਨ ਕੇ ਅਨੁਸਾਰ ਪਹਿਲੀ ਤੁਕ ਮੇ ਉਪਾਂਸੁ ਅਰਥਾਤ ਚੁਪਚਾਪ ਜਪ ਕਰਤੇ ਜਾਈਏ ਅਰਥ ਹੈ, ਦੂਸਰੀ ਤੁਕ ਮੇ ਉਪਜੰਪ ਨੀਤਿ ਸਾਸਤ੍ਰ ਮੇ ਕਹੇ ਭੇਦ ਉਪਾਯ ਸੇ ਨਹੀ ਪਾਯਾ ਜਾਤਾ ਕਿਉਂਕੇ ਪਰਮਾਤਮਾ ਨਿਖਲ ਸੰਬੰਧੀਓ ਔ ਵਜ਼ੀਰੋ ਸੇ ਰਹਿਤ ਹੈ, ਯਾਤੇ ਭੇਦ ਉਪਾਯ ਕੈਸੇ ਕਰੇ ਅਥਵਾ ਭੇਦ ਗ੍ਯਾਨ ਰੂਪ ਗ੍ਯਾਨ ਸੇ ਨਹੀ ਪ੍ਰਾਪਤ ਹੋਤਾ ਕਿਉਂਕੇ 'ਜਬ ਇਨਿ ਕਿਛੁ ਕਰਿ ਮਾਨੇ ਭੇਦਾ। ਤਬ ਤੇ ਦੂਖ ਡੰਡ ਅਰੁ ਖੇਦਾ' ਬਚਨੋ ਸੇ ਭੇਦ ਗ੍ਯਾਨ ਕਾ ਨਿਖੇਧ ਹੈ।

**ਉਪਜਿਓ** ਦੇ. ਉਤਪੰਨ ਹੂਯਾ, ਯਥਾ- ਮੰਦਾ ਮੂਲਿ ਨ ਉਪਜਿਓ।

**ਉਪਜਿਆ** ਪੰ. ਉਤਪੰਨ ਹੋਇਆ, ਯਥਾ- ਉਪਜਿਆ ਤਤੁ ਗਿਆਨੁ।

**ਉਪਜੈ** ਦੇ. ਉਤਪੰਨ ਹੋਵੈ ਹੈ, ਯਥਾ- ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ। ਉਤਪੰਨ ਹੋਈ, ਯਥਾ- ਕਹੀ ਨ ਉਪਜੈ ਉਪਜੀ ਜਾਣੈ। ਉਤਪੰਨ ਹੋ ਕਰ, ਯਥਾ- ਨਿੰਦਕੁ ਮੂਆ ਉਪਜਿ ਵਡ ਤਾਪੁ। ਉਤਪੰਨ ਹੋਏ, ਯਥਾ- ਡਡਾ ਡਰ ਉਪਜੇ ਡਰੁ ਜਾਈ। ਈਸ੍ਵਰ ਕਾ ਭਯ ਉਤਪੰਨ ਹੋਏ ਜਮੋ ਕਾ ਡਰ ਜਾਤਾ ਰਹੇ ਹੈ।

**ਉਪਠੀ** ਦੇ. ਉਲਟੀ, ਯਥਾ- ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।

**ਉਪਤਾਪ** ਸੰ. ਖੇਦ।

**ਉਪਤਿਸਟਤੇ** ਸੰ. ਸਮੀਪ ਖੜਾ ਹੋਵੇ, ਯਥਾ- ਨਿੰਦਕ ਆਵਧ ਹੋਇ ਉਪਤਿਸਟਤੇ। ਜੇਕਰ ਨਿੰਦਾ ਕਰਨੇ ਵਾਲਾ ਸਤ੍ਰੂ ਸਸਤ੍ਰਧਾਰੀ ਹੋ, ਸਮੀਪ ਮਾਰਨ ਕੋ ਖੜਾ ਹੋਵੇ ਤੋਂ ਭੀ ਸੰਤ ਜਨ ਰੰਜ ਨਹੀ ਹੋਤੇ।

**ਉਪਦ੍ਰਹ** ਗੁ. ਚੀਜ ਕੇ ਸੁਭਾਵ ਕਾ ਬਦਲ ਜਾਨਾ, ਯਥਾ- ਮਿਟੇ ਉਪਦ੍ਰਹ ਮਨ ਤੇ ਬੈਰ।

**ਉਪਦੇਸਿਆ** ਦੇ. ਉਪਦੇਸ ਕੀਆ, ਯਥਾ- ਗੁਰਿ ਪੂਰੈ ਉਪਦੇਸਿਆ। ਪੁਨਾ- ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ।

**ਉਪਦੇਸੀ** ਦੇ. ਨਾਨਾ ਭਾਂਤ ਕਾ ਉਪਦੇਸ ਦੇਨੇ ਵਾਲੇ, ਯਥਾ- ਗਿਆਨੀ ਧਿਆਨੀ ਬਹੁ ਉਪਦੇਸੀ।

**ਉਪਦੇਸੁ** ਸੰ. ਸਿਖ੍ਯਾ, ਯਥਾ- ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ। ਗੁਰ ਕੀ ਆਗਿਆ ਮਨ ਮਹਿ ਸਹੈ ਇਤ੍ਯਾਦਿ। ਪ੍ਰੇਰਣਾ ਪ੍ਰਬ੍ਰਿਤੀ ਕਰਾਵਨੇ ਵਾਲਾ ਵਾਕਯ, ਯਥਾ- ਉਠਿ ਇਸਨਾਨੁ ਕਰਹੁ ਪਰਭਾਤੇ। ਹਿਤ ਕਾ ਕਥਨ, ਯਥਾ- ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ। ਮੰਤ੍ਰ ਕਾ ਕਥਨ, ਯਥਾ- ਪੂਰੇ ਗੁਰ ਕਾ ਸੁਨਿ ਉਪਦੇਸੁ। ਦੀਖ੍ਯਾ ; ਗੁਰ ਸੰਪ੍ਰਦਾਯ।

**ਉਪਦੇਸੇਨਿ** ਗੁ. ਉਪਦੇਸ ਕਰੇ ਹੈ, ਯਥਾ- ਅਵਰਾ ਉਪਦੇਸੇਨਿ।

**ਉਪਦੇਸੈ** ਦੇ. ਮੰਤ੍ਰ ਕਾ ਕਥਨ ਕਰੇ ਹੈ, ਯਥਾ- ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ।

**ਉਪੰਨਾ** ਪੰ. ਉਤਪੰਨ ਕੀਤਾ, ਯਥਾ- ਆਪੇ ਆਪੁ ਉਪਾਇ ਉਪੰਨਾ। ਉਪਜੀ, ਯਥਾ- ਚਉਥੈ ਪਿਆਰਿ ਉਪੰਨੀ ਖੇਡ। ਪ੍ਰੀਤੀ ਉਪਜੀ ਖੇਲ ਮੇਂ।

**ਉਪੰਨਿਆ** ਗੁ. ਉਤਪੰਨ ਕੀਤਾ, ਯਥਾ- ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ।

**ਉਪਪਤਿ** ਸੰ. ਯਾਰ।

**ਉਪਪਤਿ** ਸੰ. ਉਕ੍ਤਿ ਯੁਕ੍ਤਿ ਸੇ ਕਾਹੂੰ ਵਸਤੁ ਕਾ ਸਿਧ ਕਰਨਾ ਉਕ੍ਤਿ ਸ੍ਰੁਤਿ ਸਿਮ੍ਰਿਤੀ ਆਦਿਕ ਪ੍ਰਮਾਣੋਂ ਸੇ ਯੁਕ੍ਤੀ ਦ੍ਰਿਸ੍ਟਾਂਤੋ ਸੇ ਕਥਨ ਕਰਨਾ।

**ਉਪਮਾ** ਸੰ. ਉਸਤਤਿ, ਯਥਾ- ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ। ਪੁਨਾ- ਕਿਆ ਉਪਮਾ ਤੇਰੀ ਆਖੀ ਜਾਇ। ਸਮਾਨਤਾ, ਯਥਾ- ਕਵਨ ਉਪਮਾ ਦੇਉ ਕਵਨ ਸੇਵਾ ਸਰੇਉ। ਕਿਸ ਕੀਆਂ ਆਪ ਕੋ ਸਮਾਨਤਾ ਦੇਵਾਂ ? ਕੈਸੀ ਆਪ ਕੀ ਸੇਵਾ ਸੇਵੋ ਭਾਵ ਸਰਬ ਕੀ ਸਮਾਨਤਾ ਸੇ ਹੀਨ ਮੋ, ਕਾਹੂ ਕੀ ਸਮਾਨਤਾ ਨਹੀ ਦੇ ਸਕਤਾ ਔ ਨਿਰਾਕਾਰ ਸ੍ਵਰੂਪ ਕੀ ਪਾਦ ਸੇਵਨਾਦਿ ਰੂਪ ਕੋਈ ਸੇਵਾ ਨਹੀ ਕਰ ਸਕਤਾ। ਉਪਮਾ ਨਾ ਦੇ ਸਕਨੀ ਸਪਸ੍ਟ ਐਸੇ ਹੈ ਉਪਮਾਲੰਕਾਰ ਮੇ ਸਮਾਨਤਾ ਰੂਪ ਸਾਧਾਰਣ ਧਰਮ ਉਪਮਾਨ ਉਪਮੇਯ ਵਾਚਕ ਯੇ ਚਾਰ ਅੰਗ ਹੋਤੇ ਹੈਂ ਜੈਸੇ ਮੇਘ ਸਮ ਸ੍ਯਾਮ ਵਿਸਨੁ ਉਪਮਾ ਮੇ ਮੇਘ ਉਪਮਾਨ ਹੈ, ਵਿਸਨੁ ਉਪਮੇਯ ਹੈ, ਸਮ ਵਾਚਕ ਹੈ, ਸ੍ਯਾਮ ਉਪਮਾਨ ਉਪਮੇਯ ਕਾ ਸਾਧਾਰਨ ਧਰਮ ਹੈ, ਉਪਮਾ ਰਹਿਤ ਸਚਿਦਾਨੰਦ ਸ੍ਵਰੂਪ ਕੋ ਸਰਬ ਕੀ ਸਮਾਨਤਾ ਸੇ ਰਹਿਤ ਹੋਨੇ ਕਰ ਕਾਹੂ ਕੀ ਉਪਮਾ ਨਹੀ ਕਹੀ ਜਾਤੀ ਕਿਉਕੇ ਜਬ ਪਰਮਾਤਮਾ ਆਕਾਸ ਸਮਾਨ ਸਰਬਗਤ ਕਹੋਂ ਤਬ ਉਪਮਾ ਬਨ ਸਕੇ। ਸੋ ਆਕਾਸ ਕੀ ਬ੍ਯਾਪਕਤਾ ਕੋ ਮਾਯਾ ਸੇ ਭੀ ਅਲਪ ਹੋਨੇ ਸੇ ਪਰਮਾਤਮਾ ਮੇ ਸਰਬਥਾ, ਤਿਸ ਕਾ ਅਭਾਵ ਨਿਸਚੇ ਕਰ ਕੋਈ ਉਪਮਾ ਨਹੀ ਦੇ ਸਕਤੇ। ਜਹਾ ਚਾਰੇ ਬਾਤਾ ਪੂਰਨ ਹੋਵੇਂ ਤਹਾ ਪੂਰਨ ਉਪਮਾ ਹੋਤੀ ਹੈ। ਜਹਾ ਏਕ ਦੋ ਤੀਨ ਨ੍ਯੂਨ ਹੋਵੇਂ ਤਹਾ ਲੁਪਤੋਪਮਾ ਹੋਤੀ ਹੈ। ਅਧਿਕ ਬਿਚਾਰ ਅਲੰਕਾਰ ਗ੍ਰੰਥੋ ਮੇ ਹੈ

**ਉਪਮਾਨ** ਸੰ. ਉਪਮੇਯ ਕੋ ਜਿਸ ਕੀ ਤੁਲਯਤਾ ਦੇਈਏ ਵਹੁ ਵਸਤ ; ਉਪਮਿਤਿ ਗ੍ਯਾਨ ਕਾ ਸਾਧਨ ਪ੍ਰਮਾਣ।

**ਉਪਰਜਤੇ** ਗੁ. ਉਤਪੰਨ ਹੋਤੀ, ਯਥਾ- ਕਦੰਚ ਕਰੁਣਾ ਨ ਉਪਰਜਤੇ।

**ਉਪਰਜਾ** ਗੁ. ਉਤਪੰਨ ਕੀਤਾ, ਯਥਾ- ਆਪਨ ਰੂਪ ਆਪ ਹੀ ਉਪਰਜਾ।

**ਉਪਰਿ** ਪੰ. ਉਤੇ ਅਰਥਾਤ ਅਨੁਸਾਰ, ਯਥਾ- ਕਰਮਾ ਉਪਰਿ ਨਿਬੜੈ।

**ਉਪਰੀਆ** ਗੁ. ਉਪਾਯ, ਯਥਾ- ਅਨਿਕ ਉਪਰੀਆ। ਅਨੇਕ ਉਪਾਵੋ ਮੈ ਲਗ ਰਹੇ ਹੈਂ ਜਿਸ ਮੇ ਇੰਦ੍ਰੇ ਖੁਸ ਹੋਵੈਂ। ਪੱਟੀ, ਯਥਾ- ਜੜ ਅਪੁਣੀ ਆਪਿ ਉਪਾੜੀ ਜੀਉ।

**ਉਪਲ** ਸੰ. ਪਥਰ। ਦੇ. ਉਪਲੇ, ਜੰਗਲੀ ਗੋਹੇ, ਏਰਨੇ।

**ਉਪਾਉ** ਦੇ. ਉਪਾਯ, ਯਥਾ- ਉਪਾਵਾ ਸਿਰਿ ਉਪਾਉ ਹੈ। ਯਤਨਾ ਕੇ ਸਿਰ ਯਤਨ ਹੈ। ਉਤਪੰਨ ਕਰੇ ਹੈ ਆਪ ਉਪਾਵੇ ਆਪ ਖਪਾਵੇ।

**ਉਪਾਉ** ਦੇ. ਯਤਨ, ਯਥਾ- ਪ੍ਰਾਨੀ ਕਉਨੁ ਉਪਾਉ ਕਰੈ। ਪੁਨਾ- ਕਛੁ ਉਪਾਉ ਮੁਕਤਿ ਕਾ ਕਰੁ ਰੇ। ਗ੍ਯਾਨ ਭਕ੍ਤੀ ਰੂਪ ਕਛ ਯਤਨ ਮੁਕਤੀ ਕਾ ਕਰੋ। ਸਤ੍ਰੂ ਵਸ ਕਰਨੇ ਕੇ ਸਾਧਨ- ੧. ਸਾਮ, ੨. ਦਾਨ, ੩. ਦੰਡ, ੪. ਭੇਦ, ਰੂਪ ਰਾਜਨੀਤਿ ਕੇ ਉਪਾਯ। ਸਾਮ- ਅਧੀਨਗੀ ਕੇ ਬਚਨ ਕਹਨੇ। ਦਾਨ- ਪਸੂ ਧਨ ਪੁਤ੍ਰੀ ਆਦਿਕ ਦੇਣੇ। ਦੰਡ- ਯੁੱਧ ਕਰ ਸਤ੍ਰੂ ਕੌ ਸਜਾ ਦੇਣੀ। ਭੇਦ- ਸਤ੍ਰੂ ਕੇ ਸੰਬੰਧੀਓ ਤਥਾ ਮੰਤ੍ਰੀਓ ਕੋ ਧਨ ਦੇ ਕਰ ਸਤ੍ਰੂ ਕੇ ਘਰ ਮੇ ਫੂਟ ਪਾ ਦੇਨੀ ; ਪੁਰਖਾਰਥ। ਸੰ. ਉਪਾਯ।

**ਉਪਾਇ** ਪੰ. ਉਤਪੰਨ ਕਰਕੇ, ਯਥਾ- ਪਉਣੁ ਉਪਾਇ ਧਰੀ ਸਭ ਧਰਤੀ। ਸਾਧਨ, ਯਤਨ, ਯਥਾ- ਉਪਾਇ ਕਿਤੈ ਨ ਲਭਨੀ।

**ਉਪਾਇ ਕੈ** ਦੇ. ਉਤਪੰਨ ਕਰ ਕੈ, ਯਥਾ- ਨਾਨਕ ਜੀਅ ਉਪਾਇ ਕੈ।

**ਉਪਾਇਓ** ਦੇ. ਉਤਪੰਨ ਕੀਆ, ਯਥਾ- ਆਪਨ ਆਪੁ ਆਪਹਿ ਉਪਾਇਓ।

**ਉਪਾਇਓਨੁ** ਗੁ. ਉਤਪੰਨ ਕੀਆ, ਯਥਾ- ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।

**ਉਪਾਇਆ** ਗੁ. ਉਪਾਯ, ਉਤਪੰਨ ਕੀਆ।

**ਉਪਾਈ** ਦੇ. ਉਤਪੰਨ ਕੀਤੀ, ਯਥਾ- ਜਿਨਿ ਉਪਾਈ ਮੇਦਨੀ।

**ਉਪਾਈਅਨੁ** ਪੰ. ਉਤਪੰਨ ਕੀਤੇ, ਯਥਾ- ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ। ਉਤਪੰਨ ਕਰੀ ਹੈ, ਯਥਾ- ਦੋਵੈ ਤਰਫਾ ਉਪਾਈਓਨੁ। ਗੁਰਮੁਖ ਮਨਮੁਖ ਦੋਨੋ ਪਾਸੇ ਉਸੀ ਨੇ ਉਤਪੰਨ ਕਰੇ ਹੈ।

**ਉਪਾਈਐ** ਪੰ. ਉਤਪੰਨ ਕੀਤੀ ਹੈ, ਯਥਾ- ਤੂੰ ਜਾਣਹਿ ਜਿਨਿ ਉਪਾਈਐ।

**ਉਪਾਏ** ਦੇ. ਉਤਪੰਨ ਕਰਕੇ, ਯਥਾ- ਸ੍ਰਿਸਟਿ ਦੇਖੈ ਆਪਿ ਉਪਾਇ। ਉਤਪੰਨ ਕੀਏ, ਯਥਾ- ਗਾਵਨਿ ਰਤਨ ਉਪਾਏ।

**ਉਪਾਸ** ਸੰ. ਉਪਾਸਨਾ ਕਰ, ਯਥਾ- ਮਨ ਚਰਣਾਰਬਿੰਦ ਉਪਾਸ।

**ਉਪਾਸਨਾ** ਸੰ. ਸੇਵਾ ; ਦੇਵਤਾਦਿਕੋ ਕਾ ਆਰਾਧਨ।

**ਉਪਾਹਾ** ਦੇ. ਉਪਜਾਯਾ, ਯਥਾ- ਪਿਛੋ ਦੇ ਤੈਂ ਜੰਤੁ ਉਪਾਹਾ। ਪੁਨਾ- ਜਿਨਹਿ ਉਪਾਹਾ ਤਿਨਹਿ ਬਿਨਾਹਾ।

**ਉਪਾਤੀ** ਗੁ. ਉਤਪੰਨ ਕੀਤੀ, ਯਥਾ- ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।

**ਉਪਾਦਾਨ** ਸੰ. ਗ੍ਰਹਣ ਕਰਣਾ, ਜੈਸੇ- ਗੁਰੋ ਸੇ ਸਿਖ ਉਪਦੇਸ ਕਾ ਉਪਾਦਾਨ ਕਰੇ ਹੈ। ਜਿਸ ਸੇ ਕਾਰਯ ਉਪਜ ਕੇ ਸਦਾ ਤਿਸੀ ਮੇ ਵਸੇ ਔ ਸਮਾਵੇ ਵਹੁ ਕਾਰਣ, ਜੈਸੇ ਕਨਕ ਮੇ ਕੁੰਡਲ ਮ੍ਰਿਤਕਾਦਿ ਮੇ ਘਟਾਦਿਕ ਉਪਜ ਉਸੀ ਮੇ ਸਮਾਤੇ ਹੈਂ।

**ਉਪਾਧਿ** ਸੰ. ਬਿਸੇਖਣ। ਲਕਬ ; ਦਰਜੇ, ਜੈਸੇ ਚਾਰ ਬਰਣੋ ਮੇ ਸਰਮਾ, ਦੇਵ ਦੋ ਬ੍ਰਾਹਮਣ ਕੇ ਬਿਸੇਖਣ ਹੈਂ। ਬਰਮਾ, ਤ੍ਰਾਤਾ ਦੋ ਖਤ੍ਰੀ ਕੇ ਬਿਸੇਖਣ ਹੈ। ਗੁਪਤ ਏਕ ਬੈਸ਼ਜ ਕਾ ਬਿਸੇਖਣ ਹੈ। ਦਾਸ ਸੂਦ੍ਰ ਕਾ ਬਿਸੇਖਣ ਹੈ। ਸੰਕਲਪ ਕਰਨ ਸਮੇ ਤਥਾ ਜਬ ਕੋਈ ਪੂਛੇ ਤੁਮ ਕੌਨ ਹੈ ਤਬ ਸਰਮਾਦਿ ਪਦ ਨਾਮ ਸਾਥ ਮੇਲ ਕੇ ਕਹਨੇ ਸੇ ਨਿਸਚੇ ਹੋ ਜਾਤਾ ਹੈ। ਯਹ ਬ੍ਰਾਹਮਣ ਹੈ ਵਾ ਔਰ ਹੈ। ਇਨ ਬਿਸੇਖਣੋ ਵਤ ਨਿਖਲ ਨਾਮ ਔ ਰੂਪ ਦੋਨੋ ਈਸਰ ਕੇ ਬਿਸੇਖਣ ਹੈਂ। ਜੋ ਅਪਨੇ ਧਰਮ ਕੋ ਦੂਸਰੇ ਮੇ ਦਿਖਾਵੇ, ਸੋ ਵਸਤੂ ਬਿਸੇਖਣ ਹੈ ਜੈਸੇ ਲਾਲ ਫੂਲ ਕਾਂਚ ਮੇ ਅਪਨੀ ਲਾਲੀ ਦਿਖਾਤਾ ਹੈ ; ਕਟੰਬ ਮੇ ਖਚਿਤ ਹੋਣਾ ; ਧਰਮ ਕਾ ਚਿੰਤਨ ਕਰਨਾ ; ਕਪਟ ਕਾ ਬਿਵਹਾਰ। ਦੇ. ਬਖੇੜਾ, ਯਥਾ- ਨਾਨਕ ਮਿਟੇ ਉਪਾਧਿ। ਅਸੁਰ ਸੁਭਾਵ, ਯਥਾ- ਮਾਰਿ ਕਾਢੀ ਸਗਲ ਉਪਾਧੇ।

**ਉਪਾਮ** ਗੁ. ਉਤਪੰਨ ਕੀਤੇ, ਯਥਾ- ਸਭ ਗਾਵਤ ਜੇਤ ਉਪਾਮ। ਪਉਣ ਪਾਣੀ ਆਦਿ ਸਭੀ ਗਾਤੇ ਹੈਂ।

**ਉਪਾਰਜਨਾ** ਦੇ. ਸੰਗ੍ਰਹ ਕਰਨੇ ਵਾਲੇ ਭਾਵ ਉਤਪੰਨ ਕਰਨੇ ਵਾਲੇ ਹੈਂ, ਯਥਾ- ਫਲਗੁਣਿ ਅਨੰਦ ਉਪਾਰਜਨਾ। ਉਤਪਤੀ, ਸੰਗ੍ਰਹ ਕਰਨਾ। ਸੰ. ਉਪਾਰਜਨ।

**ਉਪਾਰਾ** ਗੁ. ਉਤਪੰਨ ਕਰੇ ਹੈ, ਯਥਾ- ਕਈ ਜੰਤ ਬਿਨਾਹਿ ਉਪਾਰਾ।

**ਉਪਾਰੀਐ** ਗੁ. ਉਤਪੰਨ ਕੀਤੀ ਹੈ, ਯਥਾ- ਸਭਸੈ ਦੇ ਦਾਤਾਰੁ ਜੇਤ ਉਪਾਰੀਐ। ਜਿਤਨੀ ਉਪਾਈ ਸ੍ਰਿਸ੍ਰੀ।

**ਉਪਾਲੰਭ** ਸੰ. ਉਲਾਮਾ, ਤਾਨਾ ਦੇਨਾ।

**ਉਪਾਵਣ** ਦੇ. ਉਤਪੰਨ ਕਰਨੇ ਵਾਲਾ, ਯਥਾ- ਆਪਿ ਉਪਾਵਣਹਾਰ ਆਪੇ ਹੀ ਮਾਰਦਾ।

**ਉਪਾਵਣਹਾਰੈ** ਦੇ. ਸਿਰਜਨਹਾਰੇ, ਯਥਾ- ਆਪਿ ਉਪਾਵਣਹਾਰੈ ਮਾਰਿਆ। ਪੁਨਾ- ਆਪਿ ਉਪਾਵਣਹਾਰ।

**ਉਪਾਵਣੀ** ਦੇ. ਉਤਪੰਨ ਕਰੀ, ਯਥਾ- ਬਹੁ ਬਹੁ ਬਿਧਿ ਭਾਂਤਿ ਉਪਾਵਣੀ।

**ਉਪਾੜਣ** ਪੰ. ਪੱਟਣੇ ਵਾਲੇ, ਯਥਾ- ਬ੍ਰਾਧਿ ਉਪਾੜਣ ਸੰਤੰ। ਸੰ. ਉਤਪਾਟਨ।

**ਉਪਾੜੀ** ਦੇ. ਉਖਾੜਾ ਹੈ, ਯਥਾ- ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ। ਉਖਾੜ ਨਹੀ ਸਕੇ, ਪੱਟ ਨਹੀ ਸਕੇ, ਯਥਾ- ਬਹੁੜਿ ਜਮਿ ਨ ਉਪਾੜਾ। ਜੋ ਪੁਰਖ ਸੁਆਮੀ ਕੀ ਸਰਨ ਪੜੇ ਹੈ, ਤਿਨ ਕੋ ਸੁਆਮੀ ਕੇ ਥਾਨ ਸੇ ਫੇਰ ਕਬੀ ਜਮ ਨਹੀ ਉਖਾੜ ਸਕੇ। ਸੰ. ਉਤਪਾਟਿਤ।

**ਉਪਾੜੀਲੇ** ਗੁ. ਪਟ ਦੀਆ, ਯਥਾ- ਉਪਾੜੀਲੇ ਰਾਵਣ ਬਣੁ।

**ਉਪੇਤਾਣਾ** ਪੰ. ਪੋ. ਨੰਗਾ, ਯਥਾ- ਪਗ ਉਪੇਤਾਣਾ। ਸੰ. ਉਪਾਨਤਹੀਨ।

**ਉਬਟ** ਦੇ. ਮਾਰਗ ਸੇ ਕਿਨਾਰੇ। ਸੰਸਕ੍ਰਿਤ ਉਦਬਾਟ ਕਾ ਬਿਗੜ ਕਰ ਉਬਟ ਹੋ ਗਯਾ ਹੈ, ਯਥਾ- ਉਬਟ ਚਲੰਤੇ ਇਹੁ ਮਦੁ ਪਾਇਆ। ਮਾਰਗ ਸੇ ਕਿਨਾਰੇ ਅਰਥਾਤ ਅਮਾਰਗ ਚਲਤਿਓ ਨੇ ਹਮਨੇ ਭਾਗ ਸੇ ਐਸਾ ਅਨੰਦ ਕਾ ਸਥਾਨ ਪਾਇਆ ਹੈ, ਜਿਸ ਕਰ ਹਮ ਐਸੇ ਆਨੰਦ ਹੂਏ ਹੈਂ ਜੈਸੇ ਖੋਦ ਪਿਆਲੇ ਕੀ ਖੁਮਾਰੀ ਮਸਤੀ ਵਾਲੇ ਹੋਵੈ ਹੈ। ਸੰਜੋਯ ਕੇ ਟੋਪ ਕੀ ਪਿਆਲੇ ਮੇ ਲਖਣਾ ਕਰ ਪਿਆਲਾ ਅਰਥ ਕੀਆ।

**ਉਬਰ** ਦੇ. ਬਚੀ, ਤਰੀ ; ਤਰਨਾ, ਯਥਾ- ਉਆਹਿ ਜਪੇ ਬਿਨੁ ਉਬਰ ਨ ਹੋਊ।

**ਉਬਰਤ** ਗੁ. ਕਸ੍ਟੋਂ ਸੇ ਬਚਨਾ ਹੋਤਾ ਹੈ, ਯਥਾ- ਉਬਰਤ ਰਾਜਾ ਰਾਮ ਕੀ ਸਰਣੀ।

**ਉਬਰਨ** ਦੇ. ਬਚਣਾ, ਯਥਾ- ਯਾ ਉਬਰਨ ਧਾਰੈ ਸਭੁ ਕੋਊ।

**ਉਬਲੀ** ਪੰ. ਕਾੜੀ ਹੂਈ, ਪਕਾਈ ਹੂਈ ਕਾ, ਯਥਾ- ਜਿਉ ਉਬਲੀ ਮਜੀਠੈ ਰੰਗੁ ਗਹਗਹਾ। ਜੈਸੇ ਪਕਾਈ ਹੂਈ ਮਜੀਠ ਕਾ ਰੰਗ ਬਹੁਤ ਗੂੜ੍ਹਾ ਨਿਕਸਤਾ ਹੈ।

**ਉਬਾਰਿਆ** ਦੇ. ਬਚਾਇ ਲੀਆ, ਯਥਾ- ਇਹੁ ਲਹੁੜਾ ਗੁਰੂ ਉਬਾਰਿਆ।

**ਉਬਾਰੀ** ਦੇ. ਬਚਾਈ, ਬਚਾਇ, ਯਥਾ- ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ।

**ਉਬਾਰੀਅਲੇ** ਗੁ. ਬਚਾਇ ਲਈ ਹੈ, ਯਥਾ- ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ। ਦੁਯੋਧਨ ਦੁਹਸਾਸਨ ਕੀ ਸਭਾ ਮੇ ਜਬ ਦ੍ਰੋਪਤੀ ਕੇ ਬਸਤ੍ਰ ਉਤਾਰਤੇ ਥੇ ਤਬ ਤੈਨੇ ਹੇ ਪ੍ਰਮੇਸ੍ਰਰ ਨਗਨ ਹੋਨੇ ਸੇ ਉਬਾਰੀਅਲੇ- ਬਚਾਇ ਲਈ।

**ਉਬਾਰੀਆ** ਦੇ. ਰਖ ਲੇਹ, ਯਥਾ- ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ।

**ਉਬਾਰੇ** ਦੇ. ਬਚਾਵੇ।

**ਉਭਾਰਾ** ਦੇ. ਰਾਗ ਪੁਤ੍ਰ ਬਿਸੇਖ, ਯਥਾ- ਪ੍ਰਬਲ ਚੰਡ ਕਉਸਕ ਉਭਾਰਾ। ਮਾਲਕੌਸ ਰਾਗ ਕਾ ਪੁਤ੍ਰ।

**ਉਭਿ** ਪੰ. ਖੜ, ਯਥਾ- ਭਰਮਿ ਸੁਕੇ ਬਹੁ ਉਭਿ ਸੁਕ।

**ਉਭੇ** ਗੁ. ਊਰਧ ਅਰਥਾਤ ਲੰਬੇ ਸ੍ਵਾਸ, ਯਥਾ- ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ।

**ਉਮਕਾਈ** ਦੇ. ਉਤਸਾਹ ਨੂੰ ਪ੍ਰਾਪਤ ਹੋਤਾ ਹੈ, ਯਥਾ- ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ।

**ਉਮਕਿ** ਦੇ. ਉਤਸਾਹ, ਯਥਾ- ਉਮਕਿਓ ਹੀਉ ਮਿਲਨ ਪ੍ਰਭ ਤਾਈ।

**ਉਮਕਿਓ** ਦੇ. ਪੰ. ਉਤਸਾਹ ਵਾਲਾ ਹੂਆ, ਯਥਾ- ਉਮਕਿਓ ਹੀਉ ਮਿਲਨ ਪ੍ਰਭ ਤਾਈ।

**ਉਮਕਿਤ** ਗੁ. ਉਤਸਾਹ ਸੇ, ਯਥਾ- ਮਨੁ ਘਨੈ ਭ੍ਰਮੈ ਬਨੈ। ਉਮਕਿਤ ਰਸਿ ਚਾਲੈ।

**ਉਮਗਿ** ਗੁ. ਉਤਸਾਹ, ਯਥਾ- ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ। ਉਤਸਾਹ ਕਰਤਾ ਹੀਆ ਤਰਸਤਾ ਹੈ।

**ਉਮਡ** ਦੇ. ਚੜ ਕੇ, ਜੈਸੇ- ਉਮਡ ਉਮਡ ਘਟ ਘਨ ਕੀ ਘਨੇਰੀ।

**ਉਮਤ** ਅ. ਨਿਜ ਸੰਪ੍ਰਦਾਯਿ ਕੇ ਲੋਕ, ਯਥਾ- ਦਰ ਸੇਵੇ ਉਮਤ ਖੜੀ ਪੁਨਾ-ਸਭ ਉਮਤ ਵੇਖੇ।

**ਉਮਰ** ਦੇ. ਅਵਸਥਾ, ਯਥਾ- ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ। ਪ੍ਰੇਮ ਭਗਤੀ ਸੇ ਉਛਲੇ ਹੈ, ਯਥਾ- ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ। ਜਿਨ ਭਗਤੋਂ ਕੇ ਅੰਦਰਥਲ ਲਹਿਰ ਦੇ ਥਾਨ ਉਮਰ ਉਛਲੇ ਹੈ ਪ੍ਰੇਮ ਭਗਤੀ ਸੇ, ਪ੍ਰਮੇਸ੍ਰਰ ਪ੍ਰਾਪਤੀ ਹੇਤ ਸੇਈ-ਵਹੀ ਜਬ ਪ੍ਰਯੰਤ ਪ੍ਰਾਪਤੀ ਨਹੀ ਹੋਤੀ, ਉਸ ਕੇ ਦੁਖ ਕੋ ਜਾਨੇ ਹੈਂ। ਯਹ ਉਮਰ ਉਮਲ ਸੇ ਬਨਾ ਹੈ, ਉਮਲ ਉਛਲਨੇ ਕਾ ਨਾਮ ਹੈ, ਜੈਸੇ- ਉਮਲ ਲਥੇ ਜੋਧੇ।

**ਉਮਰਥਲ** ਵਾ. ਜਿਨ ਕਾ ਅੰਦਰਥਲ ਭਾਵ ਰਿਦੇ ਦੇਸ ਉਮਲੇ ਉਛਲੇ ਹੈ, ਵਹੀ ਦੁਖ ਕੋ ਜਾਨਤੇ ਹੈਂ, ਯਥਾ- ਜਿਨਾ ਅੰਦਰਿ ਉਮਰਥਲ। ਛਾਤੀ ਮੇ ਫੋੜਾ।

**ਉਮਰਾਉ** ਦੇ ਸਰਦਾਰੋਂ ਔ ਰਾਜਸੋਂ ਕਾ ਨਾਮ ਅਰਬੀ ਮੇਂ ਅਮੀਰ ਹੈ, ਜਿਸ ਕਾ ਬਹੁਬਚਨ ਉਮਰਾਉ ਹੈ। ਸਤਕਾਰ ਹੇਤ ਏਕ ਮੈ ਭੀ ਕਹਯਾ ਜਾਵੈ ਹੈ। ਅ. ਉਮਰਾ।

**ਉਮਰਾਵਹੁ** ਦੇ. ਅਮੀਰੋ ਆਗੇ, ਯਥਾ- ਉਮਰਾਵਹੁ ਆਗੈ ਝੇਰਾ।

**ਉਮਰੇ** ਗੁ. ਉਮਰਾਉ, ਯਥਾ- ਮੀਰ ਮਲਕ ਉਮਰੇ ਫਾਨਾਇਆ।

**ਉਮਲ** ਦੇ. ਉਮਡ, ਉਛਲ ਕੇ, ਜੈਸੇ- ਉਮਲ ਲਥੇ ਜੋਧੇ ਮਾਰੂ ਬਜਿਆ।

**ਉਮਾ** ਸੰ. ਪਾਰਬਤੀ, ਯਥਾ- ਗੋਤਮ ਨਾਰਿ ਉਮਾਪਤਿ ਸ੍ਵਾਮੀ। ਸੀਸੁ ਧਰਨਿ ਸਹਸ ਭਗ ਗਾਂਮੀ। ਗੋਤਮ ਨਾਰਿ ਗਾਮੀ ਸਹਸ ਭਗ ਉਮਾਪਤਿ ਸ੍ਵਾਮੀ ਸੀਸ ਧਰਨ ਯਹ ਅਨ੍ਵਯ ਹੈ- ਗੋਤਮ ਕੀ ਨਾਰ ਸੇ ਗਮਨ ਕਰਨੇ ਵਾਲਾ ਇੰਦ੍ਰ, ਗੋਤਮ ਕੇ ਸ੍ਰਾਪ ਸੇ ਅਪਨੇ ਸਰੀਰ ਮੇ ਹਜਾਰ ਭਗੋਂ ਕੇ ਚਿੰਨੋ ਵਾਲਾ ਹੋ ਗਯਾ ਔ ਪਾਰਬਤੀ ਕਾ ਪਤੀ ਮਹਾਦੇਵ ਬ੍ਰਹਮਾ ਕੇ ਕਪਾਲ ਕੋ ਹਾਥ ਮੇ ਧਾਰਨੇ ਵਾਲਾ ਹੋ ਗਯਾ। ਯਹ ਗਾਥਾ ਪੁਰਾਣ ਪ੍ਰਸਿਧ ਹੈ। ਉ- ਮਹਾਦੇਵ ਕੋ, ਮਾ- ਨਾਮ ਪਤਿ ਰੂਪ ਜਾਨ ਕੇ ਬਰਨੇ ਸੇ ਪਾਰਬਤੀ ਕਾ ਨਾਮ ਉਮਾ ਹੈ।

**ਉਮਾਹੜਾ** ਪੰ. ਉਤਸਾਹ, ਯਥਾ- ਅਸੁਨਿ ਪ੍ਰੇਮ ਉਮਾਹੜਾ।

**ਉਮਾਹਾ** ਦੇ. ਉਤਸਾਹ ਹੋਤਾ ਹੈ, ਯਥਾ- ਬ੍ਰਹਮ ਗਿਆਨੀ ਪਰਉਪਕਾਰ ਉਮਾਹਾ। ਉਤਸਾਹ ਕਰੇ ਹੈ, ਯਥਾ- ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ।

**ਉਮਾਹੈ** ਦੇ. ਉਤਸਾਹ ਵਾਲਾ ਹੋਤਾ ਹੈ, ਯਥਾ- ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ।

**ਉਰਸਾ** ਸੰ. ਚੰਦਨ ਰਗੜਨੇ ਕੀ ਸਿਲਾ, ਯਥਾ- ਨਾਮੁ ਤੇਰੋ ਉਰਸਾ। ਯਹ ਭਾਵਨਾ ਹੈ ਨਾਮ ਮੇ ਉਰਸੇ ਕੀ।

**ਉਰਹਿ** ਗੁ. ਰਿਦੇ ਸਾਥ, ਯਥਾ- ਘਰ ਕੀ ਨਾਰਿ ਉਰਹਿ ਤਨ ਲਾਗੀ।

**ਉਰਕਟ** ਦੇ. ਰਿਦੇ ਆਦਿ ਅੰਗੋ ਕੋ ਕਟ ਕੇ, ਯਥਾ- ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ। ਵਾਮ ਮਤੀ ਲੋਗ ਮੁਰਗੇ ਆਦਿ ਜੀਵੋਂ ਕੇ ਅੰਗ ਕਟ ਭਾਵ ਉਨ ਕਾ ਮਾਸ ਲੇ ਪੂਜਾ ਸਮੇ ਏਕ ਪਾਤ੍ਰ ਮੇ ਰਖੇ ਹੈ, ਦੂਸਰੇ ਮੈ ਪਾਨੀ ਸਰਾਬ ਰਖੇ ਹੈ।

**ਉਰਛੇ** ਗੁ. ਰਿਦੇ ਬੀਚ, ਯਥਾ- ਧਾਰਿਓ ਹਰਿ ਉਰਛੇ।

**ਉਰਝਾਇ** ਦੇ. ਉਲਝਾਵਾ ਪਾਇ ਦੇਤੀ ਹੈ, ਯਥਾ- ਜਤਨ ਕਰਉ ਉਰਝਾਇ ਪਰੇਵੈ। ਮਾਇਆ ਫਸਾਇ ਦੇਤੀ ਹੈ।

**ਉਰਝਾਇਓ** ਪੰ. ਮਿਲਾਇ ਦੀਆ, ਯਥਾ- ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ। ਫਸਿ ਰਹਿਆ ਹੈ, ਯਥਾ- ਭੂਲਿਓ ਮਨੁ ਮਾਇਆ ਉਰਝਾਇਓ।

**ਉਰਝਿ** ਪੰ. ਮਿਲ, ਯਥਾ- ਉਰਝਿ ਰਹਿਓ ਸਭ ਸੰਗਿ। ਉਲਝ ਗਏ, ਯਥਾ- ਉਰਝਿ ਪਰੇ ਜੋ ਛੋਡਿ ਛਡਾਨਾ। ਉਨ ਵਿਖਯੋ ਮੇ ਉਰਝ ਰਹੇ

ਜੋ ਆਪ ਛੋਡ ਕੇ ਔਰੋ ਸੇ ਛੁਡਾਨੇ ਥੇ।

**ਉਰਝਿਓ** ਪੰ. ਫਸਿਆ, ਯਥਾ- ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ।

**ਉਰਝੀ** ਪੰ. ਅਤਿਸੈ ਪ੍ਰੀਤਿਵਾਨ ਭਈ, ਯਥਾ- ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ। ਵਿਖਿਓ ਮੇ ਲੰਪਟ ਹੋ ਰਹੀ ਹੈ, ਯਥਾ- ਉਰਝੀ ਤਾਣੀ ਕਿਛੁ ਨ ਬਸਾਇ। ਦੇਹਤਾਣੀ ਵਿਸਜੋ ਮੇ ਲੰਪਟ ਹੋ ਰਹੀ ਹੈ।

**ਉਰਝੇ** ਪੰ. ਲਪੇਟੇ ਗਏ, ਯਥਾ- ਤਿਨ ਹੀ ਮਾਹਿ ਅਟਕਿ ਜੋ ਉਰਝੇ।

**ਉਰਧ** ਦੇ. ਉਲਟਾ, ਯਥਾ- ਉਰਧ ਪੰਕ ਲੈ ਸੂਧਾ ਕਰੈ। ਉਲਟੇ ਹੂਏ ਪੰਕ ਪੰਕਜ ਕੋ ਲੇ ਕਰ ਸੀਧਾ ਕਰੇ। ਊਪਰ ਕੋ, ਯਥਾ- ਉਰਧ ਮੂਲ ਜਿਸੁ ਸਾਖ ਤਲਾਹਾ।

**ਉਰਧ ਤਪ** ਦੇ. ਉਲਟੇ ਹੋ ਕਰ ਤਪ ਕਰਣਾ, ਯਥਾ- ਗਰਭ ਕੁੰਟ ਮਹਿ ਉਰਧ ਤਪ ਕਰਤੇ।

**ਉਰਫ** ਅ. ਕ੍ਰਿਤਿਮ ਨਾਮ, ਕਵਿਤਾ ਮੇ ਕਵਿ ਕੀ ਛਾਪ।

**ਉਰਬੀ** ਸੰ. ਪ੍ਰਿਥ੍ਵੀ।

**ਉਰਵਾਰੁ** ਪੰ. ਉਰਲਾ ਪਾਸਾ ਅਰਥਾਤ ਇਹ ਲੋਕ, ਯਥਾ- ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ।

**ਉਰਿ** ਦੇ. ਅੰਤਹਕਰਣ ਮੇ, ਯਥਾ- ਰਾਮ ਨਾਮੁ ਅੰਤਰਿ ਉਰਿ ਧਾਰਿ। ਵੱਖਸਥਲ ਮੋ, ਛਾਤੀ ਮੋ, ਯਥਾ- ਹਰਿ ਹਾਰੁ ਉਰਿ ਪਾਇਆ। ਪ੍ਰਮੇਸ੍ਰ ਕਾ ਨਾਮ ਰੂਪ ਹਾਰ ਹਿਰਦੇ ਰੂਪ ਛਾਤੀ ਮੋ ਪਾਇਆ।

**ਉਰੋਜ** ਸੰ. ਥਨ।

**ਉਲਕਾਪਾਤ** ਸੰ. ਚਵਾਤੀਓ ਕਾ ਗਿਰਨਾ ਉਪਦ੍ਰਵ ਸੂਚਨ ਹੇਤ ਆਕਾਸ ਮੇ ਤਾਰੇ ਬਿਜਲੀ ਪਥਰ ਗਿਰਾ ਕਰਤੇ ਹੈਂ, ਤਿਨ ਮੋ ਤਾਰੇ ਗਿਰਨ ਕਾ ਨਾਮ ਉਲਕਾਪਾਤ ਹੈ।

**ਉਲੰਘੇ** ਪੰ. ਊਪਰ ਸੇ ਲਖ ਕੇ, ਯਥਾ- ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ।

**ਉਲਟ** ਦੇ. ਔਂਧਾ, ਪੁੱਠਾ ; ਅਪਨੇ ਸੁਭਾਵ ਸੇ ਬਦਲਾ ਹੂਆ ; ਉਲਟਾਇ ਕੇ, ਯਥਾ- ਮਨੂਆ ਉਲਟਿ ਸੁੰਨ ਮਹਿ ਗਹੈ। ਬ੍ਰਿਤੀ ਹਟ ਕੇ ਸੀਧੀ ਭਈ, ਯਥਾ- ਉਲਟ ਭਈ ਜੀਵਤ ਮਰਿ ਜਾਗਿਆ।

**ਉਲਟਤ** ਦੇ. ਉਲਟਤੀ ਪਵਨ ਨੇ ਭਾਵ ਅਪਾਨ ਵਾਯੂ ਨੇ, ਯਥਾ- ਉਲਟਤ ਪਵਨ ਚਕ੍ਰ ਖਟੁ ਭੇਦੇ।

**ਉਲਟਾਇਆ** ਗੁ. ਉਲਟੀ ਅਰਥਾਤ ਬੁਰੀ, ਯਥਾ- ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੁਰੀ ਉਲਟਾਇਆ।

**ਉਲਟਿਓ** ਦੇ. ਉਲਟਿਆ, ਯਥਾ- ਉਲਟਿਓ ਕਮਲੁ ਬ੍ਰਹਮੁ ਬੀਚਾਰਿ।

**ਉਲਟੀ** ਦੇ. ਉਲਟ ਗਈ ਬ੍ਰਿਤੀ, ਯਥਾ- ਸਤਿਗੁਰ ਮਿਲਿਐ ਉਲਟੀ ਭਈ। ਪੰ. ਵਮਨ ; ਉਲਟਾਇ ਕੇ, ਯਥਾ- ਉਲਟੋ ਪਵਨੁ ਫਿਰਾਵਉ। ਉਲਟ ਕੇ, ਯਥਾ- ਸੰਤਨ ਕੇ ਹਮ ਉਲਟੇ ਸੇਵਕ।

**ਉਲਟੀ ਗੰਗਾ** ਵਾ. ਉਲਟਾਇ ਕੇ ਬ੍ਰਿਤਿ ਵਾ ਉਲਟਾਇ ਕੇ ਪਵਨ, ਯਥਾ- ਉਲਟੀ ਗੰਗਾ ਜਮੁਨ ਮਿਲਾਵਉ।

**ਉਲਟੀ ਭਈ** ਗੁ. ਗੁਰੋਂ ਕੇ ਉਪਦੇਸ ਸੇ ਬ੍ਰਿਤੀ ਅਨਾਤਮਾ ਵਲੋਂ ਉਲਟੀ ਹੋ ਗਈ ਹੈ, ਯਥਾ- ਸਤਿਗੁਰ ਮਿਲਿਐ ਉਲਟੀ ਭਈ।

**ਉਲਟੈ ਬ੍ਰਹਮੁ** ਵਾ. ਜੋ ਸਰਬ ਅਨਾਤਮ ਵਸਤ ਕੀ ਓਰ ਸੇ ਬ੍ਰਹਮ ਓਰ ਉਲਟੇ, ਯਥਾ- ਸੋ ਬੈਰਾਗੀ ਜਿ ਉਲਟੇ ਬ੍ਰਹਮੁ। ਵਹੁ ਬੈਰਾਗਵਾਨ ਹੈ ਜੋ ਅਸਤ੍ਯ ਸੰਸਾਰ ਸੇ ਹਟ ਕਰ ਬ੍ਰਹਮ ਓਰ ਉਲਟੇ ਅਰਥਾਤ ਸੰਸਾਰ ਸੇ ਹਟਾ ਕਰ ਬ੍ਰਿਤੀ ਬ੍ਰਹਮ ਓਰ ਕਰੇ।

**ਉਲਥੜੇ** ਪੰ. ਡੇਰਾ ਕਰ ਬੈਠੇ, ਯਥਾ- ਸਰਿ ਹੰਸ ਉਲਥੜੇ ਆਇ।

**ਉਲਥੇ** ਪੰ. ਉਤਰ ਪਏ, ਯਥਾ- ਆਇ ਉਲਥੇ ਹੰਝ।

**ਉਲਾਸ** ਗੁ. ਆਨੰਦ, ਯਥਾ- ਰਣੁ ਦੇਖਿ ਸੂਰੇ ਚਿਤ ਉਲਾਸ। ਅਧਯਾਯ।

**ਉਲਾਸਹਿ** ਗੁ. ਉਤਸਾਹ ਕਰੇ ਹੈ, ਯਥਾ- ਹੰਸਾ ਸੇਤੀ ਚਿਤੁ ਉਲਾਸਹਿ। ਪੁਨਾ- ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ। ਨਾਮ ਜਪਨੇ ਕਾ ਉਤਸਾਹ ਕਰੇ ਹੈਂ।

**ਉਲਾਹਨੋ** ਪੰ. ਉਪਾਲੰਭ, ਯਥਾ- ਉਲਾਹਨੋ ਮੈ ਕਾਹੂ ਨ ਦੀਓ।

**ਉਲਾਹਮ** ਗੁ. ਲਾਹ ਦੀਏ, ਜੈਸੇ- ਸਭੇ ਦੁਖ ਉਲਾਹਮ ਨਾਨਕ ਨਦਰ ਨਿਹਾਲ।

**ਉਲਾਹਿ** ਪੰ. ਲਹਿ ਗਏ, ਯਥਾ- ਹਭੇ ਡੁਖੜੇ ਉਲਾਹਿ। ਉਤਾਰੀ, ਯਥਾ- ਸਗਲੀ ਤ੍ਰਿਸਨ ਉਲਾਹੀ ਸੰਤਹੁ।

**ਉਲਾਹਿਅਮੁ** ਪੰ. ਮੁ. ਲਾਹ ਦੀਏ, ਯਥਾ- ਹਭੇ ਡੁਖ ਉਲਾਹਿਅਮੁ।

**ਉਲਾਮਹ** ਦੇ. ਉਪਾਲੰਭ।

**ਉਲਾਮ੍ਹੇ** ਗੁ. ਉਪਾਲੰਭ, ਯਥਾ- ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨਿ੍ ਸਹੰਸ। ਪੁਨਾ- ਆਪਿ ਉਲਾਮ੍ਹੇ ਚਿਤਿ ਧਰੇਇ। ਨਜੂਨਤਾ ਪ੍ਰਕਟ ਕਰਤਾ ਬਚਨ ਉਲਾਮਾ ਕਹਾਤਾ ਹੈ।

**ਉਵਟੀਐ** ਗੁ. ਜਿਤੀਐਗਾ, ਯਥਾ- ਕਉਣੁ ਹਾਰੇ ਕਿਨਿ ਉਵਟੀਐ। ਪਰਕਰਨ ਸੇ ਜੀਤ ਅਰਥ ਜਾਣਨਾ।

**ਉਵਤਿਆ** ਪੰ. ਉਲਟੇ ਹੂਏ, ਯਥਾ- ਫਿਰੈ ਉਵਤਿਆ। ਬਿਪਰਯੇ ਸੁਭਾਵ ਵਾਲੇ ਹੂਏ ਫਿਰੇ ਹੈਂ ਜਨ।

**ਊਹਾਂ** ਗੁ. ਪ੍ਰਲੋਕ ਮੇ, ਯਥਾ- ਈਹਾ ਊਹਾ ਸੁਹੇਲਾ। ਲੋਕ ਪਰਲੋਕ ਮੇ ਸਦਾ ਸੁਖੀ ਰਹਤੇ ਹੈਂ। ਉਸ ਗਰਭ ਸਥਾਨ ਕੋ, ਯਥਾ- ਪ੍ਰਥਮੇ ਗਰਭ ਮਾਤਾ ਕੈ ਵਾਸਾ ਊਹਾ ਛੋਡਿ ਧਰਨਿ ਮਹਿ ਆਇਆ। ਦਸਮ ਦੁਆਰ ਮੇ, ਯਥਾ- ਊਹਾਂ ਸੂਰਜ ਨਾਹੀ ਚੰਦ।

**ਊਹੀ** ਗੁ. ਊਹਾ ਹੀ, ਯਥਾ- ਊਹੀ ਤੇ ਹਰਿਓ ਊਹਾ ਲੇ ਧਰਿਓ।

**ਊਖ** ਦੇ. ਈਖ।

**ਊਖਰੁ** ਦੇ. ਕਲਰ ਭੂਮੀ ਜੋ ਬ੍ਰਹਮ ਹਤਯਾ ਕੇ ਹਿੱਸੇ ਸੇ ਨਿਖਿਧ ਹੋ ਰਹੀ ਹੈ, ਯਥਾ- ਕਿਆ ਕਾਸੀ ਕਿਆ ਊਖਰੁ ਮਗਹਰੁ।

**ਊਖਲ** ਦੇ. ਉਖਲੀ।

**ਊਗਵਿਆ** ਦੇ. ਉਦੇ ਹੂਆ ਚੜਿਆ, ਯਥਾ- ਊਗਵਿਆ ਅਸਰੂਪੁ ਦਿਖਾਵੈ। ਸੰ. ਉਦਿਤ।

**ਊਗਵੈ** ਦੇ. ਉਦੇ ਹੋਤੀ ਹੈ, ਯਥਾ- ਸੁਰਤਿ ਹੋਵੈ ਪਤਿ ਊਗਵੈ।

**ਊਘੈ** ਦੇ. ਨਿੰਦ੍ਰਾ ਕੇ ਗ੍ਰਸੇ ਕੋ, ਯਥਾ- ਊਂਘੈ ਸਉੜਿ ਪਲੰਘੁ। ਨਿਰਗੁਣ ਸਰਗੁਣ ਕੇ ਉਪਾਸਕੋਂ ਮੇ, ਯਥਾ- ਈਘੈ ਨਿਰਗੁਨ ਊਘੈ ਸਰਗੁਨ।

**ਊਚ** ਦੇ. ਉੱਚਾ, ਯਥਾ- ਊਚ ਅਪਾਰ ਅਗੋਚਰ ਥਾਨਾ। ਪੁਨਾ- ਊਚ ਮੂਚ ਅਪਾਰੰ। ਊਚਾ ਬਡਾ। ਉਤਮ, ਯਥਾ- ਊਚ ਨੀਚ ਤਿਸ ਕੇ ਅਸਥਾਨ। ਪੁਨਾ- ਮਨ ਹਰਿ ਕੇ ਨਾਮ ਕੀ ਮਹਿਮਾ ਊਚ। ਹਾਥ ਪੈ ਊਚੀ ਧਾਰੀ ਗੋ ਮੁਖੀ, ਯਥਾ- ਹਸਤ ਊਚ ਪ੍ਰੇਮ ਧਾਰਣੀ। ਗੋ ਮੁਖੀ ਸੇਖ। ਬਡੀ, ਯਥਾ- ਸਭ ਤੇ ਊਚ ਤਾ ਕੀ ਸੋਭਾ ਬਨੀ। ਅਤਜੰਤ ਬਡਾ ਉੱਚਾ, ਯਥਾ- ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ।

**ਊਚ ਮਹਲ** ਵਾ. ਹੇ ਊਚੇ ਸਰੂਪ ਹਰੇ- ਭਾਵ ਹੇ ਤੁਰੀਆ ਸਰੂਪ ਪ੍ਰਮੇਸ੍ਵਰ।

**ਊਚਉ** ਗੁ. ਊਚਾ ਅਰਥਾਤ ਉਤਮ ਅੰਤਾਕਰਣ, ਯਥਾ- ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ। ਊਚਜੋ ਸੇ, ਯਥਾ- ਊਚਾ ਊਚਉ ਆਖੀਐ।

**ਊਚਾ** ਗੁ. ਉਤਮ, ਯਥਾ- ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ। ਪੁਨਾ- ਪ੍ਰਭ ਕਾ ਸਿਮਰਨੁ ਸਭ ਤੇ ਊਚਾ। ਉਤਮ ਨਿਸਕਾਮ ਧਰਮੋ ਸੇ ਭੀ ਉਤਮ ਹੈ। ਪੁਨਾ- ਸੋਊ ਗਨੀਐ ਸਭ ਤੇ ਊਚਾ। ਜਾਤਿ ਧਨਾਦਿਕੋ ਕੇ ਅਭਿਮਾਨ ਵਾਲੇ ਨਿਖਲੋ ਸੇ ਸ੍ਰੇਸ੍ਟ। ਅਹੰਕਾਰ ਸਹਿਤ, ਯਥਾ- ਊਚਾ ਨਹੀ ਕਹਣਾ ਮਨ ਮਹਿ ਰਹਣਾ। ਜਾਤਿ ਬ੍ਰਿਧਾਦਿਕ ਉਤਮੋ ਸੇ, ਯਥਾ- ਬ੍ਰਹਮ ਗਿਆਨੀ ਊਚ ਤੇ ਊਚਾ। ਅਵਸਥਾ, ਬ੍ਰਿਧ ਸੇ ਜਾਤਿ ਬ੍ਰਿਧ, ਤਾ ਸੇ ਵਿਦਯਾ ਬ੍ਰਿਧ, ਤਾ ਸੇ ਬ੍ਰਹਮ ਗ੍ਯਾਨ ਵਾਲਾ ਸ੍ਰੇਸ੍ਟ ਹੈ। ਯਾ ਭਾਵ ਸੇ ਅਵਸਥਾ ਬ੍ਰਿਧਾਦਿ ਸ੍ਰੇਸ੍ਟੋਂ ਸੇ ਸ੍ਰੇਸ੍ਟ ਕਹਿਆ ਹੈ। ਆਕਾਸ ਵਿਖੇ, ਯਥਾ- ਊਚਾ ਚੜੈ ਸੁ ਪਵੈ ਪਇਆਲਾ।

**ਊਚਾ ਚੜੈ** ਵਾ. ਜੋ ਹੰਕਾਰੀ ਬਣੇਗਾ ਸੋ ਨਰਕ ਮੈ ਪੜੇਗਾ, ਯਥਾ- ਊਚਾ ਚੜੈ ਸੁ ਪਵੈ ਪਇਆਲਾ।

**ਊਚੇ** ਦੇ. ਊਚੀ ਅਵਾਜ ਸੇ, ਯਥਾ- ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ। ਪ੍ਰਮੇਸ੍ਵਰ ਕੇ, ਯਥਾ- ਊਚੇ ਊਪਰਿ ਊਚਾ ਨਾਉ। ਤਿਸ ਕੀ ਪ੍ਰਾਪਤੀ ਕਾ ਉਪਾਯ ਹੋਨੇ ਸੇ ਤਾ ਸੇ ਸ੍ਰੇਸ੍ਟ।

**ਊਛਲੈ** ਪੰ. ਬਾਧੇ ਮੇ ਪੜੇਗਾ, ਯਥਾ- ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।

**ਊਜਰੁ** ਦੇ. ਉਜੜਾ ਹੂਆ, ਯਥਾ- ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ। ਪੁਨਾ- ਊਜਰੁ ਹੋਇ ਸੁ ਬਸੈ।

**ਊਜਲਾ** ਦੇ. ਸ੍ਵੇਤ, ਯਥਾ- ਕਾਗਉ ਹੋਇ ਨ ਊਜਲਾ। ਸੁਧ ਹੋਤਾ ਹੈ, ਯਥਾ- ਹੁਕਮੁ ਪਛਾਣੈ ਊਜਲਾ। ਸੁਧ, ਯਥਾ- ਗੋਵਿੰਦੁ ਊਜਲ ਊਜਲ ਹੰਸਾ। ਸੁਧ ਹੋਤੀ ਹੈ ਬੁਧੀ, ਯਥਾ- ਜੇ ਤਿਸੁ ਭਾਵੈ ਊਜਲੀ।

**ਊਠਉ** ਪੁ. ਉਠਤਾ ਹੂੰ, ਯਥਾ- ਊਠਉ ਬੈਸਉ ਰਹਿ ਭਿ ਨ ਸਾਕਉ।

**ਊਠਤ** ਦੇ. ਉਠਤੇ, ਖੜੇ ਹੋਤੇ, ਯਥਾ- ਊਠਤ ਬੈਠਤ ਹਰਿ ਭਜਹੁ। ਪੁਨਾ- ਊਠਤ ਬੈਠਤ ਸੋਵਤ ਨਾਮ। ਪੁਨਾ- ਊਠਤ ਬੈਠਤ ਹਰਿ ਹਰਿ ਗਾਈਐ।

**ਊਠਿ** ਦੇ. ਉਠ ਕੇ, ਯਥਾ- ਊਠਿ ਸਿਧਾਰੇ ਕੇਤ। ਉਸ੍ਰਰ ਪਸੁ, ਸੁਤਰ।

**ਊਡਉ** ਗੁ. ਉਡਤਾ ਹੋਂ।

**ਊਡਹਿ** ਗੁ. ਉਡਤੇ ਹੈਂ, ਯਥਾ- ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।

**ਊਡਿ ਗਏ** ਵਾ. ਨਾਸ ਹੋ ਗਏ, ਯਥਾ- ਊਡਿ ਗਏ ਬੇਕਾਰ।

**ਊਡੈ** ਦੇ. ਉਡੇ ਹੈ ਕੂੰਜਾ, ਯਥਾ- ਊਡੈ ਊਡਿ ਆਵੈ ਸੈ ਕੋਸਾ। ਉਡੇ ਹੈ ਕਾਤਕ ਸਮੇ ਕੂੰਜ ਉਡ ਕੇ ਸੈਕੜੇ ਕੋਸ ਚਲੀ ਆਵੇ ਹੈ। ਉਡਾ, ਯਥਾ- ਊਡਾਂ ਊਡਿ ਚੜਾਂ ਅਸਮਾਨਿ। ਪੁਨਾ- ਊਡਾਂ ਬੈਸਾ ਏਕ ਲਿਵ ਤਾਰ। ਦੂਰ ਹੋ, ਯਥਾ- ਊਡਿ ਜਾਇਗੋ ਧੂਮੁ ਬਾਦਰੋ। ਸਭੀ ਕੂੰਜਾ ਅਪਨੇ ਥਾਨੇ ਸੇ ਉਡੀ, ਯਥਾ- ਅਖਲੀ ਊਂਡੀ ਜਲੁ ਭਰ ਨਾਲਿ।

**ਊਣੰ ਤ** ਗੁ. ਊਣਤਾ ਕੋ, ਯਥਾ- ਊਣੰ ਤ ਭਰੀਅੰ। ਖਾਲੀਪਨ ਕੋ ਪ੍ਰਮੇਸ੍ਵਰ ਪੂਰਨ ਕਰੇ ਹੈ। ਸੰ. ਊਨਤਾ।

**ਊਣਮ** ਪੰ. ਖਾਲੀ ਥਾ ਸੋਕ ਕੇ ਨਿਮਿਤ, ਯਥਾ- ਊਣਮ ਝੂਣਾ ਗੁਰਿ ਸਜਣਿ ਜੀਉ ਧਰਾਇਆ। ਜੋ ਨਾਨਾ ਸੋਕੋ ਸੇ ਖਾਲੀ ਚਿਤ ਥਾ ਹਮਾਰਾ, ਸੋ ਗੁਰ ਸਜਣ ਨੇ ਸੋਕ ਦੂਰ ਕਰ ਥਿਰ ਕੀਆ।

**ਊਣੇ** ਦੇ. ਖਾਲੀ, ਯਥਾ- ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ। ਗ੍ਯਾਨ ਰਹਤ ਅੰਤਹਕਰਣੋ ਕੋ ਗ੍ਯਾਨ ਸੇ ਪੂਰਣ ਕਰ, ਅਲਪ ਕਾਲ ਮੇ ਕ੍ਰਿਤਾਰਥ ਕਰੇ ਹੈ, ਬਚਨ ਹੈ- ਏਕ ਚਿਤ ਜਿਹ ਇਕ ਛਿਨ ਧਿਆਇਓ। ਕਾਲ ਫਾਸ ਕੇ ਬੀਚ ਨ ਆਇਓ। ਸਾਸਤ੍ਰੋਂ ਕੇ ਗ੍ਯਾਨ ਸੇ ਖਾਲੀ, ਯਥਾ- ਊਣੀ ਨਾਹੀ ਝੂਣੀ ਨਾਹੀ। ਸਾਸਤ੍ਰ ਗ੍ਯਾਨ ਸੇ ਸੁਨ ਨਹੀ ਪੁਨਾ ਸੋਕ ਵਾਲੀ ਨਹੀ ਤਥਾ ਆਨ ਸਾਧਨੋ ਸੇ ਰਹਿਤ ਨਹੀ। ਖਾਲੀ ਨਹੀ ਕੋਈ ਥਾਨ, ਯਥਾ- ਊਣ ਨ ਕਾਈ ਜਾਇ।

**ਊਣੇ ਕਉ** ਦੇ. ਖਾਲੀ ਕੋ, ਯਥਾ- ਊਣੇ ਕਉ ਸੁਭਰ ਭਰਨ।

**ਊਤ** ਦੇ. ਪਰਲੋਕ ਕੇ, ਯਥਾ- ਈਤ ਊਤ ਕੇ ਮੀਤ। ਉਧਰ, ਯਥਾ- ਈਤ ਊਤ ਕਤ ਛੋਡਿ ਨ ਜਾਇ। ਇਸ ਸਮੇ ਆਨ ਸਮੇ ਵਾ ਇਸ ਲੋਕ ਮੇ ਪਰਲੋਕ ਮੇ ਵਾ ਇਸ ਦੇਸ ਮੇ ਆਨ ਦੇਸ ਮੇ।

**ਊਤਮ** ਸੰ. ਸ੍ਰੇਸ੍ਟ, ਯਥਾ- ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ।

**ਊਤਮ** ਦੇ. ਉਤਮ, ਸ੍ਰੇਸ੍ਟ, ਯਥਾ- ਊਤਮ ਸੇ ਦਰਿ ਊਤਮ ਕਹੀਅਹਿ। ਜੋ ਉਤਮ ਕਰਮੋ ਵਾਲੇ ਹੈਂ ਵਹੁ ਪ੍ਰਮੇਸ੍ਵਰ ਕੇ ਦਰਵਾਜੇ ਉਤਮ ਕਹੇ ਜਾਵੇ ਹੈਂ।

**ਊਤਮ ਪਾਤੀ** ਦੇ. ਹਰਿ ਜਪ ਸੇ ਉਤਮ ਪ੍ਰਤਿਸ੍ਟਾ, ਯਥਾ- ਹਰਿ ਜਪਿਓ ਊਤਮ ਪਾਤੀ।

**ਊਦ** ਫਾ. ਅਗਰ ਲਕੜੀ।

**ਊਂਦਰ** ਦੇ. ਚੂਹੇ ਕੋ, ਮੂਸੇ ਕੋ, ਜੈਸੇ- ਊਂਦਰ ਕੇ ਸਬਦ ਬਿਲਈਆ ਭਾਗੀ। ਉਦਰ, ਪੇਟ ਅਰਥਾਤ ਹਿਰਦੇ ਵਰਤੀ ਜੋ ਦੁੰਦ ਹੈਂ, ਯਥਾ- ਊਂਦਰ ਦੂੰਦਰ ਪਾਸਿ ਧਰੀਜੈ। ਸੰ. ਉਦਰ।

**ਊਧ** ਦੇ. ਮੁਧਾ ਹੋ ਰਿਹਾ ਥਾ ਸੋ, ਯਥਾ- ਊਧ ਕਵਲ ਬਿਗਸਾਂਤ। ਉਲਟਾ ਹੋ ਰਹਾ ਹਿਰਦਾ ਕਮਲ ਸੀਧਾ ਹੋ ਕਰ ਖਿੜ ਆਵੇ ਹੈ। ਉਲਟੇ ਬਰਤਨ ਮੇਂ, ਯਥਾ- ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ। ਉਲਟਾ, ਯਥਾ- ਮਨਮੁਖੁ ਊਧਾ ਕਉਲੁ ਹੈ। ਮਨਮੁਖੋ ਕਾ ਹਿਰਦਾ ਕਮਲ ਉਲਟਾ ਹੋ ਰਹਾ ਹੈ। ਸੰ. ਅਧ।

**ਊਂਧਉ** ਦੇ. ਕ੍ਰਿਸਨ ਜੀ ਕਾ ਪ੍ਰੇਮੀ ; ਉਲਟਾ ਕੀਆ, ਯਥਾ- ਊਂਧਉ ਖਪਰੁ ਪੰਚ ਭੂ ਟੋਪੀ।

**ਊਨ** ਸੰ. ਕਮ, ਨਯੂਨ, ਯਥਾ- ਜਾ ਕੈ ਊਨ ਨਾਹੀ ਕਾਹੂ ਬਾਤ। ਪੁਨਾ- ਨਾਨਕ ਊਨ ਨ ਦੇਖੀਐ। ਪੁਨਾ- ਊਨ ਪੂਰੀਨਾ। ਊਨ ਸੇ ਪੂਰੇ ਹੋ ਗਏ ਖਾਲੀ, ਯਥਾ- ਜੋ ਖਿਨ ਮਹਿ ਊਨੇ ਸੁਭਰ ਭਰਾਹੂ।

**ਊਨਵਿ** ਦੇ. ਨੀਵੇ ਹੋ ਕੇ, ਯਥਾ- ਊਨਵਿ ਬਰਸੈ ਨੀਝਰ ਧਾਰਾ। ਸੰ. ਉੱਨਮਿਤ।

**ਊਪ** ਦੇ. ਉਪਮਾ, ਸਮਾਨਤਾਈ ਕਾਹੂੰ ਵਸਤੁ ਸਾਥ।

**ਊਪਜੈ** ਦੇ. ਉਤਪੰਨ ਹੋਤੀ ਹੈ, ਯਥਾ- ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ। ਪੁਨਾ- ਸਚੁ ਮਿਲੈ ਸਚੁ ਊਪਜੈ।

**ਊਪਰਿ** ਦੇ. ਸਿਰ ਪੈ, ਯਥਾ- ਫੁਰਮਾਨੁ ਤੇਰਾ ਸਿਰੈ ਊਪਰਿ। ਆਗ੍ਯਾ ਆਪ ਕੀ ਸਭ ਕੇ ਸਿਰ ਪੈ ਹੈ। ਊਪਰ ਸੇ, ਯਥਾ- ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ। ਰਾਜ ਆਦਿਕ ਸਭ ਕੋ ਆਪ ਕੇ ਊਪਰ ਸੇ ਕੁਰਬਾਨ ਕਰੇ।

**ਊਪਰਿ ਆਵਹੁ** ਵਾ. ਸਭ ਸੇ ਊਪਰ ਆਵਹੁਗੇ, ਯਥਾ- ਪਵਹੁ ਚਰਣਾ ਤਲਿ ਊਪਰਿ ਆਵਹੁ।

**ਊਬਰਨਾ** ਦੇ. ਬਚਨਾ, ਯਥਾ- ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ।

**ਊਬਰੈ** ਦੇ. ਬਚਨਾ ਹੋਤਾ ਹੈ, ਯਥਾ- ਤਿਸ ਕੀ ਸਰਣੀ ਊਬਰੈ ਭਾਈ।

**ਊਭ** ਗੁ. ਅਕਾਸ ਮੇ, ਯਥਾ- ਛੂਟਸ ਨਹੀ ਊਭ ਪਇਆਲ। ਪੁਨਾ- ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।

**ਊਭ ਸੁਕ** ਪੰ. ਖੜ ਸੁਕ ਬ੍ਰਿਛ ਤੁਲਜ ਨਿਕੰਮੇ, ਯਥਾ- ਭ੍ਰਮ ਭੂਲੇ ਬਹੁ ਊਭ ਸੁਕ ਕਹੀਏ।

**ਊਭਉ** ਗੁ. ਖੜਾ ਹੈ, ਯਥਾ- ਜੰਮਣੁ ਮਰਣੁ ਸਿਰ ਊਪਰਿ ਊਭਉ।

**ਊਭੀ** ਗੁ. ਸਨਮੁਖ ਪਤੀ ਕੋ ਪ੍ਰਾਪਤ ਹੋ ਕਰ ਉਭੇ ਰੂਪ, ਯਥਾ- ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ। ਸਖੀ ਭਗਤ ਨੇ ਬਚਨ ਸੁਨਾਯਾ, ਆਜ ਮੈ ਸੁਪਨੇ ਮੈ ਸਮੀਪ ਆਏ ਪਤੀ ਸੇ ਮਿਲ ਦੋ ਰੂਪ ਵਾਲੀ ਹੋ ਗਈ। ਯਹ ਬਾਤ ਸੁਨਕੇ ਦੂਸਰੇ ਨੇ ਪ੍ਰਸ੍ਨ ਕੀਆ ਸਮੀਪ ਆਏ ਕਾ ਪਲਾ ਕਿਉ ਨਾ ਪਕੜ ਲੀਆ, ਖੜੀ ਹੋ ਕਰ, ਯਥਾ- ਊਭੀ ਸੇਵ ਕਰੇਇ। ਪੰ. ਖੜੇ ਹੋ ਕੇ, ਯਥਾ- ਗਲਿ ਸੰਗਲੁ ਸਿਰਿ ਮਾਰੇ ਊਭੌ।

**ਊਭੇ** ਦੇ. ਖੜੇ, ਯਥਾ- ਮਨਮੁਖ ਊਭੇ ਸੁਕਿ ਗਏ। ਮਨਮੁਖ ਖੜੇਸਰੀ ਬਨ ਤਪ ਕਰਤੇ ਹੀ ਖੜ ਸੁਕ ਬ੍ਰਿਛ ਕੇ ਤੁਲਯ ਖੁਸਕ ਹੋ ਜਾਵੇ ਹੈਂ। ਉਪਰ- ਮਾਥੇ ਊਭੇ ਜਮ ਮਾਰਸੀ।

**ਊਭੈ** ਦੇ. ਪਰਲੋਕ ਮੇ, ਯਥਾ- ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ। ਪੁਨਾ- ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ। ਪਰਲੋਕ ਮੇ ਅਰਥਾਤ ਨਰਕ ਮੇ ਜੀਵ ਖੜਾ ਸਿਰ ਮਾਰੇ ਹੈ, ਉਸ ਸਮੇ ਘਰ ਕੇ ਦਰਵਾਜੇ ਆਦਿਕ ਕਛ ਨਹੀ ਦਿਖਾਈ ਦੇਵੇ। ਖੜੇ, ਯਥਾ- ਊਭੇ ਕਰਨਿ ਪੁਕਾਰਾ। ਪੁਨਾ- ਕਾਰੇ ਊਭੇ ਜੰਤ। ਲੂਟਨ ਹੇਤ ਖੜੇ ਹੋਤੇ ਹੈ ਕਾਰੇ ਜੰਤ- ਚੋਰ ਜੀਵ।

**ਊਰਮ** ਦੇ. ਤਰੰਗ ; ਪ੍ਰਕਾਸ ; ਬੇਗ ; ਪੀੜਾ ; ਉਤਕੰਠਾ ; ਖੁਧਾ ਤ੍ਰਿਖਾ ; ਹਰਖ ਸੋਕ- ਜਨਮ ਮਰਨ ਯਹ ਖਟ ਉਰਮੀ। ਗੁ. ਤਰੰਗੋਂ ਵਾਲਾ ਜਲ, ਯਥਾ- ਊਰਮ ਧੂਰਮ ਜੋਤਿ ਉਜਾਲਾ। ਤਰੰਗੋਂ ਵਾਲੇ ਜਲ ਮੇਂ ਔਂ ਧੂਰਮ ਧੂਰ ਅਰਥਾਤ ਪ੍ਰਿਥੀ ਮੇਂ ਤਿਸੀ ਜੋਤਿ ਕਾ ਉਜਾਲਾ ਹੈ। ਸੰ. ਊਰਮਿ।

**ਊਰੇ** ਦੇ. ਊਣੇ, ਯਥਾ- ਤੂ ਪੂਰਾ ਹਮ ਊਰੇ ਹੋਛੇ। ਊਣਾ, ਯਥਾ- ਜਨੁ ਊਰਾ ਤੂੰ ਪੂਰਾ। ਊਣੀ, ਯਥਾ- ਕਾਈ ਬਾਤ ਨ ਰਹੀਆ ਊਰੀ। ਕੋਈ ਅਰਥ ਕਾਮਾਦਿ ਪਦਾਰਥ। ਸੰ. ਊਨ।

**ਊੜੈ** ਗੁ. ਇਸ ਨਾਮ ਵਾਲੇ ਅਖਰ ਸੇ ਉਪਦੇਸ ਕਰਤੇ ਹੈਂ, ਯਥਾ- ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ।

**ਓਂ ਨਮੋ** ਵਾ. ਓਂ ਜੋ ਬ੍ਰਹਮ ਕਾ ਵਾਚਕ ਹੋਨੇ ਸੇ ਨਮਸਕਾਰ ਜੋਗਯ ਅਖਰ ਹੈ, ਤਿਸ ਕਾ ਵਿਚਾਰ ਸੁਨੋ, ਨਮੋ ਯੋਗਯ ਓਂ ਅਖਰ ਤੀਨੋ ਭਵਨੋ ਮੇ ਸਾਰ ਹੈ। ਪੁਨਾ ਭਗਵਾਨ ਗੋਸ੍ਵਾਮੀ ਕੇ ਓਂ ਨਾਮ ਕੋ ਨਮਸਕਾਰ ਹੈ, ਯਥਾ- ਓਂ ਨਮੋ ਭਗਵੰਤ ਗੁਸਾਈ।

**ਓਅੰ** ਪੰ. ਓਂ ਅਖਰ ਜੋ ਉਚਾਰਣ ਮਾਤ੍ਰ ਸੇ ਜਪਨੇ ਵਾਲੇ ਕੀ ਰਖ੍ਯਾ ਕਰਤਾ ਹੈ। ਇਸ ਅਖਰ ਕੀ ਬ੍ਰਹਮ ਬੀਜ ਨਾਮ ਸੇ ਪ੍ਰਸਿਧੀ ਹੈ ਕਿਉਕਿ ਜੈਸੇ ਸ੍ਰੀ ਆਦਿਕ ਆਨ ਦੇਵਨ ਕੇ ਬੀਜ ਹੈਂ ਤੈਸੇ ਯਹ ਪਰਮਾਤਮਾ ਕਾ ਬੀਜ ਹੈ। ਬੀਜ ਕਾ ਅਰਥ ਵਾਚਕ ਨਾਮ ਮੁੱਖ ਕਰ

ਬ੍ਰਹਮ ਕਾ ਵਾਚਕ ਜਾਨ ਕੇ ਹੀ ਗੀਤਾ ਮੇ ਲਿਖਾ ਹੈ। ਸੰਪੂਰਣ ਵੇਦ ਮੇ ਪ੍ਰਣਵ ਅਖਰ ਈਸ੍ਵਰ ਕੀ ਬਿਭੂਤੀ ਹੈ। ਬ੍ਰਹਮ ਕੇ ਬੀਜ ਓਂ ਕੋ ਬ੍ਰਹਮ ਸੇ ਅਭਿੰਨ ਮਾਨ ਕੇ ਹੀ ਇਸ ਕੋ ਵੇਦ ਮੇ ਸਰਬ ਬਾਣੀ ਸ੍ਵਰੂਪ ਕਹਿਆ ਹੈ। ਪੁਨਾ ਵੈਸਾ ਮਾਨ ਕੇ ਹੀ ਸਰਬ ਕੀ ਇਸ ਸੇ ਉਤਪਤੀ ਕਹੀ ਹੈ, ਯਥਾ- ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ। ਓਂ ਬ੍ਰਹਮ ਕਾ ਵਾਚਕ ਹੋਨੇ ਤੇ ਬ੍ਰਹਮ ਸੇ ਅਭਿੰਨ ਹੈ, ਤਾਤੇ ਬ੍ਰਹਮਵਤ ਇਸੀ ਸੈ ਸੰਪੂਰਣ ਜੁਗਾਦਿ ਸ੍ਰਿਸ੍ਰਿ ਹੂਈ ਔ ਇਸੀ ਸੈ ਆਗੇ ਸੰਪੂਰਣ ਵੇਦ ਰਚਨਾ ਹੂਈ। ਆਰੰਭ ; ਅੰਗੀਕਾਰ, ਯਥਾ- ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ। ਅੰਗੀਕਾਰ ਪਿਆਰੇ ਕੀ ਪ੍ਰੀਤਿ ਕਾ ਹਮਾਰੇ ਚਿਤ ਮੇ ਸਭ ਸੇ ਮੁਖਕਰ ਹੈ। ਅਨੁਮਤਿ, ਸਲਾਹ ਜੈਸੇ ਕੋਈ ਪੂਛੇ ਦਾਨ ਕਰੇਂ, ਸੁਨ ਕੇ ਆਗੇ ਸੇ ਓਂ ਕਹੇ ਤਬ ਜਾਨੇ ਉਸ ਕੀ ਧਰਮ ਕਰਾਨੇ ਮੇ ਸਲਾਹ ਹੈ ; ਮੰਗਲ ਖਟ ਸਾਸਤ੍ਰੋਂ ਕੇ ਆਦਿ ਮੇ ਔਰ ਕੋਈ ਮੰਗਲ ਬੋਧਕ ਵਾਕ੍ਯ ਅਥਵਾ ਪਦ ਨਹੀ ਜੈਸੇ ਪੁਰਾਣ ਰਚਨਾ ਸੇ ਅਨੰਤ ਰਥ ਨੇ ਗ੍ਰੰਥੋ ਕੇ ਆਦਿ ਮੇ ਸ੍ਰੀ ਗਣੇਸਾਇ ਨਮ: ਆਦਿਕ ਹੈਂ। ਸਾਸਤ੍ਰੋਂ ਕੇ ਆਦਿ ਮੇ ਅਥ ਸਬਦ ਹੈ, ਨ੍ਯਾਯ ਸਾਸਤ੍ਰ ਕੇ ਆਦਿ ਮੇ ਪ੍ਰਮਾਣ ਪਦ ਹੈ, ਵੇਦ ਮੇ ਤੈਸੇ ਓਂ ਹੈ ; ਸੁਭ ; ਬ੍ਰਹਮ।

**ਓਅੰਕਾਰ** ਦੇ. ਓਂ ਅਖਰ ; ਅੰਗੀਕਾਰ ; ਓਅੰਕਾਰ ਨਾਮ ਵਾਲੀ ਗੁਰੁਬਾਣੀ। ਸੰ. ਓਂਕਾਰ।

**ਓਇ** ਦੇ. ਵਹੁ, ਯਥਾ- ਓਇ ਸੁਖ ਨਿਧਾਨ।

**ਓਇ** ਦੇ. ਪੰ. ਵਹੁ, ਓਹ, ਯਥਾ- ਓਇ ਜੁ ਦੀਸਹਿ ਅੰਬਰਿ ਤਾਰੇ। ਪੁਨਾ- ਓਇ ਪਰਦੇਸੀਆ ਹਾਂ। ਵਹੁ ਪਰਦੇਸੀ ਹੈਂ। ਨੀਚ ਸੰਬੋਧਨ, ਜੈਸੇ- ਓਇ ਓਹ ਕਾਂਮ ਕਰ ਲੇ।

**ਓਈ** ਗੁ. ਵਹੀ।

**ਓਸ ਦਾ** ਪੰ. ਉਸ ਕਾ, ਯਥਾ- ਓਸ ਦਾ ਬੋਲਿਆ ਕਿਸੈ ਨ ਭਾਇਆ।

**ਓਸ ਦੈ** ਪੰ. ਉਸ ਕੇ, ਯਥਾ- ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ। ਈਹਾਂ ਪਾਏ ਪਾਠ ਮਾਨ ਕੇ ਅਰਥ ਸੰਗਤੀ ਹੈ ਕਿਉਕੇ ਝਗੜੇ ਵਤ ਪਾਏ ਭੀ ਬਹੁਬਚਨ ਹੈ, ਬਿਸੇਖ ਬਿਸੇਖਣ ਕੇ ਲਿੰਗ ਬਚਨ ਵਿਭਕ੍ਤੀ ਤੁਲ੍ਯ ਹੋਤੇ ਹੈਂ, ਈਹਾ ਭੀ ਤੁਲ੍ਯਮਾਨ ਅਰਥ ਕੀਆ।

**ਓਸ ਨੋ** ਪੰ. ਉਸ ਨੂ, ਯਥਾ- ਓਸ ਨੋ ਸੁਖੁ ਨ ਉਪਜੈ।

**ਓਸੁ** ਪੰ. ਉਸ ਕੇ, ਯਥਾ- ਓਸੁ ਪਿਛੈ ਵਜੈ ਫਕੜੀ। ਪੁਨਾ- ਓਸੁ ਅੰਤਰਿ ਨਾਮੁ ਨਿਧਾਨੁ ਹੈ। ਉਸ ਨੂੰ, ਯਥਾ- ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ। ਤਿਸ, ਯਥਾ- ਓਸੁ ਵਿਟਹੁ ਕੁਰਬਾਣੁ ਕੀਆ। ਤਿਸ ਨੇ, ਯਥਾ- ਓਸੁ ਭੀ ਲਛਣੁ ਲਾਇਆ। ਕਲੰਕ ਲਾਇਆ।

**ਓਹਾੜ** ਗੁ. ਹੜ ਜਾ ਜਲ, ਯਥਾ- ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।

**ਓਹੀਅਲੁ** ਗੁ. ਜਿੰਦਾ, ਜੀਵਤਾ ਹੱਯੇ ਅਰਬੀ ਪਦ ਕਾ ਅਰਥ ਜਿੰਦਾ ਹੈ, ਹਯੇ ਕਾ ਹਈਅਲ, ਤਿਸ ਕਾ ਓਹੀਅਲ, ਐਸੇ ਹੂਆ ਜਾਨ ਪੜਤਾ ਹੈ ਜੈਸੇ ਮਧ੍ਯ ਕਾ ਮਹੀਅਲ ਹੈ ਅਥਵਾ ਅਹਲੀਅਤ ਅਰਬੀ ਮੇ ਸਾਹਿਬੀ ਕਾ ਨਾਮ ਹੈ, ਅਹਲੀਅਤ ਕਾ ਈਹਾ ਓਹੀਅਲ ਹੈ ਅਰਥਾਤ ਵਹੁ ਜਗਤ ਮੇ ਜੀਵਤਾ ਹੋ ਗਯਾ ਹੈ ਵਾ ਸਾਹਬੀ ਵਾਲਾ ਹੋ ਗਯਾ ਹੈ, ਯਥਾ- ਹੋਆ ਓਹੀਅਲੁ ਜਗ ਮਹਿ ਗੁਰ ਗਿਆਨੁ ਜਪਾਈ।

**ਓਹੁ** ਦੇ. ਵਹੁ, ਯਥਾ- ਓਹੁ ਨੇਹੁ ਨਵੇਲਾ। ਅਪੁਨੇ ਪ੍ਰੀਤਮ ਸਿਉ ਲਾਗਿ ਰਹੈ। ਪੁਨਾ- ਓਹੁ ਅਉਹਾਣੀ ਕਦੇ ਨਾਹਿ। ਵਹੁ ਪ੍ਰਮਾਤਮਾ ਨਾਸ ਹੋਨੇ ਵਾਲਾ ਕਿਸੇ ਕਾਲ ਮੇ ਨਹੀ। ਸੋ ਕਹੈ, ਯਥਾ- ਹੈ ਹੈ ਕਰਿ ਕੈ ਓਹਿ ਕਰੇਨਿ। ਮ੍ਰਿਤ ਸੰਬੰਧੀ ਕੇ ਨਾਮ ਸੇ ਰੁਦਨ ਸਮੇ ਪੰਜਾਬ ਕੀ ਇਸਤ੍ਰੀਆਂ ਹੈ ਹੈ ਕਰਕੇ- ਬਾਰੰ ਬਾਰ ਖੇਦ ਹੈ ਖੇਦ ਹੈ ਐਸੇ ਮੁਖ ਸੇ ਉਚਾਰ ਕੇ ਪੀਛੇ ਓਹ ਕਰੇਨ, ਮਹਾਨ ਸੋਕ ਹੈ, ਐਸੇ ਪ੍ਰਕਾਸ ਕਰੇ ਹੈਂ। ਇਸ ਓਹ ਕਾ ਮੂਲ ਅਹੋ ਸੰਸਕ੍ਰਿਤ ਹੈ, ਅਰਥ ਇਸ ਕੇ ਅਕਾਰ ਕੀ ਪੰਕ੍ਤੀ ਮੇ ਲਿਖੇ ਹੈ ਹੈ। ਹੈ ਕਾ ਮੂਲ ਅਹਹ ਸੰਸਕ੍ਰਿਤ ਹੈ ਸੋ ਭੀ ਅਕਾਰ ਪੰਕ੍ਤੀ ਮੇ ਹੈ- ਓਹ, ਵਹੁ, ਯਥਾ- ਓਹੁ ਜੇਹਾ ਬੀਜੇ ਤੇਹਾ ਫਲੁ ਖਾਏ।

**ਓਹੋ** ਪੰ. ਵਹੀ, ਯਥਾ- ਮਨਿ ਓਹੋ ਸੁਖੁ ਜਾਤੋ। ਜਿਸ ਨੇ, ਯਥਾ- ਉਹੀ ਪੀਓ ਉਹੀ ਖੀਓ। ਜਿਸ ਨੇ ਪੀਆ ਵਹੀ ਖੀਵਾ ਹੋਤਾ ਹੈ। ਸੋਕ ਹੈ, ਯਥਾ- ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ। ਵਹੁ, ਯਥਾ- ਓਹਾ ਪ੍ਰੇਮ ਪਿਰੀ। ਵਹੁ ਪਤਿ ਕੇ ਪ੍ਰੇਮ ਵਾਲਾ ਹੈ ਪੁਨਾ: ਓਹਾ ਮਤਿ ਬਿਸੇਖ। ਵਹੀ, ਯਥਾ- ਸਭ ਕਉ ਦਾਨੁ ਦੇਇ ਪ੍ਰਭੁ ਓਹੈ। ਪੁਨਾ- ਨਿਗੁਰੇ ਕੀ ਮਤਿ ਓਹੈ। ਪੁਨਾ- ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ।

**ਓਕ** ਪੰ. ਜਲ ਪੀਨੇ ਹੇਤ ਮੁਖ ਸਾਥ ਲਗਾਯਾ ਏਕ ਹਾਥ, ਯਥਾ- ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ। ਦੇ. ਘਰ।

**ਓਗਾਹਾ** ਗੁ. ਗਵਾਹ, ਸਾਖੀ, ਯਥਾ- ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ। ਕਰਨੇ ਵਾਲੇ ਕੋ ਨਰਕ ਸੁਰਗ ਦਿਵਾਵਨੇ ਹੇਤ ਵਹੀ ਗਵਾਹੀ ਦੇਵੇਂਗੇ।

**ਓਘ** ਸੰ. ਪ੍ਰਵਾਹ, ਸਮੁਦਾਯ, ਜੈਸੇ- ਜਿਹ ਪੂਜਨ ਤੇ ਅਘ ਓਘ ਨਸਾਹੀ।

**ਓਛਾ** ਪੰ. ਤੁਛ, ਹਲਕਾ, ਨੀਚ, ਯਥਾ- ਓਛਾ ਜਨਮੁ ਹਮਾਰਾ। ਜਲਧਾਰਾ ਸਹਨਾਦਿ, ਯਥਾ- ਓਛੇ ਤਪ ਕਰਿ ਬਾਹੁਰਿ ਐਬੋ।

**ਓਜਾੜਿ** ਦੇ. ਜੰਗਲ ਵਿਖੇ, ਯਥਾ- ਜਿਉ ਵਾੜੀ ਓਜਾੜਿ ਉਜਾੜੀ। ਜੈਸੇ ਜੰਗਲ ਮੇ ਭਾਵ ਸੁੰਨ ਥਾਨ ਮੇ ਖੇਤੀ ਕੋ ਨਾਸ ਕਰੇ ਹੈਂ ਮ੍ਰਿਗਾਦਿਕ। ਨਾਸ ਕੀ ਹਦ, ਯਥਾ- ਤੀਨੇ ਓਜਾੜੇ ਕਾ ਬੰਧੁ। ਪੰਡਤ ਕਾਜੀ ਜੋਗੀ ਤੀਨੋ ਸੰਸਾਰ ਕੋ ਨਾਸ ਕਰਨੇ ਕੀ ਸੀਮਾ ਹੈਂ। ਜੰਗਲੋਂ ਸਮਾਨ ਹੈਂ, ਯਥਾ- ਸੋਈ ਨਗਰ ਉਜਾੜੀ ਜੀਉ। ਨਾ ਬਸਤਾ ਜੰਗਲ ਸਮ ਸੰਸਾਰ, ਯਥਾ- ਖੋਜੀ ਲਧਮੁ ਖੋਜੁ ਛਡੀਆ ਉਜਾੜਿ।

**ਓਟਾ** ਦੇ. ਆਸਰਾ, ਯਥਾ- ਏਕ ਬਾਤ ਸੁਨਿ ਤਾਕੀ ਓਟਾ। ਸਤਸੰਗ ਸੇ ਦੂਤ ਦੂਰ ਹੋਤੇ ਹੈਂ ਏਹ ਇਕ ਬਾਤ ਸ੍ਰਵਣ ਕਰ ਸਤਸੰਗ ਕੀ ਓਟ ਲਈ ਹੈ। ਪਨਾਹ, ਆਸਰਾ, ਯਥਾ- ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ। ਪੁਨਾ- ਰੇ ਮਨ ਓਟ ਲੇਹੁ ਹਰਿ ਨਾਮਾ।

**ਓਟਾਇਆ** ਦੇ. ਓਟ, ਯਥਾ- ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ।

**ਓਟਾਈ** ਗੁ. ਓਟ, ਯਥਾ- ਗੋਬਿਦ ਚਰਣ ਓਟਾਈ।

**ਓਟਾਹਾ** ਪੰ. ਅਰਥਾਤ ਆਸਰਾ, ਯਥਾ- ਸਤਿਗੁਰ ਚਰਣ ਓਟਾਹਾ।

**ਓਡਾ** ਪੰ. ਜਿਮੀ ਖੋਦਨੇ ਸੁਘਨੇ ਵਾਲੀ ਜਾਤਿ ਕਾ ਓਡ ਆਦਮੀ, ਯਥਾ- ਜਿਉ ਓਡਾ ਕੂਪੁ ਗੁਹਜ ਖਿਨ ਕਾਢੈ। ਪੰ. ਓਤਨਾ।

**ਓਡਾਰੀ** ਗੁ. ਉਡਨਾ, ਯਥਾ- ਮਿਠੈ ਮਖੁ ਮੁਆ ਕਿਉ ਲਏ ਓਡਾਰੀ।

**ਓਡਾਰੀ** ਦੇ. ਉਡਣਾ, ਯਥਾ- ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।

**ਓਢਲੀਆ** ਦੇ. ਓਢੇ, ਪਹਰੇ, ਯਥਾ- ਕਾਨ ਕੁੰਡਲੀਆ ਬਸਤ੍ਰ ਓਢਲੀਆ।

**ਓਢਾਇਆ** ਦੇ. ਪਹਰਾਇਆ, ਯਥਾ- ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ। ਅਨੇਕ ਪ੍ਰਕਾਰ ਕੀ ਬਸਤ੍ਰਾਦਿ ਸਾਮਗ੍ਰੀਓ ਸੇ ਦੇਹ ਕਾ ਸ਼ਿੰਗਾਰ ਕਰਤਾ ਐਸਾ ਭਾਨ ਹੋਤਾ ਹੈ ਜੈਸੇ ਧਨੀ ਲੋਗੋ ਕਾ ਮੁਰਦਾ ਪਹਰਾਇਆ ਹੋਤਾ ਹੈ।

**ਓਢਾਏ** ਦੇ. ਪਹਿਰ ਲੀਏ, ਯਥਾ- ਅਨਿਕ ਪ੍ਰਕਾਰੀ ਬਸਤ੍ਰ ਓਢਾਏ।

**ਓਢਾਨੇ** ਦੇ. ਪਹਰੇ ਹੁਏ, ਯਥਾ- ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ। ਭੁਰਨੇ ਵਾਲੇ ਟੂਟਨੇ ਵਾਲੇ ਹੋਤੇ ਹੈਂ।

**ਓਢਿ** ਪੰ. ਪਹਰ ਕਰ, ਯਥਾ- ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ। ਪਹਰੇ, ਯਥਾ- ਧਨਿ ਧਨਿ ਕ੍ਰਿਸਨ ਓਢੈ ਕਾਂਬਲੀ।

**ਓਤਾਕੁ** ਗੁ. ਘਰ, ਯਥਾ- ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ। ਭਾਵ ਸਚੇ ਘਰ ਵਿਖੇ ਜਿਸ ਨੇ ਘਰ ਕੀਤਾ ਹੈ। ਬੈਠਕ।

**ਓਤਿ** ਦੇ. ਤਾਣੇ ਮੇ ਪੇਟੇ ਵਤ ਮਿਲ ਕੇ, ਯਥਾ- ਓਤਿ ਪੋਤਿ ਜਨੁ ਹਰਿ ਸਿਉ ਰਾਤਾ। ਪੁਨਾ- ਓਤਿ ਪੋਤਿ ਰਵਿਆ ਰੂਪ ਰੰਗ। ਤਾਣੇ ਮੇ ਪੇਟੇ ਵਤ ਰੂਪ ਆਕਾਰੋ ਮੇ ਰੰਗ ਵਰਣੋ ਮੇ ਮਿਲ ਰਹਾ ਹੈ।

**ਓਤਿ ਪੋਤਿ** ਦੇ. ਤਾਣਾ ਪੇਟਾ। ਸੰ. ਓਤਪ੍ਰੋਤ।

**ਓਤੈ** ਪੰ. ਉਨ ਕੇ ਸਾਥ ਕਾ, ਯਥਾ- ਓਤੈ ਸਾਥਿ ਮਨੁਖੁ ਹੈ। ਉਨ ਪਸੁ ਪੰਖੀਓ ਕਾ ਹੀ ਸਾਥੀ ਮਨੁਖ ਹੈ। ਉਸੀ ਕਾਮ ਸੇ, ਯਥਾ- ਤੁਧੁ ਓਤੈ ਕੰਮਿ ਓਇ ਲਾਇਆ।

**ਓਥੈ** ਗੁ. ਉਸ ਸਤਸੰਗ ਥਾਨ ਮੇ, ਯਥਾ- ਓਥੈ ਪਾਪੁ ਪੁੰਨੁ ਬੀਚਾਰੀਐ। ਪੁਨਾ- ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ। ਦਿਲੀ ਮੇ ਪਾਤਸਾਹੀ ਕਚਹਰੀ ਬੀਚ, ਯਥਾ- ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ।

**ਓਨਾ ਕੇ** ਦੇ. ਉਨ ਕੇ, ਯਥਾ- ਓਨਾ ਕੇ ਮੁਖ ਸਦ ਉਜਲੇ।

**ਓਨਾਹਾ** ਦੇ. ਉਨ ਕੋ ਹੀ, ਯਥਾ- ਓਨਾਹਾ ਜੋਗਈ। ਉਨ ਕੇ ਜਪਣੇ ਯੋਗਜ ਹੈ। ਉਨ ਕੋ ਹੀ, ਯਥਾ- ਓਇ ਸੁਖ ਨਿਧਾਨ ਉਨਹੂ ਬਨਿ ਆਏ।

**ਓਨਿ** ਪੰ. ਉਸ ਨੇ, ਯਥਾ- ਓਨਿ ਲਾਹਾ ਮੂਲੁ ਸਭੁ ਗਵਾਇਆ। ਉਨਹੂ ਨੇ, ਯਥਾ- ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ। ਈਹਾ ਭੀ ਓਨਾ ਪਾਠ, ਮਾਨ ਅਰਥ ਕਰਨਾ। ਉਨ ਸੰਤੋ ਕੇ, ਯਥਾ- ਓਨਾ ਹਲਤਿ ਪਲਤਿ ਮੁਖ ਉਜਲੇ। ਮਨਮੁਖੋ ਕੇ, ਯਥਾ- ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ। ਜੈਨੀਆਂ ਕੀ, ਯਥਾ- ਓਨਾ ਪਿੰਡੁ ਨ ਪਤਲਿ।

**ਓਨੀ** ਪੰ. ਉਨ ਜਮੋ ਨੇ, ਯਥਾ- ਓਨੀ ਤਕੜੇ ਪਾਏ ਹਾਥ।

**ਓਪਤਿ** ਗੁ. ਉਤਪੱਤੀ, ਯਥਾ- ਓਪਤਿ ਪਰਲਉ ਪ੍ਰਭ ਤੇ ਹੋਵੈ। ਪੁਨਾ- ਓਪਤਿ ਖਪਤਿ ਨ ਆਵਣ ਜਾਣੀ।

**ਉਪਾਵਾ** ਗੁ. ਯਤਨੋ ਮੇ ਸਿਰੋਮਣੀ, ਯਥਾ- ਉਪਾਵਾ ਸਿਰਿ ਉਪਾਉ।

**ਓਬਰੀ** ਦੇ. ਕੋਠੜੀ, ਯਥਾ- ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ।

**ਓਮਾਹਾ** ਪੰ. ਉਤਸਾਹ, ਯਥਾ- ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ। ਉਤਸਾਹ ਕਰਤੀ ਹੈ, ਯਥਾ- ਧਨ ਓਮਾਹੈ ਸਰਸੀ। ਸਖੀ ਭਗਤ ਉਤਸਾਹ ਕਰਤਾ ਹੈ ਆਨੰਦ ਹੋ ਕੇ।

**ਓਮੀ** ਅ. ਅਨਪੜ, ਯਥਾ- ਪੜਿਆ ਹੋਵੈ ਗੁਨਹਾਗਾਰੁ ਤਾ ਓਮੀ ਸਾਧੁ ਨ ਮਾਰੀਐ। ਜੇਕਰ ਪੜਿਆ ਦੋਸੀ ਹੋਵੇਗਾ, ਤਬ ਵਹੀ ਮਾਰ ਖਾਵੇਗਾ। ਉਸ ਕੀ ਜਗਾ ਅਨਪੜ ਸਾਧ ਪੁਰਖ ਨਹੀ ਮਾਰ ਖਾਵੇਗਾ।

**ਓਮੀਆ** ਦੇ. ਪੰ. ਨਾ ਪੜਿਆ ਕਾ, ਯਥਾ- ਪੜਿਆ ਅਤੈ ਓਮੀਆ ਵੀਚਾਰੁ ਅਗੈ। ਅ. ਉੱਮੀ।

**ਓਰਕੋ** ਦੇ. ਔਧੀ, ਯਥਾ- ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ। ਅੰਤ, ਯਥਾ- ਓੜਕੁ ਆਇਆ ਤਿਨ ਸਾਹਿਆ। ਪੁਨਾ- ਓੜਕ ਓੜਕ ਭਾਲਿ ਥਕੇ। ਅਵਧਿ ਸੇ ਔਧ ਹੋ ਤਾ ਸੇ ਓੜਕ ਬਨਾ ਹੈ।

**ਓਰੜ** ਦੇ. ਸਨਮੁਖ ਹੋ ਚੜ ਚੜ ਕੇ, ਜੈਸੇ- ਓਰੜ ਫਉਜਾ ਆਈਆ। ਓਰੜ ਕਾ ਮੂਲ ਉਨਵ ਤਾ ਕਾ ਮੂਲ ਸੰ. ਉੱਨਮਿਤ।

**ਓਰੈ** ਗੁ. ਉਰੇ ਹੀ, ਇਸ ਲੋਕ ਵਾ ਸੁਰਗ ਮੇ ਹੀ, ਯਥਾ- ਇਹਿ ਓਰੈ ਮੂਸੇ। ਪੁਨਾ- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ। ਦੇ. ਓਲੇ, ਯਥਾ- ਓਰਾ ਗਰਿ ਪਾਨੀ ਭਇਆ। ਪੁਨਾ- ਓਰੇ ਸਮ ਗਾਤੁ ਹੈ। ਜੈਸੇ ਜਲ ਕਾ ਓਲਾ ਜਮੀਨ ਪੈ ਪੜ ਸੀਘ੍ਰ ਗਲ ਜਾਤਾ ਹੈ ਤੈਸੇ

ਦੇਹ ਕੀ ਦਸਾ ਹੈ। ਸੰ. ਉਪਲ। ਦੇ. ਤਰਫ, ਯਥਾ- ਨਾਮਿ ਰਤੇ ਚਾਹਉ ਤੁਝ ਓਰੁ। ਗੁ. ਓੜਕ, ਯਥਾ- ਕਥਨੀ ਕਥਉ ਨ ਆਵੈ ਓਰ।

**ਓਰੈ** ਗੁ. ਔਰ ਨੈ, ਯਥਾ- ਓਰੈ ਕਹਹੁ ਕਿਨੈ ਕਛੁ ਕਰਾ।

**ਓਲ੍ਹਗ** ਦੇ. ਦ. ਪਹਚਾਨ, ਯਥਾ- ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ। ਸੰਤੋ ਕੀ ਪਹਚਾਨ ਕੀ ਪਹਚਾਨ ਵਾਲੇ ਹੈਂ।

**ਓਲ੍ਹਗਣੀ** ਦੇ. ਦ. ਪਹਚਾਨ ਵਾਲੇ, ਯਥਾ- ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ। ਸੰਤੋਂ ਕੀ ਪਹਚਾਨ ਵਾਲਿਆ ਕੇ ਪਹਚਾਨ ਵਾਲੇ।

**ਓਲ੍ਹਗੀਆ** ਦੇ. ਦ. ਪਹਿਚਾਨ, ਯਥਾ- ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ। ਤਮਾਮ ਜੋ ਥਾਰੇ ਆਪ ਕੀ ਪਹਚਾਨ ਵਾਲਯੋ ਕੇ ਪਹਚਾਨ ਵਾਲੇ ਜਨ ਹੈ, ਤਿਨ ਕੇ ਭੀ ਛੋਰੂ ਦਾਸ ਹੈ ਭਾਵ ਸਾਖ੍ਯਾਤ ਪਰੰਪਰਾ ਆਪ ਕੇ ਜਾਨਨੇ ਵਾਲਯੋ ਕੇ ਦਾਸ ਹੈਂ।

**ਓਲਾ** ਪੰ. ਆਸਰਾ, ਯਥਾ- ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ। ਪੁਨਾ- ਜੀਅਰੇ ਓਲ੍ਹਾ ਨਾਮ ਕਾ। ਓਲਾ ਪਾਨੀ ਕਾ। ਪੰ. ਪੜਦੇ ਮੇ, ਓਟ ਮੇ, ਯਥਾ- ਤ੍ਰਿਣ ਓਲੈ ਲਾਖੁ ਛਪਾਇਆ।

**ਓੜਿ** ਗੁ. ਸਰਣ, ਆਸਰੇ, ਯਥਾ- ਜਨ ਨਾਨਕ ਓੜਿ ਤੁਹਾਰੀ ਪਰਿਓ। ਓਟ ਮੂਲ ਹੈ। ਅਵਧੀ ਮੌਂ ਅਰਥਾਤ ਸੀਮਾ ਰੂਪ ਹਰਿ ਕੇ ਪਾਸ, ਯਥਾ- ਓੜਿ ਪਹੁਚਾਵਹੁ ਦਾਤੇ। ਅੰਤ ਪ੍ਰਯੰਤ, ਯਥਾ- ਕਰੁ ਗਹਿ ਲੇਹੁ ਓੜਿ ਨਿਬਹਾਵੈ। ਓਟ ਮੇ, ਯਥਾ- ਸਿਲ ਓੜ। ਪ੍ਰਿਸੂਬੰਧ ਮੇ ਮਾਸ ਕੀ ਬੋਟੀ ਕੇ ਓਲੇ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ ਗੁਰੂ ਗਿਰਾਰਥ ਕੋਸੇ ਉਕਾਰਾਦਿ ਸਬਦਾਰਥ ਰਚਨੰ ਸਮਾਪਤੰ॥

## ਅ

**ਅ** ਸੰ. ਅਭਾਵ ; ਨਹੀਂ, ਅਲਪ ; ਕ੍ਰਿਪਾ ; ਸੰਬੋਧਨ ; ਪ੍ਰਤਿਖੇਪ, ਫੈਕਨਾ ; ਅਕਾਰ ਅਰਥਾਤ ਆੜਾ ਅਖਰ।

**ਅਉ** ਗੁ. ਅਲਪ, ਜੈਸੇ- ਅਉਘਟ ਘਾਟ ਬਿਖਮ ਹੈ ਬਾਟ। ਅਲਪ ਘਾਟ ਹੈ, ਕਠਨ ਰਸਤਾ ਹੈ। ਸੰ. ਅਵਘਟ। ਪੁਨਾ- ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ। ਬਚਨਾਂਤਰੋ ਮੇਂ 'ਘਟਿ ਘਟਿ ਨਾਥੁ ਮਹਾ ਬਲਵੰਡਾ' ਕਹੇ ਈਸ੍ਵਰ ਨੇ ਅਲਪ ਰਿਦੇ ਥਾਨ ਰੂਪ ਜੋ ਹਸਤ ਮੜੀ ਹੈ ਮਠ ਤਿਸ ਮੇ ਅਪਨਾ ਘਰ ਬਨਾਇ ਰਖਾ ਹੈ। ਜਿਸ ਨੇ ਅਪਨੀ ਸਕਤੀ ਸੇ ਅਕਾਸ ਪ੍ਰਿਥੀ ਬਨਾਏ ਹੈਂ। ਇਸੀ ਪ੍ਰਕਾਰ ਅਉਗੁਨ ਅਉਸਰ ਅਉਧੂਤ ਆਦੀ ਪਦੋਂ ਮੇ ਅਵ ਸੇ ਅਉ ਬਨਾ ਹੈ ਅਵ ਕੇ ਅਰਥੋਂ ਅਨਸਾਰ ਹੀ ਅਰਥ ਹੋਂਗੇ। ਨਾਸ, ਯਥਾ- ਬਿਨ ਮੁਕੰਦ ਤਨ ਹੋਇ ਅਉਹਾਰ। ਅਪਹਾਰ ਭਾਵ ਨਾਸ। ਪੁਨਾ- ਦਸ ਨਾਰੀ ਅਉਧੂਤ ਦੇਨਿ ਚਮੋੜੀਐ। ਦਸ ਇੰਦ੍ਰੀਆਂ ਜੋ ਅਪਧੂਤ ਸੰਜਮ ਰਹਤ ਹੈਂ ਸੋ ਵਿਖਯੋ ਮੇ ਜੀਵੋ ਕੋ ਖਚਤ ਕਰ ਦੇਤੀ ਹੈਂ। ਸੰ. ਅਪਧੂਤ। ਐਸੇ ਬਹੁਤ ਥਾਨੋ ਮੇ ਅਪ ਸੇ ਅਉ ਬਨਾ ਹੈ। ਦੇ. ਪ੍ਰ. ਅਉ ਮੈ ਹਉ ਕੇ ਠਿਕਾਨੇ ਕਾਂਗੜੇ ਕੇ ਸਮੀਪੀ ਪਰਬਤ ਕੀ ਪਹਾੜੀ ਬੋਲੀ ਹੈ ਅੱਉਂ ਅਰਥ ਜਿਸ ਕਾ ਮੈ ਹੈ।

**ਅਉਸਰੁ** ਦੇ. ਸਮਾ, ਯਥਾ- ਫਿਰਿ ਇਆ ਅਉਸਰੁ ਚਰੈ ਨ ਹਾਥਾ। ਸੰ. ਅਵਸਰ।

**ਅਉਹਾਣੀ** ਗੁ. ਨਾਸ ਹੋਨੇ ਵਾਲਾ, ਯਥਾ- ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ।

**ਅਉਹਾਰ** ਗੁ. ਨਾਸ, ਯਥਾ- ਬਿਨੁ ਮੁਕੰਦ ਤਨੁ ਹੋਇ ਅਉਹਾਰ। ਸੰ. ਅਪਹਾਰ।

**ਅਉਹਾੜ** ਗੁ. ਬਜਾਪਜਾ ਹੜ ਵਰਖਾ ਸਮੇ ਜਲ ਕਾ ਫੈਲਾ ਪ੍ਰਵਾਹ ਅਰਥਾਤ ਭਗਤੋਂ ਕੋ ਮਾਯਾ ਕਾ ਮੇਲ ਜੋ ਗੋਬਿਦ ਭਜਨ ਬਿਨੁ ਹੜ ਕਾ ਜਲੁ ਕਹਯਾ ਹੈ। ਈਹਾ ਅਉ ਅਵ ਸੇ ਬਨਾ ਹੈ ਜਿਸ ਕਾ ਅਰਥ ਬਜਾਪਨ ਹੈ।

**ਅਉਹੇਰੀ** ਗੁ. ਸਿਕਾਰਨ, ਯਥਾ- ਸਗਲ ਮਾਰਿ ਅਉਹੇਰੀ। ਸਰਬ ਕੇ ਮਾਰਨੇ ਵਾਲੀ ਅਹੇਰਨ ਭਾਵ ਸਿਕਾਰਨ ਹੈ।

**ਅਉਖਧੁ** ਗੁ. ਉਪਦੇਸ ਰੂਪ ਔਖਧੀ, ਯਥਾ- ਇਹੁ ਅਉਖਧੁ ਜਗਿ ਸਾਰਾ।

**ਅਉਖੀ** ਪੰ. ਕਠਨ, ਯਥਾ- ਅਉਖੀ ਘੜੀ ਨ ਦੇਖਣ ਦੇਈ। ਅਉਖਾ।

**ਅਉਗਣ** ਦੇ. ਦੋਖ, ਐਬ। ਸੰ. ਅਗੁਣ, ਜੈਸੇ- ਅਉਗੁਣ ਕੀਤੇ ਹਰਿ ਨਾ ਚਿਤਾਰੇ।

**ਅਉਘਟ** ਗੁ. ਅਲਪ, ਜੈਸੇ- ਅਉਘਟ ਘਾਟ ਬਿਖਮ ਹੈ ਬਾਟ। ਕਠਨਤਾਈ, ਯਥਾ- ਅਉਘਟ ਕੀ ਘਟ ਲਾਗੀ ਆਇ। ਕਠਨਤਾਈ ਕੀ ਘੜੀ ਆ ਪ੍ਰਾਪਤ ਹੁਈ।

**ਅਉਜਾਤਿ** ਗੁ. ਨੀਚ ਜਾਤਿ, ਯਥਾ- ਅਉਜਾਤਿ ਰਵਿਦਾਸੁ ਚਮਿਆਰੁ ਚਮਈਆ। ਸੰ. ਅਪਜਾਤਿ।

**ਅਉਝੜ** ਪੰ. ਉਜਾੜ ਅਵੈਦਕ ਮਤ ਰੂਪ ਜੰਗਲ ਮੇਂ ।

**ਅਉਤਉ** ਦੇ. ਪ੍ਰ. ਮੈਂ, ਯਥਾ- ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ।

**ਅਉਤਾਕੁ** ਫਾ. ਖਾਨਹ ; ਘਰ ਭਾਵ ਸੇ ਘਰ ਮੇ ਥਿਤ ਮਾਤ੍ਰ, ਯਥਾ- ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ। ਅਥਵਾ ਫਾਰਸੀ ਮੇ ਅਉਤਾਕ ਟੈਣੀ ਮੇ ਉਲਝਨੇ ਵਾਲੇ ਅੰਗੂਰ ਕਾ ਨਾਮ ਹੈ ਤਿਸ ਕੇ ਸਮਾਨ ਸਚੇ ਘਰ ਮੇ ਤਿਸ ਕਾ ਉਲਝਨਾ ਹੈ ਭਾਵ ਖਚਤ ਹੋਨਾ ਹੈ। ਦੇ. ਸਿੰ. ਬੈਠਕ।

**ਅਉਤਾਰੁ** ਦੇ. ਉਤਰਨਾ, ਯਥਾ- ਨ ਹੋਇ ਜੋਨਿ ਅਉਤਾਰੁ। ਪੁਨਾ- ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ। ਉਤਰਨਾ ਪੜੇ ਹੈ ਅਨੇਕ ਜੂਨੋ ਮੇ।

**ਅਉਤੁ** ਪੰ. ਅਉਤਰਾ, ਸੰਤਾਨ ਸੇ ਖਾਲੀ, ਯਥਾ- ਅਉਤੁ ਜਣੇਦਾ ਜਾਇ। ਸੰ. ਅਨਪਤਯ।

**ਅਉਧ** ਦੇ. ਅਵਸਥਾ, ਯਥਾ- ਛਿਨੁ ਛਿਨੁ ਅਉਧ ਬਿਹਾਤੁ ਹੈ। ਸੀਮਾ, ਹਦ ; ਕਾਲ।

**ਅਉਧੁ** ਗੁ. ਹੇ ਅਵਧੂਤ, ਯਥਾ- ਅਉਧੁ ਮੇਰਾ ਮਨੁ ਮਤਵਾਰਾ।

**ਅਉਧੂਤ** ਦੇ. ਮੰਦ ਅਚਾਰੋ ਮੇ ਭਾਵ ਅਸੁਧ ਕਾਮੋ ਮੇ, ਯਥਾ- ਦਸ ਨਾਰੀ ਅਉਧੂਤ ਦੇਨਿ ਚਮੋੜੀਐ। ਦਸ ਇੰਦ੍ਰੀਆਂ ਅਸੁਧ ਵਿਸਯੋ ਮੇ ਪੁਰਖੋ ਕੋ ਖਚਤ ਕਰ ਦੇਤੀ ਹੈਂ। ਸੰ. ਅਪਧੂਤ। ਸੁਧ ਕਰੀ, ਜੈਸੇ- ਦਸ ਨਾਰੀ ਅਉਧੂਤਾ। ਦਸ ਇੰਦ੍ਰੀਆਂ ਸੰਜਮ ਸੇ ਸੁਧ ਕਰੀ ਹੈਂ। ਸੰ. ਅਵਧੂਤ। ਅਭਿਮਾਨ ਰਹਤ ਮਹਾਤਮਾ, ਯਥਾ- ਛਿਅ ਵਰਤਾਰੇ ਵਰਤਹਿ ਪੂਤ। ਨਾ ਸੰਸਾਰੀ ਨਾ ਅਉਧੂਤ। ਖਟ ਦਰਸਨੋ ਕੇ ਮਾਰਗੋ ਮੇ ਕੋ ਪਰੀਖਯਾ ਕਰ ਪਵਿਤ੍ਰ ਹੂਆ ਵਰਤੇ ਹੈ ਪੁਨਾ ਬਚਨ- ਸੰਤ ਕਾ ਸਫਲਾ ਹੂਤ। ਨਾਨਕ ਕਹੈ ਸੋਈ ਅਵਧੂਤ (ਰਤਨਮਾਲਾ)। ਉਪਦੇਸ ਬਚਨ ਜਿਸ ਮਹਾਤਮਾ ਕਾ ਧਰਮ ਮੁਕਤੀ ਫਲ ਦੇਨੇ ਸੇ ਸਫਲਾ ਹੋਤਾ ਹੈ ਸੋ ਅਵਧੂਤ ਹੈ।

**ਅਉਧੂਤੀ** ਦੇ. ਤ੍ਰਿਸਕਾਰ ਵਾਲੇ, ਯਥਾ- ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ। ਜੇਤੇ ਜੀਅ ਫਿਰੇ ਹੈਂ ਤ੍ਰਿਸਕਾਰ ਕੋ ਪ੍ਰਾਪਤ ਹੂਏ ਮਾਗਤੇ ਤਿਨ ਸਭ ਕੋ ਆਪ ਹੀ ਅੰਨ ਦੇਤਾ ਹੈ, ਬ੍ਰਣਾਸ੍ਰਮ ਕੇ ਅਭਿਮਾਨ ਕੋ ਕੰਬਾਨੇ ਵਾਲਾ, ਯਥਾ- ਸੋ ਅਉਧੂਤੀ ਜੋ ਧੂਪੈ ਆਪੁ। ਕੰਪਤ ਕਰੇ ਹੈ ਹੰਕਾਰ ਕੋ। ਪੁਨਾ- ਅਉਹਠ ਪਟਣ ਮਹਿ ਭੀਖਿਆ ਕਰੈ। ਸੋ ਅਉਧੂਤੀ ਸਿਵ ਪੁਰਿ ਚੜੈ। ਤਯਾਗੀਪਨਾ, ਯਥਾ- ਨਾ ਅਉਧੂਤੀ ਨਾ ਸੰਸਾਰੀ।

**ਅਉਰਤ** ਫਾ. ਇਸਤ੍ਰੀ, ਯਥਾ- ਕਾਇਆ ਕਿਰਦਾਰ ਅਉਰਤ ਯਕੀਨਾ।

**ਅਉਰਾਤ** ਫਾ. ਅਉਰਤਾਂ ਅਰਥਾਤ ਇੰਦ੍ਰੀਆਂ, ਯਥਾ- ਦਸ ਅਉਰਾਤ ਰਖਹੁ ਬਦ ਰਾਹੀ।

**ਅਉਲਿ** ਅ. ਉਤਮ, ਯਥਾ- ਅਉਲਿ ਦੀਨੁ ਕਰਿ ਮਿਠਾ।

**ਅਉਲਿ ਦੀਨੁ** ਫਾ. ਉਤਮ ਦੀਨ, ਯਥਾ- ਅਵਲਿ ਅਉਲਿ ਦੀਨੁ ਕਰਿ।

**ਅਉਲੀਏ** ਦੇ. ਵਲੀ ਫਕੀਰ, ਬਲਵਾਨ ਸੰਤ, ਯਥਾ- ਪੀਰ ਪੈਕਾਬਰ ਅਉਲੀਏ। ਵਲੀਓ ਕਾ ਬਹੁ ਬਚਨ ਅਉਲੀਏ ਹੈ ਜੈਸੇ ਨਬੀਓ ਕਾ ਬਹੁਬਚਨ ਅੰਬੀਏ ਹੈ।

**ਅਈਏ** ਗੁ. ਸੰਸਕ੍ਰਿਤ ਮੇ ਕੋਮਲਤਾ ਸੇ ਬਚਨ ਕਹਨੇ ਮੇ ਅਯਿ ਪਦ ਹੈ ਤਾਸੇ ਅਈਏ ਬਨਾ ਹੈ, ਯਥਾ- ਅਈਏ ਮਈਏ ਏਕ ਆਨ ਜੀਉ। ਹੇ ਪ੍ਰਮੇਸ੍ਵਰ ਦਇਆ ਕਰ ਮੁਝੇ ਇਕ ਅਪਨੇ ਅਦ੍ਵੈਤ ਸ੍ਵਰੂਪ ਕੀ ਓਰ ਲਿਆਵੋ।

**ਅੰਸ** ਸੰ. ਹਿੱਸਾ, ਅਵਯਵ।

**ਅਸੰਖ** ਦੇ. ਅਗਿਣਤ, ਯਥਾ- ਅਸੰਖ ਖਤੇ ਕਰਿ ਫੇਰੇ।

**ਅਸੰਗ** ਸੰ. ਸਰਬ ਕੇ ਸੰਗ ਹੀਨ।

**ਅਸਗਾਹੁ** ਪੰ. ਅਗਾਧ, ਡੂਘਾ, ਯਥਾ- ਸੁਣਿਐ ਹਾਥ ਹੋਵੈ ਅਸਗਾਹੁ।

**ਅਸੂਰਜ ਰੂਪੰ** ਦੇ. ਅਦਭੁਤ ਰੂਪ ਹੀ ਪ੍ਰਮੇਸ੍ਵਰ ਕਾ ਸ੍ਵਰੂਪ ਹੈ, ਯਥਾ- ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ। ਅਸ੍ਰਰਜ ਰੂਪੰ ਰਹੰਤ ਜਨਮੰ। ਨੇਤ ਨੇਤ ਕਥੰਤਿ ਬੇਦਾ। ਜੋ ਪ੍ਰਮੇਸ੍ਵਰ ਜਨਮ ਸਤਾ ਬ੍ਰਿਧੀ ਆਦਿਕ ਬਿਕਾਰ ਸੇ ਰਹਿਤ ਹੈ ਤਥਾ ਨੇਤਿ ਨੇਤਿ ਦੋ ਪਾਠੋ ਕਰ ਸੂਖਮ ਥੂਲ ਭਾਵ ਸੇ ਰਹਿਤ ਹੈ ਯਾਹੀ ਤੇ ਨਿਰਾਕਾਰ ਹੋਨੇ ਤੇ ਸਗੁਣ ਮੇਂ ਹੋਨੇ ਵਾਲੇ ਸੰਖ ਚਕ੍ਰਾਦਿ ਚਿੰਨੋਂ ਸੇ ਰਹਿਤ ਹੈ ਯਾਤੇ ਆਸਚਰਜ ਰੂਪ ਹੈ।

**ਅਸਟ ਸਿਧਿ** ਦੇ. ੧. ਯੋਗਜ ਸਕਤੀ ਕੇ ਪ੍ਰਤਾਪ ਸੇ ਅਣੂ ਰੂਪ ਹੋ ਜਾਨਾ ਅਨਿਮਾ ਸਿਧੀ ਹੈ ੨. ਵਾਮਨ ਅਵਤਾਰ ਵਤ ਦੇਹ ਕਾ ਮਹਾ ਵਿਸਤਾਰ ਕਰ ਲੇਨਾ ਮਹਮਾ ਸਿਧੀ ਹੈ ੩. ਸੁਰਸਾ ਕੇ ਮੁਖ ਮੇ ਪ੍ਰਵੇਸ ਕਰਨ ਕਾਲ ਮੇ ਜੈਸੇ ਹਨੁਮਾਨ ਨੇ ਦੇਹ ਅਤੀ ਲਘੁ ਕਰ ਲਈ ਵੈਸੀ ਕਰ ਲੇਨੀ ਲਘਿਮਾਂ ਸਿਧੀ ਹੈ ੪. ਮਨ ਬਾਂਛਿਤ ਭੋਗੋ ਕੀ ਪ੍ਰਾਪਤੀ

ਹੋਨੀ ਪ੍ਰਾਪਤੀ ਸਿਧੀ ਹੈ ੫. ਏਕ ਥਾਨ ਬੈਠੇ ਹੀ ਸਰਬ ਵਸਤੂਓ ਕੋ ਦੇਖਨਾ ਸੁਨਨਾ ਸਭ ਕੇ ਮਨ ਕੀ ਬਾਤ ਕਹਨੀ ਪਰਕਾਮਯ ਸਿਧੀ ਹੈ ੬. ਅਪਨੀ ਇਛਾਨੁਸਾਰ ਸਰਬ ਵਸਤੂਓ ਕੋ ਪ੍ਰੇਰਣਾ ਈਸਤਾ ਸਿਧੀ ਹੈ ੭. ਜੋ ਜੋ ਚਿਤ ਮੇ ਇਛਾ ਹੋਵੇ ਸੋ ਤਤਕਾਲ ਪੂਰਨ ਹੋਨੀ ਬਸਿਤਾ ਸਿਧੀ ਹੈ ੮. ਲੰਕਾ ਮੇ ਜੈਸੇ ਅੰਗਦ ਅਤਿ ਬੋਝਲ ਹੋ ਗਯਾ ਥਾ ਵੈਸੇ ਅਤਯੰਤ ਬੋਝਲ ਹੋ ਜਾਨਾ ਗਰਿਮਾ ਸਿਧੀ ਹੈ, ਭਗਤੋ ਕੋ ਯਹ ਆਠੋ ਮਿਲੇ ਹੈਂ, ਯਥਾ- ਅਸਟ ਸਿਧਿ ਨਵ ਨਿਧਿ।

**ਅਸਟਧਾਤੁ** ਦੇ. ੧. ਸੁਵਰਣ ੨. ਚਾਂਦੀ ੩. ਤਾਂਬਾ ੪. ਜਿਸਤ ੫. ਪਾਰਾ ੬. ਕ਼ਲੀ- ਰਾਂਗ ੭. ਲੋਹਾ ੮. ਸਿਕਾ। ਚਿਕਿਤਸਾ ਗ੍ਰੰਥੋ ਮੇ ਲਿਖੇ ਦੇਹ ਕੇ ਧਾਰਨੇ ਵਾਲੇ- ੧. ਰਸ ੨. ਰੁਧਿਰ ੩. ਮਾਸ ੪. ਮੇਦ- ਚਰਬੀ ੫. ਅਸਤੀ- ਹਡੀ ੬. ਮੱਜਾ- ਮਿੰਝ ੭. ਵੀਰਜ ੮. ਓਜ, ਏਹ ਸਰੀਰ ਕੇ ਧਾਰਨ ਸੇ ਧਾਤੁ ਕਹਾਵੇ ਹੈਂ ਇਨ ਸੇ ਸਰੀਰ ਕੀ ਧਾਰਨਾ ਐਸੇ ਹੈ ਪਹਲੇ ਮਾਤਾ ਕੇ ਰੁਧਰ ਪਿਤਾ ਕੇ ਬੀਰਜ ਕੇ ਮੇਲ ਸੇ ਸਰੀਰ ਕੀ ਉਤਪਤੀ ਹੋਤੀ ਹੈ ਪੀਛੇ ਆਹਾਰ ਸੇ ਬ੍ਰਿਧੀ ਹੋਤੀ ਹੈ ਸੇ ਐਸੇ ਹੈ ਭੋਗੇ ਅਹਾਰ ਕੇ ਸਰੀਰ ਮੇਂ ਦੋ ਭਾਗ ਹੋ ਜਾਤੇ ਹੈਂ। ਏਕ ਰਸ ਦੂਜਾ ਮਲ ਜੈਸੇ ਬੇਲਨੇ ਮੇ ਈਖ ਕੇ ਏਕ ਰਸ ਦੂਜਾ ਫੂਸ ਦੋ ਭਾਗ ਹੋਤੇ ਹੈਂ। ਮਲ ਭਾਗ ਗੁਦਾ ਮਾਰਗ ਸੇ ਹੋ ਕਰ ਈਖ ਕੇ ਫੂਸਵਤ ਬਾਹਰ ਨਿਕਸ ਜਾਤਾ ਹੈ। ਸੁਕਲ ਰੰਗ ਵਾਲਾ ਰਸ ਤੀਨ ਦਿਨ ਛਾਤੀ ਸਮੀਪ ਰਸਾਸਯ ਮੇ ਵਾਸ ਕਰ ਜਹਾਂ ਖਬੇ ਪਾਸੇ ਲਿਫ ਹੋਤੀ ਹੈ, ਤਹਾਂ ਰਹਨੇ ਵਾਲੇ ਰੰਜਕ ਨਾਮੇ ਪਿਤ ਕੇ ਉਪਰ ਪੜ ਪੱਕ ਕੇ ਲਾਲ ਹੋ ਰੁਧਿਰ ਬਨ ਜਾਤਾ ਹੈ। ਤੀਨ ਦਿਨ ਵਹਾਂ ਵਸ ਕਰ ਨਾਭੀ ਦੇਸ ਮੇ ਪਹੁਚ ਰੁਧਰ ਵਾਲੀ ਨਾੜੀਓ ਮੇ ਪੜ ਜਹਾਂ ਤਹਾਂ ਪਹੁਚ ਕੇ ਮਾਸ ਬਨ ਜਾਤਾ ਹੈ ਮਾਸ ਸੇ ਨਿਕਸ ਚਰਬੀ ਬਨ ਜਾਤਾ ਹੈ ਚਰਬੀ ਕਾ ਸਾਰ ਨਿਕਸ ਜਮ ਕਰ ਹਡੀ ਬਨ ਜਾਤੀ ਹੈ। ਹਡੀ ਕਾ ਸਾਰ ਨਿਕਸ ਮਿੰਝ ਬਨ ਜਾਤਾ ਹੈ ਜੋ ਹਡੀਓ ਕੇ ਭੀਤਰ ਘ੍ਰਿਤ ਹੋਤਾ ਹੈ ਮਿੰਝ ਕਾ ਸਾਰ ਨਿਕਸ ਕੇ ਬੀਰਜ ਬਨ ਜਾਤਾ ਹੈ। ਬੀਰਜ ਕਾ ਸਾਰ ਨਿਕਸ ਓਜ ਬਨ ਜਾਤਾ ਹੈ। ਇਸ ਧਾਤੁ ਮੇਂ ਬਿਵਾਦ ਹੈ ਕੋਈ ਮਾਨਤੇ ਹੈਂ ਕੋਈ ਨਹੀ ਮਾਨਤੇ। ਸਾਤ ਕੇ ਹੋਨੇ ਮੇ ਬਿਵਾਦ ਨਹੀ ਇਨ ਸੇ ਸਰੀਰ ਬਨਾ ਹੈ, ਯਥਾ- ਅਸਟਮੀ ਅਸਟ ਧਾਤੁ ਕੀ ਕਾਇਆ। ਰਸਾਦਿਕ ਧਾਤੂਓ ਕੀ ਦੇਹ ਹੈ। ਸੰ. ਅਸ੍ਰ ਧਾਤੁ।

**ਅਸਟਪਦੀ** ਦੇ. ਆਠ ਪਦੋ ਵਾਲੇ ਸਬਦ ਪਦ, ਈਹਾ ਅਨੇਕ ਤੁਕੋ ਕੇ ਸਮੁਦਾਯ ਰੂਪ ਪਾਠੋ ਕਾ ਨਾਮ ਹੈ। ਸੁਖਮਨੀ ਬਾਣੀ ਕੇ ਪਦੋ ਮੇ ਤੁਕਾਂ ਦਸ ਦਸ ਹੈ ਔਰ ਅਸਟਪਦੀਓਂ ਕੇ ਪਦੋ ਮੇ ਤੁਕਾ ਕਾ ਨੇਮ ਨਹੀ। ਸੰ. ਅਸ੍ਰਪਦੀ।

**ਅਸੁ** ਸੰ. ਸਮਾਪਤ।

**ਅਸਤਿ** ਫਾ. ਹੈ, ਯਥਾ- ਅਸਤਿ ਏਕੁ ਦਿਗਰ ਕੁਈ। ਸੰ. ਸਮਾਪਤ, ਜੈਸੇ- ਸੂਰਯ ਅਸਤ ਹੂਆ। ਸੰ. ਅਸ੍ਰ।

**ਅਸਤੀ** ਗੁ. ਹਡੀਆ, ਯਥਾ- ਸੂਆ ਹੈ ਅਸਤੀ। ਅਸਥ, ਯਥਾ- ਬਿਸਟਾ ਅਸਤ ਰਕਤੁ ਪਰੇਟੇ ਚਾਮ।

**ਅਸਤੁ** ਸੰ. ਹੋਵੋ।

**ਅਸਥੰਭੰ** ਦੇ. ਥੰਭੇ ਰੂਪ ਹੈ ਜਨੋਂ ਕੇ ਮਨ ਥਿਤ ਕਰਨੇ ਹੇਤ ਸੰਤੋਂ ਕੇ ਬਚਨ, ਯਥਾ- ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ। ਥੰਮਣਾ ਭਾਵ ਰੋਕਿਆ ਹੈ, ਯਥਾ- ਤੇਨ ਕਲਾ ਅਸਥੰਭੰ ਸਰੋਵਰੰ। ਉਸੀ ਈਸ ਕੀ ਸਕ੍ਤੀ ਨੇ ਥੰਭ ਰਖਾ ਹੈ ਸਮੁੰਦ੍ਰ। ਸੰ. ਸ੍ਤੰਭ।

**ਅਸਥਿ** ਦੇ. ਹਡੀ, ਯਥਾ- ਬਿਸਟਾ ਅਸਤ ਰਕਤੁ ਪਰੇਟੇ ਚਾਮ। ਸੰ. ਅਸਥਿ।

**ਅਸਥਿਤੰ** ਗੁ. ਥਿਤ ਰਹਤੇ, ਯਥਾ- ਅਸਥਿਤੰ ਸੋਗ ਹਰਖੰ ਭੈ। ਪੂਰਬ ਜੋ ਸੋਕਾਦਿ ਕੋ ਮੇ ਥਿਤ ਰਹਤੇ ਥੇ ਅਕ੍ਰਿਤਘ੍ਨ ਵਤ ਪਾਠ ਹੈ।

**ਅਸਨ** ਸੰ. ਭੋਜਨ, ਜੈਸੇ- ਅਸਨ ਬਸਨ।

**ਅਸਨ** ਸੰ. ਅਸੱਤ ਰੂਪ ਪਦਾਰਥ।

**ਅਸਨੇਹੀ** ਪੰ. ਪ੍ਰੇਮੀ, ਸਨੇਹੀ, ਯਥਾ- ਸਭ ਮਿਥਿਆ ਅਸਨੇਹੀ। ਅਸਨਾਹ। ਯਵ: ਆਸਨਾਇ। ਦੇ. ਐਸਾ ਨਹੀ।

**ਅਸਪਤਿ** ਦੇ. ਸੂਰਯ, ਯਥਾ- ਅਸਪਤਿ ਗਜਪਤਿ ਨਰਹ ਨਰਿੰਦ।

**ਅਸਮਾਨਿ** ਦੇ. ਅਕਾਸ, ਯਥਾ- ਅਸਮਾਨਿ ਕਿਆੜਾ ਛਿਕਿਓਨੁ। ਫਾ. ਅਸਮਾਨ। ਸੰ. ਅਤੁਲਜ, ਨਾ ਬਰਾਬਰ। ਗੁ. ਬਦਰੀ ਆਦਿ ਊਚੇ ਥਾਨ, ਯਥਾ- ਉਡਿ ਚੜਾਂ ਅਸਮਾਨਿ। ਅਕਾਸੋਂ ਮੇਂ, ਯਥਾ- ਸੈ ਅਸਮਾਨੀ ਜਾਉ।

**ਅਸਰਾਉ** ਗੁ. ਆਸਰਾ ਦੇਨੇ ਵਾਲਾ, ਯਥਾ- ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ। ਪੁਨਾ- ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ।

**ਅਸਰਾਲੁ** ਗੁ. ਭਯਾਨਕ, ਯਥਾ- ਜਲਾ ਬਿੰਬੁ ਅਸਰਾਲੁ। ਜਲ ਹੀ ਜਲ ਹੈ ਭਯਦਾਈ। ਅਸੁਰਾਲਯ ਅਰਥਾਤ ਪਾਤਾਲ ਪ੍ਰਯੰਤ ਉਦਾਹਰਣ ਪੂਰਬਲਾ ਹੀ ਹੈ।

**ਅਸਲ** ਫਾ. ਜੜ, ਮੂਲ ; ਸਹੀ, ਨਿਸਚੇ, ਯਥਾ- ਨਾਨਕ ਸੋ ਨਰ ਅਸਲਿ ਖਰ।

**ਅੰਸਾ ਅਉਤਾਰ** ਵਾ. ਈਸ੍ਵਰ ਦੇ ਗੁਨ ਸਕਤੀ ਆਦਿ ਧਰਮ ਕਰ ਪੂਰਣ ਵਾਮਨਾਦਿ ਅਵਤਾਰ, ਯਥਾ- ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ।

**ਅਸਾਈ** ਗੁ. ਆਸਾ।

**ਅਸਾਹ** ਗੁ. ਸ੍ਵਾਸਹੀਨੋ ਕੋ, ਯਥਾ- ਜੀਵਾਲੇ ਤਾ ਕਿ ਅਸਾਹ। ਈਹਾ ਅਸਾਹ ਜੀਵਾਲੇ ਤਾ ਕਿਆ ਅਨ੍ਵਯਕਰ ਹੇ ਪ੍ਰਮੇਸ੍ਵਰ ਜੋ ਤੂ ਪ੍ਰਾਣਹੀਨੋ ਕੋ ਜਿਵਾਵੇ ਤਾ ਕਿਆ ਹੈ ਭਾਵ ਅਨੰਤ ਸਕਤੀ ਵਾਲੇ ਤੁਝ ਕੋ ਕੁਛ

ਆਸਚਰਯ ਨਹੀ ਬਚਨਾਂਤਰ ਹੈ- ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ। ਹਮਾਰੇ ਮੇ, ਯਥਾ- ਅਉਗਣ ਸਭਿ ਅਸਾਹ।

**ਅਸਾਜੁੰ ਸਾਜਿ** ਵਾ. ਨਾ ਸਾਜਣੇ ਜੋਗ ਵਸਤੂ ਕਾ ਸਾਜ, ਯਥਾ- ਅਸਾਜੁੰ ਸਾਜਿ ਸਮਜਯਾ।

**ਅਸਾਧ** ਦੇ. ਕਾਹੂ ਉਪਾਇ ਸੇ ਨਾ ਦੂਰ ਹੋਨੇ ਵਾਲਾ ਰੋਗਾਦਿ, ਯਥਾ- ਅਸਾਧ ਰੋਗਣਹ। ਜਾਤਿ ਧਨਾਦਿਕੋ ਕਾ ਅਹੰਕਾਰ ਚਿਤ ਮੇ ਗਰੀਬੀ ਬਸਾਏ ਬਿਨਾ ਕਾਹੂ ਅੰਨ ਉਪਾਯ ਸੇ ਨਾ ਦੂਰ ਹੋਨੇ ਤੇ ਕੁਸ੍ਰ ਸਮ ਅਸਾਧ ਰੋਗ ਹੈ। ਸੰ. ਅਸਾਧਯ।

**ਅਸਾਧਿਓ** ਦੇ. ਕਠਨ।

**ਅਸਾਰ** ਸੰ. ਸਾਰਹੀਨ, ਨਿਸਫਲ। ਦੇ. ਧਾਰਾ ਰੂਪ ਬਰਖਾ, ਯਥਾ- ਨੈਨੀ ਨੀਰੁ ਅਸਾਰ ਬਹੈ। ਸੰ. ਬੇਖਬਰ, ਯਥਾ- ਨ ਸੋਈਐ ਅਸਾਰ।

**ਅਸਾੜਾ** ਪੰ. ਹਮਾਰਾ, ਯਥਾ- ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ। ਅਸਾੜੀ।

**ਅਸਿ** ਸੰ. ਖੜਗ ਹੈ ਕ੍ਰਿਯਾਵਾਚਕ ਮਧਯਮ ਪੁਰਖ ਕਾ ਏਕਵਚਨ, ਜੈਸੇ ਤਤ੍ਵਮਸਿ- ਤਤ- ਵਹੁ ਪਰਮਾਤਮਾ ਤ੍ਵੰ- ਤੂੰ ਅਸਿ- ਹੈ।

**ਅਸੀ** ਪੰ. ਹਮ, ਯਥਾ- ਅਸੀ ਖਤੇ ਬਹੁਤੁ ਕਮਾਵਦੇ। ਪੁਨਾ- ਗਲੀਂ ਅਸੀ ਚੰਗੀਆ। ਅੱਸੀ ਬਰਸ ਕਾ, ਯਥਾ- ਅਸੀਹਾਂ ਕਾ ਵਿਉਹਾਰੁ ਨ ਪਾਵੈ। ਹਮਾਰੇ ਸੇ, ਜੈਸੇ- ਅਸਾ ਨਾਲੋ ਸਗ ਭਲੇ। ਹਮਾਰੇ ਮੈ, ਯਥਾ- ਅਉਗਣ ਸਭਿ ਅਸਾਹ। ਐਸਾ, ਜੈਸੇ- ਅਸ ਕੋ ਜਨ ਜਨਮਿਓ ਜਗ ਮਾਹੀ।

**ਅਸੀਸੜੀਆ** ਪੰ. ਅਸੀਸਾਂ, ਅਸੀਰਬਾਦ, ਯਥਾ- ਦੇਹੁ ਸਜਣ ਅਸੀਸੜੀਆ।

**ਅਸੁਨਿ** ਦੇ. ਅਸ੍ਵਨੀ ਨਛਤ੍ਰ ਯੁਤ ਪੁਨਜਾ ਵਾਲਾ ਮਹੀਨਾ, ਯਥਾ- ਅਸੁਨਿ ਪ੍ਰੇਮ ਉਮਾਹੜਾ। ਸੰ. ਆਸ੍ਵਿਨ।

**ਅਸੁਰ ਸੰਘਾਰੇ** ਸੰ. ਹੇ ਅਸੁਰ ਸੰਘ, ਰਾਖਸੋ ਕੇ ਸਮੁਦਾਯ ਕੇ ਵੈਰੀ, ਯਥਾ- ਜਗਦੀਸੁ ਹਰਿ ਜੀਉ ਅਸੁਰ ਸੰਘਾਰੇ।

**ਅਸੁਲੂ** ਦੇ. ਅਸਲ ਸੇ, ਵਾਸਤਵ ਸੇ, ਯਥਾ- ਅਸੁਲੂ ਇਕੁ ਧਾਤੁ। ਵਾਸਤਵ ਸੇ ਏਕ ਹੀ ਸਰਬ ਕੋ ਧਾਰਨ ਕਰਨੇ ਵਾਲਾ ਹੈ।

**ਅਸੁ** ਪੰ. ਅਸੂ ਕਾ ਮਹੀਨਾ, ਕੁਆਰ ਮਾਸ, ਯਥਾ- ਅਸੁ ਸੁਖੀ ਵਸੰਦੀਆ। ਸੰ. ਆਸ੍ਵਿਨ।

**ਅਸੇਸ** ਸੰ. ਸੰਪੂਰਣ।

**ਅਸੇਖ** ਸੰ. ਸੰਪੂਰਣ।

**ਅਸੋਖ** ਦੇ. ਜੋ ਪਵਨ ਸੇ ਸੋਖਿਆ ਨ ਜਾਵੇ। ਸੰ. ਅਸੋਖਯ।

**ਅਹੰ** ਸੰ. ਅਹੰਕਾਰ, ਯਥਾ- ਮੋਰੀ ਅਹੰ ਜਾਇ ਦਰਸਨ ਪਾਵਤ ਹੇ। ਪੁਨਾ- ਅਹੰ ਫਾਂਸ ਤੀਖ੍ਣ ਕਠਿਨਹ। ਮੈ, ਜੈਸੇ- ਏਕੋ ਅਹੰ ਬਹੁਸ੍ਯਾਂ। ਸ੍ਰਿਸ੍ਰਿ ਕੀ ਰਚਨਾ ਸਮੇ ਈਸੂਰ ਸੇ ਸੰਕਲਪ ਕਰਤਾ ਹੈ ਏਕ ਮੈ ਬਹੁਤ ਹੋਵੇਂ ਯਹ ਸ੍ਰੁਤਿ ਕਾ ਅਰਥ ਹੈ।

**ਅਹੰ ਤੋਰੋ** ਵਾ. ਅਹੰਕਾਰ ਕਾ ਨਾਸ ਕਰੋ।

**ਅਹੰ ਫਾਂਸ** ਗੁ. ਅਹੰਕਾਰ ਰੂਪ ਫਾਹੀ, ਯਥਾ- ਅਹੰ ਫਾਂਸ ਤੀਖ੍ਣ ਕਠਿਨਹ। ਸੰਸਾਰ ਬਨ ਮੋ ਏਹੋ ਹੰ ਫਾਸੀ। ਪੁਨਾ ਪੁਨਾ ਅੰਤਾਕਰਣ ਮੇ ਧਸਨੇ ਸੇ ਤੀਖਣ ਹੈ ਨਾ ਟੂਟਨੇ ਸੇ ਬਡੀ ਕਰੜੀ ਹੈ

**ਅਹੰ ਬੰਧ** ਸੰ. ਅਹੰਕਾਰ ਰੂਪ ਬੰਧਨ।

**ਅਹੰ ਭ੍ਰਮਣੀ** ਗੁ. ਅਹੰਕਾਰ ਰੂਪ ਭ੍ਰਮ, ਯਥਾ- ਚੂਕੀ ਅਹੰ ਭ੍ਰਮਣੀ।

**ਅਹੰ ਮਤ** ਗੁ. ਠਗ ਲੀਏ ਅਹੰਕਾਰ ਵਾਲੀ ਮਤਿ ਨੇ, ਯਥਾ- ਅਹੰ ਮਤ ਅਨ ਰਤ ਕੁਮਿਤ ਹਿਤ।

**ਅਹਹ** ਸੰ. ਅਬਜਯ ; ਅਦਭੁਤ ; ਖੇਦ ; ਪਰਿਕਲੇਸ ; ਪ੍ਰਕਰਖ ; ਸੰਬੋਧਨ ; ਪੀਟਨੇ ਸਮੇ ਵਾਲਾ 'ਹੈ ਹੈ' ਬਚਨ ਇਸੀ ਸੇ ਬਨਾ ਹੂਆ ਹੈ ਅਰਥ ਉਸ ਕਾ ਖੇਦ ਹੈ।

**ਅਹਕਰਣੁ** ਸੰ. ਅਹੰਕਾਰ, ਯਥਾ- ਜਿਨਿ ਵਿਚਹੁ ਅਹਕਰਣੁ ਚੁਕਾਇਆ।

**ਅਹੰਕਾਰ ਨਿਵਾਰਣੁ** ਸੰ. ਅਹੰਕਾਰ ਦੂਰ ਕਰਨੇ ਵਾਲਾ ਪ੍ਰਮੇਸੂਰ, ਯਥਾ- ਅਹੰਕਾਰ ਨਿਵਾਰਣੁ ਹੈ ਭਵ ਖੰਡਨੁ।

**ਅਹੰਬੁਧਿ** ਸੰ. ਜਾਤਿ ਧਨਾਦਿਕੋ ਕੇ ਅਹੰਕਾਰ ਕੀ ਮਤੀ ਵਾਲੇ ਕਾ, ਯਥਾ- ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ। ਅਭਿਮਾਨੀ ਕਾ ਨਾਸ ਹੋਨਾ ਇਹ ਆਦ ਕੀ ਚਾਲ ਹੈ, ਉਕੁੰਚ- ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।

**ਅਹੰਮੇਵ** ਗੁ. ਅਹੰਕਾਰ, ਯਥਾ- ਜੈਦੇਵ ਤਿਆਗਿਓ ਅਹੰਮੇਵ। ਜੈ ਦੇਵ ਨੇ ਬ੍ਰਾਹਮਣਪਣੇ ਕਾ ਅਹੰਕਾਰ ਤਿਆਗਿਆ। ਪੁਨਾ- ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ।

**ਅਹਰਣਿ** ਪੰ. ਜਿਸ ਕੇ ਉਪਰ ਰਖ ਕੇ ਲੋਹਾਰ ਲੋਹਾ ਘੜਤੇ ਹੈ ਵਹੁ ਲੋਹੇ ਕਾ ਸੰਦ, ਜੈਸੇ- ਅਹਰਨ ਜਿਉ ਵੇਦਾਣ। ਪੁਨਾ- ਅਹਰਣਿ ਮਤਿ ਵੇਦੁ ਹਥੀਆਰੁ।

**ਅਹਵਾਲ** ਫਾ. ਦਸਾ, ਹਾਲ, ਯਥਾ- ਮਮ ਈਂ ਚਿਨੀ ਅਹਵਾਲ।

**ਅਹਾਜੁ** ਗੁ. ਨਾ ਖਾਣ ਯੋਗਯ ਹੈ, ਯਥਾ- ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ। ਸੀਲ ਸੰਜਮਾਦਿ ਉਤਮ ਸੁਭਾਵੋ ਕੋ ਤੋੜ ਕੇ ਜੋ ਪੁਰਖੋ ਨੇ ਮਾਸ ਮਦਿਰਾਦਿ ਵਾ ਸਾਧਾਰਣ ਦਾਲ ਰੋਟੀ ਹੀ ਖਾਨੀ ਹੈ ਸੋ ਖਾਣਾ ਭੋਜਨ ਕਰਨਾ ਅਹਾਜ ਹੈ ਭਾਵ ਖਾਣੇ ਯੋਗ ਨਹੀ ਉਕੁੰਚ ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।

**ਅਹਾਰ** ਦੇ. ਭੋਜਨ। ਸੰ. ਆਹਾਰ।

**ਅਹਾੜੁ** ਦੇ. ਹਾੜ ਕਾ ਮਹੀਨਾ, ਯਥਾ- ਸਾਵਣੁ ਰਾਤਿ ਅਹਾੜੁ ਦਿਹੁ। ਅਮਿਣਤ ਜੋ ਵਸਤੁ ਨਾ ਹਾੜੀ ਜਾਵੇ।

**ਅਹਾੜੁ ਦਿਹੁ** ਵਾ. ਦਿਨ ਮੇ ਖੋਟੇ ਕਾਮ ਥੋੜੇ ਹੋਤੇ ਹੈ ਯਾਤੇ ਦਿਨ ਹਾੜ ਕੇ ਮਹੀਨੇ ਤੁਲਯ ਹੈ, ਯਥਾ- ਸਾਵਣੁ ਰਾਤਿ ਅਹਾੜੁ ਦਿਹੁ। ਸਾਵਣ ਕੀ ਅੰਧੇਰੀ ਤੁਲਯ ਰਾਤ੍ਰਿ ਮੋ ਪਾਪ ਬਹੁਤ ਹੋਤੇ ਹੈ ਯਾਤੇ ਸਾਵਣ ਰਾਤਿ ਤੁਲਯ ਹਠ ਅਸਾੜ ਦਿਨ ਤੁਲਯ ਹੈ।

**ਅਹਿ** ਸੰ. ਸਰਪ ; ਬ੍ਰਿਤ੍ਰਾਸੁਰ ਦੈਤ।

**ਅਹਿ** ਦੇ. ਦਿਨ, ਯਥਾ- ਜੋ ਗੁਰੂ ਗੁਰੂ ਅਹਿਨਿਸਿ ਜਪੈ। ਇਸ, ਯਥਾ- ਅਹਿ ਕਰੁ ਕਰੇ ਸੁ ਅਹਿ ਕਰੁ ਪਾਏ, ਯਥਾ- ਕੁਦਰਤਿ ਅਹਿ ਵੇਖਾਲੀਅਨੁ। ਸਕਤੀ ਐਸੀ ਦਿਖਾਲੀ ਹੈ ਜੋ ਜੀਤ ਕੇ ਇਤਨੇ ਬਡੇ ਬ੍ਰਹਮਾਂਡ ਕੋ ਸਭ ਥਾ ਅਪਨਾ ਥਾਨ ਕੀਆ ਹੈ।

**ਅਹਿ ਕਰ ਕਰੇ** ਵਾ. ਇਸ ਹਾਥ ਕਰੇ।

**ਅਹਿਨਿਸਿ** ਦੇ. ਦਿਨ ਰਾਤ, ਯਥਾ- ਅਹਿਨਿਸਿ ਜਾਗੈ ਨੀਦ ਨ ਸੋਵੈ।

**ਅਹਿਰਖ** ਸੰ. ਅਪ੍ਰਸੰਨਤਾ ਕਾ ਝਗੜਾ, ਯਥਾ- ਅਹਿਰਖ ਵਾਦੁ ਨ ਕੀਜੈ। ਪ੍ਰਮੇਸ੍ਵਰ ਨੇ ਮੁਝੇ ਕੁਛ ਨਹੀ ਦੀਆ ਐਸੇ ਅਪ੍ਰਸੰਨਤਾ ਕੇ ਬਚਨੋਂ ਸੇ ਝਗੜਾ ਨਾ ਕਰੀਏ। ਅਹਰਖ ਕਾ ਅਰਥ ਈਰਖਾ ਭੀ ਕਹਤੇ ਹੈਂ ਪਰੰਤੂ ਅਹਰਖ ਅਛਾ ਹੈ।

**ਅਹਿਲਾ** ਦੇ. ਅਫਲ, ਯਥਾ- ਅਹਿਲਾ ਜਨਮੁ ਗਵਾਇਆ। ਪੁਨਾ- ਨਿੰਦਕਿ ਅਹਿਲਾ ਜਨਮੁ ਗਵਾਇਆ।

**ਅਹਿਲਾਦ** ਦੇ. ਆਨੰਦ, ਯਥਾ- ਮਨਿ ਹਰਿ ਕੋ ਅਹਿਲਾਦ। ਸੰ. ਆਹਲਾਦ।

**ਅਹੀ** ਗੁ. ਚਾਹੀ, ਯਥਾ- ਸਰਣਿ ਤੁਮਾਰੀ ਅਹੀ।

**ਅਹੀਐ** ਗੁ. ਚਾਹੀਏ, ਯਥਾ- ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ।

**ਅਹੀਰੁ** ਦੇ. ਗੁਆਲਾ, ਯਥਾ- ਗਲਾ ਬਾਂਧਿ ਦੁਹਿ ਲੇਇ ਅਹੀਰੁ।

**ਅਹੇ** ਪੰ. ਹੈ।

**ਅਹੋ** ਸੰ. ਅਧਿਕਾਰ ; ਕਰੁਣਾ ; ਵਿਖਾਦ ; ਸੰਬੋਧਨ, ਯਥਾ- ਅਹੋ ਜਸ ਰਖੋਣ। ਪ੍ਰਸੰਸਾ ; ਬਿਸਮਯ ; ਪਾਦਪੂਰਣ ਜਹਾ ਪਾਦਪੂਰਣ ਮੇ ਰਖੇ ਤਹਾ ਯਹੀ ਅਰਥ ਹੋਤਾ ਹੈ ; ਅਸੂਯਾ ਵਿਤਰਕ ; ਸੋਕ ; ਪੀਟਨੇ ਸਮੇ ਬੋਲਾ ਜਾਨੇ ਵਾਲਾ ਓਹ ਪਦ ਇਸੀ ਸੇ ਬਨਾ ਹੈ ਅਰਥ ਤਿਸ ਕਾ ਸੋਕ ਹੈ।

**ਅਕ (ਸਿਉ)** ਪੰ. ਅਕ ਕੇ ਪੇਡੇ ਸਾਥ ਯਥਾ- ਅਕ ਸਿਉ ਪ੍ਰੀਤਿ ਕਰੇ ਅਕ ਤਿਡਾ। ਆਕ ਸੰ. ਅਰਕ। ਪੰ. ਦੁਖੀ ਹੋ, ਜੈਸੇ- ਅਕ ਗਿਆ। ਸੰ. ਦੁਖ, ਕ ਸੁਖ ਕਾ ਨਾਮ ਹੈ ਨਾ ਕ ਅਕ ਦੁਖ ਕਾ ਨਾਮ ਹੈ।

**ਅਕ ਤਿਡਾ** ਪੰ. ਅਕ ਕੇ ਬੂਟੇ ਮੈਂ ਰਹਨੇ ਵਾਲਾ ਛੋਟਾ ਸਾ ਜੀਵ ਅਕ ਕਾ ਤੋਤਾ ਪ੍ਰਸਿੱਧ ਅਨਯੋਕ੍ਤਿ ਸੇ ਥਾਨ ਪ੍ਰਸਥ ਲੇਨਾ, ਯਥਾ- ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ। ਜੰਗਲੀ ਬ੍ਰਿਛੋਂ ਸੇ ਪ੍ਰੇਮ ਕਰੇ ਹੈਂ, ਥਾਨ ਪ੍ਰਸਥ ਉਨ ਬ੍ਰਿਛੋਂ ਕੇ ਹੀ ਪੁਸਪ ਪਤ੍ਰਾਦਿ ਖਾਵੇ ਹੈਂ।

**ਅਕਸ** ਪ੍ਰਤਿਬਿੰਬ।

**ਅਕਹ** ਦੇ. ਜੋ ਨਾ ਕਹਿਆ ਜਾਵੇ।

**ਅਕਹੀਉ** ਗੁ. ਅਕਹ ਪ੍ਰਮੇਸ੍ਵਰ, ਯਥਾ- ਰਿਦੈ ਬਸੈ ਅਕਹੀਉ। ਸੰ. ਅਕਥਨੀਯ।

**ਅਕਥ** ਦੇ. ਪੰ. ਜੋ ਸਬਦ ਕੀ ਸਕਤੀ ਬ੍ਰਿਤੀ ਸੇ ਨਾ ਕਹਯਾ ਜਾਵੇ। ਅਕਥ, ਯਥਾ- ਅਕਥ ਕਥ ਕਾਥ। ਪ੍ਰਮੇਸ੍ਵਰ ਅਕਥ ਹੈ ਕਥਨ ਜੋਗ ਕਥਾ ਸੇ।

**ਅਕਥ ਕਹੇ** ਵਾ. ਅਕਥਨੀਯ ਬ੍ਰਹਮ ਕੇ ਵਿਚਾਰ ਕੋ ਕਹੇ।

**ਅਕਥ ਕਥ ਕਾਥ** ਵਾ. ਅਕਥਯ ਹੈ ਕਥਨਯੋਗਯ ਕਥਾਨ ਸੇ ਹਰਿ ਕੀ ਕਥਾ।

**ਅਕਥ ਕਥਾ** ਗੁ. ਬਾਣੀ ਸੇ ਅਗੋਚਰ ਕੀ ਕਥਾ, ਯਥਾ- ਅਕਥ ਕਥਾ ਲੇ ਰਹਉ ਨਿਰਾਲਾ।

**ਅਕਥ ਘਰਿ** ਦੇ. ਅਕਥਨੀਯ ਥਾਨ ਪਰਮਾਤਮਾ।

**ਅਕਯਥ** ਗੁ. ਬਯਰਥ, ਯਥਾ- ਤੇ ਅਕਯਥ ਸੰਸਾਰ ਮਹਿ।

**ਅਕਰਖਤੇ** ਸੰ. ਖੈਚ ਲੀਏ, ਯਥਾ- ਕੀਟੀ ਸਾਸ ਅਕਰਖਤੇ। ਛੋਟਾ ਸਾ ਸਰੂਪ ਧਾਰ ਕੇ ਪਰੀਛਤ ਕੇ ਤਖਕ ਨੇ ਸਾਸ ਖੈਂਚ ਲੀਏ। ਕੀਟੀ ਕੀੜੀ ਕਾ ਨਾਮ ਹੈ।

**ਅਕਰਣੰ** ਗੁ. ਅਕਰਤਬਯ, ਯਥਾ- ਅਕਰਣੰ ਕਰੋਤਿ। ਹੇ ਲੋਭ ਤੇਰੇ ਪ੍ਰਤਾਪ ਸੇ ਪੁਰਖ ਅਕਰਤਬ ਭੀ ਕਰੇ ਹੈਂ। ਖੈਚ ਲੀਏ।

**ਅਕਲ** ਸੰ. ਕਲਾ ਸੂਨਯ ; ਕਲੇਸ ਰਹਿਤ, ਯਥਾ- ਅਕਲ ਕਲਾ ਭਰਪੂਰਿ ਰਹਿਆ। ਫਾ. ਬੁਧੀ।

**ਅਕਲ ਸਰ** ਮਿ. ਬੁਧੀ ਰੂਪੀ ਸਰੋਵਰ। ਫਾ. ਅਕਲ, ਸਰ ਸੰਸਕ੍ਰਿਤ ਹੈ ਯਾਤੇ ਮਿਸ੍ਰਿਤ ਹੈ।

**ਅਕਲ ਕਲਾ** ਸੰ. ਕਲਾ, ਅਵਯਵੋਹੀਨ ਪਰਮਾਤਮਾ ਸੰਪੂਰਣ ਕਲਾ ਸਾਥ ਪੂਰਣ ਹੈ ਜੋ ਆਗੇ ਪੁਰਖ ਕੀ ਖੋੜਸ ਕਲਾ ਕਹਣੀ ਹੈਂ।

**ਅਕਲਿ ਲਤੀਫੁ** ਫਾ. ਨਿਰਮਲ ਪਵਿਤ੍ਰ ਸੂਖਮ ਬੁਧੀ ਵਾਲਾ ਹੈ, ਯਥਾ- ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।

**ਅਕਲੀ** ਦੇ. ਅਕਲੋ ਸੇ, ਯਥਾ- ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ। ਬੁਧੀ ਸੇ ਦੇਸੋ ਕਾਲੇ ਕੇ ਬੀਚ ਸ੍ਵਾਮੀ ਕੇ ਸੰਕਲਪ ਅਨੁਸਾਰ ਹੋ ਉਸ ਕੀ ਸੇਵਾ ਕਰੀਏ ਤਬ ਵੈਸੀ ਬੁਧੀ ਸੇ ਹੀ ਸ੍ਵਾਮੀ ਸੇ ਸਤਕਾਰ ਪ੍ਰਾਪਤ ਹੋਵੇ ਹੈ।

**ਅਕਾਸ ਤੇ** ਗੁ. ਸੁਰਗਾਦਿਕ ਥਾਨ ਤੇ, ਯਥਾ- ਸੰਤ ਕਾ ਨਿੰਦਕੁ ਅਕਾਸ

ਤੇ ਟਾਰਉ।

**ਅਕਾਸੁ** ਦੇ ਗਗਨ, ਯਥਾ- ਅਕਾਸੁ ਨਖੵਤ੍ਰਾ।

**ਅਕਾਥਾ** ਗੁ. ਅਕਾਰਥਾ ਭਾਵ ਬਜਰਥ।

**ਅਕਾਮ** ਸੰ. ਕਾਮਨਾ ਰਹਿਤ ਨਿਸਕਾਮ, ਕਾਮ ਕਾ ਅਭਾਵ।

**ਅਕਾਰਣ** ਸੰ. ਕਾਰਣ ਸੇ ਭਿੰਨ, ਨਿਸਪ੍ਰਯੋਜਨ, ਬਿਨਾ ਸਬਬ।

**ਅਕਾਰਥ** ਗੁ. ਬਜਰਥ।

**ਅਕਾਰੁ** ਦੇ. ਪਸੁ ਪੁਰਖਾਦਿ ਦੇਹਾਂ, ਯਥਾ- ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।

**ਅਕਾਲ** ਸੰ. ਨਾ ਹੋਵੇ ਕਾਲ ਜਿਸ ਕਾ ਐਸਾ ਪਰਮਾਤਮਾ, ਯਥਾ- ਅਕਾਲ ਮੂਰਤਿ। ਗੁ. ਜਨਮ, ਯਥਾ- ਕਾਲੁ ਅਕਾਲੁ ਖਸਮ ਕਾ ਕੀਨ੍ਹਾ। ਮਰਨ ਜਨਮ ਖਸਮ ਕੇ ਕੀਏ ਹੈਂ।

**ਅਕਾਲ ਮੂਰਤਿ** ਸੰ. ਕਾਲ ਸੇ ਹੀਨ ਸ੍ਵਰੂਪ ਜਿਸ ਕਾ ਕਬੀ ਕਾਲ ਨ ਹੋ ਸਕੇ, ਯਥਾ- ਅਕਾਲ ਮੂਰਤਿ ਅਜੂਨੀ ਸੈਭੰ।

**ਅੰਕਿ** ਸੰ. ਗੋਦ ਮੇਂ, ਯਥਾ- ਹਰਿ ਕੈ ਅੰਕਿ ਸਮਾਇ। ਪੁਨਾ- ਪ੍ਰਿਅ ਅੰਕਿ ਅੰਕੁ ਮਿਲਾਈ। ਪਤਿ ਕੀ ਗੋਦ ਮੇਂ ਅੰਕ ਪਿਆਰੀ ਬਨ ਸਮਾਈ ਤਬ ਇਛਾ ਪੂਰੀ ਹੋ ਗਈ। ਹਿਰਦੇ ਮੇਂ, ਯਥਾ- ਗੁਰ ਕਾ ਕਹਿਆ ਅੰਕਿ ਸਮਾਵੈ। ਏਕ ਦੋ ਆਦਿ ਸੰਖਜਾ ਬੋਧਕ ਅੰਗ ; ਹੇ ਪਿਆਰੇ। ਸੰ. ਅੰਗ।

**ਅਕਿਰਤਘਣਾ** ਪੰ. ਕੀਤਾ ਖੋਣੇ ਵਾਲਾ ਵਾਸ੍ਤਵ ਤੇ ਕੀਤਾ ਖੋਣੇ ਵਾਲੇ ਕਾ ਨਾਮ ਕ੍ਰਿਤਘਨ ਹੈ ਅਕ੍ਰਿਤਘ੍ਨ ਕੀਤਾ ਨਾ ਖੋਣੇ ਵਾਲੇ ਕਾ ਨਾਮ ਹੈ ਤੌ ਭੀ ਅਨਪੜ ਲੋਕ ਇਸ ਅਰਥ ਕੋ ਭੂਲ ਕਰ ਅਕ੍ਰਿਘਨ ਨਹੀ ਬੋਲਤੇ ਹੈਂ ਜੈਸੇ ਸਨਾਨ ਕੋ ਅਸਨਾਨ ਧੇਨ ਕਾ ਅਧੇਨ ਘੂਲੇ ਕਾ ਅਘੂਲੇ ਬੋਲਤੇ ਹੈਂ ਉਨ ਹੀ ਕੇ ਸਮਾਨ ਉਨ ਕੋ ਭਕਤੀ ਮੇਂ ਬ੍ਰਿਤੀ ਕਰਾਨੇ ਹੇਤ ਗੁਰੋ ਨੇ ਲਿਖਾ ਹੈ, ਯਥਾ- ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ।

**ਅੰਕੁਸ** ਸੰ. ਕੁੰਡਾ ਹਾਥੀ ਚਲਾਨੇ ਕਾ।

**ਅੰਕੁਰੁ** ਸੰ. ਅੰਕੁਰ ਪ੍ਰਸਿਧ, ਯਥਾ- ਪਰਾ ਪੂਰਬਲਾ ਅੰਕੁਰੁ ਜਾਗਿਆ। ਸੁਭ ਕਰਮ ਕਾ ਫਲ।

**ਅਕੁਲੀਣਾ** ਦੇ. ਕੁਲਹੀਨ ਪਰਮਾਤਮਾ। ਸੰ. ਅਕੁਲੀਨ।

**ਅਕੁਅਣਾ** ਪੰ. ਨਾ ਬੋਲਨਾ, ਯਥਾ- ਤੈ ਸਹ ਨਾਲਿ ਅਕੁਅਣਾ ਕਿਉ ਥੀਵੈ ਘਰ ਵਾਸੁ।

**ਅਕੈ** ਪੰ. ਅਥਵਾ, ਯਾਂ।

**ਅਕੋਰਿ** ਦੇ. ਭੇਟਾ, ਯਥਾ- ਦੀਜਹਿ ਪ੍ਰਾਨ ਅਕੋਰਿ।

**ਅਖ** ਦੇ. ਨੇਤ੍ਰ ; ਚੌਪੜ ਕੇ ਪਾਸੇ ; ਸੋਲਾ ਮਾਸੇ ਮਾਪ ; ਰਥ ਕਾ ਪਹੀਆ ; ਸਰਪ ; ਗੱਡਾ ; ਰੁਦ੍ਰਾਖ ਕੀ ਮਾਲਾ। ਸੰ. ਅਖੵ।

**ਅਖੰਡ** ਸੰ. ਸੰਪੂਰਣ, ਯਥਾ- ਅਹਿਨਿਸਿ ਅਖੰਡ ਸੁਰਹੀ ਜਾਇ।

**ਅਖੰਡਲੀ** ਗੁ. ਯੋਗਾਦੀ ਉਪਾਯੋਂ ਸੇ ਅਖੰਡ ਹੋ ਜਾਤਾ ਹੈ।

**ਅਖਰ** ਦੇ. ਨਾ ਖਰਨੇ ਵਾਲਾ ਅਬਿਨਾਸੀ ਪਰਮਾਤਮਾ, ਯਥਾ- ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ। ਖਰਨੇ ਸੇ ਭਾਵ ਨਾਸ ਸੇ ਰਹਿਤ ਪਰਮਾਤਮਾ। ਮੁਕਤੀ ; ਧਰਮ ; ਅਬਜਾਕ੍ਰਿਤ- ਮੂਲ ਕਾਰਣ ; ਤਪ ; ਊੜੇ ਸੇ ਲੇ ੜਾੜੇ ਪ੍ਰਯੰਤ ਬਰਣ ਸੰਸਕ੍ਰਿਤ ਮੇ ਅਕਾਰ ਸੇ ਲੇਖੵ ਪ੍ਰਯੰਤ ਬਰਣ, ਯਥਾ- ਅਖਰ ਕਰਿ ਕਰਿ ਬੇਦ ਬੀਚਾਰੇ। ਰਚਨਾ ਇਨ ਕੀ ਇਸ ਹੇਤ ਕਰੀ ਜਬ ਪ੍ਰਮੇਸ੍ਵਰ ਨੇ ਬ੍ਰਹਮਾਂਡ ਸਾਜ ਕੇ ਤਿਸ ਮੇ ਜੀਵ ਬਨਾਏ ਤਬ ਤਿਨ ਕੇ ਬਜਵਹਾਰ ਪ੍ਰਮਾਰਥ ਕੇ ਉਪਦੇਸ ਹੇਤ ਅਖਰ ਬਨਾਏ ਕਿਉਂਕੇ ਅਖਰੋਂ ਬਿਨਾ ਸੂਰਦਾਸੋ ਵਤ ਕੰਠੋ ਕੰਠ ਕਰਾਯਾ। ਸਭ ਉਪਦੇਸ ਮਰਤੇ ਹੂਏ ਜਨੋ ਕੇ ਸਾਥ ਹੀ ਸਨੇ ਸਨੇ ਮਰ ਜਾਵੇਗਾ। ਤਬ ਆਗੇ ਹੋਨੇ ਵਾਲਾ ਜਨ-ਸਮੁਦਾਯ ਅਰਥ ਕਾਮ ਕੀ ਤਥਾ ਧਰਮ ਮੁਕਤੀ ਕੀ ਵਿਦਜਾ ਸੀਖਨੇ ਕਾ ਮਾਰਗ ਕਹਾ ਸੇ ਪਾਵੇਗਾ ਭਾਵ ਕਹੀ ਸੇ ਨਹੀ ਪਾਵੇਗਾ। ਇਸ ਲੀਏ ਈਸ੍ਵਰ ਨੇ ਵੇਦ ਕੇ ਲਿਖਨੇ ਯੋਗ ਅਖਰ ਬਨਾਏ ਜਿਸ ਕਾ ਨਾਮ ਵੇਦਾਖਰ ਹੈਂ। ਉਨ ਹੀ ਕੇ ਅਨੁਸਾਰ ਆਗੇ ਨਾਨਾ ਪ੍ਰਕਾਰ ਕੇ ਅਖਰ ਨਾਨਾ ਦੇਸੋਂ ਮੇ ਬਨਾਏ ਗਏ ਹੈਂ। ਉਨ ਕੇ ਨਾਮ ਬਾਵਨ ਅਖਰੀ ਨਾਮ ਕੇ ਅਰਥ ਮੇ ਲਿਖੇ ਜਾਵੇਂਗੇ। ਅਖਰੋਂ ਕੀ ਪ੍ਰਸੰਸਾ ਗੁਰੂ ਜੀ ਨੇ ਓਅੰਕਾਰ ਬਾਣੀ ਮੇ ਲਿਖੀ ਹੈ, ਯਥਾ- ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ। ਗੁ. ਉਪਦੇਸ, ਯਥਾ- ਕਉਨੁ ਸੁ ਅਖਰੁ ਜਿਤੁ ਰਹੈ ਹਿਆਉ।

**ਅਖਲੀ** ਦੇ. ਸਭੀ ਕੂੰਜਾ, ਯਥਾ- ਅਖਲੀ ਊਂਡੀ ਜਲੁ ਭਰ ਨਾਲਿ।

**ਅਖਲੀ ਊਂਡੀ** ਗੁ. ਸਭੀ ਕੂੰਜਾ, ਯਥਾ- ਅਖਲੀ ਊਂਡੀ ਜਲੁ ਭਰ ਨਾਲਿ। ਸਭੀ ਕੂੰਜਾ ਜਲ ਭਰ ਕੇ ਅਪਨੀ ਚੁੰਜ ਸਾਥ ਕਾਤ ਕਾਤਕ ਸਮੇ ਚਲਤੀ ਹੁਈ ਕਬੀ ਡੂਗਰ ਪੈ ਕਬੀ ਸੁੰਨੇ ਗੜ ਪੈ ਕਬੀ ਨੀਚੇ ਥਾਨੋ ਮੈ ਬੈਠੇ ਹੈਂ ਤੈਸੇ ਕਰਮ ਰੂਪ ਜਲ ਕੋ ਅੰਤਹਕਰਣ ਮੇ ਭਰ ਕਬੀ ਬ੍ਰਹਮ ਲੋਕ ਮੇ ਕਬੀ ਸੁਰਗ ਮੇ ਕਬੀ ਨਰਕ ਮੇ ਜੀਵ ਬੈਠੇ ਹੈ ਕੂੰਜਾ ਈਹਾਂ ਊਪਰ ਸੇ ਜਾਨਨੀ ਬੀਚ ਮੈ ਨਹੀ ਲਿਖੀ, ਜੈਸੇ- ਊਡੇ ਊਡਿ ਆਵੈ ਸੈ ਕੋਸਾ ਪਾਠ ਮੇ ਨਹੀ ਲਿਖੀ ਜੇਕਰ ਊਹਾਂ ਊਡੇ ਕਾ ਅਰਥ ਕੂੰਜ ਹੈ ਤਬ ਈਹਾਂ ਭੀ ਊਡੀ ਕਾ ਅਰਥ ਕੂੰਜ ਹੈ ਪਰੰਤੂ ਕੋਸੋ ਮੈ ਯਹ ਨਾਮ ਨਹੀ। ਕੂੰਜ ਕ੍ਰੌਂਚ ਪੰਛੀ ਹੈ ਕਾਸਮੀਰ ਕੇ ਬਡੇ ਡਲ ਸਮੀਪ ਬਹੁਤ ਰਹਤੀ ਹੈਂ।

**ਅਖੜੀਆਂ** ਪੰ. ਅਖੀਆ, ਨੇਤ੍ਰ, ਯਥਾ- ਸੇ ਅਖੜੀਆਂ ਬਿਅੰਨਿ। ਵਹੁ ਬੁਧੀ ਨੇਤ੍ਰ ਜੁਦੇ ਹੈਂ ਜਿਨ ਸੇ ਦਿਖਾਈ ਦੇਤਾ ਹੈ ਪ੍ਰਮੇਸ੍ਵਰ, ਉਕ੍ਤੰਚ- ਏਹ ਨੇਤ੍ਰ ਅੰਧ ਸੇ ਸਤਿਗੁਰ ਮਿਲਿਐ ਦਿਬ ਦ੍ਰਿਸਟਿ ਹੋਈ।

**ਅਖਾਦ੍ਰਿ** ਸੰ. ਨਾ ਖਾਣੇ ਯੋਗਜ, ਯਥਾ- ਅਖਾਦ੍ਰਿ ਖਾਦ੍ਰਿ।

**ਅਖਾੜਾ** ਪੰ. ਮੱਲੋਂ ਕੇ ਘੋਲ ਕਾ ਥਾਨ ; ਸੰਤ ਜਨੋ ਕਾ ਥਾਨ ਤਥਾ ਸਮਾਜ।

**ਅਖਾੜੇ** ਦੇ. ਬਹੁਤੇ ਸੰਤ ਸਮਾਜ।

**ਅਖਿਲ** ਸੰ. ਸੰਪੂਰਨ।

**ਅਖਿਲੇਸ** ਸੰ. ਨਿਖਲ ਕਾ ਸ੍ਵਾਮੀ।

**ਅਖੰੀ ਪਰਣੈ** ਗੁ. ਜੋਰ ਸੇ ਨੇਤ੍ਰ ਲਗਾਇ ਕਰ ਦੇਖਤਾ ਹੂਆ, ਯਥਾ- ਅਖੰੀ ਪਰਣੈ ਜੇ ਫਿਰਾਂ।

**ਅਖੀ** ਦੇ. ਨੇਤ੍ਰ, ਜੈਸੇ- ਅਖੀ ਦੇਖ ਨ ਰਜੀਆ ਬਹੁ ਰੰਗ ਤਮਾਸੇ।

**ਅਖੀਆ** ਪੰ. ਨੇਤ੍ਰ, ਜੈਸੇ- ਅਖੀਆ ਹਰਿ ਦਰਸਨ ਕੀ ਪਿਆਸੀ।

**ਅਖੁਟ** ਪੰ. ਨਾ ਕਮ ਹੋਨੇ ਵਾਲਾ ਭਾਵ ਪੂਰਾ, ਯਥਾ- ਅਖੁਟ ਭੰਡਾਰ। ਉਲਟੇ, ਯਥਾ- ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।

**ਅਖੂਟ** ਪੰ. ਖੁਟਿਆਈ ਸੇ ਰਹਿਤ, ਨਾ ਕਮ ਹੋਨੇ ਵਾਲਾ, ਯਥਾ- ਭਰੇ ਭੰਡਾਰ ਅਖੂਟ ਅਤੋਲ।

**ਆਖੇੜ** ਦੇ. ਸਿਕਾਰ, ਯਥਾ- ਆਖੇੜ ਬਿਰਤਿ ਰਾਜਨ ਕੀ ਲੀਲਾ।

**ਅਗਹ** ਗੁ. ਅਗਾਧ, ਯਥਾ- ਰਸਨਾ ਅਗਹ ਅਗਹ ਗੁਨ ਰਾਤੀ। ਜੀਭ ਅਗਾਧ ਕੇ ਅਗਾਧ ਗੁਣੋ ਮੇ ਰੰਗੀ ਜਾਵੇ ਹੈ। ਜੋ ਨਾ ਗਹਜਾ ਜਾਵੇ ਭਾਵ ਨ ਪਕੜਾ ਜਾਵੇ।

**ਅਗਹ ਗਹਣ** ਗੁ. ਜਿਸ ਕਾ ਅਸੁਧ ਮਨ ਬਾਣੀ ਸੇ ਅਗ੍ਯਾਨੀ ਗ੍ਰਹਣ ਕਰ ਸਕੇ ਹੈਂ ਤਿਸ ਕਾ ਗ੍ਰਹਣ ਕੀਆ ਹੈ।

**ਅਗਹੁ** ਪੰ. ਪਹਲੇ ਹੀ, ਯਥਾ- ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ। ਪੁਨਾ- ਅਗਹੁ ਦੇਖੈ ਪਿਛਹੁ ਦੇਖੈ। ਨਾ ਪਕੜਾ ਜਾਨੇ ਵਾਲਾ, ਯਥਾ- ਅਗਹੁ ਗਹਿਓ ਨਹੀ ਜਾਇ।

**ਅਗਹੂਚਾ** ਗੁ. ਅਗ੍ਰਾਹਜ ਊਚਾ, ਯਥਾ- ਥਾਹ ਨਹੀ ਅਗਹੂਚਾ।

**ਅਗਛਮੀ** ਦੇ. ਸਿੰ. ਥਿਰ ਰਹਨੇ ਵਾਲੇ, ਯਥਾ- ਸਰਬੇ ਜੋਇ ਅਗਛਮੀ।

**ਅਗਥਾ** ਗੁ. ਅਕਹ ਪ੍ਰਮਾਤਮਾ ਅਕਥ ਸੇ ਅਗਥ ਹੈ ਵਾ ਅਗਾਥ ਸੇ ਅਗਥ ਹੈ। ਅਗਾਥ ਗਾਥ ਰਹਿਤ।

**ਅੰਗਦ** ਸੰ. ਅੰਗ ਸਬਦ ਕੇ ਉਤਰ ਦਦੇ ਕਾ ਦੂਰ ਕਰਨਾ ਔ ਦੇਨਾ ਅਰਥ ਹੈ। ਯਾਤੇ ਉਪਦੇਸ ਜਨਜ ਗ੍ਯਾਨ ਦ੍ਵਾਰਾ ਮੋਖ ਸਮੇ ਦੇਹ ਇੰਦ੍ਰਯਾਦਿ ਸਮੁਦਾਯ ਕੋ ਦੂਰ ਕਰਨੇ ਵਾਲੇ ਦੂਸਰੇ ਗੁਰੂ ਵਾ ਉਪਦੇਸ ਦ੍ਵਾਰਾ ਸੇਵਕੋ ਕੋ ਗ੍ਯਾਨ ਭਕਤੀ ਕੇ ਸਾਧਨ ਰੂਪ ਅੰਗੋ ਕੋ ਦੇਨੇ ਵਾਲੇ ਤਥਾ ਗੁਰੂ ਨਾਨਕ ਜੀ ਕੀ ਸੇਵਾ ਮੇ ਅਪਨੇ ਅੰਗੋ ਕੋ ਦੇਨੇ ਵਾਲੇ ਗੁਰੂ, ਯਥਾ- ਅੰਗਦ ਲਹਣੇ ਸੰਗਿ ਹੁਅ। ਬਾਲੀ ਕਾ ਪੁਤ੍ਰ ; ਬਾਹੂ ਕਾ ਭੂਖਣ।

**ਅਗਦੁ** ਦੇ. ਬਿਵਾਹ ਸਮੇ ਪੁਰਖ ਇਸਤ੍ਰੀ ਕਾ ਗਠਜੋੜ, ਯਥਾ- ਅਗਦੁ ਪੜੈ ਸੈਤਾਨੁ ਵੇ ਲਾਲੋ। ਅ. ਅਕਦ।

**ਅੰਗਨ** ਸੰ. ਮੰਦਰ ਕਾ ਚੌਕ।

**ਅਗਨਈ** ਗੁ. ਮਾਯਾ ਅਗਨੀ, ਯਥਾ- ਨ ਪੋਹੈ ਅਗਨਈ।

**ਅਗਨਾਰਿ** ਗੁ. ਗਰਭਾਗਨਿ, ਯਥਾ- ਨਾ ਪੋਹੈ ਅਗਨਾਰਿ।

**ਅਗਨਿ** ਸੰ. ਅੱਗ, ਪਾਵਕ, ਯਥਾ- ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ।

**ਅਗਨਿ ਸੋਕ ਸਾਗਰ** ਵਾ. ਸੋਕ ਰੂਪ ਅਗਨਿ ਕਾ ਸਾਗਰ।

**ਅਗਨਿ ਕਾ** ਗੁ. ਤ੍ਰਿਸ੍ਨਾ ਰੂਪੀ ਆਗ ਕਾ, ਯਥਾ- ਕਲਜੁਗਿ ਰਥੁ ਅਗਨਿ ਕਾ।

**ਅਗਨਿ ਤਲਾਉ** ਗੁ. ਦੁਖੋਂ ਕਾ ਸਰੋਵਰ ਸੰਸਾਰ, ਯਥਾ- ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ।

**ਅਗਨਿ ਪਿਰਾਹਨੁ** ਗੁ. ਅਗਨਿ ਕਾ ਲੰਬਾ ਚੋਲਾ, ਯਥਾ- ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ।

**ਅਗਨਿ ਮਹਿ** ਦੇ. ਮਾਤਾ ਕੇ ਉਦਰ ਮੇ, ਯਥਾ- ਅਗਨਿ ਮਹਿ ਆਹਾਰੁ ਪਹੁਚਾਵਏ। ਪੁਤ੍ਰ ਕੋ ਮਾਤਾ ਕੇ ਉਦਰ ਕੀ ਆਗ ਕੇ ਸਮੀਪ ਭੋਜਨ ਭੇਜਤਾ ਹੈ।

**ਅਗਨਿ ਮਰੈ** ਵਾ. ਵਿਖਯ ਤ੍ਰਿਸ੍ਨਾ ਦੂਰ ਹੋਵੇ, ਯਥਾ- ਅਗਨਿ ਮਰੈ ਗੁਣ ਮਾਹਿ। ਅਗਨੀ ਨਾਸ ਹੋਵੈ ਹੈ, ਯਥਾ- ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ। ਦਾਸੋ ਕਾ ਦਾਸ ਹੋਨੇ ਸੇ ਤੈਸੇ ਤ੍ਰਿਸ੍ਨਾ ਦੂਰ ਹੋਵੇ ਹੈ।

**ਅਗਮ** ਦੇ. ਗਮਨ ਕੇ ਅਯੋਗ੍ਯ ਭਾਵ ਕਠਨ ; ਮਨ ਬਾਣੀ ਕਾ ਅਵਿਖੇ ਪਰਮਾਤਮਾ, ਯਥਾ- ਅਗਮ ਅਗਾਧਿ ਪਾਰਬ੍ਰਹਮੁ ਸੋਇ। ਸੰ. ਅਗਮਯ।

**ਅਗਮ ਅਗਾਧਿ** ਦੇ. ਮਨ ਬਾਣੀ ਕਾ ਅਵਿਖਯ ਬੇਅਥਾਹ ਪਰਮਾਤਮਾ, ਯਥਾ- ਅਗਮ ਅਗਾਧਿ ਪਾਰਬ੍ਰਹਮੁ ਸੋਇ।

**ਅਗਮਈ** ਗੁ. ਮਨ ਬਾਣੀ ਸੇ ਅਗਮਯ ਹੈ। ਪੁਨਾ ਮਨ ਬਾਣੀ ਜਨਜ ਗਯਾਨ ਸੇ ਭੀ ਅਗਮਯ ਹੈ, ਯਥਾ- ਅਗਮ ਅਗਮ ਅਗਮਈ।

**ਅੰਗਰਉ** ਗੁ. ਅੰਗਦ, ਯਥਾ- ਫਿਰਣਸੀਹ ਅੰਗਰਉ।

**ਅਗਰਕ** ਗੁ. ਮੁਖੀਏ, ਮੁਰੈਲੀ (ਮੂਹਰਲੇ) ਕਾਮਾਦਿ ਦੋਖ, ਯਥਾ- ਅਗਰਕ ਉਸ ਕੇ ਵਡੇ ਠਗਾਊ। ਸੰ. ਅਗ੍ਰਣੀ।

**ਅਗ੍ਰਣੀਵਹ** ਗੁ. ਸਭ ਕਾ ਆਗੂ, ਮੁਰੈਲੀ (ਮੂਹਰਲੇ), ਯਥਾ- ਪਾਛੰ ਕਰੋਤਿ ਅਗ੍ਰਣੀਵਹ। ਸੰਤੋ ਕੀ ਸੇਵਾ ਪੀਛੇ ਰਹਨੇ ਵਾਲੇ ਕੋ ਸਭ ਕਾ ਆਗੂ ਕਰ ਦੇਤੀ ਹੈ।

**ਅੰਗਰੈ** ਗੁ. ਅੰਗਰਾ ਰਿਖੀ ਯਹ ਰਿਖੀ ਸਾਤ ਮੇਂ ਏਕ ਹੈ।

**ਅਗਲਾ** ਪੰ. ਬਹੁਤ, ਯਥਾ- ਇਕਨਾ ਆਟਾ ਅਗਲਾ। ਕਰਮ ਕੇ ਪ੍ਰਤਾਪ ਸੇ ਏਕ ਪੁਰਖੋ ਪਾਸ ਆਟੇ ਆਦਿ ਸਭੀ ਸਾਮਗ੍ਰੀ ਪੂਰਨ ਹੈਂ ਏਕ ਪੁਰਖੋ ਸਮੀਪ ਲਵਣ ਭੀ ਨਹੀ। ਅਗਲੇ, ਪਹਿਲੇ।

**ਅਗਾਧਾ** ਗੁ. ਅਗਾਧ, ਯਥਾ- ਹਰਿ ਅਗਮ ਅਗਾਧਾ।

**ਅਗਾਧਿ** ਸੰ. ਜਿਸ ਕੇ ਤਲੇ ਕਾ ਸਪਰਸ ਨਾ ਹੋ ਸਕੇ ਐਸੇ ਅਤੀ ਗੰਭੀਰ, ਯਥਾ- ਅਗਮ ਅਗਾਧਿ ਪਾਰਬ੍ਰਹਮੁ ਸੋਇ।

**ਅਗਾਧਿ ਬੋਧ** ਸੰ. ਅਗਾਧ ਹੋਵੇ ਬੋਧ ਜਿਸ ਕੋ ਭਾਵ ਬੇ ਅਥਾਹ ਗ੍ਯਾਨ ਵਾਲਾ, ਯਥਾ- ਅਕਾਲ ਪੁਰਖ ਅਗਾਧਿ ਬੋਧ। ਅਗਾਧ ਕੇ ਬੋਧ ਵਾਲਾ ਗੁਰੁ ਅਰਥਾਤ ਜਿਸ ਕੀ ਥਾਹ ਨਹੀ ਐਸੇ ਅਗਾਧ ਪਰਮਾਤਮਾ ਕੇ ਗ੍ਯਾਨ ਵਾਲਾ ਗੁਰੁ।

**ਅਗਾਮੰ** ਦੇ ਅਗਮਜ ਵਸਤੁ ਕਾ ਗ੍ਯਾਨ ਰੂਪ, ਯਥਾ- ਆਪੇ ਗਿਆਨੁ ਅਗਾਮੰ। ਆਗੇ ਹੋਨੇ ਵਾਲੀ ਵਸਤੂ, ਜੈਸੇ- ਅਗਾਮੀ ਜਨਮ।

**ਅਗਿ** ਦੇ. ਅਗਨੀ, ਯਥਾ- ਘਰਿ ਘਰਿ ਏਹਾ ਅਗਿ। ਸੰ. ਅਗਯਾਨੀ, ਜੈਸੇ- ਅਗਤਗ।

**ਅਗਿਆਨ** ਦੇ. ਨਾ ਜਾਨਨਾ ਭਾਵ ਜਿਸ ਜਿਸ ਵਸਤੁ ਕਾ ਨਾ ਜਾਨਨਾ ਹੈ, ਉਸ ਕੇ ਸ੍ਵਰੂਪ ਕੋ ਢਕ ਲੇਨੇ ਵਾਲੀ ਅੰਧਕਾਰ ਰੂਪ ਵਸਤੁ, ਯਥਾ- ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ। ਪ੍ਰਮੇਸ੍ਵਰ ਡੋਬਨੇ ਕੀ ਇਛਾ ਕਰ ਜੀਵੋਂ ਕੇ ਚਿਤ ਮੋਂ ਅਪਨੇ ਸ੍ਵਰੂਪ ਕਾ ਨਾ ਜਾਨਨਾ ਲਗਾ ਕਰ ਮੋਹ ਨੀਂਦ ਮੇ ਸੁਲਾ ਰਖੇ ਹੈਂ। ਤਾਰਨੇ ਕੀ ਇਛਾ ਕਰੇ ਹੈ ਤਬ ਗੁਰੋਂ ਸੇ ਇਨ ਕੇ ਮਨ ਮੇ ਗ੍ਯਾਨ ਲਗਾ ਕਰ ਅਪਨੇ ਸ੍ਵਰੂਪ ਓਰ ਜਗਾਇ ਦੇਵੇ ਹੈ। ਪੁਨਾ- ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ। ਜਬ ਗੁਰੋਂ ਨੇ ਸੁਧ ਬੁਧਿ ਰੂਪ ਸਿਖ ਕੇ ਨੇਤ੍ਰੋਂ ਮੇ ਨਿਜ ਰੂਪ ਕੇ ਪ੍ਰਕਾਸ ਕਰਨੇ ਵਾਲਾ ਗ੍ਯਾਨ ਰੂਪ ਅੰਜਨ ਦੀਆ ਤਬ ਨਾ ਜਾਨਨੇ ਰੂਪ ਅੰਧਕਾਰ ਕਾ ਨਾਸ ਹੋਵੈ ਹੈ ਇਨ ਬਚਨੋਂ ਸੇ ਪੁਰਖ ਕੇ ਸ੍ਵਰੂਪ ਕੋ ਨਾ ਭਾਨ ਹੋਨੇ ਦੇਨੇ ਵਾਲੀ ਬਡੀ ਅੰਧਕਾਰ ਰੂਪ ਵਸਤੁ ਅਗ੍ਯਾਨ ਸਿਧ ਹੋਵੈ ਹੈ ਅਰ ਪ੍ਰਕਾਸ ਸੇ ਅੰਧੇਰੇ ਵਤ ਪ੍ਰਮਾਤਮਾ ਕੇ ਗ੍ਯਾਨ ਸੇ ਦੂਰ ਹੋਨੇ ਵਾਲੀ ਜਾਨ ਪੜੇ ਹੈ। ਪੁਨਾ- ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ। ਗੁਰੂ ਬਚਨ ਸੇ ਸਰਬ ਜਗਤ ਕਾ ਮੂਲ ਸਿਧ ਹੋਵੈ ਹੈ। ਮਾਇਆ ਅਗ੍ਯਾਨ ਕਾ ਨਾਮ ਹੈ ਤਾ ਸੇ ਬ੍ਰਹਮ ਮੇ ਸ੍ਰਿਸ੍ਟੀ ਐਸੇ ਬਨੇ ਹੈ ਜੈਸੇ ਰੱਜੂ ਕੇ ਅਗ੍ਯਾਨ ਸੇ ਰੱਜੂ ਮੇ ਸਰਪ ਬਨੇ ਹੈ। ਰਜੂ ਕੇ ਅਗਜਾਨ ਸੇ ਸਰਪ ਕਾ ਬਨਨਾ ਭ੍ਰਮੀ ਪੁਰਖ ਅਪਨੇ ਮੁਖ ਸੇ ਕਹੇ ਹੈਂ ਮੇਰੇ ਕੋ ਰੱਜੂ ਕੇ ਨਾ ਜਾਨਨੇ ਸੇ ਸਰਪ ਭਾਨ ਹੂਆ ਯਾਤੇ ਰੱਜੂ ਕਾ ਨਾ ਜਾਨਨਾ ਹੀ ਇਸ ਕਾ ਹੇਤੂ ਹੈ। ਤੈਸੇ ਬ੍ਰਹਮ ਕੇ ਨਾ ਜਾਨਨੇ ਸੇ ਜੀਵੋ ਕੋ ਅਨਾਦਿ ਕਾਲ ਸੇ ਸੰਸਾਰ ਭਾਨ ਹੂਆ। ਤਾ ਕੇ ਭਾਨ ਹੋਨੇ ਸੇ ਗ੍ਯਾਨੀਯੋਂ ਕਾ ਗ੍ਯਾਨ ਦੂਰ ਹੋਵੇ ਹੈ। ਯਾਤੇ ਅਗਜਾਨ ਹੀ ਨਿਖਲ ਸੰਸਾਰ ਕਾ ਬੀਜ ਹੈ ਸੋ ਪ੍ਰਮਾਤਮਾ ਵਤ ਅਨਾਦਿ ਹੈ ਰੂਪ ਹੈ ਗਜਾਨ ਸੇ ਦੂਰ ਹੋਨੇ ਵਾਲਾ ਹੈ ਯਹ ਬੇਦਾਂਤ ਮਤ ਹੈ। ਸਾਂਖੀ ਪਾਤੰਜਲੀ ਇਸ ਕੋ ਅਨਾਦੀ ਮਾਨਨੇ ਵਤ ਅਨੰਤ ਭੀ ਮਾਨੇ ਹੈਂ। ਯਾਤੇ ਤਿਨ ਕੇ ਮਤ ਮੇ ਗਜਾਨ ਸੇ ਨਾਸੀ ਨਹੀਂ ਮਾਨਾ ਨਾਮ ਉਸ ਕਾ ਪ੍ਰਧਾਨ ਕਹੇ ਹੈਂ। ਨੈਯਾਯਿਕ ਬੈਸੇਖਕ ਮੀਮਾਂਸਕ ਅਗਜਾਨ ਕਾ ਅਰਥ ਗਜਾਨ ਕਾ ਅਭਾਵ ਕਰੇ ਹੈਂ। ਯਾਹੀ ਤੇ ਅਭਾਵ ਸੇ ਭਾਵ ਰੂਪ ਸ੍ਰਿਸ੍ਟੀ ਕਾ ਹੋਣਾ ਨਾ ਮਾਨਤੇ ਪ੍ਰਮਾਣੂਓ ਸੇ ਸ੍ਰਿਸ੍ਟੀ ਕੀ ਉਤਪਤੀ ਮਾਨੇ ਹੈਂ। ਇਸ ਵਾਰਤਾ ਕਾ ਅਧਿਕ ਵਿਚਾਰ ਕਬੀਰ ਕੇ ਸਲੋਕੋ ਮੇ ਧਰਤੀ ਅਰ ਆਕਾਸ ਮੇ ਦੋਇ ਤੂੰ ਬਰੀ ਅਵਧ ਇਸ ਸਲੋਕ ਕੀ ਟੀਕਾ ਮੇ ਲਿਖਾ ਹੈ ਸੋ ਉਹਾ ਸੇ ਦੇਖ ਲੇਨਾ।

**ਅਗਿਆਨਥ** ਗੁ. ਅਗ੍ਯਾਨ ਕਰ ਕੇ, ਯਥਾ- ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ।

**ਅਗਿਆਨੀ** ਦੇ. ਅਗਜਾਨ ਵਾਲਾ।

**ਅੰਗੀ** ਗੁ. ਪੱਖ ਕਰਨੇ ਵਾਲਾ, ਯਥਾ- ਰਾਖਹੁ ਅੰਗੀ ਅੰਙੁ। ਹੇ ਪੱਖ ਮੇਂ ਰਖਣੇ ਵਾਲੇ ਪਰਮੇਸ੍ਵਰ ਰਾਖੋ ਅਪਨੇ ਪੱਖ ਮੇਂ।

**ਅਗੀ** ਗੁ. ਅਗਨਿ ਕੋ, ਯਥਾ- ਅਗੀ ਪਾਲਾ ਕਿ ਕਰੇ।

**ਅੰਗੀਕਾਰੁ** ਸੰ. ਸ੍ਵੀਕਾਰ, ਯਥਾ- ਅੰਗੀਕਾਰੁ ਕੀਓ ਕਰਤਾਰਿ। ਪੁਨਾ- ਅੰਗੀਕਾਰੁ ਓਹੁ ਕਰੇ ਤੇਰਾ।

**ਅੰਗੁ** ਸੰ. ਨੇਤ੍ਰ ਨਾਸਕਾਦਿਕ ਅਵਯਵੋ ਮੇ, ਯਥਾ- ਸਰਬ ਰਖ੍ਯਾ ਗੁਰ ਦਯਾਲਹ। ਸਰੀਰ ; ਉਪਾਯ ; ਨਾਮੁਖਯ ਭਾਵ ਗੌਣ ਵਸਤੁ ; ਪਿਆਰੇ ਕੇ ਸੰਬੋਧਨ ਮੇ। ਗੁ. ਅੰਤਹਕਰਣ, ਯਥਾ- ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ। ਕਾਹੂ ਨਿਮਿਤ ਸੇ ਆਜ ਹੀ ਪ੍ਰਮੇਸ੍ਵਰ ਸਾਥ ਬ੍ਰਿਤੀ ਕੀ ਥਿਰਤਾ ਵਾਲੀ ਨਹੀ ਹੂਈ ਇਸ ਲੀਏ ਪੁਨਾ ਪੁਨਾ ਹਮਾਰਾ ਅੰਤਹਕਰਣ ਬਜਾਕੁਲ ਹੋਵੈ ਹੈ। ਪੱਖ, ਯਥਾ- ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ।

**ਅੰਗੁਸਟ ਧਾਰ** ਸੰ. ਗਲ ਮੇਂ ਕ੍ਰਿਸਨ ਕਾ ਅੰਗੂਠਾ ਧਾਰ ਕੇ, ਯਥਾ- ਕੁਬਿਜਾ ਉਧਰੀ ਅੰਗੁਸਟ ਧਾਰ। ਜਬ ਕੁਬਰੀ ਮਾਲਨ ਪੁਸਪ ਲੇ ਕ੍ਰਿਸ੍ਨ ਜੀ ਕੋ ਪ੍ਰਥਮ ਮਿਲੀ ਤਬ ਕ੍ਰਿਸ੍ਨ ਨੇ ਉਸ ਕੇ ਪਾਓ ਪੈ ਅਪਨੇ ਚਰਨ ਰਖ ਗਲ ਮੇਂ ਅੰਗੂਠਾ ਦੇ ਕਰ ਸੀਧੀ ਕਰੀ ਔ ਕ੍ਰਿਪਾ ਕਰ ਉਧਾਰੀ।

**ਅੰਗੂਰੀ** ਦੇ. ਅੰਕੁਰ, ਪਤਸੂਈ, ਯਥਾ- ਚੋਰੀ ਮਿਰਗੁ ਅੰਗੂਰੀ ਖਾਇ। ਮ੍ਰਿਗ ਸਮ ਜੀਵ ਸਬਦਾਦਿਕੋਂ ਕੇ ਸ੍ਵਾਦ ਭੋਗੇ ਹੈਂ।

**ਅਗੈ** ਪੰ. ਸਨਮੁਖ ; ਪਰਲੋਕ ਮੇਂ, ਯਥਾ- ਅਗੈ ਗਇਆ ਜਾਣੀਐ।

**ਅਗੋ** ਪੰ. ਪਹਲੇ, ਯਥਾ- ਅਗੋ ਦੇ ਸਤ ਭਾਉ ਨ ਦਿਚੈ। ਪੁਨਾ- ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।

**ਅਗੋ ਦੇ** ਪੰ. ਪਹਲੇ ਸੇ, ਯਥਾ- ਅਗੋ ਦੇ ਸਤ ਭਾਉ ਨ ਦਿਚੈ। ਪਹਿਲੇ ਸੇ ਸਤਕਾਰ ਕਾ ਬਚਨ ਨਾ ਕਹੀਏ ਪਿਛੋ ਕਹਾ ਕਾਮ ਨਹੀ ਆਤਾ।

**ਅਗੋਚਰੁ** ਸੰ. ਮਨ ਬਾਣੀ ਕਾ ਅਵਿਖਯ, ਜਿਸ ਕੋ ਅਸੁਧ ਮਨ ਨਹੀ ਜਾਨ ਸਕਤਾ ਸਕਤੀ ਬ੍ਰਿਤੀ ਸੇ ਬਾਣੀ ਨਹੀ ਕਹ ਸਕਤੀ ਐਸਾ ਪਰਮਾਤਮਾ, ਯਥਾ- ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ। ਹੇ ਅਗੋਚਰ, ਯਥਾ- ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ।

**ਅਘ** ਸੰ. ਪਾਪ, ਜੈਸੇ- ਅਘ ਓਘ ਪਰਹਰਿਆ। ਪੁਨਾ, ਯਥਾ- ਕੋਟਿ ਅਘਾ ਸਭਿ ਨਾਸ ਹੋਹਿ।

**ਅਘੰਨ** ਗੁ. ਪਾਪਾ ਕੋ।

**ਅਘਨ ਦੇਖਤ ਗਤੁ** ਬਾ. ਪਾਪੋਂ ਕਾ ਦੇਖਤੇ ਹੀ ਨਾਸ ਹੋ ਜਾਤਾ ਹੈ, ਯਥਾ- ਅਘਨ ਦੇਖਤ ਗਤੁ ਚਰਨ ਕਵਲ ਜਾਸ।

**ਅਘਨਾਂ** ਗੁ. ਪਾਪ ਕਰਤੇ ਕੋ, ਯਥਾ- ਕਰਤ ਅਘਨਾਂ।

**ਅਘਨਾਸ** ਸੰ. ਪਾਪੋ ਕੇ ਨਾਸ ਕਰਨ ਵਾਲਾ, ਯਥਾ- ਅਬਿਨਾਸੀ ਅਘਨਾਸ।

**ਅਘਨਾਸਨ** ਸੰ. ਪਾਪਾ ਕੇ ਨਾਸ ਕਰਨੇ ਵਾਲਾ, ਯਥਾ- ਨਾਨਕ ਅਘਨਾਸਨ ਜਗਦੀਸੁਰਹ।

**ਅਘਾਈ** ਦੇ. ਤ੍ਰਿਪਤ ਹੋ ਰਹੇ ਹੈਂ।

**ਅਘਾਣ** ਗੁ. ਤ੍ਰਿਪਤ ਹੂਏ।

**ਅਘਾਵਣਿਆ** ਗੁ. ਤ੍ਰਿਪਤ ਹੋਨੇ ਵਾਲਿਆ, ਯਥਾ- ਸਚੇ ਸਚਿ ਅਘਾਵਣਿਆ।

**ਅਘਾਵੀ** ਗੁ. ਤ੍ਰਿਪਤੀ।

**ਅਘੀ** ਸੰ. ਪਾਪੀ।

**ਅਘੁਲੀਐ** ਦੇ. ਪ੍ਰ. ਤ੍ਰਿਪਤ ਹੋਈਏ, ਯਥਾ- ਧੂੜਿ ਤਿਨਾ ਕੀ ਅਘੁਲੀਐ।

**ਅਘੁਲੇ** ਪੰ. ਪ. ਅਘਾਵੇ, ਤ੍ਰਿਪਤ ਹੋਵੇ।

**ਅੰਙਣੁ** ਸੰ. ਹਵੇਲੀ ਕੇ ਚੌਕ ਮੇਂ ਅਰਥਾਤ ਹਿਰਦੇ ਮੇਂ। ਸੰ. ਅੰਗਣ।

**ਅੰਙੁ** ਗੁ. ਪੱਖ ਮੇਂ, ਯਥਾ- ਫਿਰਿ ਆਵਣ ਜਾਣਾ ਅੰਙੁ। ਜਨਮ ਮਰਨ ਕੇ ਪੱਖ ਮੇਂ ਬਿਚਰਤਾ ਹੈ ਮੁਕਤੀ ਨਹੀ ਪਾਤਾ, ਹੇ ਪਿਆਰੇ, ਯਥਾ- ਹਰਿ ਰਾਖਹੁ ਅੰਗੀ ਅੰਙੁ। ਹੇ ਪਿਆਰੇ ਪੱਖ ਮੇਂ ਰਖੋ।

**ਅੰਙੈ** ਗੁ. ਅੰਅ: ਇਨ ਬਿੰਦੀ ਬਿਸਰਗ ਵਾਲੇ ਅਖਰੋ ਕਾ ਨਾਮ ਹੈ, ਯਥਾ- ਅਖੋ ਅੰਙੈ ਸਭੁ ਜਗੁ ਆਇਆ।

**ਅੰਚ** ਸੰ. ਖੜੇ ਹੋਣੇ, ਜੈਸੇ- ਰੋਮਾਂਚ।

**ਅਚੰਭਉ** ਦੇ. ਆਸਚਰਯ, ਯਥਾ- ਏਕੁ ਅਚੰਭਉ ਦੇਖਿਆ।

**ਅਚੰਭਿਓ** ਗੁ. ਆਸਚਰਯ।

**ਅਚਰ ਚਰੇ** ਗੁ. ਅਲਪ ਯਤਨੋ ਸੇ ਨਾ ਨਿਬ੍ਰਿਤ ਹੋਨੇ ਵਾਲੇ ਭਾਵ ਭਖਣ ਕੀਏ ਜਾਨੇ ਵਾਲੇ ਕਾਮਾਦਿ ਦੋਖੋ ਕੋ ਸਮਾਦਿ ਸਾਧਨੋ ਸੇ ਖਾ ਲੇਵੇ।

**ਅਚਰਜ** ਦੇ. ਅਦਭੁਤ, ਯਥਾ- ਅਚਰਜ ਏਕੁ ਸੁਨਹੁ ਰੇ। ਸੰ. ਆਸਚਰਯ।

**ਅਚਰੀਅਤ** ਦੇ. ਕਰੀਤਾ ਹੈ, ਯਥਾ- ਕਹੀਅਤ ਆਨ ਅਚਰੀਅਤ ਅਨ।

**ਅਚਲ** ਸੰ. ਨਾ ਚਲਨੇ ਵਾਲਾ ਅਰਥਾਤ ਕ੍ਰਿਆ ਹੀਨ ਪ੍ਰਮੇਸ੍ਵਰ ; ਪਰਬਤ, ਯਥਾ- ਤਨੁ ਹੈਮੰਚਲਿ ਗਾਲੀਐ। ਸਰੀਰ ਕੋ ਹੇਮਾਚਲ ਵਰਫ ਕੇ ਪਰਬਤ ਮੇ ਗਾਲ ਦੇਈਏ। ਸੰ. ਹੇਮਾਚਲ।

**ਅੰਚਲੁ** ਸੰ. ਪੱਲਾ ਭਾਵ ਸੇ ਸਰਣ ; ਪੀਛਾ, ਯਥਾ- ਅੰਚਲੁ ਗਹਿਆ ਸਾਧ ਕਾ। ਪੁਨਾ- ਊਭੀ ਭਈ ਗਹਿਓ ਕੀ ਨ ਅੰਚਲਾ।

**ਅਚਾਰ** ਦੇ. ਜਪਤਪਾਦੀ ਕਰਮ, ਯਥਾ- ਆਨ ਅਚਾਰ ਬਿਉਹਾਰ ਹੈ ਜੇਤੇ। ਸੰ. ਅਚਾਰ।

**ਅਚਾਰੀ** ਦੇ. ਸਾਸਤ੍ਰ ਮੇਂ ਬਿਧਾਨ ਕੀਏ ਕਰਮੋਂ ਕੇ ਕਰਨੇ ਸੇ ; ਆਚਾਰ ਕਰਤਾ।

**ਅਚਿਤ** ਗੁ. ਅਸਾਵਧਾਨ ਚਿਤ ਵਾਲਾ, ਯਥਾ- ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ। ਅਚੇਤ, ਯਥਾ- ਰਹਿਓ ਅਚੇਤੁ ਨ ਚੇਤਿਓ।

**ਅਚਿੰਤੁ** ਦੇ. ਬਿਨਾ ਚਿੰਤਨ ਕਰੇ ਅਕਸਮਾਤ, ਯਥਾ- ਅਚਿੰਤੁ ਵਸੈ ਮਨਿ ਆਇ। ਅਚਿੰਤਾ, ਯਥਾ- ਮਿਲਿਓ ਆਇ ਅਚਿੰਤਾ।

**ਅਚੁਤ** ਦੇ. ਜਨਮ ; ਸੱਤਾ ; ਬ੍ਰਿਧੀ ; ਪਰਿਣਾਮ ; ਖੀਣਤਾ ; ਬਿਨਾ ਸਰੂਪ ; ਖਟ ਬਿਚਾਰੋ ਸੇ ਰਹਿਤ ਪ੍ਰਮੇਸ੍ਵਰ ਅਰਥਾਤ ਤੀਨੋ ਕਾਲੋ ਮੇ ਅਪਨੇ ਸ੍ਵਰੂਪ ਸੇ ਨਾ ਗਿਰਨੇ ਵਾਲਾ ਪ੍ਰਮੇਸ੍ਵਰ। ਸੰ. ਅਚ੍ਯੁਤ, ਯਥਾ- ਅਚੁਤ ਪਾਰਬ੍ਰਹਮ ਪਰਮੇਸਰੁ।

**ਅਚੁਤ ਤਨਹ** ਗੁ. ਅਗਿੜ ਰੂਪ ਪਰਮਾਤਮਾ ਕਾ ਸ੍ਵਰੂਪ ਸਿਮਰਣ ਸੇ ਮਿਲਤਾ ਹੈ, ਯਥਾ- ਲਬਧ੍ਹੰ ਅਚੁਤ ਤਨਹ।

**ਅਚੇਤ** ਪੰ. ਹੇ ਗਯਾਨਹੀਨ ਨਰ, ਯਥਾ- ਨਰ ਅਚੇਤ ਪਾਪ ਤੇ ਡਰੁ ਰੇ।

**ਅਚੇਤ ਪਿੰਡੀ** ਗੁ. ਗ੍ਯਾਨਹੀਨ ਬੁਧੀ ਵਾਲੇ।

**ਅਛਤ** ਦੇ. ਚਾਵਲ ; ਨਾ ਬਿਗੜੇ, ਯਥਾ- ਅਛਤ ਰਾਜ ਬਿਛੁਰਤ ਦੁਖੁ ਪਾਇਆ।

**ਅਛਲ** ਸੰ. ਛਲ ਰਹਿਤ ਅਰਥਾਤ ਜਿਸ ਕੋ ਕੋਈ ਛਲ ਨਾ ਸਕੇ ਨਾ ਆਪ ਕਿਸੇ ਕੋ ਛਲੇ ਐਸਾ ਪਰਮਾਤਮਾ, ਯਥਾ- ਅਛਲ ਅਡੋਲੋ। ਪੁਨਾ- ਅਛਲ ਅਛੇਦ ਅਭੇਦ ਸਮਾਇਆ।

**ਅਛਲ ਛਲਾ** ਗੁ. ਜੋ ਛਲੀਏ ਕੇ ਛਲੋ ਸੇ ਨਹੀ ਛਲਿਆ ਜਾਤਾ।

**ਅਛਿਤਾ** ਗੁ. ਸਾਬਤ ਅਰਥਾਤ ਪੂਰਾ, ਯਥਾ- ਸਗਲ ਧਰਮ ਅਛਿਤਾ। ਸੰ. ਅਖ੍ਯਤ।

**ਅਜਹੂ** ਦੇ. ਇਸ ਸਮੇ ਭੀ, ਯਥਾ- ਅਜਹੂ ਕਛੁ ਬਿਗਰਿਓ ਨਹੀ।

**ਅਜਗਰ ਭਾਰ** ਗੁ. ਮਹਾ ਬੋਝਲ ਪਾਪੋ ਕਾ ਬੋਝ।

**ਅਜਗਰੁ** ਸੰ. ਅਜਾ ਬਕਰੀ ਕੋ ਨਿਗਲ ਜਾਨੇ ਵਾਲਾ ਅਤਿ ਬੋਝਲ ਸਰਪ ਇਸ ਕਾ ਨਾਮ ਮੁਖ ਅਰਥ ਹੈ- ਗੌਣ ਸੇ ਅਤਿ ਬੋਝਲ ਵਸਤੁ ਮਾਤ੍ਰ, ਯਥਾ- ਅਣਹੋਦਾ ਅਜਗਰੁ ਭਾਰੁ ਉਠਾਏ।

**ਅੰਜਨ** ਸੰ. ਸੁਰਮਾ, ਯਥਾ- ਸੋਲਹ ਕੀਏ ਸੀਗਾਰ। ਨਿਖਲ ਦੁਖ ਔ ਤਿਨ ਕੀ ਮੂਲ ਮਾਯਾ ਮੇਂ, ਯਥਾ- ਅੰਜਨ ਮਾਹਿ ਨਿਰੰਜਨਿ ਰਹੀਐ। ਗ੍ਯਾਨ, ਯਥਾ- ਗਿਆਨ ਅੰਜਨੁ ਗੁਰਿ ਦੀਆ। ਪੁਨਾ- ਅੰਜਨ ਸਿਆਮ। ਗ੍ਯਾਨ ਅੰਜਨ ਸੇ ਸੁੰਦ੍ਰ ਨੇਤ੍ਰੋਂ ਵਾਲੇ।

**ਅੰਜਨ ਸਿਆਮ** ਗੁ. ਗ੍ਯਾਨ ਅੰਜਨ ਸੇ ਸੁੰਦ੍ਰ ਨੇਤ੍ਰਾਂ ਵਾਲਾ।

**ਅਜਨਮਾ** ਦੇ. ਜਨਮ ਰਹਿਤ।

**ਅਜਪਾ** ਸੰ. ਸੋਹੰ ਜਾਪ ਜੋ ਸ੍ਵਾਸ ਕੇ ਆਉਨੇ ਜਾਨੇ ਸਮੇ ਸ੍ਵਯੰ ਹੋਵੈ ਹੈ, ਜੈਸੇ- ਜਾਪ ਸੁ ਅਜਪਾ ਜਾਪੇ।

**ਅਜਬ** ਫਾ. ਆਸਚਰਯ, ਯਥਾ- ਅਜਬ ਕੰਮ ਕਰਤੇ ਹਰਿ ਕੇਰੇ।

**ਅਜਰ ਸੁਖ** ਸੰ. ਨਾ ਜੀਰਣ ਹੋਨੇ ਵਾਲਾ ਸੁਖ ਅਰਥਾਤ ਅਖਯ ਸੁਖ।

**ਅਜਰ ਜਰੇ** ਗੁ. ਨਾ ਜਰੇ ਅਰਥਾਤ ਸਹਾਰੇ ਜਾਨੇ ਵਾਲੇ ਕਾਮਾਦਿ ਦੋਖੋ ਕੋ ਜੋ ਸਮਾਦਿ ਸਾਧਨੋ ਸੇ ਸਹਾਰ ਲੇਵੇ ਤਬ ਗ੍ਯਾਨ ਹੋਵੇ ਹੈ।

**ਅਜਰਾਈਲੁ** ਅ. ਧਰਮਰਾਜ, ਯਥਾ- ਅਜਰਾਈਲੁ ਫਰੇਸਤਾ।

**ਅਜਰੁ** ਸੰ. ਜਰਾ ਸੇ ਰਹਿਤ, ਜਿਨ ਕੋ ਦੇਹ ਕੀ ਬਦਲ ਨਾ ਹੋਨੇ ਸੇ ਬੁਢੇਪਾ ਨਹੀਂ ਆਵੇ ਐਸੇ ਦੇਵਤਾ, ਪੁਨਾ ਜਿਸ ਕੋ ਆਗੇ ਦੇਹ ਨਾ ਮਿਲਨੇ ਸੇ ਜਰਾਵਸਥਾ ਨਹੀਂ ਆਵੇ ਐਸਾ ਗ੍ਯਾਨੀ, ਜਿਸ ਮੇ ਬਾਲਾਦਿ ਸਰਬ ਕੇ ਅਭਾਵ ਸੇ ਜਰਾ ਅਵਸਥਾ ਭੀ ਨਹੀ ਵੈਸਾ ਪਰਮਾਤਮਾ। ਪੰ. ਜੋ ਵਸਤੁ ਜਰੀ ਅਰਥਾਤ ਪੁਰਖ ਸੇ ਸਹਾਰੀ ਨ ਜਾਵੇ ਐਸੇ ਕਾਮ ਕੋਪ ਆਦਿਕੋਂ ਕੇ ਬੇਗ, ਯਥਾ- ਅਜਰੁ ਜਿਨਿ ਜਰਿਆ। ਨਾ ਸਹਿਆ ਜਾਨੇ ਵਾਲਾ ਕਾਮਾਦਿਕੋਂ ਕਾ ਬੇਗ ਜਿਨੋ ਨੇ ਸਹਾਰਾ ਹੈ।

**ਅਜਾ** ਸੰ. ਬਕਰੀ, ਯਥਾ- ਅਜਾ ਭੋਗੰਤ ਕੰਦ ਮੂਲੰ। ਬਕਰੀ ਕੰਦ ਮੂਲ ਖਾਤੀ ਸਿੰਘ ਕੇ ਸਮੀਪ ਪ੍ਰਸੂ ਨਹੀ ਹੋਤੀ। ਮਾਯਾ ਸਕ੍ਤੀ, ਜੈਸੇ- ਅਜਾ ਮੇ ਕਾਂਲੋ ਹਿਤ ਸੁਕਲ ਕ੍ਰਿਸ੍ਨਾਂ।

**ਅਜਾਇ** ਗੁ. ਬਿਨਾ ਠਿਕਾਨੇ ਭਾਵ ਬਜਰਥ, ਜੈਸੇ- ਬੋਲੇ ਬੋਲ ਅਜਾਇ। ਅਜਾਈ, ਯਥਾ- ਤਿਸ ਕੀ ਘਾਲ ਅਜਾਂਈ ਜਾਇ। ਅਜਾਏ, ਯਥਾ- ਬੋਲਤ ਬੋਲ ਅਜਾਏ। ਪੁਨਾ- ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ।

**ਅਜਾਇਬ** ਫਾ. ਅਸਚਰਯ।

**ਅਜਾਣ** ਪੰ. ਅਗਜਾਨੀ।

**ਅਜਾਤ** ਸੰ. ਨਾ ਜਨਮਾ। ਦੇ. ਸ੍ਵਤੰਤ੍ਰ, ਯਥਾ- ਜੋ ਲਉੜਾ ਪ੍ਰਭਿ ਕੀਆ ਅਜਾਤਿ। ਯਵ. ਭਾਖਾ. ਅਜਾਦ, ਜੈਸੇ- ਬਰੋ ਦਾਦਸਾਹੀ ਖੁਦਾਜਾਦ ਗਸਤ।

**ਅਜਾਤਿ** ਸੰ. ਨੀਚ ਜਾਤਿ, ਯਥਾ- ਅਧਮੁ ਅਜਾਤਿ ਨਾਮਦੇਉ।

**ਅਜਿਤ** ਸੰ. ਜਯ ਨਾ ਕੀਆ ਜਾਨੇ ਵਾਲਾ, ਯਥਾ- ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ। ਹੇ ਮੋਹ ਬਿਬੇਕ ਸਾਥ ਯੁਧ ਸਮੇ ਤੂ ਬਡਾ ਅਜੀਤ ਸੂਰਮਾ ਹੈ।

**ਅੰਜੀਐ** ਗੁ. ਪਾਈਐ, ਯਥਾ- ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ।

**ਅਜੁ** ਸੰ. ਬਕਰਾ ; ਬ੍ਰਹਮਾ ; ਜਨਮ ਰਹਿਤ ਪਰਮਾਤਮਾ। ਪੰ. ਵਰਤਮਾਨ ਦਿਨ, ਯਥਾ- ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।

**ਅੰਜੁਲੀ** ਸੰ. ਸੂਧੇ ਕਰ ਜੋੜੇ ਹਾਥ, ਯਥਾ- ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ।

**ਅੰਜੁਲੀ** ਗੁ. ਦੋ ਹਾਥ ਜੋੜ ਪ੍ਰਾਰਥਨਾ ਕਾ ਸਬਦ, ਨਮਸਕਾਰ, ਯਥਾ- ਸੰਜੋਗੁ ਵਿਜੋਗੁ ਧੁਰਹੁ ਹੀ ਹੂਆ। ਕੁੱਬੇ ਕਰ ਜੋੜੇ ਦੋ ਹਾਥ, ਯਥਾ- ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ।

**ਅਜੂਨੀ** ਦੇ. ਨਾ ਹੋਵੇ ਕਾਰਣ ਜਿਸ ਕਾ ਵਹੁ ਹਰਿ, ਯਥਾ- ਅਜੂਨੀ ਸੰਭਉ। ਸੰ. ਅਯੋਨੀ।

**ਅਜੂਨੀ ਸੈਭੰ** ਗੁ. ਮਾਰੂ ਸੋਲਹੇ ਮੈਂ ਅਕਾਲ ਮੂਰਤਿ ਅਜੋਨੀ ਸੰਭਉ ਪਾਠ ਹੈ ਸਵੈਯੇ ਮੇਂ ਅਜੋਨੀ ਸੰਭਵਿਓ ਪਾਠ ਹੈ ਮੁਖ ਮੰਤ੍ਰ ਮੇਂ ਅਜੂਨੀ ਸੈਭੰ ਪਾਠ ਹੈ ਸੋ ਅਗਲੇ ਪਾਠੋ ਮੇਂ ਸੰਭਉ ਸੰਭਵਿਓ ਪਾਠ ਦੇਖਨੇ ਸੇ ਸੈਭੰ ਕਾ ਮੂਲ ਸੰਭਵ ਜਾਨ ਪੜੇ ਹੈ। ਅਜੂਨੀ ਕਾ ਮੂਲ ਅਯੋਨੀ ਹੈ ਯਾਤੇ ਅਯੋਨੀ ਸੰਭਵ ਪਾਠ ਹੈ। ਅਰਥ ਇਸ ਕਾ ਐਸੇ ਹੈ ਅਨੇਕ ਅਰਥੋਂ ਵਾਲਾ ਜੋ ਨਿਪਦ ਈਹਾ ਕਾਰਣ ਕਾ ਵਾਚਕ ਹੈ। ਸੰਭਵ ਬਣਨੇ ਕਾ ਅਰਥਾਤ ਉਤਪਤੀ ਕਾ ਵਾਚਕ ਹੈ ਕਾਰਣ ਸੇ ਉਤਪਤੀ ਹੋਵੇ ਜਿਸ ਕੀ ਤਿਸ ਕਾ ਨਾਮ ਯੋਨੀ ਸੰਭਵ ਹੈ ਜੈਸੇ ਘੜੇ ਕੀ ਮਿਟੀ ਕੇ ਪਿੰਡੇ ਸੇ ਉਤਪਤੀ ਹੈ ਯਾਤੇ ਜੋਨੀ ਸੰਭਵ ਹੈ ਪ੍ਰਮੇਸ੍ਵਰ ਤਿਸ ਕੇ ਸਮਾਨ ਕਾਹੂ ਕਾਰਣ ਸੇ ਨਹੀਂ ਬਨਾ ਯਾਤੇ ਅਜੋਨੀ ਸੰਭਵ ਹੈ। ਇਸੀ ਵਾਸਤੇ ਅਕਾਲ ਮੂਰਤਿ ਭਾਵ ਕਾਲ ਸੇ ਰਹਿਤ ਸ੍ਵਰੂਪ ਹੈ।

**ਅਜੂਨੀ ਸੰਭੌ** ਵਾ. ਅਜੂਨੀ ਸੰਭਵ, ਯਥਾ- ਨਿਰਭਉ ਨਿਰਵੈਰ ਅਥਾਹ ਅਤੋਲੇ। ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ। ਪੁਨਾ- ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ। ਸੰ. ਅਯੋਨੀ ਸੰਭਵ।

**ਅਜੇਹਾ** ਪੰ. ਐਸਾ।

**ਅਜੈ** ਦੇ. ਜਿਸ ਕੋ ਤੁਲਜਤਾ ਵਾ ਅਧਿਕਤਾ ਸੇ ਕੋਈ ਜੈ ਨਾ ਕਰ ਸਕੇ, ਯਥਾ- ਅਜੈ ਚਵਰੁ ਸਿਰਿ ਢੁਲੈ। ਅਜ ਰਾਜਾ ਰਾਮਚੰਦ੍ਰ ਕੇ ਦਾਦਾ, ਯਥਾ- ਅਜੈ ਸੁ ਰੋਵੈ ਭੀਖਿਆ ਖਾਇ।

**ਅਜੈ** ਪੰ. ਅਬ, ਯਥਾ- ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ।

**ਅੰਞ** ਪੰ. ਇਸ ਪ੍ਰਕਾਰ।

**ਅਟਕਲੈ** ਪੰ. ਅਨੁਮਾਨ ਕਰੇ ਅਰਥਾਤ ਕਾਹੂ ਨਿਸਾਨੀ ਸੇ ਚੀਜ ਕਾ ਮਾਪ ਕਰੇ, ਯਥਾ- ਪਰਾਇਆ ਛਿਦ੍ਰ ਅਟਕਲੈ।

**ਅਟਕਾਇ** ਗੁ. ਅਟਕ, ਫਸ, ਯਥਾ- ਗਹੇ ਰਹੇ ਅਟਕਾਇ। ਮਾਯਾ ਕੇ ਪਕੜੇ ਹੁਏ ਮਾਯਾ ਮੋ ਅਟਕ ਰਹੇ ਹੈਂ।

**ਅਟਕਾਵਸਿ** ਦੇ. ਅਟਕਤਾ ਹੈ, ਯਥਾ- ਥੋਰੀ ਬਾਤ ਅਲਪ ਸੁਪਨੇ ਕੀ ਬਹੁਰਿ ਬਹੁਰਿ ਅਟਕਾਵਸਿ ਰੇ।

**ਅਟਲ** ਸੰ. ਗਿਰਨੇ ਸੇ ਰਹਿਤ, ਯਥਾ- ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ। ਪੁਨਾ- ਸਾ ਅਟਲ ਸੁਹਾਗਨਿ।

**ਅਟਲ ਅਛੇਦ** ਸੰ. ਨਾ ਟਲਨੇ ਵਾਲਾ ਤਥਾ ਨਾ ਛੇਦਨ ਕੀਆ ਜਾਨੇ ਵਾਲਾ ਜੈਸੇ ਲੋਕ ਆਨ ਮੰਤ੍ਰੋ ਕਾ ਉਧਾਰ ਕਰਤੇ ਉਨ ਕੋ ਟਲਾ ਕਰ ਕਾਟ ਦੇਤੇ ਹੈਂ ਗੁਰੋ ਕਾ ਮੰਤ੍ਰ ਵੈਸਾ ਨਹੀ, ਯਥਾ- ਗੁਰ ਕਾ ਬਚਨੁ ਅਟਲ ਅਛੇਦ। ਕ੍ਰਿਯਾਹੀਨ ਬਿਨਾਸ ਰਹਿਤ ਪਰਮਾਤਮਾ।

**ਅਟਲਾਧਾ** ਗੁ. ਅਟਲ ਭਾਵ ਨਾ ਫਿਰਨੇ ਵਾਲਾ, ਯਥਾ- ਇਕਿ ਸਾਧ ਬਚਨ ਅਟਲਾਧਾ।

**ਅਟਵੀ** ਸੰ. ਬਨ।

**ਅਟਵੀਅੰ** ਸੰ. ਬਨ, ਯਥਾ- ਭੈ ਅਟਵੀਅੰ ਮਹਾ ਨਗਰ ਬਾਸੰ। ਜੋ ਸੰਸਾਰ ਭਯਦਾਈ ਜੰਗਲ ਹੈ ਤਾ ਮੋਂ ਧਰਮੀ ਮਹਾਤਮਾ ਬਡੇ ਨਗਰ ਵਤ ਬਾਸ ਕਰਤੇ ਹੈਂ।

**ਅਟਾਰੇ** ਗੁ. ਅਟਲ ਪਦ ਨੂੰ ਪ੍ਰਾਪਤ ਹੂਆ, ਯਥਾ- ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ। ਦੇ. ਅਟਾਲ।

**ਅਟਿਆ** ਪੰ. ਭਰਿਆ, ਯਥਾ- ਮਨ ਤੂੰ ਗਾਰਬਿ ਅਟਿਆ। ਅਟੀਆ, ਯਥਾ- ਗਰਬਿ ਅਟੀਆ ਤ੍ਰਿਸਨਾ।

**ਅਠਸਠਿ** ਦੇ. ਅਠਾਹਟ ਤੀਰਥੋਂ ਕਾ, ਯਥਾ- ਸੁਣਿਐ ਅਠਸਠਿ ਕਾ ਇਸਨਾਨੁ। ਪੁਨਾ- ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ। ਜਿਨ ਏਕ ਏਕ ਤੀਰਥੋਂ ਮੇਂ ਆਗੇ ਅਨੇਕ ਅਨੇਕ ਤੀਰਥ ਹੈਂ ਜੈਸੇ ਕੁਰੁਛੇਤ੍ਰ ਮੈ ਦੋ ਸੈ ਪਛਤ੍ਰ ਹੈਂ। ਤਿਨ ਕੋ ਏਕ ਏਕ ਗਿਨੇ ਤਬ ਅਠਾਹਟ ਭੀ ਸਿਧ ਹੋਤੇ ਹੈਂ। ਜੋ ਗੁਰਮਤ ਨਿਰਣਯ ਮੋ ਦਿਖਾਏ ਹੈਂ ਪਰੰਤੂ ਤੀਰਥ ਅਠਾਹਟ ਹੈਂ ਯਹ ਕਿਸੇ ਏਕ ਕਾ ਮਤ ਹੈ ਤੀਰਥ ਤੀਨ ਕਰੋੜ ਹੈਂ ਯਹ ਬਹੁਤਯੋਂ ਕਾ ਮਤ ਹੈ। ਵਾਸ੍ਤਵ ਸੇ ਜਹਾ ਕੋਈ ਮਹਾਤਮਾ ਭਜਨ ਤਪ ਪਾਠ ਕਰੇ ਉਸੀ ਭੂਮੀ ਕਾ ਨਾਮ ਤੀਰਥ ਹੈ। ਮਹਾਤਮਾ ਅਗਿਣਤ ਹੈਂ ਯਾਤੇ ਤੀਰਥ ਭੀ ਅਗਿਣਤ ਹੈ। ਪੂਰਬ ਕਹੇ ਅਠਾਹਟ ਵਾ ਤੀਨ ਕ੍ਰੋੜ ਪੰਚ ਦੇਵਨ ਕੇ ਉਪਾਸਕ ਜਨੋ ਕੇ ਨਿਸਚੇ ਮੇਂ ਹੈਂ ਨਿਖਲ ਮਤੋਂ ਕੇ ਮਤ ਪ੍ਰਵਰਤਕ ਪੁਰਖੋ ਕੇ ਗਿਨੇ ਤਬ ਅਨੰਤ ਹੈਂ।

**ਅਠਸਾਖੀ** ਦੇ. ਚੰਦ੍ਰ ਸੂਰਯ ਅਗਨਿ ਵਾਯੂ ਆਦਿਕ ਬਸੁ ਗਵਾਹ।

**ਅਠਤਰੈ** ਦੇ. ਪੰਦਰਾ ਸੈ ਅਠਤ੍ਰ ਮੋ ਬਾਬਰ ਆਵੇਗਾ, ਯਥਾ- ਆਵਨਿ ਅਠਤਰੈ।

**ਅਠਾਰਹ ਸਿਧੀ** ਦੇ. ਅਸ੍ਰਸਿਧਿ ਕੇ ਅਰਥ ਮੋ ਅਣਿਮਾਦਿ ਆਠੋ ਕੇ ਸ੍ਵਰੂਪ ਲਿਖੇ ਗਏ। ਅਧਿਕ ਰਹੀ ਦਸੋ ਕੇ ਯੇ ਹੈਂ- ੧. ਖੁਧਾ ਤ੍ਰਿਖਾਦਿ ਖਟ ਊਰਮੀਆਂ ਨਾ ਬਯਾਪਨੀ ਅਨੁਰਮੀ ਸਿਧਿ ਹੈ ੨. ਦੂਰ ਬੈਠੇ ਨੇ ਸਭ ਕੀ ਬਾਤ ਸੁਨ ਲੇਨੀ ਦੂਰ ਸ੍ਰਵਣ ਸਿਧੀ ਹੈ ੩. ਦੂਰ ਬੈਠੇ ਨੇ ਸਭ ਕੋ ਨੇਤ੍ਰੋਂ ਸੇ ਦੇਖਨਾ ਦੂਰ ਦਰਸਨ ਸਿਧੀ ਹੈ ੪. ਮਨ ਕੇ ਬੇਗ ਵਤ ਜਹਾ ਚਾਹਨਾ ਤਹਾਂ ਗਮਨ ਕਰਨਾ ਮਨੋਬੇਗ ਸਿਧੀ ਹੈ ੫. ਜੈਸਾ ਚਾਹਨਾ ਤੈਸਾ ਰੂਪ ਧਾਰ ਲੇਨਾ ਕਾਮ ਰੂਪ ਸਿਧੀ ਹੈ ੬. ਭੂਤ ਕੇ ਸਮਾਨ ਪਰਾਏ ਸਰੀਰ ਮੋ ਪ੍ਰਵੇਸ ਕਰ ਜਾਨਾ ਪਰਕਾਯ ਪ੍ਰਵੇਸ ਸਿਧੀ ਹੈ ੭. ਭੀਖਮ ਪਿਤਾਮਾ ਵਤ ਅਪਨੀ ਇਛਾ ਸੇ ਦੇਹ ਤਯਾਗਨੀ ਸ੍ਵਛੰਦ ਮ੍ਰਿਤ੍ਯੁ ਸਿਧੀ ਹੈ ੮. ਅਪਸਰਾ ਸੇ ਮਿਲ ਕੇ ਵਿਚਰਤੇ ਦੇਵਨ ਕੂ ਦੇਖਨਾ ਸੁਰ ਕ੍ਰੀੜਾ ਦਰਸਨ ਸਿਧੀ ਹੈ ੯. ਜੋ ਸੰਕਲਪ ਕਰੇ ਸੋ ਪੂਰਨ ਹੋਨਾ ਯਥਾ ਸੰਕਲਪ ਸਿਧੀ ਹੈ ੧੦. ਜਹਾਂ ਗਯਾ ਚਾਹੇ ਤਹਾ ਜਾਵੇ ਅਪ੍ਰਤਿ ਹਤ ਗਤਿ ਸਿਧੀ ਹੈ। ਆਠ ਪਿਛਲੀ ਦਸ ਯੇ ਮਿਲ ਕਰ ਅਠਾਰਹ ਸਿਧੀਆ ਹੈ, ਭਕਤੋਂ ਕੇ ਪੀਛੇ ਬਿਚਰਤੀ ਹੈਂ, ਯਥਾ- ਅਠਾਰਹ ਸਿਧੀ ਪਿਛੈ ਲਗੀਆ ਫਿਰਹਿ।

**ਅਠਾਰਹ ਬਰਣ** ਦੇ. ੧. ਬ੍ਰਾਹਮਣ ੨. ਛਤ੍ਰੀ ੩. ਬੈਸ੍ਯ ੪. ਸੂਦ੍ਰ ੫. ਬ੍ਰਾਹਮਣ ਸੇ ਛਤ੍ਰਾਣੀ ਕੀ ਸੰਤਾਨ ੬. ਬ੍ਰਾਹਮਣ ਸੇ ਬਨਿਆਨੀ ਕੀ ਸੰਤਾਨ ੭. ਬ੍ਰਾਹਮਣ ਸੇ ਸੂਦ੍ਰੀ ਕੀ ਸੰਤਾਨ ੮. ਛਤ੍ਰੀ ਸੇ ਬਨਿਆਣੀ ਕੀ ਸੰਤਾਨ ੯. ਛਤ੍ਰੀ ਸੇ ਸੂਦ੍ਰੀ ਕੀ ਸੰਤਾਨ ੧੦. ਬਨੀਏ ਸੇ ਸੂਦ੍ਰੀ ਕੀ ਸੰਤਾਨ ਯੇ ਖਟ ਅਨੁਲੋਮ ਬਰਣ ਹੈਂ। ਅਨੁਲੋਮ ਸੀਧੇ ਕਾ ਨਾਮ ਹੈ ਯੇ ਸੀਧੀ ਰੀਤਿ ਸੇ ਉਪਜੇ ਬਰਣ ਹੈਂ। ੧੧. ਸੂਦ੍ਰ ਸੇ ਬਨਿਆਨੀ ਕੀ ਸੰਤਾਨ ੧੨. ਸੂਦ੍ਰ ਸੇ ਛਤ੍ਰਾਣੀ ਕੀ ਸੰਤਾਨ ੧੩. ਸੂਦ੍ਰ ਸੇ ਬ੍ਰਾਹਮਣੀ ਕੀ ਸੰਤਾਨ, ੧੪. ਬਨੀਏ ਸੇ ਛਤ੍ਰਾਣੀ ਕੀ ਸੰਤਾਨ ੧੫. ਬਨੀਏ ਸੇ ਬ੍ਰਾਹਮਣੀ ਕੀ ਸੰਤਾਨ ੧੬. ਛਤ੍ਰੀ ਸੇ ਬ੍ਰਾਹਮਣੀ ਕੀ ਸੰਤਾਨ। ਯੇ ਖਟ ਪ੍ਰਤਿਲੋਮਜ ਬਰਣ ਹੈਂ ਪ੍ਰਤਿਲੋਮ ਉਲਟੇ ਕਾ ਨਾਮ ਹੈ। ਨੀਚ ਬਰਣ ਕੇ ਪੁਰਖੋ ਸੇ ਊਚੇ ਬਰਣੋ ਕੀ ਇਸਤ੍ਰੀਓ ਮੇਂ ਸੰਤਾਨ ਹੋਨੀ ਉਲਟੀ ਰੀਤਿ ਹੈ ਯਾਤੇ ਉਲਟੀ ਰੀਤਿ ਸੇ ਉਪਜੇ ਬਰਣ ਸੰਕਰ ਹੈਂ ਯੇ ਸੋਲਾ ਬਰਣ ਹੈਂ। ੧੭. ਬਰਣ ਸੰਕਰ ਇਸਤ੍ਰੀ ਪੁਰਖੋ ਕੇ ਮੇਲ ਸੇ ਉਪਜੀ ਸੰਤਾਨ ਸਤਾਰਵਾ ਬਰਣ ਹੈ। ਨਾਮ ਉਨ ਕਾ ਸੰਕੀਰਣ ਹੈ। ਕਾਨੀਨ ਅਠਾਰਵਾ ਜਾਨੋ ਬਯਾਸ, ਕਰਣ ਦੋ ਪ੍ਰਸਿਧ ਪੁਰਖ ਇਸ ਭਾਰਤ ਖੰਡ ਮੇ ਹੁਏ ਹੈਂ ਨਾ ਬਿਵਾਹੀ ਸਤ੍ਯਵਤੀ ਸੇ ਬਯਾਸ, ਨਾ ਬਿਵਾਹੀ ਕੁੰਤੀ ਸੇ ਕਰਣ। ਯੇ ਕਨਯਾ ਕੇ ਪੁਤ੍ਰ ਕਾਨੀਨ ਹੈਂ। ਯੂਰਪ ਮੇ ਐਸਾ ਏਕ ਈਸਾ ਹੂਆ ਹੈ ਜਿਸ ਕਾ ਗਰਭਧਾਨ ਕਰਤਾ ਯੂਸਫ ਸੇ ਪਹਲੇ ਖੁਦਾ ਹੈ। ਈਸਾ ਕਾ ਬਾਪ ਖੁਦਾ ਕ੍ਰਿਸ੍ਨ ਕਾ ਅਵਤਾਰ ਜਾਨ ਪੜਤਾ ਹੈ।

**ਅਠੀ** ਦੇ. ਦਿਨ ਰਾਤ ਕੇ ਆਠਵੇ ਹਿਸੇ ਪ੍ਰਾਤ ਸਮੇ, ਯਥਾ- ਜੇ ਅਠੀ ਭਉ ਹੋਇ। ਪ੍ਰਾਤਾਕਾਲ ਰੂਪ ਦਿਨ ਰਾਤ ਕੇ ਆਠਵੇ ਪਹਰ ਮੇਂ, ਯਥਾ- ਅਠੀ ਪਹਰੀ ਅਠ ਖੰਡ। ਆਠ ਪ੍ਰਕਾਰ ਕੇ ਮੈਥਨ ਕੋ ਦੂਰ ਕਰਕੇ। ਪੁਨਾ ਨਾਵਾ- ਨੌਮੇ ਨਿਖਲ ਅਸੁਰ ਸੰਪਦ ਰੂਪ ਸਰੀਰ ਸੈਤਾਨ ਕੋ ਖੰਡ ਕੇ ਤਿਸ ਪ੍ਰਾਤਾਕਾਲ ਮੋ ਨਵੀਨ ਨਿਧਿ ਰੂਪ ਨਾਮ ਕੋ ਗੰਭੀਰ ਗੁਣੋ ਵਾਲੇ ਜਨ ਖੋਜੇ ਹੈਂ। ਯਹ ਅਰਥ ਪੂਰਬੋਤਰ ਕੇ ਸਮੀਪ

ਪਾਠੋ ਸੇ ਸਿੱਧ ਹੈ, ਜੈਸੇ- ਸਭੇ ਵੇਲਾ ਵਖਤ ਸਭ ਜੇ ਅਠੀ ਭਉ ਹੋਇ। ਪੁਨਾ-ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।

**ਅੰਡ** ਸੰ. ਪੰਖੀ ਆਦਿਕੋ ਕਾ ਆਂਡਾ ; ਬੈਜਾ ; ਬ੍ਰਿਖਣਕੀ- ਪਤਾਲੂ ਕੀ ਗੋਲੀ ; ਬ੍ਰਹਮਾਂਡ, ਯਥਾ- ਅੰਡ ਟੂਕ ਜਾ ਚੈ।

**ਅੰਡ ਟੂਕ** ਗੁ. ਬ੍ਰਹਮਾਂਡ ਕਾ ਟੁਕੜਾ ਨਰਕ ਥਾਨ ਪਾਪੀ ਜਨੋ ਕੇ ਪਕਨੇ ਹੇਤ ਚੁਲਾ ਹੈ। ਵਾਸਤਵ ਮੇ ਉਤਮ ਬਿਭੂਤੀ ਕਾ ਬਰਨਨ ਹੈ ਯਾਂਤੇ ਬ੍ਰਹਮਾਂਡ ਕਾ ਟੁਕੜਾ ਪ੍ਰਿਥਵੀ ਜਿਸ ਕਾ ਚੁਲਾ ਹੈ। ਜੈਸੇ ਚੁਲੇ ਪੈ ਪੱਕਾ ਸਰਬਤ੍ਰ ਖਾਵੇ ਹੈ ਤੈਸੇ ਇਸ ਲੋਕ ਮੇਂ ਕੀਏ ਕਰਮ ਸਰਬ ਨਰਕ ਸੁਰਗਾਦਿ ਥਾਨੋਂ ਮੇ ਭੋਗੇ ਹੈਂ, ਯਥਾ- ਅੰਡ ਟੂਕ ਜਾ ਚੈ ਭਸਮਤੀ।

**ਅੰਡਜ** ਸੰ. ਅੰਡੇ ਸੇ ਪੈਦਾ ਹੋਨੇ ਵਾਲੇ ਪੰਖੀ ਕੀੜੇ ਆਦਿ ਜੀਵ।

**ਅਡੰਬਰ** ਦੇ. ਹਰਖ ; ਗਰਬ ; ਵਾਜਿਓ ਕੀ ਅਵਾਜ ; ਨੇਤ੍ਰ ਕੇ ਰੋਮ ; ਬਦਲ ਕਾ ਗੱਜਨ ; ਆਰੰਭ, ਯਥਾ- ਹਭਿ ਅਡੰਬਰ ਕੂੜਿਆ।

**ਅਡੋਲੈ** ਪੰ. ਹਿਲਨੇ ਚਲਨੇ ਸੇ ਰਹਿਤ ਪਰਮਾਤਮਾ।

**ਅਢ ਆਢ** ਦੇ. ਅਧੀ ਦਮੜੀ ਕਾ ਆਧ।

**ਅਢੁ** ਪੰ. ਅਧੀ ਦਮੜੀ ਵਾ ਅਧਾ ਦਾਮ, ਯਥਾ- ਅਢੁ ਨ ਲਹੰਦੜੋ ਮੁਲੁ। ਪੂਰਾ ਅਰਥ ਇਸ ਕਾ ਆਢ ਦਾਮ ਕੇ ਅਰਥ ਮੇ ਦੇਖੋ।

**ਅਣ** ਪੰ. ਬਿਨਾ, ਯਥਾ- ਅਣਮੰਗਿਆ ਦਾਨੁ ਦੇਵਸੀ। ਨਾ, ਯਥਾ- ਅਣਹੋਦਾ ਨਾਉ ਧਰਾਇਓ ਪਾਧਾ।

**ਅਣਜਾਣਤ** ਗੁ. ਨਾਮੋ ਕੇ ਜਾਪ ਕੀ ਬਿਧੀ, ਮਹਾਤਮ, ਜਾਪ ਕੀ ਸੰਖਯਾ ਆਦਿ ਜਾਨੇ ਬਿਨਾ ਹੀ, ਯਥਾ- ਅਣਜਾਣਤ ਨਾਮੁ ਵਖਾਣੀਐ। ਅਗ੍ਯਾਨ ਸੇ, ਯਥਾ- ਅਨਜਾਨਤ ਬਿਖਿਆ ਮਹਿ ਰਚੈ।

**ਅਣਾਚਾਰੀ** ਦੇ. ਧਰਮ ਸਾਸਤ੍ਰੋਂ ਮੇ ਕਹੀ ਧਰਮ ਕੀ ਮਰਯਾਦਾ ਸੇ ਰਹਿਤ, ਯਥਾ- ਕੰਞਕਾ ਅਣਚਾਰੀ ਕਾ ਧਾਨੁ। ਸੰ. ਅਨਾਚਾਰੀ।

**ਅਣੀਆ** ਪੰ. ਤਿਖੀ ਮੁਖੀਆਂ, ਯਥਾ- ਅਣੀਆਲੇ ਅਣੀਆ ਰਾਮ।

**ਅਣੀਆਲੇ** ਪੰ. ਤੀਖੇ ਮੁਖੋ ਵਾਲੇ ਤੀਰੋ ਕੀ, ਯਥਾ- ਅਣੀਆਲੇ ਅਣੀਆ ਰਾਮ ਰਾਜੇ।

**ਅਤਤਾਈ** ਦੇ. ਆਤਤ, ਬਿਸਤਾਰੇ ਸਸਤ੍ਰਾਦਿ ਪਕੜ ਕਰ ਮਾਰਨੇ ਹੇਤ ਅਯ ਚਲਨੇ ਕਾ ਸੁਭਾਵ ਹੋਵੇ ਜਿਸ ਕਾ, ਤਿਸ ਕਾ ਨਾਮ ਆਤਤਾਯੀ ਹੈ। ਐਸੇ ਪੁਰਖ ਬਸਿਸ੍ਰ ਸਿਮ੍ਰਿਤੀ ਮੇ ਖਟ ਲਿਖੇ ਹੈਂ- ੧. ਅਗਨਿ ਲਗਾਨੇ ਵਾਲਾ ੨. ਬਿਖ ਦੇਨੇ ਵਾਲਾ ੩. ਨਗਨ ਸਸਤ੍ਰ ਪਕੜ ਮਾਰਨੇ ਕੋ ਆਇਆ ੪. ਧਨ ਹਰ ਲੇਨੇ ਵਾਲਾ ੫. ਖੇਤ ਹਰਨੇ ਵਾਲਾ ੬. ਇਸਤ੍ਰੀ ਹਰਨੇ ਵਾਲਾ। ਕਾਤਯਾਨ ਰਿਖੀ ਕੀ ਸਿਮ੍ਰਿਤੀ ਮੇ ਆਤਤਾਈ ਸਾਤ ਲਿਖੇ ਹੈਂ- ੧. ਬਿਨਾ ਅਪਰਾਧ ਕੀਏ ਹਾਥ ਉੱਚਾ ਕਰ ਸਰਾਪ ਦੇਨੇ ਵਾਲਾ ੨. ਮੰਤ੍ਰ ਸੇ ਮਾਰਨੇ ਵਾਲਾ ੩. ਰਾਜ ਸਭਾ ਮੇ ਚੁਗਲੀ ਕਰਨੇ ਵਾਲਾ ੪. ਪਤਿਬ੍ਰਤਾ ਇਸਤ੍ਰੀ ਕਾ ਤਯਾਗ ਕਰਨੇ ਵਾਲਾ ੫. ਅਗਨਿ ਦਾਤਾ ੬. ਬਿਖ ਦਾਤਾ ੭. ਸਸਤ੍ਰ ਖੈਚ ਮਾਰਨੇ ਆਯਾ। ਬ੍ਰਿਹਸਪਤਿ, ਦੇਵਲ, ਬਿਸਨੁ, ਮਨੁ ਇਨ ਚਾਰ ਸਿਮ੍ਰਿਤੀਕਾਰੋ ਨੇ ਲਿਖਾ ਹੈ, ਆਤਤਾਈ ਬਾਲਕ ਹੋਵੇ, ਬੂਢਾ ਹੋਵੇ, ਗੁਰ ਹੋਵੇ, ਬ੍ਰਾਹਮਣ ਹੋਵੇ ਬਿਨਾ ਬ੍ਰਿਤਾਂਤ ਪੂਛੇ ਅਰਥਾਤ ਇਜਹਾਰ ਲੀਏ ਬਿਨਾ ਹੀ ਸੀਘ੍ਰ ਮਾਰ ਦੇਨਾ। ਔਰ ਸਿਮ੍ਰਿਤੀਕਾਰ ਲਿਖਤੇ ਹੈਂ ਗੁਰੁ ਆਤਤਾਈ ਨਹੀ ਮਾਰਨਾ ਔਰ ਸਭੀ ਮਾਰ ਦੇਨੇ। ਗੁਰੁ ਆਤਤਾਈ ਕੋ ਮਾਰ ਦੇਨਾ ਕਹਨੇ ਵਾਲੇ ਰਿਖੀਓ ਕੇ ਬਚਨ ਧਰਮ ਸਾਸਤ੍ਰ ਰੂਪ ਨਹੀ। ਓਹ ਬਚਨ ਅਰਥ ਸਾਸਤ੍ਰ ਅਰਥਾਤ ਰਾਜਨੀਤ ਰੂਪ ਹੈਂ। ਯਾਤੇ ਧਰਮ ਸਾਸਤ੍ਰ ਕੀ ਰੀਤਿ ਸੇ ਗੁਰ ਕਾ ਬਧ ਨਹੀ ਕਰਨਾ ਔਰ ਸਭ ਮਾਰ ਦੇਨੇ ਬਿਲੰਬ ਨਹੀ ਕਰਨਾ। ਅਧਿਕ ਬਿਚਾਰ ਇਸ ਵਾਰਤਾ ਕਾ ਵਾਚਸਪਤਯ ਕੋਸ ਮੇ ਹੈ ਤਹਾ ਤੇ ਦੇਖੋ ਸੁਣੋ। ਸੰ. ਆਤਤਾਈ, ਯਥਾ- ਸੰਤ ਕਾ ਨਿੰਦਕੁ ਮਹਾ ਅਤਤਾਈ।

**ਅਤਰ** ਯਵ. ਸੁਗੰਧ ਵਾਲਾ ਚੰਦਨਾਦਿਕੋਂ ਕਾ ਤੇਲ।

**ਅੰਤਰ ਵਿਧਾ** ਗੁ. ਰਿਦਾ ਬੇਧਯਾ ਗਿਆ ਹੈ ਹਰਿ ਸਾਥ।

**ਅੰਤਰਜਾਮ** ਗੁ. ਅੰਤਰਜਾਮੀ।

**ਅੰਤਰਜਾਮੀ** ਦੇ. ਨਿਖਲ ਕੇ ਭੀਤਰ ਹੋ ਕਰ ਪ੍ਰੇਰਣੇ ਵਾਲਾ, ਯਥਾ- ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ। ਅਨਜਾਨ ਜਨ ਇਸ ਕਾ ਅਰਥ ਅੰਤ੍ਰ ਕੀ ਵਾਰਤਾ ਜਾਨਨੇ ਵਾਲਾ ਸਮਝਤੇ ਹੈਂ ਸੋ ਸਰਬਗ ਨਾਮ ਕਾ ਅਰਥ ਹੈ ਅੰਤਰਯਾਮੀ ਕਾ ਨਹੀ। ਕਾਹੇ ਤੇ ਅੰਤਰ ਕਾ ਅਰਥ ਭੀਤਰ ਹੈ ਯਾਮੀ ਕਾ ਪ੍ਰੇਰਨੇ ਵਾਲਾ ਹੈ ਅੰਤਰ ਕੀ ਜਾਨਨੇ ਵਾਲਾ ਨਹੀ। ਯਹੀ ਅਰਥ ਵੇਦ ਕੇ ਅੰਤਰਯਾਮੀ ਬ੍ਰਾਹਮਣ ਪਾਠ ਵਿਖੇ ਬ੍ਰਿਹਦਾਰਨਜਕ ਉਪਨਿਸਦ ਮੇ ਸਪਸ੍ਰ ਹੈ। ਸੰ. ਅੰਤਰਯਾਮੀ।

**ਅੰਤਰਿ ਸੁੰਨੰ** ਗੁ. ਕਾਰਨ ਦੇਹ ਮੇ ਵਹੀ ਅਫੁਰ ਬਯਾਪਕ ਹੈ, ਯਥਾ- ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।

**ਅੰਤਰਿ ਖੂਹਟਾ** ਵਾ. ਦੇਹ ਭੀਤਰ ਕੂਪ ਅੰਤਹਕਰਣ, ਯਥਾ- ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ। ਦੇਹ ਭੀਤਰ ਅੰਤਹਕਰਣ ਕੂਪ ਪਰਮਾਤਮਾ ਕੇ ਸ੍ਵਰੂਪ ਅੰਮ੍ਰਿਤ ਸੇ ਪੂਰਿਆ ਹੈ। ਤਿਸ ਕੋ ਗੁਰੋ ਕੇ ਉਪਦੇਸ ਸੇ ਕਾਢ ਅੰਤਹਕਰਣ ਸੇ ਜੁਦਾ ਜਾਨ ਪੀਤੇ ਹੈਂ ਉਤਮ ਭਗਤ।

**ਅੰਤਾ** ਦੇ. ਦੇਸ ਕਾਲ ਕੀ ਅਵਧੀ ਸੇ, ਯਥਾ- ਅੰਤ ਨ ਅੰਤਾ ਸਦਾ ਬੇਅੰਤਾ। ਓੜਕ ਨਹੀਂ ਦੇਸ ਕਾਲ ਕੀ ਅਵਧੀ ਸੇ। ਅੰਤ ਕਾ, ਯਥਾ- ਜਬ ਅੰਤੀ ਅਉਸਰੁ ਆਇ ਬਨਿਓ।

**ਅਤਾਰ** ਯਵ. ਅਤਰ ਰਖਨੇ ਵਾਲਾ ਗਾਂਧੀ।

**ਅੰਤਿ** ਸੰ. ਨਾਸ ; ਓੜਕ ; ਮਰਨ ਸਮੇ, ਯਥਾ- ਅੰਤਿ ਕਾਲਿ ਜੋ ਲਛਮੀ ਸਿਮਰੈ। ਸਦਾ ਸਦਾ, ਯਥਾ- ਆਦਿ ਅੰਤਿ ਲਿਵ ਲਾਗਿ ਧੁਨਾ।

**ਅੰਤਿ ਕਾਲਿ** ਸੰ. ਮਰਨ ਸਮੇ, ਯਥਾ- ਅੰਤਿ ਕਾਲਿ ਜੋ ਲਛਮੀ ਸਿਮਰੈ। ਫਾ. ਬਦਲ ਇੰਤਕਾਲ।

**ਅਤਿ** ਸੰ. ਅਬਜ, ਯਥਾ- ਉਸਤਤਿ। ਬਹੁਤ, ਯਥਾ- ਅਤਿ ਦੀਰਘ ਅਤਿ ਮੁਚੁ। ਪੁਨਾ- ਅਤਿ ਪਿਆਰਾ ਪਵੈ ਖੂਹਿ। ਲੰਘਨ ; ਨਿਰੰਤਰ ; ਬਾਰ ਬਾਰ ; ਪੂਜਾ ; ਅਤਿਸਯ।

**ਅਤਿ ਸਬਲ** ਸੰ. ਬਡਾ ਬਲਵਾਨ, ਯਥਾ- ਇਹੁ ਮਨੂਆ ਅਤਿ ਸਬਲ ਹੈ।

**ਅਤਿ ਸੁਹੀਆ** ਗੁ. ਅਤੀ ਸੁਹਾਵਣੇ।

**ਅਤਿ ਗਾੜਾ** ਗੁ. ਅਤਿਸੈ ਗਹਰਾ। ਸੰ. ਅਤਿਸੈ ਦ੍ਰਿਢ।

**ਅਤਿ ਨੀਕਾ** ਦੇ. ਅਤੀ ਸੂਖਮ, ਯਥਾ- ਮੁਕਤਿ ਦੁਆਰਾ ਅਤਿ ਨੀਕਾ।

**ਅਤਿ ਪਿਆਰਾ** ਦੇ. ਕਾਹੂ ਕਾ ਉਪਦੇਸ ਨਾ ਮਾਨਨੇ ਵਾਲਾ ਪੜਯਾ ਚਤੁਰ, ਯਥਾ- ਅਤਿ ਪਿਆਰਾ ਪਵੈ ਖੂਹਿ।

**ਅਤਿ ਬਲਨਾ** ਗੁ. ਅਤਿਸੈ ਬਲਵਾਨ ਹੈ ਹੇ ਮੋਹ ਤੂ, ਯਥਾ- ਅਤਿ ਬਲਨਾ ਬਹੁ ਮਰਦਨਹ।

**ਅਤਿ ਭਾਰਿ** ਦੇ. ਅਤਿ ਬੋਝਲ, ਯਥਾ- ਅਜਗਰਿ ਭਾਰਿ ਲਦੇ ਅਤਿ ਭਾਰੀ।

**ਅਤਿ ਮੁਚੁ** ਗੁ. ਬਡੇ ਬਿਸਤਾਰ ਵਾਲਾ, ਯਥਾ- ਅਤਿ ਦੀਰਘ ਅਤਿ ਮੁਚੁ। ਗੁਰੂ ਜੀ ਅਨਯੋਕ੍ਤੀ ਸੇ ਦੰਭੀ ਕੀ ਨਿੰਦਾ ਕਰਤੇ ਹੈਂ ਜੋ ਦੰਭੀ ਸਾਧ ਤੂੰ ਬਡੇ ਚੇਲੇ ਪੋਤੇ ਚੇਲੇ ਰੂਪ ਪਰਿਵਾਰ ਵਾਲਾ ਹੈ।

**ਅਤਿ ਰਸਿ** ਗੁ. ਬਹੁਤ ਪ੍ਰੇਮ ਕਰ, ਯਥਾ- ਅਤਿ ਰਸਿ ਰੰਗਿ ਚਲੂਲੈ ਰਾਤੀ। ਬਹੁਤ ਪ੍ਰੇਮ ਕਰ ਗਾੜੇ ਆਨੰਦ ਮੇ ਰੰਗੇ ਗਏ ਹੈਂ।

**ਅਤਿਪਤਿ** ਦੇ. ਨਾ ਤ੍ਰਿਪਤ, ਯਥਾ- ਅਤਿਪਤਿ ਮਨ ਮਾਏ। ਸੰ. ਅਤ੍ਰਿਪ੍ਤ।

**ਅਤਿਭੁਜ** ਗੁ. ਬਡੀ ਭੁਜਾ ਵਾਲਾ ਅਰਥਾਤ ਆਜਾਨੁ ਬਾਹ ਵਾਲਾ, ਯਥਾ- ਅਤਿਭੁਜ ਭਇਓ ਅਪਾਰਲਾ।

**ਅੰਤੀ ਵਾਰ** ਗੁ. ਅੰਤ ਸਮੇ, ਯਥਾ- ਸੇ ਨ ਉਪਕਰੇ ਅੰਤੀ ਵਾਰ। ਵਹੁ ਨਹੀਂ ਸਹਾਇ ਕਰ ਸਕੇ ਅੰਤ ਸਮੇ। ਮਰਨ ਸਮੇ, ਯਥਾ- ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ।

**ਅਤੀਤੁ** ਸੰ. ਭੂਤਕਾਲ ; ਭੂਤਕਾਲ ਕੀ ਵਸਤੁ ; ਵਿਰਕ੍ਤ, ਯਥਾ- ਅਤੀਤੁ ਸਦਾਏ ਮਾਇਆ ਕਾ ਮਾਤਾ।

**ਅਤੀਮਾ** ਦੇ. ਮਰ ਗਏ ਮਾਤਾ ਪਿਤਾ ਵਾਲੇ ਬਾਲਕੋਂ ਕੋ, ਯਥਾ- ਥੀਏ ਅਤੀਮਾ ਗਡ। ਫਾ. ਯਤੀਮ। ਅਨਾਥ ਬਾਲਕ ਜਿਨ ਕੇ ਮਾਤ ਪਿਤਾ ਨਾ ਹੋਵੇਂ।

**ਅਤੁਲੁ ਤੋਲਿ** ਗੁ. ਕਰਮ ਉਪਾਸਨਾ ਕੀ ਬਰਾਬਰੀ ਰਹਿਤ ਗ੍ਯਾਨ ਕੇ ਜਨਕ ਉਪਦੇਸ ਬਚਨ, ਯਥਾ- ਆਪਿ ਤੁਲਾਏ ਅਤੁਲੁ ਤੋਲਿ। ਗੁਰੋ ਕੇ ਮੁਖ ਸੇ ਪ੍ਰਮੇਸ੍ਵਰ ਆਪ ਹੀ ਤੁਲਾਵੇ ਕਥਨ ਕਰਾਵੇ ਹੈ ਅਭੇਦ ਗ੍ਯਾਨ ਕਾ ਸਾਧਨ ਰੂਪ ਅਤੁਲ। ਆਨ ਕੀ ਉਪਮਾ ਰਹਿਤ ਤੋਲ ; ਉਪਦੇਸ ਕਾ ਉਚਾਰਣ।

**ਅਤੈ** ਪੰ. ਮਾ. ਪੁਨਾ, ਯਥਾ- ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।

**ਅਥ** ਸੰ. ਅਰੰਭ ; ਅਨੰਤਰਪਨਾ ; ਪ੍ਰਸ੍ਨ ; ਵਿਕਲਪ ; ਪ੍ਰਕਰਣ ; ਸਮੁਚਯ ; ਪਖ੍ਯੰਤਰ ਭਾਵ ਔਰ ਪਖ।

**ਅਥਾਹੁ** ਪੰ. ਅਗਾਧ, ਯਥਾ- ਗਹਿਰ ਗੰਭੀਰੁ ਅਥਾਹੁ।

**ਅਥਾਕ** ਦੇ. ਅਥੱਕ।

**ਅੰਦਰਿ** ਦੇ. ਭੀਤਰ, ਯਥਾ- ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ।

**ਅਦਲ** ਨਯਾਯ ਕਾ ਨਾਮ ਹੈ।

**ਅਦਲੀ** ਦੇ. ਨਯਾਯ ਕਰਤਾ, ਯਥਾ- ਅਦਲੀ ਹੋਇ ਬੈਠਾ ਪ੍ਰਭੁ ਆਪਿ। ਅਦਲ- ਨਯਾਯ ਕਾ ਨਾਮ ਹੈ।

**ਅੰਦਾਜਾ** ਫਾ. ਮਾਪ ਸੇ, ਯਥਾ- ਭਿਸਤੁ ਪੀਰ ਲਫਜ ਕਮਾਇ ਅੰਦਾਜਾ। ਜੈਸੇ ਗੁਰ ਉਪਦੇਸ ਕਰੇ ਉਸੀ ਮਾਪ ਸੇ ਉਨ ਕੇ ਬਚਨ ਕਮਾਵਨੇ ਯਹ ਸ੍ਵਰਗ ਹੈ ਸੁਖ ਭੋਗਨੇ ਹੇਤ।

**ਅੰਦੇਸਰਾ** ਦੇ. ਸੰਦੇਹ।

**ਅੰਦੇਸਾ** ਫਾ. ਚਿੰਤਾ, ਯਥਾ- ਚੂਕੈ ਮਨਹੁ ਅੰਦੇਸਾ।

**ਅੰਦੋਹੁ** ਫਾ. ਨਾ ਖੁਸੀ, ਯਥਾ- ਦੂਖੁ ਅੰਦੋਹੁ ਨਹੀ ਤਿਹਿ ਠਾਉ।

**ਅੰਧ** ਸੰ. ਨੇਤ੍ਰ ਹੀਨ ; ਗ੍ਯਾਨਹੀਨ, ਯਥਾ- ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ। ਖਸਮੋ ਭੂਲੇ, ਯਥਾ- ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ। ਸ੍ਰੁਤਿ ਸਿਮ੍ਰਿਤੀ ਜਨਯ ਗ੍ਯਾਨ ਹੀਨ, ਯਥਾ- ਸੁਣਿ ਮਨ ਅੰਧੇ ਕੁਤੇ ਕੂੜਿਆਰ। ਅਤਯੰਤ ਅੰਧੇਰਾ, ਯਥਾ- ਬਿਨੁ ਗੁਰ ਅੰਧ ਅੰਧਾਰ। ਬਡੀ ਅਯੋਗ, ਯਥਾ- ਅੰਧੀ ਕੰਮੀ ਅੰਧ ਸਜਾਇ। ਗ੍ਯਾਨ ਰਹਿਤ ਸਭਾ, ਯਥਾ- ਅੰਧਾ ਝਗੜਾ ਅੰਧੀ ਸਥੈ। ਗ੍ਯਾਨਹੀਨ ਰਿਦਯੋਂ ਮੇਂ, ਯਥਾ- ਅੰਧੀ ਕੋਠੀ ਤੇਰਾ ਨਾਮੁ ਨਾਹੀ।

**ਅਧ ਊਰਧੀ** ਵਾ. ਤਲੇ ਉਪਰ ਭਾਵ ਸੇ ਲੋਕ ਪਰਲੋਕ।

**ਅੰਧ ਅੰਧਾਰ** ਗੁ. ਅਤੀ ਅੰਧਕਾਰ, ਯਥਾ- ਬਿਨੁ ਗੁਰ ਅੰਧ ਅੰਧਾਰ।

**ਅੰਧ ਕਮਾਇ** ਗੁ. ਜਿਨ ਕਰਮੋਂ ਸੇ ਕਬੀ ਵਿਚਾਰ ਨਾ ਉਪਜੇ ਐਸੇ ਕਾਮ ਕਰੇ ਹੈਂ।

**ਅੰਧ ਘੋਰ** ਦੇ. ਬਡੇ ਅਗ੍ਯਾਨੀ, ਯਥਾ- ਅਸੰਖ ਮੂਰਖ ਅੰਧ ਘੋਰ। ਭਯੰਕਰ ਅੰਧੇਰਾ।

**ਅਧ ਪੰਧੈ** ਪੰ. ਬੀਚ ਰਸਤੇ ਕੇ, ਯਥਾ- ਅਧ ਪੰਧੈ ਹੈ ਸੰਸਾਰੋਵਾ। ਅਰਥ ਕਾਮ ਕੇ ਬੀਚ ਹੀ ਰਹੇ ਧਰਮ ਮੁਕਤੀ ਮੇ ਨਹੀ ਪਹੁਚੇ ਸੰਸਾਰੀ ਜੀਵ।

**ਅੰਧਕਹ** ਗੁ. ਅੰਧੇਰੇ ਮੇਂ, ਯਥਾ- ਤਮ ਪਰਗਾਸ ਅੰਧਕਹ।

**ਅੰਧਕਾਰੁ** ਸੰ. ਅੰਧੇਰਾ, ਯਥਾ- ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ।

**ਅਧਮ ਪਤੰਗ** ਸੰ. ਨੀਚ ਪਤੰਗ ਜੀਵ, ਯਥਾ- ਨਾਨਕ ਅਧਮ ਪਤੰਗ। ਬਾਪ ਕੋ ਬੇਟਾ ਕਹਤਾ ਭਯਾ ਜੈਸੇ ਦੀਪਕ ਕੇ ਪ੍ਰੇਮ ਸੇ ਪਤੰਗ ਪ੍ਰਸਿਧ ਹੈ ਵੈਸੇ ਹਮ ਗੁਰੋ ਕੇ ਪ੍ਰੇਮ ਸੇ ਕਯੁ ਨਹੀ ਹੋਵੇਂਗੇ।

**ਅਧਮਾਈ** ਦੇ. ਨੀਚਪਨਾ, ਯਥਾ- ਕਹਉ ਕਹਾ ਅਪਨੀ ਅਧਮਾਈ। ਪੁਨਾ- ਨਹ ਛੂਟੀ ਅਧਮਾਈ।

**ਅਧਯਾਤਮ ਵਿਦਯਾ** ਸੰ. ਨਯਾਯ ਬੈਸੇਖਕ ਮਤ ਮੋਂ ਦੇਹ ਸੇ ਭਿੰਨ ਕਰ ਆਤਮਾ ਕੇ ਸ੍ਵਰੂਪ ਕੀ ਪ੍ਰਤਿਪਾਦਕ ਵਿਦਯਾ। ਸਾਂਖ ਪਾਤੰਜਲ ਮਤੋਂ ਮੇ ਪ੍ਰਕ੍ਰਿਤਿ ਸੇ ਭਿੰਨ ਕਰ ਆਤਮਾ ਕੇ ਸ੍ਵਰੂਪ ਕੀ ਪ੍ਰਤਿਪਾਦਕ ਵਿਦਯਾ ਵੇਦਾਂਤ ਮਤ ਮੋਂ ਬ੍ਰਹਮ ਸਾਥ ਏਕ ਰੂਪ ਕਰ ਆਤਮਾ ਕੇ ਸ੍ਵਰੂਪ ਕੀ ਪ੍ਰਤਿਪਾਦਕ ਵਿਦਯਾ ਅਧਯਾਤਮ ਵਿਦਯਾ ਹੈ। ਅਧਯਾਤਮ ਵਿਦਯਾ ਔਰ ਵਿਦਯਾ ਸੇ ਮੁਖਯ ਹੈ ਇਸੀ ਕਾ ਨਾਮ ਯਵਨ ਭਾਖਾ ਮੋ ਇਲਮ ਅਲਾਹੀ ਹੈ ਔਰ ਵਿਦਯਾ ਕਾ ਰਿਆਜੀ ਤਬੈਈ ਜਿਨ ਕਾ ਨਾਮ ਸੰਸਕ੍ਰਿਤ ਮੋਂ ਗਣਤ ਵਿਦਯਾ ਔ ਬੋਧ ਵਿਦਯਾ ਹੈ।

**ਅਧਰ** ਸੰ. ਤਲੇ ਕਾ ਹੋਠ, ਬਿਨਾ ਆਸਰੇ, ਯਥਾ- ਹੁਕਮੇ ਧਾਰਿ ਅਧਰ ਰਹਾਵੈ।

**ਅਧਰੰ ਧਰੰ** ਵਾ. ਆਸਰੇ ਸੇ ਹੀਨੋ ਕੇ ਆਸਰੇਪਨ ਕੋ ਅਪਨੇ ਮੇ ਧਾਰਨ ਵਾਲਾ ਹੈ ਪ੍ਰਮੇਸ੍ਰਰ, ਯਥਾ- ਅਧਰੰ ਧਰੰ ਧਾਰਣਹ।

**ਅਧਰੀਆ** ਗੁ. ਅਧਾਰ, ਯਥਾ- ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ। ਸੰ. ਆਧਾਰ।

**ਅਧ੍ਰੁਵ** ਸੰ. ਨਾਸੀ, ਯਥਾ- ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ।

**ਅਧਾਖ੍ਰੁ** ਗੁ. ਅਖਰ ਪਰਮਾਤਮਾ, ਗੋਚਰ ਗ੍ਯਾਨ, ਯਥਾ- ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ। ਬਚਨਾਂਤਰ ਮੋ ਸਪਸ੍ਰ ਹੈ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ। ਗਤਿ- ਗ੍ਯਾਨ ਸ੍ਵਸੰਬੇਦਯ ਵਸਤੁ ਕਾ ਸ੍ਵਰੂਪ ਦੂਸਰੇ ਕੋ ਬਤਾਵਨਾ ਕਠਨ ਹੈ। ਇਸ ਵਾਸਤੇ ਦੂਸਰਾ ਉਸ ਕੇ ਗ੍ਯਾਨ ਕੋ ਭੀ ਆਨ ਗ੍ਯਾਨੋ ਵਤ ਨਹੀ ਕਹ ਸਕੇ। ਸੰ. ਅਧਯਖ੍ਰ।

**ਅਧਾਰ** ਦੇ. ਆਸਰਾ, ਯਥਾ- ਪ੍ਰਾਨ ਅਧਾਰ ਮੀਤ ਸਾਜਨ ਪ੍ਰਭ।

**ਅਧਿ** ਸੰ. ਅਬਯਯ. ਅਧਿਕਾਰ, ਦਰਜਾ ; ਐਸ੍ਰਰਯ ; ਸ੍ਵਤ੍ਰ, ਅਪਣਤ੍ਰ ; ਉਪਰ ; ਅਧਿਕ ; ਅਤਿਸਯ ; ਮਨ ਕੀ ਪੀੜਾ।

**ਅੰਧਿਆ** ਗੁ. ਹੇ ਨੇਤ੍ਰ ਹੀਨ।

**ਅਧਿਆਤਮ** ਸੰ. ਇੰਦ੍ਰਯੋਂ ਕਾ ਨਿਗ੍ਰਹ ਭਾਵ ਗ੍ਯਾਨ ਯੋਗੁ ਸਮਦਮਾਦਿ, ਯਥਾ- ਅਧਿਆਤਮ ਕਰਮ ਕਰੇ ਤਾ ਸਾਚਾ। ਆਤਮਾ ਦੇਹ ਇੰਦ੍ਰਯ ਪ੍ਰਾਣ ਅੰਤਾਕਰਣ ਜੀਵ ਸਭ ਕਾ ਨਾਮ ਹੈ। ਯਾਤੇ ਅਧਯਾਤਮ ਕਰਮ ਦੇਹ ਸੇ ਬ੍ਰਤਾਦਿਕ ਹੈ। ਇੰਦ੍ਰਯੋ ਕੇ ਦਮਨ ਹੈਂ ਪ੍ਰਾਣੋ ਕਾ ਰੋਕਨਾ ਮਨ ਕਾ ਨਿਰੋਧ ਹੈ ਜੀਵ ਕਾ ਯਥਾਰਥ ਸਰੂਪ ਸਾਖਯਾਤਕਾਰ ਹੈ।

**ਅਧਿਆਤਮ ਕਰਮ** ਦੇ. ਆਤਮ ਗ੍ਯਾਨ ਕੇ ਸਾਧਨ ਸਮਦਮਾਦਿਕ ਕਰਮ।

**ਅੰਧਿਆਰਾ** ਗੁ. ਅੰਧਕਾਰ, ਯਥਾ- ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ। ਅੰਧਕਾਰ ਮੇਂ, ਯਥਾ- ਅੰਧਿਆਰੇ ਦੀਪਕੁ ਚਹੀਐ।

**ਅੰਧਿਹੋ** ਦੇ. ਅੰਧਿਓ, ਯਥਾ- ਲਾਲਚੁ ਛੋਡਹੁ ਅੰਧਿਹੋ।

**ਅਧਿਕ** ਸੰ. ਅਨੇਕ, ਬਹੁਤ ; ਅਰਥਾਲੰਕਾਰ ਬਿਸੇਖ।

**ਅਧਿਕਾਈ** ਗੁ. ਅਪਨੀ ਉਚਤਾਈ ਹੇਤ, ਯਥਾ- ਜੇ ਅਨੇਕ ਕਰਮ ਕਰੈ ਅਧਿਕਾਈ। ਉਚਾ ਬਨਨੇ ਹੇਤ। ਅਧਿਕਤਾ ਵਾਲਾ ਹੈ, ਯਥਾ- ਮਾਰਕੰਡੇ ਤੇ ਕੋ ਅਧਿਕਾਈ।

**ਅਧਿਕਾਰ** ਸੰ. ਆਰੰਭ ; ਕਰਣੇਯੋਗਯ ਕਾਮ ਸਾਥ ਕਰਤਾ ਕਾ ਸੰਬੰਧ ਜੈਸੇ ਉਤਮ ਜਨੋ ਕਾ ਸਾਸਤ੍ਰ ਵਿਹਿਤ ਕਰਮੋ ਮੇਂ ਅਧਿਕਾਰ ਭਾਵ ਦਾਨ ਸਨਾਨਾਦਿ ਕਰਮੋਂ ਸਾਥ ਸਦਾ ਸੰਬੰਧ ਹੋਵੇ ਹੈ ; ਪ੍ਰਕਰਣ, ਕਾਹੂ ਬਾਤ ਕਾ ਜਿਕਰ ; ਬਯਕਰਣੋਂ ਮੇਂ ਪੂਰਬਲੇ ਸੂਤ੍ਰ ਮੋ ਥਿਤ ਪਦ ਕਾ ਉਤਰ ਮੋਂ ਲੇ ਜਾਨਾ ; ਅਧਿਕ, ਯਥਾ- ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।

**ਅਧੀ** ਪੰ. ਆਧੀ ਵਸਤੁ ਭਾਵ ਚੀਜ ਕੇ ਦੋ ਹਿਸਯੋ ਮੇ ਏਕ ਹਿੱਸਾ। ਸੰ. ਬੁਧੀਹੀਨ ਪੁਰਖ।

**ਅੰਧੀ ਕੋਠੀ** ਗੁ. ਗਯਾਨਹੀਨ ਕੋਠਯੋ ਮੇ ਭਾਵ ਮਨੋ ਮੇ, ਯਥਾ- ਅੰਧੀ ਕੋਠੀ ਤੇਰਾ ਨਾਮੁ ਨਾਹੀ।

**ਅਧੀਨ** ਸੰ. ਪਰਵਸ।

**ਅਧੁ** ਪੰ. ਆਧਾ ਮਕੀ ਕਾ ਫਲ, ਯਥਾ- ਅਧੁ ਗੁਲ੍ਹਾ ਚਿੜੀ ਕਾ ਚੁਗਣੁ। ਇਕ ਗ੍ਯਨੀ ਆਧਾ ਜਿਗ੍ਯਾਸੁ ਵਾ ਸ੍ਵਵ ਸੇ ਕੋਈ ਏਕ।

**ਅਧੁ ਗੁਲ੍ਹਾ** ਪੰ. ਅਧਰ ਗੁਲੇਲਾ ਭਰ ਵਾ ਅਧਾ ਮਕੀ ਕਾ ਛੋਟਾ ਫਲ ਮਕੀ ਕੇ ਛੋਟੇ ਫਲ ਕਾ ਨਾਮ ਗੁੱਲਾ ਹੈ। ਚਿੜੀਓ ਤਾ ਮਾਤ੍ਰ ਖਾ ਸਕਤੀ ਹੈ, ਯਥਾ- ਅਧੁ ਗੁਲ੍ਹਾ ਚਿੜੀ ਕਾ ਚੁਗਣੁ।

**ਅੰਧੁਲੇ** ਦੇ. ਅੰਧੇ ਕੀ ਭਾਵ ਨੇਤ੍ਰ ਹੀਨ ਕੀ, ਯਥਾ- ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ। ਹੇ ਅੰਧੁਲੇ ਅੰਧੇ ਹੁਏ, ਯਥਾ- ਮਤੁ ਭਸਮ ਅੰਧੂਲੇ ਗਰਬਿ ਜਾਹਿ।

**ਅਧੂਆ** ਗੁ. ਆਧੀ, ਯਥਾ- ਬਿਲਮ ਨ ਅਧੂਆ ਰਾਈ। ਅਧੀ ਰੱਤੀ ਵਾ ਅਧੀ ਰਾਈ ਮਾਤ੍ਰ।

**ਅਧੇ** ਦੇ. ਤਲੇ, ਜੈਸੇ- ਦਿਨ ਦਿਨ ਅਧੇ ਅਧੇ ਕੋ ਧਾਵੇ।

**ਅਧੇਨ** ਪੰ. ਕਾਮਧੇਨ ਗਊ, ਯਥਾ- ਸਸੀਅ ਧੇਨ ਲਛਿਮੀ।

**ਅੰਧੇਰੁ** ਦੇ. ਅਗ੍ਯਾਨ ਅੰਧਕਾਰ ਸੇ, ਯਥਾ- ਅੰਧੇਰੁ ਅੰਧੀ ਵਾਪਰੈ। ਅਗ੍ਯਾਨ ਸੇ ਅੰਧੀ ਬੁਧੀ ਹੋ ਰਹੀ ਹੈ ਬਪੁੜੇ ਜੀਵੋਂ ਕੀ। ਅੰਧਾਰ ; ਅੰਧੇ ਕੋ, ਯਥਾ- ਨ ਦਿਸੈ ਅੰਧੇਰਾ। ਨਹੀਂ ਦਿਸਤਾ ਅੰਧੇ ਕੋ। ਅੰਧਾਰੇ, ਯਥਾ- ਮਿਟੇ ਅੰਧਾਰੇ ਤਜੇ ਬਿਕਾਰੇ।

**ਅਧੋਰੀ** ਗੁ. ਅਧਾਰ, ਯਥਾ- ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ।

**ਅਨ** ਗੁ. ਹੈਂ, ਯਥਾ- ਰਖਿਅਨੁ, ਉਬਾਰਿਅਨੁ। ਦੇ. ਆਨ ਕੀ, ਯਥਾ- ਬਿਨੁ ਪ੍ਰਭ ਸੇਵ ਕਰਤ ਅਨ ਸੇਵਾ। ਅਹੰਕਾਰਾਦਿ ਦ੍ਵੈਤ ਸੇ, ਯਥਾ- ਹਉਮੈ ਅਨ ਸਿਉ ਲਰਿ ਮਰੈ ਸੋ ਸੋ ਭਾਦੂ ਹੋਇ।

**ਅਨ ਕਾਏ** ਗੁ. ਆਨ ਦੇਹੋਂ ਮੇ ਭਾਵ ਪ੍ਰਮੇਸੂਰ ਬਿਨਾ ਆਨ ਇਸਤ੍ਰੀ ਪੁਤ੍ਰਾਦਿਕੋ ਕੀ ਦੇਹੋਂ ਮੇ। ਸੰ. ਅਨਯਕਾਯ, ਯਥਾ- ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ।

**ਅਨ ਰਤ** ਦੇ. ਆਨ ਪਦਾਰਥੋ ਮੈ ਪ੍ਰੇਮ ਹੈ ਤੇਰਾ ਅਹੰਕਾਰ ਸੇ, ਯਥਾ- ਅਹੰ ਮਤ ਅਨ ਰਤ।

**ਅਨਹਦ** ਦੇ. ਅਨਾਹਦ, ਯਥਾ- ਅਨਹਦ ਵਾਜੇ ਧੁਨੀਐ।

**ਅਨਹਦ ਬਾਣੀ** ਗੁ. ਦਸਮ ਦੁਆਰ ਕੀ ਧੁਨਿ।

**ਅਨਕ** ਸੰ. ਢੋਲ ਵਾਜਾ ਪ੍ਰਾਣੀ।

**ਅਨੰਗ** ਸੰ. ਕਾਮ।

**ਅਨਗਰੂਆ** ਵਾ. ਪੁਨਾ ਬਡਾ, ਯਥਾ- ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਢੇ। ਪੁਨਾ ਹਰਿ ਨੇ ਬਡਾ ਅਖਾੜਾ ਕਰ ਰਖਾ ਹੈ ਜਿਸ ਅਖਾੜੇ ਬੀਚ ਮੰਡਲੀਕ ਮੰਡਲੇਸੂਰ ਰਾਜੇ ਬਚਨ ਬੋਲਤੇ ਹੈਂ ਨੀਤਿ ਕੇ ਕਾਂਢੇ, ਅਪਨੀ ਇਛਾਨੁਸਾਰ। ਸੰ. ਕਾਂਖਿਤ।

**ਅਨਗਾਹ** ਪੰ. ਅੰਨ ਗਾਹੁਨੇ ਵਾਲੇ ਫੱਲ੍ਹੇ ਜਿਨ ਸਾਥ ਗਾਹ ਕੇ ਅਰਥਾਤ ਬਰੀਕ ਕਰਕੇ ਭੁਸ ਸੇਂ ਜੋ ਚਨੇ ਗੇਹੂ ਆਦਿਕ ਕਾ ਦਾਨਾ ਨਿਕਾਸਾ ਜਾਤਾ ਹੈ, ਯਥਾ- ਲਾਟੂ ਮਾਧਾਣੀਆ ਅਨਗਾਹ।

**ਅਨਘ** ਸੰ. ਨਿਸਪਾਪ, ਪਾਪਹੀਨ।

**ਅਨਤ ਤਰੰਗ** ਦੇ. ਅਨੇਕ ਪ੍ਰਕਾਰ ਕੇ ਅਕਾਰ ਰੂਪ ਲਹਰਾਂ ਬਨ, ਯਥਾ-ਪਸਰਿਓ ਆਪਿ ਹੋਇ ਅਨਤ ਤਰੰਗ।

**ਅਨਤ ਭਾਇ** ਦੇ. ਪਸੁ ਪੰਖੀ ਬ੍ਰਿਛਾਦਿ ਰੂਪ ਹੋ ਕਰ ਅਨੇਕ ਰੂਪੋ ਸੇ, ਯਥਾ- ਰਾਜਾ ਰਾਮੁ ਮਉਲਿਆ ਅਨਤ ਭਾਇ।

**ਅਨਤਰ** ਦੇ. ਔਰ ਬ੍ਰਿਛ ; ਦੋ ਮੇ ਏਕ। ਸੰ. ਅਨਯਤਰ।

**ਅਨੰਤਾ** ਸੰ. ਬਿਅੰਤ, ਯਥਾ- ਤੇਰੇ ਨਾਮ ਅਨੇਕਾ ਰੂਪ ਅਨੰਤਾ।

**ਅਨਤਾ** ਗੁ. ਅਨੰਤ, ਯਥਾ- ਅਨਤਾ ਧਨੁ ਧਰਿ ਦਬਿਆ। ਅਨੰਤ, ਯਥਾ- ਪਸਰਿਓ ਆਪਿ ਹੋਇ ਅਨਤ ਤਰੰਗ। ਅਨੰਤ ਕਾਰਯ ਰੂਪ। ਦੇਸ ਕਾਲਹੀਨ ਹਰਿ ਕੋ, ਯਥਾ- ਆਏ ਅਨਤ ਗਵਾਇ।

**ਅਨਤਾ ਧਨੁ** ਦੇ. ਅਨੰਤ ਧਨ, ਯਥਾ- ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ।

**ਅਨਦ** ਪੰ. ਆਨੰਦ ਹੈ ਆਨੰਦ ਸ੍ਵਰੂਪ ਕੇ ਗੁਣ ਗਾਯ ਕੇ, ਯਥਾ- ਅਨਦ ਅਨਦ ਗੁਣ ਗਾਇਆ।

**ਅਨਦ ਬਿਨੋਦੀ** ਦੇ. ਆਨੰਦ ਕੀ ਲੀਲਾ ਕਰਨੇ ਵਾਲਾ, ਯਥਾ- ਅਨਦ ਬਿਨੋਦੀ ਨਿਹਸੰਗਾ।

**ਅਨਦ੍ਰਿਸਟਿ** ਦੇ. ਅਦ੍ਰਿਸ੍ਰ, ਨਾ ਦੇਖੀ ਵਸਤੁ, ਯਥਾ- ਦ੍ਰਿਸਟਿ ਅਨਦ੍ਰਿਸਟਿ।

**ਅਨਦਾਈ** ਗੁ. ਆਨੰਦ ਦੇਨੇ ਵਾਲਾ ਹੈ, ਯਥਾ- ਸਦਾ ਸਦਾ ਅਨਦਾਈ। ਅਨੰਦ ਹੈ, ਯਥਾ- ਹਰਿ ਆਰਾਧੇ ਅਰੋਗ ਅਨਦਾਈ।

**ਅਨੰਨ ਭਗਉਤੀ** ਦੇ. ਭਗਵਾਨ ਸੇ ਅਪਨਾ ਅਭੇਦ ਜਾਨਨੇ ਵਾਲਾ ਭਗਤ ਵਾ ਭਗਵਾਨ ਸੇ ਆਨ ਕੋ ਨ ਮਾਨਨੇ ਵਾਲਾ ਭਗਤ।

**ਅਨਪਾਵਨੀ** ਦੇ. ਬਿਘਨੋ ਸੇ ਦੂਰ ਨਾ ਹੋਨੇ ਵਾਲੀ, ਯਥਾ- ਅਨਪਾਵਨੀ ਭਗਤਿ ਨਹੀ ਉਪਜੀ। ਸੰ. ਅਨਪਾਯਿਨੀ।

**ਅਨਭਉ** ਗੁ. ਭਯਹੀਨ, ਯਥਾ- ਅਨਭਉ ਕਿਨੈ ਨ ਦੇਖਿਆ। ਪੁਨਾ- ਅਨਭਉ ਭਾਉ ਨ ਦਰਸੈ। ਦੇ. ਅਨਭਵ ਗ੍ਯਾਨ।

**ਅਨਰਾਉ** ਗੁ. ਪ੍ਰੇਮ, ਯਥਾ- ਨਾਨਕ ਕੈ ਮਨਿ ਇਹੁ ਅਨਰਾਉ। ਸੰ. ਅਨੁਰਾਗ।

**ਅਨਰਾਧਾ** ਦੇ. ਅਨੁਰਾਧਾ ਨਖਤ੍ਰ ; ਜਿਸ ਕੋ ਕੋਈ ਮੰਦ ਕਾਮੋ ਸੇ ਨਾ ਹਟਾਇ ਸਕੇ ਐਸਾ ਅਮੋੜ ਹੂਆ, ਯਥਾ- ਜਨੁ ਬਿਚਰੈ ਅਨਰਾਧਾ। ਬੇਮੁਹਾਰ ਉਸਟ੍ਰ ਵਤ ਅਮੋੜ ਹੂਆ ਤੂ ਮਤ ਬਿਚਰੇ। ਸੰ. ਅਨਾਰਾਧਯ।

**ਅਨਰੂਪਿਓ** ਦੇ. ਯੋਗਯ ਸਮਝੀ ਹੈ, ਯਥਾ- ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ। ਜੋ ਹੋਨੇ ਕੇ ਲਾਇਕ ਸਮਝੀ ਹੈ। ਸੰ. ਅਨਰੂਪ।

**ਅਨਲ** ਸੰ. ਬਹੁਤੇ ਇੰਧਨੋ ਸੇ ਨਾ ਤ੍ਰਿਪਤ ਹੋਨੇ ਵਾਲੀ ਅਗਨ, ਯਥਾ- ਅਨਲ ਅਗਮ। ਆਠ ਬਸੁਓ ਮੇ ਪਾਂਚਵਾ ਬਸੁ ; ਕ੍ਰਿਤਕਾ ਨਛਤ੍ਰ ; ਚਿੱਤਾਬੂਟੀ ; ਭਲਾਵਾਤਰੁ ; ਦੇਹ ਮੇ ਰਹਨੇ ਵਾਲਾ ਪਿੱਤ ਦੋਖ।

**ਅਨਲ ਵਾਉ** ਗੁ. ਅਗਨਿ ਵਾਯੂ, ਯਥਾ- ਅੰਤਰਿ ਲੋਭੁ ਭਰਮੁ ਅਨਲ ਵਾਉ।

**ਅਨਾਹਤਿ** ਸੰ. ਛੇਦਨ ਭੇਗਨ ਸੇ ਅਰਥਾਤ ਫਾੜਨ ਪਹਰਨ ਸੇ ਰਹਿਤ ਨਵੀਨ ਬਸਤ੍ਰਾਦਿ ; ਹ੍ਰਿਦਯ ਦੇਸ ਮੇ ਦ੍ਵਾਦਸ ਦਲੋ ਵਾਲਾ ਚਕ੍ਰ ; ਕੰਠ ਤਾਲੂ ਆਦਿ ਥਾਨੋ ਮੈ ਲਗ ਅਖਰ ਪ੍ਰਗਟ ਕਰਨੇ ਵਾਲੀ ਚੋਟ ਨਹੀ ਜਿਸ ਮੇ ਵਹੁ ਮਧਯਮਾ ਬਾਣੀ ਜੋ ਪਰਾ ਪਸੰਤੀ ਸੇ ਪੀਛੇ ਹਿਰਦੇ ਦੇਸ ਮੇ ਉਪਜੇ ਹੈ ਇਸ ਮੇ ਪਵਨ ਕੀ ਚੋਟ ਕਮ ਹੋਤੀ ਹੈ। ਪਵਨ ਕੀ ਚੋਟ ਵਾਲੀ ਇਸ ਸੇ ਪੀਛੇ ਹੋਨੇ ਵਾਲੀ ਬੈਖਰੀ ਹੈ। ਚੋਟ ਰਹਿਤ

ਮਾਤ੍ਰ ਕਾ ਨਾਮ ਅਨਾਹਤ ਹੈ ਸਪਸ੍ਟ ਐਸੇ ਹੈ। ਹਤ ਔ ਆਹਤ ਚੋਟ ਲਗਾਇ ਤਾੜਨ ਕਰੀ ਵਸਤੁ ਕਾ ਨਾਮ ਹੈ। ਹਤ ਕੋ ਥਾਨ ਭਾਖਾ ਮੇ ਹਦ ਭੀ ਹੋ ਜਾਤਾ ਹੈ, ਯਾਤੇ ਅਨਾਹਤ ਅਨਾਹਦ ਅਨਹਤ ਅਨਹਦ। ਬਿਨਾ ਚੋਟ ਲਗਾਏ ਵਜਣੇ ਵਾਲੇ ਦਸਮ ਦੁਆਰ ਕੇ ਵਾਜੇ ਕਾ ਨਾਮ ਹੈ ਜੋ ਅਨਹਦ ਧੁਨੀ ਅਨਹਦ ਸਬਦ ਅਨਾਹਦ ਵਾਜਾ ਲਿਖਣੇ ਮੈ ਆਵੇ ਹੈ। ਸੰ. ਅਨਾਹਤ। ਜਿਸ ਕੀ ਹਦ ਨਾ ਹੋਵੇ ਤਿਸ ਕਾ ਨਾਮ ਭੀ ਭਾਖਾ ਮੇ ਅਨਹਦ ਅਨਾਹਦ ਹੈ ਇਸੀ ਪਾਠ ਕੇ ਅਨੁਸਾਰ ਗੁਰੂ ਜੀ ਪ੍ਰਮੇਸ੍ਵਰ ਕਾ ਨਾਮ ਅਨਾਹਤ ਲਿਖੇ ਹੈਂ, ਯਥਾ- ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।

**ਅਨਾਚਾਰ** ਸੰ. ਨਿਖਿਧ ਕਾਮ ਕਰਨਾ, ਵਿਹਿਤ ਨਾ ਕਰਨਾ ਅਰਥਾਤ ਜੋ ਪਰਦਾਰਾ ਗਮਨਾਦਿ ਹਟਾਏ ਹੈਂ ਸੋ ਕਰਨੇ ਜੋ ਅਤਿਥੀ ਸੇਵਾ ਨਾਮ ਜਾਪਾਦਿ ਕਰਨੇ ਕਹੇ ਹੈਂ ਸੋ ਨਾ ਕਰਨੇ।

**ਅਨਾਜ** ਪੰ. ਅੰਨ ਸੇ, ਯਥਾ- ਜੈਸੀ ਭੂਖੇ ਪ੍ਰੀਤਿ ਅਨਾਜ।

**ਅਨਾਥ ਕੋ ਨਾਥ** ਵਾ. ਸ੍ਵਾਮੀਹੀਨੋ ਕਾ ਸ੍ਵਾਮੀ।

**ਅਨਾਥੁ** ਸੰ. ਨਾ ਹੋਵੇ ਨਾਥ ਜਿਸ ਕਾ, ਨਿਖਸਮਾ ਪੁਰਖ, ਯਥਾ- ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ।

**ਅਨਾਦਿ** ਸੰ. ਨਾ ਹੋਵੇ ਆਦਿ ਜਿਸ ਕੀ, ਯਥਾ- ਆਦਿ ਅਨੀਲੁ ਅਨਾਦਿ ਅਨਾਹਤਿ। ਅੰਨ, ਯਥਾ- ਆਦਿ ਪੁਰਖ ਤੇ ਹੋਇ ਅਨਾਦਿ। ਦੇ. ਅਨਾਜ।

**ਅਨਾਲਕਾ** ਗੁ. ਅਨਾਦਿ ਕਾਲ ਕਾ, ਯਥਾ- ਭਰਮੁ ਅਨਾਲਕਾ। ਤ੍ਰੈਪਾਲ ਤਿਹਾਲ ਬਿਚਾਰੰ ਪਾਠ ਮੇ ਦਦੇ ਕੋ ਲਲੇ ਹੋਨੇ ਵਤ ਈਹਾ ਭੀ ਦਦੇ ਕੋ ਲਲਾ ਬਨਾ ਹੈ।

**ਅਨਾੜੀ** ਦੇ. ਮੂਰਖ, ਇਸ ਕਾ ਮੂਲ ਅਨਾਰਯ ਵਾ ਅਨਡ੍ਵਾਨ ਹੈ ਅਨਾਰਯ ਅਸ੍ਰੇਸ੍ਟ ਕਾ ਨਾਮ ਹੈ ਅਨਡ੍ਵਾਨ ਬੈਲ ਕਾ ਨਾਮ ਹੈ ਤਿਸ ਸਮ ਮੂਰਖ, ਯਥਾ- ਅਸੰਤੁ ਅਨਾੜੀ ਕਦੇ ਨ ਬੂਝੈ। ਬਚਨਾਂਤਰ ਮੇਂ ਭੀ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ।

**ਅੰਨਿ** ਦੇ. ਅਨਾਜ, ਯਥਾ- ਤਜਿਐ ਅੰਨਿ ਨ ਮਿਲੈ ਗੁਪਾਲੁ। ਗ੍ਯਾਨ ਰੂਪ, ਯਥਾ- ਅਨੁ ਧਨੁ ਬਹੁਤਾ ਉਪਜੈ। ਗੁਰੂ ਸ੍ਵਰੂਪ ਮੇਘ ਕੇ ਉਪਦੇਸ ਸ੍ਵਰੂਪ ਜਲ ਸੇ ਗਯਾਨ ਔ ਮੁਕਤੀ ਬਹੁਤ ਪ੍ਰਾਪਤ ਹੋਵੇ ਹੈ। ਸੰ. ਅੰਨਾ। ਉਭੇ ਲੋਕੋ ਕੀ ਲੱਜਾ ਸੇ ਹੀਨ, ਯਥਾ- ਅੰਦਰਹੁ ਅੰਨਾ ਬਾਹਰਹੁ ਅੰਨਾ। ਪਰਲੋਕ ਔਰ ਲੋਕ ਕੀ ਲੱਜਾ ਸੇ ਹੀਨ।

**ਅਨਿਆਇ** ਦੇ. ਅਧਰਮ ਸੇ, ਯਥਾ- ਤਉ ਕੜੀਐ ਜੇ ਅਨਿਆਇ ਕੋ ਮਰਤਾ। ਝੂਰੀਏ ਤਬ ਜੇ ਪ੍ਰਮੇਸ੍ਵਰ ਅਧਰਮ ਸੇ ਮਾਰਤਾ ਹੋਵੇ। ਸੰ. ਅਨਯਾਯ।

**ਅਨਿਕ** ਦੇ. ਅਨੇਕ, ਯਥਾ- ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ। ਸੰ. ਅਨੇਕ।

**ਅਨਿਕਧਾ** ਦੇ ਅਨੇਕ ਪ੍ਰਕਾਰ, ਯਥਾ- ਅਨਿਕ ਕਾਜ ਅਨਿਕਧਾ ਵਰਤਾ। ਅਨੇਕ ਕਾਮੋ ਮੇ ਅਨੇਕ ਪ੍ਰਕਾਰ ਸੇ ਵਰਤੇ ਹੈਂ ਭਾਵ ਜੈਸਾ ਕਾਮ ਦੇਖਤੇ ਹੈਂ ਵੈਸੀ ਵਰਦੀ ਬੋਲ ਚਾਲ ਕਰ ਲੇਤੇ ਹੈਂ!

**ਅਨਿਗ** ਗੁ. ਅਨੇਕ, ਯਥਾ- ਅਨਿਗ ਭਾਉ ਕਰਤ ਫਿਰਤ।

**ਅਨਿਤ੍ਰ** ਦੇ. ਮਿਥ੍ਯਾ, ਅਸਤ੍ਯ, ਯਥਾ- ਅਨਿਤ੍ਰ ਵਿਤੰ ਅਨਿਤ੍ਰ ਚਿਤ੍ਰੰ। ਸੰ. ਅਨਿਤ੍ਯ।

**ਅਨਿੰਦ ਨਿੰਦਾ** ਦੇ. ਨਾ ਨਿੰਦਾ ਕਰਨਯੋਗ੍ਯ ਮਹਾਤਮਾ ਕੀ ਨਿੰਦਾ, ਯਥਾ- ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ। ਅਨਿੰਦ ਮਹਾਤਮਾ ਜਨੋ ਨੇ ਜੋ ਪਦਾਰਥ ਨਿੰਦ ਕੇ ਛੋਡ ਦੀਏ ਹੈਂ ਸੰਸਾਰ ਕੇ ਪਾਮਰ ਜੀਵ ਉਨ ਕੋ ਪੁਨਾ ਪੁਨਾ ਖਾਤੇ ਹੈਂ, ਯਥਾ- ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ। ਜੋ ਅਨਿੰਦ੍ਯ ਪੁਰਖੋ ਨੇ ਅਰਥਾਤ ਉਤਮੋ ਨੇ ਨਿੰਦਾਯੋਗ੍ਯ ਜਾਨ ਕੇ ਤ੍ਯਾਗੇ ਹੈਂ।

**ਅਨਿੰਨ** ਦੇ. ਨਾ ਹੋਵੇ ਭੇਦ ਭਾਵਨਾ ਜਿਸ ਮੇ ਐਸਾ ਦਾਸ, ਯਥਾ- ਦਾਸ ਅਨਿੰਨ ਮੇਰੋ ਨਿਜ ਰੂਪ। ਕੋਈ ਕਹੇ ਹੌਂ ਅਨੰਨ ਭਗਉਤੀ। ਸੰ. ਅਨਨ੍ਯ ਭਾਗਵਤ। ਏਕ ਪ੍ਰਮੇਸ੍ਵਰ ਬਿਨਾ ਆਨ ਕੀ ਸੇਵਾ ਨਾ ਕਰਨੇ ਵਾਲਾ ਭਗਤ।

**ਅਨਿਰਤਿ** ਦੇ. ਝੂਠ, ਯਥਾ- ਸਤਿਨਿਰਤਿ ਬੂਝੈ ਜੇ ਕੋਇ। ਈਹਾ ਤਤੇ ਸੇ ਐੜਾ ਨਿਕਾਸ ਅਨਿਰਤਮਾਨ ਕੇ ਅਰਥ ਹੈ। ਸੰ. ਸਤ੍ਯਾਨ੍ਰਿਤ।

**ਅਨਿਲ** ਸੰ. ਸ੍ਵਾਸ ਲੇਨਾ ਕਰਤੇ ਹੈਂ ਪੁਰਖ ਜਿਸ ਸੇ ਤਿਸ ਪਵਨ ਤਤ੍ਵ ਕਾ ਨਾਮ ਅਨਿਲ ਹੈ ; ਸ੍ਵਾਤੀ ਨਛਤ੍ਰ ; ਆਠੋਂ ਮੇ ਏਕ ਵਸੁ।

**ਅੰਨੀ** ਗੁ. ਅੰਨ ਕੀ, ਯਥਾ- ਤੋਟਿ ਨ ਆਵੈ ਅੰਨੀ। ਅੰਨ ਕੇ ਦਾਨ ਸੇ, ਯਥਾ- ਜੂਠਿ ਨ ਅੰਨੀ। ਜੂਠ ਨਹੀ ਦੂਰ ਹੋਤੀ ਅੰਨ ਦਾਨ ਸੇ। ਅੰਨ ਸੇ, ਯਥਾ- ਅੰਨੈ ਬਾਹਰਿ ਜੋ ਨਰ ਹੋਵਹਿ।

**ਅਨੀਤ** ਸੰ. ਅਨ੍ਯਾਯ।

**ਅਨੀਲ** ਦੇ. ਨੀਲ ਰੰਗ ਅਰਥਾਤ ਕਲੰਕ ਰਹਿਤ ; ਅਗਿਣਤ ; ਨੀਲ ਭਿੰਨ ਸੰਖ੍ਯਾ।

**ਅਨੁ** ਸੰ. ਹੀਨ ; ਪਸਚਾਤ ; ਸਮਾਨਤਾ ; ਲਖਣ ; ਭਾਗ ; ਅਨੁਕ੍ਰਮ ; ਬਿਸਤਾਰ ; ਸਮੀਪ ; ਦਿਨ ਦਿਨ ਮੇਂ, ਯਥਾ- ਅਨਦਿਨੁ ਸਿਮਰਹੁ ਤਾਸੁ ਕਉ। ਵਹੁ ਵਸਤੁ ਐਸੀ ਹੀ ਐਸਾ ਕਥਨ।

**ਅੰਨੁ ਪਾਣੀ** ਗੁ. ਅੰਨ ਜਲ, ਯਥਾ- ਅੰਨੁ ਪਾਣੀ ਥੋੜਾ ਖਾਇਆ। ਗ੍ਯਾਨ ਔ ਭਕਤੀ ਰੂਪ, ਯਥਾ- ਅੰਨੁ ਪਾਣੀ ਮੁਚੁ ਉਪਾਇ। ਨਿਰੰਕੁਸ ਤ੍ਰਿਪਤੀ ਔ ਤ੍ਰਿਸ੍ਨਾ ਸਾਂਤੀ ਹੇਤ ਰਿਦੇ ਭੂਮੀ ਮੇ ਗ੍ਯਾਨ ਭਕ੍ਤੀ ਬਹੁਤ ਉਪਾਏ।

**ਅਨੁਰਾਗ** ਸੰ. ਪ੍ਰੇਮ।

**ਅਨੂਪ** ਦੇ. ਉਪਮਾ ਰਹਿਤ ਜਿਸ ਕੇ ਸਮਾਨ ਕੋਈ ਨ ਹੋਵੇ। ਸਮਾਨ ਸਭੀ ਥੋਕ ਗੁਣ ਸੇ ਕ੍ਰਿਯਾ ਸੇ ਅਵਯਵੋ ਸੇ ਜਾਤਿ ਸੇ ਹੋਤੇ ਹੈਂ, ਜੈਸੇ

ਮੇਘ ਸਮ ਸਯਾਮ ਵਿਸਨੁ ਹੈ। ਈਹਾ ਸਯਾਮ ਰੰਗ ਗੁਣ ਸੇ ਸਮਾਨਤਾ ਹੈ ਵਾਯੂ ਜੈਸਾ ਅਸ੍ਵ ਧਾਵਤਾ ਹੈ, ਈਹਾ ਧਾਵਨ ਕ੍ਰਿਯਾ ਸੇ ਦੋਨੋ ਕੀ ਸਮਾਨਤਾ ਹੈ। ਗਊ ਜੈਸਾ ਬਨ ਕਾ ਗਵਯ ਹੈ, ਈਹਾ ਮੁਖ ਕਾਨ ਪੀਠਾਦਿ ਅਨੇਕ ਅਵਯਵੋ ਸੇ ਦੋਨੋ ਕੀ ਤੁਲਯਤਾ ਹੈ। ਬ੍ਰਾਹਮਣ ਜੈਸਾ ਸੂਦ੍ਰ ਹੈ ਈਹਾ ਮਨੁਖਯਪਨੇ ਜਾਤੀ ਸੇ ਤੁਲਯਤਾ ਹੈ। ਤੁਲਯ ਕਾ ਲਛਣ ਹੈ ਤਿਸ ਸੇ ਭਿੰਨ ਹੋਵੇ ਤਿਸ ਜੈਸੇ ਕਈ ਕਧਰਮੋ ਵਾਲਾ ਹੋਵੇ, ਸੋ ਤੁਲਯ ਸਦ੍ਰਿਸ ਸਮਾਨ ਸੋਪਮ ਕਹਾਵੇ ਹੈ ਜੈਸੇ ਪੀਛੇ ਕਹੇ ਦ੍ਰਿਸ੍ਟਾਤੋ ਕੇ ਉਪਮੇਯ ਹੈਂ। ਜਿਸ ਕੋ ਉਪਮਾ ਦਈ ਜਾਵੇ ਸੋ ਉਪਮੇਯ ਜਿਸ ਕੀ ਉਪਮਾ ਦੇਈਏ ਸੋ ਉਪਮਾਨ। ਮੇਘ ਕੀ ਉਪਮਾ ਵਿਸ੍ਨੁ ਉਪਮੇਯ ਹੈ ਉਪਮਾ ਸਮਾਨਤਾਈ ਕਾ ਨਾਮ ਹੈ। ਉਪਮਾ ਸੇ ਹੀ ਉਪ ਬਨਾ ਹੈ ਜਿਸ ਸੇ ਉਪਮਾ ਨਾ ਬਨ ਸਕੇ ਸੋ ਅਨੂਪ ਹੋਵੇ ਹੈ। ਐਸਾ ਰੂਪ ਰੇਖਾਦਿਹੀਨ ਨਿਰਾਕਾਰ ਪ੍ਰਮੇਸ੍ਵਰ ਹੈ, ਕਿਉਕੇ ਉਸ ਮੇ ਰੂਪ ਰਸਾਦਿ ਗੁਣ ਹੋਵੇ ਤਥਾ ਉਠਨ ਬੈਠਨਾਦਿ ਕ੍ਰਿਯਾ ਹੋਵੇ ਮੁਖ ਨਾਸਕਾਦਿ ਅਵਯਵ ਹੋਵੇਂ ਮਨੁਖਯਪਨੇ ਆਦਿ ਜਾਤੀਆਂ ਹੋਵੇਂ, ਤਬ ਅਮੁਕ ਜੈਸਾ ਪਰਮਾਤਮਾ ਹੈ ਐਸੇ ਤਾਕੀ ਉਪ ਹੋ ਸਕੇ। ਉਸ ਮੇ ਤੋ ਕੋਈ ਗੁਣਾਦਿਕ ਧਰਮ ਨਹੀ ਰਹੇ। ਯਾਤੇ ਤਿਸ ਮੇਂ ਕਾਹੂ ਕੀ ਉਪ ਨਹੀ ਦਈ ਜਾਵੇ। ਯਾ ਭਾਵ ਸੇ ਅਨੂਪ ਕਹਯਾ ਹੈ ਆਸੰਕਾ ਜੇਕਰ ਅਨੂਪ ਹੈ ਤਬ ਜਿਨਿ ਜਾਤਾ ਸੋ ਤਿਸ ਹੀ ਜੇਹਾ। ਪੁਨਾ- ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ। ਪੁਨਾ- ਹਰਿ ਹਰਿ ਜਨੁ ਇਕ ਸਮਾਨਿ। ਐਸੇ ਹਰਿ ਭਗਤੋ ਕੋ ਤਿਸ ਕੀ ਉਪਮਾ ਕੈਸੇ ਗੁਰੋ ਨੇ ਕਹੀ ਉਤਰ ਗੁਣ ਕ੍ਰਿਯਾ ਅਵਯਵ ਜਾਤੀ ਧਰਮੋਂ ਸੇ ਨਹੀਂ ਕਹੀ ਕੇਵਲ ਬੰਧ ਕੇ ਅਭਾਵਪਨੇ ਸੇ ਔ ਪ੍ਰਕਾਸਪਨੇ ਸੇ ਕਹੀ ਹੈ ਯਾਤੇ ਅਨੂਪ ਪਦ ਕਾ ਗੁਣ ਕ੍ਰਿਯਾਦਿਕੋਂ ਕੀ ਉਪ ਕਾ ਨਿਖੇਧ ਕਹਨੇ ਮੇਂ ਤਾਤਪਰਯ ਹੈ। ਵਾਸਤਵ ਸੇ ਕਹੇ ਬਚਨੋਂ ਮੇਂ ਜੇਹਾ ਜੇਹੇ ਸਮਾਨ ਪਦ ਤੁਲ੍ਯ ਕੋ ਨਹੀਂ ਕਹੇ ਕਿੰਤੂ ਅਭੇਦ ਕੋ ਕਹੇ ਹੈਂ। ਜੈਸੇ ਤੁਲਯ ਉਦਰ ਮੇਂ ਵਸੇ ਤੁਲਯ ਤੀਰਥ ਮੇਂ ਵਸੇ ਪਦ ਏਕ ਉਦਰ ਮੇਂ ਏਕ ਤੀਰਥ ਮੇਂ ਵਸੇ ਅਰਥ ਕੋ ਕਹੇ ਹੈਂ- ਪ੍ਰਮੇਸ੍ਵਰ ਕੀ ਅਨੂਪ ਸਿਫਤ ਯਵਨ ਭੀ ਮਾਨਤੇ ਹੈਂ ਯਾਹੀ ਤੇ ਬੇਚੂੰ ਲਿਖਤੇ ਹੈਂ। ਉਪਮਾ ਜਾਤ ਨ ਕਹੀ ਪ੍ਰਭ ਮੇਰੇ ਕੀ ਉਪਮਾ ਜਾਤ ਨ ਕਹੀ, ਐਸੇ ਅਨੇਕ ਪਾਠ ਅਨੂਪ ਹੀ ਕਹਤੇ ਹੈਂ। ਸੰ. ਅਧਿਕ ਜਲ ਵਾਲਾ ਦੇਸ ਜਿਸ ਕੇ ਕਛ ਔ ਕਛੀ ਪੁਨਾ ਕਾਛਲ ਭੀ ਨਾਮ ਹੈ।

**ਅਨੂਪ ਰੂਪਾਵਤੀ** ਦੇ. ਉਪਮਾ ਰਹਿਤ ਰੂਪ ਵਾਲਾ ਪ੍ਰਮੇਸ੍ਵਰ, ਯਥਾ- ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ।

**ਅਨੂਪਿਆ** ਗੁ. ਅਨੂਪ ਦਰਸਨ ਵਾਲਾ, ਯਥਾ- ਚਕ੍ਰਪਾਣਿ ਦਰਸਿ ਅਨੂਪਿਆ।

**ਅਨੂਪੇਰੈ** ਦੇ. ਅਨੂਪਮ ਹੈ, ਯਥਾ- ਹਰਿ ਰੰਗ ਰੰਗ ਰੰਗ ਅਨੂਪੇਰੈ। ਰਾਮ ਕਾ ਆਨੰਦ ਸਭ ਅਨੰਦੋ ਮੇ ਅਨੂਪ ਹੈ।

**ਅਨੇਕਾ** ਸੰ. ਬਹੁਤ, ਅਨੇਕਾ, ਯਥਾ- ਤੇਰੇ ਨਾਮ ਅਨੇਕਾ ਰੂਪ ਅਨੰਤਾ।

**ਅਨੇਤਾ** ਗੁ. ਅਨੀਤ, ਅਨਯਾਇ, ਯਥਾ- ਜੋ ਕਛੁ ਕੀਨੋ ਸੋਊ ਅਨੇਤਾ।

**ਅਪ** ਸੰ. ਅਬਯਯ. ਬਿਯੋਗ ; ਵਿਕਾਰ ; ਬਿਪਰੀਤ, ਯਥਾ- ਕਬਹੂ ਅਪਕੀਰਤਿ ਮਹਿ ਆਵੈ। ਨਿਦਰਸਨ, ਦਿਖਲਾਨਾ ; ਆਨੰਦ ; ਵਰਜਨ ; ਚੋਰਪਨ। ਦੇ. ਜਲ, ਯਥਾ- ਅਪੁ ਤੇਜੁ ਵਾਇ ਪ੍ਰਿਥਮੀ। ਅਪਨਾ, ਯਥਾ- ਮੂਲਿ ਨ ਜਾਣੈ ਅਪ ਬਲੁ।

**ਅਪ ਤਨ** ਗੁ. ਨਿਜ ਸਰੂਪ ਕਾ, ਯਥਾ- ਅਪ ਤਨ ਕਾ ਜੋ ਕਰੇ ਬੀਚਾਰੁ।

**ਅਪ ਬਲ** ਮਿ. ਅਪਨਾ ਬਲ, ਯਥਾ- ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲ। ਸੰ. ਨਸ੍ਰ ਬਲ ਵਾਲਾ ਬੂਢਾ ਕਛ ਨਹੀ ਜਾਨਤਾ ਯਹ ਭੀ ਅਰਥ ਹੈ।

**ਅਪਓ** ਗੁ. ਅਰਪ ਦੀਏ ਹੈਂ।

**ਅਪਕੀਰਤਿ** ਸੰ. ਨਿੰਦਾ, ਯਥਾ- ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।

**ਅਪਜਸੰ** ਦੇ. ਨਿੰਦਾ। ਸੰ. ਅਪਯਸ।

**ਅਪਣੇ ਭਾਣੇ** ਗੁ. ਅਪਣੇ ਮਨ ਕੀ ਇਛਾਨੁਸਾਰ।

**ਅਪਤਹ** ਪੰ. ਬੇਇਜਤੇ, ਯਥਾ- ਹਮ ਅਪਤਹ ਅਪੁਨੀ ਪਤਿ ਖੋਈ।

**ਅਪਤੀਜੁ** ਪੰ. ਮਾ. ਨਾ ਬਿਸ੍ਵਾਸ ਕਰਨੇ ਵਾਲਾ, ਯਥਾ- ਅਪਤੀਜੁ ਪਤੀਣਾ। ਜੋ ਪਹਲਾ ਬਿਸ੍ਵਾਸ ਨਹੀ ਕਰਤਾ ਥਾ ਸੋ ਬਿਸ੍ਵਾਸ ਕਰ ਗਯਾ।

**ਅਪਧਾਰੀ** ਗੁ. ਮੇਰ, ਯਥਾ- ਬਿਨਸੀ ਅਪਧਾਰੀ।

**ਅਪਨਾ** ਦੇ. ਨਿਜ ਕਾ।

**ਅਪਨਾਇਆ** ਗੁ. ਅਪਨੇ ਕੀ, ਯਥਾ- ਰਾਖੁ ਲਾਜ ਅਪਨਾਇਆ।

**ਅਪਨਾਈ** ਪੰ. ਅਪਨੀ, ਯਥਾ- ਜੋ ਮਾਨਿਓ ਅਪਨਾਈ।

**ਅਪਨਾਕ** ਗੁ. ਅਪਨੇ ਜਾਨ ਕਰ, ਯਥਾ- ਰਾਖਿ ਲੇਹੁ ਆਪਨ ਅਪਨਾਕ। ਆਪ ਅਪਨੇ ਜਾਨ ਕਰ ਰਖ ਲੇਵੋ।

**ਅਪਮਾਨ** ਗੁ. ਮੋਹ ਸੇ ਅਪਨਾ ਧਨਾਦਿਕ ਮਾਨ, ਯਥਾ- ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ। ਸੰ. ਅਨਾਦਰ, ਯਥਾ- ਨਾਹਿ ਮਾਨ ਅਪਮਾਨਾ।

**ਅਪਜੰਤ** ਗੁ. ਛਕਯਾ ਹੈ।

**ਅਪਰ** ਸੰ. ਉਰੇ ; ਨਾ ਦੂਸਰਾ।

**ਅਪਰ ਅਪਾਰੁ** ਦੇ. ਨਹੀ ਹੈ ਜਿਸ ਸੇ ਕੋਈ ਪਰ- ਸ੍ਰੇਸ੍ਟ, ਪੁਨਾ ਨਹੀ ਹੈ ਜਿਸ ਕੀ ਦੇਸ ਕਾਲ ਸੇ ਪਾਰ, ਔਧ ਐਸਾ ਪ੍ਰਮੇਸ੍ਵਰ, ਯਥਾ- ਸੋ ਬੈਸਨੋ ਹੈ ਅਪਰ ਅਪਾਰੁ।

**ਅਪਰਸ** ਦੇ. ਆਨ ਸਾਥ ਬਸਤ੍ਰਾਦਿ ਨਾ ਛੁਹਾਤੇ ਯਹ ਕ੍ਰਿਯਾ ਦਖਣੀਯੋ ਮੇਂ ਬਹੁਤ ਹੈ ਅਪਰਸ, ਯਥਾ- ਸੋਮਪਾਕ ਅਪਰਸ ਉਦਿਆਨੀ।

**ਅਪਰੰਪਰ** ਦੇ. ਇਨ ਲੋਗੋ ਸੇ ਪਰੇ ਜੋ ਬ੍ਰਹਮਾਦਿਕ ਦੇਵਤਾ ਸੋ ਭੀ ਅਪਰੰ ਉਰੇ ਹੈਂ ਜਿਸ ਸੇ ਐਸਾ ਪਰਮਾਤਮਾ, ਯਥਾ- ਹੇ ਅਪਰੰਪਰ ਹਰਿ ਹਰੇ।

**ਅਪਰੰਪਰ ਬੀਨਾ** ਵਾ. ਇਨ ਲੋਕੋ ਸੇ ਪਰ ਭੀ ਬ੍ਰਹਮਾਦਿਕ ਲੋਕ ਅਪਰ ਉਰੇ ਹੈਂ ਜਿਸ ਪਰਮਾਤਮਾ ਸੇ ਸੋ ਗਾਨ ਸੇ ਬੀਨਾ ਅਪਰੋਖ ਦੇਖਿਆ ਹੈ।

**ਅਪਰਪਰਾ** ਗੁ. ਮੁਸਲਮਾਨੋ ਕੇ ਪਰਾ- ਸ੍ਰੇਸ੍ਰ ਮਾਨੇ ਪ੍ਰਾਤਾਕਾਲਾਦਿ ਨਿਵਾਜੋ ਕੇ ਸਮੇ ਭੀ ਅਪਰ ਨੂਨ ਹੈ ਜਿਨ ਸੇ ਐਸੇ ਯੇ ਪੀਛੇ ਕਹੇ ਅਬਲ ਸਿਫਤ ਦੂਜੇ ਸਾਬੂਰੀ ਆਦਿ ਸਮੇ ਹੈਂ।

**ਅਪ੍ਰਾਧ** ਸੰ. ਅਵਗਜ੍ਯਾ, ਆਗ੍ਯਾ ਸੇ ਉਲਟਾ ਕਾਮ ਕਰਨਾ ਤਥਾ ਬੈਠਨ ਬੋਲਨਾਦਿਕੋ ਮੇ ਬਡੇ ਕਾ ਅਸਤਕਾਰ ਕਰਨਾ, ਯਥਾ- ਕੋਟਿ ਅਪ੍ਰਾਧ ਸਾਧਸੰਗਿ ਮਿਟੈ।

**ਅਪਰਾਧੀ** ਸੰ. ਅਪਰਾਧੋ ਵਾਲਾ ਦੋਖੀ ਪੁਰਖ, ਯਥਾ- ਜਨਮਤ ਕਸ ਨ ਮੁਓ ਅਪਰਾਧੀ।

**ਅਪਰਿ** ਦੇ. ਅਪੜ, ਪਹੁਚ।

**ਅਪਰਿਓ** ਦੇ. ਪਹੁੰਚਿਆ।

**ਅਪਵਾਦ** ਸੰ. ਨਿੰਦਾ, ਯਥਾ- ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ। ਨਾਰ ਨਿੰਦਾ ਪਦ ਕੇ ਆਦਿ ਮੇ ਪਰ ਜੋੜ ਪਰਨਾਰਿ ਅਰਥ ਕਰਨਾ।

**ਅਪਵਾਦੁ** ਸੰ. ਨਿੰਦਾ ਕਰਤੇ, ਯਥਾ- ਖਪਿ ਜਾਵੈ ਸਭੁ ਅਪਵਾਦੁ।

**ਅਪੜਿ** ਪੰ. ਪਹੁਚ, ਯਥਾ- ਅਪੜਿ ਕੋਇ ਨ ਸਕਈ।

**ਅਪਾਇਣ** ਗੁ. ਆਪਾਪਨ, ਅਪਣਤ੍ਵ ਪਰਵਾਰ ਕੀ।

**ਅਪਾਹੁ** ਗੁ. ਨਿਰਲੇਪ, ਯਥਾ- ਆਪੇ ਆਪਿ ਅਪਾਹੁ। ਅਪਨਾ ਆਪ, ਯਥਾ- ਡਿੰਨਾ ਧਣੀ ਅਪਾਹਿ। ਦੀਆ ਹੈ ਸ੍ਵਾਮੀ ਨੇ ਅਪਨਾ ਆਪ।

**ਅਪਾਕੀ** ਗੁ. ਆਪ ਕੀਆ, ਯਥਾ- ਆਪੇ ਆਪਿ ਅਪਾਕੀ। ਸੁਤੇ ਸਿਧ ਤੁਮ ਨੇ ਕੀਆ।

**ਅਪਾਰ** ਸੰ. ਜਿਸ ਕਾਮ ਕੀ ਸਮਾਪਤੀ ਨਾ ਹੋਵੇ ; ਜਿਸ ਕਾ ਪਾਰਲਾ ਕਿਨਾਰਾ ਨਾ ਮਿਲੇ।

**ਅਪਾਰਗਿ** ਗੁ. ਅਪਾਰ, ਯਥਾ- ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ। ਐਸੇ ਮੋਖ ਪ੍ਰਯੰਤ ਸਭ ਫਲ ਪਾਏ ਜਿਨ ਕੀ ਮਾਯਕ ਕੀਮਤ ਪਾਰ ਨਹੀ ਗਮਨ ਕਰ ਸਕੇ ਅਰਥਾਤ ਅਮੋਲਕ ਫਲ।

**ਅਪਾਰਲਾ** ਦੇ. ਦੱ. ਜਿਸ ਕੀ ਔਧੀ ਨਾ ਮਿਲੇ, ਯਥਾ- ਅਤਿਭੁਜ ਭਇਓ ਅਪਾਰਲਾ।

**ਅਪਿ** ਸੰ. ਅਬਜਯ. ਸੰਦੇਹ ; ਨਿੰਦਾ ; ਪ੍ਰਸ੍ਨ ; ਸਮੁਚਯ ; ਅਲਪ ਵਸਤੁ ; ਅਵਧਾਰਣ, ਨਿਸਚੇ ; ਪੁਨਾ ; ਜੋਰ ਪ੍ਰਗਟ ਕਰਨੇ ਹੇਤ ਅਤਯੁਕ੍ਤਿ ਰੂਪ ਕ੍ਰਿਆ।

**ਅਪਿਉ** ਗੁ. ਅਮ੍ਰਿਤ ਗ੍ਯਾਨ ਰੂਪ, ਯਥਾ- ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ।

**ਅਪਿਆਉ** ਗੁ. ਆਹਾਰ, ਯਥਾ- ਮੁਖਿ ਅਪਿਆਉ ਬੈਠ ਕਉ ਦੈਨ। ਮੁਖ ਮੇ ਅਮ੍ਰਿਤ ਤੁਲਯ ਭੋਜਨ ਬੈਠੇ ਕੋ ਦੇਤੇ ਹੈਂ। ਅਪਿਆਉ ਕਾ ਮੂਲ ਅਪਿਓ ਹੈ। ਤਾ ਕਾ ਮੂਲ ਅਮਿਓ ਹੈ ਤਾ ਕਾ ਮੂਲ ਅੰਮ੍ਰਿਤ ਹੈ।

**ਅਪਿਆਉ ਦੇਇ** ਵਾ. ਅਮ੍ਰਿਤ ਭੋਜਨ ਦੇ, ਯਥਾ- ਪ੍ਰਤਿਪਾਲੈ ਅਪਿਆਉ ਦੇਇ।

**ਅਪੁਸਟ** ਗੁ. ਉਲਟੀ ਤੇ, ਯਥਾ- ਅਪੁਸਟ ਬਾਤ ਤੇ ਭਈ ਸੀਧਰੀ। ਸੰ. ਨਾ ਪੁਸ੍ ਕ੍ਰਿਸ।

**ਅਪੁਛ** ਸੰ. ਪੁਛਹੀਨ, ਬਿਨਾ ਪੂਛ।

**ਅਪੁਠੀ** ਪੰ. ਉਲਟੀ।

**ਅਪੂਰਬ** ਸੰ. ਨਈ ਵਸਤੁ ਜੋ ਪਹਲੇ ਨਾ ਦੇਖੀ ਸੁਨੀ ਹੋਵੇ, ਯਥਾ- ਅਪੂਰਬ ਜੰਵ ਬਣਾਈ।

**ਅਪੈ** ਗੁ. ਛਕੇ।

**ਅਫਜਲ** ਅ. ਬਹੁਤ ਉਤਮ।

**ਅਫਜੂ** ਫਾ. ਬਾਕੀ, ਅਧਿਕ, ਯਥਾ- ਅਫਜੂ ਖੁਦਾਇ।

**ਅਫਲ** ਸੰ. ਫਲਹੀਨ, ਨਿਸਫਲ।

**ਅਫਰਿਓ** ਗੁ. ਆਫਰਿਆ ਹੂਆ ਭਾਵ ਬਹੁਤ ਅਹੰਕਾਰ ਯੁਤ ਹੂਆ, ਯਥਾ- ਅਫਰਿਓ ਭਾਰੁ ਅਫਾਰੁ। ਧਨ ਕੇ ਬਿਪੁਲ ਬੋਝ ਸੇ ਅਹੰਕਾਰੀ ਭਇਆ। ਪਕੜਿਆ, ਯਥਾ- ਅਫਰਿਓ ਤੁਲਿਓ ਨ ਜਾਈ। ਪਰਮਾਤਮਾ ਅਗ੍ਰਾਹਜ ਹੈ, ਯਾਤੇ ਗ੍ਰਹਣ ਕੀਤਾ ਔ ਤੋਲਿਆ ਨਹੀ ਜਾਤਾ।

**ਅਫਰਿਆ** ਗੁ. ਅਫਰਿਆ ਹੂਆ, ਅਭਿਮਾਨ ਸੇ ਪੂਰਤ ਹੂਆ, ਯਥਾ- ਵਰਤੈ ਅਫਰਿਆ।

**ਅਫਾਰ** ਗੁ. ਆਫਰਿਆ ਹੂਆ ਅਰਥਾਤ ਫੂਲਿਆ ਹੂਆ, ਯਥਾ- ਪਵਨਿ ਅਫਾਰ ਤੋਰ ਚਾਮਰੋ।

**ਅਫਾਰਾ** ਪੰ. ਨਾ ਫਾਰਿਆ ਭਾਵ ਭੰਗ ਕੀਆ ਜਾਨੇ ਵਾਲਾ ਅਭੰਗ ਹੁਕਮ, ਯਥਾ- ਕਰਿਆ ਹੁਕਮੁ ਅਫਾਰਾ। ਪੁਨਾ- ਅਫਰਿਓ ਭਾਰੁ ਅਫਾਰੁ। ਆਫਰਿਆ ਅਰਥਾਤ ਫੂਲਾ ਹੂਆ, ਯਥਾ- ਪਵਨਿ ਅਫਾਰ ਤੋਰ ਚਾਮਰੋ। ਅਫਾਰੋ, ਅਹੰਕਾਰੀ, ਯਥਾ- ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।

**ਅਫਾਰੋ** ਗੁ. ਅਹੰਕਾਰੀ, ਯਥਾ- ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।

**ਅੰਬ** ਦੇ. ਅੰਬ ਬ੍ਰਿਛ, ਯਥਾ- ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ। ਪੁਨਾ- ਅੰਬੀ ਛਾਵੜੀਏਹਿ। ਪੰ. ਮਾ. ਥੱਕ, ਯਥਾ- ਨਿੰਦਾ ਮੁਹਿ ਅੰਬੁ ਪਇਆ।

**ਅਬਹਿ** ਦੇ. ਇਸ ਕਾਲ ਮੇ- ਆਜ, ਯਥਾ- ਅਬਹਿ ਕਰੁ ਅਬ ਕਰਤਾ ਸੁਇ ਤਾਲ। ਈਹਾ ਅਬ ਅਦਜ ਸੇ ਹੈ। ਸੰ. ਅਦਜ। ਇਤਾਲ- ਇਸ ਵੇਲੇ।

**ਅਬਦਾਲਾ** ਅ. ਹੇ ਅਬਦਾਲ ਹਫਤ ਅਕਲੀਮ ਅਰਥਾਤ ਪ੍ਰਿਥ੍ਵੀ ਕੇ ਸਾਤ ਦੀਪੋਂ ਮੇ ਸਾਤ ਅਬਦਾਲ ਰਹਤੇ ਹੈਂ ਬਰ ਸਰਾਫ ਸੇ ਨਿਹਾਲ ਔ ਫਨਾਹ ਕਰਨੇ ਵਾਲੇ ਫਕੀਰ ਕਾ ਨਾਮ ਅਬਦਾਲ ਹੈ ਗੌਸ ਕੁਤਬੋ ਵਤ ਯਹ ਭੀ ਏਕ ਕਰਾਮਾਤੀ ਫਕੀਰੋਂ ਕਾ ਦਰਜਾ ਹੈ ਤਿਨ ਪ੍ਰਤਿ ਗੁਰੂ ਜੀ ਕਹਤੇ ਹੈਂ- ਮਾਰਫਤ ਮਨ ਮਾਰੋ ਅਬਦਾਲਾ। ਹੇ ਅਬਦਾਲ ਉਤਮ ਬਿਚਾਰ ਸੇ ਅਪਨੇ ਮਨ ਕੋ ਮਿਥ੍ਯਾ ਨਿਸਚੇ ਕਰ ਮਾਰੋ।

**ਅਬਦਾਲੀ** ਦੇ. ਅਬਦਾਲੋ ਵਾਲਾ, ਯਥਾ- ਕਰਿ ਅਬਦਾਲੀ ਭੇਸਵਾ।

**ਅਬਧ** ਦੇ. ਨਾ ਨਾਸ ਹੋਨੇ ਵਾਲੀ, ਯਥਾ- ਕਾਲ ਫਾਸ ਅਬਧ ਲਾਗੇ। ਸੰ. ਅਬਧ੍ਯ।

**ਅੰਬਰ** ਦੇ. ਬਸਤ੍ਰ, ਯਥਾ- ਅੰਬਰ ਲੇਤ ਉਬਾਰੀਅਲੇ। ਸੁਗੰਧ ਵਾਲੀ ਵਸਤੂ ਅੰਬਰ ਪ੍ਰਸਿਧ ; ਆਕਾਸ ਅਰਥਾਤ ਭੁਵ ਲੋਕ, ਯਥਾ- ਅੰਬਰੁ ਧਰਤਿ ਵਿਛੋੜਿ। ਗੁ. ਊਰਧ ਸਿਰ ਥਾਨ ਮੇਂ, ਯਥਾ- ਅੰਬਰਿ ਕੂੰਜਾ ਕੁਰਲੀਆ।

**ਅਬਰਨਾ** ਦੇ. ਬਰਣ ਸੰਕਰ, ਸੰਕੀਰਣ। ਏਕ ਵਰਣ ਕੇ ਪੁਰਖ ਇਸਤ੍ਰੀ ਕੀ ਆਨ ਵਰਣ ਕੇ ਪੁਰਖ ਇਸਤ੍ਰੀ ਕੇ ਮੇਲ ਸੇ ਉਪਜੀ ਸੰਤਾਨ ਕਾ ਨਾਮ ਬਰਣ ਸੰਕਰ ਹੈ। ਬਰਣ ਸੰਕਰ ਪੁਰਖ ਇਸਤ੍ਰੀਓ ਕੇ ਮੇਲ ਸੇ ਉਪਜੀ ਸੰਤਾਨ ਕਾ ਨਾਮ ਸੰਕੀਰਣ ਹੈ। ਪ੍ਰਮੇਸ੍ਵਰ ਭਜਨ ਸੇ ਇਨ ਸਭ ਕਾ ਉਧਾਰ ਹੋਤਾ ਹੈ, ਯਥਾ- ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ।

**ਅੰਬਰਾਵੈ** ਦੇ. ਪਹੁਚਾਵੇ ਹੈ, ਯਥਾ- ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ।

**ਅੰਬ੍ਰਿਤ** ਦੇ. ਅਮ੍ਰਿਤ।

**ਅੰਬਰੀਕ** ਦੇ. ਸੂਰਜ ਬੰਸੀ ਭਗਤ ਰਾਜਾ ਜਿਸ ਹੇਤ ਪ੍ਰਮੇਸ੍ਵਰ ਨੇ ਦੁਰਬਾਸਾ ਰਿਖੀ ਕਾ ਮਾਨ ਭੰਗ ਕੀਆ। ਸੰ. ਅੰਬਰੀਖ।

**ਅਬਲ** ਸੰ. ਬਲਹੀਨ, ਯਥਾ- ਅਬਲ ਬਲੁ ਤੋੜਿਆ।

**ਅੰਬੜਾ** ਪੰ. ਪਹੁਚਾ, ਯਥਾ- ਇਕਤੁ ਟੋਲਿ ਨ ਅੰਬੜਾ। ਤੇਰੇ ਰਚੇ ਪਦਾਰਥੋਂ ਕੇ ਸਮੂਹੋਂ ਮੇਂ ਮੈਂ ਏਕ ਕੀ ਸਮਾਨਤਾ ਕੋ ਭੀ ਨਹੀਂ ਪਹੁਚਤਾ। ਅੰਬੜੇ, ਯਥਾ- ਅਮਲੀ ਅਮਲੁ ਨ ਅੰਬੜੈ। ਅੰਬੜੀ, ਯਥਾ- ਆਖਾਂ ਅੰਮੜੀਆਸੁ।

**ਅਬਾਦਾਨ** ਫਾ. ਅਛੀ ਤਰਹ ਬਸੇ ਹੁਏ ਨਗਰਾਦਿ।

**ਅਬਿਗਤ** ਸੰ. ਅਬਿਨਾਸੀ ਕੋ, ਯਥਾ- ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ।

**ਅਬਿਗਤੁ** ਸੰ. ਗ੍ਯਾਨ ਸਰੂਪ, ਯਥਾ- ਜਬ ਅਬਿਗਤ ਅਗੋਚਰ ਪ੍ਰਭ ਏਕਾ। ਅਵਗਤਿ ਵਾਲੇ ਗ੍ਯਾਨੀ ਭਗਤ, ਯਥਾ- ਜਹ ਅਬਿਗਤੁ ਭਗਤੁ ਤਹ ਆਪਿ। ਉਕ੍ਰੰਚ- ਨਾਹੰ ਬਸਾਮਿ ਬੈਕੁੰਠੇ ਯੋਗਿਨਾਂ ਹ੍ਰਿਦਯੇ ਨਚ ਮਦ੍ਭਕ੍ਤਾ ਯਤ੍ਰ ਗਾਯੰਤਿ ਤਤ੍ਰਤਿਸ੍ਠਾਮਿ ਨਾਰਦ।

**ਅਬਿਚਲ** ਦੇ. ਚਲ ਜਾਨੇ ਵਾਲੇ ਕਾ ਨਾਮ ਬਿਚਲ ਹੈ। ਨਾ ਚਲਨੇ ਵਾਲੇ ਥਿਰ ਥਾਨ ਕਾ ਨਾਮ ਅਬਿਚਲ ਹੈ। ਜੋ ਕਬੀ ਦੂਰ ਨਾ ਹੋਵੇ, ਯਥਾ- ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ। ਪੁਨਾ- ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ। ਸਤਸੰਗ ਥਾਨ ਪ੍ਰਮੇਸ੍ਵਰ ਉਪਦੇਸ੍ਯਾ ਕਾ ਚਲਨੇ ਸੇ ਰਹਿਤ ਅਬਿਚਲ ਨਗਰ ਹੈ ਭਾਵ ਬੈਕੁੰਠ ਥਾਨ ਹੈ। ਸੋਈ ਬਚਨਾਂਤਰ ਮੇਂ ਕਹਾ ਹੈ- ਬੈਕੁੰਠ ਨਗਰ ਜਹਾਂ ਸੰਤਵਾਸ। ਜਹਾ ਨਾਮ ਜਪਨੇ ਵਾਲੇ ਸ੍ਰੇਸ੍ਰ ਮਹਾਤਮਾ ਜਨੋਂ ਕਾ ਵਾਸ ਹੈ। ਵਹੀ ਬੈਕੁੰਠ ਨਗਰ ਹੈ ਯਾਤੇ ਗੋਬਿੰਦ ਗੁਰੂ ਕਾ ਅਬਿਚਲ ਨਗਰ ਸਤਸੰਗ ਥਾਨ ਹੈ ਸੋਈ ਨਿਖਲ ਪ੍ਰਿਥੀ ਕੇ ਖੰਡੋ ਮੇਂ ਅਬਿਨਾਸੀ ਫਲ ਦੇਨੇ ਸੇ ਸਚਖੰਡ ਹੈ। ਯਾਹੀ ਭਾਵ ਸੇ ਬਚਨਾਂਤਰ ਮੇਂ- ਸਾਧਸੰਗਤਿ ਬੈਕੁੰਠੈ ਆਹਿ। ਪੁਨਾ- ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ। ਗੁਰ ਦਸਮ ਮਹਾਰਾਜ ਕੇ ਜੋਤੀ ਜੋਤ ਸਮਾਵਨੇ ਕੇ ਥਾਨ ਕਾ ਨਾਮ ਅਬਿਚਲ ਨਗਰ ਇਸੀ ਤੁਕ ਅਨੁਸਾਰ ਗੁਰ ਥਾਨ ਕੀ ਰਚਨਾ ਕਰਾਵਨੇ ਵਾਲੇ ਉਤਮ ਜਨੋਂ ਨੇ ਰਖਿਆ ਹੈ। ਅਸਲ ਮੂਲ ਅਬਿਚਲ ਨਾਮ ਕਾ ਅਵਿਚਲ ਸੰਸਕ੍ਰਿਤ ਹੈ। ਜਿਨ ਕੋ ਇਸ ਅਰਥ ਕੀ ਮਲੂਮੀ ਨਹੀਂ ਵਹੁ ਅਰਬੀ ਫਾਰਸੀ ਪੜੇ ਲੋਕ ਇਸ ਨਾਮ ਕਾ ਮੂਲ ਅਫਜਲ ਨਗਰ ਨਿਕਾਸਤੇ ਹੈ ਅਫਜਲ ਅਰਬੀ ਮੇਂ ਬਹੁਤ ਉਤਮ ਥਾਨ ਕਾ ਨਾਮ ਹੈ।

**ਅਬਿਦਿਆ ਸਾਧੀ** ਦੇ. ਵਹੀ ਕਾਮ ਅਗ੍ਯਾਨ ਕੇ ਪ੍ਰਤਾਪ ਸੇ ਸਿਧ ਕੀਏ ਜੋ ਚੋਰੀ ਜੁਏ ਪਰਦਾਰਾ ਗਮਨਾਦਿ ਨਿੰਦਿਤ ਕਰਮ ਹੈਂ, ਯਥਾ- ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ। ਜਿਨ ਕਾਮੋ ਸੇ ਪਰਲੋਕ ਅਰਥਾਤ ਸ੍ਵਰਗ ਬੈਕੁੰਠ ਜਾਤ ਰਹੇ। ਪੁਨਾ ਲੋਕ ਮੋ ਨਿੰਦਾ ਹੋਵੇ ਸੋਈ ਕ੍ਰਿਆ ਅਵਿਦ੍ਯਾ ਕੇ ਪ੍ਰਤਾਪ ਸੇ ਸਿਧ ਕਰੀ।

**ਅਬਿਨਾਸੀ** ਸੰ. ਨਾ ਨਾਸ ਹੋਨੇ ਵਾਲਾ, ਯਥਾ- ਅਬਿਨਾਸੀ ਪ੍ਰਭੁ ਮਨ ਮਹਿ ਰਾਖੁ।

**ਅੰਬੀ** ਦੇ. ਅੰਬੋ ਕੀ ਅਰਥਾਤ ਦੈਵ ਸੰਪਦ ਕੇ ਗੁਣੋਂ ਕੀ, ਯਥਾ- ਅੰਬੀ ਛਾਵੜੀਏਹਿ।

**ਅਬੀਨਿਆ** ਗੁ. ਅੰਧੇ ਜਨੋਂ ਕੇ, ਯਥਾ- ਸਭ ਫੋਕਟ ਧਰਮ ਅਬੀਨਿਆ।

**ਅੰਬੁ ਪਇਆ** ਪੰ. ਮਾ. ਮੁਖ ਥਕ ਪਇਆ, ਯਥਾ- ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ। ਥਕਤ ਹੋ ਜਾਨੇ ਕਾ ਨਾਮ ਪੰਜਾਬ ਮੋ

ਅੰਬ ਪੈਨਾ, ਅੰਬ ਜਾਨਾ ਹੈ। ਜਿਸ ਕੇ ਮਨ ਮੇਂ ਨਿੰਦਾ ਕਾ ਪ੍ਰੇਮ ਹੈ ਉਸ ਪੁਰਖ ਕਾ ਨਿੰਦਾ ਕਰਤੇ ਕਾ ਮੁਖ ਥਕਤ ਹੋ ਜਾਵੇ ਹੈ।

**ਅੰਬੁਜ** ਸੰ. ਕਮਲ।

**ਅੰਬੁਦ** ਸੰ. ਮੇਘ।

**ਅੰਬੁਧਿ** ਸੰ. ਸਮੁਦ੍ਰ।

**ਅਬੇ** ਦੇ. ਪਿਤਾ ਸੇ, ਯਥਾ- ਅੰਮ ਅਬੇ ਥਾਵਹੁ ਮਿਠੜਾ। ਨੀਚ ਸੰਬੋਧਨ ਮੇਂ ਭੀ ਅਬੇ ਹੋਤਾ ਹੈ, ਜੈਸੇ ਸੰਸਕ੍ਰਿਤ ਮੇਂ ਅਰੇ ਤੈਸੇ ਅਬੇ ਹੈ।

**ਅਬੇ ਤਬੇ** ਵਾ. ਅਬੇ ਤਬੇ ਕਹਨੇ ਵਾਲੇ ਅਭਿਮਾਨੀ ਰਾਜਾ ਲੋਗੋਂ ਕੀ ਤਥਾ ਔਰ ਧਨਾਢ ਪੁਰਖੋਂ ਕੀ, ਯਥਾ- ਅਬੇ ਤਬੇ ਕੀ ਚਾਕਰੀ। ਜੈਸੇ ਸੰਸਕ੍ਰਿਤ ਮੇਂ ਨੀਚ ਕੋ ਬੁਲਾਨੇ ਮੇਂ ਅਰੇ ਰੇ ਸੰਬੋਧਨ ਹੈ, ਤੈਸੇ ਉੜਦੂ ਮੇਂ ਅਬੇ ਹੈ ਪੰਜਾਬ ਮੇਂ ਦੋਹਰੀ ਬੋਲੀ ਬੋਲਨੇ ਕਾ ਪ੍ਰਚਾਰ ਹੈ ਯਾਤੇ ਅਬੇ ਤਬੇ ਕਹਜਾ ਜਾਤਾ ਹੈ।

**ਅਬੇਚਲੁ** ਗੁ. ਅਬਿਚਲ, ਯਥਾ- ਮਾਲੁ ਹਮਾਰਾ ਅਖੁਟੁ ਅਬੇਚਲੁ।

**ਅਭ ਅੰਤ** ਗੁ. ਰਿਦੇ ਕੇ ਭੀਤਰ। ਸੰ. ਅਭਯੰਤਰ, ਯਥਾ- ਅਗਮ ਅਗੋਚਰੁ ਰਹਿਆ ਅਭ ਅੰਤ।

**ਅਭ ਅੰਤਰਿ** ਦੇ. ਭੀਤਰ ਸੇ, ਯਥਾ- ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੁਕਾ। ਸੰ. ਅਭਯੰਤਰ।

**ਅਭ ਸਬਦ** ਗੁ. ਹਿਰਦਾ ਉਪਦੇਸ ਬਿਨਾ, ਯਥਾ- ਬਿਨੁ ਅਭ ਸਬਦ ਨ ਮਾਂਜੀਐ। ਬਿਨਾ ਉਪਦੇਸ ਸੇ ਅੰਤਰ ਅਰਥਾਤ ਰਿਦਾ ਨਹੀ ਸੁਧ ਹੋ ਸਕੇ। ਗੁਰੋ ਕੇ ਉਪਦੇਸ ਸੇ ਹੋਵੇ ਹੈ।

**ਅਭ ਭਗਤੀ** ਦੇ. ਸਰਬ ਓਰ ਤੇ ਭਗਤੀ, ਯਥਾ- ਬਿਨੁ ਅਭ ਭਗਤੀ ਬਾਦਿ ਮਰੀਜੈ। ਬਿਨਾ ਸਰਬ ਓਰ ਤੇ ਭਗਤੀ ਕਰਨੇ ਸੇ ਰਿਦਾ ਨਹੀ ਮਾਂਜਜਾ ਜਾਵੇ।

**ਅਭਉ** ਗੁ. ਭਯ ਸੇ ਰਹਿਤ ਪ੍ਰਮੇਸ੍ਵਰ।

**ਅਭੰਗ** ਸੰ. ਅਬਿਨਾਸੀ, ਨਾ ਭੰਗ ਹੋਨੇ ਵਾਲਾ।

**ਅਭਗਾ** ਗੁ. ਨਾ ਭੰਗ ਹੋਨੇ ਵਾਲਾ, ਯਥਾ- ਅਸਥਿਰ ਥਾਨੁ ਜਿਸੁ ਹੈ ਅਭਗਾ। ਪੁਨਾ- ਤਿਸੁ ਦੀਬਾਣੁ ਅਭਗੁ। ਸੰ. ਅਭੰਗ।

**ਅਭਰ ਸਰ** ਗੁ. ਖਾਲੀ ਸਰੋਵਰ ਅਰਥਾਤ ਖਾਲੀ ਹਿਰਦੇ ਪੂਰਨ ਕਰੇ, ਯਥਾ- ਅਭਰ ਸਰ ਸੁਭਰ ਭਰਾਯਉ।

**ਅਭਰਤ** ਦੇ. ਨਾ ਭਰਨੇ ਵਾਲਾ ਭਾਵ ਖਾਲੀ।

**ਅਭਾਉ** ਦੇ. ਅਨਾਦਰ, ਯਥਾ- ਜਉ ਲਉ ਭਾਉ ਅਭਾਉ ਇਹੁ ਮਾਨੈ। ਆਦਰ ਅਨਾਦਰ।

**ਅਭਾਇ** ਗੁ. ਖੋਟੀ ਭਾਵਨਾ।

**ਅਭਾਖੰ** ਦੇ. ਨਹੀ ਕਹਤਾ, ਯਥਾ- ਰੇ ਲੰਪਟ ਕ੍ਰਿਸਨੁ ਅਭਾਖੰ। ਅਭਾਖੇ, ਨਾ ਕਹੇ।

**ਅਭਾਖਿਆ** ਗੁ. ਨਾ ਉਚਾਰਨਯੋਗਜ ਯਵਨ ਭਾਖਾ ਰੂਪ ਕਲਮਾ ਪੜ ਮਾਰਿਆ ਜੀਵ, ਯਥਾ- ਅਭਾਖਿਆ ਕਾ ਕੁਠਾ ਬਕਰਾ ਖਾਣਾ। ਇਸ ਬਚਨ ਅਨੁਸਾਰ ਦੇਖੇ ਜੋ ਜੋ ਯਵਨ ਮੰਤ੍ਰ ਸੇ ਮੰਤ੍ਰਿਆ ਮਾਸ ਖਾਤੇ ਹੈ ਵੋ ਸਭੀ ਯਵਨ ਤੁਲਜ ਹੈਂ।

**ਅਭਾਗੇ** ਦੇ. ਖੋਟੇ ਭਾਗੋ ਵਾਲੇ, ਯਥਾ- ਮਨਮੁਖ ਸੋਇ ਰਹੇ ਅਭਾਗੇ। ਪੁਨਾ- ਰਾਮ ਨ ਜਪਹੁ ਅਭਾਗੁ ਤੁਮਾਰਾ।

**ਅਭਾਵ** ਸੰ. ਭਾਵ ਸੇ ਭਿੰਨ ਅਰਥਾਤ ਹੈ ਰੂਪ ਸੇ ਨਾ ਭਾਨ ਹੋਨੇ ਵਾਲੀ ਵਸਤੂ। ਯਹ ਨਯਾਯ ਮਤ ਮੇਂ ਸਾਤਵਾ ਪਦਾਰਥ ਹੈ ਜਿਸ ਕੇ ੧. ਪ੍ਰਾਗ ਭਾਵ ੨. ਪ੍ਰਧ੍ਵੰਸਾ ਭਾਵ ੩. ਅਨਯੋਨਯਾ ਭਾਵ ੪. ਅਤਯੰਤਾ ਭਾਵ, ਚਾਰ ਭੇਦ ਹੈਂ। ਇਸ ਮੇਂ ਬਨੇਗਾ ਈਹਾ ਨਾਸ ਹੂਆ ਯਹ ਵਹੁ ਨਹੀਂ ਇਸ ਮੇਂ ਵਹੁ ਨਹੀਂ ਇਨ ਬੋਲੀਓਂ ਸੇ ਉਨ ਚਾਰੋਂ ਕੀ ਸਿਧੀ ਹੋਤੀ ਹੈ। ਜੈਸੇ ਏਤ ਸੂਤ ਮੇਂ ਕਪੜਾ ਬਨੇਗਾ, ਇਨ ਤੰਤੂਓਂ ਮੇਂ ਕਪੜਾ ਨਾਸ ਹੂਆ, ਪੁਰਖ ਬ੍ਰਿਛ ਨਹੀਂ, ਬ੍ਰਹਮ ਮੈਂ ਜਗਤ ਨਹੀਂ, ਐਸੇ ਚਾਰ ਪ੍ਰਕਾਰ ਕਾ ਅਭਾਵ ਸਿਧ ਹੋਵੇ ਹੈ। ਅਭਾਵ ਪਦਾਰਥ ਨਾ ਮਾਨੇ, ਪਿਛਲੀ ਬੋਲੀਓਂ ਕਾ ਕੋਈ ਅਰਥ ਨਹੀਂ ਬਨੇ। ਯਾਤੇ ਅਭਾਵ ਪਦਾਰਥ ਮਾਨਤੇ ਹੈਂ। ਸੋ ਪੁਨਾ ਜੈਸੇ ਪੁਰਖ ਸੇ ਬ੍ਰਿਛ ਜੁਦਾ ਭਾਨ ਹੋਵੈ ਹੈ ਵੈਸੇ ਭਾਵ ਪਦਾਰਥੋਂ ਸੇ ਜੁਦਾ ਹੋ ਕਰ ਨਹੀ ਦਿਖਾਈ ਦੇਤਾ। ਯਾਤੇ ਅਭਾਵ ਜੁਦੀ ਚੀਜ ਨਹੀਂ ਕਿੰਤੂ ਜੈਸੇ ਪ੍ਰਿਥਵੀ ਆਦਿਕੋਂ ਮੇਂ ਜਾਤਿ ਗੁਣਾਦਿਕ ਵਸਤੂ ਰਹੇ ਹੈਂ। ਐਸੇ ਹੀ ਏਕ ਏਕ ਵਸਤੂ ਕਾ ਅਨਯੋਨਯਾ ਭਾਵ ਔ ਅਤਯੰਤਾ ਭਾਵ ਭੀ ਤੀਨੋ ਲੋਕੋਂ ਕੀ ਨਿਖਲ ਵਸਤੂਓਂ ਮੇਂ ਰਹੇ ਹੈ। ਕਾਹੇ ਤੇ ਪੁਰਖ ਬ੍ਰਿਛ ਨਹੀਂ ਕਥਨ ਵਤ ਪੁਰਖ ਪਤ੍ਰ ਨਹੀਂ, ਪੁਸਪ ਨਹੀਂ ਭੀ ਕਥਨ ਹੋ ਸਕੇ ਹੈ। ਤਥਾ ਬ੍ਰਹਮ ਮੇਂ ਜਗਤ ਨਹੀਂ ਕਥਨਵਤ ਅਮਕ ਭੂਮੀ ਮੇਂ ਘਟ ਨਹੀਂ, ਬ੍ਰਿਛ ਨਹੀਂ ਭੀ ਕਥਨ ਹੋਵੈ ਹੈ। ਯਾਤੇ ਜਹਾ ਜੋ ਵਸਤੂ ਰਹੇ ਉਸ ਦੇਸ ਬਿਨਾ ਸਰਬਤ੍ਰ ਉਸ ਕਾ ਅਤਯੰਤਾ ਭਾਵ ਹੈ। ਔ ਜੋ ਜੋ ਉਸ ਸੇ ਭਿੰਨ ਹੈ ਉਨ ਸਭ ਮੇ ਉਸ ਕਾ ਭੇਦ ਕਹਨਾ ਬਨੇ ਹੈ। ਯਾਤੇ ਅਪਨੇ ਅਪਨੇ ਸੇ ਜੁਦੀ ਸਭ ਵਸਤੂਓਂ ਮੇਂ ਸਭ ਕਾ ਭੇਦ ਹੈ ਔ ਅਪਨੇ ਅਪਨੇ ਅਧਾਰ ਪਦਾਰਥ ਬਿਨਾ ਆਨ ਸਭ ਮੇਂ ਸਭ ਕਾ ਅਤਯੰਤਾ ਭਾਵ ਹੈ ਸੋ। ਆਧਾਰ ਸੇ ਜੁਦਾ ਨਹੀਂ ਦੀਸੇ ਯਾਹੀ ਤੇ ਮੀਮਾਂਸਕ ਸਾਂਖੀ ਪਤੰਜਲੀ ਅਭਾਵ ਕੋ ਅਧਿਕਰਣ ਸ੍ਵਰੂਪ ਮਾਨੇ ਹੈਂ। ਤੈਸੇ ਹੀ ਬੇਦਾਂਤੀ ਕਲਪਤ ਕੇ ਨਾਸ ਕੋ ਬ੍ਰਹਮ ਸ੍ਵਰੂਪ ਕਹਤੇ ਅਭਾਵ ਕੋ ਅਧਿਕਰਣ ਕਾ ਸ੍ਵਰੂਪ ਮਾਨੇ ਹੈਂ। ਪ੍ਰਾਗ ਭਾਵ ਪ੍ਰਧ੍ਵੰਸ ਦੋਨੋ ਕਾਰਯ ਕੇ ਉਪਾਦਾਨ ਮੇਂ ਰਹਤੇ ਨੈਯਾਯਕ ਮਾਨਤੇ ਹੈਂ ਔਰ ਸਭੀ ਉਤਪਤੀ ਸੇ ਪੂਰਬ ਸੂਖਮ ਰੂਪ ਹੋ ਕਾਰਣ ਮੇਂ ਕਾਰਯ ਰਹਤਾ ਹੈ ਐਸੇ ਕਹਤੇ ਪ੍ਰਾਗ ਭਾਵ ਕੋ ਅਭਾਵ ਨਹੀਂ ਮਾਨਤੇ ਪੁਨਾ ਭਾਵ ਕੇ ਛਠੇ ਨਾਸ ਰੂਪ ਬਿਕਾਰ ਕੋ ਭਾਵ ਰੂਪ ਮਾਨਨੇ ਸੇ ਪ੍ਰਧ੍ਵੰਸ ਕੋ ਭੀ ਅਭਾਵ ਨਹੀਂ ਮਾਨਤੇ।

**ਅਭਿ** ਸੰ. ਅਬਯਯ. ਸਨਮੁਖ ; ਅਭਿਲਾਖ ; ਲਖਣ ; ਕਿਸੇ ਪ੍ਰਕਾਰ ਕੋ ਪ੍ਰਾਪਤ ਭਈ ਵਸਤੂ ਕਾ ਪ੍ਰਗਟ ਕਰਨਾ ; ਸਰਬ ਓਰ ਤੇ ;

ਧਰਖਣ, ਝਿੜਕਨਾ ; ਪੂਜਾ ; ਆਹਾਰ ; ਪੜਨਾ ਕ੍ਰਮ ਸੇ ਉਦਾਹਰਣ ਅਭ੍ਯਗਨਿ ਪਤੰਗ ਪਤੰਗ ਅਗਨਿ ਕੇ ਸਨਮੁਖ ਗਿਰਤੇ ਹੈਂ ; ਅਭਿਕ- ਇਛਾ ਕਰਤਾ ਹੈ ; ਅਭਿਬੰਦਨ ਕਰਤਾ ਹੈ ਭਾਵ ਪੂਜਾ ਕਰਤਾ ਹੈ ; ਅਭ੍ਯਾਸ ਕਰਤਾ ਹੈ- ਪੁਨਾ ਪੁਨਾ ਪੜਤਾ ਹੈ ; ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਇਸ ਗੁਰ ਬਚਨੋ ਮੇਂ ਅਭਿ ਕਾ ਸਰਬ ਓਰ ਤੇ ਅਰਥ ਹੈ। ਪੁਨਾ- ਮਨਮੁਖ ਤੇ ਅਭ ਭਗਤਿ ਨ ਹੋਵਸਿ। ਈਹਾ ਭੀ ਸਰਬ ਓਰ ਤੇ ਨਹੀਂ ਹੋਤੀ ਵਾ ਸਨਮੁਖ ਹੋ ਕਰ ਭਗਤੀ ਨਹੀ ਹੋ ਸਕਤੀ। ਪੁਨਾ- ਬਿਨੁ ਅਭ ਸਬਦ ਨ ਮਾਂਜੀਐ।

**ਅਭਿਆਸੁ** ਦੇ. ਆਬ੍ਰਿਤੀ ; ਪੁਨਾ ਪੁਨਾ ਪੜਨਾ। ਪੁਨਾ- ਬੇਦਾਂ ਕਾ ਅਭਿਆਸੁ। ਸਮੀਪ, ਗੁਰੋ ਸੇ ਸੁਣੇ ਅਰਥ ਮੇ ਯੋਗ੍ਯ ਬਿਚਾਰ ਕਰਨਾ। ਸੰ. ਅਭ੍ਯਾਸ।

**ਅਭਿਆਗਤ** ਦੇ. ਘਰ ਮੇ ਆਯਾ ਅਥਿਤ ਜਨ ਧਰਮ ਸਾਸਤ੍ਰ ਮੇ ਅਭ੍ਯਾਗਤ ਕੋ ਦੇਨੇ ਬਹੁਤ ਮਹਾਤਮ ਲਿਖਾ ਹੈ ਗੁਰੂ ਜੀ ਭੀ ਭੂਖੇ ਦਾਨ ਨ ਦੀਨਾ ਪਾਠ ਸੇ ਭੂਖੇ ਕੋ ਦੇਨਾ ਅਛਾ ਲਿਖਤੇ ਹੈਂ। ਪਰੰਤੂ ਜਿਸ ਪੁਰਖ ਕੇ ਚਿਤ ਮੇ ਪਦਾਰਥ ਸੰਗ੍ਰਹਣ ਕਾ ਲੋਭ ਹੋਵੇ ਐਸੇ ਅਭ੍ਯਾਗਤ ਕੇ ਮਨ ਮੇ ਈਹਾ ਸੇ ਮੁਝੇ ਸੰਗ੍ਰਹ ਹੇਤ ਮਿਲੇਗਾ ਵਾ ਨਹੀ ਐਸਾ ਸੰਦੇਹ ਹੋਤਾ ਹੈ। ਤਿਸ ਕੇ ਦੇਨੇ ਕਾ ਅਧਿਕ ਮਹਾਤਮ ਨਹੀ। ਉਲਟਾ ਅਪਕਰਮ ਮੇ ਲਾਵੇ ਤਬ ਦੋਖ ਹੈ, ਯਥਾ- ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ। ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ। ਮੰਦ ਹੀ ਧਰਮ ਹੋਤਾ ਹੈ। ਯਾਤੇ ਗੁਰੂ ਜੀ ਦਾਨਯੋਗ ਅਭਿਆਗਤ ਕਾ ਅਰਥ ਲਿਖੇ ਹੈਂ- ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ। ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ। ਕੋਈ ਵਿਰਲਾ ਉਪਦੇਸ ਰੂਪ ਅਹਾਰ ਦੇਵੇ ਹੈ। ਸਨਮੁਖ ਆਯਾ ਮਾਤ੍ਰ।

**ਅਭਿਗ** ਪੰ. ਨਾ ਭੀਗਨੇ ਵਾਲੇ ਕਠਨ, ਯਥਾ- ਅਭਿਗ ਆਤਮ ਨਿਕੋਰ। ਜਾਨਨੇ ਵਾਲਾ। ਸੰ. ਅਭਿਗ੍ਯ।

**ਅਭਿਨਿਵੇਸ** ਸੰ. ਯਹ ਕਾਮ ਹਮ ਕੋ ਅਵਸ੍ਯ ਕਰਤਬ੍ਯ ਹੈਂ ਐਸਾ ਆਗ੍ਰਹ ; ਅਨਿਤ੍ਯ ਦੇਹਾਦਿਕੋ ਸੇ ਬਿਯੋਗਮਤ ਹੋਵੇ ਐਸਾ ਮਰਣ ਨਿਵਾਰਕ ਹਠ ; ਮਿਰਤੁ ਕੇ ਭੈ ਕੀ ਜਨਕ ਅਵਿਦ੍ਯਾ।

**ਅਭਿੰਨੁ** ਸੰ. ਏਕ ਰੂਪ, ਭੇਦਹੀਨ, ਜੈਸੇ- ਜੀਵ ਈਸ ਅਭਿੰਨ ਹੈਂ। ਗੁ. ਨਾ ਭਿੱਜਾ, ਨਾ ਭੀਗਨੇ ਵਾਲਾ, ਯਥਾ- ਮਨਮੁਖੁ ਅਭਿੰਨੁ ਨ ਭਿਜਈ।

**ਅਭਿਮਾਨੀ** ਸੰ. ਅਭਿਮਾਨ ਵਾਲੇ, ਯਥਾ- ਛੋਡਿ ਚਲੈ ਅਭਿਮਾਨੀ।

**ਅਭਿਮਾਨੁ** ਸੰ. ਅਹੰਕਾਰ, ਯਥਾ- ਅਭਿਮਾਨੁ ਖੋਇ ਖੋਇ ਖੋਇ ਖੋਈ। ਅਪਮਾਨ, ਯਥਾ- ਤੈਸਾ ਮਾਨੁ ਤੈਸਾ ਅਭਿਮਾਨੁ।

**ਅਭੀਚੁ** ਗੁ. ਸਤ੍ਰੂਓਂ ਕੇ ਸਨਮੁਖ ਹੋ ਜਯ ਕਰੀਯੇ ਜਿਸ ਕਾਲ ਮੇਂ ਵਹੁ ਸਮਾ ; ਯਾਤ੍ਰਾ ਕੇ ਅਨੁਕੂਲ ਲਗਨ ਬਿਸੇਖ ; ਪੰਦ੍ਰਾ ਹਿਸ੍ਯੋ ਮੇ ਬਾਂਟੇ ਦਿਨ ਕਾ ਦੋ ਸਾਤ੍ਯੋ ਕੇ ਮਧ੍ਯ ਕਾ ਹਿਸਾ ਜੋ ਮਧ੍ਯਾਨ ਸਮੇ ਸਿਮ੍ਰਿਤੀਯੋਂ ਮੇ ਕੁਤੁਪ ਨਾਮ ਸੇ ਲਿਖਾ ਹੈ। ਤਿਸੀ ਕਾ ਨਾਮ ਅਭੀਚ ਕਾ ਪਰਬ ਹੈ, ਯਥਾ- ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ। ਗੁਰਦਾਸ ਬਚਨ ਲਗਾ ਪੁਰਬ ਅਭੀਚ ਦਾ- ਲਗਾ ਪਰਬ ਅਭਿਜਿਤ ਮੁਹੂਰਤ ਕਾ ਸਪਸ੍ਰ ਐਸੇ ਹੈ ਕ੍ਰਮ ਸੇ ਰਵਿ ਕੋ ੨੦ ਸੋਮ ਕੋ ੧੬ ਮੰਗਲ ਕੋ ੧੫ ਬੁਧ ਕੋ ੧੪ ਬ੍ਰਿਹਸਪਤਿ ਕੋ ੧੩ ਸੁਕ੍ਰ ਕੋ ੧੨ ਛਨਿਛਰ ਕੋ ੧੨ ਅੰਗਲੀ ਸੀਖ ਲੇ ਧੂਪ ਮੇਂ ਖੜੀ ਕਰੇ ਜਬ ਮਧ੍ਯਾਨ ਸਮੇ ਉਸ ਕੇ ਮੂਲ ਤਲੇ ਛਾਯਾ ਆਵੇ ਤਬ ਏਕ ਘੜੀ ਮਾਤ੍ਰ ਅਭਿਜਿਤ ਮਹੂਰਤ ਹੋਤਾ ਹੈ ਜਿਸ ਮੇ ਕੀਏ ਦਾਨ ਸ੍ਨਾਨਾਦਿ ਨਿਖਿਲ ਕਾਮ ਪੂਰੇ ਹੋਤੇ ਹੈਂ।

**ਅੰਭੁ ਕੁੰਡ** ਸੰ. ਜਲ ਕੇ ਕੁੰਡ ਮੇ, ਯਥਾ- ਜੈਸੇ ਅੰਭੁ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ। ਜਿਸ ਪ੍ਰਕਾਰ ਜਲ ਕੇ ਕੁੰਡ ਮੇ ਕਰ (ਹਾਥ) ਸੇ ਰਖਾ ਸਿੰਧ (ਸੇਧਾ ਲਵਣ) ਪੜਤਾ ਹੀ ਗਲ ਜਾਵੇ ਹੈ ਤੈਸੇ ਸਰੀਰ ਕੀ ਦਸਾ ਹੈ। ਇਸ ਪਾਠ ਕੇ ਥਾਨ ਮੇ ਲੇਖਕੋ ਕੀ ਭੂਲ ਸੇ ਸੁਧੰਗ ਕੇ ਥਾਨ ਮੇ ਸੁਗੰਧ ਵਤ ਅੰਭ ਕੁੰਭ ਲਿਖਾ ਗਯਾ ਹੈ ਕਰਤਾਰਪੁਰ ਵਾਲੇ ਆਦਿ ਗ੍ਰੰਥ ਜੀ ਮੇ ਅੰਭ ਕੁੰਡ ਪਾਠ ਹੈ ਅੰਭ ਕੁੰਭ ਨਹੀ।

**ਅੰਭੁਲਾ** ਦੇ. ਜਲ ਹੈ, ਯਥਾ- ਨਾਮੁ ਤੇਰਾ ਅੰਭੁਲਾ।

**ਅਭੇਵ** ਪੰ. ਜਿਸ ਕਾ ਭੇਤ ਨਾ ਜਾਨ ਸਕੇ, ਯਥਾ- ਅਲਖ ਅਭੇਵ ਪੁਰਖ ਪਰਤਾਪ।

**ਅੰਭੈ** ਸੰ. ਜਲ ਕੇ, ਯਥਾ- ਅੰਭੈ ਕੈ ਸੰਗਿ ਨੀਕਾ ਵੰਨੁ। ਪੁਨਾ- ਅੰਭੈ ਕਾ ਕਰਿ ਡੰਡਾ ਧਰਿਆ। ਜਲ, ਯਥਾ- ਅੰਭੁ ਕੁੰਡ।

**ਅਭੈ** ਪੰ. ਭਯ ਰਹਿਤ ਪਰਮਾਤਮਾ, ਯਥਾ- ਅਭੈ ਨਿਰੰਜਨੁ ਪਰਮ ਪਦੁ। ਪੁਨਾ- ਅਭੈ ਦਾਨੁ ਪ੍ਰਭ ਦੀਜੈ।

**ਅੰਭੈ ਕਾ** ਦੇ. ਜਲ ਕਾ, ਯਥਾ- ਅੰਭੈ ਕਾ ਕਰਿ ਡੰਡਾ ਧਰਿਆ।

**ਅਭੈ ਪਟੁ** ਗੁ. ਅਭਯਤਾ ਕਾ ਬਸਤ੍ਰ, ਯਥਾ- ਅਭੈ ਪਟੁ ਰਿਪ ਮਧਿ ਤਿਹ।

**ਅਭੈ ਪਦ** ਦੇ. ਭਯਹੀਨ ਥਾਨ, ਯਥਾ- ਅਭੈ ਪਦ ਪੂਰਿ ਤਾਪ ਤਹ ਨਾਸੇ।

**ਅੰਮ** ਦੇ. ਮਾਤਾ, ਯਥਾ- ਅੰਮ ਅਬੇ ਥਾਵਹੁ ਮਿਠੜਾ।

**ਅਮਰ** ਸੰ. ਦੇਵਤਾ ; ਮਰਨ ਸੇ ਰਹਿਤ, ਯਥਾ- ਅੰਮ੍ਰਿਤੁ ਪੀਵੈ ਅਮਰੁ ਸੋ ਹੋਇ। ਫਾ. ਹੁਕਮ ਪ੍ਰਤਾਪ, ਯਥਾ- ਸਿਰ ਊਪਰਿ ਅਮਰੁ ਕਰਾਰਾ। ਪੁਨਾ- ਅਮਰੁ ਵੇਪਰਵਾਹੁ ਹੈ। ਪੁਨਾ- ਅਸੰਖ ਅਮਰ ਕਰਿ ਜਾਹਿ ਜੋਰ। ਪੁਨਾ- ਮਾਇਆ ਅਮਰੁ ਵਰਤਾਇਆ।

**ਅਮਰ ਪਿੰਡ** ਸੰ. ਪਰਮਾਤਮ ਰੂਪ ਅਬਿਨਾਸੀ ਸਰੀਰ ਵਾਲੇ, ਯਥਾ- ਅਮਰ ਪਿੰਡ ਭਏ ਸਾਧੂ ਸੰਗਿ। ਸੰਤੋਂ ਕੇ ਸੰਗ ਮੇਂ ਮਿਲ ਉਪਦੇਸ ਲੇ ਗ੍ਯਾਨ ਦ੍ਵਾਰਾ ਅਬਿਨਾਸੀ ਸ੍ਵਰੂਪ ਵਾਲੇ ਹੋ ਗਏ ਹੈਂ। ਜੈਸੇ

ਹਠ ਯੋਗ ਸੇ ਪੁਨਾ ਪਾਰੇ ਆਦਿ ਰਸੋ ਕੇ ਖਾਨੇ ਸੇ ਜੋਗੀ ਜਨੋਂ ਔ ਚਿਕਿਤਸਾ ਵਾਲਜੋ ਕੇ ਮਤ ਮੋਂ ਅਮਰ ਪਿੰਡ ਹੋ ਜਾਤੇ ਹੈਂ।

**ਅਮਰਦਾਸ** ਸੰ. ਤੀਜੇ ਗੁਰੂ ਨਾਮ ਕਾ ਅਰਥ ਅਮਰ (ਮੁਕਤ) ਹੈਂ ਦਾਸ ਜਿਸ ਕੇ, ਵਾ ਨਿਖਲ ਵਿਕਾਰ ਤਜਾਗ ਸ੍ਰੇਸ੍ਰ ਕ੍ਰਿਯਾ ਧਾਰਨੇ ਸੇ ਦੇਵਤਾ ਰੂਪ ਹੈਂ ਦਾਸ ਜਿਨ ਕੇ, ਉਕ੍ਤੰਚ- ਸਾਧ ਕਰਮ ਕੇ ਪੁਰਖ ਕਮਾਵੇ। ਨਾਮ ਦੇਵਤਾ ਜਗਤ ਕਹਾਵੇ, ਵਾ ਸ੍ਵਰਗਵਾਸੀ ਦੇਵਤਾ ਦਾਸ ਹੈਂ ਜਿਸ ਕੇ, ਐਸੇ ਅਨੁਪਮ ਗੁਣੋ ਵਾਲੇ ਤੀਸਰੇ ਗੁਰੂ, ਯਥਾ- ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ। ਅਮਰੋ ਕੇ ਦਾਸ ਕਰਮਕਾਂਡੀ ਲੋਕ।

**ਅਮ੍ਰਿਤ** ਸੰ. ਮੋਖ ; ਹੋਮ ਸੇ ਬਚੀ ਸਾਮ੍ਰਗੀ ; ਸੁਧਾ ; ਜਲ ; ਘ੍ਰਿਤ ; ਬਿਨਾ ਮੰਗੇ ਪ੍ਰਾਪਤ ਭਈ ਵਸਤੁ ; ਪਰਬ੍ਰਹਮ ; ਮਰਣ ਸੂਨਜ।

**ਅੰਮ੍ਰਿਤ ਸਰਿ** ਗੁ. ਗ੍ਯਾਨ ਤੀਰਥ ਮੇ, ਯਥਾ- ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ। ਪੁਨਾ- ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ। ਇਸ ਬਚਨ ਸੇ ਚੋਥੇ ਗੁਰੋਂ ਨੇ ਨਾਮ ਅਮ੍ਰਿਤਸਰ ਰਖਾ ਹੈ ਤਲਾਵ ਕਾ। ਰਾਮਦਾਸ ਸਰੋਵਰ, ਯਥਾ- ਅੰਮ੍ਰਿਤ ਸਰੁ ਸਿਫਤੀ ਦਾ ਘਰੁ। ਸਹਰ ਕਾ ਨਾਮ ਅਮ੍ਰਿਤਸਰ ਸਰ ਕੇ ਸਬਬ ਸੇ ਹੀ ਹੈ ਜੈਸੇ ਕਾਲੀ ਸੇ ਕਾਲਿਕਾਤਾ ਮੁੰਬਾ ਦੇਵੀ ਸੇ ਮੁੰਬਈ ਨਾਮ ਹੈ।

**ਅੰਮ੍ਰਿਤ ਗੁਣ ਜਾਸੁ** ਵਾ. ਮੁਕਤੀ ਦੇਣਾ ਜਿਸ ਕਾ ਗੁਣ ਹੈ।

**ਅਮ੍ਰਿਤ ਜਲ** ਸੰ. ਪ੍ਰਮੇਸ੍ਵਰ ਸੰਬੰਧੀ ਉਪਦੇਸ ਜਨਜ ਗ੍ਯਾਨ ਰੂਪ ਜਲ।

**ਅੰਮ੍ਰਿਤ ਜਲੁ** ਵਾ. ਗੁਰੂ ਕਾ ਉਪਦੇਸ, ਯਥਾ- ਵਿਚਿ ਅੰਮ੍ਰਿਤ ਜਲੁ ਛਾਇਆ।

**ਅਮ੍ਰਿਤ ਨੀਰ ਗ੍ਯਾਨ** ਵਾ. ਮੁਕਤੀ ਕਾ ਸਾਧਨ ਆਤਮ ਗਜਾਨ ਰੂਪ ਜਲ।

**ਅਮ੍ਰਿਤ ਪ੍ਰਵਾਹ** ਗੁ. ਮੁਕਤੀ ਕਾ ਲਾਭ।

**ਅੰਮ੍ਰਿਤ ਧਾਰ** ਗੁ. ਮਧੁਰ ਕਫ ਕੀ ਧਾਰਾ, ਯਥਾ- ਅੰਮ੍ਰਿਤ ਧਾਰ ਚੁਆਵਉ। ਅਤਿ ਨਿਝਰ ਪਾਠ ਕਾ ਭਾਵ ਯਹ ਹੈ ਜੈਸੇ ਸਰੀਰ ਮੇ ਪ੍ਰਾਣਾਪਾਨਾਦਿ ਪਾਂਚ ਪ੍ਰਕਾਰ ਕੀ ਬਾਤ ਹੈ, ਪਾਚ ਪ੍ਰਕਾਰ ਕੇ ਪਿਤ ਹੈਂ, ਤੈਸੇ ਹੀ ਸਰੀਰ ਮੇ ਪਾਂਚ ਪ੍ਰਕਾਰ ਕੀ ਕਫ ਹੈ, ਤਿਨ ਮੇ ਮੀਠੀ ਕਫ ਕਾ ਨਾਮ ਜੋਗੀ ਲੋਗ ਅਮ੍ਰਿਤ ਬੋਲਤੇ ਹੈਂ।

**ਅੰਮ੍ਰਿਤ ਧਾਰੀ** ਗੁ. ਕਥਾ ਅਮ੍ਰਿਤ ਕੀ ਧਾਰਾ ਸ੍ਵਰੂਪ, ਯਥਾ- ਹਮਾਰੀ ਪਿਆਰੀ ਅੰਮ੍ਰਿਤ ਧਾਰੀ।

**ਅੰਮ੍ਰਿਤ ਫਲੁ** ਸੰ. ਅਮ੍ਰਿਤ ਫਲ ਸਮ ਅਮਰ ਕਰਨੇ ਵਾਲਾ ਪ੍ਰਮੇਸ੍ਵਰ ਕੇ ਨਾਮ ਕੋ, ਯਥਾ- ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ।

**ਅੰਮ੍ਰਿਤ ਫਲੁ ਪਾਈ** ਵਾ. ਸਭ ਮੇ ਪ੍ਰਫੁਲਤ ਭਏ ਹਰਿ ਨਾਮ ਸਰੂਪ ਅੰਮ੍ਰਿਤ ਫਲ ਕੋ ਪਾਇ ਕੇ।

**ਅੰਮ੍ਰਿਤ ਬੂੰਦ** ਗੁ. ਪ੍ਰਮੇਸੁਰ ਕੇ ਨਾਮ ਸ੍ਵਰੂਪ ਮੁਖਜ ਮੰਤ੍ਰ ਕਾ ਉਪਦੇਸ ਸਰੂਪ, ਯਥਾ- ਅੰਮ੍ਰਿਤ ਬੂੰਦ ਸੁਹਾਨੀ ਹੀਅਰੈ।

**ਅੰਮ੍ਰਿਤੁ** ਦੇ. ਘੀਉ ; ਜਲ ; ਸੁਧਾ ; ਬਿਨਾ ਮਾਗੇ ਮਿਲੀ ਵਸਤੁ ; ਮੁਕ੍ਤੀ ; ਗ੍ਯਾਨ, ਯਥਾ- ਅੰਮ੍ਰਿਤੁ ਪੀਵੈ ਅਮਰੁ ਸੋ ਹੋਇ।

**ਅੰਮ੍ਰੇਤ** ਗੁ. ਹਰਿ ਨਾਮ ਅਮ੍ਰਿਤ, ਯਥਾ- ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ।

**ਅਮਰਪੁਰੀ** ਸੰ. ਸ੍ਵਰਗ।

**ਅਮਲ** ਸੰ. ਨਿਰਮਲ, ਯਥਾ- ਅਮਲੁ ਕਰਿ ਧਰਤੀ। ਉਤਮ ਕਾਮੋ ਕੀ ਧਾਰਨਾ। ਪੁਨਾ ਮੰਦ ਕਾਮੋ ਕੀ ਧਾਰਨਾ, ਯਥਾ- ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ। ਪੁਨਾ- ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹ। ਨਸਾ, ਯਥਾ- ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ। ਹੁਕਮ, ਯਥਾ- ਅਮਲੁ ਗਲੋਲਾ ਕੂੜ ਕਾ।

**ਅਮਲ ਤੇ** ਗੁ. ਕਰੇ ਹੂਏ ਬੁਰੇ ਕਾਮੋ ਤੇ, ਯਥਾ- ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।

**ਅਮਲੀ** ਦੇ. ਭਾਂਗ ਅਫੀਮ ਖਾਨੇ ਪੀਨੇ ਵਾਲਾ।

**ਅਮੜੀਆਸ** ਪੰ. ਪਹੁਚ ਗਿਆ।

**ਅੰਮੜੀਆਸੁ** ਪੰ. ਪਹੁਚ ਪਈ ਹਾਂ, ਯਥਾ- ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।

**ਅਮਾਉ** ਗੁ. ਮਾਪ ਸੇ ਬਿਨਾ।

**ਅਮਾਣ** ਦੇ. ਅਮਾਨਤ, ਯਥਾ- ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ। ਚਉਥੇ ਜਨਮ ਗੁਰੂ ਤੁਹ ਕਰ ਹੈਂ ਐਸੇ ਬਚਿਤ੍ਰ ਨਾਟਕ ਮੇਂ ਕਹੀ ਰੀਤਿ ਸੇ ਗੁਰ ਅਮਰ ਜੀ ਕੇ ਚਿਤ ਮੇ ਸੰਕਲਪ ਹੂਆ ਸੋਢੀ ਰਾਮਦਾਸ ਕੋ ਗਦੀ ਦੇਈਏ ਉਸ ਸਮੇ ਕਾ ਯਹ ਬਚਨ ਹੈ। ਮਾਨਹੀਨ, ਜੈਸੇ- ਮਾਨਦ ਆਪ ਅਮਾਨ।

**ਅਮਾਣ** ਪੰ. ਅਮਾਨਤ, ਯਥਾ- ਪਰਾਈ ਅਮਾਣ ਕਿਉ ਰਖੀਐ। ਚੋਥੇ ਜਨਮ ਗੁਰੂ ਤੁਹ ਕਰ ਹੈਂ। ਐਸੇ ਦੂਸਰੇ ਗ੍ਰੰਥ ਜੀ ਕੇ ਪਾਠ ਸੇ ਜੋ ਦਸਮ ਗੁਰੂ ਜੀ ਨੇ ਗੁਰਆਈ ਸੋਢੀਓਂ ਕੀ ਅਮਾਨਤ ਲਿਖੀ ਹੈ, ਉਸੀ ਬਾਤ ਕੋ ਲਿਖਤੇ ਹੈਂ। ਜੋ ਪਰਾਈ ਅਮਾਣ ਸੋਢੀਓਂ ਕੀ ਅਮਾਨਤ ਅਪਨੇ ਪਾਸ ਕਿਉ ਰਖਣੀ ਹੈ ਇਨ ਕੋ ਦੇਨੀ ਚਾਹੀਏ।

**ਅਮਾਨਤ** ਯਵ. ਧਰੋਹਰ।

**ਅਮਾਨੀ** ਸੰ. ਮਾਨਹੀਨ।

**ਅੰਮਾਲੀ** ਗੁ. ਹੇ ਅੰਬ, ਯਥਾ- ਹਉ ਭਈ ਉਡੀਣੀ ਕੰਤ ਕਉ ਅੰਮਾਲੀ। ਅਮਾਲੇ ਮੇਂ ਭਾਵ ਪਤਿ ਕੋ ਪ੍ਰਸੰਨ ਕਰਤੇ ਕਰਮੋਂ ਕੀ

ਧਾਰਣਾ ਮੇਂ, ਯਥਾ- ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ।

**ਅਮਾਵਸ** ਦੇ. ਕ੍ਰਿਸ਼ਨ ਪਖ ਕੀ ਪੰਦ੍ਰਸ ਤਿਥੀ। ਸੰ. ਅਮਾਵਾਸਯਾ।

**ਅੰਮਾਵਣਿ** ਪੰ. ਸਮਾਤੇ ਨਹੀ ਅਰਥਾਤ ਬਹੁਤ ਹੈਂ, ਯਥਾ- ਅੰਮਾਵਣਿ ਛੋਸੜੇ।

**ਅਮਾਵਨ** ਪੰ. ਸਮਾਵਤੇ ਨਹੀਂ।

**ਅਮਿਉ** ਦੇ. ਅੰਮ੍ਰਿਤ, ਯਥਾ- ਅਮਿਉ ਹਰਿ ਰਸੁ ਚਾਖਿਆ। ਪੁਨਾ- ਅਮਿਉ ਅਮਿਉ। ਅਮ੍ਰਿਤ ਸੇ ਅਮ੍ਰਿਤ।

**ਅਮਿਤਿਆ** ਦੇ. ਮਾਪ ਰਹਿਤ ਭਾਵ ਬਅੰਤ।

**ਅਮੀ** ਦੇ. ਅਮ੍ਰਿਤ।

**ਅਮੁਲ** ਪੰ. ਅਮੋਲਕ, ਯਥਾ- ਅਮੁਲ ਗੁਣ ਅਮੁਲ ਵਾਪਾਰ।

**ਅਮੁਲੀਕ** ਗੁ. ਅਮੋਲਕ, ਯਥਾ- ਅਮੁਲੀਕ ਲਾਲ ਏਹਿ ਰਤਨ।

**ਅਮੇਉ** ਪੰ. ਜੋ ਏਕ ਚੀਜ ਮੇ ਦੂਸਰੀ ਨਾ ਪ੍ਰਵੇਸ ਕਰ ਸਕੇ ਨਾ ਸਮਾਇ ਸਕੇ।

**ਅਮੇਧ** ਦੇ ਅਪਵਿਤ੍ਰ, ਯਥਾ- ਅਮੇਧ ਖਲਾ। ਸੰ. ਅਮੇਧ੍ਯ। ਮੇਧਾਹੀਨ। ਸੰ. ਅਮੇਧ।

**ਅਮੋਘ** ਸੰ. ਸਫਲ, ਯਥਾ- ਅਮੋਘ ਦਰਸਨ ਆਜੂਨੀ ਸੰਭਉ।

**ਅਮੋਘ ਦਰਸਨ** ਸੰ. ਸਫਲ ਹੈ ਬਾਂਛਿਤ ਫਲ ਦੇਨੇ ਸੇ ਦਰਸਨ ਜਿਸ ਕਾ ਐਸਾ ਪ੍ਰਮੇਸ੍ਰ, ਯਥਾ- ਅਮੋਘ ਦਰਸਨ ਆਜੂਨੀ ਸੰਭਉ।

**ਅਰਸ** ਫਾ. ਸ੍ਵਰਗ। ਦੇ. ਬਵਸੀਰ ਰੋਗ।

**ਅਰਸਹੁ** ਗੁ. ਸ੍ਵਰਗ ਤੇ, ਯਥਾ- ਨੂਰੁ ਅਰਸਹੁ ਕੁਰਸਹੁ ਝਟੀਐ।

**ਅਰਚ** ਦੇ. ਖੋੜਸ ਪ੍ਰਕਾਰ ਕੀ ਪੂਜਾ। ਸੰ. ਅਰ੍ਚਾ।

**ਅਰਚਾ** ਸੰ. ਪ੍ਰਤਿਮਾ ਕੀ, ਯਥਾ- ਤੀਰਥਿ ਨਾਵਹਿ ਅਰਚਾ ਪੂਜਾ। ਪੁਨਾ- ਪੂਜਾ ਅਰਚਾ ਆਹਿ ਨ ਤੋਰੀ। ਤੇਰੀ ਅਰਚਾ (ਮੂਰਤ ਕੀ ਪੂਜਾ) ਨਹੀ ਕਰੀ ਗਈ। ਅਰਚਾ, ਖੋੜਸ ਪ੍ਰਕਾਰ ਕੀ ਪੂਜਾ।

**ਅਰਖਨ** ਗੁ. ਸੀਤਲਤਾ।

**ਅਰਜ** ਫਾ. ਬੇਨਤੀ, ਯਥਾ- ਯਕ ਅਰਜ ਗੁਫਤਮ। ਏਕ ਹੇ ਪ੍ਰਮੇਸ੍ਰ ਆਪ ਕੇ ਆਗੇ ਅਪਨੀ ਬੇਨਤੀ ਕਰਤਾ ਹੂੰ।

**ਅਰਜੁਨੁ** ਦੇ. ਪੰਚਮ ਗੁਰੁ, ਯਥਾ- ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ। ਧਨੰਜੇ ਪਾਡਵ ; ਕਉਹਾ ਬ੍ਰਿਛ ; ਮਾਤਾ ਕਾ ਏਕ ਬੇਟਾ ; ਸਹਸ੍ਰਬਾਹੂ ; ਕਰਬੀਰ ਬ੍ਰਿਛ ; ਨੇਤ੍ਰ ਕੀ ਸੁਪੈਦੀ ਮੇਂ ਲਾਲ ਬਿੰਦੀ ; ਧੌਲੇ ਰੰਗ ਵਾਲੀ ਵਸਤੁ। ਸੰ. ਅਰ੍ਜੁਨ।

**ਅਰਥ** ਦੇ ਧਨ, ਯਥਾ- ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ। ਅਰਥ- ਧਨ ਸੋਧਨ ਤੀਨ ਪ੍ਰਕਾਰ ਕਾ ਹੋਤਾ ਹੈ। ਏਕ ਸੁਕਲ, ਦੂਜਾ ਸਬਲ, ਤੀਜਾ ਕ੍ਰਿਸ਼ਨ। ਅਪਨੀ ਅਪਨੀ ਜਾਤਿ ਕੇ ਯੋਗ੍ਯ ਕਾਮੋ ਸੇ ਸੰਗ੍ਰਹ ਕੀਆ ਧਨ ਸੁਕਲ ਹੈ। ਰਿਸਵਤ ਭਾਵ ਵਢੀ ਕਾ ਮਹਸੂਲ ਕਾ ਨਾ ਵੇਚਨੇ ਯੋਗ੍ਯ ਵਸਤੂਓਂ ਕੋ ਵੇਚ ਕੇ ਕਾਹੂ ਪੈ ਉਪਕਾਰ ਕਰ ਤਾਕੇ ਬਦਲੇ ਲੀਆ ਧਨ ਸਬਲ ਹੈ। ਜੂਏ ਸੇ ਚੋਰੀ ਸੇ ਬਹਾਨੇ ਸੇ ਹਠ ਸੇ ਸੰਗ੍ਰਹ ਕੀਆ ਧਨ ਕ੍ਰਿਸ਼ਨ ਹੈ। ਸੁਕਲ ਧਨ ਸੇ ਕਰਮ ਕਰ ਪੁਰਖ ਦੇਵ ਭਾਵ ਕੋ ਪ੍ਰਾਪਤ ਹੋਤਾ ਹੈ। ਯਾਹੀ ਭਾਵ ਸੇ ਧਰਮ ਕੀ ਕਮਾਈ ਕਰ ਗੁਰਮਤ ਮੇ ਸੇਵਾ ਕਰਨੀ ਲਿਖੀ ਹੈ। ਸਬਲ ਧਨ ਸੇ ਯਗ੍ਯਾਦਿ ਕਰਮ ਕਰ ਮਨੁਖ ਭਾਵ ਕੋ ਪ੍ਰਾਪਤ ਹੋਤਾ ਹੈ। ਕ੍ਰਿਸ਼ਨ ਧਨ ਸੇ ਉਤਮ ਕਾਮ ਕਰ ਤ੍ਰਿਯਕ ਭਾਵ ਕੋ ਪ੍ਰਾਪਤ ਹੋਵੈ ਹੈ। ਯਾਤੇ ਧਰਮ ਕਾਮੋ ਮੇ ਸੁਕਲ ਧਨ ਖਰਚ ਕਰਨਾ ਯੋਗ੍ਯ ਹੈ। ਸਬਲ, ਕ੍ਰਿਸ਼ਨ ਯੋਗ੍ਯ ਨਹੀ। ਯਾਹੀ ਭਾਵ ਸੇ- ਘਾਲ ਖਾਇ ਕਿਛ ਹਥੋ ਦੇਇ ਲਿਖਾ ਹੈ। ੨. ਪ੍ਰਯੋਜਨ : ਪ੍ਰਯੋਜਨ ਦੋ ਪ੍ਰਕਾਰ ਕਾ ਹੋਤਾ ਹੈ ਏਕ ਗੌਣ ਦੂਸਰਾ ਮੁਖ੍ਯ। ਮੁਖ੍ਯ ਪ੍ਰਯੋਜਨ ਕੇ ਲਾਭ ਹੇਤ ਜਿਸ ਕੀ ਇਛਾ ਹੋਵੇ ਸੋ ਗੌਣ ਹੈ। ਜੈਸੇ ਗ੍ਯਾਨ ਮੁਕਤੀ ਕੀ ਪ੍ਰਾਪਤੀ ਕੇ ਹੇਤ ਹੈ। ਇਸ ਲੀਏ ਗੌਣ ਪ੍ਰਯੋਜਨ ਹੈ। ਮੁਖ੍ਯ ਪ੍ਰਯੋਜਨ ਸੁਖ ਕੀ ਪ੍ਰਾਪਤੀ ਵਾ ਦੁਖ ਕਾ ਅਭਾਵ ਰੂਪ ਮੁਕ੍ਤੀ ਹੈ, ਜਿਸ ਸੇ ਆਗੇ ਔਰ ਪ੍ਰਯੋਜਨ ਨਹੀ ਸਿਧ ਹੋਵੇ ਸੋ ਮੁਖ੍ਯ ਹੈ। ਯਦਯਪਿ ਜਿਨ ਕੇ ਲਾਭ ਹੇਤ ਉਪਾਯ ਕੀਏ ਜਾਤੇ ਹੈਂ ਵਹੁ ਪ੍ਰਯੋਜਨ ਸੰਸਾਰ ਮੇ ਅਨੇਕ ਪ੍ਰਕਾਰ ਕੇ ਹੋਤੇ ਹੈਂ, ਤੌ ਭੀ ਗ੍ਰੰਥਕਾਰੋ ਨੇ ਮੁਖ੍ਯ ਪ੍ਰਯੋਜਨ ਧਰਮ ਅਰਥ ਕਾਮ ਮੁਕਤੀ ਯੇ ਚਾਰ ਹੀ ਮਾਨੇ ਹੈਂ। ਯਾਂਤੇ ਪੁਰਖੋ ਕੀ ਇਛਾ ਕੇ ਵਿਖਯ ਹੋਨੇ ਤੇ ਯੇ ਹੀ ਚਾਰ ਪ੍ਰਯੋਜਨ ਹੈਂ, ਔ ਪੁਰਖਾਰਥ ਹੈਂ, ਪਦਾਰਥ ਹੈਂ ਇਨ ਕਾ ਹੀ ਲਾਭ ਗੁਰੋ ਨੇ ਸਾਧ ਜਨੋ ਕੀ ਸੇਵਾ ਰੂਪ ਉਪਾਯ ਸੇ ਲਿਖਾ ਹੈ, ਯਥਾ- ਚਾਰਿ ਪਦਾਰਥ ਜੇ ਕੋ ਮਾਗੈ। ਸਾਧ ਜਨਾ ਕੀ ਸੇਵਾ ਲਾਗੈ। ਭਾਵ ਗੁਰ ਬਚਨ ਕਾ ਯਹ ਹੈ ਚਾਰ ਪਦਾਰਥੋਂ ਮੇ ਸਕਾਮ ਨਿਸਕਾਮ ਦੋਨੋ ਪ੍ਰਕਾਰ ਕੇ ਧਰਮ ਕਾ ਉਪਦੇਸ ਮਹਾਤਮਾ ਕਰਤੇ ਹੈਂ ਔ ਮਹਾਤਮਾ ਸੇ ਉਪਦੇਸ ਸੇਵਕੋ ਕੋ ਹੀ ਮਿਲਤਾ ਹੈ। ਸਕਾਮ ਧਰਮ ਸੇ ਹੀ ਮਨ ਬਾਛਿਤ ਦਾਸ ਦਾਸੀ ਗ੍ਰਿਹ ਖੇਤ੍ਰ ਪਸੁ ਸੁਵਰਣਾਦਿ ਅਰਥ ਪਦਾਰਥ ਕੀ ਪੁਨਾ ਮਨ ਬਾਛਿਤ ਖਾਨ ਪਾਨ ਬਸਤ੍ਰ ਓਢਨਾਦਿ ਕਾਮ ਪਦਾਰਥ ਕੀ ਪ੍ਰਾਪਤੀ ਹੋਤੀ ਹੈ। ਨਿਸਕਾਮ ਧਰਮ ਸੇ ਮੁਕਤੀ ਕੀ ਪ੍ਰਾਪਤੀ ਹੋਤੀ ਹੈ ਐਸੇ ਚਾਰ ਪ੍ਰਯੋਜਨੋ ਕਾ ਲਾਭ ਮਹਾਤਮਾ ਕੀ ਸੇਵਾ ਸੇ ਕਹ੍ਯਾ ਹੈ। ਯਾਤੇ ਔਰ ਸਾਸ੍ਤ੍ਰੋ ਮੇਂ ਚਾਰ ਪ੍ਰਯੋਜਨ ਮਾਨੇ ਹੈਂ। ਸਾਂਖ੍ਯ ਸਾਸਤ੍ਰ ਵਾਲੇ ਮੁਨਿ ਨੇ ਪ੍ਰਕ੍ਰਿਤੀ ਕੀ ਪ੍ਰਬ੍ਰਿਤੀ ਸੇ ਪੁਰਖ ਕੋ ਸਰਗ ਅਪਵਰਗ ਦੋਹੀ ਪ੍ਰਯੋਜਨ ਮਾਨੇ ਹੈਂ। ਸਰਗ ਭੋਗ ਕੇ ਸਾਧਨ ਰਚਨਾ ਕਾ ਨਾਮ ਹੈ। ਅਪਵਰਗ ਮੁਕਤੀ ਕਾ ਨਾਮ ਹੈ। ਯਾਤੇ ਭੁਕਤੀ ਮੁਕਤੀ ਦੋ ਹੀ ਪ੍ਰਯੋਜਨ ਹੈਂ। ਰਹੋਂ ਮਤ ਭੇਦ ਸੇ ਚਾਰ ਵਾ ਦੋ ਪ੍ਰਯੋਜਨ ਮੁਕ੍ਤੀ ਸਭ ਮਤੋ ਮੇਂ ਮੁਖ੍ਯ ਪ੍ਰਯੋਜਨ ਹੈ, ਇਸ ਮੇ ਬਿਵਾਦ ਨਹੀ। ਇਛਾ ਤਾਕੀ ਆਨ ਕੀ ਇਛਾ ਸੇ ਬਿਨਾ ਹੋਵੈ ਹੈ ਕਾਹੇ ਤੇ ਬੱਧਾ ਰਹਨੇ ਮੇ ਕੋਈ ਪ੍ਰਸੰਨ ਨਹੀ ਛੂਟਨੇ ਮੇ ਸਭੀ ਹੈਂ ਯਾਤੇ ਮੁਕਤੀ ਹੇਤ ਧਰਮ ਅਰਥ ਕਾਮ ਕੀ ਇਛਾ ਹੋਤੀ ਹੈ। ਮੁਕਤੀ ਕੀ ਇਛਾ ਆਨ ਕੀ ਇਛਾ ਬਿਨਾ ਹੋਤੀ ਹੈ। ਤਾਂਤੇ ਮੁਖ੍ਯ

ਪ੍ਰਯੋਜਨ ਹੈ ਧਰਮਾਦਿ ਗੌਣ ਪ੍ਰਯੋਜਨ ਹੈਂ। ਗੌਣੋ ਮੋ ਭੀ ਧਰਮ ਅਰਥ ਕਾ ਸਾਧਨ ਹੈ ਅਰਥ ਕਾਮ ਕਾ ਸਾਧਨ ਹੈ। ੩. ਸਬਦੋ ਸੇ ਬੋਧਨ ਯੋਗਯ ਸਕਯ ਲਖਯ ਬਯੰਗਯ ਪਾਰਿਭਾਖਿਕ ਭੇਦ ਸੇ ਚਾਰ ਪ੍ਰਕਾਰ ਕੇ ਸਬਦੋਂ ਕੇ ਅਰਥ ਹੈਂ ਤਿਨ ਚਾਰੋਂ ਮੇ ਜੋ ਅਰਥ ਸਬਦ ਕੀ ਸਕ੍ਤੀ ਬ੍ਰਿਤਿ ਸੇ ਅਰਥਾਤ ਸਬਦ ਕੇ ਅਪਨੇ ਬਲ ਸੇ ਭਾਨ ਹੋਵੇ ਤਿਸ ਕਾ ਨਾਮ ਸਕਯ ਹੈ, ਅਭਿਧੇਯ ਹੈ, ਵਾਚਯ ਹੈ, ਜੈਸੇ ਅਗਨਿ ਪਦ ਕੇ ਅਪਨੇ ਜੋਰ ਸੇ ਆਗ ਕਾ ਗਯਾਨ, ਜਲ ਪਦ ਕੇ ਨਿਜ ਬਲ ਸੇ ਪਾਨੀ ਕਾ ਗਯਾਨ ਹੋਤਾ ਹੈ। ਸੋ ਅਗਨਿ ਜਲ ਸ੍ਰੂਪ ਅਰਥ ਉਨ ਪਦੋ ਕੇ ਸਕਯ ਹੈ ਅਭਿਧੇਯ ਹੈਂ ਵਾਚਯ ਹੈਂ- ਜਿਸ ਅਰਥ ਕਾ ਭਾਨ ਲਖਣਾ ਸੇ ਹੋਵੇ ਸੋ ਲਖਯ ਅਰਥ ਹੈ। ਵਾਚਯ ਕੇ ਮੇਲ ਕਾ ਨਾਮ ਲਖਣਾ ਹੈ ਜੈਸੇ ਪੰਜ ਸੈ ਦਾਣਾ ਖਾਇ ਪਾਠ ਮੋ ਦਾਣੇ ਕਾ ਮੇਲ ਫੂਸ ਸੇ ਹੈ। ਯਾਤੇ ਦਾਣਾ ਪਦ ਸੇ ਫੂਸ ਲੀਆ ਜਾਤਾ ਹੈ, ਜੈਸੇ ਗੰਗਾ ਪਦ ਸੇ ਗੰਗਾ ਕੇ ਅਰਥ ਜਲ ਪ੍ਰਵਾਹ ਕੇ ਤੀਰੇ ਸਾਥ ਮੇਲ ਸੇ ਤੀਰਾ ਲੇਤੇ ਹੈਂ- ਜਿਸ ਅਰਥ ਕਾ ਭਾਨ ਬਯੰਜਨਾ ਸੇ ਹੋਵੇ। ਸੋ ਬਯੰਗਯ ਹੈ ਜੈਸੇ ਸਾਮ ਕੇ ਵਖਤ ਸੂਰਯ ਅਸਤ ਹੂਆ ਸੁਨ ਕੇ ਤਾ ਸਮੇ ਸੰਧਯਾ ਕਰਨੇ ਵਾਲੇ ਕੋ ਸੰਧਯਾ ਕਰਨ ਕਾ ਗ੍ਯਾਨ ਹੋਤਾ ਹੈ। ਸਮੀਪ ਨਗਰ ਜਾਣੇ ਵਾਲੇ ਕੋ ਨਗਰ ਜਾਨੇ ਕਰ ਗਯਾਨ ਹੋਤਾ ਹੈ। ਤਾ ਸਮੇ ਭੋਜਨ ਪਕਾਨੇ ਵਾਲੇ ਕੋ ਭੋਜਨ ਕਾ ਗ੍ਯਾਨ ਹੋਤਾ ਹੈ। ਸੋ ਅਸਤ ਪਦ ਕੇ ਜੋਰ ਸੇ ਨਹੀ ਭਾਨ ਹੋਤਾ ਯਾਤੇ ਵਾਚਯ ਨਹੀ। ਪੁਨਾ ਵਾਚਯ ਕੇ ਮੇਲ ਸੇ ਨਹੀ ਭਾਨ ਹੂਏ ਯਾਤੇ ਲਖ੍ਯ ਹੀ ਬਯੰਜਨਾ ਸੇ ਭਾਨ ਹੂਏ ਹੈਂ ਯਾਤੇ ਬਯੰਗਯ ਅਰਥ ਹੈਂ ਸਕਤੀ ਲਖਣਾ ਸੇ ਭਿੰਨ ਬ੍ਰਿਤੀ ਕਾ ਨਾਮ ਬਯੰਜਨਾ ਹੈ। ਪਰਿਭਾਖਾ ਅਪਨੇ ਸੰਕੇਤ ਕਾ ਨਾਮ ਹੈ ਜੈਸੇ ਗੁਰੁਮਤ ਮੋ ਪੰਜਵਾ ਘ੍ਰਿਤ ਕਾ ਸੰਕੇਤ ਹੈ। ਨਯਾਯ ਮਤ ਮੋ ਦ੍ਰਬਯ ਜਲਾਦਿ ਤਤੋ ਕਾ ਸੰਕੇਤ ਹੈ। ਸੰਕੇਤ ਸੇ ਭਾਨ ਹੂਏ ਅਰਥ ਕਾ ਨਾਮ ਪਾਰਿਭਾਖਿਕ ਹੈ। ੪. ਵਸਤੁ ਮਾਤ੍ਰ ਜੈਸੇ ਸਾਂਖਯ ਮਤ ਮੋ ਪੱਚੀ ਪਦਾਰਥ ਮਾਨੇ ਹੈਂ ਅਰਥ ਔ ਪਦਾਰਥ ਪਦ ਬਹੁਤ ਥਾਨੇ ਮੇ ਏਕ ਹੀ ਅਰਥ ਕੇ ਬੋਧਕ ਹੋਤੇ ਹੈਂ। ੫. ਨਿਮਿਤ, ਯਥਾ- ਹਰਿ ਕੇ ਨਿਮਿਤ ਜੋ ਖਰਚਦੇ। ਹਰਿ ਕੇ ਨਿਮਿਤ ਜੋ ਧਨ ਦਾਨ ਕਰਤੇ ਹੈਂ। ਪੁਨਾ- ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ। ਲੋਕਾ ਕੀ ਕਲ੍ਯਾਣ ਕਰਨੇ ਹੇਤ। ੬. ਸਬਦਾਦਿ ਵਿਖੇ ਜੈਸੇ ਅਧਿਕਾਰੀ ਇੰਦ੍ਰਿਯੋਂ ਕੋ ਅਰਥੋਂ ਸੇ ਰੋਕੋ। ੭. ਗਯਾਨ ਕਾ ਵਿਖਯ ਵਸਤ ਜੈਸੇ ਨੇਤ੍ਰ ਜਨਯ ਪ੍ਰਤਖ ਗਯਾਨ ਕਾ ਵਿਖਯ ਘਟਾਦਿ ਹੈ। ੮. ਨਿਬ੍ਰਿਤੀ ਜੈਸੇ ਮਛਰੋ ਅਰਥ ਧੂਆ। ਮਛਰੋ ਕੀ ਨਿਬ੍ਰਿਤਿ ਹੇਤ ਧੂਮ ਅਭਿਲਾਖਾ। ੯. ਪ੍ਰਾਰਥਨਾ ਜੈਸੇ ਹੇ ਗੁਰੋ ਆਪ ਪਾਸ ਮੇਰਾ ਅਰਥ ਹੈ ਭਾਵ ਪ੍ਰਾਰਥਨਾ ਹੈ। ੧੦. ਪ੍ਰਾਰਥਨੀਯ ਵਿਸ੍ਨੁ ਭੀ ਸਹਸ੍ਰ ਨਾਮ ਮੋ ਅਰਥ ਨਾਮ ਵਾਲਾ ਕਹਯਾ ਹੈ। ਸੰ. ਅਰਥ।

**ਅਰਥਾਵੈ** ਪੰ. ਅਰਥ ਕਰੇ, ਯਥਾ- ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ। ਜੋ ਹਮਾਰੇ ਕਹੇ ਬਚਨ ਕਾ ਤਾਤਪਰਯ ਪ੍ਰਕਾਸ ਕਰੇ ਵਹੁ ਗੁਰੁ ਪੂਰਾ ਨਿਰਲੋਭੀ ਪੂਰਣ ਕਾਮ ਹੈ ਜਿਸ ਕੋ ਕਾਹੂ ਵਸਤੁ ਕੀ ਕਿੰਚਤ ਇਛਾ ਨਹੀ।

**ਅਰਥੀਏ** ਗੁ. ਯਾਚਕ, ਸ੍ਵਾਲੀ, ਯਥਾ- ਸਭਿ ਹਰਿ ਕੇ ਅਰਥੀਏ।

**ਅਰਦਾਸ ਬੇਨਤੀ** ਦੇ. ਮਨ ਬਾਣੀ ਸੇ ਬਹੁਤ ਪ੍ਰਾਰਥਨਾ।

**ਅਰਦਾਸਿ** ਦੇ. ਬੇਨਤੀ, ਪ੍ਰਾਰਥਨਾ, ਯਥਾ- ਦੁਇ ਕਰ ਜੋਰਿ ਕਰਉ ਅਰਦਾਸਿ।

**ਅਰਦਾਗਿਓ** ਗੁ. ਅਰਦਾਸ।

**ਅਰਧਹਿ** ਗੁ. ਨੀਚੇ ਕੇ ਭਾਵ ਜੀਵ ਕੇ, ਯਥਾ- ਅਰਧਹਿ ਉਰਧਹ ਮੰਝਿ ਬਸੇਰਾ। ਪੁਨਾ- ਅਰਧਹਿ ਉਰਧ ਮਿਲਿਆ ਸੁਖ ਪਾਵਾ।

**ਅਰਧਾਂਭਾ** ਗੁ. ਅਰਾਧਣੇ ਯੋਗਯ ਅਰਥਾਤ ਜਪਨੇ ਯੋਗਯ, ਯਥਾ- ਜਪਿ ਮਨ ਰਾਮ ਨਾਮੁ ਅਰਧਾਂਭਾ। ਸੰ. ਆਰਾਧਯ।

**ਅਰਧਿ ਕਉ** ਗੁ. ਅਰਾਧਨੇ ਯੋਗ੍ਯ ਪਰਮੇਸ੍ਵਰ ਕੋ, ਯਥਾ- ਅਰਧਿ ਕਉ ਅਰਧਿਆ।

**ਅਰਧਿਆ** ਗੁ. ਅਰਾਧਿਆ, ਯਥਾ- ਅਰਧਿ ਕਉ ਅਰਧਿਆ।

**ਅਰਪਨ** ਦੇ. ਚੜਾਵਾ ਚੜਾਨਾ, ਭੇਟ ਚੜਾਨੀ।

**ਅਰਪਾਰਾ** ਗੁ. ਅਰਪੀਏ।

**ਅਰਪੈ** ਦੇ. ਅਰਪਨ ਕਰੇ, ਯਥਾ- ਅਰਪੈ ਨਾਰਿ ਸੀਗਾਰ ਸਮੇਤਿ।

**ਅਰਬ** ਦੇ. ਦਸ ਕ੍ਰੋੜ ਗਿਣਤੀ ਅਰਥਾਤ ੧੦੦੦੦੦੦੦੦੦ ਨੌ ਬਿੰਦੀ ਵਾਲੀ ਸੰਖ੍ਯਾ ; ਮੁਸਲਮਾਨੋਂ ਕਾ ਦੇਸ ਜਿਸ ਮੇਂ ਅਰਬੀ ਬੋਲੀ ਜਾਤੀ ਹੈ।

**ਅਰਬਦ** ਸੰ. ਦਸ ਕਰੋੜ ਸੰਖਯਾ ਤਥਾ ਏਤੀ ਗਿਣਤੀ ਵਾਲੀ ਚੀਜ, ਯਥਾ- ਅਰਬਦ ਨਰਬਦ ਧੁੰਧੂਕਾਰਾ। ਈਹਾ ਨਰਬੁਦ ਵਾਲੇ ਨੰਨੇ ਸੇ ਪੂਰਬ ਅਕਾਰਨ ਹੀ ਰਹਾ ਯਾਤੇ ਅਰਬੁਦ ਦਸ ਕ੍ਰੋੜ ਬਰਖ ਅਨਰਬਦਤਾ ਸੇ ਅਧਿਕ ਕਾਲ ਪ੍ਰਲਯ ਸਮੇ ਅੰਧੇਰਾ ਹੀ ਰਹਾ। ਈਹਾ ਭੀ ਸਤ ਨਿਰਤਵਤ ਪਾਠ ਹੈ।

**ਅਰਲੁ ਬਰਲੁ** ਸੰ. ਪ੍ਰਮਾਦ ਸੇ ਜੈਸੇ ਕੈਸੇ ਬਚਨ ਅਰਥਾਤ ਬਯਰਥ ਬਚਨ, ਯਥਾ- ਓਸੁ ਅਰਲੁ ਬਰਲੁ ਮੁਹਹੁ ਨਿਕਲੈ।

**ਅਰੜਾਵੈ** ਪੰ. ਦੁਖੀਆ ਹੂਆ ਸਬਦ ਕਰੇ ਹੈ, ਯਥਾ- ਅਰੜਾਵੈ ਬਿਲਲਾਵੈ ਨਿੰਦਕੁ।

**ਅਰਾਧਿ** ਦੇ. ਚਿੰਤਨ ਕਰ, ਯਥਾ- ਜਨ ਨਾਨਕ ਨਾਮੁ ਅਰਾਧਿ ਤੂ।

**ਅਰਾਪਉ** ਗੁ. ਅਰਪਨ ਕਰੋ।

**ਅਰਿ** ਸੰ. ਸਤ੍ਰੁ, ਯਥਾ- ਉਠਿ ਕਿ ਨ ਜਪਹਿ ਮੁਰਾਰਿ। ਮੁਰ ਕੇ ਸਤ੍ਰੁ ਪ੍ਰਮੇਸ੍ਵਰ ਕੋ।

**ਅਰੀ** ਦੇ. ਇਸਤ੍ਰੀ ਕੇ ਸੰਬੋਧਨ ਮੇਂ ਹੈ ਜੈਸੇ ਪੁਰਖ ਕੇ ਮੇ- ਓ ਵਾ ਰੇ ਹੋਤੇ ਹੈਂ।

**ਅਰੁ** ਦੇ.। ਪੁਨਾ, ਯਥਾ- ਅਰੁ ਮਨ ਸੁੰਨਿ ਨ ਲੂਕੇ। ਪੁਨਾ ਮਨ ਅਫੁਰ

ਸ੍ਵਰੂਪ ਮੇਂ ਨਹੀ ਲਯ ਹੋਵੇ।

**ਅਰੁਣ** ਸੰ. ਸੂਰਜ ਕਾ ਰਥਵਾਹੀ, ਯਥਾ- ਕਰਮ ਕਰਿ ਅਰੁਣ ਪਿੰਗੁਲਾ ਰੀ।

**ਅਰੂਪ** ਸੰ. ਨਿਰਾਕਾਰ, ਰੂਪ ਰਹਿਤ ਰੂਪ ਵਸਤੁ ਕੇ ਆਕਾਰ ਔ ਰੰਗ ਦੋਨੋ ਕਾ ਨਾਮ ਹੈ। ਪਰਮਾਤਮਾ ਮੇ ਅਗਨਿ ਜਲਾਦਿਕੋ ਵਤ ਨੀਲ ਪੀਤਾਦਿ ਰੰਗ ਪੁਨਾ ਘਟ ਪਟਾਦਿ ਕੋ ਵਤ ਗੋਲ ਚੌਕੋਣਾ ਆਕਾਰ ਨਹੀ ਯਾਤੇ ਅਰੂਪ ਹੈ।

**ਅਰੂੜਾ** ਦੁ. ਪਵਿਤ੍ਰ, ਨਾ ਰੂੜਾ, ਥਿਰ, ਯਥਾ- ਚਲਤੌ ਭਇਓ ਅਰੂੜਾ।

**ਅਰੇ** ਸੰ. ਅਪਨੇ ਸੇ ਨੀਵੇ ਪੁਰਖ ਕੇ ਬੁਲਾਨੇ ਮੇਂ ਜੈਸੇ ਭਾਖਾ ਮੇਂ ਬੇ ਅਬੇ ਹੈ।

**ਅਰੇਖ** ਦੇ. ਸਮੁਦ੍ਰੀਕ ਮੇ ਕਹੇ ਸੰਖ ਚਕ੍ਰਾਦਿ ਰੇਖਾ ਰਹਿਤ।

**ਅਰੋਗੁੰ** ਗੁ. ਰੋਗਹੀਨ ਦੀਖਤੇ, ਯਥਾ- ਆਰੋਗੁੰ ਮਹਾ ਰੋਗੁੰ। ਪ੍ਰਮੇਸ੍ਵਰ ਸੇ ਭੁੱਲੇ ਜੀਵ ਰੋਗਹੀਨ ਦਿਖਾਈ ਦੇਤੇ ਭੀ ਮਹਾ ਰੋਗੋ ਵਾਲੇ ਹੈਂ ਮਹਾ ਰੋਗ ਕੁਸ੍ਰਾਦਿਕ ਹੈਂ।

**ਅਲ** ਸੰ. ਭੌਰੇ, ਯਥਾ- ਅਲੀਅਲ ਗੁੰਜਾਤ। ਪੂਰਨ, ਯਥਾ- ਅਲ ਪੀਵਤ ਬਿਨਸਤ। ਗੁ. ਮੂਤ੍ਰ, ਯਥਾ- ਅਲੁ ਮਲੁ ਖਾਈ। ਆਲ ਕੀ ਮਲ ਮੂਤ੍ਰ ਪੀਆ ਆਲ ਲਿੰਗ ਕਾ ਨਾਮ ਹੈ ਫਾਰਸੀ ਮੇ, ਜਿਸ ਕਾ ਅਲ ਬਨ ਰਹਾ ਹੈ।

**ਅਲ ਪਲਾਲੀਆ** ਪੰ. ਅਸਤ ਬਜਸਤ, ਬਜਰਥੀਆ, ਯਥਾ- ਗਾਲ੍ਹੀ ਅਲ ਪਲਾਲੀਆ।

**ਅਲਉਤੀ** ਗੁ. ਮਿਸਰੀ, ਯਥਾ- ਅਲਉਤੀ ਕਾ ਜੈਸੇ ਭਇਆ ਬਰੇਡਾ। ਨਿਵਾਤ ਸੇ ਅਲਉਤੀ ਕਾ ਸੰਭਵ ਜਾਨ ਪੜੇ ਹੈ।

**ਅਲਹੁ** ਦੇ. ਅੱਲਾ, ਯਥਾ- ਅਲਹੁ ਅਲਖੁ ਨ ਜਾਈ ਲਖਿਆ। ਅਲਖ, ਯਥਾ- ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ।

**ਅਲਕਾਇਆ** ਪੰ. ਅਲਸਾਇਆ, ਆਲਸੀ ਬਨ ਰਹਾ, ਯਥਾ- ਨਾਮੁ ਲੈਤ ਅਲਕਾਇਆ।

**ਅਲੰਕਾਰ** ਸੰ. ਭੂਖਣ, ਯਥਾ- ਅਲੰਕਾਰ ਮਿਲਿ ਥੈਲੀ ਹੋਈ ਹੈ। ਹਾਰ ਕੰਕਣਾਦਿ ਭੂਖਣੋ ਕੀ ਪਿੰਘਲ ਕਰ ਏਕ ਰੂਪ ਹੋ ਗੋਲਾਕਾਰ ਗੋਲੀ ਹੋਈ ਤਬ ਕੇਵਲ ਸੁਵਰਣ ਚਾਂਦੀ ਨਾਮ ਸੇ ਹੀ ਕਹਨੇ ਮੇ ਆਵੇ ਹੈ ਹਾਰ ਕੰਕਣਾਦਿ ਨਾਮੋ ਸੇ ਨਹੀ ਕਹਯਾ ਜਾਵੇ। ਕਾਬਯ ਗ੍ਰੰਥੋ ਮੇ ਗੁਣ ਦੋਖੋ ਕਾ ਪ੍ਰਤਿਪਾਦਕ ਗ੍ਰੰਥ, ਸਬਦ ਕੇ ਭੂਖਣ ਅਨੁਪ੍ਰਾਸਾਦਿਕ, ਅਰਥ ਕੇ ਭੂਖਣ ਉਪਮਾਦਿਕ, ਸਬਦਾਰਥ ਦੋਨੋ ਕੇ ਭੂਖਣ। ਪੁਨਰੁਕ੍ਤਵਦਾ ਭਾਸਾਦਿਕ ਭੇਦ ਸੇ ਅਲੰਕਾਰ ਤੀਨ ਪ੍ਰਕਾਰ ਕੇ ਹੈਂ ਤਿਨ ਮੇ ਸਬਦਾਲੰਕਾਰ ਚੌਬੀ ਹੈਂ ਜਾਤੀ ਆਦਿਕ ਅਰਥਾਲੰਕਾਰ ਭੀ।

**ਅਲਖ** ਦੇ. ਜੋ ਲਖਜਾਨ ਜਾਵੇ ; ਜੋ ਨਿਸਾਨਾ ਨਾ ਬਨ ਸਕੇ। ਸੰ. ਅਲਖ੍ਯ, ਯਥਾ- ਅਗਨਤ ਅਪਾਰੁ ਅਲਖ ਨਿਰੰਜਨ।

**ਅਲਖ ਬ੍ਰਹਮਟਿਆ** ਗੁ. ਅਲਖ ਬ੍ਰਹਮ ਹੈ।

**ਅਲਗਉ** ਗੁ. ਅਲਹਦਾ, ਸੰਸਾਰ ਕੇ ਕਾਮੋ ਸੇ ਬਿਰਕ੍ਤ, ਯਥਾ- ਅਲਗਉ ਜੋਇ ਮਧੁਕਰਉ ਸਾਰੰਗਪਾਣਿ ਸਬਾਇ।

**ਅਲਪ** ਦੇ. ਅਲੇਪ, ਯਥਾ- ਅਲਪ ਮਾਯਾ ਜਲ ਕਮਲ ਰਹਤਹ। ਪਰਮਾਤਮਾ ਮਾਇਆ ਕੇ ਮੇਲ ਸਮੇ ਹੀ ਮਾਇਆ ਸੇ ਐਸਾ ਅਲੇਪ ਹੈ। ਜੈਸੇ ਜਲ ਮੇ ਕਮਲ ਜਲ ਕੀ ਬੂੰਦ ਸੇ ਗੀਲਾ ਨਹੀ ਹੋਤਾ। ਸੰ. ਥੋੜਾ, ਯਥਾ- ਅਲਪ ਸੁਖ ਬੰਧਨ। ਥੋੜੇ ਸੁਖੋਂ ਕੇ ਜੋ ਬੰਧਨ ਹੈਂ।

**ਅਲਪ ਸੁਖੰ** ਸੰ. ਹੇ ਕਾਮ ਤੇਰਾ ਸੁਖ ਅਲਪ ਹੈ ਭਾਵ ਥੋੜੇ ਸੁਖ ਕੀ ਚੀਜ ਹੈ ਪੀਛੇ ਮਹਾਨ ਦੁਖਦਾਈ ਹੈ।

**ਅਲਪ ਮਤਿ** ਸੰ. ਥੋੜੀ ਬੁਧੀ ਵਾਲਾ, ਯਥਾ- ਬੇਗਾਨਾ ਅਲਪ ਮਤਿ।

**ਅਲਪਹੀਅਉ** ਗੁ. ਅਲੇਪ ਕੋ, ਯਥਾ- ਲੇਪੁ ਨਹੀ ਅਲਪਹੀਅਉ।

**ਅਲਪਬੁਧੀ** ਗੁ. ਥੋੜੀ ਬੁਧੀ ਵਾਲੇ। ਸੰ. ਅਲ੍ਪਬੁਧਿ ।

**ਅਲਪਾਇ** ਗੁ. ਅਲੇਪ ਹੈ, ਯਥਾ- ਸੁਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ।

**ਅਲਮਸਤੁ** ਫਾ. ਬਾਉਲਾ, ਯਥਾ- ਅਲਮਸਤੁ ਮਤਵਾਰਾ।

**ਅਲਾ** ਅ. ਮਾਬੂਦ- ਪੂਜਯ ਪ੍ਰਮੇਸ੍ਵਰ ; ਸਤਯ ਪ੍ਰਮੇਸ੍ਵਰ ; ਨੂਰ ਅਰਥਾਤ ਜੋਤੀ ਸ੍ਵਰੂਪ ਪ੍ਰਮੇਸ੍ਵਰ ; ਸਰਬ ਗੁਣ ਨਿਧਾਨ ਪ੍ਰਮੇਸ੍ਵਰ, ਯਥਾ- ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ। ਅ. ਅੱਲਾ। ਪੋਸੀਦਹ ਅਰਥਾਤ ਗੁਪਤ ਹੋਨਾ, ਯਥਾ- ਅਲਹੁ ਅਲਖੁ ਨ ਜਾਈ ਲਖਿਆ। ਜਿਸ ਕੇ ਪੂਜਯ ਸਤਯ ਜੋਤੀ ਗੁਣ ਨਿਧਾਨ ਬਿਸੇਖਣ ਕਹੇ ਹੈਂ ਵਹੁ ਅਲਖ ਹੈ, ਜਿਸ ਤੇ ਮਨ ਬਾਣੀ ਕਰ ਕਿਸੇ ਸੇ ਘਟ ਪਟਾਦਿ ਪਦਾਰਥੋ ਕੇ ਸਮਾਨ ਏਤਾ ਹੀ ਹੈ ਐਸਾਂ ਹੀ ਹੈ ਇਸ ਪ੍ਰਕਾਰ ਨਹੀ ਜਾਨਾ ਜਾਤਾ। ਯਾਹੀ ਤੇ ਜਿਸ ਰੂਪ ਸੇ ਜਿਸ ਕੋ ਕੋਈ ਪੂਜੇ ਉਸੀ ਰੂਪ ਸੇ ਜਿਸ ਕੀ ਪੂਜਾ ਹੋਵੇ। ਐਸਾ ਪੂਜਯ ਪ੍ਰਮੇਸ੍ਵਰ ਅਲਾ ਨਾਮ ਕਾ ਅਰਥ ਹੈ ਅਰਬੀ ਮੇ। ਸੰ. ਭੂਖਣੋ ਸੇ ਅਪਣੇ ਬਾਲਕੋ ਕੋ ਭੂਖਤ ਕਰਨੇ ਹੇਤ ਗ੍ਰਹਣ ਕਰਨੇ ਵਾਲੀ ਮਾਤਾ। ਇਸੀ ਲੀਏ ਸਰਬ ਕੀ ਮਾਤਾ ਮਾਨ ਦੁਰਗਾ ਕਾ ਨਾਮ ਅੱਲਾ ਲਿਖਾ ਹੈ। ਜੋ ਪਰਮਾਤਮਾ ਪ੍ਰਲਯ ਸਮੇ ਸਰਬ ਕੋ ਭਖਣ ਕਰਤਾ ਹੈ, ਪਾਲਨਾ ਹੇਤ ਥਿਤੀ ਸਮੇ ਸਰਬ ਕੋ ਗ੍ਰਹਣ ਕਰਤਾ ਹੈ, ਤਿਸ ਕਾ ਨਾਮ ਅਥਰਵਣ ਵੇਦ ਕੀ ਅੱਲੋਪਨਿਖਦ ਮੇ ਅੱਲਾ ਹੈ ਯਾਤੇ ਸਰਬ ਕੇ ਗ੍ਰਾਹਕ ਸਰਬ ਕੇ ਭਖਣ ਕਰਤੇ ਪਰਮਾਤਮਾ ਕਾ ਨਾਮ ਅੱਲਾ ਸੰਸਕ੍ਰਿਤ ਮੇ ਹੈ, ਯਥਾ- ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।

**ਅਲਾਇਆ** ਗੁ. ਕਹਤੇ ਹੈਂ।

**ਅਲਾਏ** ਦੇ. ਕਹਤੇ ਹੈਂ, ਯਥਾ- ਮੁਖਹੁ ਅਲਾਏ ਹਭ। ਮੁਖ ਸੇ ਸਭੀ ਅਪਨੇ ਕੋ ਭਗਤ ਕਹਤੇ ਹੈਂ।

**ਅਲਾਹ** ਦੇ. ਅੱਲਾ, ਯਥਾ- ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ।

**ਅਲਾਹਦੀ** ਪੰ. ਨਿਰਾਲੀ, ਸੁਧ ਭਗਤੀ, ਜੈਸੇ- ਭਗਤ ਕਰੋ ਅਲਾਹਦੀ। ਫਾ. ਅਲਹਦੀ।

**ਅਲਾਤ** ਸੰ. ਚਵਾਤੀ ; ਭ੍ਰਮਣ।

**ਅਲਾਪੈ** ਦੇ. ਸੁਰ ਤਾਲ ਸੇ ਰਾਗ ਕਾ ਉਚਾਰਣ ਕਰੇ।

**ਅਲਿਪਤ** ਸੰ. ਨਿਰਲੇਪ। ਸੰ. ਅਲਿਪ੍ਰ।

**ਅਲਿਪਤ ਗੁਫਾ** ਸੰ. ਮਲ ਵਿਖੇਪ ਰਹਿਤ ਸੁਧ ਚਿੱਤ ਰੂਪ ਭਾਵ ਪਾਪੋ ਸੇ ਔ ਘਬਰਾਵ ਸੇ ਰਹਿਤ ਨਿਰਮਲ ਅੰਤਹਕਰਣ ਰੂਪ ਗੁਫਾ।

**ਅਲਿਪਨਾ** ਦੇ. ਅਲੇਪ, ਯਥਾ- ਨਾਨਕ ਠਾਕੁਰ ਸਦਾ ਅਲਿਪਨਾ।

**ਅਲਿਪਾਤਾ** ਗੁ. ਅਲਿਪਤ, ਯਥਾ- ਘਟਿ ਘਟਿ ਪੂਰਨ ਹੈ ਅਲਿਪਾਤਾ। ਸੰ. ਅਲਿਪ੍ਰ।

**ਅਲਿਪਾਰੀ** ਗੁ. ਅਲੇਪ, ਯਥਾ- ਜਿਉ ਜਲ ਕਮਲਾ ਅਲਿਪਾਰੀ।

**ਅਲੀ** ਸੰ. ਭ੍ਰਮਰੀ। ਦੇ. ਸਖੀ। ਫਾ. ਮਹੰਮਦ ਕਾ ਦੋਸਤ।

**ਅਲੀਅਲ** ਵਾ. ਭੌਰੀ ਭੌਰੇ, ਯਥਾ- ਅਲੀਅਲ ਗੁੰਜਾਤ। ਭਕ੍ਰ ਜਨ ਔ ਭਕ੍ਰੀ ਵਾਲੀ ਇਸਤ੍ਰੀਆਂ ਪ੍ਰੇਮ ਸੇ ਸਬਦ ਕਰੇ ਹੈਂ।

**ਅਲੀਆ** ਗੁ. ਝੂਠ, ਯਥਾ- ਜਾਗਤੁ ਰਹੈ ਨ ਅਲੀਆ ਭਾਖੈ। ਸੰ. ਅਕਲੀ।

**ਅਲੀਕ** ਸੰ. ਝੂਠ।

**ਅਲੁ ਮਲੁ ਖਾਈ** ਵਾ. ਜਿਨ ਘੋਰੀ ਲੋਗੋ ਨੇ ਅਲ ਅਰਥਾਤ ਆਲ ਲਿੰਗ ਕੀ ਮੈਲ ਮੂਤ੍ਰ ਪੀਆ ਹੈ, ਯਥਾ- ਅਲੁ ਮਲੁ ਖਾਈ ਸਿਰਿ ਛਾਈ ਪਾਈ। ਵਾਮੀਓ ਕੇ ਮਤ ਮੇਂ ਮੂਤ੍ਰ ਭੀ ਪਾਨ ਕਰਤੇ ਹੈਂ। ਘੋਰੀ ਲੋਗ ਮੁਰਦੇ ਕਾ ਮਾਸ ਖਾਣੇ ਵਤ ਸੂਕਾ ਹੂਆ ਬਿਸ੍ਰਾ ਭੀ ਖਾਤੇ ਹੈਂ। ਯਾਤੇ ਅਲ ਪੂਰੀ ਬਿਸ੍ਰਾ ਮੂਤ੍ਰ ਰੂਪ ਮੈਲ ਜਿਨੋ ਨੇ ਖਾਈ ਤਿਨ ਮੂਰਖੋ ਨੇ ਕੁਤਿਯੋਂ ਕੀ ਕ੍ਰਿਯਾ ਧਾਰਨੇ ਸੇ ਸ੍ਰੇਸ੍ਰੋ ਮੇ ਅਪਨੀ ਪ੍ਰਤਿਸ੍ਰਾ ਹੀ ਦੂਰ ਕਰ ਲਈ ਹੈ।

**ਅਲੂਣੀ** ਪੰ. ਬੇਰਸ ਅਰਥਾਤ ਖਟ ਰਸਹੀਨ, ਯਥਾ- ਸਿਲ ਜੋਗੁ ਅਲੂਣੀ ਚਟੀਐ।

**ਅਲੂਦ** ਦੇ. ਲਿਬੜਾ ਹੂਆ ਜਿਸ ਸੇ ਪੁਰਖ ਦਾਗੀ ਹੋ ਜਾਵੇ। ਫਾ. ਅਲੂਦਹ।

**ਅਲੂਦਿਆ** ਦੇ. ਲਿਬੜਤਾ ਹੂਆ ਅਰਥਾਤ ਗੰਦਾ ਹੂਆ। ਫਾ. ਆਲੂਦਹ।

**ਅਲੇ** ਗੁ. ਹੈ, ਯਥਾ- ਤਜੀਅਲੇ ਪੂਰੀਅਲੇ ਸੇਵੀਅਲੇ। ਤਜੇ ਹੈ ਪੂਰਿਆ ਹੈ ਸੇਵਿਆ ਹੈ। ਅਰੇ, ਜੈਸੇ- ਅਲੇਕ ਪਾਲੇ।

**ਅਲੇਖ** ਦੇ. ਜਿਸ ਕੇ ਸਿਰ ਪੈ ਕਰਮ ਨ ਹੋਵੇ, ਯਥਾ- ਜਿਸੁ ਸਿਸਿ ਨ ਹੋਵੀ ਲੇਖੁ। ਜਿਸ ਕਾ ਲੇਖਾ ਨ ਹੋ ਸਕੇ ਭਾਵ ਦੇਸ ਕਾਲਾਦਿਕੋ ਸੇ ਅਵਧੀ ਕਾ ਹਿਸਾਬ ਨਾ ਹੋ ਸਕੇ।

**ਅਲੇਪ** ਸੰ. ਨਿਰਲੇਪ, ਯਥਾ- ਜੈਸੇ ਜਲ ਮਹਿ ਕਮਲ ਅਲੇਪ।

**ਅਲੋਅ** ਦੇ. ਦੇਖ ; ਅਲੌਕਿਕ ਹੈ, ਯਥਾ- ਏਹੁ ਪਦਮੁ ਅਲੋਅ। ਪ੍ਰਤਿਗ੍ਯ ਤੀਨ ਲੋਕ ਸੁਝਨੇ ਕੀ ਕਰਨੀ ਨਾ ਦੀਖਨਾ ਪੀਠ ਪੀਛੇ ਭੀ। ਮਿਥਿਆ ਵਾਦੀਓ ਕਾ ਅਲੌਕਕ ਅਰਥਾਤ ਬਡਾ ਨਯਾ ਪਦਮਾਸਨ ਹੈ ਆਨ ਬਾਟ ਕਾਹੇ ਨਹੀ ਆਇਆ ਕਥਨ ਵਤ ਯਹ ਭੀ ਉਪਹਾਸ ਹੈ।

**ਅਲੋਇਆ** ਦੇ. ਦੇਖਿਆ। ਸੰ. ਅਵਲੋਕਿਤ।

**ਅਲੋਕ** ਦੇ. ਦੇਖ ਕੇ, ਯਥਾ- ਸੁੰਦਰ ਬਦਨ ਅਲੋਕ।

**ਅਲੋਗਨੀ** ਗੁ. ਦੇਖੀਤਾ ਹੈ।

**ਅਲੋਪ** ਸੰ. ਪ੍ਰਗਟ। ਪੰ. ਗੁਪਤ ਅਕ੍ਰਿਤਘਨ ਵਤ ਇਸ ਅਰਥ ਮੇ ਅਲੋਪ ਹੈ।

**ਅਲੋਵਉ** ਦੇ. ਦੇਖੋ, ਯਥਾ- ਨੈਨ ਅਲੋਵਉ ਸਾਧ ਜਨੋ। ਦੇ. ਅਵਲੋਕੋ।

**ਅਲੋਵਣਾ** ਦੇ. ਦੇਖਣਾ। ਸੰ. ਆਲੋਚਨ, ਯਥਾ- ਨੈਣ ਅਲੋਵਣਾ।

**ਅਵ** ਸੰ. ਅਬਜਯ. ਨਿਸਚਯ ; ਬ੍ਰਾਪਤੀ ; ਅਨਾਦਰ ; ਅਲਪ ; ਆਲੰਬਨ ; ਸੁਧੀ ; ਪਰਿਭਵ ; ਨਿਯੋਗ ; ਨਿਮਨਤਾਈ- ਇਨ ਕੇ ਉਦਾਹਰਣ ਅਵਗਤ ਵਸਤੁ, ਨਿਸਚੇ ਕਰੀ ਵਸਤੁ ; ਅਵਕਾਸ- ਬੀਚ ਬਜਾਪਨੇ ਕੋ ਜਗਾ ਹੈ ; ਅਵਗਜਾ ਕਰਤਾ, ਅਨਾਦਰ ਕਰਤਾ ਹੈ ; ਧਾਨੋਂ ਕੋ ਅਵਹਨਨ ਕਰਤਾ ਹੈ- ਚਾਵਲ ਨਿਕਾਸਨੇ ਹੇਤ ਧਾਨੋਂ ਕੇ ਅਲਪ ਦੇਸ ਤੁਖੋ ਕੋ ਕੂਟਤਾ ਹੈ। ਐਸੇ ਹੀ ਔਰ ਜਾਨੋ।

**ਅਵਕਾਸ** ਸੰ. ਵਿਰਲ ; ਵੇਹਲ ; ਸਮਾ ; ਅਵਸਰ।

**ਅਵਗਣਿ ਮੁਤੀ** ਦੇ. ਸਿੰ. ਅਉਗੁਣੋ ਕੇ ਸਬਬ ਛੁਟੜ ਹੋਈ।

**ਅਵਗਾਹਿ** ਸੰ. ਖੋਜ, ਯਥਾ- ਸਗਲ ਦੇਵ ਹਾਰੇ ਅਵਗਾਹਿ।

**ਅਵਗਾਹੀਆ** ਗੁ. ਜਾਣਿਆ ; ਸ੍ਨਾਨ ਕੀਆ। ਸੰ. ਅਵਗਾਹਿਤ।

**ਅਵਗਿਆ** ਦੇ. ਅਪਰਾਧ, ਯਥਾ- ਜੋ ਜੋ ਕਰੈ ਅਵਗਿਆ ਜਨ ਕੀ। ਸੰ. ਅਵਗ੍ਯਾ।

**ਅਵਗੁਣ** ਦੇ. ਦੋਖ, ਯਥਾ- ਹਮਰੇ ਅਵਗੁਣ ਬਹੁਤੁ ਬਹੁਤੁ ਹੈ।

**ਅਵਗੁਣੀ** ਦੇ. ਅਉਗੁਣੋ ਸੇ, ਯਥਾ- ਅਵਗੁਣੀ ਭਰਪੂਰ ਹੈ ਗੁਣ ਭੀ।

**ਅਵਗੁਨੀ** ਦੇ. ਅਵਗੁਨੋ ਸੇ।

**ਅਵਗੁਨੁ** ਦੇ. ਦੋਖ, ਯਥਾ- ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ।

**ਅਵਘਟ** ਗੁ. ਅਲਪ ਘਾਟ ਕੀ, ਯਥਾ- ਅਵਘਟ ਗਲੀਆ ਭੀੜੀਆ।

**ਅਵਟੇ** ਪੰ. ਤਾਏ ਹੈਂ।

**ਅਵਤਰਿ ਆਇ** ਵਾ. ਮਨੁਖ ਦੇਹ ਮੇ ਆਇ ਕੇ, ਯਥਾ- ਅਵਤਰਿ ਆਇ ਕਹਾ ਤੁਮ ਕੀਨਾ। ਭਾਵ ਕਛ ਨਹੀ ਕੀਆ।

**ਅਵਤਾ** ਪੰ. ਮਾ. ਉਲਟਾ, ਯਥਾ- ਫਿਰਹਿ ਅਵਤਾ ਲੋਇ।

**ਅਵਤਾਰ** ਸੰ. ਤਰੀਏ ਜਿਸ ਕੇ ਸਨਾਨ ਸੇ ਐਸੇ ਅਰਥ ਮੇ ਤੀਰਥ ; ਉਤਰੇਂ ਤਲੇ ਜਿਨੋਂ ਕਰ ਵਹੁ ਬਾਵਲੀ ਆਦਿਕੋ ਕੀ ਪੌੜੀਆ ; ਉਤਰਨਾ ; ਅਪਨੇ ਅੰਸ ਸੇ ਦੇਵਨ ਕਾ ਪ੍ਰਗਟ ਹੋਨਾ ਜੈਸੇ ਰਾਮ ਕ੍ਰਿਸਨਾਦਿ ਰੂਪ ਬਿਸ੍ਨੂ ਹੂਆ ਸੋਈ ਕਹਾ ਹੈ- ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ। ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ।

**ਅਵਤਾਰੀ** ਦੇ. ਅਵਤਾਰੋ ਮੇ, ਯਥਾ- ਕਿਸਨੁ ਸਦਾ ਅਵਤਾਰੀ ਰੂਧਾ।

**ਅਵਧੂਤ** ਸੰ. ਤਿਰਸਕ੍ਰਿਤ- ਤਿਰਸਕਾਰ ਹੂਏ ਵਾਲਾ ; ਨਿਵਰਤਿਤ- ਹਟਾਯਾ ਗਯਾ ; ਚਲਿਤ- ਚਲਾਯਾ ਗਯਾ ; ਬਰਣਾਸ੍ਰਮ ਕੇ ਅਭਿਮਾਨ ਸੇ ਰਹਿਤ ਹੋ ਆਤਮਾ ਮੇ ਥਿਤੀ ਵਾਲਾ ਤਯਾਗੀ ਮਹਾਤਮਾ।

**ਅਵਰ** ਸੰ. ਅਸ੍ਰੇਸ੍ਟ ; ਔਰ, ਯਥਾ- ਅਵਰ ਸਿਆਨਪ ਸਗਲੀ। ਬੇਦਾਦਿ ਬਿਦਯਾ ਕੀ ਚਤੁਰਾਈਆ ਸੰਪੂਰਣ। ਪੁਨਾ- ਅਵਰੁ ਜਿ ਕਰਨ ਕਰਾਵਨੋ। ਨਾਮ ਬਿਨਾ ਔਰ ਜੋ ਤਰਨੇ ਹੇਤ ਯਗਯਾਦਿ ਕਰਮ ਕਰਨੇ ਹੈਂ। ਪੁਨਾ- ਅਵਰਿ ਪੰਚ ਹਮ ਏਕ ਜਨਾ। ਕਾਮਾਦਿ ਚੋਰ ਪਾਂਚ ਹੈ ਮੈ ਏਕ ਜਨਾ ਏਕਲ ਹੋਂ।

**ਅਵਰਦਾ** ਗੁ. ਉਮਰ, ਯਥਾ- ਧਿਆਈਐ ਸਗਲ ਅਵਰਦਾ ਜੀਉ।

**ਅਵਰਾ** ਦੇ. ਪ੍ਰੇਮੀ ਭਗਤੋਂ ਸਾਥ, ਯਥਾ- ਸੋ ਪਿਰੁ ਰਤਾ ਮੇਰਾ ਅਵਰਾ। ਸੰ. ਅਸ੍ਰੇਸ੍ਟ ਕਾਮਾਦਿ ਦੋਖ ਔਰ ਤਪਾਦਿ ਕਰਮ, ਯਥਾ- ਅਵਰੀ ਕਉ ਚਿਤੁ ਲਾਇ।

**ਅਵਰਾਹਾ** ਗੁ. ਔਰੋ ਸਾਥ, ਯਥਾ- ਸਹੁ ਰਾਤੋ ਅਵਰਾਹਾ।

**ਅਵਰੀ ਕਾ** ਦੇ. ਔਰ ਕਿਸੇ ਕਾ।

**ਅਵਰੀਤਾ** ਗੁ. ਯਥਾਰਥ ਗਯਾਨ ਹੀ ਰੀਤਿ ਹੈ, ਯਥਾ- ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ। ਮੈ ਬਲਹਾਰੀ ਹੋ ਉਨ ਸ੍ਰੇਸ੍ਟ ਜਨ ਮਿਤ੍ਰੋਂ ਕੇ ਜਿਨ ਕੀ ਯਥਾਰਥ ਗਯਾਨ ਕਾ ਉਪਦੇਸ ਕਰਨਾ ਹੀ ਉਤਮ ਰੀਤਿ ਹੈ ਵਾ ਜਿਨ ਕੀ ਸੁਧ ਰੀਤੀ ਹੈ।

**ਅਵਰੁ** ਦੇ. ਨਾਮ ਬਿਨਾ ਤਪਾਦਿ, ਯਥਾ- ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ।

**ਅਵਲੰਬ** ਸੰ. ਆਸਰਾ।

**ਅਵਲਿ** ਫਾ. ਪਹਿਲੀ, ਯਥਾ- ਅਵਲਿ ਸਿਫਤਿ ਦੂਜੀ ਸਾਬੂਰੀ।

**ਅਵਾਈਹੇ** ਪੰ. ਅਵਾਇਲਪਨ ਸੇ ; ਪ੍ਰਮਾਦ ਸੇ।

**ਅਵਾਸਾ** ਸੰ. ਨਗਨ, ਦਿਗੰਬਰ।

**ਅਵਾਸੁ** ਸੰ. ਘਰ, ਯਥਾ- ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ।

**ਅਵਾਹਨੁ** ਸੰ. ਬਾਹਨਹੀਨ ਨਿਰਾਸਰੇ। ਗੁ. ਨਿਸਚਲ, ਯਥਾ- ਕਵਨ ਗੁਫਾ ਜਿਤੁ ਰਹੈ ਅਵਾਹਨੁ।

**ਅਵਿਗਤਿ** ਸੰ. ਗਯਾਨ, ਯਥਾ- ਤੇਰੀ ਗਤਿ ਅਵਿਗਤਿ ਨਹੀ ਜਾਣੀਐ। ਤੇਰੀ ਪ੍ਰਾਪਤੀ ਯੋਗ ਗਯਾਨ ਨਹੀ ਜਾਨਿਆ। ਬੰਧ, ਯਥਾ- ਗਤਿ ਅਵਿਗਤਿ ਕਛੂ ਨਦਰਿ ਨ ਆਇਆ। ਮੁਕਤੀ ਬੰਧ ਕੁਛ ਦਿਖਾਈ ਨਹੀ ਪੜਾ। ਸੰ. ਅਪਗਤਿ।

**ਅਵਿਗਤੈ** ਦੇ. ਗ੍ਯਾਨ, ਯਥਾ- ਕਿਉ ਤਤੈ ਅਵਿਗਤੈ ਪਾਵੈ। ਅਵਗਤੀ ਰੂਪ, ਯਥਾ- ਅਵਿਗਤੋ ਨਿਰਮਾਇਲੁ ਉਪਜੇ।

**ਅਵਿਤ** ਦੇ. ਸਰੀਰ ਰਹਿਤ, ਯਥਾ- ਅਲਪ ਸੁਖ ਅਵਿਤ ਚੰਚਲ। ਵਿਤਹੀਨ ਕਾ ਨਾਮ ਅਵਿਤ ਅਸਰੀਰ ਔ ਅਨੰਗ ਤੁਲਯ ਹੈ।

**ਅੜ** ਪੰ. ਹਠ ਸੇ ਬਿਬਾਦ ਕਰ।

**ਅੜਾ** ਗੁ. ਜਿਸ ਪਦ ਸੇ ਆਗੇ ਆਵੇ ਉਸੀ ਅਰਥ ਮੇਂ, ਯਥਾ- ਜਾਨੀਅੜਾ। ਜਾਨੀ।

**ਆਂ** ਫਾ. ਉਨ, ਜੈਸੇ- ਨ ਰਿਜਕ ਦਸਤ ਆਂ ਕਸੇ। ਨਹੀ ਆਜੀਵਕਾ ਹਾਥ ਮੇਂ ਉਨ ਕੀ ਕਿਸੇ ਕੇ। ਪੰ. ਬਾਲਕ ਬਿਰਾਵਨੇ ਕੀ ਆਵਾਜ ਲੋਰੀ ਪ੍ਰਸਿਧ ਜੈਸੇ ਹੁਲਲ ਆਂਈਂ ਆਂਈਂ ਆਂ।

**ਆ** ਸੰ. ਅਬਯਯ. ਸਿਮ੍ਰਿਤਿ ; ਕ੍ਰਿਪਾ ; ਸਮੁੱਚਯ ; ਸ੍ਵੀਕਾਰ ; ਸਰਬ ਓਰ ਤੇ।

**ਆਉ** ਦੇ. ਸਮੀਪ ਬੁਲਾਨੇ ਕੀ ਅਵਾਜ, ਯਥਾ- ਆਉ ਸਭਾਗੀ ਨੀਦੜੀਏ। ਪੁਨਾ- ਆਉ ਕਲੰਦਰ ਕੇਸਵਾ। ਸੰ. ਆਗਛ।

**ਆਇ** ਦੇ. ਆਇ ਕੇ ।

**ਆਇਓ** ਦੇ. ਪ੍ਰਾਪਤ ਭਇਆ, ਯਥਾ- ਠਾਕੁਰ ਸੇਵਕੁ ਦੁਆਰੇ ਆਇਓ।

**ਆਇਤ** ਦੇ. ਸੂਰਜਵਾਰ।

**ਆਇਤਵਾਰ** ਦੇ. ਸੂਰਜ ਕਾ ਦਿਨ। ਸੰ. ਆਦਿਤਯਵਾਰ।

**ਆਇਬੋ** ਦੇ. ਆਵਨਾ, ਯਥਾ- ਨਾ ਕਛੂ ਆਇਬੋ ਨਾ ਕਛੂ ਜਾਇਬੋ।

**ਆਇੜਿਆਂ** ਪੰ. ਆਇਆਂ ਸੇਂ, ਯਥਾ- ਜੇ ਮੈ ਹੋਂਦਾ ਵਾਰਿਆ ਮਿਤਾ ਆਇੜਿਆਂ।

**ਆਈ** ਦੇ. ਮਿਲੇਗੀ, ਯਥਾ- ਇਹ ਬੇਲਾ ਕਤ ਆਈ। ਆਵਤੀ ਹੂੰ, ਜੈਸੇ- ਤੁਮ ਚਲੋ ਮੈ ਆਈ। ਪਾਰਬਤੀ ਮਾਈ, ਯਥਾ- ਆਈ ਪੰਥੀ ਸਗਲ ਜਮਾਤੀ। ਕਨ ਪਾਟੇ ਜੋਗੀਓਂ ਕੇ ਪੰਥੋਂ ਮੇਂ ਏਕ ਆਈ ਪੰਥ ਹੈ। ਆਈ ਵਹੁ ਪਾਰਬਤੀ ਕੋ ਬੋਲਤੇ ਹੈਂ। ਤਿਸ ਕੇ ਪੰਥ ਕਾ ਨਾਮ ਆਈ ਪੰਥ ਹੈ। ਤਿਸ ਪੰਥ ਵਾਲਿਓ ਕਾ ਨਾਮ ਆਈ ਪੰਥੀ ਹੈ। ਪੁਨਾ- ਆਈ ਪੂਤਾ ਇਹੁ ਜਗੁ ਸਾਰਾ। ਪਾਰਬਤੀ ਸ੍ਵਰੂਪ ਮਾਈ ਕਾ ਪੁਤ੍ਰ ਸੰਪੂਰਣ ਜਗਤ ਹੈ।

**ਆਈ ਵਾਰੀਐ** ਵਾ. ਸਮੇ ਪਹੁਚੇ ਪੈ, ਯਥਾ- ਸਭੁ ਕੋਈ ਆਈ ਵਾਰੀਐ।

**ਆਸ** ਦੇ. ਆਸਾ, ਯਥਾ- ਆਸ ਪਿਆਸੀ। ਮੇਲ ਕੀ ਆਸਾ ਕਰ ਮੈਂ ਪਤਿ ਕੇ ਆਨੰਦ ਕੀ ਤ੍ਰਿਖਾ ਵਾਲੀ। ਚਾਹ, ਯਥਾ- ਆਸਾ ਕਰਿ ਜਗਦੀਸ ਗੁਸਾਈ। ਬਹੁਤੀ ਤ੍ਰਿਸ੍ਨਾ, ਯਥਾ- ਆਸਾ ਆਸ ਮਨਿ ਬਹੁਤੁ ਕਰਈਆ। ਪੂਰਬਾਦਿ ਦਿਸਾ, ਯਥਾ- ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ। ਚਿਤਵਉ ਆਸਾ- ਧ੍ਯਾਨ ਕਰਤਾ ਹੂ ਪੂਰਬਾਦਿ ਓਰ। ਅਭਿਪ੍ਰਾਯ, ਜੈਸੇ- ਉਸ ਕਾ ਆਸਾ ਕਿਆ। ਲੰਬਾ ਸੋਟਾ ਜੈਸੇ ਚੋਬਦਾਰੋ ਕਾ ਹੋਤਾ ਹੈ ; ਆਸਾ ਰਾਗਣੀ।

**ਆਸ ਪਿਆਸ** ਗੁ. ਆਸਾ ਤ੍ਰਿਸ੍ਨਾ।

**ਆਸ ਪਿਆਸੀ** ਗੁ. ਬਡੀ ਚਾਹ ਕਰ ਪਿਆਸ ਵਾਲੀ, ਯਥਾ- ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ।

**ਆਸਕਤ** ਦੇ. ਖਚਿਤ ਹੋ ਕੇ, ਯਥਾ- ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ।

**ਆਸਕੀ** ਅ. ਪ੍ਰੀਤੀ, ਯਥਾ- ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ।

**ਆਸਕੁ** ਅ. ਪ੍ਰੇਮੀ, ਯਥਾ- ਨਾਨਕ ਆਸਕੁ ਕਾਂਢੀਐ।

**ਆਸਣ** ਸੰ. ਥਿਤਿ ; ਜਿਸ ਪਰ ਬੈਠੀਏ ਵਹੁ ਕੁਸਾ ਮ੍ਰਿਗ ਚਰਮ ਕੰਬਲ ਦਰੀ ਫਰਸ ਆਦਿਕ ; ਸਿਧ ਪਦਮਾਦਿ ਚਉਰਾਸੀ। ਸੰ. ਆਸਨ ।

**ਆਸਤਿ** ਗੁ. ਹੈ ਰੂਪ ਵਸਤੁ ਕੋ, ਯਥਾ- ਆਸਤਿ ਨਾਸਤਿ ਏਕੋ ਨਾਉ।

**ਆਸਨ** ਸੰ. ਸਿਥਤਿ, ਯਥਾ- ਆਸਨੁ ਜਾ ਕਾ ਸਦਾ ਬੈਕੁੰਠ। ੨. ਬੈਠਨੇ ਯੋਗ ਕੰਬਲ ਆਦਿਕ ਆਸਨ ੧ ਬਸਨ ੨ ਸਿਹਜਾ ੩ ਦਾਰਾ ੪ ਭੋਜਨ ਪਾਤ੍ਰ ੫ ਕਮੰਡਲ ੬ ਏਤੇ ਪਦਾਰਥ ਅਪਨੇ ਲੀਏ ਪਵਿਤ੍ਰ ਹੈ। ਆਨ ਕੇ ਲੀਏ ਨਹੀ। ਯਾਤੇ ਆਸਨਾਦਿ ਦੂਸਰੇ ਕੇ ਲੇਨੇ ਦੇਨਾ ਨਾ ਚਾਹੀਏ। ਯਹ ਧਰਮ ਸਾਸਤ੍ਰ ਕੀ ਰੀਤਿ ਹੈ। ੩. ਦੇਵਤਾ ਕੀ ਪੂਜਾ ਕਾ ਅੰਗ ਜੋ ਖੋੜਸ ਬਿਧ ਪੂਜਨ ਸਮੇ ਆਸਨ ਕਹਾ ਹੈ। ਸੋ ਆਸਨ ਦੇਵਤਾ ਕੇ ਲੀਏ ਪੁਸਪੋ ਕਾ, ਚਰਮ ਕਾ, ਕੁਸਾ ਕਾ, ਬਸਤ੍ਰ ਕਾ, ਧਾਤੁਯੋ ਮੇ ਲੋਹੇ ਬਿਨਾ ਔਰ ਧਾਤੁਯੋ ਕਾ, ਸਿਲਾ ਕਾ, ਨੀਲਕਾਦਿ ਰਤਨ ਕਾ, ਅਸਥੀਯੋ ਮੇ ਹਾਥੀ ਦਾਤ ਕਾ ਕਰੇ। ਕਾਸ੍ਰੋ ਮੇ ਚੰਦਨ ਕਾ ਕਰੇ। ਕਾਸ੍ਰ ਕਾ ਆਸਨ ਚੌਵੀ ਅੰਗੁਲ ਲੰਬਾ, ਸੋਲਾ ਅੰਗੁਲ ਚੌੜਾ ਚਾਰ ਅੰਗੁਲ ਉਚਾ ਕਰੇ। ਬਸਤ੍ਰ ਕਾ ਦੋ ਹਾਥ ਲੰਬਾ ਡੇਢ ਹਾਥ ਚੌੜਾ ਤੀਨ ਅੰਗੁਲ ਉਚਾ ਕਰੇ। ਆਸਨ ਦੇਨੇ ਸੇ ਪੁਰਖ ਸੁਭਾਗ੍ਯਤਾ ਕੋ ਪ੍ਰਾਪਤ ਹੋਤਾ ਹੈ। ੪. ਦੇਹ ਕੀ ਥਿਰਤਾ ਕੇ ਸਾਧਨ ਕਰ ਚਰਣਾਦਿਕੋ ਕਾ ਨਾਨਾ ਰੀਤਿਓ ਸੇ ਟਿਕਾਵਨਾ ਰੂਪ। ਯੋਗ ਕਾ ਅੰਗ ਬਿਸੇਖ। ਜੋ ਯੋਗ ਕੇ ਅੰਗੋ ਮੇ ਕਹਾ ਹੈ ਆਸਨ ਦੋ ਪ੍ਰਕਾਰ ਕਾ ਹੋਤਾ ਹੈ। ਏਕ ਬਾਹਰ ਦੂਸਰਾ ਸਰੀਰ ਮੇ ਤਿਨ ਮੋ ਬਾਹਰ ਤਲੇ ਕੁਸਾ ਊਪਰ ਮ੍ਰਿਗ ਚਰਮ ਤਾਸੇ ਊਪਰ ਬਸਤ੍ਰ ਬਿਛਾਨਾ ਰੂਪ ਹੈ। ਦੇਹ ਮੇ ਹੋਨੇ ਵਾਲੇ ਪਦਮਾਦਿ ਨਾਨਾ ਭਾਤ ਹੈ।੫। ਜੈਸੇ। ਦੋਹਰਾ। ਵਾਮ ਉਰੂ ਦਖਨ ਚਰਨ ਦਖਨ ਧਰੇ ਸੁਵਾਮ। ਪ੍ਰਿਸ੍ਰ ਅੰਗੂਠੇ ਪਦ ਫੜੇ ਪਦਮਾਸਨ ਯਹ ਨਾਮ।੧। ਖਬੇ ਸੰਕੋਚੇ ਚਰਣ ਕਾ ਦਾਹਣੀ ਜੰਘਾ ਮੇ ਪ੍ਰਵੇਸਾ। ਦਾਹਣੇ ਕਾ ਵਾਮੀ ਜੰਘਾ ਮੇ ਪ੍ਰਵੇਸ ਕਰਨਾ ਸ੍ਵਸ੍ਤਿਕ ਆਸਨ ਹੈ।੨। ਦੋਨੋ ਚਰਣੋ ਕੀ ਤਲੀ ਆਪ ਤਾਲੂਯੋ ਕੇ ਸਮੀਪ ਮੇਲ ਕੇ। ਉਨ ਕੇ ਊਪਰ ਮਿਲਾ ਕੇ ਹਾਥ ਰਖਣੇ ਭਦ੍ਰ ਆਸਨ ਹੈ। ਜਾਨੂਓ ਪੈ ਬਾਹਾ ਪਸਾਰ ਕੇ ਸੋਨਾ ਪ੍ਰਯੰਕ ਆਸਨ ਹੈ। ਦੋਨੋ ਪਾਉ ਉਠਾ ਕਰ ਗਰਦਨ ਕੇ ਊਪਰ ਰਖ। ਹਾਥੋ ਔ ਚੂਤੜੋ ਕੇ ਭਾਰ ਥਿਰ ਹੋਨਾ ਉਤਾਨ ਪਾਦ ਆਸਨ ਹੈ। ਦੋਨੋ ਕੂਹਣੀਆ ਮਿਲਾ ਕੇ ਨਾਭੀ ਸਾਥ ਲਗਾ ਕਰ। ਹਾਥੋ ਪੈ ਸਮਗ੍ਰ ਸਰੀਰ ਕਾ ਬੋਝ ਦੇ, ਪਾਉ ਲੰਬੇ ਕਰਨੇ ਮਯੂਰ ਆਸਨ ਹੈ। ਐਸੇ ਐਸੇ ਯੋਗਮਤ ਮੇਂ ਪ੍ਰਸਿਧ ਚੌਰਾਸੀ ਆਸਨ ਹੈਂ। ਕੋਈ ਆਸਨ ਰੋਗ ਦੂਰ ਕਰਤੇ ਹੈਂ। ਕੋਈ ਪ੍ਰਾਣਾਵਾਯੂ ਕੋ ਥਿਰ ਕਰਤੇ ਹੈਂ। ਕੋਈ ਮਲ ਨਿਬ੍ਰਿਤੀ ਕਰਤੇ ਹੈਂ। ਪਰੰਤੁ ਇਨ ਕ੍ਰਿਯਾਓ ਸੇ ਪੁਰਖ ਪ੍ਰਮੇਸੁਰ ਕੋ ਨਹੀ ਪਾਤੇ। ਸਿਧਾਈਓ ਮੇ ਫਸ ਜਾਤੇ ਹੈਂ, ਯਥਾ- ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ। ੫. ਰਾਜਨੀਤਿ ਕੇ ਖਟ ਗੁਣੋ ਮੇ ਆਪਣੇ ਥਾਨ ਪੈ ਰਾਜਾ ਕੀ ਥਿਤਿ ਰਹਨੀ ਆਸਨ ਹੈ। ਦੋਹਰਾ। ਅਪਨੀ ਪਰ ਕੀ ਸੈਨ ਕੀ ਸਮਤਾ ਪਿਖ ਮਤਿ ਮਾਨ। ਮੰਤ੍ਰੀ ਅਪਨੇ ਸ੍ਵਾਮਿ ਕਾ ਆਸਨ ਕਰੇ ਰਖਾਨ।੧। ਸਮਤਾ, ਜੋਰ ਗਿਨਤੀ ਮੇ ਬਰਾਬਰੀ। ੬. ਹਸਤੀ ਕਾ ਕੰਧਾ ; ਪੀਠ ; ਸਿਘਾਸਨ, ਤਖਤ। ਗੁ. ਸਮੀਪ, ਯਥਾ- ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ। ਮਹਾ ਪਵਿਤ੍ਰ ਜੋ ਸੰਤ ਤਿਨ ਕੇ ਸਮੀਪ ਮਿਲ ਕੇ ਉਨ ਕੇ ਸੰਗੀ ਗੋਬਿੰਦ ਕਾ ਧਿਆਨ ਕਰੋ। ਸੰ. ਆਸੱਨ।

**ਆਸਨੀ** ਗੁ. ਆਸਾ, ਯਥਾ- ਪ੍ਰਭ ਪੂਰਨ ਆਸਨੀ ਮੇਰੇ ਮਨਾ।

**ਆਸੰਭਉ** ਗੁ. ਕਾਹੂ ਕਾਰਣ ਸੇ ਨਾ ਬਨਾ, ਯਥਾ- ਆਸੰਭਉ ਉਦਵਿਅਉ। ਨਾ ਬਨਾਉਦੇ ਹੋ ਰਹਾ ਹੈ ਅਰਥਾਤ ਅਜਨ੍ਯ ਸ੍ਵਰੂਪ ਉਦੇ ਹੋ ਰਹਾ ਹੈ।

**ਆਸਰ** ਗੁ. ਆਸਰੇ, ਯਥਾ- ਜਿਹ ਆਸਰ ਇਆ ਭਵਜਲੁ ਤਰਨਾ।

**ਆਸ੍ਰਮ** ਸੰ. ਥਿਤ ਹੋਈਐ ਜਿਨ ਮੋ ਐਸੇ ਧਰਮਸਾਸਤ੍ਰ ਮੋ ਕਹੇ ਬ੍ਰਹਮਚਰਯਾਦਿ ਚਾਰ ਧਰਮ ਬ੍ਰਹਮ ਵੇਦ ਕਾ ਨਾਮ ਹੈ। ਵੇਦਾਦਿ ਵਿਦ੍ਯਾ ਮੇ ਅਰਥ ਪਾਠ ਕੇ ਗ੍ਯਾਨ ਹੇਤ ਬਿਚਰਨਾ ਬ੍ਰਹਮਚਰਯ ਧਰਮ ਹੈ। ਇਸ ਧਰਮ ਵਾਲੇ ਪੁਰਖ ਕਾ ਨਾਮ ਬ੍ਰਹਮਚਾਰੀ ਹੈ। ਬ੍ਰਹਮਚਾਰੀ ਨਖ ਕੇਸ ਦੂਰ ਨਹੀ ਕਰਤਾ। ਅਸ੍ਵਿਧ ਮੈਥਨ ਕਾ ਤ੍ਯਾਗ ਰਖਤਾ ਹੂਆ ਵੇਦਾਦਿ ਵਿਦ੍ਯਾ ਪੜਤਾ ਹੈ। ਯਾਤੇ ਵਿਦ੍ਯਾਰਥੀ ਕਾ ਨਾਮ ਬ੍ਰਹਮਚਾਰੀ ਹੈ ਜਿਸ ਕੋ ਫਾਰਸੀ ਵਾਲੇ ਤਾਲਬ ਇਲਮ ਬੋਲਤੇ ਹੈਂ। ਯਹ ਆਸ੍ਰਮ ਪੂਰਾ ਬ੍ਰਾਹਮਣੋ ਕੇ ਹੋਤਾ ਹੈ, ਕਿਉਕਿ ਬ੍ਰਾਹਮਣ ਹੀ ਜਨੇਊ ਪਹਿਰ ਗੁਰੂ ਕੀ ਸੇਵਾ ਕਰਤੇ ਨਖ ਕੇਸਾਦਿ ਧਾਰ ਕੇ ਪੜਤੇ ਹੈਂ। ਛਤ੍ਰੀ ਬੈਸ੍ਯ ਜਨੇਊ ਸਮੇ ਹੀ ਮੁੰਜ ਕਾ ਤਾਗੜਾ ਮ੍ਰਿਗਚਰਮ ਪਾਂਓ ਮੇ ਪਾਦੁਕਾ ਹਾਥ ਮੇ ਪਲਾਸ ਕਾ ਦੰਡ ਝੋਲੀ ਲੇ ਮਾ ਬਾਪ ਭੈਣ ਭਾਈ

ਔਰ ਸੰਬੰਧੀਯੋਂ ਸੇ ਮੋਹਰ ਰੁਪੈਯਾ ਪੈਸਾ ਮਿਠਾਈ ਭਿਖ੍ਯਾ ਮਾਂਗ ਕੇ ਗੁਰੂ ਕੋ ਅਰਪਣ ਕਰ। ਤਹਾਂ ਹੀ ਬ੍ਰਹਮਚਰਯ ਕੇ ਵੇਸ ਕੋ ਪੂਰਾ ਕਰ ਦੇਤੇ ਹੈਂ। ਵੇਦਾਦਿ ਵਿਦ੍ਯਾ ਬਿਨਾ ਆਨ ਵਿਦ੍ਯਾ ਪੜਨੇ ਵਾਲੇ ਕਾ ਨਾਮ ਬ੍ਰਹਮਚਾਰੀ ਨਹੀਂ। ਇਸ ਲੀਏ ਵਖਤ ਕੀ ਪਾਠਸਾਲਾਓਂ ਮੇ ਪੜਨੇ ਵਾਲੇ ਗੁਰ ਸੇਵਾ ਨਾ ਕਰੇਂ ਤਬ ਭੀ ਦੋਖੀ ਨਹੀ। ਆਗੇ ਬ੍ਰਹਮਚਾਰੀ ਭਿਖ੍ਯਾ ਮਾਂਗ ਗੁਰੂ ਕੋ ਦੇਤੇ ਆਪ ਖਾਤੇ, ਅਬ ਗੁਰੂਓਂ ਕੋ ਨੌਕਰੀ ਸੁਕਾਰੋਂ ਸੇ ਮਿਲਤੀ ਹੈ। ਵਿਦ੍ਯਾਰਥੀਓਂ ਕੀ ਭੀਖ ਭੀ ਜਿਮੀਨ ਕੇ ਮਾਮਲੇ ਸਾਥ ਸੁਕਾਰ ਲੇਕਰ ਵਿਦਯਾਰਥੀਓਂ ਕੋ ਵਜੀਫਾ ਦੇਤੀ ਹੈ। ਉਸ ਸੇ ਬ੍ਰਹਮਚਾਰੀਓਂ ਕਾ ਸੁਗਮ ਰੀਤਿ ਸੇ ਨਿਰਬਾਹ ਹੋਤਾ ਹੈ। ਬ੍ਰਾਹਮਣ ਬ੍ਰਹਮਚਾਰੀ ਦੋ ਪ੍ਰਕਾਰ ਕੇ ਹੋਤੇ ਹੈਂ। ਏਕ ਨੈਸਟਿਕ ਦੂਸਰੇ ਉਪਕੁਰਬਾਣ। ਗੁਰੂ ਘਰ ਮੇ ਵਾਸ ਕਰਤੇ ਸਮਗ੍ਰ ਅਵਸਥਾ ਬਿਤੀਤ ਕਰਨੇ ਵਾਲੇ ਨੈਸ੍ਰਿਕ ਹੈਂ। ਬਾਰਾ ਵਾ ਚੌਬੀਸ ਵਾ ਛਤੀਸ ਵਰਸ ਗੁਰ ਸਮੀਪ ਵਸ ਵਿਦ੍ਯਾ ਪੜਨੇ। ਪੀਛੇ ਗੁਰੂ ਸੇ ਘਰ ਜਾਨੇ ਕੀ ਆਗ੍ਯਾ ਲੇ ਨਖਾਦਿ ਉਤਾਰ ਗ੍ਰਿਹ ਮੇਂ ਆਏ ਉਪਕੁਰਬਾਣ ਹੈਂ। ਗ੍ਰਿਹ ਮੇਂ ਆਕਰ ਥਿਤ ਹੂਏ ਕਾ ਨਾਮ ਗ੍ਰਿਹਸਥ ਹੈ। ਸੋ ਭੀ ਦੋ ਪ੍ਰਕਾਰ ਕੇ ਹੈਂ। ਏਕ ਦਾਰਾ ਸਹਿਤ ਦੂਜੇ ਬਿਨਾ ਦਾਰਾ ਜੋ ਬਿਵਾਹ ਨਹੀ ਕਰਾਵੇ। ਤੀਨੋ ਆਸ੍ਰਮੋ ਕੋ ਅੰਨਾਦਿ ਦੇਨਾ ਇਸ ਆਸ੍ਰਮ ਕਾ ਮੁਖ ਧਰਮ ਹੈ। ਯਾਤੇ ਇਸੀ ਆਸ੍ਰਮ ਸੇ ਔਰੋਂ ਕੀ ਪਾਲਨਾ ਹੋਤੀ ਹੈ। ਮੁਕ੍ਰੀ ਕੇ ਲਾਭ ਹੇਤ ਗ੍ਰਿਹਸਥ ਕੇ ਪੀਛੇ ਬਨਬਾਸ ਰੂਪ ਬਾਨਪ੍ਰਸਥ ਕਰਨਾ ਲਿਖਾ ਹੈ। ਸੋ ਭੀ ਦੋ ਪ੍ਰਕਾਰ ਕਾ ਹੈ ਏਕ ਦਾਰਾ ਸਹਿਤ ਦੂਜਾ ਬਿਨਾ ਦਾਰਾ। ਮਨੂ ਮੇ ਇਸ ਕੇ ਦੋਨੋ ਪ੍ਰਕਾਰ ਲਿਖੇ ਹੈਂ। ਇਸਤ੍ਰੀ ਸਾਥ ਜਾਨਾ ਚਾਹੇ ਤਬ ਬਨ ਮੇ ਸਾਥ ਲੇ ਜਾਵੇ ਨਾ ਜਾਨਾ ਚਾਹੇ ਤਬ ਪੁਤ੍ਰੋਂ ਪੈ ਸਮਰਪਣ ਕਰ ਜਾਵੇ। ਬਨ ਮੇਂ ਜਾ ਕਰ ਵਰਖਾ ਸਮੇ ਜਲਧਾਰਾ ਸਹਾਰੇ। ਗ੍ਰੀਖਮ ਮੇਂ ਅਗਨ ਤਪੇ। ਸੀਤ ਸਮੇ ਜਲ ਮੇਂ ਖੜਾ ਹੋਵੇ। ਫਲ ਫੂਲ ਖਾਵੇ ਇਤਯਾਦਿ ਬਾਨਪ੍ਰਸਥੋ ਕੇ ਧਰਮ ਹੈਂ। ਜੋ ਇਨ ਦਿਨੋ ਮੇ ਬਹੁਤ ਵੇਸਧਾਰੀ ਜਨ ਗ੍ਰਾਮੋ ਕੇ ਸਮੀਪ ਬੈਠਾ ਦਿਖਾਵਾ ਕਰਤੇ ਹੈਂ। ਇਸ ਧਰਮ ਸੇ ਸਰੀਰ ਕੀ ਨਿਰਬਲਤਾ ਭਏ। ਦੰਡ ਕਮੰਡਲੁ ਗ੍ਰਹਣ ਕਰ ਤ੍ਯਾਗੀ ਹੋਨਾ ਸੰਨਯਾਸ ਹੈ। ਸੋ ਦੋ ਪ੍ਰਕਾਰ ਕਾ ਹੈ ਏਕ ਰਕ੍ਤਾਂਬਰ ਦੂਸਰਾ ਸੁਕਲਾਂਬਰ। ਦੰਡ ਕਮੰਡਲ ਗ੍ਰਹਣ ਕਰ। ਗੇਰੂ ਕੇ ਰਕ੍ਤ ਬਸਤ੍ਰ ਪਹਰਨੇ ਰਕ੍ਤਾਂਬਰ ਹੈ। ਸੁਕਲ ਪਹਰਨੇ ਸਕਲਾਂਬਰ ਹੈ। ਸੰਨਯਾਸ- ੧. ਕੁਟੀਚਕ ਵਾ ਕੁਟੀਚਰ ੨. ਬਹੂਦਕ ੩. ਹੰਸ ੪. ਪਰਮਹੰਸ। ਭੇਦ ਸੇ ਚਾਰ ਪ੍ਰਕਾਰ ਕਾ ਹੈ। ੧. ਯਾਤ੍ਰਾ ਕੀ ਸਮਰਥ ਨਾ ਰਹੇ ਕੁਟੀ ਬਨਾ ਕਰ ਜੋ ਕੁਟੀ ਮੇਂ ਪ੍ਰਕਾਸੇ। ਤਿਸ ਕਾ ਨਾਮ ਕੁਟੀਚਕ ਹੈ, ਚਕ ਕਾ ਅਰਥ ਪ੍ਰਕਾਸਨਾ ਹੈ ਵਾ ਯਾਤ੍ਰਾ ਕੋ ਅਸਮਰਥ ਹੂਆ ਕੁਟੀ ਬਨਾ ਕਰ। ਜੋ ਤਿਸ ਮੇਂ ਬਿਚਰੇ ਤਿਸ ਕਾ ਨਾਮ ਕੁਟੀਚਰ ਹੈ। ੨. ਜਾਤ੍ਰਾ ਕੋ ਸਮਰਥ ਹੋ ਏਕ ਰਾਤ ਗ੍ਰਾਮ ਮੇ। ਤੀਨ ਰਾਤ ਸਹਰ ਮੇ। ਸਾਤ ਰਾਤ ਤੀਰਥ ਮੇਂ ਨਿਵਾਸ ਕਰਤਾ। ਬਹੁਤੇ ਥਾਨੋ ਕੇ ਉਦਕ ਪੀਵੇ ਤਿਸ ਕਾ ਨਾਮ ਬਹੂਦਕ ਹੈ। ੩. ਚੌਥੀ ਭੂਮਕਾ ਮੈ ਪ੍ਰਾਪਤ ਹੋ ਸਦਾ ਪਰਮਾਤਮਾ ਕਾਰ ਬ੍ਰਿਤੀ ਵਾਲਾ ਹੰਸ ਹੈ। ੪. ਪੰਚਮੀ ਸੇ ਲੇ ਸਾਤਵੀ ਤਾਈ ਭੂਮੀਓਂ ਵਾਲਾ ਬ੍ਰਹਮਗਜਾਨੀ ਪਰਮ ਹੰਸ ਹੈ। ਸੰਨਯਾਸ ਤਯਾਗ ਕਾ ਨਾਮ ਹੈ। ਸੰਨਯਾਸੀ ਤਯਾਗੀ ਕਾ ਨਾਮ ਹੈ ਪ੍ਰਮੇਸ੍ਵਰ ਕੀ ਭਕ੍ਰੀ ਕਾ ਸਭ ਆਸ੍ਰਮੋ ਕੋ ਅਧਿਕਾਰ ਹੈ, ਯਥਾ- ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ।

**ਆਸ੍ਰਮਾਈ** ਗੁ. ਬੀਚ ਆਸ੍ਰਮ ਕੇ, ਯਥਾ- ਕਮਲੁ ਬਿਗਸੈ ਮਧੁ ਆਸ੍ਰਮਾਈ।

**ਆਸੜੀ** ਪੰ. ਮੁ. ਆਸਾ, ਯਥਾ- ਆਸੜੀ ਨਿਬਾਹਿ। ਪੁਨਾ- ਜਿਨਾ ਕੀ ਮੈ ਆਸੜੀ। ਜਿਨ ਕੀ ਮੈ ਆਸਾ ਕਰਤੀ ਥੀ।

**ਆਸਾ ਨਿਵਾਸੁ** ਗੁ. ਆਸਾ ਪੂਰਨ ਕਰਨੇ ਕਾ ਠਿਕਾਨਾ।

**ਆਸਾ ਬੰਧੀ** ਵਾ. ਪਦਾਰਥ ਪ੍ਰਾਪਤੀ ਕੀ ਆਸਾ ਮੇ ਬਾਂਧੀ ਹੂਈ, ਯਥਾ- ਆਸਾ ਬੰਧੀ ਮੂਰਖ ਦੇਹ।

**ਆਸਾਇਆ** ਗੁ. ਆਸਾ, ਯਥਾ- ਸਤਿਗੁਰ ਤੇਰੀ ਆਸਾਇਆ।

**ਆਸਾਈ** ਗੁ. ਆਸਾ ; ਆਸਾਇ ਆਸਾ।

**ਆਸਾਸਹਿ** ਗੁ. ਪ੍ਰਸੰਸਾ ਕਰੇ ਹੈਂ, ਯਥਾ- ਸਿਧ ਸਾਧਿਕ ਆਸਾਸਹਿ। ਆਸੰਸਾ ਭਾਵ ਪ੍ਰਸੰਸਾ ਕਰੇ ਹੈਂ।

**ਆਸਾਵਰੀ** ਦੇ. ਆਸਾ ਭੈਰੋ ਪਰਜ ਇਨ ਤੀਨ ਕੇ ਮੇਲ ਸੇ ਬਨੀ ਸੰਕੀਰਣ ਰਾਗਣੀ ਹੈ।

**ਆਸਾੜੁ** ਦੇ. ਹਾੜ ਮਹੀਨਾ, ਯਥਾ- ਆਸਾੜੁ ਤਪੰਦਾ ਤਿਸੁ ਲਗੈ।

**ਆਸੀਨੇ** ਸੰ. ਬੈਠੇ, ਥਿਤਿ।

**ਆਸੇ** ਦੇ. ਅੰਤਹਕਰਣ ਸੇ, ਯਥਾ- ਮੇਰੀ ਤ੍ਰਿਸਨਾ ਬੁਝਿ ਗਈਆਸੇ। ਸੰ. ਆਸਯ।

**ਆਹਤ** ਸੰ. ਛੇਦਨ ; ਭੇਗਨ ; ਤਾੜਨ, ਚੋਟ ਲਗਾਨਾ।

**ਆਹਰੋ** ਪੰ. ਉਦਮ ਆਹਰੋ, ਯਥਾ- ਹਰਿ ਕੀਰਤਨ ਕਾ ਆਹਰੋ।

**ਆਹਵ** ਸੰ. ਯੁਧ।

**ਆਹਾ** ਪੰ. ਹੈ, ਯਥਾ- ਹਰਿ ਸੰਤ ਜਨ ਪਹਿ ਆਹਾ। ਥਾ, ਜੈਸੇ ਪੁਰਾਨੀ ਸਾਖੀ ਮੇਂ ਲਿਖਾ ਹੈ ਮਰਦਾਨਾ ਆਯਾ ਆਹਾ ਭਾਵ ਮਰਦਾਨਾ ਆਯਾ ਥਾ ਤਥਾ ਉਡਾਰੀ ਲੀਤੀ ਆਹੀ ਉਡਾਰੀ ਲੀਤੀ ਥੀ। ਗੁ. ਚਾਹੀ, ਯਥਾ- ਤੁਮ ਹੀ ਕਉ ਪ੍ਰਭ ਆਹੀ। ਆਹੇ, ਯਥਾ- ਜੋਗੀ ਜਤੀ ਸਿਧ ਹਰਿ ਆਹੈ। ਪੁਨਾ- ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ। ਚਾਹੇ ਹੈ ਚਰਨ ਹੀ ਚਰਨ ਹੀ।

**ਆਹਾਰ** ਸੰ. ਭੋਜਨ।

**ਆਹਾੜਾ** ਗੁ. ਬਿਸੇਖ ਕਰ ਤੋਲ, ਯਥਾ- ਹੈ ਨਾਹੀ ਕਿਛੁ ਆਹਾੜਾ।

**ਆਹਿ** ਸੰ. ਨਿਯੋਗ- ਕਾਹੂ ਕੋ ਕਾਹੂ ਕਾਮ ਮੇਂ ਲਗਾਨਾ ; ਦ੍ਰਿਢ ਸੰਭਾਵਨਾ, ਪੱਕਾ ਖਿਆਲ ; ਆਖੇਪ, ਹੁੱਜਤ ; ਦੁਖ ਕੀ ਅਵਾਜ।

ਦੇ. ਹੈ, ਯਥਾ- ਆਹਿ ਮੇਰੇ ਠਾਕੁਰ ਤੁਮਰਾ ਜੋਰੁ। ਪੁਨਾ- ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ। ਚਾਹ ਕੇ, ਯਥਾ- ਨਾਨਕ ਆਹਿ ਸਰਣ ਪ੍ਰਭ ਆਇਓ। ਪੁਨਾ- ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ। ਤੇਰੇ ਪਾਸ ਚਾਹ ਕਰਕੇ। ਦੇ. ਦੁਰਾਸੀਸ, ਜੈਸੇ- ਅਮੁਕੇ ਕੀ ਆਹ ਪੜ ਗਈ।

**ਆਹਿਓ** ਗ. ਚਾਹਿ ਕੇ।

**ਆਹਿਆ** ਗੁ. ਚਾਹਿਆ, ਯਥਾ- ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।

**ਆਕ** ਦੇ. ਪੁ. ਅੱਕ, ਯਥਾ- ਆਕ ਨੀਮ ਕੋ ਤੂੰਮਰੁ।

**ਆਕਲ** ਅ. ਬਡੀ ਬੁਧੀ ਵਾਲੇ ਸਰਬਗ ਪਰਮਾਤਮਾ ਕੇ, ਜੈਸੇ- ਆਕਲ ਕੇ ਘਰ ਜਾਓਗੇ।

**ਆਕਲ ਬਿਕਲ** ਵਾ. ਬਡੀ ਬੁਧੀ ਸੇ ਹੀਨ, ਯਥਾ- ਹਉ ਆਕਲ ਬਿਕਲ ਭਈ ਗੁਰ ਦੇਖੇ।

**ਆਕਾਸ** ਸੰ. ਗਗਨ ; ਬ੍ਰਹਮਆ- ਸਰਬ ਓਰ ਤੇ ਸਰਬ ਵਸਤੂਓਂ ਕੋ ਕਾਸ, ਪ੍ਰਕਾਸਨੇ ਸੇ ਬ੍ਰਹਮ ਕਾ ਨਾਮ ਵੇਦ ਮੇਂ ਆਕਾਸ ਲਿਖਾ ਹੈ, ਜੈਸੇ- ਯਦਏਖ ਆਕਾਸ ਆਨੰਦੋ ਨਸਜਾਤ। ਜੇਕਰ ਏਹ ਬ੍ਰਹਮ ਆਨੰਦ ਰੂਪ ਨਾ ਹੋਵੇ।

**ਆਕਾਸ ਤੇ** ਦੇ. ਸ੍ਵਰਗਾਦਿ ਲੋਕੋਂ ਤੇ।

**ਆਕਾਸੀ** ਗੁ. ਅਕਾਸੋਂ ਮੇਂ, ਯਥਾ- ਪਾਤਾਲੀ ਆਕਾਸੀ ਸਖਨੀ। ਪੁਨਾ- ਸਰਵਰਿ ਕਮਲੁ ਕਿਰਣਿ ਆਕਾਸੀ। ਕਮਲ ਸਰੋਵਰ ਮੇਂ ਹੈ ਕਿਰਣੋਂ ਵਾਲਾ ਸੂਰਯ ਆਕਾਸ ਮੇਂ ਹੈ।

**ਆਕਾਸੀ** ਦੇ ਅਕਾਸ ਮੇ, ਯਥਾ- ਕਿਰਣਿ ਆਕਾਸੀ।

**ਆਕੀ** ਅ. ਹੁਕਮ ਨਾ ਮਾਨਨੇ ਵਾਲੇ, ਯਥਾ- ਦਿਲਿ ਖੋਟੈ ਆਕੀ ਫਿਰਨ੍ਹਿ।

**ਆਕੀਆ** ਦੇ. ਆਗ੍ਯਾ ਨਾ ਮਾਨਨੇ ਵਾਲਿਓਂ ਕੋ, ਯਥਾ- ਤਲਬਾ ਪਉਸਨਿ ਆਕੀਆ।

**ਆਖਹਿ** ਪੰ. ਕਹਤੇ ਹੈਂ, ਯਥਾ- ਆਖਹਿ ਬਕਹਿ ਆਖਿ ਆਖਿ। ਪੁਨਾ- ਕੇਤੇ ਆਖਹਿ ਆਖਣਿ ਪਾਹਿ।

**ਆਖਣ** ਪੰ. ਕਹਨੇ ਸੇ, ਯਥਾ- ਆਖਣ ਲਹੈ ਨ ਚਾਉ। ਆਖ੍ਯਾਨ, ਯਥਾ- ਕੇਤਾ ਆਖਣੁ ਆਖੀਐ। ਪੁਨਾ- ਆਖਣਿ ਕਹਣਿ ਨ ਥੰਮ੍ਹੀਐ। ਭਾਰਤਾਦਿਕ ਅਖਯਾਨੋ ਕੇ ਕਹਨੇ ਸੇ ਨਹੀ ਥੰਮਤੇ ਪ੍ਰਾਣ।

**ਆਖਨ** ਦੇ. ਨੇਤ੍ਰੋਂ ਮੇ, ਜੈਸੇ- ਆਖਨ ਭੀਤਰ ਤੇਲ ਕੋ ਡਾਰ ਕੇ ਲੋਗਨ ਨੀਰ ਬਹਾਇ ਦਿਖਾਵੇ।

**ਆਖਿਰ** ਫਾ. ਅੰਤ ਕੋ, ਯਥਾ- ਆਖਿਰ ਬਿਅਫਤਮ। ਪ੍ਰਲਯ, ਓੜਕ।

**ਆਖ੍ਯਾਨ** ਸੰ. ਪੁਰਾਤਨ ਕਥਾ, ਯਥਾ- ਨਾਨਾਖਿਆਨ ਪੁਰਾਨ ਬੇਦ ਬਿਧਿ। ਨਾਨਾ ਆਖਿਆਨ ਸੰਧੀ ਹੈ।

**ਆਖਾਰੇ** ਦੇ. ਸੰਤ ਸਭਾ, ਯਥਾ- ਤਹ ਸਦਾ ਅਨੰਦ ਅਨਹਤ ਆਖਾਰੇ।

**ਆਖਾੜੇ** ਦੇ. ਸਮਾਜ, ਯਥਾ- ਮਹਾ ਬਚਿਤ੍ਰ ਸੁੰਦਰ ਆਖਾੜੇ। ਮੈਨੇ ਨਾਨਾ ਭਾਂਤ ਕੀ ਵਿਦਯਾਵਾਨੋ ਕੇ ਸੁੰਦਰ ਸਮਾਜ ਕੀਏ।

**ਆਖਿ** ਪੰ. ਕਹ ਕੇ, ਬੋਲ ਕੇ, ਯਥਾ- ਕਿਆ ਕੋ ਆਖਿ ਸੁਣਾਏ। ਗੁ. ਕਹਾ ਨਹੀਂ ਜਾਤਾ ਕਹਣੇ ਯੋਗਯ, ਯਥਾ- ਆਖਿ ਨ ਜਾਪੈ ਆਖਿ।

**ਆਖਿ ਆਖਹਿ** ਵਾ. ਈਸ੍ਵਰ ਕੇ ਕਥਨ ਕਰੇ ਵੇਦ ਅਨੁਸਾਰ ਕਥਨ ਕਰੇ ਰਿਖੀਓਂ ਕੀ ਸਿਮ੍ਰਿਤੀ ਕੇ ਬਚਨ ਕਹੇ ਹੈਂ, ਯਥਾ- ਆਖਿ ਆਖਹਿ ਸਬਦੁ ਭਾਖਹਿ।

**ਆਖਿ ਵਖਾਣੀ** ਗੁ. ਪੂਰਬੋ ਕੇ ਕਹੇ ਕਥਨ ਕਰੀਏ।

**ਆਖੀਰ** ਅ. ਅੰਤ ਕੋ।

**ਆਖੁ ਮਸੋਲਾ** ਵਾ. ਕਹਿਆ ਹੈ ਮਸਲਾ, ਯਥਾ- ਮਾਸ ਪੁਰੀ ਵਿਚਿ ਆਖੁ ਮਸੋਲਾ।

**ਆਖੂੰ ਆਖਾਂ** ਗੁ. ਸਦਾ ਸਦਾ ਮੈਂ ਕਹਾਂ ਹੀ ਕਹਾਂ।

**ਆਖੇੜ ਬਿਰਤਿ** ਦੇ. ਸਿਕਾਰ ਕੀ ਖੇਲ, ਯਥਾ- ਆਖੇੜ ਬਿਰਤਿ ਰਾਜਨ ਕੀ ਲੀਲਾ।

**ਆਗ** ਦੇ. ਅਗਨੀ, ਆਗ੍ਯਾ ਮੇਂ।

**ਆਗੰਜਤ** ਗੁ. ਨਾ ਨਾਸ ਹੋਨੇ ਵਾਲਾ, ਯਥਾ- ਆਗੰਜਤ ਪਾਗਾ। ਅਬਿਨਾਸੀ ਮੋ ਪਾਗੇ ਗਏ ਹੈਂ।

**ਆਂਗਣਿ** ਸੰ. ਮੰਦਰ ਕੇ ਚੌਕ ਮੇਂ, ਵੇੜੇ ਮੇਂ ਭਾਵ ਸੇ ਸਰੀਰ ਮੰਦਰ ਕੇ ਅੰਤ੍ਰ ਹਿਰਦੇ ਮੇਂ, ਯਥਾ- ਆਂਗਣਿ ਧੂੜਿ ਲੁਤੇ।

**ਆਗਤ** ਸੰ. ਆਯਾ।

**ਆਗਨਿ** ਦੇ. ਘਰ ਕੇ ਵੇੜੇ ਮੇ, ਸਹਨ ਮੇ, ਯਥਾ- ਪਾਰਜਾਤੁ ਘਰਿ ਆਗਨਿ ਮੇਰੈ।

**ਆਗਮ** ਸੰ. ਆਗਮਨ ਭਾਵ ਆਉਨਾ, ਯਥਾ- ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ। ਪ੍ਰਾਪਤੀ ਜੈਸੇ ਧਨਾਗਮ ਉਤਪਤੀ ਜੈਸੇ ਸੰਸਾਰ ਆਗਮਾ ਪਾਈ ਹੈ ਅਰਥਾਤ ਉਤਪਤੀ ਬਿਨਾਸ ਵਾਲਾ ਹੈ। ਸਾਮਾਦਿਕ ਨੀਤੀ ਕੇ ਉਪਾਯ ਜਿਨ ਕਰ ਪੁਰਖ ਰਾਜਯ ਕੀ ਰਛਾ ਕੋ ਪ੍ਰਾਪਤ ਹੋਤਾ ਹੈ। ਵੇਦ, ਯਥਾ- ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ। ਵੇਦ ਮੇ ਗ੍ਯਾਨ ਕੀ ਸਾਧਨਤਾ ਸੇ ਆਗਮ ਸਬਦ ਕਹ੍ਯਾ ਹੈ। ਤਾ ਕੇ ਸਾਧਨ ਸਾਸਤ੍ਰ ਭੀ ਹੈ ਯਾਤੇ ਤਿਨ ਕਾ ਨਾਮ ਭੀ ਆਗਮ ਹੈ। ਸੰਮੋਹਨਾਦਿ ਤੰਤ੍ਰ ਗ੍ਰੰਥ ਜਿਸ ਕਾ ਅਖਰਾਨੁਸਾਰੀ ਯਹ ਅਰਥ ਹੈ। ਆ- ਸਿਵਜੀ ਕੇ ਮੁਖ ਸੇ ਆਕਰ, ਗ- ਪ੍ਰਾਪਤ ਜੋ ਹੂਆ ਪਾਰਬਤੀ ਕੇ ਕਾਨੋ ਮੇ, ਮ- ਮਤ ਵਾਸੁਦੇਵ ਕਾ ਤਿਸ ਕਾ ਨਾਮ ਆਗਮ ਹੈ ਅਥਵਾ ੧. ਉਤਪਤਿ ੨. ਪ੍ਰਲਯ ੩. ਦੇਵਨ ਕਾ ਪੂਜਨ ੪. ਨਿਖਲ ਮੰਤ੍ਰੋਂ ਕਾ ਸਾਧਨ ੫. ਪੁਨਹਚਰਣ ੬.

ਖਟ ਕਰਮੋ ਕੇ ਸਾਧਨ, ੭. ਧਯਾਨਯੋਗ, ਇਨ ਸਾਤ ਲਖਣੋ ਵਾਲੇ ਗ੍ਰੰਥੋ ਕਾ ਨਾਮ ਆਗਮ ਤੰਤ੍ਰ ਵਾਲੇ ਲੋਗ ਕਹੇ ਹੈਂ। ਪ੍ਰਮਾਣੋ ਸੇ ਸਿਧ ਹੋਵੇਂ, ਲੋਕ ਪਰਲੋਕ ਮੇ ਭਲਾ ਕਰੇਂ, ਐਸੇ ਯਥਾਰਥ ਵਕਤਾ ਪੁਰਖੋ ਕੇ ਰਚੇ ਗ੍ਰੰਥੋ ਕਾ ਨਾਮ ਭੀ ਆਗਮ ਹੈ ; ਸੰਦੇਹ ਵਾਲੀ ਵਸਤੁ ਕੀ ਲਿਖਾਵਟਾ ; ਪ੍ਰਕ੍ਰਿਤਿ ਪ੍ਰਤਯਯ ਕੇ ਬੀਚ ਹੋਨੇ ਵਾਲਾ ਵਿਕਰਣ ਜਿਸ ਕੋ ਬਯਾਕਰਣ ਵਾਲੇ ਆਗਮ ਕਹਤੇ ਹੈਂ ਵਹੁ ਭੀ ਆਗਮ ਹੈ।

**ਆਗਰ** ਗੁ. ਮੁਖ ਕੇ ਅਗ੍ਰ ਭਾਗ ਸੇ, ਯਥਾ- ਬੋਲਹਿ ਮੁਖ ਆਗਰ। ਆਕਰ, ਯਥਾ- ਰਤਨਾਗਰ।

**ਆਗਲ** ਦੇ. ਬਹੁਤ।

**ਆਗਲ ਭਾਰਾ** ਗੁ. ਅਹੰਕਾਰ ਰੂਪ ਬਹੁਤਾ ਬੋਝ, ਯਥਾ- ਬਹੁਤੁ ਸਿਆਣਪ ਆਗਲ ਭਾਰਾ।

**ਆਗਲੜਾ** ਪੰ. ਬਹੁਤਾ ਅਰਥਾਤ ਅਨੇਕ ਜਨਮੋਂ ਕਾ, ਯਥਾ- ਮਾਇਆ ਮੋਹੁ ਮਨਿ ਆਗਲੜਾ। ਸਨਮੁਖ, ਯਥਾ- ਆਗਲੜੈ ਮੈ ਰਹਣੁ ਨ ਜਾਇ।

**ਆਗਾਜਾ** ਦੇ. ਪ੍ਰਗਟ ਹੋਨਾ, ਯਥਾ- ਜਿਹਵਾ ਧੁਨਿ ਆਗਾਜਾ। ਜਿਹਬਾ ਸੇ ਧੁਨੀ ਕਾ ਪ੍ਰਗਟ ਹੋਨਾ। ਫਾ. ਅਗਾਜ।

**ਆਗਿਓ** ਦੇ. ਆਗ੍ਯਾ।

**ਆਗਿਆ** ਦੇ. ਹੁਕਮ, ਯਥਾ- ਹਰਿ ਆਗਿਆ ਹੋਏ ਬੇਦ। ਪ੍ਰਮੇਸ੍ਰ ਕਾ ਹੁਕਮ ਰੂਪ ਭਏ ਵੇਦ ਜਿਨਹੁ ਨੇ ਜੀਵੋਂ ਕੇ ਉਤਮ ਅਧਮ ਫਲੋ ਕੇ ਲਾਭ ਹੇਤ ਪਾਪ ਪੁੰਨ ਕਰਮ ਕਾ ਬਿਚਾਰ ਕੀਆ। ਸੰ. ਆਗ੍ਯਾ। ਪੁਨਾ- ਆਗਿਆ ਮਾਨਿ ਸੁਖੁ ਪਾਇਆ।

**ਆਗਿਆਕਾਰੀ** ਸੰ. ਆਗਯਾਨੁਸਾਰ ਕਾਮ ਕਰਨੇ ਵਾਲਾ, ਹੁਕਮ ਮਾਨਨੇ ਵਾਲਾ, ਯਥਾ- ਆਗਿਆਕਾਰੀ ਬਪੁਰਾ ਜੀਉ।

**ਆਗੂ** ਦੇ. ਮੁਖੀਆ ; ਉਪਦੇਸ ਦਾਤਾ ਗੁਰੂ, ਯਥਾ- ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ। ਪੁਨਾ- ਐਸਾ ਆਗੂ ਜਾਪੈ। ਸੰ. ਅਗ੍ਰਣੀ।

**ਆਗੇ** ਦੇ. ਪ੍ਰਲੋਕ ਕੋ, ਯਥਾ- ਆਗੇ ਕਉ ਕਿਛੁ ਤੁਲਹਾ ਬਾਂਧਹੁ।

**ਆਗੇ ਪਾਛੇ** ਵਾ. ਲੋਕ ਪਰਲੋਕ।

**ਆਗੈ ਆਪੁ** ਗੁ. ਪ੍ਰਲੋਕ ਮੇ ਆਪ ਹੈ।

**ਆਘੀਜਾ** ਗੁ. ਅਘਾਇਆ, ਯਥਾ- ਤ੍ਰਿਪਤਿ ਰਹੇ ਆਘੀਜਾ ਹੇ।

**ਆਘੁਲੇ** ਗੁ. ਤ੍ਰਿਪਤ ਹੋਤੇ ਹੈਂ।

**ਆਘੂ** ਦੇ. ਸਿੰ. ਆਗੇ, ਯਥਾ- ਆਘੂ ਆਘੇ ਸਲਵੇ।

**ਆਚਾਰ** ਸੰ. ਧਰਮ ਸਾਸਤ੍ਰੋਂ ਮੇ ਵਿਧਾਨ ਕਰੀ ਸਨਾਨ ਦਾਨਾਦਿਕ ਉਤਮ ਕ੍ਰਿਆ, ਯਥਾ- ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ। ਐਸੇ ਗੁਰੂ ਬਾਹਰ ਕੇ ਸਾਧਨੋ ਕੋ ਨਿਕੰਮੇ ਕਹੇਂ ਹੈਂ। ਯਾਤੇ ਜੋ ਬਾਹਰ ਸਾਧਨੋ ਕੋ ਮੁੱਖ ਧਰਮ ਕਹੇ ਹੈਂ ਸੋ ਅਲਪ ਵਿਚਾਰ ਵਾਲੇ ਹੈਂ। ਇਨ ਕਾਮੋ ਮੇ ਰੱਤੇ ਜੀਵੋਂ ਕੀ ਅੰਤਰ ਮੈਲ ਨ ਉਤਰੇ ਮਨ ਕੀ ਮੈਲ ਨਹੀ ਉਤਰਤੀ।

**ਆਚਾਰੀ** ਸੰ. ਆਚਾਰ ਵਾਲਾ। ਦੇ. ਆਚਾਰੋ ਸੇ, ਯਥਾ- ਆਚਾਰੀ ਨਹੀ ਜੀਤਿਆ ਜਾਇ।

**ਆਚੁ** ਦੇ. ਅਗਨ ਕੇ ਸੇਕ ਸੇ, ਯਥਾ- ਆਚੁ ਕਾਚੁ ਢਰਿ ਪਾਂਹੀ। ਜੈਸੇ ਕਾਚ ਅਗਨੀ ਕੇ ਸੇਕ ਸੇ ਢਲ ਪਰੇ ਹੈਂ ਤੈਸੇ ਕਾਲ ਆਗੇ ਦੇਹ ਕੀ ਦਸਾ ਹੈ।

**ਆਛਤ** ਗੁ. ਥਾ, ਯਥਾ- ਰੇ ਨਰ ਗਰਭ ਕੁੰਡਲ ਜਬ ਆਛਤ।

**ਆਛੈ** ਦੇ. ਹੈ, ਯਥਾ- ਤੇਲੀ ਕੈ ਘਰ ਤੇਲੁ ਆਛੈ। ਸੁੰਦਰ, ਯਥਾ- ਆਛੈ ਕਮਲ ਅਨੂਪ। ਸੁੰਦਰ ਦੈਵ ਸੰਪਦ ਕੇ ਗੁਣ ਹੈਂ। ਇਛੇ ਅਰਥਾਤ ਚਾਹੇ, ਯਥਾ- ਦਰਸਨ ਨਾਮ ਕਉ ਮਨੁ ਆਛੈ। ਪਿਆਰੇ ਕੇ ਦਰਸਨ ਔ ਤਾ ਕੇ ਨਾਮ ਸਿਮਰਨ ਕੋ ਮਨ ਚਾਹੇ ਹੈ। ਪੁਨਾ- ਸੁਰਗ ਨ ਆਛਹਿ। ਸੁਰਗ ਕੀ ਚਾਹ ਨਹੀਂ ਕਰਤੇ।

**ਆਛੋਪ** ਪੰ. ਅਛੋਹ, ਨਾ ਸਪਰਸ ਯੋਗਯ, ਅਪਵਿਤ੍ਰ, ਯਥਾ- ਤਾਸ ਕੀ ਜਾਤਿ ਆਛੋਪ ਛੀਪਾ।

**ਆਜ** ਦੇ. ਵਰਤਮਾਨ ਦਿਨ ਮੇਂ, ਯਥਾ- ਆਜੁ ਹਮਾਰੈ ਮਹਾ ਅਨੰਦ। ਸੰ. ਅਦਯ। ਆਯੁਧ, ਯਥਾ- ਹਰਨਾਖਸ ਫਾਰੇ ਕਰ ਆਜ। ਨਰਸਿੰਘ ਅਵਤਾਰ ਨੇ ਕਰ ਆਯੁਧ ਅਪਨੇ ਨਖੋ ਕੀ ਨਹਦਾਂ ਸੇ ਹਰਨਾਖਸ ਫਾਰਿਆ।

**ਆਜਾਣੰਤਾ** ਗੁ. ਨਾ ਜਾਣਤਾ।

**ਆਂਜੈ** ਗੁ. ਜੋ ਜੋ ਪਦਾਰਥੋ ਕੀ ਸੁੰਦਰਤਾ ਵਾ ਕਾਂਤੀ ਦਿਖਾਈ ਪੜੇ ਹੈ ਸੋ ਸਭ ਦੀਸੇ ਹੈ ਕਾਲ ਕੇ ਬਸ ਹੋਨੇ ਵਾਲੀ। ਤਾਂਤੇ ਦ੍ਰਿਸਯ ਓਰ ਪ੍ਰੇਮ ਛੋਡ ਕੇ ਪ੍ਰਮੇਸ੍ਰ ਨਾਮ ਕੋ ਯਾਦ ਕਰੋ, ਯਥਾ- ਜੋ ਆਂਜੈ ਸੋ ਦੀਸੈ ਕਾਲਿ।

**ਆਂਟ** ਗੁ. ਸੰਧਯਾ ਕਾਲ ਮੇ ਕੁੰਭਕ ਕਰਨ ਸਮੇ ਜੋ ਨਾਕ ਕੀ ਸੱਜੀ ਓਰ ਅੰਗੂਠਾ ਖੱਬੀ ਓਰ ਦੋ ਅੰਗਲੀ ਲਗਾਵੇ ਹੈਂ ਉਸ ਕਾ ਨਾਮ ਆਂਟ ਹੈ, ਯਥਾ- ਆਂਟ ਸੇਤੀ ਨਾਕੁ ਪਕੜਹਿ। ਸੰਧਯਾ ਕਰਨ ਸਮੇ ਪ੍ਰਾਣਾਯਾਮ ਕਾਲ ਮੇ, ਅੰਗੂਠੇ ਸਮੀਪ ਕੀ ਦੋ ਅੰਗੁਲੀਓ ਸੇ ਖੱਬਾ ਸੁਰ ਬੰਦ ਕਰ। ਦ੍ਵਾਦਸ ਵਾਰ ਓਂ ਜਪਤੇ ਸੱਜੇ ਸੁਰ ਸੇ ਪੂਰਕ ਕਰੇ ਹੈਂ। ਪੂਰਕ ਕਰ ਪੀਛੇ ਸੇ ਨਾਕ ਕੇ ਸੱਜੇ ਪਾਸੇ ਅੰਗੂਠਾ ਲਾਇ। ਭੀਤਰ ਦ੍ਵਾਦਸ ਵਾਰ ਓਂ ਜਪਤੇ ਸ੍ਵਾਸ ਕਾ ਠਹਰਾਵਨਾ ਰੂਪ ਕੁੰਭਕ ਕਰੇ ਹੈਂ। ਕੁੰਭਕ ਕੇ ਪੀਛੇ ਨਾਕ ਕੀ ਖੱਬੀ ਓਰ ਲਾਈ ਅੰਗੁਲੀਓ ਕੋ ਉਠਾ ਕਰ। ਦ੍ਵਾਦਸ ਵਾਰ ਓਂ ਕਹਤੇ ਸ੍ਵਾਸ ਕਾ ਬਾਹਰ ਨਿਕਾਸਨਾ ਰੂਪ ਰੇਚਕ ਕਰੇ ਹੈਂ। ਇਨ ਤੀਨੋਂ ਮੇਂ ਪੂਰਕ ਸਮੇ ਨਾਕ ਕੀ ਖੱਬੀ ਓਰ ਸੱਜੇ ਹਾਥ ਕੀ ਦੋ ਅੰਗੁਲੀ ਰਹਤੀ ਹੈਂ। ਰੇਚਕ ਸਮੇ ਨਾਕ ਕੇ ਸੱਜੀ ਓਰ ਅੰਗੂਠਾ ਰਹਤਾ ਹੈ। ਕੁੰਭਕ ਸਮੇ ਖੱਬੀ ਓਰ ਉਂਗਲੀਆਂ ਸੱਜੀ ਓਰ ਅੰਗੂਠਾ ਰਹਤਾ ਹੈ। ਇਨ ਅੰਗੁਲੀ ਅੰਗੂਠੇ ਕਾ ਨਾਮ ਈਹਾਂ

ਆਂਟ ਹੈ, ਜਿਸ ਸਾਥ ਕੁੰਭਕ ਕਾਲ ਮੇਂ ਸੱਜੇ ਹਾਥ ਸੇ ਪਦਮਾਸਨ ਲਗਾ ਕਰ ਨਾਕ ਪਕੜੇ ਹੈਂ। ਕਪਟ ਕੀ ਸੰਧ੍ਯਾ ਕੇ ਨਿਖੇਧ ਮੇ ਤਾਤਪਰਜ ਹੈ।

**ਆਂਟ ਸੇਤੀ** ਵਾ. ਸਜੇ ਹਾਥ ਕੇ ਅੰਗੂਠੇ ਔ ਅੰਗੂਠੇ ਸਮੀਪੀ ਦੋ ਅੰਗੁਲੀਓਂ ਸੇ, ਯਥਾ- ਆਂਟ ਸੇਤੀ ਨਾਕੁ ਪਕੜਹਿ।

**ਆਟਾ** ਦੇ. ਚੂਨ, ਪੀਸਾਨ, ਯਥਾ- ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ। ਫਾ. ਆਰਦ।

**ਆਡੰਬਰੁ** ਸੰ. ਹਰਖ, ਪ੍ਰਸੰਨਤਾ ; ਗਰਬ ; ਭੇਰੀ ਆਦਿਕੋਂ ਕੀ ਧੁਨੀ ; ਆਰੰਭ, ਯਥਾ- ਮੁਚੁ ਅਡੰਬਰੁ। ਨੇਤ੍ਰ ਕੇ ਰੋਮ ; ਬੱਦਲ ਕੀ ਗਰਜ।

**ਆਂਡਾ** ਦੇ. ਪੰਖੀ ਸਰਪਾਦਿਕੋ ਕੇ ਆਂਡੇ ਤੁਲਯ ਭਰਮ ਕੀ ਗੱਠ ਅਰਥਾਤ ਚਿਤ ਜੜ ਕਾ ਅਭੇਦ ਮਾਨਨਾ ਰੂਪ ਬਿਪਰਯੇ ਕੀ ਗਾਂਠ, ਯਥਾ- ਫੂਟੋ ਆਂਡਾ ਭਰਮ ਕਾ।

**ਆਡਾਣੇ** ਪੰ. ਅੜੇ ਹੂਏ ਅਰਥਾਤ ਚੰਦੋਏ ਵਤ ਤਣੇ ਹੂਏ, ਯਥਾ- ਭੈ ਵਿਚਿ ਆਡਾਣੇ ਆਕਾਸ। ਅਡਣਾ ਪੰਜਾਬ ਮੇਂ ਫੈਲਾਨੇ ਕਾ ਨਾਮ ਹੈ ਤਾ ਸੇ ਆਡਾਣੇ ਬਨਾ ਹੈ। ਆਕਾਸ ਚੰਦੋਏ ਵਤ ਫੈਲਾ ਹੂਆ ਹੈ ਇਸ ਲੀਏ ਆਡਾਣੇ ਆਕਾਸ ਕਾ ਬਿਸੇਖਣ ਕਹਯਾ ਹੈ।

**ਆਡੀ** ਦੇ. ਪ੍ਰ. ਟੇਡੀ ਖਾਈ ਜੋ ਜੰਗ ਸਮੇ ਗੋਲੀ ਬਾਣ ਕੀ ਮਾਰ ਬਚਾਵਨੇ ਹੇਤ ਬਡੀ ਗਹਰੀ ਖਾਈ ਖੋਦੀ ਜਾਤੀ ਹੈ। ਜਿਸ ਕਾ ਨਾਮ ਪੰਜਾਬ ਮੇ ਛੱਵੀ ਪ੍ਰਸਿਧ ਹੈ। ਤਿਸ ਕੇ ਤੁਲਯ ਈਹਾ ਮਾਯਾ ਹੈ, ਯਥਾ- ਆਡੀ ਪਰਬਲ ਮਾਇਆ।

**ਆਢ** ਦੇ. ਧਨੀ ਪੁਰਖ, ਯਥਾ- ਧਨਾਢਿ ਆਢਿ। ਬਡੇ ਧਨੀ ਵਾ ਧਨੀਓਂ ਮੇਂ ਧਨੀ। ਏਕ ਕੌਡੀ ਕਾ, ਯਥਾ- ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ। ਏਕ ਕੌਡੀ ਕਾ ਛੀਬਾ ਲਾਖੋ ਕਾ ਹੋ ਗਯਾ ਅਰਥਾਤ ਸਰਬਥਾ ਸਮਰਥਹੀਨ ਪੂਰਾ ਸਮਰਥ ਹੋ ਗਯਾ।

**ਆਢਲਿ** ਗੁ. ਆਸਰੇ। ਵਾਸਤਵ ਸੇ ਆਢ ਪਦ ਕਾ ਯੁਕ੍ਤ ਭੀ ਅਰਥ ਹੈ। ਯਾਤੇ ਓਤ ਪੋਤ ਰਵਿਆ ਰੂਪ ਰੰਗ ਪਾਠ ਸੇ ਜਿਸ ਪਰਮੇਸ੍ਵਰ ਕੇ ਯੁਕ੍ਤ ਅਰਥਾਤ ਸਾਥ ਮਿਲੇ ਸਭੀ ਪਦਾਰਥ ਹੈਂ ਵਹੁ ਹਰਿ, ਯਥਾ- ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ।

**ਆਢਿ ਦਾਮ** ਦੇ. ਏਕ ਕੌਡੀ ਕਾ, ਯਥਾ- ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ। ਏਕ ਕੌਡੀ ਕਾ ਛੀਪਾ ਲਾਖੋ ਕਾ ਹੋ ਗਯਾ। ਦਾਮ ਦੋ ਕੌਡੀ ਕਾ ਨਾਮ ਹੈ ਉਸ ਕਾ ਆਧਾ ਏਕ ਕੌਡੀ ਕਾ ਨਾਮ ਇਸ ਪ੍ਰਕਾਰ ਸਿਧ ਹੋਤਾ ਹੈ ਬਣੀਯੇ ਧੇਲਾ ਸਾਢੇ ਬਾਰਾ ਦਾਮ ਪੈਸੇ ਕੇ ਪਚੀ ਦਾਮ ਬੋਲਤੇ ਹੈ ਜਿਸ ਕੇ ਬਾਰਾ ਗੰਡੇ ਬਨ ਦੋ ਕੌਡੀ ਹੀ ਬਨਤੀ ਹੈ।

**ਆਣਗੁ** ਗੁ. ਲਯਾਵੇਗਾ, ਯਥਾ- ਆਣਗੁ ਰਾਸਿ।

**ਆਣੀ** ਦੇ. ਲਯਾਈ, ਯਥਾ- ਜਾਹਰਨਵੀ ਤਪੈ ਭਾਗੀਰਥਿ ਆਣੀ। ਜਾਹ੍ਨਵੀ ਤਪੱਸੀ ਭਗੀਰਥ ਨੇ ਲਿਆਣੀ।

**ਆਣੇ** ਗੁ. ਲਯਾਵੇ, ਯਥਾ- ਜਿ ਕਿਸੈ ਆਣੇ ਰਾਸਿ। ਲਿਆ ਕਰ, ਯਥਾ- ਧਰਿਆ ਆਣਿ ਮਉਜੂਦੁ। ਸੁਗੰਦ, ਯਥਾ- ਕਹਤ ਨਾਮਦੇਉ ਤਾ ਕੀ ਆਣਿ।

**ਆਤਸ** ਫਾ. ਅਗਨ ਦ੍ਵੈਤ ਰੂਪ, ਯਥਾ- ਆਤਸ ਦੁਨੀਆ ਖੁਨਕ ਨਾਮੁ ਖੁਦਾਇਆ।

**ਆਤਸੜੀ** ਪੰ. ਮੁ. ਆਤਸ ਮੇ, ਯਥਾ- ਆਤਸੜੀ ਮੰਝਿ ਨੈਣੂ। ਜੈਸੇ ਆਗ ਮੈ ਪਾਇਆ ਮਖਣ ਨਾਸ ਹੋਵੇ ਹੈ ਐਸੇ ਕਾਲ ਕੇ ਆਗੇ ਸਭ ਕੀ ਦਸਾ ਹੈ।

**ਆਤਪ** ਸੰ. ਧੁਪ।

**ਆਤਪਤ੍ਰ** ਦੇ. ਧੁਪ ਸੇ ਰਛਾ ਕਰਨੇ ਵਾਲਾ ਛਤ੍ਰ, ਯਥਾ- ਸਿਰਿ ਆਤਪਤ੍ਰ।

**ਆਤਮ ਸਿਉ** ਦੇ. ਮਨ ਸਾਥ, ਯਥਾ- ਆਤਮ ਸਿਉ ਰਾਂਉ।

**ਆਤਮ ਕਉ** ਦੇ. ਨਿਜ ਮਨ ਕੋ, ਯਥਾ- ਜੋ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ।

**ਆਤਮ ਘਾਤੀ** ਸੰ. ਅਪਨੇ ਸਰੀਰ ਕਾ ਆਪ ਨਾਸ ਕਰਨੇ ਵਾਲਾ, ਯਥਾ- ਆਤਮ ਘਾਤੀ ਹੈ ਜਗਤ ਕਸਾਈ। ਪੁਨਾ- ਨਾਮੁ ਨ ਜਪਹਿ ਤੇ ਆਤਮ ਘਾਤੀ।

**ਆਤਮ ਜਿਣੈ** ਮਿ. ਮਨ ਕੇ ਸੁਭਾਵੋਂ ਕੋ ਜੀਤ ਲੇਵੇ।

**ਆਤਮੁ ਜੀਤਾ** ਗੁ. ਮਨ ਕੋ ਜਿਤਯਾ ਹੈ, ਯਥਾ- ਆਤਮੁ ਜੀਤਾ ਗੁਰਮਤੀ। ਪੁਨਾ- ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ।

**ਆਤਮ ਤ੍ਰਿਬਿਧ** ਗੁ. ਸਤੋਗੁਣੀ ਰਜੋਗੁਣੀ ਤਮੋਗੁਣੀ ਭੇਦ ਸੇ ਤੀਨ ਪ੍ਰਕਾਰ ਕੇ ਜੀਵ।

**ਆਤਮ ਦ੍ਰਵੈ** ਗੁ. ਅੰਤਹਕਰਣ ਦ੍ਰਵੈ।

**ਆਤਮ ਦਾਨੁ** ਸੰ. ਅਪਨੇ ਸ੍ਵਰੂਪ ਕਾ ਦਾਨ, ਯਥਾ- ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ।

**ਆਤਮ ਦੇਉ** ਦੇ. ਦੇਹ ਰੂਪ ਮੰਦਰ ਮੇਂ ਅਪਨਾ ਆਪ ਰੂਪ ਦੇਵਤਾ, ਯਥਾ- ਆਤਮ ਦੇਉ ਦੇਉ ਹੈ ਆਤਮੁ।

**ਆਤਮ ਦੇਵ** ਗੁ. ਅੰਤਾਕਰਣ ਈਸ੍ਵਰ ਮੇ, ਯਥਾ- ਸੁਨਿ ਸੁਨਿ ਆਤਮ ਦੇਵ ਹੈ ਭੀਨੇ। ਆਤਮਦੇਵ ਦੇਵ ਹੈ ਆਤਮ ਇਸ ਤੁਕ ਮੇ ਦੇਵ ਈਸ੍ਵਰ ਕਾ ਨਾਮ ਹੈ ਤਿਸ ਵਿਖੇ ਨਾਨਾ ਗ੍ਰੰਥੋਂ ਸੇ ਮਹਾਤਮ ਸ੍ਰਵਣ ਕਰ ਹਮਾਰਾ ਅੰਤਾਕਰਣ ਭੀਗ ਗਯਾ ਹੈ।

**ਆਤਮ ਧ੍ਰਾਪ** ਗੁ. ਮਨ ਤ੍ਰਿਪਤ ਹੂਆ।

**ਆਤਮ ਪਸਾਰਾ** ਦੇ. ਆਪਣੇ ਪਸਾਰੇ ਰੂਪ ਸੰਸਾਰ ਕੇ, ਯਥਾ- ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।

**ਆਤਮ ਰਖ੍ਯਾ** ਸੰ. ਗੌਣ ਆਤਮਾ ਪੁਤ੍ਰਾਦਿਕੋਂ ਕੀ ਰਛਾ, ਯਥਾ- ਆਤਮ

ਰਖ੍ਯਾ ਗੋਪਾਲ ਸੁਆਮੀ।

**ਆਤਮ ਰਤੰ** ਸੰ. ਦੇਹਾਦਿਕੋ ਮੇ ਪ੍ਰੇਮ, ਯਥਾ- ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ।

**ਆਤਮ ਰਾਮ** ਸੰ. ਜੀਵ ਈਸ ਰੂਪ ਹੈ ਈਸ ਜੀਵ ਰੂਪ ਹੈ, ਯਥਾ- ਆਤਮ ਰਾਮੁ ਰਾਮੁ ਹੈ ਆਤਮ। ਪੁਨਾ- ਜਬ ਨਹੀ ਚੀਨਸਿ ਆਤਮ ਰਾਮ।

**ਆਤਮਾ** ਸੰ. ਦੇਹ, ਯਥਾ- ਆਤਮ ਜਉ ਨਿਰਮਾਇਲੁ ਕੀਜੈ। ਇੰਦ੍ਰਯ ; ਪ੍ਰਾਣ ; ਮਨ, ਯਥਾ- ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ। ਬੁਧਿ ; ਸ੍ਵਰੂਪ ; ਯਤਨ ; ਸੂਰਜ ; ਅਗਨਿ ; ਵਾਯੂ ; ਜੀਵ ; ਬ੍ਰਹਮ ; ਜਿਸ ਮੇ ਕੇਵਲ ਮੈਂ ਕਥਨ ਹੋਵੇ ਸੋ ਮੁੱਖ ਆਤਮਾ। ਜਿਸ ਮੇ ਕਬੀ ਮੈਂ ਕਬੀ ਮੇਰਾ ਕਥਨ ਹੋਵੇ ਸੋ ਗੌਣ ਆਤਮਾ। ਜਿਸ ਮੇ ਕੇਵਲ ਮੇਰਾ ਕਥਨ ਹੋਵੇ ਸੋ ਅਨਾਤਮਾ ਯਹ ਸਿਧਾਂਤ ਹੈ। ਬਿਨਾ ਬਿਚਾਰੇ ਮੈਂ ਕਥਨ ਦੇਹਾਦਿਕ ਮੇ ਹੋਵੇ ਹੈ ਇਸ ਲੀਏ ਅਨੇਕਵਾਦੀਓ ਨੇ ਇਤਨੇ ਮਾਤ੍ਰ ਚਿੰਨ ਸੇ ਦੇਹਾਦਿਕੋ ਕੋ ਆਤਮਤਾ ਅੰਗੀਕਾਰ ਕਰੀ ਹੈ ਜੈਸੇ ਮੈਂ ਗੋਰਾ, ਮੈਂ ਕਾਲਾ, ਮੈਂ ਬ੍ਰਾਹਮਣ, ਮੈ ਛਤ੍ਰੀ ਆਦਿਕ ਦੇਹ ਮੇ ਕਹ੍ਯਾ ਜਾਵੇ ਹੈ। ਯਾਤੇ ਦੇਹ ਆਤਮਾ ਹੈ। ਯਹ ਨਿਖਲ ਵਿਦ੍ਯਾਹੀਨ ਜਨ ਔ ਚਾਰਵਾਕ ਮਤ ਕੇ ਪੁਰਖ ਕਹੇ ਹੈਂ। ਮੈ ਅੰਧਾ, ਕਾਣਾ, ਗੁੰਗਾ, ਬੋਲਾ ਐਸੇ ਇੰਦ੍ਰਯੋ ਮੇ ਮੈ ਕਥਨ ਦੇਖਨੇ ਸੇ ਅੰਧਕਾਣਪਨੇ ਵਾਲੇ ਨੇਤ੍ਰ, ਗੁੰਗਪਨੇ ਵਾਲੀ ਜੀਭ ਬੋਲੇਪਨ ਵਾਲੇ ਸ੍ਰੋਤ੍ਰਾਦਿਕ ਇੰਦ੍ਰ ਯਹੀ ਆਤਮਾ ਹੈ। ਐਸੇ ਇੰਦ੍ਰਯਵਾਦੀ ਕਹੇ ਹੈਂ। ਮੈ ਭੂਖਾ ਪਿਆਸਾ ਐਸੇ ਪ੍ਰਾਣੋ ਮੇ ਮੈ ਕਥਨ ਦੇਖਨੇ ਸੇ। ਔ ਪ੍ਰਾਣ ਰਹਤੇ ਜੀਵਨ ਪ੍ਰਾਣ ਨਿਕਸੇ ਮਰਨਾ ਸਿਧ ਹੋਨੇ ਸੇ। ਪ੍ਰਾਣ ਹੀ ਆਤਮਾ ਹੈ ਐਸੇ ਪ੍ਰਾਣਵਾਦੀ ਮਾਨਤੇ ਹੈਂ। ਮੈ ਸੰਕਲਪਵਾਂਨ ਹੂ ਐਸੇ ਸੰਕਲਪ ਵਾਲੇ। ਮਨ ਮੇ ਮੈ ਕਹਨਾ ਦੇਖਨੇ ਸੇ ਮਨ ਨਹੀ ਆਤਮਾ ਹੈ ਐਸੇ ਮਨਵਾਦੀ ਸੁਨਾਵੇ ਹੈਂ। ਮੈ ਨਿਸਚੇ ਵਾਲਾ ਹੂੰ ਐਸੇ ਨਿਸਚੇ ਸੁਭਾਵ ਵਾਲੀ ਬੁਧੀ ਮੇ ਮੈ ਕਥਨ ਦੇਖਨੇ ਸੇ ਨਦੀ ਜਲ ਦੀਪ ਸਿਖਾ ਵਤ ਖਿਣ ਖਿਣ ਮੇ ਨਈ ਨਈ। ਉਪਜ ਕੇ ਨਾਸ ਹੋਨੇ ਵਾਲੀ ਬੁਧੀ ਹੀ ਆਤਮਾ ਹੈ ਐਸੇ ਵਿਗ੍ਯਾਨਵਾਦੀ ਕਹਤੇ ਹੈਂ ਖਿਣ ਭੰਗਰ ਕੋ ਆਤਮਾ ਮਾਨੇ। ਜੋ ਪਿਛਲੇ ਦਿਨ ਮੇ ਦੇਖੀ ਓਹੀ ਯਹ ਵਸਤੂ ਹੈ। ਐਸਾ ਅਨੁਭਵ ਨਾ ਹੋਨੇ ਸੇ ਦੇਹ ਮੇ ਥਿਰ ਰੂਪ ਹੈ। ਪੁਨਾ- ਦੇਹਾਦਿਕੋ ਸੇ ਭਿੰਨ ਹੋ ਕਰਤਾ ਭੋਕਤਾ ਹੈ ਔ ਦੇਹੋ ਕੇ ਤੁਲ੍ਯ ਪਰਿਮਾਣ ਵਾਲਾ ਹੈ। ਐਸੇ ਜੈਨੀ ਕਹਤੇ ਹੈਂ- ਬਢਨੇ ਘਟਨੇ ਵਾਲੀ ਸਭੀ ਵਸਤੂ ਨਾਸ ਹੋ ਜਾਤੀ ਹੈ ਯਾਤੇ ਦੇਹ ਤੁਲ੍ਯ ਪਰਿਮਾਣ ਵਾਲਾ ਆਤਮਾ ਭੀ ਨਾਸੀ ਹੋਵੇਗਾ। ਨਾਸੀ ਭਏ ਆਤਮਾ ਅਬਿਨਾਸੀ ਬਤਾਵਨੇ ਵਾਲੇ ਬਚਨ ਝੂਠੇ ਹੋਵੇਂਗੇ ਯਾਤੇ ਆਤਮਾ ਦੇਹ ਕੇ ਤੁਲ ਮਾਪ ਵਾਲਾ ਨਹੀ ਨਿਖਲ ਵਸਤੂਓ ਸੇ ਅਤੀ ਸੂਖਮ ਅਣੂਪਰਿਮਾਣ ਵਾਲਾ ਹੈ। ਜਿਸ ਕਾ ਕਬੀ ਨਾਸ ਨਹੀ ਹੋਵੇ ਐਸੇ ਚਾਰੋਂ ਸੰਪ੍ਰਦਾਯੋਂ ਵਾਲੇ ਬੈਸਨੋ ਕਹਤੇ ਹੈਂ। ਇਨ ਲੋਕੋ ਕੇ ਮਤ ਕਾ ਪ੍ਰਤਿਪਾਦਕ ਗੁਰੂ ਬਚਨ ਸੂਖਮ ਤੇ ਸੂਖਮ ਕਰ ਚੀਨੋ ਹੈ। ਸੁਖਪਤੀ ਸਮੇ ਆਤਮਾ ਮੇ ਗ੍ਯਾਨ ਨਾ ਪ੍ਰਤੀਤ ਹੋਨੇ ਸੇ ਸ੍ਵਰੂਪ ਸੇ ਆਤਮਾ ਜੜ ਹੈ। ਜਾਗ੍ਰਤ ਸੁਪਨ ਮੇ ਪੁਰੀ ਤਤੀ ਨਾੜੀ ਸੇ ਬਾਹਰ ਮਨ ਕਾ ਮੇਲ ਹੋ ਤਿਸ ਮੇ ਗ੍ਯਾਨ ਦੇਖਨੇ ਸੇ ਆਤਮਾ ਚੇਤਨ ਹੈ। ਸੋ ਵਿਭੂ ਹੈ ਕਾਹੇ ਤੇ ਸਰੋਵਰ ਮੇ ਅਸਨਾਨ ਕਰਤੇ ਕੋ। ਏਕ ਕਾਲ ਮੇ ਹੀ ਸਰਬ ਅੰਗੋ ਮੇ ਸੀਤਲਪਨੇ ਕਾ ਗ੍ਯਾਨ ਹੋਤਾ ਹੈ ਯਾਤੇ ਅਣੂ ਰੂਪ ਨਹੀ- ਦੇਹ ਤੁਲ ਮਾਨੇ ਬਢਨੇ ਘਟਨੇ ਵਾਲੇ ਕੋ ਨਾਸੀਪਨ ਸਿਧ ਹੋਨੇ ਸੇ। ਦੇਹ ਸਮ ਮਧ੍ਯਮ ਪਰਿਮਾਣ ਵਾਲਾ ਨਹੀ। ਘਟ ਕੇ ਅੰਦਰ ਬਾਹਰ ਆਕਾਸ ਵਤ ਬ੍ਯਾਪਕ ਹੈ। ਯਾਤੇ ਆਕਾਸ ਤੁਲ੍ਯ ਵਿਭੂ ਪਰਿਮਾਣ ਵਾਲਾ ਹੈ। ਐਸੇ ਨ੍ਯਾਯ ਬੈਸੇਖਕ ਮਤੋ ਵਾਲੇ ਮਾਨੇ ਹੈਂ। ਮੈ ਇਛਾ ਕਰਤਾ ਹੂੰ ਮੈ ਜਾਨਤਾ ਹੂ। ਮੈ ਨਹੀ ਜਾਨਤਾ ਐਸੇ ਇਛਾ ਗ੍ਯਾਨ। ਪੁਨਾ ਨਾ ਜਾਨਨਾ ਭਾਨ ਹੋਨੇ ਸੇ ਪਟ ਬੀਜਨੇ ਵਤ। ਆਤਮਾ ਆਧਾ ਜੜ ਆਧਾ ਚੇਤਨ ਮੀਮਾਂਸਾ ਸਾਸਤ੍ਰ ਵਾਲੇ ਮਾਨਤੇ ਹੈਂ। ਏਕ ਵਸਤੁ ਮੇ ਅਵਯਵੋ ਕੇ ਭੇਦ ਬਿਨਾ ਜੜਪਨਾ ਚੇਤਨਪਨਾ ਨਹੀ ਬਨੇ। ਯਾਤੇ ਆਤਮਾ ਸਮਗ੍ਰ ਚੇਤਨ ਰੂਪ ਹੈ। ਪੁਨਾ ਕਬੀ ਨਾਸ ਨ ਹੋਨੇ ਸੇ ਸਤ ਰੂਪ ਹੈ। ਆਨੰਦ ਪ੍ਰਕ੍ਰਿਤਿ ਕੇ ਕਾਰਯ ਸਬਦ ਸਪਰਸਾਦਿ ਵਿਖਯੋਂ ਸੇ ਉਪਜਤਾ ਹੈ। ਬੁਧੀ ਮੇ ਰਹਤਾ ਹੈ ਯਾਤੇ ਪੁਰਖ ਕਾ ਸ੍ਵਰੂਪ ਨਹੀ। ਪੁਨਾ ਪੁਰਖ ਅਸੰਗ ਹੈ ਕੋਈ ਕਾਮ ਨਹੀ ਕਰੇ। ਜੋ ਕੁਛ ਰਚਨਾ ਹੋ ਰਹੀ ਹੈ ਪੁਰਖ ਕੇ ਭੋਗ ਹੇਤ ਪ੍ਰਕਿਤੀ ਕਰੇ ਹੈ ਪੁਰਖ ਤਿਸ ਕੋ ਭੋਗੇ ਹੈ। ਯਾਤੇ ਸਤਚਿਤ ਸ੍ਵਰੂਪ ਹੈ ਆਨੰਦ ਸ੍ਵਰੂਪ ਨਹੀ। ਪੁਨਾ ਭੋਗਤਾ ਮਾਤ੍ਰ ਹੈ ਕਰਤਾ ਨਹੀ। ਅਰ ਬਿਭੂ ਹੈ ਐਸੇ ਆਤਮਾ ਕੋ ਸਾਂਖੀ ਪਾਤੰਜਲੀ ਮਾਨੇ ਹੈਂ- ਪੂਰਬ ਕਹੇ ਮਤੋ ਕਾ ਨਿਚੋੜ ਯਹ ਹੈ ਦੇਹਾਤਮਵਾਦੀ ਸੇ ਲੇ ਵਿਗ੍ਯਾਨਵਾਦੀ ਪ੍ਰਯੰਤ ਸਭੀ ਆਤਮਾ ਕਾ ਨਾਸ ਅੰਗੀਕਾਰ ਕਰੇ ਹੈਂ। ਯਾਤੇ ਯੇ ਤੀਨ ਕਾਲੋ ਮੇ ਨਾ ਨਾਸ ਹੋਨੇ ਵਾਲਾ ਸਤ ਨਹੀ ਮਾਨੇ। ਜੈਨੀ ਭੀ ਬਢਨੇ ਘਟਨੇ ਵਾਲਾ ਮਾਨਤੇ ਹੈਂ। ਯਾਤੇ ਵਹੁ ਮੁਖ ਸੇ ਸਤ੍ਯ ਕਹਤੇ ਭੀ ਵਾਸਤਵ ਸੇਸਾਵਯਵ ਕੋ ਬਿਨਾਸੀ ਸਿਧ ਹੋਨੇ ਸੇ। ਬਿਨਾਸੀ ਹੀ ਮਾਨੇ ਹੈਂ ਬੈਸਨੋ ਸਤਚਿਤ ਆਨੰਦ ਸਰੂਪ ਮਾਨਤੇ ਭੀ ਤਿਸ ਕੋ ਅਣੂ ਕਹਨੇ ਸੇ ਬ੍ਯਾਪਕ ਨਹੀ ਮਾਨੇ। ਨੈਯਾਯਿਕ ਜਾਗ੍ਰਤ ਸ੍ਵਪ੍ਨ ਮੇ ਮਨ ਕੇ ਮੇਲ ਸੇ ਤਾ ਮੇ ਸੁਖ ਕੀ ਔ ਗ੍ਯਾਨ ਕੀ ਉਤਪਤੀ ਮਾਨਤੇ ਭੀ ਆਨੰਦਪਨੇ ਵਾਲਾ ਚੇਤਨਪਨੇ ਵਾਲਾ ਕਹਤੇ ਹੈਂ। ਆਨੰਦ ਸ੍ਵਰੂਪ ਔ ਚੇਤਨ ਸ੍ਵਰੂਪ ਨਹੀ ਮਾਨੇ। ਯਾਤੇ ਸੁਖੁਪਤੀ ਔ ਮੁਕਤੀ ਕਾਲੋ ਮੇ ਸਦਾ ਆਨੰਦ ਰਹਤ ਔ ਜੜ ਸ੍ਵਰੂਪ ਸਿਧ ਕਰਤੇ ਹੈਂ। ਮੀਮਾਂਸਾ ਵਾਲੇ ਸੁਖ ਦੁਖ ਗ੍ਯਾਨ ਇਛਾਦਿ ਧਰਮ ਜੜ ਬਿਨਾ ਨਹੀ ਬਨੇ। ਯਾਤੇ ਆਤਮਾ ਜੜ ਹੈ। ਪੁਨਾ ਸੁਖਾਦਿਕੋ ਕਾ ਪ੍ਰਕਾਸ ਉਜਾਲੇ ਬਿਨਾ ਨਹੀ ਬਨੇ, ਯਾਤੇ ਆਤਮਾ ਉਜਾਲਾ ਰੂਪ ਹੈ ਐਸੇ ਕਹਤੇ ਆਧਾ ਜੜ ਆਧਾ ਚੇਤਨ ਮਾਨੇ ਹੈਂ। ਜੈਸੇ ਪਟਬੀਜਨਾ ਊਪਰ ਸੇ ਅੰਧਕਾਰ ਸ੍ਵਰੂਪ ਹੈ, ਭੀਤਰ ਸੇ ਉਜਾਲਾ ਸ੍ਵਰੂਪ ਹੈ। ਤੈਸੇ ਆਤਮਾ ਭੀ ਜੜ ਚੇਤਨ ਉਭੇ ਰੂਪ ਹੈ। ਨਿਖਲ ਕਰਮੋ ਕੋ ਕਰੇ ਹੈ ਕੀਏ ਪੀਛੇ ਤਿਨ ਕੇ ਫਲੋ ਕੋ ਭੋਗੇ ਹੈ, ਯਾਤੇ

ਕਰਤਾ ਭੋਕਤਾ ਹੈ। ਐਸੇ ਹੀ ਪੂਰਬ ਕਹੇ ਔਰ ਸਭੀ ਵਾਦੀ ਕਰਤਾ ਭੋਕਤਾ ਮਾਨੇ ਹੈਂ। ਸਾਂਖੀ ਐਸੇ ਕਹੇ ਹੈਂ ਆਤਮਾ ਕਾਹੂ ਸੇ ਉਪਜਾ ਨਹੀ, ਯਾਤੇ ਕਾਹੂ ਕਾ ਕਾਰਯ ਨਹੀ। ਆਪ ਕਿਸੇ ਕੋ ਉਪਜਾਤਾ ਨਹੀ ਯਾਤੇ ਕਾਹੂ ਕਾ ਕਾਰਨ ਨਹੀ ਅਰਥਾਤ ਕਾਰਯ ਕਾਰਣ ਭਾਵ ਸੇ ਰਹਿਤ ਅਸੰਗ ਹੈ। ਸੰਪੂਰਣ ਰਚਨਾ ਕੋ ਕਰਨੇ ਵਾਲੀ ਤ੍ਰਿਗੁਣ ਰੂਪ ਪ੍ਰਕ੍ਰਿਤੀ ਹੈ। ਪੁਰਖ ਕੇ ਭੋਗ ਹੇਤ ਦਯਾਲੂ ਪੁਰਖ ਵਤ, ਬਿਨਾ ਅਪਨੇ ਸ੍ਵਾਰਥ ਕੇ ਰਚਨਾ ਕਰੇ ਹੈ। ਯਾਤੇ ਤਿਸ ਕੇ ਕਰੇ ਪਦਾਰਥੋ ਕਾ। ਅਵਿਵੇਕ ਕੇ ਪ੍ਰਤਾਪ ਸੇ ਪੁਰਖ ਭੋਕ੍ਤਾ ਮਾਤ੍ਰ ਹੈ ਕਰਤਾ ਨਹੀ ਪੁਨਾ ਚੇਤਨ ਔ ਸਤ ਰੂਪ ਹੈ ਆਨੰਦ ਸ੍ਵਰੂਪ ਨਹੀ। ਆਨੰਦ ਸਬਦਾਦਿ ਵਿਖਯੋ ਕੇ ਅਕਾਰ ਹੂਈ ਪ੍ਰਕ੍ਰਿਤੀ ਕਾ ਪਰਿਣਾਮ ਹੈ, ਬੁਧਿ ਕਾ ਧਰਮ ਹੈ, ਜੈਸੇ ਇਛਾ ਦ੍ਵੈਖਾਦਿਕ ਸਭ ਬੁਧੀ ਕੇ ਧਰਮ ਹੈਂ ਤੈਸੇ ਆਨੰਦ ਭੀ ਤਿਸੀ ਕਾ ਧਰਮ ਹੈ, ਐਸੇ ਕਹਤੇ ਸਾਂਖੀ ਪਾਤੰਜਲੀ ਆਤਮਾ ਕੋ ਆਨੰਦ ਰੂਪ ਨਹੀ ਮਾਨੈ। ਬੇਦਾਂਤ ਸਾਸਤ੍ਰ ਵਾਲੇ ਕਹਤੇ ਹੈਂ ਸੰਪੂਰਣ ਲੋਕੋ ਕੀ ਨਿਖਲ ਕਾਮੋ ਮੋ ਪ੍ਰਬ੍ਰਿਤੀ ਸੁਖ ਕੇ ਲਾਭ ਔ ਦੁਖ ਕੇ ਨਾਸ ਹੇਤ ਹੋਵੇ ਹੈ, ਬਿਨਾ ਸੁਖ ਕੇ ਲਾਭ ਔ ਦੁਖ ਕੀ ਹਾਨੀ ਚਾਹੇ ਕੋਈ ਕਿਸੇ ਕਾਮ ਕਾ ਆਰੰਭ ਨਹੀਂ ਕਰੇ ਯਾਤੇ ਜੇਕਰ ਆਤਮਾ ਆਨੰਦ ਰੂਪ ਨਾ ਹੋਵੇ ਤਬ ਮੁਕਤੀ ਮੋ ਆਨੰਦ ਕਾ ਲਾਭ ਨਾ ਹੋਨੇ ਸੇ ਤਾ ਕੀ ਪ੍ਰਾਪਤੀ ਹੇਤ ਸੁਖਦਾਈ ਮੰਦ ਕਰਮ ਤਿਆਗ ਕੇ ਪ੍ਰਤਖ੍ ਸਰੀਰ ਕੋ ਦੁਖਦਾਈ ਭਾਨ ਹੋਤੇ ਜਪ ਤਪਾਦਿ ਕਰਤਾ ਹੂਆ ਮੁਕ੍ਤੀ ਕੇ ਪ੍ਰਤਪਾਦਿਕ ਸਾਸਤ੍ਰ ਕਾ ਵਿਚਾਰ ਕੋਈ ਨਾ ਕਰੇਗਾ ਕਿਉਕੇ ਅਰਥ ਕਾਮ ਕੀ ਪ੍ਰਾਪਤੀ ਹੇਤ ਨੀਤਿ ਜੋਤਿਸ ਚਿਕਿਤਸਾ ਮੰਤ੍ਰ ਜੰਤ੍ਰ ਸਕੁਨਾਦਿਕੋਂ ਕੇ ਗ੍ਰੰਥ ਹੈਂ। ਧਰਮ ਕੇ ਲਾਭ ਹੇਤ ਧਰਮ ਸਾਮਤ੍ਰ ਕੇ ਗ੍ਰੰਥ ਹੈਂ। ਮੁਕਤੀ ਕੇ ਲਾਭ ਹੇਤ ਉਤਰਕਾਂਡ ਵੇਦ ਔ ਸਾਸਤ੍ਰ ਸਿਮ੍ਰਿਤੀਆਂ ਪੁਰਾਣ ਇਤਿਹਾਸ ਗ੍ਰੰਥ ਹੈਂ। ਜੇਕਰ ਇਨ ਕੇ ਬਿਚਾਰ ਦ੍ਵਾਰਾ ਉਪਜੇ ਗ੍ਯਾਨ ਸੇ ਮੁਕਤੀ ਕਾਲ ਮੋ ਆਨੰਦ ਨਹੀਂ ਮਿਲਨਾ, ਤਬ ਇਨ ਕੇ ਬਿਚਾਰ ਕਾ ਪਰਿਸ੍ਰਮ ਕਰਨਾ ਪੁਰਖੋ ਕੋ ਬਯਰਥ ਹੋਵੇਗਾ। ਯਾਤੇ ਬੰਧ ਕਾਲ ਮੋ ਸੁਖ ਰੂਪ ਸੇ ਨਾ ਭਾਨ ਹੋਤੇ ਆਤਮਾ ਕਾ ਮੁਕਤੀ ਕਾਲ ਮੋ ਆਨੰਦ ਰੂਪ ਕਰ ਲਾਭ ਪਾਵਨੇ ਹੇਤ ਤਿਸ ਕੋ ਆਨੰਦ ਰੂਪ ਮਾਨਨਾ ਅਵਸ਼ਯ ਚਾਹੀਏ, ਨਾ ਮਾਨੇ ਪੂਰਬ ਕਹੀ ਰੀਤਿ ਸੇ ਮੁਕਤੀ ਪ੍ਰਤਿਪਾਦਕ ਗ੍ਰੰਥੋਂ ਮੇ ਪ੍ਰਬ੍ਰਿਤੀ ਨਾ ਹੋਵੇਗੀ, ਯਾਤੇ ਜੈਸੇ ਆਤਮਾ ਤੀਨੋ ਕਾਲੋ ਮੇ ਹੋਨੇ ਸੇ ਸਤ ਰੂਪ ਹੈ, ਦੇਹ ਮਨ ਇੰਦ੍ਰਯਾਦਿ ਸਰਬ ਕੇ ਪ੍ਰਕਾਸਨੇ ਸੇ ਚਿਤ ਰੂਪ ਹੈ ਤੈਸੇ ਇਸਤ੍ਰੀ ਪੁਤ੍ਰ ਗ੍ਰਿਹ ਖੇਤ੍ਰਾਦਿਕੋ ਸੇ ਪਿਆਰਾ ਹੋਨੇ ਸੇ ਔ ਸੋਏ ਉਠੇ ਕੇ ਮੁਖ ਸੇ ਮੈਂ ਸੁਖੀ ਸੋਯਾ ਸੁਣਨੇ ਸੇ ਸੁਖੁਪਤੀ ਕਾਲ ਮੋ ਭੀ ਸੁਖ ਰੂਪ ਅਰਥਾਤ ਆਨੰਦ ਰੂਪ ਹੈ। ਸੋਈ ਮੁਕਤੀ ਹੈ। ਯਾਤੇ ਜੈਸੇ ਅਗਨਿ ਉਸਨ ਦਾਹਕ ਪ੍ਰਕਾਸਕ ਰੂਪ ਹੈ ਐਸੇ ਜੀਵਾਤਮਾ ਸਚਿਦਾਨੰਦ ਸਰੂਪ ਹੈ ਅਰ ਬ੍ਰਹਮ ਹੀ ਅਵਿਦ੍ਯਾ ਮੋ ਹੋਕਰ ਜੀਵ ਬਨਾ ਹੈ ਤਾ ਸੇ ਰਹਤ ਹੂਆ ਵਹੀ ਸਤਚਿਤ ਆਨੰਦ ਰੂਪ ਬ੍ਰਹਮ ਹੈ। ਸੋਈ ਗੁਰੂ ਜੀ ਨੇ ਕਹਾ ਹੈ- ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।

**ਆਤਮੁ ਚੀਨਿ੍** ਮਿ. ਅਪਨੇ ਆਪ ਕੋ ਜਾਨ ਕੇ, ਯਥਾ- ਆਤਮੁ ਚੀਨਿ੍ ਪਰਮ ਸੁਖੁ ਪਾਇਆ।

**ਆਤਰ** ਦੇ. ਦੁਖੀ। ਸੰ. ਆਰਤ।

**ਆਤਾ** ਦੇ. ਬੰਗਲਾ। ਆਤਮਾ। ਦੇ. ਆਵਤਾ।

**ਆਥਵਣਹੁ** ਦੇ. ਜੰਗਲੀ। ਅਸਤ ਥਾਨ ਤੇ ਲੇ ਉਦੇ ਥਾਨ ਤਾਈ, ਯਥਾ- ਉਗਵਣਹੁ ਤੈ ਆਥਵਣਹੁ।

**ਆਥਿ** ਗੁ. ਧਨ, ਯਥਾ- ਆਥਿ ਹੋਇ ਤਾ ਮੁਗਧੁ ਸਿਆਨਾ। ਸੰ. ਅਰਥ। ਕਹੁ, ਯਥਾ- ਸੁਅਸਤਿ ਆਥਿ ਬਾਣੀ ਬਰਮਾਉ। ਪੁਨਾ- ਭੂਖ ਪਿਆਸੋ ਆਥਿ।

**ਆਥਿਤ੍ ਭਵਨੰ** ਗੁ. ਪਰਾਹੁਨਜੋਂ ਤੁਲਜ ਘਰ ਮੇ ਰਹਤਾ ਹੈ। ਸੰ. ਅਤਿਥਿ ਭਵਨੰ।

**ਆਦਮ** ਅ. ਸਬ ਆਦਮੀਓ ਕਾ ਪਿਤਾ, ਯਥਾ- ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ। ਉਨਿ ਭੀ ਭਿਸਤਿ ਘਨੇਰੀ ਪਾਈ। ਜਬ ਪ੍ਰਮੇਸ੍ਵਰ ਨੇ ਜਬਰਾਈਲ ਕੋ ਆਗ੍ਯਾ ਦੇ ਚਾਰ ਰੰਗ ਕੀ ਖਾਕ ਮਗਵਾਇ ਮਕੇ ਕੇ ਸਮੀਪ ਤਿਸ ਕੀ ਖਾਕੀ ਦੇਹ ਰਚ ਉਸ ਮੇ ਰੂਹ ਕਾ ਪ੍ਰਵੇਸ ਕਰ ਆਦਮ ਕੋ ਬਨਾਯਾ ਅਰ ਉਸ ਕੀ ਪੱਸਲੀ ਸੇ ਹੱਵਾ ਬਨਾਈ। ਰੂਹ ਕੇ ਆਨੇ ਸੇ ਉਠਤੇ ਆਦਮ ਨੇ ਛੀਕਾ ਅਰ ਆਕਾਸਬਾਨੀ ਕੇ ਉਪਦੇਸ ਸੇ ਕਹਾ ਅਲਹਮਦਲਿਲਾ ਸਭ ਸੁਧ ਤਾਰੀਫ ਹੈ ਅਲਾ ਕੇ ਵਾਸਤੇ ਉਸ ਸਮੇ ਅਲਾ ਨੇ ਆਦਮ ਕੋ ਫਰਮਾਯਾ ਬਰਹਮ ਕੁਲਾ ਰਹਮਤ ਪਹੁਚੀ ਅਲਾ ਕੀ ਊਪਰ ਤੇਰੇ ਅਰ ਤੇਰੇ ਬੰਸ ਪੈ। ਆਦਮ ਕੋ ਬਡਾ ਗਯਾਨ ਦੀਆ ਅਰ ਆਗਯਾ ਦੇ ਕਰ ਨੂਰੀ ਫਰਿਸਤਿਓ ਸੇ ਆਦਮ ਕੋ ਸਿਜਦਾ ਕਰਾਇਆ ਔਰ ਸਭ ਨੇ ਕੀਆ। ਨਾਰੀ ਸੈਤਾਨ ਨੇ ਨਾ ਕੀਆ। ਉਲਟਾ ਆਦਮ ਸੇ ਬੈਰ ਬਾਂਧਾ। ਖੁਦਾ ਨੇ ਆਦਮ ਕੋ ਬਹਿਸਤ ਮੇ ਰਹਨੇ ਕੀ ਆਗਯਾ ਦਈ ਅਰ ਕਹਾ ਔਰ ਸਭ ਈਹਾ ਕੇ ਫਲ ਖਾਨੇ ਏਕ ਗੇਹੂੰ ਕੇ ਦਰਖਤ ਕਾ ਨਹੀ ਖਾਨਾ। ਏਕ ਦਿਨ ਸੈਤਾਨ ਗਰੀਬ ਸੂਰਤ ਬਨਾ ਆਦਮ ਕੇ ਪਾਸ ਪਹੁਚ ਰੋਨੇ ਲਗਾ ਆਦਮ ਨੇ ਪੂਛਾ ਕਿਉ ਰੋਤਾ ਹੈ। ਸੈਤਾਨ ਨੇ ਕਹਾ ਤੁਮ ਬਹਿਸਤ ਸੇ ਨਿਕਾਲੇ ਜਾਓਗੇ ਇਸ ਲੀਏ ਤਰਸ ਕਰ ਰੋਤਾ ਹੂੰ। ਮੇਰਾ ਕਹਾ ਮਾਨੋ ਤਬ ਨਾ ਨਿਕਾਸੇ ਜਾਓਗੇ। ਆਦਮ ਨੇ ਕਹਾ ਕਹੋ ਕਿਆ ਮਾਨੇ। ਸੈਤਾਨ ਨੇ ਕਹਾ ਜਿਸ ਸੇ ਤੁਮ ਕੋ ਮਨਾ ਕੀਆ ਵਹੁ ਗੇਹੂ ਕਾ ਫਲ ਖਾਓ। ਆਦਮ ਨੇ ਆਗਯਾ ਭੰਗ ਕਰਨੀ ਬੁਰੀ ਸਮਝ ਕਰ ਨਾ ਮਾਨਾ। ਤਬ ਉਸ ਕੀ ਇਸਤ੍ਰੀ ਹੱਵਾ ਕੋ ਪ੍ਰੇਰ ਕਰ ਤਾ ਸੇ ਕਹਾਇ ਆਦਮ ਕੋ ਖੁਲਾਯਾ। ਖਾਤੇ ਹੀ ਸ੍ਵਰਗ ਕਾ ਵੇਸ ਦੂਰ ਹੋ ਆਦਮ ਸਰਨ ਦੀਪ ਮੈ ਜਮੀਨ ਪੈ ਗਿਰਾ। ਤਹਾ ਰਹਤੇ ਕੀ ਹੱਵਾ ਕੇ ਮੇਲ ਸੇ ਆਦਮੀਓ ਕੀ ਪੈਦਾਯਸ ਹੂਈ। ਆਦਮ ਹੂਏ ਕੋ ਪਾਂਚ ਹਜਾਰ ਬਰਸ ਹੂਆ। ਹਿੰਦੂ ਮਤ ਮੇ ਮਨੁਸਤ ਰੂਪਾਵਤ ਯਵਨ ਮਤ ਮੇ ਆਦਮ ਹੱਵਾ ਸਭ ਕੇ ਪਿਤਾ ਮਾਤਾ ਹੈਂ। ਤੁਕ ਕਾ ਯਹ ਅਰਥ ਹੈ ਜਬ ਪੈਦਾ ਕਰ

ਬਰਹਮ ਕੁਲਾ ਕਹ ਕਰ ਆਦਮ ਕੋ ਸਿਜਦਾ ਕਰਾਤੇ ਕੁਛ ਨਦਰ ਦਿਖਾਈ ਅਪਨੀ ਕਿਰਪਾ ਦ੍ਰਿਸ੍ਰ ਜਾਹਰ ਕਰੀ ਤਬ ਉਸ ਕਿਰਪਾ ਸੇ ਆਦਮ ਨੇ ਭੀ ਸ੍ਵਰਗ ਬਹੁਤ ਕਾਲ ਪਾਇਆ।

**ਆਦਮੀ** ਅ. ਆਦਮ ਕੀ ਉਲਾਦ, ਯਥਾ- ਹਮ ਆਦਮੀ ਹਾਂ ਇਕ ਦਮੀ। ਹਮ ਆਦਮ ਕੀ ਉਲਾਦ ਕੇ ਲੋਕ ਹੈਂ ਇਕ ਦਮ ਕੀ ਜਿੰਦਗੀ ਵਾਲੇ। ਦਮ ਆਯਾ ਜੀਤੇ ਰਹੇ ਨਹੀ ਮੁਰਦੇ ਹਾਂ।

**ਆਦਰੁ** ਸੰ. ਮਾਨ, ਸਤਕਾਰ, ਆਓ ਬੈਠ ਕਹਨਾ, ਯਥਾ- ਆਉ ਬੈਠੁ ਆਦਰੁ ਸੁਭ ਦੇਊ।

**ਆਦਿ** ਸੰ. ਪ੍ਰਥਮ ; ਕਾਰਣ ; ਅਵਯਵ ; ਪ੍ਰਕਾਰ ; ਸਮੀਪਪਨਾ ; ਪੂਰਬ ਹੋਨਾ ; ਆਦਿ ਮੇ ਹੋਨੇ ਵਾਲਾ, ਯਥਾ- ਆਦਿ ਸਚੁ ਜੁਗਾਦਿ ਸਚੁ।

**ਆਦਿ ਲੇ** ਪੰ. ਪਹਲੇ, ਯਥਾ- ਆਦਿ ਲੇ ਭਗਤ ਜਿਤੁ ਲਗਿ ਤਰੇ।

**ਆਦਿਤ** ਗੁ. ਆਇਤਵਾਰ ਮੇ, ਯਥਾ- ਆਦਿਤ ਕਰੈ ਭਗਤਿ ਆਰੰਭ। ਫਾ. ਸੁਭਾਵ, ਜੈਸੇ- ਅਮੁਕੇ ਕੀ ਨੇਕ ਆਦਿਤ ਹੈ।

**ਆਦੇਸੁ** ਸੰ. ਉਪਦੇਸ ਜੈਸੇ ਵੇਦ ਮੇਂ ਅਥਾਦੇਸੋ ਨੇਤਿ ਨੇਤਿ ਕਹਯਾ ਹੈ ; ਬਯਾਕਰਣ ਮੇਂ ਆਨ ਬਰਨ ਕੇ ਠਿਕਾਣੇ, ਆਨ ਕੀ ਉਤਪਤੀ ; ਕਨਪਾਟੇ ਜੋਗੀਓਂ ਕੀ ਨਮਸਕਾਰ ਜਿਸ ਕੇ ਪਰਥਾਇ ਗੁਰੁ ਲਿਖੇ ਹੈਂ ਆਦੇਸੁ ਤਿਸੈ ਆਦੇਸੁ। ਪੁਨਾ- ਆਦੇਸੁ ਬਾਬਾ ਆਦੇਸੁ। ਪੁਨਾ- ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ।

**ਆਧਾਰੀ** ਗੁ. ਜੋਗੀਓਂ ਕੀ ਝੋਲੀ, ਯਥਾ- ਬਟੂਆ ਏਕੁ ਬਹਤਰਿ ਆਧਾਰੀ।

**ਆਧਾਰੁ** ਸੰ. ਆਸਰਾ, ਯਥਾ- ਨਿਧਾਰਾ ਆਧਾਰੁ।

**ਆਧਿ** ਸੰ. ਮਨ ਕਾ ਦੁਖ, ਜੈਸੇ- ਆਧਿ ਬਿਆਧਿ ਛ੍ਵੈ ਸਕੇ ਨ ਕੋਈ। ਪੁਨਾ- ਆਧਿ ਬਿਆਧਿ ਉਪਾਧਿ ਸਭ ਨਾਸੀ।

**ਆਂਧੀ** ਦੇ. ਅੰਧੇਰੀ, ਯਥਾ- ਆਂਧੀ ਪਾਛੇ ਜੋ ਜਲੁ ਬਰਖੈ। ਪੁਨਾ- ਦੇਖੌ ਭਾਈ ਗ੍ਯਾਨ ਕੀ ਆਈ ਆਂਧੀ।

**ਆਧੀ** ਦੇ. ਪੂ. ਅਧੀ, ਯਥਾ- ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।

**ਆਨ** ਦੇ. ਦੂਜੀ, ਯਥਾ- ਨ ਜਾਨੀ ਸੰਤਨ ਪ੍ਰਭ ਬਿਨੁ ਆਨ। ਹੋਰ, ਯਥਾ- ਆਨ ਜਲਾ ਸਿਉ ਕਾਜੁ ਨ ਕਛੂਐ। ਲਿਆਉ ਚਿਤ ਮੇ, ਯਥਾ- ਆਨ ਰੇ ਆਨ ਭਰਪੂਰਿ ਸੋਊ। ਇਜਤ ਆਣ ਪ੍ਰਸਿਧ ; ਸੁਗੰਦ।

**ਆਨ ਕਾਰ** ਗੁ. ਭਗਤੀ ਬਿਨਾ ਔਰ ਯੱਗ ਬ੍ਰਤਾਦਿ ਕਾਰ।

**ਆਨ ਰੂਤੀ** ਦੇ. ਆਨ ਰੁਤੋਂ ਮੇ ਭਾਵ ਆਨ ਜਨਮੋ ਸੇ।

**ਆਨੰਦ** ਸੰ. ਸੁਖ, ਹਰਖ, ਦੁਖ ਕਾ ਅਭਾਵ, ਬ੍ਰਹਮ, ਆਨੰਦ ਵਾਲਾ, ਨੈਯਾਯਿਕ ਬ੍ਰਹਮ ਕੋ ਆਨੰਦ ਸ੍ਵਰੂਪ ਨਹੀ ਮਾਨਤੇ ਆਨੰਦ ਗੁਣ ਵਾਲਾ ਮਾਨਤੇ ਹੈਂ। ਜੈਸੇ ਗ੍ਯਾਨ ਸ੍ਵਰੂਪ ਮਾਨ ਤਿਆਗ ਕੇ ਗ੍ਯਾਨ ਗੁਣ ਵਾਲਾ ਮਾਨਤੇ ਹੈਂ। ਤਾਤਪਰਯ ਉਨ ਕਾ ਯਹ ਹੈ, ਬ੍ਰਹਮ ਮੇ ਸ੍ਵਰੂਪ ਭੂਤ ਸੁਖ ਨਹੀ ਪੁਨਾ ਵਿਖਯ ਜਨਯ ਸੁਖ ਨਹੀ। ਕੇਵਲ ਅਧਯਾਤਮਾਦਿ ਤੀਨ ਪ੍ਰਕਾਰ ਕੇ ਦੁਖੋਂ ਕਾ ਅਭਾਵ ਹੈ। ਯਾਤੇ ਬ੍ਰਹਮ ਮੇ ਸ੍ਵਰੂਪ ਭੂਤ ਆਨੰਦ ਕੇ ਅਭਾਵ ਰਹੇ ਭੀ ਦੁਖਾਭਾਵ ਆਨੰਦ ਕੇ ਹੋਨੇ ਸੇ ਬ੍ਰਹਮ ਆਨੰਦ ਹੈ ਭਾਵ ਆਨੰਦ ਵਾਲਾ ਕਹਯਾ ਜਾਵੇ ਹੈ। ਬੇਦਾਂਤਿ ਕਹਤੇ ਹੈਂ ਦੁਖਾਭਾਵ ਰੂਪ ਆਨੰਦਾ। ਅਭਾਵ ਕੋ ਅਧਿਕਰਣ ਸ੍ਵਰੂਪ ਮਾਨਨੇ ਸੇ ਬ੍ਰਹਮ ਕਾ ਸ੍ਵਰੂਪ ਹੈ। ਯਾਤੇ ਬ੍ਰਹਮ ਆਨੰਦ ਸ੍ਵਰੂਪ ਹੈ। ਤਿਸ ਕੇ ਆਨੰਦ ਕੀ ਲੇਸ ਸੇ ਹੀ ਆਨ ਪਦਾਰਥ ਆਨੰਦ ਵਾਲੇ ਭਾਨ ਹੋਤੇ ਹੈਂ। ਜੈਸੇ ਸ੍ਵਰਣ ਕੇ ਲੇਸ ਸੇ ਚਾਂਦੀ ਤਾਂਬਾ ਸੁਵਰਣ ਸੇ ਭਾਨ ਹੋਤੇ ਹੈਂ। ਇਸੀ ਲੀਏ ਵਿਖਯਾਨੰਦ, ਭਜਨਾਨੰਦ, ਬ੍ਰਹਮਾਨੰਦਾ ਐਸੇ ਲੋਕ ਮੇ ਆਨੰਦ ਕੇ ਭੇਦ ਪ੍ਰਸਿਧ ਹੈਂ। ਇਤਰ ਆਨੰਦ ਬ੍ਰਹਮਾਨੰਦ ਕੀ ਲੇਸ ਹੈਂ। ਇਸ ਕਾ ਅਧਿਕ ਨਿਰਣਯ ਰਸ ਨਿਰਣਯ ਕੇ ਬਿਚਾਰ ਮੇ ਗਯਾਰਵੇ ਪਯਾਯ ਵਿਖੇ ਗੁਰਮਤ ਨਿਰਣੇ ਮੇ ਲਿਖਾ ਹੈ ਤਹਾ ਦੇਖੋ। ਪੁਨਾ ਆਨ ਗ੍ਰੰਥੋ ਸੇ ਸੁਨੋ। ਗੁਰੁ ਅਮਰਦਾਰ ਜੀ ਕਾ ਪੋਤਾ ਆਨੰਦ ਭਗਤ, ਜਿਸ ਕੇ ਜਨਮ ਕੇ ਉਤਸਾਹ ਸਮੇ ਗੁਰ ਅਮਰ ਜੀ ਨੇ ਆਨੰਦ ਨਾਮ ਵਾਲੀ ਬਾਣੀ ਬਨਾਈ। ਜੋ ਸਦਾ ਉਤਸਾਹ ਕੇ ਸਮੇ ਪੜੀ ਜਾਤੀ ਹੈ। ਆਨਦਾ, ਯਥਾ- ਆਨਦਾ ਆਨੰਦ ਨਾਮ। ਮਾਨੁਖਯ ਲੋਕ ਕੇ ਆਨੰਦ ਸੇ ਪ੍ਰਜਾਪਤੀ ਕੇ ਲੋਕ ਪ੍ਰਯੰਤ ਜੇਤੇ ਆਨੰਦ ਹੈਂ। ਤਿਨ ਸਭ ਸੇ ਨਾਮ ਕਾ ਭਕਤੀ ਕਾ ਆਨੰਦ ਬਡਾ ਹੈ।

**ਆਨੰਦ ਮੈ** ਗੁ. ਆਨੰਦ ਰੂਪ, ਯਥਾ- ਜਾ ਕੇ ਭਗਤ ਆਨੰਦ ਮੈ। ਸੰ. ਆਨੰਦਮਯ।

**ਆਨੱਧੰ** ਸੰ. ਮੁਰਜਾਦਿਕੋਂ ਕੀ ਅਵਾਜ ਕਾ ਨਾਮ ਆਨੱਧ ਹੈ ਜੈਸੇ ਕਾਸੀ ਤਾਲੋ ਕੇ ਸਬਦ ਕਾ ਨਾਮ ਘਨ ਹੈ।

**ਆਨਨ** ਸੰ. ਮੁਖ।

**ਆਨਪਾਵਨੀ** ਦੇ. ਕਾਹੂ ਵਿਘਨ ਸੇ ਨਾਸ ਨਾ ਹੋਨੇ ਵਾਲੀ। ਸੰ. ਅਨਪਾਯਨੀ।

**ਆਨਲੋ** ਗੁ. ਅਗਨੀ, ਯਥਾ- ਧੂਪੁ ਮਲਆਨਲੋ।

**ਆਪ** ਦੇ. ਆਤਮਾ ਕੋ, ਯਥਾ- ਪਰਹਰਿ ਪਾਪੁ ਪਛਾਣੈ ਆਪੁ। ਜਲ ਆਪ ਬਾਇ ਤੇਜ ਪ੍ਰਿਥਵੀ ਆਕਾਸ। ਅਹੰਕਾਰ, ਯਥਾ- ਗੁਰ ਕੈ ਬਚਨਿ ਮਿਟਾਵਹੁ ਆਪੁ। ਪੁਨਾ- ਗੁਰ ਕੈ ਬਚਨਿ ਮਿਟਿਆ ਮੇਰਾ ਆਪੁ। ਪੁਨਾ- ਭਗਤਿ ਕਰਹਿ ਵਿਚਹੁ ਆਪੁ ਗਵਾਵਹਿ। ਦੇਹਾਤਮਾ, ਯਥਾ- ਆਪ ਬਰਾਬਰਿ ਕੰਚਨੁ ਦੀਜੈ। ਦੇਹ ਬਰਾਬਰ ਤੁਲਾ ਪੈ ਚੜ ਕੇ ਕੰਚਨ ਦੇਵੇ।

**ਆਪ ਉਪੰਨਿਆ** ਗੁ. ਆਪਣਾ ਆਪ ਜਗਤ ਤੈਨੇ ਆਪ ਉਪਾਇਆ।

**ਆਪਸ** ਦੇ. ਅਪਨੇ ਕੋ, ਯਥਾ- ਆਪਸ ਕਉ ਆਪਹਿ ਆਦੇਸੁ। ਪੁਨਾ- ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।

**ਆਪਗਾ** ਸੰ. ਨਦੀ, ਜੈਸੇ ਗੰਗਾ ਕਾ ਨਾਮ ਦੇਵਾਪਗਾ ਹੈ।

**ਆਪਣ** ਦੇ. ਅਪਨੇ, ਯਥਾ- ਆਪਣ ਹਥੀ ਜੋਲਿ ਕੈ। ਸੰ. ਦੁਕਾਨ, ਹਟੀ।

**ਆਪਤ** ਗੁ. ਬਿਪਦਾ, ਯਥਾ- ਸੰਪਤ ਹਰਖੁ ਨ ਆਪਤ ਦੂਖਾ। ਅਹੰਕਾਰ, ਯਥਾ- ਆਪਤੁ ਗਵਾਵੈ। ਅਪਨੇ ਮਨ ਸੇ ਆਪਾਪਨ ਭਾਵ ਅਹੰਕਾਰ ਦੂਰ ਕਰੇ।

**ਆਪਤਿ** ਸੰ. ਬਿਪਦਾ, ਪ੍ਰਾਪ੍ਰੀ, ਜੈਸੇ ਸਤ੍ਰਾਪਤਿ।

**ਆਪਤੁ** ਗੁ. ਆਪਾਪਨ, ਯਥਾ- ਛੋਡਿ ਆਪਤੁ ਬਾਦੁ ਅਹੰਕਾਰਾ। ਪੁਨਾ- ਆਪਤੁ ਗਵਾਵੈ। ਅਪਨੇ ਮਨ ਸੇ ਆਪਾਪਨ ਦੂਰ ਕਰੇ ਭਾਵ ਸ੍ਰਤ੍ਰ ਦੂਰ ਕਰੇ ਕੋਈ ਆਪਤ ਕਾ ਅਰਥ ਅਹੰਕਾਰ ਕਰੇ ਹੈ। ਸੰ. ਬਿਪੱਤਿ। ਪੂਰਨ, ਜੈਸੇ- ਆਪਤ ਕਾਮ।

**ਆਪਨ** ਦੇ. ਆਪ ਹੀ ਅਪਨਾ।

**ਆਪਨ ਅਪਨਾਕ** ਗੁ. ਹੇ ਪ੍ਰਮੇਸ੍ਵਰ ਅਪਨੇ ਜਾਨ ਕਰ, ਯਥਾ- ਰਾਖਿ ਲੇਹੁ ਆਪਨ ਅਪਨਾਕ।

**ਆਪਨੜੇ** ਪੰ. ਅਪਨੇ, ਯਥਾ- ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ। ਪੁਨਾ- ਆਪਨੜੇ ਗਿਰੀਵਾਨ ਮਹਿ।

**ਆਪਾ** ਗੁ. ਅਪਨਾ, ਯਥਾ- ਆਪਾ ਪਰ ਕਾ ਮਿਟਿ ਗਇਆ। ਅਪਨੇ ਮੇ, ਯਥਾ- ਆਪਾ ਮਧੇ ਆਪੁ ਪਰਗਾਸਿਆ।

**ਆਪਾ ਮਧੇ** ਵਾ. ਅਪਨੇ ਨਿਜ ਰੂਪ ਮੇ, ਯਥਾ- ਆਪਾ ਮਧੇ ਆਪੁ ਪਰਗਾਸਿਆ।

**ਆਪਾਉ** ਗੁ. ਪਾਵੋ ਅਰਥਾਤ ਪ੍ਰਾਪਤ ਕਰੋ, ਯਥਾ- ਸਲਿਲ ਆਪਾਉ ਸਾਰਿੰਗਪਾਣੀ।

**ਆਪਾਹੁ** ਗੁ. ਪਾਹ ਸੇ ਬਿਨਾ ਭਾਵ ਨਿਰਲੇਪ।

**ਆਪਿਓ** ਗੁ. ਪ੍ਰਾਪਤ ਕੀਆ, ਯਥਾ- ਲੰਕ ਭਭੀਖਣ ਆਪਿਓ ਹੋ। ਲੰਕਾ ਮੋਂ ਬਿਭੀਖਣ ਪ੍ਰਾਪਤ ਕੀਆ। ਸੰ. ਆਪ੍ਰ।

**ਆਪੁ ਤ੍ਰਿਾਗਿ** ਵਾ. ਜਾਤਿ ਧਨਾਦਿਕੋਂ ਕਾ ਅਹੰਕਾਰ ਤਜਾਗ ਕੇ, ਯਥਾ- ਆਪੁ ਤ੍ਰਿਾਗਿ ਸਗਲ ਰੇਣੁਕਹ।

**ਆਪੁ ਰਖਾਂਤਿ** ਗੁ. ਅਪਨਾ ਸ੍ਵਰੂਪ ਰਖਤਾ ਹੈ।

**ਆਪੁ ਵਞਾਵਣਾ** ਗੁ. ਆਪ ਖ੍ਵਾਰ ਕਰਨਾ ਹੈ।

**ਆਪੇ ਆਪ** ਗੁ. ਸ੍ਵਤੇ ਸਿਧ, ਯਥਾ- ਆਪੇ ਆਪਿ ਸਗਲ ਮਹਿ ਆਪਿ। ਖੁਦ ਬਖੁਦ ਭਾਵ ਪੂਰਾ ਧਨਵਾਨ ਹੈ, ਯਥਾ- ਏਕ ਮਹਲਿ ਤੂੰ ਆਪੇ ਆਪੇ।

**ਆਫੂ** ਫਾ. ਮਾਫ ਕੀਏ ਗਏ, ਬਖਸੇ ਗਏ। ਅ. ਅਫੂ, ਯਥਾ- ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ।

**ਆਬ** ਫਾ. ਜਲ, ਯਥਾ- ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ। ਜਲ ਕਾ ਲੇਸ, ਸਲਾਭ ਪ੍ਰਸਿਧ।

**ਆਂਬੁ** ਦੇ. ਅੰਬ ਅਰਥਾਤ ਧਾਰਣੇ ਯੋਗ ਉਤਮ ਗੁਣ, ਯਥਾ- ਨੰਿਬੁ ਭਇਓ ਆਂਬੁ ਆਂਬੁ ਭਇਓ ਨੰਿਬਾ।

**ਆਭਾ** ਦੇ. ਸੋਭਾ, ਕਾਂਤੀ, ਉਪਮਾ ; ਦੀਪਤੀ, ਪ੍ਰਕਾਸ।

**ਆਮ** ਸੰ. ਕਚੀ ਵਸਤ, ਜੈਸੇ- ਆਮ ਫਲ ਅਰਥਾਤ ਕਚਾ ਫਲ। ਫਾ. ਗੌਣ ਬਾਤ।

**ਆਮਰੋ** ਗੁ. ਅਮਰ ਮਾਨ, ਯਥਾ- ਹੋਇ ਆਮਰੋ ਗ੍ਰਿਹ ਮਹਿ ਬੈਠਾ। ਅ. ਅਮਰ ਭਾਵ ਹੁਕਮ ਕਰਨੇ ਵਾਲਾ।

**ਆਯਾਮ** ਸੰ. ਸੰਯਮ।

**ਆਯੁਧੰ** ਸੰ. ਸਸਤ੍ਰ, ਜੈਸੇ- ਆਯੁਧੰ ਗੁਣ ਗੋਬਿੰਦ ਰਮਣੰ। ਸੂਰਮੇ ਸੰਤੋ ਪਾਸ ਸਸਤ੍ਰ ਗੋਬਿੰਦ ਕੇ ਗੁਣੋ ਕਾ ਉਚਾਰਣ ਹੈ।

**ਆਰ** ਦੇ. ਜੁਤੀ ਮੇ ਗਲੀ ਬਿਕਾਸਨੇ ਕਾ ਸੰਦ, ਯਥਾ- ਆਰ ਨਹੀ ਜਿਹ ਤੋਪਉ।

**ਆਰਸੀ** ਦੇ. ਸੀਸਾ, ਯਥਾ- ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ।

**ਆਰਸੀਆ** ਦੇ. ਇਸਤ੍ਰੀਓਂ ਕੇ ਹਾਥ ਮੋਂ ਸੀਸੇ ਵਾਲਾ ਮੁਖ ਦੇਖਨੇ ਕਾ ਗਹਣਾ, ਯਥਾ- ਕਹਾ ਸੁ ਆਰਸੀਆ ਮੁਹ ਬੰਕੈ।

**ਆਰਜਾ** ਪੰ. ਅਵਸਥਾ, ਯਥਾ- ਵਡੀ ਆਰਜਾ ਫਿਰਿ ਫਿਰਿ ਜਨਮੈ।

**ਆਰਣਿ** ਪੰ. ਲੋਹਾ ਤਪਾਨੇ ਕੀ ਲੁਹਾਰ ਕੀ ਭਠੀ, ਯਥਾ- ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ।

**ਆਰਤ** ਸੰ. ਆਰਤਿ ਵਾਲਾ ਭਾਵ ਦੁਖੀ, ਯਥਾ- ਆਰਤ ਦੁਆਰਿ ਰਟਤ ਪਿੰਗੁਰੀਆ। ਇਸੀ ਕਾ ਬਦਲ ਕੇ ਆਰਤ ਬਨ ਗਯਾ ਹੈ।

**ਆਰਤਾ** ਗੁ. ਆਰਤ ਅਰਥਾਤ ਬਰਵਹਾਰ ਮੋਂ ਦੁਖੀ ਭਗਤ, ਯਥਾ- ਗੋਪਾਲ ਤੇਰਾ ਆਰਤਾ। ਹੇ ਗੁਪਾਲ ਮੈ ਤੇਰਾ ਬਰਵਹਾਰ ਕੇ ਦੁਖ ਵਾਲਾ ਭਗਤ ਅਰਥ ਪਦਾਰਥ ਮਾਗਤਾ ਹੌਂ ਕਿਉਕੇ ਜੋ ਤੁਮਾਰੀ ਭਗਤੀ ਕਰਤੇ ਰਹੇ ਤੁਮ ਤਿਨ ਕੇ ਕਾਮ ਸਵਾਰਤੇ ਰਹੇ। ਉਨ ਸਮਾਨ ਮੁਝ ਦੁਖੀ ਕੇ ਭੀ ਸਵਾਰੋ ਕਾਮ ਕਹੇ ਦਾਲ ਸੀਧਾ ਇਤਜਾਦਿ। ਯਹ ਸਬਦ ਆਰਤੀ ਸਮੇ ਨ ਪੜਨਾ ਚਾਹੀਏ। ਇਸ ਮੇ ਆਰਤਾ ਪਦ ਦੁਖ ਕਾ ਵਾਚਕ ਹੈ, ਆਰਤੀ ਕਾ ਨਹੀ। ਆਰਤੀ ਸਮੇ ਪੜਨੇ ਵਾਲਿਆਂ ਆਰਤੀ ਕਾ ਵਾਚਕ ਜਾਨ ਕੇ ਹੀ ਸਾਥ ਲੀਆ ਹੈ, ਸੋ ਅਗ੍ਯਾਨ ਹੈ ਆਰਤੀ ਵਾਲੇ ਕਾ ਨਾਮ ਆਥਤ ਹੈ।

**ਆਰਤਿ** ਸੰ. ਪੀੜਾ।

**ਆਰਤੀ** ਦੇ. ਪੂਜਨੇ ਯੋਗਜ ਕਾ ਦੀਪਾਦਿਕੋ ਸੇ ਪੂਜਨ। ਇਸੀ ਕਾ ਨਾਮ ਨੀਰਾਜਨ ਹੈ ਨੀਰਾਜਨ ਅਰਥਾਤ ਆਰਤੀ ਪਾਂਚ ਪ੍ਰਕਾਰ ਕੀ ਹੋਤੀ ਹੈ। ਪਹਲੀ ਬਹੁਤ ਬਤੀਆ ਜਗਾਇ ਆਰਤੀ ਨਾਮ ਪਾਤ੍ਰ ਸੇ, ਯਥਾ- ਧੂਪ ਦੀਪ ਘ੍ਰਿਤ ਸਾਜਿ ਆਰਤੀ। ਦੂਸਰੀ ਜਲ ਪੂਰਤ ਸੰਖ ਸੇ ਇਧਰ ਉਧਰ ਜਲ ਫੈਂਕਨ ਰੂਪ। ਤੀਸਰੀ ਧੋ ਕਰ ਸੁਧ ਕੀਏ ਬਸਤ੍ਰ ਕੇ ਟੁਕੜੇ ਕੋ ਹਾਥ ਪੈ ਸੀਧਾ ਪੁਠਾ ਉਛਾਲਨਾ। ਚੌਥੀ ਅੰਬ

ਪੀਪਲ ਕੇ ਪਤ੍ਰੋ ਸੇ ਔ ਰਾਯ ਵੇਲ ਚੰਬੇਲੀ ਆਦਿਕੋ ਕੇ ਪੁਸਪੋ ਸੇ ਜੋ ਆਰਤੀ ਸਮੇ ਫੂਲਨ ਕੀ ਵਰਖਾ ਵਰਖਾਵੇ ਪਾਠ ਪੜਨੇ ਸਮੇ ਗ੍ਰੰਥ ਸਾਹਬ ਤਥਾ ਮੂਰਤੀਓ ਪੈ ਫੇਂਕੇ ਜਾਤੇ ਹੈਂ। ਪਾਂਚਵੀ ਅਸ੍ਰਾਂਗ ਦੰਡ ਵਤ ਵਾ ਸਾਧਾਰਣ ਨਮਸਕਾਰ ਸੇ ਇਨ ਪਾਂਚ ਪ੍ਰਕਾਰੋ ਕਾ ਨਾਮ ਆਰਤੀ ਹੈ। ਯਹ ਆਰਤੀ ਅਰਾਤ੍ਰਿਕ ਕਰਮ ਹੈ, ਕਿਉਂਕਿ ਸੂਰਜ ਕੇ ਉਦੇ ਸਮੇ ਦੀਵੇ ਜਗਾ ਕਰ ਕਰੀ ਜਾਤੀ ਹੈ। ਅਸੂ ਕੇ ਮਹੀਨੇ ਦਸਹਰੇ ਕੇ ਦਿਨ ਹਾਥੀ ਘੋੜਿਓ ਕਾ ਪੂਜਨ ਕਰਨਾ ਭੀ ਨੀਰਾਜਨ ਕਰਮ ਹੈ।

**ਆਰਤੀ ਸੋਹਿਲਾ** ਗੁ. ਸੈਨ ਕਾਲ ਮੋ ਪੜਨੇ ਯੋਗ ਬਾਣੀ।

**ਆਰੰਭ** ਸੰ. ਸੁਰੂ, ਯਥਾ- ਆਦਿਤ ਕਰੈ ਭਗਤਿ ਆਰੰਭ।

**ਆਰਾ** ਪੰ. ਉਰਲਾ ਪਾਸਾ, ਯਥਾ- ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ। ਪਸੂਯੋਂ ਕੀ ਜੋਰ ਸੇ ਏਕ ਕਾਲ ਮੋ ਆਵਾਜ਼, ਤਖਾਣ ਕਾ ਆਰਾ।

**ਆਰਾਉ** ਗੁ. ਬ੍ਰਿਛ ਕੀ ਜੜ ਮੇਂ ਜਲ ਪਾਨੇ ਯੋਗਯ ਮਟੀ ਕਾ ਚੱਕ੍ਰ, ਯਥਾ- ਰੁਖ ਬਿਰਖ ਆਰਾਉ। ਸੰ. ਆਲਬਾਲ। ਫਾ. ਐਰਾਕ।

**ਆਰਾਧਿ** ਸੰ. ਚਿੰਤਨ ਕਰ, ਯਥਾ- ਨਿਸਿ ਬਾਸੁਰ ਆਰਾਧਿ।

**ਆਰਾਮ** ਸੰ. ਬਗੀਚਾ।

**ਆਰੂੜਤੇ** ਗੁ. ਚੜਤੇ ਹੈਂ, ਯਥਾ- ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ। ਚੜਤੇ ਹੈਂ ਸੂਰਮੇ ਸੰਤ ਘੋੜੇ ਰਥ ਹਾਥੀ ਰੂਪ ਸਵਾਰੀਓ ਪੈ ਜੋ ਪਰਸਪਰ ਪ੍ਰਮੇਸੂਰ ਕੇ ਮਾਰਗ ਕਾ ਪੂਛਨਾ ਦਸਨਾ ਕਰਤੇ ਹੈਂ।

**ਆਰੇ** ਦੇ. ਵਾਲੇ, ਯਥਾ- ਅਵਗਨੀਆਰੇ ਪਾਥਰ ਭਾਰੇ। ਪੰ. ਕਰਵਤ। ਬਹੁਤ ਰੌਲੇ ਸੇ, ਜੈਸੇ- ਆਰੇ ਸੇ ਕਿਆ ਕਾਮ ਹੈ।

**ਆਲ** ਗੁ. ਘਰ, ਯਥਾ- ਆਲ ਜੰਜਾਲ ਬਿਕਾਰ ਤੇ ਰਹਤੇ। ਗ੍ਰਿਹ ਕੇ ਜੰਜਾਲ ਬੰਧਨੋ ਸੇ ਤਥਾ ਕਾਮਾਦਿ ਆਨ ਬਿਕਾਰੋ ਸੇ। ਪੁਨਾ- ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ। ਆਲਯ ਜੋ ਸੰਸਾਰ ਹੈ ਤਿਸ ਮੇ ; ਅੰਗਰੇਜੀ ਭਾਖਾ ਮੇ ਆਲ ਤਮਾਮ ਕਾ ਨਾਮ ਹੈ ਈਹਾ ਉਸ ਅਨੁਸਾਰ ਭੀ ਅਰਥ ਸੰਭਵੇ ਹੈ ਹੇ ਤਮਾਮ ਸੰਸਾਰ ਤੇ।

**ਆਲ ਜਾਲ** ਗੁ. ਘਰ ਕੇ ਜਾਲ, ਯਥਾ- ਆਲ ਜਾਲ ਮਾਇਆ ਜੰਜਾਲ। ਆਲਯ ਘਰ ਜਾਲ ਇਸਤ੍ਰੀ।

**ਆਲਸ** ਦੇ. ਉਦਮ ਨਾ ਕਰਨਾ ਦਲਿਦ੍ਰਪਨਾ।

**ਆਲਸੀ** ਸੰ. ਉਦਮਹੀਨ।

**ਆਲਸੀਆ** ਦੇ. ਹੇ ਦਰਿਦ੍ਰੀ, ਯਥਾ- ਜਨਮੁ ਗਵਾਇਓ ਆਲਸੀਆ।

**ਆਲਕਾ** ਪੰ. ਆਲਸ, ਯਥਾ- ਕਿਉ ਸਿਮਰਤ ਕੀਜੈ ਆਲਕਾ।

**ਆਲੰਬ** ਸੰ. ਆਸਰਾ।

**ਆਲਮ** ਅ. ਸਮਗ੍ਰ ਸੰਸਾਰ, ਯਥਾ- ਖਾਕ ਨੂਰ ਕਰਦੰ ਆਲਮ ਦੁਨੀਆਇ।

**ਆਲਯਹ** ਦੇ. ਘਰ। ਸੰ. ਆਲਯ।

**ਆਲਾ** ਅ. ਬਡਾ, ਯਥਾ- ਆਲਾ ਹੁਜਰਾ।

**ਆਲਾ ਹੁਜਰਾ** ਫਾ. ਬਡਾ ਕੋਠਾ, ਯਥਾ- ਆਲਾ ਹੁਜਰਾ।

**ਆਲਾ ਤੇ** ਗੁ. ਗ੍ਰਿਹ ਕੇ ਕਾਮੋ ਸੇ, ਯਥਾ- ਆਲਾ ਤੇ ਨਿਵਾਰਣਾ।

**ਆਲਾਇ** ਦੇ. ਕਹੁ, ਯਥਾ- ਸਤਿਗੁਰ ਸਿਉ ਆਲਾਇ।

**ਆਲਾਹਣੀਆ** ਪੰ. ਮਰੇ ਪੀਛੇ ਰੋਨੇ ਪੀਟਨੇ ਸਮੇ ਮੁਰਦਿਓਂ ਕੀ ਸਿਫਤ ਕੇ ਬਚਨ। ਸੰ. ਆਲਾਪਨ।

**ਆਲਾਪ** ਸੰ. ਉਚੀ ਸੁਰੋ ਮੇ ਬਿਸਤਾਰ ਕਰ, ਯਥਾ- ਗੁਣ ਗਾਵਤ ਨਾਨਕ ਆਲਾਪ।

**ਆਲਾਪਤ** ਦੇ. ਸੁਰੋਂ ਮੇ ਉਚਾਰਣ ਕਰਤੇ ਕੇ, ਯਥਾ- ਆਲਾਪਤ ਸਭ ਤਿਖ ਜਾਇ।

**ਆਲਾਵੰਤੀ** ਦੇ. ਮਹਾਦੇਵ ਕੇ ਮੰਦਰ ਵਾਲੇ ਪੰਡੇ, ਯਥਾ- ਆਲਾਵੰਤੀ ਇਹੁ ਭ੍ਰਮੁ ਜੋ ਹੈ। ਸੰ. ਆਲਯਵੰਤ। ਨਾਮਦੇਵ ਕੋ ਔਂਡੇ ਗ੍ਰਾਮ ਕੇ ਨਾਗਨਾਥ ਮਹਾਦੇਵ ਕੇ ਮੰਦਰ ਸੇ ਪੰਡਿਓ ਨੇ ਨਿਕਾਸ ਦੀਆ ਥਾ ਉਸ ਸਮੇ ਕਾ ਬਚਨ ਹੈ।

**ਆਲੀਣਾ** ਗੁ. ਸਰਬ ਓਰ ਤੇ ਲੈ ਹੂਆ।

**ਆਲੁ ਪਤਾਲੁ** ਪੰ. ਬਜਰਥ ਬਚਨ, ਯਥਾ- ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ।

**ਆਲੂਦਿਆ** ਗੁ. ਲਿਬੜਾ।

**ਆਲੇ** ਗੁ. ਅਲਾਬੇਗ, ਯਥਾ- ਆਲੇ ਤੇਰਾ ਨਾਉ। ਨਾਮਦੇਵ ਕੋ ਮੁਗਲ ਰੂਪ ਧਾਰ ਪ੍ਰਮੇਸੂਰ ਮਿਲਾ। ਨਾਮਦੇਵ ਨੇ ਨਾਮ ਪੂਛਾ ਤੌਂ ਅਲਾਬੇਗ ਬਤਾਯਾ ਥਾ।

**ਆਵ** ਦੇ. ਅਵਸਥਾ, ਯਥਾ- ਆਵ ਘਟੈ ਤਨੁ ਛੀਜੈ। ਜੈਸੇ- ਲੈ ਸਿਖ ਆਵਰੇ ਆਵ ਚਲੀ।

**ਆਵਈ** ਗੁ. ਆਵੇ, ਯਥਾ- ਜੇ ਤਿਸੁ ਨਦਰਿ ਨ ਆਵਈ।

**ਆਵਹੁ** ਦੇ. ਸਮੀਪ ਬੁਲਾਨੇ ਕੀ ਆਗ੍ਯਾ, ਯਥਾ- ਆਵਹੁ ਭੈਣੇ ਗਲਿ ਮਿਲਹ।

**ਆਵਟਣੁ** ਦੇ. ਤਪਨਾ, ਯਥਾ- ਆਵਟਣੁ ਆਪੇ ਖਵੈ।

**ਆਵਟੇ** ਗੁ. ਤਪਾਏ ਹੈਂ, ਯਥਾ- ਜਹ ਆਵਟੇ ਬਹੁਤ ਘਨ ਸਾਥ। ਜਹਾ ਜਮੋ ਕੇ ਹਾਥ ਸੇ ਤਪਾਏ ਜਾਤੇ ਹੈਂ। ਅਤਿ ਬਹੁਤ ਜਨੋ ਕੇ ਸਮੂਹ।

**ਆਵਤੁ** ਦੇ. ਆਤਾ, ਯਥਾ- ਆਵਤੁ ਕਿਨੈ ਨ ਰਾਖਿਆ।

**ਆਵਧ** ਗੁ. ਆਯੁਧ, ਯਥਾ- ਆਵਧ ਹੀਣੰ ਜਥਾ ਸੂਰ। ਆਯੁਧੋ ਵਾਲਾ ਅਰਥਾਤ ਸਸਤ੍ਰਧਾਰੀ ਹੋ ਕਰ, ਯਥਾ- ਨਿੰਦਕ ਆਵਧ ਹੋਇ ਉਪਤਿਸ੍ਰਤੇ।

**ਆਵਧਹ** ਗੁ. ਆਯੁਧੋਂ ਕੋ, ਯਥਾ- ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਯ ਆਵਧਹ। ਮ੍ਰਿਗੀ ਕੋ ਦੇਖਤਾ ਹੂਆ ਫੰਧਕ ਲਖ ਸਸਤ੍ਰੋਂ ਕੇ ਪ੍ਰਹਾਰ ਕਰ ਵਾ ਦੇਖਤਾ ਹੂਆ ਫੰਧਕ ਆਯੁਧੋ ਕੇ ਪਰਿਹਾਰ ਕਾ ਲਖ- ਨਿਸਾਨਾ ਬਨਾ ਕਰ ਪਰੰਤੂ ਉਸ ਕੋ ਕੋਈ ਨਾ ਲਗਾ।

**ਆਵਨ** ਦੇ. ਆਵੇਂਗੇ, ਯਥਾ- ਆਵਨਿ ਅਠਤਰੈ ਜਾਨਿ ਸਤਾਨਵੈ। ਗੁਰੂ ਜੀ ਭਵਿਖ ਬਾਣੀ ਕਹਤੇ ਹੈਂ। ਕੱਲ ਕੇ ਦਿਨ ਏਮਨਾਵਾਦੀ ਪਠਾਣੋ ਕੇ ਮਾਰਨੇ ਹੇਤ ਪੰਦ੍ਰਾ ਸੈ ਅਠਤ੍ਰ ਸਾਲ ਮੇ ਬਾਬਰ ਕੇ ਮੁਗਲ ਲੋਗ ਆਵੇਂਗੇ। ਆਵਨੇ ਕੋ, ਯਥਾ- ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ।

**ਆਵਨਿ ਅਠਤਰੈ** ਵਾ. ਪੰਦ੍ਰਾ ਸੈ ਅਠਤ੍ਰ ਸਾਲ ਮੇ ਮੁਗਲ ਆਵੇਂਗੇ।

**ਆਵਰਤ ਕੀ** ਦੇ. ਫੇਰੋਂ ਕੀ, ਯਥਾ- ਤੀਨਿ ਆਵਰਤ ਕੀ ਚੂਕੀ ਘੇਰ। ਤਿਨ ਗੁਣ ਰੂਪ ਫੇਰੋਂ ਕੀ ਫੇਰੀ ਚੁਕ ਗਈ।

**ਆਵਲ** ਗੁ. ਅਵੱਲਾ ਵੱਲ ਪੰਜਾਬ ਮੇ ਸਮਝ ਕਾ ਨਾਮ ਹੈ ਸਮਝ ਹੀਨ ਕਾ ਨਾਮ ਅਵੱਲਾ ਤਥਾ ਬਿਲੱਲਾ ਹੈ ਅਵੱਲਾ ਸੇ ਆਵਲ ਬਨਾ ਹੈ।

**ਆਵਲ ਬਾਵਲ** ਪੰ. ਅਵੱਲੀ ਬਾਤਾਂ ਕਰਨੇ ਵਾਲੀ ਕਮਲੀ, ਯਥਾ- ਹਉ ਫਿਰਉ ਦਿਵਾਨੀ ਆਵਲ ਬਾਵਲ। ਮੈ ਹੋ ਗਯਾ ਹੂੰ ਦਿਵਾਨਾ ਪ੍ਰੀਤਮ ਕੇ ਲਾਭ ਹੇਤ ਉਲਟੀਆਂ ਬਾਤਾਂ ਕਹਨੇ ਵਾਲਾ।

**ਆਵਾਇਲੇ** ਦੇ. ਟੇਢਪਨੇ, ਯਥਾ- ਮਨ ਸਮਝੁ ਛੋਡਿ ਆਵਾਇਲੇ।

**ਆਵਾਇਲੇ** ਯਵ. ਲੜਕਪਨ ਕੇ ਧੰਧੇ, ਯਥਾ- ਮਨ ਸਮਝੁ ਛੋਡਿ ਆਵਾਇਲੇ। ਹੇ ਮਨ ਸਮਝ ਕੇ ਛੋਡ ਦੇ ਲੜਕਪਨ ਕੇ ਧੰਧੇ ਭਾਵ ਗੁਨਪਨ ਕੇ ਬਯਵਹਾਰ।

**ਆਵਾਗਉਣ** ਦੇ. ਆਵਣਾ ਜਾਣਾ ਭਾਵ ਜਨਮ ਮਿਰਤ ਆਗਮਨ। ਸੰ. ਗਮਨ।

**ਆਵੈ** ਦੇ. ਸਮੀਪ ਪਹੁਚੇ।

**ਆਵੋ** ਦੇ. ਆਓ, ਸਮੀਪ ਪਹੁਚੋ।

**ਆੜਿ** ਸੰ. ਮੁਰਗਾਈ ਪੰਖੀ, ਯਥਾ- ਤੂ ਕੈਸੇ ਆੜਿ ਫਾਥੀ।

**ਐ ਜੀ** ਦੇ. ਕੋਮਲਤਾਈ ਸੇ ਬੋਲਨੇ ਮੇ, ਯਥਾ- ਐ ਜੀ ਤੂੰ ਆਪੇ ਸਭ ਕਿਛੁ ਜਾਣਦਾ। ਸੰ. ਅਯਿ।

**ਐਸੇ** ਦੇ. ਇਸ ਪ੍ਰਕਾਰ, ਯਥਾ- ਰਾਮ ਜਪਉ ਜੀ ਐਸੇ ਐਸੇ। ਪੁਨਾ- ਐਸੀ ਮਾਧੋ ਖਿੰਚ ਤਨੀ। ਪੁਨਾ- ਐਸੋ ਅਚਰਜੁ ਦੇਖਿਓ ਕਬੀਰ। ਪੁਨਾ- ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ।

**ਐਠਿ** ਦੇ. ਆਕੜ, ਖੈਂਚ, ਅਭਿਮਾਨ, ਯਥਾ- ਐਸੇ ਗੜ ਮਹਿ ਐਠਿ ਹਠੀਲੋ।

**ਐਡਾਨੋ** ਦੇ. ਅਭਿਮਾਨੀ ਹੂਆ ਹੈ, ਯਥਾ- ਦੇਖਿ ਕਹਾ ਐਡਾਨੋ।

**ਐਂਡੌ** ਦੇ. ਆਕੜ ਸੇਂ, ਅਭਿਮਾਨ ਸੇ, ਯਥਾ- ਐਂਡੌ ਟੇਢੌ ਜਾਤੁ। ਆਕੜ ਸੇ ਟੇਢਾ ਚਲਤਾ ਹੈ।

**ਐਥੈ** ਪੰ. ਈਹਾ, ਇਸ ਲੋਕ ਮੇਂ, ਯਥਾ- ਐਥੈ ਓਥੈ ਸਦਾ ਸੁਖੁ ਹੋਇ। ਪੁਨਾ- ਐਥੈ ਸਾਚੇ ਸੁ ਆਗੈ ਸਾਚੇ।

**ਐਨ** ਦੇ. ਘਰ। ਸੰ. ਅਯਨ।

**ਐਬ** ਫਾ. ਅਉਗਣ, ਆਸੁਰੀ ਸੰਪਦਾ, ਯਥਾ- ਐਬ ਤਨਿ ਚਿਕੜੋ।

**ਐਰਾਵਤ** ਸੰ. ਇਰਾ, ਜਲ ਤਿਸ ਵਾਲਾ ਸਮੁਦ੍ਰ ਇਰਾਵਾਨ ਤਿਸ ਸਮੁਦ੍ਰ ਮੇ ਜਨਮਾ ਹਸਤੀ ਐਰਾਵਤ ਜੋ ਚੌਦਾ ਰਤਨੋਂ ਮੈ ਗਿਨਾ ਜਾਤਾ ਹੈ ਸ੍ਵਰਗ ਮੇਂ ਇੰਦ੍ਰ ਇਸ ਪੈ ਚੜਤਾ ਹੈ।

**ਐਵੇ** ਪੰ. ਬਯਰਥ।

**ਔ** ਸੰ. ਅਨੰਤ ਅਰਥਾਤ ਦੇਸ ਕਾਲ ਕੀ ਅਵਧੀ ਸੇ ਰਹਿਤ ਪ੍ਰਮੇਸ੍ਵਰ ਇਤਿ ਏਕਾਖਰ ਕੋਸੇ ; ਯਹ ਅਬਯਯ ਹੈ ਇਨ ਅਰਥੋਂ ਮੇਂ ਅਹ੍ਵਾਨ- ਬੁਲਾਨਾ ; ਸੰਬੋਧਨ- ਬੁਲਾ ਕਰ ਸਾਮਨੇ ਕਰਨਾ ; ਬਿਰੋਧ ; ਨਿਰਣਯ, ਨਿਰਧਾਰਣ ; ਸੁਦ੍ਵੋਂ ਕਾ ਓਂਕਾਰ ਜੈਸੇ ਕਹਾ ਹੈ ਕਾਲਕਾ ਪੁਰਾਣ ਮੇਂ ਚਤੁਰਦਸ ਸ੍ਵਰ ਸ੍ਵਰੂਪ ਜੋ ਪੁਲ ਹੈ ਔ ਇਸ ਨਾਮ ਵਾਲਾ ਵਹੀ ਪੁਨਾ ਅਨੁਸ੍ਵਾਰ ਔਰ ਨਾਦ ਕੇ ਸਾਥ ਮਿਲ ਕਰ ਸੁਦ੍ਵੋਂ ਕਾ ਸੇਤੁ ਕਹਾ ਜਾਤਾ ਹੈ ਤਰਨੇ ਹੇਤ ; ਔਕਾਰ ਅਖਰ ਯਹ ਅਰਥ ਸਬਦਾਰਥ ਚਿੰਤਾਮਣੀ ਮੇਂ ਹੈਂ।

॥ਇਤਿ ਸ੍ਰੀਮਤ ਤਾਰਾ ਹਰਿ ਨੋਰਤਮ ਸੰਗ੍ਰਿਹੀਤੇ
ਗੁਰੂ ਗਿਰਾਰਥ ਕੋਸੇ ਅਕਾਰਾਦਿ ਸਬਦਾਰਥ ਰਚਨੰ ਸਮਾਪਤੰ॥

# ੲ

**ਇਉ** ਪੰ. ਇਸ ਪ੍ਰਕਾਰ, ਯਥਾ- ਇਉ ਕਿਉ ਕੰਤ ਪਿਆਰੀ ਹੋਵਾ।

**ਇਉ ਹੀ** ਪੰ. ਬਜਰਥ ਹੀ।

**ਇਆ** ਪੰ. ਯਹ, ਯਥਾ- ਇਆ ਅਉਸਰੁ ਚਰੈ ਨ ਹਾਥਾ। ਮਨੁਖ ਸਮਾ।

**ਇਆਣੇ** ਪੰ. ਬਾਲਕ, ਯਥਾ- ਨਾਲਿ ਇਆਣੇ ਦੋਸਤੀ। ਗ੍ਯਾਨ ਹੀਨ, ਯਥਾ- ਇਆਣੀ ਬਾਲੀ ਕਿਆ ਕਰੇ। ਬਾਲਕ, ਯਥਾ- ਹੋਇ ਇਆਣਾ ਕਰੇ ਕੰਮੁ।

**ਇਆਨਥ** ਗੁ. ਇਆਨਪਨਾ, ਯਥਾ- ਰੇ ਨਰ ਐਸੀ ਕਰਹਿ ਇਆਨਥ।

**ਇਸ** ਦੇ. ਯਹ, ਯਥਾ- ਇਸ ਮਾਰੀ ਬਿਨੁ। ਯਹ ਦੁਬਿਧਾ ਦੂਰ ਕਰੀ ਬਿਨਾ। ਯਾਂ ਕੇ, ਯਥਾ- ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ।

**ਇਸਕ** ਫਾ. ਇਕ ਤਰਫੀ ਚਾਹਨਾ ; ਪ੍ਰੇਮ ਮੇਂ, ਯਥਾ- ਰਤੇ ਇਸਕ ਖੁਦਾਇ।

**ਇਸਟੁ** ਦੇ. ਪੂਜਿਤ, ਪੂਜ੍ਯਾ ਹੂਆ ; ਅਭਿਲਖਤ, ਬਾਂਛਿਤ ; ਪ੍ਰਿਯ ਵਸਤੁ, ਯਥਾ- ਮਨ ਕਾ ਇਸਟੁ ਗੁਰ ਸੰਗਿ ਧਿਆਨੁ। ਯਗ੍ਯਾਦਿ ਕਰਮ ; ਏਰੰਡ ਕਾ ਬ੍ਰਿਛ ; ਸੰਸਕਾਰ ; ਯਗ ਕੀ ਵੇਦੀ ਕੇ ਅੰਦਰ ਕਾ ਦਾਨ ; ਇਸਟ ਕਰਮ- ੧. ਅਗਨਿ ਹੋਤ੍ਰ ੨. ਤਪ ੩. ਸਤ ਬੋਲਨ ੪. ਵੇਦੋ ਕੇ ਅਰਥ ਕਾ ਵਿਚਾਰ ੫. ਅਤਿਥੀਓਂ ਕੀ ਸੇਵਾ ੬. ਬਿਸ੍ਵੇ ਦੇਵੋ ਕੀ ਬਲੀ ਦੇਨੀ, ਇਤਨੇ ਕਰਮੋਂ ਕਾ ਨਾਮ ਇਸਟ ਕਰਮ ਹੈ।

**ਇਸਮ** ਫਾ. ਨਾਉ।

**ਇਹ ਆਸਰ** ਗੁ. ਇਸ ਰਾਮ ਮੰਤ੍ਰ ਕੇ ਆਸਰੇ, ਯਥਾ- ਇਹ ਆਸਰ ਪੂਰਨ ਭਏ ਕਾਮ।

**ਇਹ ਪ੍ਰਸਾਦਿ** ਵਾ. ਯਹ ਆਨੰਦ ਹੋਨੇ ਕੀ ਰੀਤਿ ਹੈ।

**ਇਹ ਬਿਧਿ** ਵਾ. ਇਹ ਪ੍ਰਕਾਰ ਹੈ, ਯਥਾ- ਇਹ ਬਿਧਿ ਹੈ ਮਨੁ ਜੋਗਨੀ। ਯਹ ਪ੍ਰਕਾਰ ਹੈ ਪ੍ਰਮੇਸ੍ਵਰ ਮੇਂ ਜਨ ਕੇ ਜੋੜਨੇ ਕਾ।

**ਇਹ ਬੇਲਾ** ਵਾ. ਯਹ ਸਮਾ, ਯਥਾ- ਇਹ ਬੇਲਾ ਕਤ ਆਈ।

**ਇਹ ਵਾਰੀ** ਗੁ. ਮਨੁਖ ਜਨਮ ਕਾ ਸਮਾ।

**ਇਹੀ** ਦੇ. ਯਹੀ, ਯਥਾ- ਇਹੀ ਤੇਰਾ ਅਉਸਰੁ ਇਹ ਤੇਰੀ ਬਾਰ।

**ਇਹੁ** ਪੰ. ਯਹ, ਸਨਮੁਖ ਵਸਤੁ ; ਐਸਾ, ਯਥਾ- ਇਹੁ ਦਰਵੇਸੁ। ਐਸਾ ਬਿਰਕ੍ਤ ਸੰਤ। ਸੰ. ਇਸ ਦੇਸ ਕਾਲ ਮੇਂ, ਜੈਸੇ- ਇਹਾ ਗੱਛ।

**ਇਕ ਤੁਕੀਆ** ਗੁ. ਸਮਾਨ ਤੁਕਾਂਤ ਵਾਲੇ ਸਬਦ।

**ਇਕ ਤੁਕੇ** ਵਾ. ਏਕ ਅਨੁਪ੍ਰਾਸ ਕੀ ਦੋ ਦੋ ਤੁਕਾਂ ਵਾਲੇ ਸਬਦ, ਯਥਾ- ਸਨਕ ਸਨੰਦ ਅੰਤੁ ਨਹੀ ਪਾਇਆ।

**ਇਕ ਦਮੀ** ਵਾ. ਏਕ ਸ੍ਵਾਸ ਕੀ ਜਿੰਦਗੀ ਵਾਲੇ, ਯਥਾ- ਹਮ ਆਦਮੀ ਹਾਂ ਇਕ ਦਮੀ। ਬਚਨਾਂਤਰ ਮੈਂ 'ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ' ਕਹਿਆ ਹੈ।

**ਇਕ ਨਾਈਐ** ਗੁ. ਏਕ ਨਾਮ ਕੀ।

**ਇਕ ਪਲੇ** ਵਾ. ਏਕ ਪਲ ਮੇਂ।

**ਇਕ ਰਾਇ** ਗੁ. ਏਕ ਰਾਜਾ।

**ਇਕ ਵਰਨ** ਵਾ. ਸੂਦ੍ਰ ਵਰਨ ਵਾ ਸੰਕਰ ਸੰਕੀਰਣ, ਯਥਾ- ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।

**ਇਕਸ** ਪੰ. ਏਕ, ਯਥਾ- ਇਕਸ ਕੀ ਸਰਣਾਇ। ਪੁਨਾ- ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।

**ਇਕਸਰ** ਗੁ. ਇਕਠਾ।

**ਇਕਠੇ** ਪੰ. ਮਿਲੇ ਬੈਠੇ, ਯਥਾ- ਬਿਰਖੈ ਹੇਠਿ ਸਭਿ ਜੰਤ ਇਕਠੇ। ਇਕਿ ਤਤੇ ਇਕਿ ਬੋਲਨਿ ਮਿਠੇ। ਏਕ ਸੁਖਦਾਈ ਏਕ ਦੁਖਦਾਈ ਬਚਨ ਬੋਲਤੇ ਹੈਂ।

**ਇਕਤ** ਗੁ. ਏਕ ਕਾਮਾਦਿ ਦੋਖੋ ਕੇ ਪ੍ਰਭਾਵ ਸੇ, ਯਥਾ- ਸਭ ਇਕਤੁ ਸਾਦਿ ਮੁਠੀ। ਸਭ ਸ੍ਰਿਸ੍ਟੀ ਕਾਮਾਦਿਕੋ ਕੇ ਸ੍ਵਾਦ ਮੇਂ ਠਗੀ ਗਈ ਹੈ। ਏਕ, ਯਥਾ- ਇਕਤੁ ਘਰਿ ਆਣੈ। ਇਕਤ੍ਰ, ਯਥਾ- ਮਾਇਆ ਕਰਹਿ ਇਕਤ।

**ਇਕਤਰ** ਦੇ. ਏਕ ਥਾਨ ਮੇਂ। ਸੰ. ਇਕਤ੍ਰ।

**ਇਕਤੀਆਰ** ਦੇ. ਪਸੰਦ ਕਰ, ਮਾਨ, ਯਥਾ- ਬੰਦੇ ਬੰਦਗੀ ਇਕਤੀਆਰ। ਹੇ ਪ੍ਰਮੇਸ੍ਵਰ ਕੇ ਦਾਸ ਤੂ ਭਕਤੀ ਕਰਨੀ ਪਸੰਦ ਕਰ। ਅ. ਇਖਤਯਾਰ।

**ਇਕਤੁ** ਪੰ. ਏਕ ਹੀ, ਯਥਾ- ਇਕਤੁ ਰੂਪਿ ਫਿਰਹਿ ਪਰਛੰਨਾ।

**ਇਕਨਿ** ਗੁ. ਏਕ ਨੇ, ਯਥਾ- ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ। ਕਾਹੂ ਏਕ ਨੇ ਚਲੀਤਾ ਹੈ ਭਾਵ ਕੋਈ ਏਕ ਚਲੇ ਹੈ ਵਿਰਕ੍ਤੋ ਕੀ ਰੀਤਿ ਪੈ।

**ਇਕਫਾ** ਗੁ. ਏਕ ਹੋ ਗਏ ਹੈਂ, ਯਥਾ- ਜਨ ਨਾਨਕੁ ਹਰਿ ਪ੍ਰਭੁ ਇਕਫਾ। ਗੁਰੁ ਕਹੇ ਭਗਤ ਜਨ ਪ੍ਰਭ ਸੇ ਏਕ ਰੂਪ ਹੋ ਗਏ ਹੈਂ।

**ਇਕਾਕੀ** ਗੁ. ਏਕ ਹੀ, ਯਥਾ- ਹਮ ਮਾਗੀ ਭਗਤਿ ਇਕਾਕੀ।

**ਇਕਾਂਤ** ਗੁ. ਨੇਮ ਕਰ ਕੇ, ਯਥਾ- ਪ੍ਰਭੁ ਆਪਨਾ ਇਕਾਂਤ।

**ਇਕਾਂਤੀ** ਦੇ. ਏਕਾਂਤ ਰਹਨੇ ਵਾਲਾ, ਯਥਾ- ਸੋ ਇਕਾਂਤੀ ਜਿਸੁ ਰਿਦਾ ਥਾਇ।

**ਇਕਾਤੀਆ** ਗੁ. ਇਕੇਲਾ, ਯਥਾ- ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ।

**ਇਕੀ ਕੁਲ** ਪੰ. ਬੀਸ ਅਰ ਏਕ ਅਰਥਾਤ ਦਸ ਅਪਨੇ ਸੇ ਪੂਰਬਲੀ ਦਸ ਅਪਨੇ ਸੇ ਉਤਰਲੀ ਏਕ ਅਪਨੇ ਕੋ। ਯਾਗਵਲਕ ਕੇ ਆਚਾਰਾਧਯਾਯ ਕੇ ੫੮ ਸਲੋਕ ਮੇਂ ਲਿਖਾ ਹੈ "ਤੱਜ: ਪੁਨਾ ਤਜੁਭਯਤ: ਪੁਰੁਖਾ ਨੇਕ ਬਿੰਸਤਿ" ਤੱਜ: ਬ੍ਰਹਮ ਬਿਵਾਹ ਵਾਲੀ ਇਸਤ੍ਰੀ ਕਾ ਪੁਤ੍ਰ। ਮਨੁ ਕੇ ਤੀਸਰੇ ਅਧ੍ਯਾਯ ਕੇ ਤੀਸਰੇ ਸਲੋਕ ਮੇਂ ਲਿਖਾ ਹੈ "ਦਸ ਪੂਰ੍ਬਾਨ੍ ਪਰਾਨ੍ ਬੰਸ੍ਯਾਨਾਤਮਾਨੰ ਚੈਕ ਬਿੰਸਕੰ" ਦਸ ਪੂਰਬਾਨ- ਪਹਲੇ ਬੰਸੋਂ ਕੋ ਦਸ ਪਰਾਨ- ਪਰਲੇ ਬੰਸੋਂ ਕੋ ਆਤਮਾਨੰ ਚੈਕ ਬਿੰਸਕੰ- ਪੁਨਾ ਇਕੀਸਵੇ ਅਪਨੇ ਕੋ।

**ਇਕੀਸ** ਦੇ. ਏਕ ਬੀਸ, ਯਥਾ- ਚੜੀਐ ਹੋਇ ਇਕੀਸ। ਏਕ ਈਸ੍ਵਰ ਕੋ, ਯਥਾ- ਗੁਰਮਤਿ ਮਿਲੀਐ ਬੀਸ ਇਕੀਸ। ਗੁਰੁਮੁਖ ਪੁਰਖ ਮਿਲੇ ਹੈਂ ਬੀਸ ਬਿਸਵੇ ਏਕ ਈਸ੍ਵਰ ਕੋ।

**ਇਕੀਹ ਕੁਲ** ਵਾ. ਇਕੀਸ ਕੁਲ, ਯਥਾ- ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ।

**ਇਕੁ** ਦੇ. ਏਕ, ਯਥਾ- ਇਕੁ ਨਾਮੁ ਵਸਾਮੰ। ਏਕ ਨਾਮ ਮੇ ਬਸਾਵਤੇ ਹੈਂ।

**ਇਕੁ ਅਧੁ** ਵਾ. ਏਕ ਪੂਰਾ ਗ੍ਯਾਨੀ ਆਧਾ ਜਿਗ੍ਯਾਸੁ ਵਾਸਤਵ ਸੇ ਕੋਈ, ਯਥਾ- ਇਕੁ ਅਧੁ ਨਾਇ ਰਸੀਅੜਾ। ਅਨੇਕ ਮਨੁਖਨ ਮੇਂ ਕੋਈ ਵਿਰਲਾ ਨਾਮ ਜਾਪ ਕਾ ਰਸੀਆ ਹੈ। ਬਚਨਾਂਤਰ ਭੀ ਹੈ- ਕੋਟ ਮਧੇ ਕੋਈ ਬਿਰਲਾ ਸੇਵਕ ਹੋਰ ਸਗਲੇ ਬਿਉਹਾਰੀ। ਬਿਉਹਾਰੀ, ਦੁਕਾਨਦਾਰੋਂ ਸਮ ਜਮਾਨੇਸਾਜ।

**ਇਕੇਲਾ** ਦੇ. ਏਕਲਾ, ਯਥਾ- ਸੰਤ ਕਾ ਦੋਖੀ ਛੁਟੈ ਇਕੇਲਾ। ਛੁਟੇ ਰਹੇ ਹੈ।

**ਇਕੋਡੀ** ਪੰ. ਟੇਢੀ, ਯਥਾ- ਕਹਹਿ ਤ ਧਰਣਿ ਇਕੋਡੀ ਕਰਉ।

**ਇਖ** ਦੇ. ਈਖ, ਕਮਾਦ।

**ਇਖਲਾਸੁ** ਅ. ਚਿਤ ਕੇ ਸੁਧ ਪ੍ਰੇਮ ਸੇ, ਯਥਾ- ਰਿਦੈ ਇਖਲਾਸੁ ਨਿਰਖਿ ਲੇ ਮੀਰਾ।

**ਇਖਲਾਕ** ਯਵ. ਨਿਸਕਪਟ ਪ੍ਰੇਮ।

**ਇਛਤ** ਸੰ. ਬਾਂਛਿਤ।

**ਇਛਤਾ** ਗੁ. ਚਾਹਤਾ ਅਰਥਾਤ ਜਾਨਤਾ।

**ਇਛਾ ਪੂਰਕੁ** ਸੰ. ਇਛਾ ਪੂਰਨ ਕਰਨੇ ਵਾਲਾ ਪ੍ਰਮੇਸ੍ਵਰ, ਯਥਾ- ਇਛਾ ਪੂਰਕੁ ਰਖੈ ਨਿਦਾਨ।

**ਇਛਿਅੜਾ** ਪੰ. ਚਾਹੀਦਾ, ਬਾਂਛਿਤ, ਯਥਾ- ਜੀਇ ਇਛਿਅੜਾ।

**ਇਛੈ** ਸੰ. ਚਾਹ, ਬਾਂਛਾ ; ਇਛੇ, ਯਥਾ- ਜੋ ਇਛੈ ਸੋ ਫਲੁ ਪਾਏ।

**ਇਜਾਰਾ** ਫਾ. ਸੁੱਥਨ, ਯਥਾ- ਸੋਲਹ ਸਹਸ ਇਜਾਰਾ।

**ਇਟ** ਪੰ. ਈਟ, ਯਥਾ- ਇਟ ਸਿਰਾਣੇ ਭੁਇ ਸਵਣੁ।

**ਇਠੜਾ** ਪੰ. ਮੁ. ਪਿਆਰਾ। ਸੰ. ਇਸ੍ਰ।

**ਇਠੈ** ਪੰ. ਪਿਆਰਾ, ਇਠੇ, ਯਥਾ- ਹਰਿ ਇਠੈ ਨਿਤ ਧਿਆਇਦਾ। ਸੰ. ਇਸ੍ਰ।

**ਇਤ** ਦੇ. ਇਸ, ਯਥਾ- ਇਤੁ ਰੰਗਿ ਨਾਚਹੁ ਰਖਿ ਰਖਿ ਪਾਉ। ਇਸ ਲੋਕ ਮੇਂ, ਯਥਾ- ਇਤ ਉਤ ਕੀ ਓਹੁ ਸੋਝੀ ਜਾਨੈ।

**ਇਤ ਉਤ** ਵਾ. ਲੋਕ ਪਰਲੋਕ ਕੀ।

**ਇਤਨਕੁ** ਪੰ. ਥੋੜਾ ਸਾ, ਯਥਾ- ਇਤਨਕੁ ਲਾਗੈ ਠਨਕਾ।

**ਇਤਫਾਕ** ਯਵ. ਮੇਲ।

**ਇਤਾਲ** ਗੁ. ਇਸੀ ਸਮੇ, ਯਥਾ- ਅਬ ਕਰਤਾ ਸੁ ਇਤਾਲ । ਸੰ. ਇਤਿ ਕਾਲ।

**ਇਤਿ** ਸੰ. ਯਹ, ਯਥਾ- ਨੇਤ ਨੇਤ ਕਥੰਤਿ ਬੇਦਾ। ਇਤਿ ਨ ਇਤਿ ਨ ਭਾਵ ਪਰਮਾਤਮਾ ਮੇਂ ਸੂਖਮ ਪ੍ਰਪੰਚ ਨਹੀਂ, ਥੂਲ ਪ੍ਰਪੰਚ ਨਹੀਂ, ਐਸੇ ਵੇਦ ਕਹਤੇ ਹੈਂ। ਸਮਾਪਤਿ ; ਹੇਤੁ।

**ਇਥੰ** ਸੰ. ਇਸ ਪ੍ਰਕਾਰ।

**ਇਥਾਊ** ਪੰ. ਇਸ ਥਾਨ ਮੇਂ।

**ਇਦੰ** ਸੰ. ਯਹ, ਯਥਾ- ਪਰਮੰ ਪ੍ਰਸੰਨਮਿਦੰ।

**ਇੰਦੂ** ਸੰ. ਚੰਦ੍ਰਮਾ।

**ਇੰਦੁ** ਦੇ. ਇੰਦ੍ਰ, ਯਥਾ- ਇੰਦੁ ਵਰਸੈ ਧਰਤਿ ਸੁਹਾਵੀ। ਇੰਦ੍ਰ ਬਰਸੇ ਜੈਸੇ ਧਰਤੀ ਸੋਭਾ ਵਾਲੀ ਹੋਵੈ ਹੈ ਤੈਸੇ ਗੁਰ ਉਪਦੇਸ ਕਰੇ ਤਬ ਸਿਖ ਕਾ ਹਿਰਦਾ ਪ੍ਰਸੰਨ ਹੋਤਾ ਹੈ। ਸੰ. ਇੰਦ੍ਰ, ਪਰਮ ਐਸ੍ਵਰਯ ਵਾਲੇ ਕਾ ਨਾਮ ਇੰਦ੍ਰ ਹੈ।

**ਇਧਰ** ਪੰ. ਇਸ ਪਾਸੇ।

**ਇਨ** ਦੇ. ਇਸ, ਯਥਾ- ਇਨ ਬਿਧਿ ਮਨੁ ਸਮਝਾਈਐ।

**ਇਨ ਬਿਧਿ** ਗੁ. ਇਸ ਪ੍ਰਕਾਰ, ਯਥਾ- ਇਨ ਬਿਧਿ ਡੂਬੀ ਮਾਕੁਰੀ ਭਾਈ ਉਂਡੀ ਸਿਰ ਕੈ ਭਾਰੀ।

**ਇਫਤਰਾ** ਅ. ਬਹੁਤਾਨ, ਬਹਕਾਵ, ਯਥਾ- ਬੇਦ ਕਤੇਬ ਇਫਤਰਾ। ਸਾਮਾਦਿ ਚਾਰੋਂ ਵੇਦ ਔ ਅੰਜੀਲ ਆਦਿ ਚਾਰੋਂ ਕਿਤਾਬਾਂ ਪਰਸਪਰ ਬਿਰੁੱਧ ਬਚਨੋਂ ਸੇ ਸੰਦੇਹ ਕਰਨੇ ਵਾਲੀ ਹੈਂ। ਯਾਤੇ ਪੂਰੇ ਗੁਰੋਂ ਕੇ ਉਪਦੇਸ ਬਿਨਾ ਇਨ ਸੇ ਚਿਤ ਕਾ ਸੰਦੇਹ ਜਾਨਾ ਕਠਨ ਹੈ। ਬਚਨ ਭੀ ਹੈ ਮਹਾਭਾਰਤ ਕਾ ਸ੍ਰੁਤਯੋ ਵਿਭਿੱਨਾ ਸਿਮ੍ਰਿਤਯੋ ਵਿਭਿੱਨਾ ਨੈਕੋ

ਮੁਨਿਰਯਸਯ ਵਚ: ਪ੍ਰਮਾਣੰ- ਭਾਵ ਬਚਨ ਕਾ ਯਹ ਹੈ ਸ੍ਰੁਤੀਆਂ ਭਿੱਨ ਭਿੱਨ ਅਰਥ ਕਹਤੀ ਹੈਂ। ਉਨ ਅਨੁਸਾਰੀ ਸਿਮ੍ਰਿਤੀਆਂ ਭੀ ਉਸੀ ਪ੍ਰਕਾਰ ਕਹੇ ਹੈਂ ਮੁਨੀਸ੍ਵਰ ਭੀ ਅਪਨੇ ਅਪਨੇ ਸਾਸਤ੍ਰ ਮੇਂ ਜੁਦਾ-ਜੁਦਾ ਸਿਧਾਂਤ ਕਰੇ ਹੈਂ। ਏਕ ਬਾਤ ਕਾ ਨਿਰਣੇ ਨਹੀ ਕਰਤੇ, ਜਿਸ ਕੋ ਸਭੀ ਮਾਨੇ। ਸ੍ਰੁਤੀਆਂ ਮੇਂ ਭਿੱਨ ਭਿੱਨ ਕਹੇ ਏਕ ਦੋ ਅੰਸ ਕੇ ਨਾਮ ਸੁਨੋ। ਏਕ ਸ੍ਰੁਤੀ ਮੇਂ ਲਿਖਾ ਹੈ ਪਾਚ ਭੂਤੋਂ ਸੇ ਜਗਤ ਕੀ ਉਤਪੱਤੀ ਹੈ। ਦੂਸਰੀ ਮੇਂ ਲਿਖਾ ਹੈ ਪ੍ਰਿਥਵੀ ਜਲ ਅਗਨੀ ਤੀਨੋਂ ਸੇ ਜਗਤ ਕੀ ਉਤਪੱਤੀ ਹੈ। ਸੁਨ ਕਰ ਚਿਤ ਮੇਂ ਸੰਦੇਹ ਹੋਵੇ ਹੈ। ਕਿਸ ਕੋ ਸੱਚਾ ਮਾਨੇ ਕਿਸ ਕੋ ਝੂਠਾ ਮਾਨੇ। ਤਥਾ ਕਿਸ ਕੋ ਮੁਖ੍ਯ ਮਾਨੇ ਕਿਸ ਕੋ ਗੌਣ ਮਾਨੇ। ਪੁਨਾ ਏਕ ਸ੍ਰੁਤੀ ਮੇਂ ਲਿਖਾ ਹੈ ਜੀਵ ਈਸ ਏਕ ਰੂਪ ਹੈਂ। ਬਹੁਤੀਓਂ ਮੇਂ ਲਿਖਾ ਹੈ ਮਾਯਾ ਰੂਪ ਗਊ ਕੇ ਬਛਰੇ ਜੀਵ ਈਸ ਜੁਦੇ ਜੁਦੇ ਹੈਂ। ਪੁਨਾ ਏਕ ਬ੍ਰਿਛ ਵਾਸੀ ਦੋ ਪੰਛੀ ਜੁਦੇ ਜੁਦੇ ਹੈਂ। ਇਨ ਮੇਂ ਕਿਸ ਕੋ ਸੱਚੀ ਝੂਠੀ ਤਥਾ ਮੁਖਯ ਗੌਣ ਸਮਝੇਂ ਐਸਾ ਚਿਤ ਮੇਂ ਸੰਦੇਹ ਹੋਵੇ ਹੈ। ਯਾਹੀ ਭਾਵ ਸੇ ਕਹਾ ਹੈ 'ਦਿਲ ਕਾ ਫਿਕਰ ਨ ਜਾਇ'। ਬਚਨਾਂਤਰ ਮੇਂ ਲਿਖਾ ਹੈ- ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ। ਅਰ ਭਾਰਤ ਕੇ ਬਚਨ ਮੇਂ ਉੱਤਰ ਲਿਖਾ ਹੈ- ਮਹਾ ਜਨਾ ਯੇਨ ਗਤਾ ਸ ਪੰਥਾ- ਭਾਵ ਯਹ ਜਿਸ ਰਸਤੇ ਉੱਤਮ ਗਏ ਵਹੀ ਚਲਨੇ ਹੇਤ ਮਾਰਗ ਹੈ। ਯਾਤੇ ਬ੍ਰਹਮ ਸੂਤ੍ਰੋਂ ਮੇਂ ਬਯਾਸ ਦੇਵ ਨੇ ਜੋ ਉਤਪੱਤੀ ਅੰਸ ਮੇਂ ਨਿਰਣੇ ਕੀਆ ਹੈ, ਪਾਂਚ ਸੇ ਉਤਪੱਤੀ ਕਹਨੇ ਵਾਲੀ ਸ੍ਰੁਤੀ ਕੇ ਅਨੁਸਾਰ। ਤੀਨ ਸੇ ਉਤਪੱਤੀ ਕਹਨੇ ਵਾਲੀ ਸ੍ਰੁਤੀ ਮੇਂ ਆਕਾਸ ਵਾਯੂ ਦੋ ਔਰ ਜੋੜਨੇ ਸੇ ਦੋਨੋ ਕੇ ਵਿਰੋਧ ਕਾ ਪਰਿਹਾਰ ਹੋਨੇ ਕਰ ਸੰਦੇਹ ਨਹੀਂ ਹੋ ਸਕੇ। ਏਵੰ ਭੇਦ ਕਹਨੇ ਵਾਲੇ ਬਚਨੋ ਕੋ ਉਪਾਧੀ ਕ੍ਰਿਤ ਭੇਦ ਕੀ ਬੋਧਕਤਾ ਮਾਨ ਕੇ ਅਭੇਦ ਬੋਧਕ ਸ੍ਰੁਤੀ ਕੇ ਅਨੁਸਾਰ ਉਨ ਕਾ ਅਰਥ ਕਹੇ। ਬਿਰੋਧ ਦੂਰ ਹੋਨੇ ਸੇ ਸੰਦੇਹ ਨਹੀਂ ਹੋਵੇ। ਯਾਤੇ ਬੇਦ ਕਿਤੇਬ ਇਤਯਾਦਿ ਪੂਰਬ ਕਹੇ ਬਚਨ ਸੇ ਵੇਦਾਦਿ ਝੂਠੇ ਨਹੀਂ। ਝੂਠੇ ਵਹੀ ਹੈਂ ਜੋ ਵਿਰੋਧ ਕੇ ਪਰਿਹਾਰ ਕੀ ਰੀਤਿ ਕੋ ਨਾ ਸੁਨ ਸਮਝ ਕੇ ਗ੍ਰੰਥੋਂ ਮੇਂ ਦੋਖ ਲਗਾਵੇ ਹੈਂ। ਈਹਾਂ ਵਾਸਤਵ ਸੇ ਭਕਤੀ ਮੇਂ ਵਿਘਨ ਜਾਨ ਕੇ ਗ੍ਰੰਥੋਂ ਕੋ ਇਫਤਰਾ ਕਥਨ ਹੈ ਕਿਉਂਕੇ ਆਗੇ ਲਿਖਾ ਹੈ- ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ। ਬਹੁਤ ਗ੍ਰੰਥੋਂ ਕੀ ਬਯਵਸਥਾ ਕਰਨੀ ਛੋਡ ਪ੍ਰਮੇਸ੍ਵਰ ਮੇਂ ਖਿਣ ਮਾਤ੍ਰ ਚਿਤ ਕੀ ਸਾਵਧਾਨਤਾ ਕਰੇ ਤੋ ਪ੍ਰਮੇਸ੍ਵਰ ਪ੍ਰਤੱਖ ਹੋ ਜਾਵੇਗਾ।

**ਇਬ** ਦੇ. ਅਬ, ਯਥਾ- ਇਬ ਤਬ। ਇਸ ਸਮੇ ਔ ਅੰਤ ਕੋ।

**ਇਭ** ਸੰ. ਹਾਥੀ।

**ਇਮ** ਦੇ. ਇਸ ਪ੍ਰਕਾਰ।

**ਇਲ** ਪੰ. ਚੀਲ ਪੰਛੀ, ਯਥਾ- ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ। ਇੱਲ।

**ਇਲਤਿ** ਅ. ਸਬਬ, ਨਿਮਿੱਤ ; ਵਜਹ, ਪ੍ਰਕਾਰ ; ਬੀਮਾਰੀ, ਰੋਗ ਭਾਵ ਬੀਮਾਰੀ ਸਰੀਖੇ ਜਨੋਂ ਕੋ ਦੁਖਦਾਈ, ਯਥਾ- ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ। ਅ. ਇੱਲਤ।

**ਇਵ** ਦੇ. ਇਸ ਪ੍ਰਕਾਰ।

**ਇਵ ਹੀ** ਪੰ. ਐਸੇ ਹੀ, ਯਥਾ- ਇਵ ਹੀ ਕਰਤ ਗੁਦਾਰੀ।

**ਇਵੇਹਾ** ਪੰ. ਐਸਾ, ਯਥਾ- ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ। ਇਸੀ ਸਮੇ, ਯਥਾ- ਸਿਝਿ ਇਵੇਹਾ ਵਾਰ।

**ਇੜਾ** ਸੰ. ਵਾਮ ਨਾਸਾ ਕੀ ਨਾੜੀ ਜਿਸ ਕਾ ਦੂਸਰਾ ਸਿਰਾ ਵਾਮੇ ਪਤਾਲੂ ਕੇ ਤਲੇ ਲਗਾ ਹੈ। ਯਹ ਨਾੜੀ ਧਨੁਖ ਵਤ ਟੇਢੀ ਹੈ। ਗੰਗਾ ਕੀ ਇਸ ਮੇ ਭਾਵਨਾ ਹੈ "ਇੜਾ ਗੰਗਾ ਨਦੀ ਪ੍ਰਕਯਾ ਪਿੰਗਲਾ ਚਾਰ੍ਕ ਪੁਤ੍ਰਿਕਾ। ਮਧਯੇ ਸਰਸ੍ਵਤੀ ਪ੍ਰੋਕ੍ਤਾ ਤਾਸਾਂ ਸੰਗੋऽਤਿ ਦੁਲੱਭ:" ਇਤਿ ਸਿਵ ਸੰਹਿਤਾ ਵਾਕਯੰ- ਤਾਸਾਮ੍ਰ, ਤਿਨ ਤੀਨੋ ਕਾ ਸੰਗ ਅਤਿ ਦੁਰਲਭ ਹੈ।

**ਈਂ** ਫਾ. ਯਹ, ਯਥਾ- ਮਮ ਈਂ ਚਿਨੀ ਅਹਵਾਲ। ਮੇਰਾ ਯਹ ਐਸਾ ਅਹਵਾਲ ਹੈ। ਨੇ ਹਿੰਦੀ ਬਯਾਕਰਣ ਅਨੁਸਾਰ, ਯਥਾ- ਮੋਰੀ ਰੁਣ ਝੁਣ ਲਾਇਆ। ਮੋਰੋਂ ਨੇ। ਪੁਨਾ- ਏਨੀ ਠਗੀਂ ਜਗ ਠਗਿਆ। ਸੇ, ਨਾਲ, ਯਥਾ- ਗਲੀ ਹਉ ਸੋਹਾਗਣਿ ਭੈਣੇ।

**ਈ** ਸੰ. ਸਰਸ੍ਵਤੀ, ਯਥਾ- ਪਾਰਬਤੀ ਮਾਈ। ਦੁਰਗਾ ਪਦਮਾ ਸਰਸ੍ਵਤੀ ਸ੍ਵਰੂਪ ਗੁਰੂ ਹੈਂ, ਲਖਮੀ।

**ਈਂ ਚੁਨੀ** ਵਾ. ਐਸੇ ਹੀ ਹੈ।

**ਈਸ** ਸੰ. ਧਰਮ ਗ੍ਯਾਨਾਦਿ ਰੂਪ ਸਮਗ੍ਰ ਐਸ੍ਵਰਯ ਵਾਲਾ ਪ੍ਰਮੇਸ੍ਵਰ, ਯਥਾ- ਧਰਣੀਧਰ ਈਸ ਨਰਸਿੰਘ ਨਾਰਾਇਣ। ਈਸੇ, ਯਥਾ- ਬਿਨੁ ਭਜਨ ਈਸੈ। ਬਿਨਾ ਭਜਨ ਈਸ੍ਵਰ ਕੇ।

**ਈਸਰੁ** ਦੇ. ਸੰਪੂਰਣ ਐਸ੍ਵਰਯ ਵਾਲਾ ਪ੍ਰਮੇਸ੍ਵਰ ਜਿਸ ਕੋ ਪਤੰਜਲੀ ਮੁਨੀ ਨੇ ਕਲੇਸਾਦਿਕੋਂ ਸੇ ਰਹਿਤ ਅਸੰਗ ਕਹਯਾ ਹੈ ; ਕੰਦਰਪ ; ਸਾਠ ਸੰਬਤੋ ਮੇਂ ਏਕ ਸੰਬਤ ; ਧਨੀ ਪੁਰਖ ; ਸ੍ਵਾਮੀ ; ਮਹਾਦੇਵ, ਯਥਾ- ਗਾਵਹਿ ਈਸਰੁ ਬਰਮਾ ਦੇਵੀ। ਸੰ. ਈਸ੍ਵਰ।

**ਈਹਾਂ** ਦੇ. ਇਸ ਥਾਨ ਮੇਂ ਯਥਾ-ਊਹਾਂ ਤਉ ਜਾਈਐ ਜਉ ਈਹਾਂ ਨ ਹੋਇ।

**ਈਕ** ਗੁ. ਏਕ, ਯਥਾ- ਸਭ ਮਹਿ ਈਕ। ਸੰ. ਏਕ।

**ਈਕੜੇ** ਦੇ. ਦ. ਇਸ ਤਰਫ।

**ਈਖ** ਦੇ. ਗੰਨਾ, ਯਥਾ- ਜਾਣੁ ਮਿਠਾਈ ਇਖ ਬੇਈ ਪੀੜੇ।

**ਈਖਤ** ਸੰ. ਥੋੜਾ।

**ਈਘੈ** ਦੇ. ਈਹਾਂ ਭਾਵ ਦੇਹ ਦਸਾ ਮੇਂ, ਯਥਾ- ਈਘੈ ਨਿਰਗੁਨ ਊਘੈ ਸਰਗੁਨ।

**ਈਟ** ਦੇ. ਇੱਟ ਪ੍ਰਸਿੱਧ।

**ਈਟੀ** ਪੰ. ਮਧਾਣੀ ਕੇ ਖੈਂਚਨੇ ਵਾਲੀ ਰਸੀ ਕੇ ਸਿਰਿਓਂ ਪੈ ਛੋਟੀ ਹਾਥ ਮੇਂ ਪਕੜਕੇ ਖੈਂਚਨੇ ਹੇਤ ਲਕੜੀਆਂ ਹੋਤੀ ਹੈਂ। ਉਨ ਕਾ ਨਾਮ ਈਟੀ ਹੈ। ਪੰਜਾਬ ਮੇਂ ਦੂਜਾ ਨਾਮ ਗੁੱਲੀਆਂ ਪ੍ਰਸਿੱਧ ਹੈ, ਯਥਾ- ਇਹੁ ਮਨੁ ਈਟੀ ਹਾਥਿ ਕਰਹੁ। ਮਨ ਕਾ ਸੰਜਮ ਕਰਨਾ ਰੂਪ ਈਟੀ ਅਪਨੇ ਹਾਥ ਮੇਂ ਕਰੋ।

**ਈਠਾ** ਗੁ. ਪਿਆਰਾ।

**ਈਤ** ਦੇ. ਇਸ ਲੋਕ ਕੇ, ਯਥਾ- ਈਤ ਊਤ ਕੇ ਮੀਤ।

**ਈਤੀ** ਸੰ. ੧. ਅਤਿ ਬ੍ਰਿਸ੍ਰਿ ੨. ਅਨਾ ਬ੍ਰਿਸ੍ਰਿ ੩. ਮੂਖਕ ੪. ਸਲਭ ੫. ਸੂਚਕੂ ੬. ਪਰ ਚਕ੍ਰ ੭. ਸੁਕ। ਇਹ ਸਾਤੋ ਕਾ ਬਿਗਾੜ ਕਰਨੇ ਵਾਲੀ ਵਸਤੂ।

**ਈਦ** ਅ. ਰੋਜੇ ਪੂਰੇ ਕਰਕੇ ਖੁਸੀ ਕਾ ਦਿਨ ਮਨਾਵਨਾ। ਰੋਜਾ ਰਖਨਾ, ਹੱਜ ਕਰਨਾ, ਯਕਾਤ ਦੇਨੀ ਆਦਮੀਓਂ ਕੇ ਜ਼ੁੰਮੇ ਖੁਦਾ ਕਾ ਰਿਣ ਹੈ। ਉਨ ਮੇਂ ਸੇ ਰੋਜੇ ਪੂਰੇ ਕਰ ਸੁੰਦ੍ਰ ਬਸਤ੍ਰ ਪਹਰ ਖੁਸੀ ਮਨਾਵਨੀ ਈਦ ਹੈ। ਮੱਕੇ ਕੀ ਯਾਤ੍ਰਾ ਵਾਲੇ ਦਿਨ ਹੱਜ ਕਰ ਤਿਸ ਕੀ ਖੁਸੀ ਮਨਾਵਨੀ ਬਕਰਾ ਈਦ ਹੈ। ਯਕਾਤ ਦਸਮਾਂਸ (ਆਮਦਨ ਕਾ ਚਾਲੀਸਵਾਂ ਹਿਸਾ) ਦੇਨੇ ਕਾ ਨਾਮ ਹੈ ਜੋ ਭਲੇ ਲੋਕ ਪ੍ਰਮੇਸ੍ਵਰ ਕੀ ਖੁਸੀ ਹੇਤ ਦਸੌਂਧ ਦੇਤੇ ਹੈਂ।

**ਈਧਨੁ** ਦੇ. ਬਾਲਨ, ਜਲਾਨੇ ਕੀ ਲਕੜੀਆਂ, ਯਥਾ- ਈਧਨੁ ਅਧਿਕ ਸਕੇਲੀਐ। ਪੁਨਾ- ਈਂਧਨ ਤੇ ਬੈਸੰਤਰੁ ਭਾਗੈ।

**ਈਮਾਨ** ਫਾ. ਧਰਮ, ਨਿਜ ਮਤ ਕਾ ਨਿਸਚਯ।

**ਈਰਿਤ** ਸੰ. ਕਹਜਾ ਹੁਆ, ਜੈਸੇ- ਪਸੁ ਭੀ ਗਹੇ ਉਦੀਰਤ ਬਾਤ। ਹਾਥੀ ਘੋੜੇ ਕਹੇ ਚਲਾਤ। ਪੰਡਿਤ ਬੂਝੇ ਬਿਨਾ ਉਚਾਰੋ। ਬੁਧੀ ਕੋ ਫਲ ਗਹੇ ਇਸਾਰੋ।

**ਈਵੜੀ** ਗੁ. ਈੜੀ ਅਖਰ ਸੇ ਕਹੇ, ਯਥਾ- ਈਵੜੀ ਆਦਿ ਪੁਰਖੁ ਹੈ ਦਾਤਾ।

**ਈੜੀ** ਗੁ. ਈੜੀ ਅਖਰ।

**ਏ** ਦੇ. ਹੇ, ਯਥਾ- ਏ ਸ੍ਰਵਣਹੁ ਮੇਰਿਹੋ। ਪੁਨਾ- ਏ ਮਨ ਚੰਚਲਾ ਚਤੁਰਾਈ। ਸੰ. ਦਯਾ ; ਸਿਮ੍ਰਿਤੀ ; ਆਮੰਤ੍ਰਣ, ਇਛਾਨੁਸਾਰ ਆਗ੍ਯਾ ਕਰਨੀ ; ਬੁਲਾਵਨਾ ; ਬਿਸਨੁ ਕੇ ਬੀਚ ; ਤਾਂਈ, ਯਥਾ- ਆਦਿ ਗੁਰਏ ਨਮਹ। ਆਦਿ ਗੁਰੋਂ ਕੇ ਤਾਂਈ ਨਮਸਕਾਰ ਹੈ।

**ਏਊ** ਦੇ. ਵਹੀ, ਯਥਾ- ਏਊ ਕਰਮ ਕਮਾਇ। ਏਹ, ਯਥਾ- ਏਊ ਜੀਅ ਬਹੁਤੁ ਗ੍ਰਭ ਵਾਸੇ।

**ਏਈ** ਪੰ. ਵਹੀ, ਯਥਾ- ਏਈ ਸਗਲ ਵਿਕਾਰਾ।

**ਏਸ** ਪੰ. ਇਸ ਕੋ, ਯਥਾ- ਏਸ ਨਉ ਹੋਰੁ ਥਾਉ ਨਾਹੀ।

**ਏਸ ਨਉ** ਪੰ. ਇਸ ਕੋ, ਯਥਾ- ਏਸ ਨਉ ਹੋਰੁ ਥਾਉ ਨਾਹੀ।

**ਏਸਾ** ਗੁ. ਸਚਾ ਈਸ ਪ੍ਰਗਟ ਹੋਤਾ ਹੈ, ਯਥਾ- ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ।

**ਏਹ** ਪੰ. ਯਹ, ਯਥਾ- ਏਹ ਕਿਨੇਹੀ ਚਾਕਰੀ। ਯਹੀ, ਯਥਾ- ਏਹਾ ਮਤਿ ਵਿਸੇਖ। ਪੁਨਾ- ਇਹੀ ਤੇਰਾ ਅਉਸਰੁ ਇਹ ਤੇਰੀ ਬਾਰ।

**ਏਹ ਤੋ** ਵਾ. ਯਹ ਤੋ।

**ਏਹਰ** ਪੂ. ਈਹਾਂ।

**ਏਹੜ** ਪੰ. ਏਧਰ, ਯਥਾ- ਏਹੜ ਤੇਹੜ ਛਡਿ ਤੂ। ਏਧਰ ਓਧਰ ਬਿਚਰਨਾ ਭਾਵ ਬਜਰਥ ਬਿਚਰਨਾ।

**ਏਕ** ਸੰ. ਏਕ ਗਿਣਤੀ, ਏਕ ਵਸਤੁ, ਯਥਾ- ਏਕ ਨ ਥਾਕਸਿ ਮਾਇਆ। ਸ੍ਰੇਸ੍ਰ, ਜੈਸੇ ਏਕ ਭਗਤ ਹੈ ਭਾਵ ਹਜਾਰੋ ਮੇ ਸ੍ਰੇਸ੍ਰ ਹੈ। ਅਦੁਤੀ, ਜੈਸੇ ਏਕ ਪਰਮਾਤਮਾ ਭਾਵ ਅਦੁਤੀ ਪਰਮਾਤਮਾ ਹੈ। ਅਨੁਪਮ, ਜੈਸੇ ਏਕ ਸੰਤ ਹੈ ਭਾਵ ਅਨੁਪਮ ਸੰਤ ਹੈ। ਕੇਵਲ, ਯਥਾ- ਖੰਡ ਬ੍ਰਹਮੰਡ ਕਾ ਏਕੋ ਠਾਣਾ। ਨਿਖਲ ਕਾ ਕੇਵਲ ਹੀ ਆਸਰਾ ਹੈ। ਕੇਵਲ ਸੇ ਬਿਨਾ, ਯਥਾ- ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ। ਕੇਵਲ ਸੇ ਬਿਨਾ ਦੂਸਰਾ ਥਾਨ ਨਹੀ। ਪੁਨਾ- ਏਕੀ ਕਾਰਣਿ। ਬਜਾਸ ਮੁਨੀ ਕਾ ਕੇਵਲ ਬਚਨ ਨਾ ਮਾਨਨੇ ਕੇ ਸਬਬ। ਕੇਵਲ ਕੋ, ਯਥਾ- ਏਕੋ ਕਉ ਸਚੁ ਏਕਾ ਜਾਣੈ। ਕੇਵਲ ਕੋ ਨਿਸਚੇ ਕਰ ਕੇਵਲ ਹੀ ਜਾਨੇ। ਦੇ. ਕੋਈ, ਯਥਾ- ਪੰਚਾ ਤੇ ਏਕੁ ਛੂਟਾ। ਕਾਮਾਦਿ ਦੋਖੋਂ ਸੇ ਕੋਈ ਛੂਟਾ ਹੈ ਬਚਨਾਂਤਰ ਮੇ ਭੀ ਯਹ ਸੂਚਨ ਹੈ- ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ।

**ਏਕ ਕ੍ਰਿਸਨੰ** ਗੁ. ਏਕ ਸਚਿਦਾਨੰਦ ਹੀ ਸਰਬ ਕੋ ਪ੍ਰਕਾਸਨੇ ਵਾਲਾ ਹੈ, ਯਥਾ- ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ। ਏਕ ਸਚਦਾਨੰਦ ਹੀ ਸਰਬ ਕੋ ਦੇਵਾ, ਪ੍ਰਕਾਸਨੇ ਵਾਲਾ ਹੈ, ਜੋ ਦੇਵ ਨਾਮ ਸੇ ਪ੍ਰਸਿਧੋ ਕੋ ਦੇਵਾਤ- ਪ੍ਰਕਾਸਨੇ ਵਾਲਾ ਹੈ। ਵਹੀ ਕ੍ਰਿਸਨ ਅਵਿਦ੍ਯਾ ਉਪਾਧੀ ਸੇ ਆਤਮਾ ਬਨ ਰਹਾ ਹੈ। ਓਹੀ ਆਤਮਾ ਬਿਚਾਰ ਕਰੇ ਸੋਭਾ ਵਾਲਾ ਦੇਵ ਰੂਪ ਹੈ ਜੋ ਕੋਈ ਭੇਤ ਜਾਨੇ।

**ਏਕ ਮਇਆ** ਗੁ. ਏਕ ਰੂਪ, ਯਥਾ- ਸਾਚੇ ਸੂਚੇ ਏਕ ਮਇਆ। ਸਤਜ ਵਕਤਾ ਪੁਰਖ ਸੁਚੇ ਪਵਿਤ੍ਰ ਹੋ ਏਕ ਰੂਪ ਹੋਵੇ ਹੈਂ।

**ਏਕ ਲੰਘਾਏ** ਵਾ. ਏਕ ਓਂ ਮੰਤ੍ਰ ਅਪਨੇ ਜਾਪ ਸੇ ਪਾਰ ਕਰੇ ਹੈ।

**ਏਕਸ** ਪੰ. ਏਕ ਕੀ, ਯਥਾ- ਏਕਸੁ ਕੀ ਸਿਰਿ ਕਾਰ। ਪੁਨਾ- ਏਕਸ ਕੇ ਗੁਨ ਗਾਉ ਅਨੰਤ। ਏਕ ਕੋ, ਯਥਾ- ਸਭੁ ਲੋਕੁ ਸਲਾਹੇ ਏਕਸੈ।

**ਏਕੰਕਾਰ** ਪੰ. ਏਕਾਕਾਰ, ਏਕ ਰੂਪ, ਯਥਾ- ਭ੍ਰਮ ਛੂਟੇ ਤੇ ਏਕੰਕਾਰ। ਇਸ ਤੁਕ ਆਗੇ ਏਕਾਕਾਰਤਾ ਸਾਧਕ ਦ੍ਰਿਸ੍ਟਾਂਤ ਹੈ।

**ਏਕਥੇ** ਪੰ. ਏਕ ਤੇ।

**ਏਕਦਾ** ਸੰ. ਏਕ ਕਾਲ ਮੇਂ।

**ਏਕਲ** ਸੰ. ਏਕ ਕੀ, ਯਥਾ- ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ

ਸਭ ਆਸਾ ਰੇ। ਏਕ ਅਨੰਤ ਕੇ ਭਜਨ ਕਾ ਹੀ ਚਿਤ ਮੇਂ ਫਿਕਰ ਰਖੋ ਔਰ ਸਭ ਪ੍ਰਕਾਰ ਕੀ ਆਸਾ ਤਜਾਗੋ।

**ਏਕਾ ਬੇਦਨ** ਵਾ. ਕੇਵਲ ਜਨਮਾਦਿ ਦੁੱਖ, ਯਥਾ- ਏਕਾ ਬੇਦਨ ਦੂਜੈ ਬਿਆਪੀ। ਕੇਵਲ ਜਨਮਾਦਿ ਦੁਖ ਨਿਖਲ ਜੀਵੋਂ ਕੋ ਦ੍ਵੈਤ ਭਾਵ ਸੇ ਬਜਾਪ ਰਹਿਆ ਹੈ।

**ਏਕਿਆ** ਗੁ. ਏਕ ਰੂਪ ਹੋਵੇ ਹੈਂ, ਯਥਾ- ਠਾਕੁਰ ਸੇਵਕ ਰਲਿ ਏਕਿਆ।

**ਏਕੋ** ਦੇ. ਏਕ ਹੀ, ਯਥਾ- ਏਕੋ ਕਹੀਐ ਨਾਨਕਾ।

**ਏਕੋ ਭਵਰੁ** ਵਾ. ਏਕ ਆਤਮਾ ਭਵਰ ਹੀ ਬਿਚਰੇ ਹੈ, ਯਥਾ- ਏਕੋ ਭਵਰੁ ਭਵੈ ਤਿਹੁ ਲੋਇ।

**ਏਖ** ਸੰ. ਯਹ।

**ਏਣ** ਸੰ. ਮ੍ਰਿਗ।

**ਏਤ** ਗੁ. ਇਸ, ਯਥਾ- ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ। ਇਸ ਮੋਹ ਸੇ ਮੈਂ ਛੁਡਾਇ ਲਈ ਏਤੀ ਦ੍ਰਿਢਤਾ ਦਈ।

**ਏਤੇ** ਪੰ. ਇਸੀ ਕਾਮ ਮੇਂ, ਯਥਾ- ਏਤੈ ਕੰਮਿ ਲਾਇ। ਇਸੀ ਕਾਮ ਮੇਂ ਲਗਾਵੇ। ਦੇ. ਇਤਨੇ, ਯਥਾ- ਏਤੇ ਵੇਸ ਕਰੇਦੀਏ ਮੁੰਧੇ। ਹੇ ਨਾਨਾ ਵੇਸ ਕਰਤੇ ਭਗਤ ਜਨ। ਇਤਨਾ, ਯਥਾ- ਏਤਾ ਗਬੁ ਅਕਾਸਿ ਨ ਮਾਵਤ।

**ਏਤੇ ਕੂਕਰ** ਵਾ. ਹੇ ਪ੍ਰਮੇਸ੍ਵਰ ਏਤੇ ਆਪ ਕੇ ਜਸ ਕੋ ਕਹ ਕਰਕੇ, ਯਥਾ- ਏਤੇ ਕੂਕਰ ਹਉ ਬੇਗਾਨਾ।

**ਏਥੇ** ਪੰ. ਇਤ ਥਾਨ ਭਾਵ ਇਸ ਲੋਕ ਮੇਂ, ਜੈਸੇ- ਏਥੇ ਓਥੇ ਨਾਨਕਾ ਕਰਤਾ ਰਖੇ ਪਤ। ਇਸ ਥਾਨ ਤੇ, ਜੈਸੇ- ਏਥੋ ਛੁਟਕਿਆ ਠੌਰ ਨਾ ਠਾਇ।

**ਏਦਾ** ਪੰ. ਇਸ ਪ੍ਰਕਾਰ, ਇਸ ਤਰਹ।

**ਏਦੂ** ਪੰ. ਇਸ ਤੇ, ਜੈਸੇ- ਏਦੂ ਪਾਰੋ ਓਤ ਪਾਰ।

**ਏਧ** ਸੰ. ਬ੍ਰਿਧੀ।

**ਏਧਰ** ਪੰ. ਇਧਰ।

**ਏਨੀ** ਪੰ. ਇਨ ਮੇਂ, ਯਥਾ- ਏਨੀ ਟੋਲੀ ਭੁਲੀਅਸੁ।

**ਏਮਨ** ਵਾ. ਹੇ ਮਨ, ਯਥਾ- ਏ ਮਨ ਮੇਰਿਆ। ਪੁਨਾ- ਏ ਮਨ ਮੂਲਹੁ ਭੁਲਿਆ। ਦੇ. ਏਮਨ ਕਲਜਾਣ ਰਾਗਣੀ।

**ਏਵੇਹੀ** ਗੁ. ਐਸੀ।

**ਏਵੈ** ਪੰ. ਨਿਸਚੇ ਕਰ ; ਐਸੇ, ਯਥਾ- ਨਾਨਕ ਏਵੈ ਜਾਣੀਐ। ਇਸ ਪ੍ਰਕਾਰ, ਯਥਾ- ਹਰਿ ਜੀਉ ਏਵੈ ਭਾਵਦਾ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਇਕਾਰਾਦਿ ਸਬਦਾਰਥ ਰਚਨੰ ਸਮਾਪ੍ਤੰ॥

# ਸ

**ਸੰ** ਸੰ. ਸਮਜ਼ਕ, ਅਛੀ ਤਰਹ ; ਕਰਖ ; ਸੰਗਤਿ ; ਸੋਭਨ ; ਸਮੁਚਯ। ਗੁ. ਸਮਾਨ, ਯਥਾ- ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ। ਬਚਨਾਂਤਰ ਮੇਂ- ਦਾਤਾ ਬਿਸਰਿਆ ਦਾਤੇ ਪਿਆਰ। ਸੰ. ਸਮ।

**ਸਉ** ਪੰ. ਸੌ ਗਿਨਤੀ ; ਸੌ ਵਸਤੁ। ਗੁ. ਸਵਾ ਮਣੁ, ਯਥਾ- ਸਉ ਮਣੁ ਹਸਤੀ ਘਿਉ ਗੁੜੁ ਖਾਵੈ। ਈਹਾਂ ਸਉ ਕਾ ਸਵਾ ਅਰਥ ਇਸ ਲੀਏ ਜਾਨਾ ਗਯਾ ਇਸ ਪਾਠ ਕੇ ਸਮੀਪ ਹੀ। ਅਧੁ ਗੁਲ੍ਹਾ ਚਿੜੀ ਕਾ ਚੁਗਣੁ ਪਾਠ ਮੇਂ ਚਿੜੀ ਕੇ ਏਕ ਦਿਨ ਕੇ ਆਹਾਰ ਕਾ ਕਥਨ ਹੈ। ਇਸ ਲੀਏ ਹਾਥੀ ਕਾ ਭੀ ਏਕ ਦਿਨ ਕਾ ਆਹਾਰ ਕਹਿਆ ਹੈ। ਜੋ ਸਵਾ ਮਣ ਹਾਥੀ ਘੀ ਗੁੜ ਖਾਤਾ ਹੈ। ਅਰਥਾਤ ਮਣ ਭਰ ਆਟਾ ਆਠ ਸੇਰ ਗੁੜ ਦੋ ਸੇਰ ਘੀ ਏਤਾ ਰਾਤਬ ਖਾਤਾ ਹੈ। ਪੰਜਿ ਸੈ ਦਾਣਾ ਖਾਇ- ਪੰਜ ਸਵਾਯਾ ਸਾਢੇ ਸਾਤ ਮਣ ਦਾਣੇ ਸੰਬੰਧੀ ਭੂਸ ਖਾਤਾ ਹੈ। ਕੋਈ ਚਿੜੀ ਕੇ ਏਕ ਦਿਨ ਕੇ ਆਹਾਰ ਕੇ ਕਥਨ ਅਨੁਸਾਰ ਐਸਾ ਅਰਥ ਕਰਤੇ ਹੈਂ। ਔਰ ਐਸਾ ਕਰਤੇ ਹੈਂ ਈਹਾਂ ਅਨਯੋਕ੍ਤੀ ਸੇ ਅਹੰਕਾਰੀ ਨਿਰਹੰਕਾਰੀਯੋਂ ਕੇ ਬਰਣਨ ਮੇਂ ਤਾਤਪਰਯ ਹੈ। ਯਾਤੇ ਅਧ ਗੁਲਾ ਇਤਜਾਦਿ ਪਾਠ ਸੇ ਏਕ ਦਿਨ ਕੇ ਆਹਾਰ ਕਹਨ ਕਾ ਅਵਸਥਾ ਭਰ ਕੇ ਅਲਪ ਆਹਾਰ ਮੇਂ ਤਾਤਪਰਯ ਹੈ। ਹਾਥੀ ਕੇ ਸੌ ਮਣ ਘੀ ਗੁੜ ਪੰਜ ਸੈ ਦਾਣਾ ਪਾਠ ਕਾ ਉਮਰ ਭਰ ਕੇ ਬਹੁਤ ਆਹਾਰ ਮੇਂ ਤਾਤਪਰਯ ਹੈ। ਯਾਤੇ ਅਨਯੋਕ੍ਤੀ ਸੇਂ ਅਹੰਕਾਰੀ ਕੋ ਅੰਤ ਸਮੇ ਦੁਖ ਨਿਰਹੰਕਾਰ ਕੋ ਸੁਖ ਕਹਜਾ ਹੈ। ਸੋਤੇ ਹੈਂ, ਯਥਾ- ਸਉ ਨਿਸੁਲ ਜਨ ਟੰਗ ਧਰਿ। ਸੋਤੇ ਹੈਂ ਭਗਤ ਜਨ ਸੰਸਾਰ ਮੇਂ ਸੀਧੀ ਲੱਤਾਂ ਕਰ ਅਰਥਾਤ ਦੇਵ ਪਿਤਰਾਦਿਕੋਂ ਕੇ ਸਭ ਰਿਣ ਦੂਰ ਕਰ ਬੇਫਿਕਰ ਹੋ ਕੇ। ਸਾਥ, ਯਥਾ- ਬੀਬੀ ਕਉਲਾ ਸਉ ਕਾਇਨੁ ਤੇਰਾ। ਸਉ ਵਸਤੁ ਅਰਥਾਤ ਸੈਕੜੇ, ਯਥਾ- ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ। ਦਿਨ ਮੇਂ ਮੰਦ ਕਰਮ ਥੋੜਾ ਹੋਵੇ ਹੈ। ਇਸ ਲੀਏ ਲੋਕ ਪਰਲੋਕ ਮੇਂ ਜੀਵੋਂ ਕੋ ਸੌ ਉਲਾਮੇ ਮਿਲਤੇ ਹੈਂ। ਰਾਤ੍ਰੀ ਕੋ ਬਹੁਤ ਹੋਤੇ ਹੈਂ, ਇਸ ਵਾਸਤੇ ਰਾਤ੍ਰਿ ਕੇ ਪਾਪੋਂ ਕੋ ਹਜਾਰਾਂ ਮਿਲਤੇ ਹੈਂ। ਬਚਨਾਂਤਰ ਮੇਂ ਯਹੀ ਅਰਥ ਪ੍ਰਸ੍ਰ ਕੀਆ ਹੈ। ਸਾਵਣੁ ਰਾਤਿ ਅਹਾੜੁ ਦਿਹੁ- ਸਾਵਣ ਤੁਲਜ ਰਾਤ੍ਰਿ ਹੈ ਜਿਸ ਮੇਂ ਬਹੁਤ ਪਾਪ ਜਨਮੇ ਹੈਂ ਅਹਾੜ ਸਮ ਦਿਨ ਹੈ, ਜਿਸ ਮੇਂ ਅਲਪ ਪਾਪ ਜਨਮੇ ਹੈਂ।

**ਸਉ ਨਿਸਲ** ਵਾ. ਸੋਂਵਤੇ ਹੈਂ ਸੀਧੀ ਲੱਤਾਂ ਕਰ ਭਾਵ ਬਿਨਾ ਸੰਦੇਹ ਹੋ ਕਰ।

**ਸਉਹੇ** ਪੰ. ਸਾਮਨੇ, ਯਥਾ- ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ। ਸਾਮਨਾ ਕਰੇ ਭਾਵ ਪ੍ਰਮੇਸੂਰ ਨੇ ਮੁਝੇ ਦੁਖ ਕਿਉ ਦੀਆ ਐਸੇ ਦੋਖ ਲਗਾਵੇ। ਸੁਗੰਦਾਂ, ਜੈਸੇ- ਸਉ ਸਉ ਸਉਹੇ ਖਾਇ।

**ਸਉਕਨਿ** ਦੇ. ਏਕ ਪਤੀ ਵਾਲੀ ਦੋ ਇਸਤ੍ਰੀਆਂ ਵਤ ਅਪਨੇ ਅਪਨੇ ਵਿਖਯੋਂ ਮੇਂ ਮਨ ਕੋ ਖੈਚਨੇ ਵਾਲੀ ਇੰਦ੍ਰੀਆਂ, ਯਥਾ- ਸਉਕਨਿ ਘਰ ਕੀ ਕੰਤਿ ਤਿਆਗੀ।

**ਸਉਣ** ਦੇ. ਸਗੁਨ, ਜੈਸੇ ਯਾਤ੍ਰਾ ਸਮੇ ਮ੍ਰਿਗ ਪੰਛੀ ਪ੍ਰਦਖਣਾ ਕੀ ਰੀਤਿ ਸੇ ਜਾਵੇ, ਭਰਾ ਹੂਆ ਜਲਪਾਤ੍ਰ ਸਨਮੁਖ ਮਿਲੇ ਇਤ੍ਯਾਦਿ ਸੁਭ ਸਗਨ ਹੈਂ। ਸੰ. ਸਕੁਨ।

**ਸਉਣ ਸਾਸਤ੍ਰ** ਦੇ. ਸਗੁਨ ਵਿਚਾਰ ਕੇ ਜੋਤਿਸ ਔਸਰੋਂ ਦਾ ਗ੍ਰੰਥ। ਸੰ. ਸਕੁਨ ਸਾਸਤ੍ਰ।

**ਸਉਤੁ** ਦੇ. ਪੁਤ੍ਰ ਵਾਲਾ, ਯਥਾ- ਜਿਨਿ ਕੀਨੋ ਸਉਤੁ ਬਿਧਾਤਾ। ਸੰ. ਸਪੁਤ੍ਰ।ਸਸ਼

**ਸਉਦਾਗਰੀ** ਫਾ. ਕ੍ਰਯ ਬਿਕ੍ਰਯ ਕੋ, ਯਥਾ- ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ।

**ਸਉਦੀ** ਅ. ਕ੍ਰਯ ਬਿਕ੍ਰਯ, ਖਰੀਦਨਾ ਬੇਚਨਾ ; ਸਉਦਿਯੋਂ ਮੇਂ, ਯਥਾ- ਕਾਚੀ ਸਉਦੀ ਤੋਟਾ ਆਵੈ। ਸੈਨ ਕਰਤੇ, ਯਥਾ- ਸਉਦੇ ਵਾਹੁ ਵਾਹੁ ਉਚਰਹਿ।

**ਸਉਪਿ** ਦੇ. ਅਰਪਣ ਕਰ, ਯਥਾ- ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ। ਸੰ. ਸਮਰਪ।

**ਸਉਲਾ** ਗੁ. ਸਬਲਾ, ਬਲਵਾਨ, ਯਥਾ- ਪੁਰਖੁ ਪ੍ਰਭੁ ਸਉਲਾ। ਵਾ ਸਾਵਲਾ, ਸਯਾਮ।

**ਸਉੜਿ** ਦੇ. ਥਾਂ. ਰਜਾਈ, ਤੁਲਾਈ, ਯਥਾ- ਊਂਘੈ ਸਉੜਿ ਪਲੰਘੁ।

**ਸਈਆਦ** ਫਾ. ਸਿਕਾਰ ਮਾਰਨੇ ਵਾਲਾ ਅਰਥਾਤ ਹਿੰਸਾਦਿਕ ਕੁਕਰਮ ਕਰਨੇ ਵਾਲੇ, ਯਥਾ- ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ। ਇਸਤ੍ਰੀਆਂ ਧਨ ਲੇਨੇ ਹੇਤ ਚੋਰੀ ਆਦਿਕ ਕੁਕਰਮੋਂ ਕਾ ਉਪਦੇਸ ਕਰਨੇ ਵਾਲੀਆਂ ਹੁਈਆਂ। ਪੁਰਖ ਧਨੀਓਂ ਕੇ ਪ੍ਰਾਣ ਘਾਤ ਕਰ ਧਨ ਚੁਰਾ ਲਿਆਵਨੇ ਸੇ ਮਾਨੋ ਸਿਕਾਰੀ ਹੋ ਗਏ।

**ਸੰਸਕਾਰ** ਦੇ. ਵਸਤੁ ਕਾ ਸਵਾਰਨਾ ; ਨਯਾਯ ਮਤ ਮੇਂ ਬੇਗ ਭਾਵਨਾ ਥਿਤੀ ਥਾਪਕ ਤੀਨ ; ਤੀਨੋਂ ਮੇਂ ਭਾਵਨਾ ਭਲੇ ਬੁਰੇ ਕਰਮ ਕੀ ਵਾਸਨਾ ਕਾ ਨਾਮ ਹੈ।

**ਸਸਤ** ਦੇ. ਸਸਤਾ, ਯਥਾ- ਸਸਤ ਵਖਰੁ ਤੂੰ ਘਿੰਨਹਿ ਨਾਹੀ। ਹਰਿ ਕਾ ਨਾਮ ਸ੍ਵਰੂਪ ਬਿਨ ਦਾਮ ਖਰਚੇ ਮਹਾਤਮਾ ਸੇ ਤੂ ਲੇਤਾ ਨਹੀ।

**ਸੰਸਾ** ਗੁ. ਸੰਦੇਹ ਰੂਪ, ਯਥਾ- ਸੰਸਾ ਇਹੁ ਸੰਸਾਰੁ ਹੈ। ਈਹਾ ਆਉਖਾ ਬਧਾਵਤੇ ਘੀ ਕੋ ਆਯੁ ਕਥਨ ਵਤ ਸੰਸਯ ਬਿਪਰਯ ਰੂਪ ਦ੍ਵੈਤ ਪ੍ਰਭਾਵ ਤੇ ਹੋਨੇ ਵਾਲੇ ਜਨਮ ਮ੍ਰਿਤੁ ਕੇ ਪ੍ਰਵਾਹ ਰੂਪ ਸੰਸਾਰ ਕੋ ਸੰਸਾ ਸ੍ਵਰੂਪ ਕਥਨ ਹੈ। ਸੰ. ਦੇਹ ਸੇ, ਯਥਾ- ਸਹਸੈ ਜੀਉ ਮਲੀਣੁ ਹੈ।

**ਸੰਸਾਰ** ਸੰ. ਜਨਮ ਮ੍ਰਿਤੁ ਕਾ ਪ੍ਰਵਾਹ, ਜੈਸੇ- ਆਵਣ ਜਾਵਣ ਹੈ ਸੰਸਾਰ।

**ਸੰਸਾਰੀ** ਸੰ. ਸੰਸਾਰ ਹੋਵੇ ਜਿਸ ਸੇ ਵਹੁ ਬ੍ਰਹਮਾ, ਯਥਾ- ਇਕੁ ਸੰਸਾਰੀ। ਜਨਮ ਮਰਨ ਕੇ ਪ੍ਰਵਾਹ ਵਾਲੇ ਜੀਵ ; ਜਨਮਾਦਿਕੋਂ ਕਾ ਪ੍ਰਵਾਹ ; ਵਸਤੁ, ਯਥਾ- ਛੂਟਿ ਗਈ ਸੰਸਾਰੀ।

**ਸਸਿ** ਸੰ. ਚੰਦ੍ਰਮਾ, ਸਸਾ ਹੋਵੇ ਬਾਹਨ ਜਿਸ ਪਾਸ ਤਿਸ ਕਾ ਨਾਮ ਸਸਿ ਹੈ। ਚੰਦ੍ਰਮਾ ਪਾਸ ਬਾਹਨ ਸਸਾ ਹੈ ; ਵਾਮਾਸ੍ਵਰ, ਯਥਾ- ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ।

**ਸਸਿ ਕੀਕ** ਗੁ. ਚੰਦ੍ਰ ਹੈ, ਯਥਾ- ਜਿਉ ਵਿਚਿ ਉਡਵਾ ਸਸਿ ਕੀਕ। ਜੈਸੇ ਤਾਰਿਓਂ ਮੇਂ ਚਾਂਦ ਹੈ।

**ਸਸੀਅ** ਗੁ. ਚੰਦ੍ਰਮਾ, ਯਥਾ- ਅੰਮ੍ਰਿਤ ਸਸੀਅ ਧੇਨ ਲਛਿਮੀ। ਸੰ. ਸਸਧਰ।

**ਸਸੁ** ਪੰ. ਪਤਿ ਕੀ ਮਾਤਾ, ਯਥਾ- ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ।

**ਸਸੁਰ** ਦੇ. ਸਹੁਰਾ।

**ਸਸੂ** ਪੰ. ਪਤਿ ਨੇ ਅਪਨੀ ਮਾਤਾ ਸੇ, ਯਥਾ- ਸਸੂ ਤੇ ਪਿਰਿ ਕੀਨੀ ਵਾਖਿ।

**ਸਸੈ** ਗੁ. ਇਸ ਨਾਮ ਵਾਲੇ ਅਖਰ ਸੇ ਉਪਦੇਸ ਕਹੇ ਹੈਂ, ਯਥਾ- ਸਸੈ ਸੋਇ ਸ੍ਰਿਸਟਿ ਜਿਨਿ ਸਾਜੀ। ਪੁਨਾ- ਸਸਾ ਸਤਿ ਸਤਿ ਸਤਿ ਸੋਊ।

**ਸਹ** ਪੰ. ਓਟ, ਆਸਰਾਪਨ, ਯਥਾ- ਨਾਨਕ ਸਹ ਪਕਰੀ ਸੰਤਨ ਕੀ। ਸੰ. ਸਾਥ, ਜੈਸੇ- ਸਹ ਰਾਮੇਣ ਗਤਾ ਸੀਤਾ।

**ਸਹ ਕੇਰੇ** ਵਾ. ਪਤਿ ਕੇ, ਯਥਾ- ਸਹ ਕੇਰੇ ਬੋਲਾ।

**ਸਹਸ** ਦੇ. ਹਜਾਰਾਂ, ਯਥਾ- ਸਹਸ ਸਿਆਣਪਾ ਲਖ ਹੋਹਿ। ਪੁਨਾ- ਸਹਸ ਨੇਤ੍ਰ ਨੇਤ੍ਰ ਹੈ। ਪੁਨਾ- ਸਹਸ ਤਵ ਨੈਨ ਨਨ ਨੈਨ ਹੈ। ਸੌ, ਜੈਸੇ- ਸੰਬਤ ਸਤਰਾ ਸਹਸ ਪਚਾਵਨ। ਸਾਹਸ ਕਰ ਵਾ ਸੰਦੇਹ ਕਰ, ਜੈਸੇ- ਸਹਸਾ ਕਰ ਪਛਤੈ ਹੈ ਮੂੜਾ।

**ਸਹਸ ਨੇਤ੍ਰ** ਗੁ. ਹਜਾਰ ਨੇਤ੍ਰੋਂ ਵਾਲਾ ਬਿਸਨੁ, ਯਥਾ- ਸਹਸ ਨੇਤ੍ਰ ਮੂਰਤਿ ਹੈ ਸਹਸਾ। ਜੈਸੇ ਸਹਸ੍ਰਾਖ੍ਯ:। ਸੰ. ਸਹਸ੍ਰਪਾਤ।

**ਸਹਸ ਫਨੀ ਸੇਖ** ਦੇ. ਸਹਸ੍ਰ ਫਣੋ ਵਾਲਾ ਸੇਖ ਨਾਗ, ਯਥਾ- ਸਹਸ ਫਨੀ ਸੇਖ ਅੰਤੁ ਨ ਜਾਨੈ।

**ਸਹਸ ਭਗ ਗਾਂਮੀ** ਦੇ. ਇੰਦ੍ਰ, ਯਥਾ- ਸੀਸੁ ਧਰਨਿ ਸਹਸ ਭਗ ਗਾਂਮੀ।

**ਸਹਸ ਮੂਰਤਿ** ਦੇ. ਸਹਸ੍ਰ ਮੂਰਤੀਓਂ ਵਾਲਾ ਬਿਰਾਟ ਰੂਪ ਪ੍ਰਮੇਸ੍ਵਰ।

**ਸਹਸਾ** ਗੁ. ਸੰਦੇਹ, ਯਥਾ- ਸਹਸਾ ਮੂਲੇ ਨਾਹਿ ਸਰਪਰ ਤਾਰਸੀ। ਪੁਨਾ-ਸਹਸਾ ਇਹੁ ਸੰਸਾਰੁ ਹੈ। ਪੁਨਾ- ਨਹ ਜਾਇ ਸਹਸਾ ਕਿਤੈ ਸੰਜਮਿ। ਹਜਾਰਾਂ, ਯਥਾ- ਸਹਸ ਨੇਤ੍ਰ ਮੂਰਤਿ ਹੈ ਸਹਸਾ।

**ਸਹਸਾ ਦੋਈ** ਗੁ. ਸਹਸਾ ਔ ਦ੍ਵੈਤ।

**ਸਹਸਾਇਆ** ਗੁ. ਸੰਦੇਹ।

**ਸਹਸੀ** ਪੰ. ਸਹਾਰੇਗਾ।

**ਸਹਸੇ ਸਹਸਾ** ਵਾ. ਸੰਦੇਹ ਹੀ ਸੰਦੇਹ ਹੈ।

**ਸਹਸੇ ਗੰਠ** ਦੇ. ਸੰਦੇਹੋਂ ਕੀ ਗਾਂਠ ; ਪ੍ਰਮਾਣ ਸੰਸਯ ਪ੍ਰਮੇਯ ਸੰਸਯ ਭੇਦ ਸੇ ਦੋ ਪ੍ਰਕਾਰ ਕੀ ਹੈ। ਜੈਸੇ ਵੇਦਾਦਿ ਗ੍ਰੰਥ ਯਥਾਰਥ ਹੈਂ ਵਾ ਮਿਥਯਾ ਹੈਂ। ਯਥਾਰਥ ਹੈਂ ਤਬ ਜੀਵ ਪ੍ਰਮੇਸ੍ਵਰ ਕਾ ਭੇਦ ਕਹੇ ਹੈਂ ਵਾ ਭੇਦ ਕਹੇ ਹੈਂ ਇਤਯਾਦਿਕ ਪ੍ਰਮਾਣ ਮੇਂ ਸੰਸਯ ਹੈ। ਜੀਵ ਬ੍ਰਹਮ ਕਾ ਅਭੇਦ ਸਚਾ ਹੈ ਵਾ ਭੇਦ ਸਚਾ ਹੈ। ਅਭੇਦ ਸਚਾ ਹੈ ਤਬ ਬੇਦਾਂਤ ਬਿਨਾ ਪਾਂਚ ਸਾਸਤ੍ਰੋਂ ਵਾਲੇ ਮੁਨੀਸ੍ਵਰ ਭੇਦ ਕਿਉਂ ਮਾਨਤੇ ਹੈਂ। ਅਭੇਦ ਕਿਉ ਨਹੀ ਮਾਨਤੇ ਇਤਯਾਦਿ ਪ੍ਰਮੇਯ ਮੇਂ ਸੰਸਯ ਹੈ। ਯੇ ਸੰਸਯ ਜੀਵ ਕੋ ਮੈਲਾ ਕਰਨੇ ਵਾਲੇ ਹੈਂ। ਬਚਨ ਭੀ ਹੈ- ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।

**ਸਹਸੈ** ਗੁ. ਸੰਦੇਹ ਸੇ, ਯਥਾ- ਸਹਸੈ ਜੀਉ ਮਲੀਣੁ ਹੈ। ਦੇ. ਪਤਿ ਸਾਥ।

**ਸਹਕੰਤ** ਗੁ. ਸਹਕਤਾ, ਮਰਨ ਕੋ ਸਨਮੁਖ ਹੋ ਔਖੇ ਸ੍ਵਾਸ ਲੇਤਾ, ਯਥਾ- ਸਹਕੰਤ ਹਰੀਅਂ। ਗੁਰ ਸਹਕਤੇ ਤੁਲਸ ਭਏ ਜੀਵੋਂ ਕੋ ਆਨੰਦ ਕਰ ਦੇਤੇ ਹੈਂ।

**ਸਹਕਾਈਐ** ਪੰ. ਮਰਨ ਸਮੇ ਸੁਆਸ ਲੇਤੇ ਜੀਵ ਸਮ ਸਹਕਤਾ ਕਹੀਏ ਹੈ, ਯਥਾ- ਸੰਤ ਕਾ ਦੋਖੀ ਸਦਾ ਸਹਕਾਈਐ। ਸੰਤ ਕਾ ਦੋਖੀ ਨ ਮਰੈ ਨ ਜੀਵਾਈਐ। ਸਹਕਾਈ ਪਦ ਕਾ ਅਰਥ ਗੁਰੂ ਲਿਖੇ ਹੈਂ। ਸੰਤ ਕਾ ਦੋਖੀ ਨ ਮਰੈ ਨ ਜੀਵਾਈਐ। ਮਰਣ ਜੀਵਣ ਕੀ ਸੰਧੀ ਮੇ ਪ੍ਰਾਪਤ ਹੋਣਾ ਸਹਕਣਾ ਹੈ।

**ਸਹਘੋ** ਦੇ. ਮਾਰ. ਸਸਤਾ, ਯਥਾ- ਤਉ ਗੁਣੁ ਸਹਘੋ ਜਾਇ।

**ਸਹਜ** ਸੰ. ਸਹਜਾਯਤੇ ਇਤਿ ਸਹਜੰ- ਸਾਥ ਉਪਜੀ ਵਸਤੁ ; ਸੁਭਾਵ। ਯੇ ਸਹਜ ਕੇ ਦੋ ਅਰਥ ਹੈਂ। ਗੁਰਬਾਣੀ ਮੇਂ ਯਹ ਪਦ ਕਹੀ ਗਯਾਨ ਕਾ ਬੋਧਕ ਹੈ, ਕਹੀ ਸੁਖ ਕਾ ਬੋਧਕ ਹੈ, ਕਹੀ ਬਿਚਾਰ ਕਾ ਬੋਧਕ ਹੈ, ਕਹੀ ਸਾਂਤਿ ਕਾ ਹੈ, ਕਹੀ ਧੀਰਜ ਕਾ ਹੈ, ਕਹੀ ਸੁਭਾਵ ਕਾ ਹੈ। ਇਸ ਪਦ ਮੇਂ ਕਹੀ ਜੱਜਾ ਮੁਕਤਾ ਹੈ, ਕਹੀ ਸਿਆਰੀ ਵਾਲਾ ਹੈ, ਕਹੀ ਔਂਕੁੜ ਵਾਲਾ ਹੈ, ਕਹੀ ਜੇ ਵਾਲਾ ਹੈ। ਪੂਰਬ ਕਹੇ ਸਹਜ ਪਦ ਕੇ ਦੋਨੋ ਅਰਥੋ ਮੇਂ ਪਹਲੇ ਕਾ ਬਿਸਤਾਰ ਹੋਤਾ ਹੈ। ਗਯਾਨ ਸੇ, ਯਥਾ- ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ। ਅੰਤਰੰਗ ਬਹਿਰੰਗ ਸਾਧਨੋ ਕੇ ਸਾਥ ਉਪਜੇ ਗਯਾਨ ਸੇ। ਪਰਮਾਤਮਾ ਕੇ ਸ੍ਵਰੂਪ ਕਾ ਕਥਨ ਕਰਨਾ ਉਤਮ ਪੁਰਖੋਂ ਕੀ ਸਭਾ ਮੇਂ ਠਿਕਾਨੇ ਪੜੇ ਹੈਂ। ਬਿਨਾ ਵਾਕੇ ਗਯਾਨ ਸੇ ਕਹਨਾ ਬਜਰਥ ਹੈ। ਪੁਨਾ- ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ। ਗਯਾਨ ਕੇ ਸਾਧਨ ਸਮਾਦਿਕੋ ਬਿਨਾ ਕੇਵਲ ਕਰਮ ਸੇ ਗਯਾਨ ਨਹੀਂ ਉਪਜੇ। ਔ ਗਯਾਨ ਹੂਏ ਬਿਨਾ ਚਿਤ ਕਾ ਸੰਦੇਹ ਨਹੀ ਜਾਵੇ। ਪੁਨਾ- ਜਾ ਕੈ ਸਹਜੁ ਭਇਆ ਸੋ ਜਾਣੈ। ਜਿਸ ਕੇ ਚਿਤ ਮੇ ਗਯਾਨ ਉਪਜਿਆ ਹੈ, ਵਹੀ ਸ੍ਵ ਸੰਵੇਦਯ ਬ੍ਰਹਮ ਕੋ ਜਾਣੇ ਹੈ। ਪੁਨਾ- ਬਾਝੁ ਗੁਰੂ ਕੋ ਸਹਜੁ ਨ ਪਾਏ। ਬਿਨਾ ਗੁਰੂ ਸੇ ਕੋਈ ਪੁਰਸ ਗਯਾਨ ਨਹੀ ਪਾਵੇ। ਪੁਨਾ- ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ। ਗੁਰੋ ਬਿਨਾ ਚਿਤ ਮੇਂ ਗ੍ਯਾਨ ਨਹੀ ਉਪਜੇ ਯਹ ਨੇਮ ਹੈ, ਜੇਕਰ ਕਿਉਂ ਨਹੀ ਉਪਜੇ ਸੰਦੇਹ ਹੈ ਤਬ ਜਿਨ ਕੋ ਗੁਰੋ ਸੇ ਉਪਜਾ ਹੈ, ਉਨ ਗ੍ਯਾਨੀਓਂ ਕੋ ਜਾ ਕੇ ਪੂਛੋ। ਬਚਨਾਂਤਰ ਮੇਂ ਸਪਸ੍ਟ ਲਿਖਾ ਹੈ- ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ। ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ। ਪੁਨਾ- ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ। ਜਬ ਸਹਜ ਗ੍ਯਾਨ ਸੇ ਸਕਤੀ ਅਗ੍ਯਾਨ ਕੋ ਦੂਰ ਕਰਕੇ ਹਮਾਰੇ ਚਿਤ ਮੇਂ ਸਿਵ ਪਰਮਾਤਮਾ ਕਾ ਪ੍ਰਕਾਸ ਹੂਆ ਤਬ ਹਮ ਉਸ ਏਕ ਮੇਂ ਏਕ ਰੂਪ ਹੋ ਸਮਾਏ ਹੈਂ। ਸਭ ਤੁਕੋ ਮੇਂ ਸਹਜ ਕਾ ਅਰਥ ਗ੍ਯਾਨ ਹੈ- ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ। ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ੍ਟੀ ਸ੍ਰੇਸ੍ਟ ਗੁਰ ਬ੍ਰਹਮਾਨੰਦ ਕਾ ਖੇਤ ਹੈਂ। ਜਿਨ ਕੋ ਸਭ ਵਸਤੂਓਂ ਮੇਂ ਬ੍ਰਹਮ ਦ੍ਰਿਸ੍ਟਿ ਹੈ ਅਰਥਾਤ ਸ੍ਰੇਸ੍ਟ ਗੁਰੂ ਬ੍ਰਹਮ ਗ੍ਯਾਨ ਸਾਥ ਪ੍ਰਕਟ ਹੋਨੇ ਵਾਲੇ ਬ੍ਰਹਮਾਨੰਦ ਸੁਖ ਕਾ ਖੇਤ ਹੈਂ। ਜਿਨ ਕੋ ਨਿਖਲ ਜਗਤ ਆਨੰਦ ਸੇ ਪ੍ਰਗਟ ਹੋਨੇ ਕਰ ਤਿਸੀ ਕਾ ਰੂਪ ਭਾਨ ਹੋਵੇ ਹੈ। ਇਸ ਪਾਠ ਮੇਂ ਸਹਜੇ ਕਾ ਸੁਖ ਅਰਥ ਹੈ- ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ। ਗੁਰ ਸ੍ਰੇਸ੍ਟ ਪਾਏ ਹੈਂ ਮਹਾਤਮਾ ਕੇ ਸੰਗ ਸੇ ਉਪਜੇ ਕੱਚੇ ਪੱਕੇ ਗੁਰੂ ਕੀ ਪਰੀਖ੍ਯਾ ਰੂਪ ਬਿਚਾਰ ਸੇ। ਗ੍ਰੰਥ ਜੀ ਮੇ ਕੱਚੇ ਸੇ ਉਪਦੇਸ ਲੇਨੇ ਕਾ ਨਿਖੇਧ ਸੂਚਨ ਕੀਆ ਹੈ। ਜੈਸੇ- ਕਾਚੇ ਗੁਰ ਤੇ ਮੁਕਤਿ ਨ ਹੂਆ। ਪੁਨਾ- ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ। ਪੱਕੇ ਸੇ ਉਪਦੇਸ ਲੇਨੇ ਕੀ ਬਿਧੀ ਸੂਚਨ ਕਰੀ ਹੈ। ਜੈਸੇ- ਪੂਰੇ ਗੁਰ ਕਾ ਸੁਨਿ ਉਪਦੇਸੁ। ਪਾਰਬ੍ਰਹਮੁ ਨਿਕਟਿ ਕਰਿ ਪੇਖੁ। ਤਥਾ- ਪੂਰੇ ਗੁਰ ਕੀ ਪੂਰੀ ਦੀਖਿਆ। ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ। ਪੂਰਬ ਲਿਖੀ ਆਨੰਦ ਜੀ ਕੀ ਤੁਕ ਮੇਂ ਸਹਜ ਕਾ ਬਿਚਾਰ ਅਰਥ ਹੈ- ਸਹਜ ਭਾਇ ਸੰਚਿਓ। ਕੋਪਾਦਿਕੋ ਕੀ ਨਿਬ੍ਰਿਤਿ ਸਹਿਤ ਸਾਂਤਿ ਸੁਭਾਵ ਸੰਗ੍ਰਹ ਕੀਆ ਹੈ। ਇਸ ਪਾਠ ਮੇਂ ਸਹਜ ਕਾ ਸਾਂਤਿ ਅਰਥ ਹੈ। ਸਹਜਿ ਸਹਜਿ ਗੁਨ ਰਵੈ ਕਬੀਰਾ। ਚਿਤ ਕੀ ਥਿਰਤਾ ਸਹਿਤ ਧੀਰਜ ਸੇ ਗੁਣੋਂ ਕੋ ਕਥਨ ਕਰੇ ਹੈ ਕਬੀਰ। ਇਸ ਪਾਠ ਮੇਂ ਸਹਜ ਕਾ ਧੀਰਜ ਅਰਥ ਹੈ। ਪੂਰਬ ਲਿਖੇ ਸਭ ਅਰਥੋਂ ਮੇਂ ਸਾਥ ਉਪਜਨਾ ਰੂਪ ਪਹਲਾ ਅਰਥ ਦਿਖਾਯਾ। ਸੁਭਾਵ, ਯਥਾ- ਅੰਮ੍ਰਿਤੁ ਲੈ ਲੈ ਨੀਮੁ

ਸਿੰਚਾਈ। ਕਹਤ ਕਬੀਰ ਉਆ ਕੋ ਸਹਜੁ ਨ ਜਾਈ। ਈਹਾ ਸਹਜ ਕਾ ਸੁਭਾਵ ਅਰਥ ਹੈ। ਇਸੀ ਸੁਭਾਵ ਕਾ ਅਰਥ ਗ੍ਯਾਨੀ ਜਹਾਂ ਸਹਜ ਸੁਖ ਆਵੇ, ਤਹਾਂ ਬ੍ਰਹਮ ਕਾ ਸੁਭਾਵ ਭੂਤ ਅਗਿੜ ਸੁਖ ਕਰ ਲੇਤੇ ਹੈਂ। ਸੁਭਾਵ ਅਰਥ ਮੇਂ ਸਹਜ ਪਦ ਰੂਢ ਹੈ। ਗ੍ਯਾਨਾਦਿਕ ਅਰਥੋਂ ਮੇਂ ਸਹਜਾਯਤੇ ਇਤਿ ਸਹਜੰ ਐਸੇ ਅਵਯਵੋਂ ਦ੍ਵਾਰਾ ਅਰਥ ਬੋਧਨ ਸੇ ਯੋਗਿਕ ਹੈ। ਜੋਤਿਸ ਗ੍ਰੰਥੋਂ ਮੇਂ ਲਗਨ ਸੇ ਤੀਸਰੇ ਸਥਾਨ ਕਾ ਨਾਮ ਸਹਜ ਹੈ।

**ਸਹਜ ਆਥ** ਵਾ. ਸਾਂਤਿ ਰੂਪ ਧਨ।

**ਸਹਜ ਸਮਾਧਿ** ਸੰ. ਸੁਭਾਵ ਸਿੱਧ ਸਮਾਧਿ ਅਰਥਾਤ ਬਿਨਾ ਯਤਨ ਸਮਾਧੀ।

**ਸਹਜ ਸਰੋਤ** ਵਾ. ਸੁਭਾਵਕ ਸੁਨ ਕੇ, ਯਥਾ- ਓਹੁ ਬੇਧਿਓ ਸਹਜ ਸਰੋਤ। ਮ੍ਰਿਗ ਬੇਧਾ ਜਾਵੇ ਹੈ ਸੁਭਾਵਕ ਸਬਦ ਸੁਨ ਕੇ।

**ਸਹਜ ਸੋਏ** ਵਾ. ਸਾਂਤ ਸਰੂਪ ਮੇਂ ਵਿਰਾਜੇ।

**ਸਹਜ ਕਥਾ** ਗੁ. ਗ੍ਯਾਨ ਕੀ ਕਥਾ ਕੇ ਸੰਤ ਥਿਰ ਕਰਨੇ ਵਾਲੇ ਕੁੰਡ ਹੈਂ, ਯਥਾ- ਸਹਜ ਕਥਾ ਕੇ ਅੰਮ੍ਰਿਤ ਕੁੰਟਾ।

**ਸਹਜ ਕੇਲ** ਸੰ. ਸੁਭਾਵਕ ਖੁਸ਼ੀ ਅਰਥਾਤ ਅਬਿਨਾਸੀ ਭੂਤ ਆਨੰਦ ; ਗ੍ਯਾਨ ਰੂਪ ਕ੍ਰੀੜਾ ਸੇ, ਯਥਾ- ਸਹਜ ਕੇਲ ਅਨਦ ਖੇਲ।

**ਸਹਜ ਢੋਏ** ਵਾ. ਸਾਂਤ ਸ੍ਵਰੂਪ ਮੇਂ ਮਿਲਾਇ ਦੀਏ।

**ਸਹਜ ਧ੍ਯਾਨ** ਵਾ. ਸਾਂਤ ਰੂਪ ਆਤਮਾ ਕੇ ਧ੍ਯਾਨ ਮੇਂ।

**ਸਹਜ ਧੁਨਿ** ਗੁ. ਸੁਖਦਾਈ ਧੁਨਿ।

**ਸਹਜਰੀਆ** ਗੁ. ਸੁਖ ਸੁਭਾਵਕ ਹੋ ਗਯਾ, ਯਥਾ- ਸੁਖ ਸਹਜਰੀਆ।

**ਸਹਜਾਰੀ** ਗੁ. ਸਾਂਤੀ ਵਾਲੀ, ਯਥਾ- ਬਿਖਾਰੀ ਨਿਰਾਰੀ ਅਪਾਰੀ ਸਹਜਾਰੀ।

**ਸਹਜੁ ਜੋਗੁ** ਗ. ਗ੍ਯਾਨਯੋਗ, ਯਥਾ- ਸਹਜੁ ਜੋਗੁ ਜਿਨਿ ਮਾਨਿਓ। ਮਨ ਕਾ ਨਿਗ੍ਰਹ ਰੂਪ ਰਾਜਜੋਗ ਜਿਸ ਨੇ ਮਾਨਿਆ ਹੈ।

**ਸਹਣ** ਦੇ. ਸਹਾਰਨਾ, ਖ੍ਯਮਾ, ਯਥਾ- ਸਹਣ ਸੀਲ ਸੰਤੰ।

**ਸਹਨਕ** ਅ. ਕੁਨਾਲੀ, ਯਥਾ- ਸਹਨਕ ਸਭ ਸੰਸਾਰਾ।

**ਸਹਨਾਈ** ਯ. ਨਫੀਰੀ ਵਾਜਾ ਜੋ ਨੌਬਤੌਂ ਸਾਥ ਵਜਤਾ ਹੈ, ਯਥਾ- ਕਹਾ ਭੇਰੀ ਸਹਨਾਈ।

**ਸਹਮ** ਅ. ਤੀਰ ; ਹਿੱਸਾ। ਫਾ. ਖੌਫ, ਡਰ।

**ਸਹੰਮਾ** ਦੇ. ਖੌਫ, ਵਾ ਹਿੱਸਾ, ਯਥਾ- ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ। ਸਰੀਰ ਸਰੀਰ ਮੇਂ ਕਰਮ ਕੇ ਅਨੁਸਾਰ ਸੁਖ ਤਥਾ ਸਹੰਮਾ ਦੁਖੋਂ ਕਾ ਹਿੱਸਾ ਵਾ ਖੌਫ ਜੋ ਤੂ ਦੇਵੇ ਸੁ ਹਮ ਕੋ ਭਲਾ ਹੈ ਹਮ ਬੁਰਾ ਨਹੀ ਮਾਨੇ।

**ਸਹਲੰਗਾ** ਗੁ. ਸੰਜੋਗ। ਸੰ. ਸਹਲਗਨ।

**ਸਹਲੰਙੁ** ਗੁ. ਸਾਥ ਲਗਾ ਹੂਆ, ਯਥਾ- ਮਨਿ ਦੂਜਾ ਭਾਉ ਸਹਲੰਙੁ। ਮਨ ਕੇ ਦ੍ਵੈਤ ਭਾਵ ਸਾਥ ਲਗਾ ਹੂਆ ਹੈ। ਸੰ. ਸਹਲਗਨ।

**ਸਹਾਉ** ਗੁ. ਸੁਭਾਵ, ਯਥਾ- ਹਮਰੋ ਸਹਾਉ ਸਦਾ ਸਦ ਭੂਲਨ। ਸੰ. ਸ੍ਵਭਾਵ।

**ਸਹਾਹਿ** ਦੇ. ਸਹਾਰੇ ਹੈਂ, ਯਥਾ- ਨਾ ਓਇ ਦੁਖ ਸਹਾਹਿ।

**ਸਹਾਮ** ਅ. ਜਮਾ ਸਹਮ ਕੀ ਖੌਫ ; ਸਹਾਰਨਾ।

**ਸਹਾਰੁ** ਗੁ. ਸਹਾਯਕ, ਯਥਾ- ਸੰਤ ਸਹਾਰੁ ਸਦਾ ਬਿਖਿਆਤਾ। ਦੇ. ਜੰਗਲੀ। ਖੈਚ ਕੇ, ਜੈਸੇ- ਸਹਾਰ ਕੇ ਕਾਮ ਕਰਨਾ। ਸਹੁ, ਜੈਸੇ- ਜਮੋਂ ਕੀ ਮਾਰ ਸਹਾਰ।

**ਸਹਿ** ਗੁ. ਪਤਿ ਨੇ, ਯਥਾ- ਸਹਿ ਟਿਕਾ ਦਿਤੋਸੁ ਜੀਵਦੈ। ਪਤਿ ਅਰਥਾਤ ਸ੍ਵਾਮੀ ਗੁਰੁ ਨਾਨਕ ਜੀ ਨੇ ਗੁਰੁ ਅੰਗਦ ਜੀ ਕੋ ਗੁਰੁਆਈ ਕਾ ਤਿਲਕ ਦੀਆ ਅਪਨੇ ਜੀਵਨ ਸਮੇ। ਪਤਿ, ਯਥਾ- ਮਤੁ ਜਾਣ ਸਹਿ ਗਲੀ ਪਾਇਆ। ਵਹੀ, ਯਥਾ- ਸਹਿ ਕਾਇਆ ਫੇਰਿ ਪਲਟੀਐ।

**ਸਹਿਜ ਸੀਗਾਰ** ਦੇ. ਸਾਂਤਿ ਰੂਪ ਸੀਗਾਰ।

**ਸਹਿਜ ਸੇਤੀ** ਵਾ. ਬਿਚਾਰ ਸਹਿਤ।

**ਸਹਿਜ ਬਖਾਣੀ** ਵਾ. ਸਾਂਤਿ ਚਿਤ ਸੇ ਕਥਨ ਕਰੀ।

**ਸਹਿਲਾ** ਗੁ. ਸਫਲਾ ਵਾ ਸੁਖਾਲਾ, ਯਥਾ- ਸਹਿਲਾ ਆਇਆ ਸੋਇ। ਸਸਤੀ, ਯਥਾ- ਸਹਲੀ ਖੇਪ ਨਾਨਕੁ ਲੈ ਆਇਆ।

**ਸਹੀ** ਅ. ਸੁਧ ਭਾਵ ਨਿਸਚੇ, ਯਥਾ- ਪੁਛਿ ਸਿਮ੍ਰਿਤਿ ਕੀਤਾ ਸਹੀ। ਪੁਨਾ- ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ। ਪੁਨਾ- ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।

**ਸਹੀ** ਅ. ਬਹੀ ਹਿਸਾਬ ਕੀ ; ਨਿਸਚੇ।

**ਸਹੀ ਸਲਾਮਤ** ਵਾ. ਸਾਬਤ ਤੰਦਰੁਸ੍ਤ, ਨਿਸਚੇ ਅਬਿਨਾਸੀ।

**ਸਹੀਆ** ਦੇ. ਸਹੇਲੀਆਂ, ਯਥਾ- ਸਭਿ ਸਹੀਆ ਸਹੁ ਰਾਵਣਿ ਗਈਆ।

**ਸਹੀਆ** ਦੇ. ਸਖੀਯਾ ਮੇਂ, ਯਥਾ- ਸਹੀਆ ਵਿਚਿ ਫਿਰੈ ਸੁਹੇਲੀ।

**ਸਹੀਦ** ਫਾ. ਧਰਮ ਯੁਧ ਮੇਂ ਸਨਮੁਖ ਹੋ ਮਰਨੇ ਵਾਲਾ, ਯਥਾ- ਸੁਹਦੇ ਅਉਰੁ ਸਹੀਦ। ਫਾਰਸੀ ਸ਼ਹੀਦ।

**ਸਹੁ** ਪੰ. ਪਤਿ, ਯਥਾ- ਸਹੁ ਅਲਾਏਸੀ। ਜਬ ਪਤਿ ਬੁਲਾਵੇਗਾ। ਪੁਨਾ- ਮਾਤਾ ਖੀਵੀ ਸਹੁ ਸੋਇ। ਸਹਾਰ, ਯਥਾ- ਸਹੁ ਵੇ ਜੀਆ ਅਪਣਾ ਕੀਆ।

**ਸਹੁ ਹਾਂ** ਗੁ. ਸਹਾਰੂੰਗਾ।

**ਸੰਹੇਤ** ਗੁ. ਅਛੀ ਤਰਹ ਪ੍ਰੇਮ ਹੈ।

**ਸਹੇਰਾ** ਪੰ. ਇਕਤ੍ਰ ਕੀਆ, ਯਥਾ- ਭਾਈ ਬੰਧ ਕੁਟੰਬ ਸਹੇਰਾ।

**ਸਹੇੜੀਐ** ਪੰ. ਵਿਹਾਝੀਐ, ਖਰੀਦੀਏ।

**ਸਹੈ** ਪੰ. ਸਹਾਰੇ ਹੈਂ, ਯਥਾ- ਕਸਿ ਕਸਵਟੀ ਸਹੈ ਸੁ ਤਾਉ।

**ਸਹੋਦਰਾ** ਸੰ. ਸਕੇ ਭਾਈ, ਯਥਾ- ਗੁਰਦੇਵ ਬੰਧਿਪ ਸਹੋਦਰਾ।

**ਸੰਕ** ਦੇ. ਸੰਕਾ।

**ਸਕ** ਫਾ. ਸੰਕਾ, ਸੰਦੇਹ, ਯਥਾ- ਸਕ ਕਰਉ ਜੇ ਦੂਸਰ ਹੋਇ। ਸੰ. ਰਾਜਾ ਸਾਲੀਬਾਹਨ ਕਾ ਚਲਾਯਾ ਹੂਆ ਸੰਬਤ, ਜੋ ਪਤ੍ਰੀਓਂ ਮੇ ਲਿਖਾ ਜਾਤਾ ਹੈ। ਕਲੀ ਮੇਂ ਸਕ ਕਰਤਾ ਤੀਨ ਹੂਏ ਹੈਂ। ਪਹਲੇ ਯਧਿਸ੍ਰ, ਪੀਛੇ ਬਿਕ੍ਰਮਾਦਿਤਯ ਤਾ ਸੇ ਪੀਛੇ ਸਾਲੀਬਾਹਨ। ਪਤ੍ਰੀਓਂ ਮੇਂ ਅਬ ਬਿਕ੍ਰਮ ਸਾਲੀਬਾਹਨ ਦੋਨੋ ਕਾ ਨਾਮ ਪੜਤਾ ਹੈ, ਯੁਧਿਸ੍ਰ ਕਾ ਨਹੀਂ ਪੜਤਾ ; ਬਿਕ੍ਰਮਾਦਿਤਯ ਕੇ ਸਤ੍ਰੂ ਯਵਨ ਬਿਸੇਖ ਜਿਨ ਕੇ ਸਤ੍ਰੂਪਨੇ ਸੇ ਬਿਕ੍ਰਮ ਕਾ ਨਾਮ ਸਕਾਰਿ ਬੋਲਤੇ ਹੈਂ ; ਦੇਸ ਬਿਸੇਖ।

**ਸਕਹੁ** ਗੁ. ਸਕਤੇ ਹੋ ਤਬ, ਯਥਾ- ਸਕਹੁ ਤ ਲੇਹੁ ਬਹੋਰਿ।

**ਸੰਕਟ** ਸੰ. ਕਸਟ, ਯਥਾ- ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ। ਪੁਨਾ- ਸੰਕਟ ਜੋਨਿ ਗਰਭ ਨ ਆਯਉ। ਗਰਭ ਸੇ ਨਿਕਸਨੇ ਸਮੇ ਯੋਨਿ ਕੇ ਸੰਕਟ ਮੇਂ ਨਹੀਂ ਆਵੇ। ਗਣੇਸ।

**ਸਕਤਾ** ਦੇ. ਜੋਰਾਵਰ, ਯਥਾ- ਸਕਤਾ ਸੀਹੁ ਮਾਰੇ ਪੈ ਵਗੈ। ਜੋਰਾਵਰ ਸ਼ੇਰ ਮਾਰੇ ਹੈ ਪੜ ਕਰ ਗਊਓਂ ਕੇ ਸਮੁਦਾਯ ਕੋ। ਸੰ. ਸਕ੍ਰ। ਸਕਤੇ, ਯਥਾ- ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ। ਅ. ਜਿਸ ਕਰ ਪੁਰਖ ਚਲਨੇ ਫਿਰਨੇ ਸੇ ਰਹ ਜਾਵੇ ਵਹੁ ਰੋਗ ; ਛੰਦ ਕਾ ਪੂਰਨ ਨਾ ਹੋਨਾ ਸਕਤਾ ਪੜ ਜਾਨਾ ਯਹ ਭੀ ਅਰਬੀ ਮੇਂ ਸਕਤਾ ਕਹਾਵੇ ਹੈ।

**ਸਕਤਿ** ਗੁ. ਰੇਤਾ, ਯਥਾ- ਜੈਸੇ ਸਕਤਿ ਸੁਰੁ ਬਹੁ ਜਲਤਾ। ਜੈਸੇ ਰੇਤਾ ਰਵਿ ਤੇਜ ਸੇ ਬਹੁਤ ਜਲਤਾ ਚੰਦ ਸੇ ਸੀਤ ਹੋਵੇ ਹੈ। ਤੈਸੇ ਸਮ ਦਮਾਦਿ ਹੀਨ ਜਲ ਤੇ ਮਨ ਇੰਦ੍ਰੇ ਗੁਰ ਦਰਸਨ ਸੇ ਸੀਤ ਹੋਵੇ ਹੈਂ। ਸੰ. ਸਿਕਤਾ।

**ਸਕਤਿ** ਦੇ. ਬਲ, ਜੋਰ, ਕੁੱਬਤ, ਯਥਾ- ਮਾਨੁ ਮਹਤੁ ਨ ਸਕਤਿ ਹੀ ਕਾਈ। ਪਦ ਕਾ ਅਪਨਾ ਬਲ ਜੈਸੇ ਅਗਨਿ ਮੇਂ ਜਲਾਨੇ ਜਲ ਮੇਂ ਗੁਲਾਨੇ ਕਾ ਜੋਰ ਹੈ। ਐਸੇ ਪਦੋਂ ਮੇਂ ਅਪਨੇ ਅਰਥ ਬੋਧਨ ਕਾ ਜੋਰ ਹੈ, ਤਿਸ ਕਾ ਨਾਮ ਭੀ ਸਕਤੀ ਹੈ ਯਹ ਬੇਦਾਂਤ ਮਤ ਹੈ। ਇਸ ਪਦ ਸੇ ਯਹ ਅਰਥ ਭਾਨ ਹੋਵੇ ਐਸੀ ਈਸ੍ਰ ਕੀ ਇਛਾ ਕਾ ਨਾਮ ਸਕ੍ਤੀ ਹੈ, ਯਹ ਨੈਯਾਯਿਕ ਮਤ ਹੈ। ਪਦ ਮੇਂ ਅਰਥ ਗ੍ਯਾਨ ਕੀ ਕਾਰਣਤਾ ਕਾ ਨਾਮ ਸਕ੍ਤੀ ਹੈ ਐਸੇ ਬੈਯਾਕਰਣ ਕਹੇ ਹੈਂ। ਪਦ ਕਾ ਅਰਥ ਕਾ ਆਪਸ ਮੇਂ ਭੇਦਾਭੇਦ ਰੂਪ ਤਦਾਤਮ ਸੰਬੰਧ ਸਕਤੀ ਹੈ ਯਹ ਮੀਮਾਂਸਕ ਮਾਨੇ ਹੈਂ।

**ਸਕਤੀ** ਦੇ. ਪਾਰਬਤੀ, ਯਥਾ- ਸਿਵ ਸਕਤੀ ਕਾ ਮੇਲੁ। ਮਾਯਾ ਜੋ ਬੇਦਾਂਤ ਮਤ ਮੇ ਅਨਾਦਿ ਭਾਵ ਰੂਪ ਨਾ ਬਨਤੀ ਵਸਤੂਓਂ ਕੋ ਬਨਾ ਦੇਨੇ ਵਾਲੀ ਕਹੀ ਹੈ। ਇਸ ਪਖ ਮੇਂ ਸਿਵ ਪਰਮਾਤਮਾ ਕਾ ਨਾਮ ਹੈ। ਬਲ ; ਇਸਤ੍ਰੀ ; ਬਰਛੀ।

**ਸਕਤੀ ਅੰਦਰਿ** ਵਾ. ਮਾਯਾ ਕੇ ਬੀਚ, ਯਥਾ- ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ।

**ਸਕਤੀ ਸਬਲੁ** ਗੁ. ਮਾਯਾ ਸਬਲ ਅਰਥਾਤ ਮਾਯਾ ਕਾ ਆਸਰਾ ਪਰਮਾਤਮਾ, ਯਥਾ- ਆਪੇ ਸਕਤੀ ਸਬਲੁ ਕਹਾਇਆ।

**ਸਕਯਥੁ** ਪੰ. ਸਕਾਰਥ, ਯਥਾ- ਜਨਮੁ ਤ ਇਹੁ ਸਕਯਥੁ।

**ਸਕਰ** ਪੰ. ਕੰਕਰੀ ਵਾਲਾ ਕੱਚਾ ਮਿੱਠਾ, ਯਥਾ- ਸਕਰ ਖੰਡੁ ਨਿਵਾਤ ਗੁੜੁ। ਦੇ. ਦ. ਖਾਂਡ ਮਿਸਰੀ ਕਾ ਨਾਮ ਦਖਨੀ ਖੜੀ ਸਕਰ ਬੋਲਤੇ ਹੈਂ।

**ਸੰਕਰਾ** ਸੰ. ਮਹਾਦੇਵ ਕੇ, ਯਥਾ- ਸੰਕਰਾ ਮਸਤਕਿ ਬਸਤਾ ਸੁਰਸਰੀ। ਭੀੜਾ, ਤੰਗ, ਯਥਾ- ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ।

**ਸੰਕਰਿ** ਸੰ. ਮਹਾਦੇਵ, ਯਥਾ- ਸੰਕਰਿ ਛੋਡੀ ਮਾਇਆ। ਬਿਰਕਤੁ ਹੂਏ ਮਹਾਦੇਵ ; ਕਲਯਾਣ ਕਰਤਾ ਮਾਤ੍ਰ।

**ਸਕਲ ਕਲਾ** ਸੰ. ਗ੍ਯਾਨ ਕ੍ਰਿਯਾਦਿ ਸਕ੍ਤੀਆਂ ਸਾਥ ਪਰਮਾਤਮਾ ਪਰਿਪੂਰਣ ਹੋ ਰਹਾ ਹੈ, ਯਥਾ- ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ। ਪ੍ਰਮੇਸ੍ਰ ਸਰਬ ਕੀ ਰਚਨਾ ਯੋਗਯ ਗ੍ਯਾਨ ਸਕ੍ਤੀ, ਇਛਾ ਸਕ੍ਤੀ, ਉਦਮ ਸਕ੍ਤੀਓਂ ਸਾਥ। ਪੁਨਾ ਰਚਨਾ ਸਕ੍ਤੀ, ਪਾਲਨ ਸਕ੍ਤੀ, ਸੰਹਾਰ ਸਕ੍ਤੀ, ਅਰਥ ਦਾਨ ਸਕ੍ਤੀ, ਕਾਮ ਦਾਨ ਸਕ੍ਤੀ, ਧਰਮ ਦਾਨ ਸਕ੍ਤੀ, ਮੁਕ੍ਤੀ ਦਾਨ ਸਕ੍ਤੀ ਆਦਿਕ ਸਰਬ ਸਕ੍ਤੀਆਂ ਸੇ ਪੂਰਨ ਹੋ ਰਹਯਾ ਹੈ।

**ਸੰਕੜਾ** ਪੰ. ਭੀੜਾ।

**ਸੰਕਾ** ਸੰ. ਤ੍ਰਾਸ ; ਸੰਸਯ ; ਬਿਤਰਕ, ਊਹਾ, ਦਿਲੀਲ।

**ਸਕਾ** ਦੇ. ਸਕਤੇ ਹੋ, ਯਥਾ- ਸਕਹੁ ਤ ਲੇਹੁ ਬਹੋਰਿ। ਜੇ ਮੋੜ ਸਕਤੇ ਹੋ ਤਬ ਮੋੜ ਲੇਵੋ। ਸਕਤਾ, ਯਥਾ- ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ। ਸਕਤੇ, ਯਥਾ- ਦੂਤੁ ਨ ਲਾਗਿ ਸਕੈ ਗੁਨ ਗਾਇ।

**ਸਕਾਹਿ** ਗੁ. ਸਕਤੇ, ਯਥਾ- ਗਹਿ ਨ ਸਕਾਹਿ ਗਤਾ।

**ਸਕਾਰਥ** ਗੁ. ਅਰਥ ਸਹਿਤ ਅਰਥਾਤ ਪ੍ਰਯੋਜਨ ਵਾਲਾ। ਸੰ. ਸਾਰਥਕ।

**ਸਕੀਜੇ** ਗੁ. ਸਕੀਤਾ ਹੈ।

**ਸਕੇਲੀਐ** ਦੇ. ਇਕਤ੍ਰ ਕਰੀਏ, ਯਥਾ- ਈਧਨੁ ਅਧਿਕ ਸਕੇਲੀਐ।

**ਸੰਕੋਚੈ** ਦੇ. ਇਕਤ੍ਰ ਕਰੇ, ਯਥਾ- ਖੇਲੁ ਸੰਕੋਚੈ ਤਉ ਨਾਨਕ ਏਕੈ। ਸੰ. ਸੰਕੋਚ।

**ਸੰਖ** ਸੰ. ਸੰਖ ਵਾਜਾ, ਯਥਾ- ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ। ਦੇ. ਗਿਨਤੀ ਜਿਸ ਕੇ ਬਿਰੁਧ ਅਸੰਖ ਹੈ।

**ਸਖਣੀਆਹਾ** ਪੰ. ਖਾਲੀ ਹੈ, ਯਥਾ- ਵਿਚਹੁ ਸਖਣੀਆਹਾ।

**ਸਖਨਾਵੈ** ਪੰ. ਖਾਲੀ ਕਰੇ ਹੇ, ਯਥਾ- ਰੀਤੇ ਭਰੇ ਭਰੇ ਸਖਨਾਵੈ।

**ਸਖਨੀ** ਪੰ. ਖਾਲੀ, ਯਥਾ- ਪਾਤਾਲੀ ਆਕਾਸੀ ਸਖਨੀ।

**ਸਖਾ** ਸੰ. ਮਿਤ੍ਰ, ਯਥਾ- ਸੰਗ ਸਖਾ ਸਭਿ ਤਜਿ ਗਏ।

**ਸਖਾਈ** ਦੇ. ਮਿਤ, ਯਥਾ- ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ। ਪ੍ਰੀਤਮ, ਦੋਸਤ।

**ਸੰਖਿਆ** ਦੇ. ਏਕ ਸੇ ਲੇ ਪਰਾਰਧ ਪ੍ਰਯੰਤ ਗਿਣਤੀ ਜੈਸੇ-

ਏਕ ੧
ਦਸ ੧੦
ਸਤ ੧੦੦
ਸਹਸ੍ਰ ੧੦੦੦
ਅਯੁਤ ੧੦੦੦੦
ਲਖ ੧੦੦੦੦੦
ਨਿਯੁਤ ੧੦੦੦੦੦੦
ਕ੍ਰੋੜ ੧੦੦੦੦੦੦੦
ਅਰਬੁਦ ੧੦੦੦੦੦੦੦੦
ਬ੍ਰਿੰਦ ੧੦੦੦੦੦੦੦੦੦
ਖਰਬ ੧੦੦੦੦੦੦੦੦੦੦
ਨਿਖਰਬ ੧੦੦੦੦੦੦੦੦੦੦੦
ਸੰਖ ੧੦੦੦੦੦੦੦੦੦੦੦੦
ਪਦਮ ੧੦੦੦੦੦੦੦੦੦੦੦੦੦
ਸਾਗਰ ੧੦੦੦੦੦੦੦੦੦੦੦੦੦੦
ਅੰਤਜ ੧੦੦੦੦੦੦੦੦੦੦੦੦੦੦੦
ਮਧਜ ੧੦੦੦੦੦੦੦੦੦੦੦੦੦੦੦੦
ਪਰਾਰਧ ੧੦੦੦੦੦੦੦੦੦੦੦੦੦੦੦੦੦

ਯੇ ਪੂਰਬ ਲਿਖੇ ਬ੍ਰਹਮਾਂਡ ਪੁਰਾਣ ਮੇਂ ਸੰਖ੍ਯਾ ਕੇ ਅਠਾਰੇਂ ਸਥਾਨੋਂ ਕੇ ਨਾਮ ਕਹੇ ਹੈਂ। ਪੂਰਬ ਪੂਰਬ ਸਥਾਨ ਸੇ ਉਤਰ ਉਤਰ ਸਥਾਨ ਦਸ ਗੁਣਾ ਅਧਿਕ ਹੋਤਾ ਹੈ, ਜੈਸੇ ਏਕ ਸਥਾਨ ਸੇ ਦਸ ਸਥਾਨ ਦਸ ਗੁਣਾ ਅਧਿਕ ਹੈ, ਤਾ ਸੇ ਸਤ ਸਥਾਨ ਦਸ ਗੁਣਾ ਅਧਿਕ ਹੈ। ਸੰਸਾਰ ਮੇਂ ਨਿਖਲ ਮਾਪ ਤੋਲ ਕੇ ਬ੍ਯਵਹਾਰ ਇਸ ਸੰਖ੍ਯਾ ਕੇ ਅਧੀਨ ਹੈਂ। ਸੰਖ੍ਯਾ ਬਿਨਾ ਕੋਈ ਨਹੀਂ ਸਿੱਧ ਹੋਵੇ। ਚੌਥਾਈ, ਆਧਾ, ਪੌਣਾ, ਪੂਰਾ, ਸਵਾਯਾ, ਡੂਡਾ, ਢੌਚੇ ਆਦਿ ਸੰਖ੍ਯਾ ਕੇ ਭੇਦ ਹੈਂ ਤਥਾ ਜੋੜ ਬਾਕੀ ਭੇਦ ਹੈਂ, ਸੋ ਲੀਲਾਵਤੀ ਆਦਿ ਗ੍ਰੰਥੋਂ ਮੇਂ ਲਿਖੇ ਹੈਂ ; ਸਮ੍ਯਕ ਕਥਨ ਕਰੀਯੇ ਆਤਮਤਤ੍ਵ ਕਾ ਸ੍ਵਰੂਪ ਜਿਸ ਕਰ ਤਿਸ ਬੁਧੀ ਕਾ ਨਾਮ ਸੰਖ੍ਯਾ ਹੈ।

**ਸਖੀ** ਸੰ. ਸਹੇਲੀ, ਯਥਾ- ਸਖੀ ਆਉ ਸਖੀ ਵਸਿ ਆਉ ਸਖੀ।

**ਸਖੀ ਸਹੇਲੀ** ਵਾ. ਪਿਆਰੀ ਸਖੀ, ਯਥਾ- ਸਖੀ ਸਹੇਲੀ ਨਨਦ ਗਹੇਲੀ। ਪੁਨਾ- ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ।

**ਸਖੈਨੀ** ਗੁ. ਪਿਆਰੀ, ਯਥਾ- ਰਾਮੁ ਜਪਹੁ ਮੇਰੀ ਸਖੀ ਸਖੈਨੀ। ਹੇ ਮੇਰੇ ਪਿਆਰਿਓ ਸਜਨੋ।

**ਸੰਗ** ਸੰ. ਮੇਲ। ਪੰ. ਲੱਜਾ। ਫਾ. ਪਥਰ ਜਿਸ ਕਾ ਨਾਮ ਸੰਖ ਮਰਮਰ ਹੈ। ਸਹੀ ਸੰਗ ਮਰਮਰ ਹੈ।

**ਸਗ** ਫਾ. ਕੁਤੇ, ਯਥਾ- ਸਗ ਨਾਨਕ ਦੀਬਾਨ ਮਸਤਾਨਾ। ਆਪ ਕੇ ਦਰਬਾਰ ਕਾ ਕੂਕਰ ਮੈਂ ਉਸ ਜਲ ਕੀ ਚਾਹ ਸੇ ਹੀ ਮਸਤ ਹੂਆ। ਉਸ ਕੀ ਪ੍ਰਾਪਤੀ ਹੋਤ ਦਿਨ ਦਿਨ ਮੋਂ ਸਵਾਯਾ ਚੜ੍ਹਤਾ ਹੋਂ ਅਥਵਾ ਮੈਂ ਦੀਵਾਨ, ਬਿਛਿਪਤ ਮਨ ਹੋ ਉਸ ਕੀ ਚਾਹ ਮੇਂ ਮਸਤਾਨਾ ਹੂਆ ਤਾ ਕੇ ਗ੍ਰਹਣ ਹੋਤ ਅਧਿਕ ਚੜ੍ਹਤਾ ਹੋਂ।

**ਸੰਗ ਸਾਤਾ** ਗੁ. ਸੰਗ ਸੰਤਾਂ ਕੇ।

**ਸੰਗ ਹੀ** ਦੇ. ਸਾਥ ਹੀ, ਯਥਾ- ਸੰਗ ਹੀ ਚੋਰ ਘਰੁ ਮੁਸਨ ਲਾਗ।

**ਸੰਗ ਬਸਰੀਆ** ਦੇ. ਸਾਥ ਬਸੇ ਹੈਂ।

**ਸੰਗ ਰਵੇ** ਵਾ. ਪਤਿ ਕੇ ਸਾਥ ਰਮਣ ਕਰੇ ਹੈ।

**ਸੰਗਤਿ** ਸੰ. ਮੇਲ ਸੇ, ਯਥਾ- ਸਤਸੰਗਤਿ ਮਿਲੇ ਸੁ ਤਰਿਆ।

**ਸੰਗਨਾ** ਗੁ. ਸੰਗ ਸੇ, ਯਥਾ- ਗਿਆਨ ਦੀਪਕੁ ਸੰਤ ਸੰਗਨਾ। ਲਜਾਵਾਨ ਹੋਨਾ, ਯਥਾ- ਕਰਿ ਸੁਕ੍ਰਿਤੁ ਨਾਹੀ ਸੰਗਨਾ।

**ਸੰਗਮੁ** ਸੰ. ਮੇਲ, ਯਥਾ- ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ। ਗੰਗਾ ਜਮਨਾ ਸਰਸ੍ਵਤੀ ਕੇ ਮੇਲ ਕਾ ਨਾਮ ਬੇਣੀ ਹੈ। ਨਦੀ ਮਾਤ੍ਰ ਕੇ ਸੰਗਮ ਕਾ ਨਾਮ ਪ੍ਰਯਾਗ ਹੈ।

**ਸਗਰ** ਸੰ. ਜਿਸ ਕੇ ਪੁਤ੍ਰੋਂ ਨੇ ਖੋਦ ਕੇ ਸਮੁਦ੍ਰ ਬਨਾਯਾ ਵਹੁ ਰਾਜਾ। ਦੇ. ਪ੍ਰ. ਸਗਲ।

**ਸੰਗ੍ਰਹਨ** ਦੇ. ਪਕੜਤੇ ਹਾਂ।

**ਸੰਗ੍ਰਹਿਓ** ਗੁ. ਭਲੀ ਪ੍ਰਕਾਰ ਗ੍ਰਹਣ ਕਰ, ਯਥਾ- ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ।

**ਸੰਗ੍ਰਹੈ** ਦੇ. ਇਕਤ੍ਰ ਕਰੇ, ਜਮਾ ਕਰੇ।

**ਸਗਰਾਇਆ** ਗੁ. ਸਾਗਰ।

**ਸੰਗਰਾਮ** ਦੇ. ਯੁਧ ਮੇਂ, ਯਥਾ- ਸੂਰ ਸੰਗ੍ਰਾਮੰ। ਪੁਨਾ- ਲਖ ਸੂਰਤਣ ਸੰਗਰਾਮ। ਸੰ. ਸੰਗ੍ਰਾਮ।

**ਸੰਗਰੀਆ** ਗੁ. ਸੰਗ, ਯਥਾ- ਦੂਤਨ ਸੰਗਰੀਆ। ਭੁਇਅੰਗਨਿ ਬਸਰੀਆ।

**ਸੰਗਰੇ** ਗੁ. ਸੰਗ੍ਰਹ ਕਰਤੇ ਹੈਂ।

**ਸਗਲ** ਸੰ. ਸੰਪੂਰਣ, ਯਥਾ- ਸਗਲ ਧਰਮ ਅਛਿਤਾ।

**ਸਗਲ** ਦੇ. ਸੰਪੂਰਨ, ਯਥਾ- ਸਗਲ ਸਮਗ੍ਰੀ ਜਾ ਕਾ ਤਨਾ। ਪੁਨਾ- ਸਗਲ ਸਮਗ੍ਰੀ ਡਰਹਿ ਬਿਆਪੀ। ਸਭ ਸੰਸਾਰ ਤੇ, ਯਥਾ- ਉਧਰਿਆ ਸਗਲ ਸੰਸਾਰੁ। ਸੰ. ਗਲ ਸਹਿਤ।

**ਸਗਲ ਨਾਮ ਨਿਧਾਨੁ** ਦੇ. ਨਾਮੀਓਂ ਵਤ ਨਿਖਲ ਨਾਮੋਂ ਕਾ ਭੀ ਆਧਾਰ ਰੂਪ ਪ੍ਰਮੇਸ੍ਵਰ, ਯਥਾ- ਸਗਲ ਨਾਮ ਨਿਧਾਨੁ ਤਿਨ ਪਾਇਆ।

**ਸਗਲ ਭਰੀ** ਵਾ. ਸਭ ਮੇਂ ਪੂਰਨ, ਯਥਾ- ਊਨ ਨ ਕਾਹੂ ਸਗਲ ਭਰੀ।

**ਸਗਲੀ ਗਣਤ** ਵਾ. ਸਭ ਪ੍ਰਕਾਰ ਕੇ ਹਿਸਾਬ ਅਰਥਾਤ ਸੰਚਿਤ ਕਰਮੋਂ ਕਾ ਹਿਸਾਬ ਕ੍ਰਿਯਮਾਣ ਕਰਮੋਂ ਕਾ ਹਿਸਾਬ ਪਰਾਰਬਧ ਕਾ ਹਿਸਾਬ ਯੇ ਸਭ ਦੂਰ ਕੀਏ, ਯਥਾ- ਗੁਰਮੁਖਿ ਸਗਲੀ ਗਣਤ ਮਿਟਾਵੈ।

**ਸੰਗਲੁ** ਦੇ. ਲੋਹੇ ਕਾ ਸੰਗਲ, ਯਥਾ- ਗਲਿ ਸੰਗਲੁ ਸਿਰਿ ਮਾਰੇ ਊਭੌ। ਸੰ. ਸ੍ਰਿੰਖਲਾ।

**ਸਗਵੀ** ਪੰ. ਉਲਟੀ, ਯਥਾ- ਸਗਵੀ ਮਲੁ ਲਾਇ। ਦੇ. ਮਾ. ਵਹੀ, ਜੈਸੇ- ਸਗਵੀ ਚੀਜ ਚਾਹੀਏ ਅਰਥਾਤ ਸੋਈ ਚਾਹੀਏ।

**ਸੰਗਾਤੀ** ਗੁ. ਸੰਗੀ, ਯਥਾ- ਆਵਤ ਸੰਗ ਨ ਜਾਤ ਸੰਗਾਤੀ।

**ਸੰਗਾਰ** ਗੁ. ਸੰਗ ਹਰਿ ਕੇ, ਯਥਾ- ਜਿਨਾ ਮਸਤਕਿ ਲੀਖਿਆ ਤੇ ਮਿਲੇ ਸੰਗਾਰ। ਸੰਗੀ, ਯਥਾ- ਪਾਰਬ੍ਰਹਮ ਸੰਗਾਰੀ ਰੇ।

**ਸਗਾਰਵਾ** ਗੁ. ਗੌਰਵ ਸਹਿਤ, ਯਥਾ- ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ। ਮਨ ਤਨ ਤਬ ਗੌਰਵ ਸਹਿਤ ਹੋਤਾ ਹੈ, ਜਬ ਪ੍ਰਮੇਸ੍ਵਰ ਕੋ ਨੇਤ੍ਰੀ ਦੇਖੀਏ। ਸੰ. ਸਗੌਰਵ।

**ਸੰਗਾਰਿ** ਗੁ. ਸੰਗੀ, ਯਥਾ- ਗ੍ਰਿਹ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ।

**ਸੰਗਿ ਸਾਥਿ** ਗੁ. ਤਿਨ ਸੰਤੋਂ ਕੇ ਸੰਗ ਕਾ ਸਾਥੀ ਬਨ, ਯਥਾ- ਨਾਨਕੁ ਤਿਨ ਕੈ ਸੰਗਿ ਸਾਥਿ।

**ਸੰਗੀ** ਸੰ. ਮੇਲੀ, ਯਥਾ- ਸੰਗੀ ਸਾਥੀ ਸਗਲ ਤਰਾਂਈ। ਪੁਨਾ- ਜੋ ਪ੍ਰਭ ਕੇ ਸਦ ਸੰਗੀ। ਸਾਥੀ ਬਨ, ਯਥਾ- ਸੰਗੀ ਜੋਗੀ ਨਾਰਿ ਲਪਟਾਣੀ। ਜੋਗੀ ਜੀਵ ਕੀ ਸੰਗੀ ਬਨ ਜੀਵ ਸਾਥ ਦੇਹ ਲਪਟ ਰਹੀ ਹੈ।

**ਸੰਗੀਤ** ਗੁ. ਸੰਗੀ ਹੋਤਾ ਹੈ, ਯਥਾ- ਬਹੁ ਭੋਜਨ ਕਾਪਰ ਸੰਗੀਤ। ਸੰਗਤੇ, ਯਥਾ- ਸੁਖੁ ਗਰਧਭ ਭਸਮ ਸੰਗੀਤਿ। ਸੰਗੀ, ਯਥਾ- ਗਏ ਸਿਗੀਤ ਪੁਕਾਰੀ ਧਾਹ। ਸੰ. ਨ੍ਰਿਤ੍ਯ ਗੀਤ ਵਾਜਾ ਤੀਨੋ ; ਤੀਨੋ ਕੇ ਪ੍ਰਤਿਪਾਦਕ ਗ੍ਰੰਥ ; ਸੰਗੀਤ ਬਿਦ੍ਯਾ ਕੇ ਕਰਤਾ ਚਾਰ ਹੈਂ- ੧. ਭਰਤ ੨. ਹਨੂਮਾਨ ੩. ਸੋਮੇਸ੍ਵਰ ੪. ਕਲਾਨਾਥ। ਇਸ ਸਮੇਂ ਲੋਕ ਮੇਂ ਹਨੂਮਾਨ ਕੇ ਗ੍ਰੰਥੋਂ ਕਾ ਪ੍ਰਚਾਰ ਹੈ। ਹਨੂਮਾਨ ਕੇ ਗ੍ਰੰਥ ਕੇ ਸਾਤ ਅਧ੍ਯਾਯ ਹੈਂ- ੧. ਸ੍ਵਰਾਧ੍ਯਾਯ ੨. ਰਾਗਾਧ੍ਯਾਯ ੩. ਤਾਲਾਧ੍ਯਾਯ ੪. ਨ੍ਰਿਤ੍ਯਾਧ੍ਯਾਯ ੫. ਭਾਵਾਧ੍ਯਾਯ ੬. ਕੋਕਾਧ੍ਯਾਯ ੭. ਹਸ੍ਤਾਧ੍ਯਾਯ। ਸਮਜਕ ਗੀਤ।

**ਸੰਗੁਤੀ** ਗੁ. ਸੰਗ ਵਾਲੀ ਹੁਈ, ਯਥਾ- ਸਾਚਿ ਸੰਗੁਤੀ ਰਾਮ।

**ਸੰਗੇ** ਪੰ. ਲੱਜਾ ਕਰੇ, ਯਥਾ- ਮਾਧੋ ਕੈਸੀ ਬਨੈ ਤੁਮ ਸੰਗੇ। ਸਾਥ ਸੇ, ਯਥਾ- ਸੰਗੇ ਕੰਚਨੁ ਭੈਇਲਾ।

**ਸੰਗੇਹੁ** ਗੁ. ਸੰਗ, ਯਥਾ- ਸਤਿ ਸਾਧਸੰਗੇਹੁ। ਸੰਤੋਂ ਕਾ ਸੰਗ ਸ੍ਰੇਸ੍ਟ ਹੈ।

**ਸੰਗੇਤ** ਗੁ. ਸੰਗ ਹੂਆ, ਯਥਾ- ਜਬ ਸਾਧਸੰਗੇਤ।

**ਸਗੋ** ਪੰ. ਉਲਟੀ, ਪ੍ਰਤ੍ਯੁਤ।

**ਸਗੋਨੀ** ਗੁ. ਸੌ ਗੁਣੀ ਅਰਥਾਤ ਬਡੀ, ਯਥਾ- ਅਸਥਿਰੁ ਚੀਤੁ ਸਮਾਧਿ ਸਗੋਨੀ।

**ਸੰਗੋਰੀ** ਮੇਲ ਕੇ ਸਾਥ, ਯਥਾ- ਉਨ ਸੰਤਨ ਕੈ ਸੰਗਿ ਸੰਗੋਰੀ।

**ਸੰਘ** ਸੰ. ਸਮੁਦਾਯ। ਪੰ. ਗਲਾ, ਕੰਠ।

**ਸਘਨ** ਸੰ. ਸੰਘਨਾ ਜਿਸ ਮੇਂ ਵਿਰਲ ਨਾ ਰਹੇ ; ਘਨ ਸਹਿਤ।

**ਸੰਘਰਹ** ਗੁ. ਜਮਾ ਕਰੇ। ਸੰ. ਸੰਗ੍ਰਹ।

**ਸੰਘਾਰੁ** ਦੇ. ਨਾਸ, ਯਥਾ- ਹੋਆ ਅਸੁਰ ਸੰਘਾਰੁ। ਹੋਇਆ ਅਸੁਰੋਂ ਕਾ ਨਾਸ।

**ਸੰਘਾਰੇ** ਦੇ. ਮਾਰੇ ਹੈਂ, ਯਥਾ- ਅਘਾਏ ਸੂਖ ਸਘਾਰੈ। ਤ੍ਰਿਪਤ ਹੂਆ ਬਾਲਕ ਜੈਸੇ ਮਾ ਬਾਪ ਕੋ ਮੁੱਕੇ ਮਾਰੇ ਹੈ, ਤੈਸੇ ਹਮ ਭੀ ਆਪ ਕੀ ਦਈ ਸ਼ਾਂਤਿ ਲੇ ਆਪ ਕੋ ਗਾਲੀ ਦੇਵੇ ਹੈਂ। ਸੰ. ਹੇ ਅਸੁਰ ਸਮੁਦਾਯ ਕੇ ਸਤ੍ਰੁ, ਯਥਾ- ਜਗਦੀਸਰੁ ਹਰਿ ਜੀਉ ਅਸੁਰ ਸੰਘਾਰੇ।

**ਸੰਘੀ** ਪੰ. ਗਲ। ਸੰ. ਸੰਘਾਤ ਵਾਲੇ ਪਰਮਾਣੂ, ਜੈਸੇ- ਸੰਘੀ ਭਿੰਨ ਸੰਘਾਤੇ ਗਾਵੇ।

**ਸੰਘੈ ਪਲਤੇ** ਵਾ. ਸੰਘ ਮੇਂ ਛਾਲੇ, ਯਥਾ- ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।

**ਸੰਛਿਆ** ਗੁ. ਅੰਤ ਸਮੇ ਇਨ ਮੇਂ ਜਾਨੇ ਕਰ ਇਨ ਹੀ ਨਾਮੋਂ ਸੇ, ਯਥਾ- ਤੀਨਿ ਸੰਛਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ। ਅੰਤ ਸਮੇ ਤੀਨ ਮੇਂ ਮਿਲੇਗੀ ਐਸਾ ਜਾਨ ਕੇ ਹਰਿ ਨੇ ਤੀਨ ਨਾਮੋਂ ਸੇ ਸਰੀਰ ਕੀ ਰਚਨਾ ਕਰੀ ਹੈ। ਸੋਈ ਦਸਾ ਹੋਵੇ ਹੈ ਜਲ ਮੈਂ ਫੈਂਕੇ ਹੈਂ ਯਾ ਕੁਤੇ ਖਾਵੇ ਹੈਂ ਯਾ ਭਸਮ ਹੋਵੇ ਹੈ, ਬਚਨਾਂਤਰ ਮੇਂ ਐਸੇ ਪਾਂਚ ਦਸਾ ਲਿਖੀ ਹੈਂ- ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।

**ਸੰਙੁ** ਗੁ. ਸਾਥ, ਯਥਾ- ਸਤਸੰਗਤਿ ਮੇਲਹੁ ਸੰਙੁ। ਸਤ ਸੰਗਤਿ ਕੇ ਮੇਲੋ ਸਾਥ।

**ਸਚ** ਦੇ. ਯਥਾਰਥ, ਯਥਾ- ਸਚੁ ਜਾਣੈ ਕਚੁ ਵੈਦਿਓ। ਕਚੇ ਔ ਜਾਨੇ ਵਾਲੇ ਪਦਾਰਥ ਯਥਾਰਥ ਜਾਣੇ ਹੈਂ। ਪੁਨਾ- ਸਚ ਭਏ ਬਿਗਾਸਾ। ਯਥਾਰਥ ਵਿਕਾਸ ਵਾਲੇ ਹੂਏ ਹੈ। ਯਥਾਰਥ ਕਥਨ, ਯਥਾ- ਸਤੁ ਪਰਮਲੁ ਤਨਿ ਵਾਸੁ। ਸਚ ਭਾਖਣ ਰੂਪ ਤਨ ਮੇਂ ਵਾਸ ਹੈ ਚੰਦਨ ਕੀ ; ਸਤ੍ਯ ਅਰਥਾਤ ਤ੍ਰਿਕਾਲਾ ਬਾਧ੍ਯ, ਯਥਾ- ਨਾਨਕ ਸਚੁ ਧਿਆਇਨਿ ਸਚੁ। ਜੋ ਤ੍ਰਿਕਾਲਾ ਬਾਧ੍ਯ ਕਾ ਧ੍ਯਾਨ ਕਰੇ ਹੈਂ, ਸੋ ਓਹੀ ਸ੍ਵਰੂਪ ਹੋਤੇ ਹੈਂ, ਗ੍ਰੰਥ ਸਾਹਬ ਜੀ ਮੇਂ ਸਚ ਕਾ ਅਰਥ ਨਿਸਚੇ ਭੀ ਕਰਤੇ ਹੈਂ। ਸੋ ਯਥਾਰਥ ਹੀ ਹੈ ਜੈਸੇ- ਨਾਨਕ ਲਾਲੋ ਲਾਲ ਹੈ ਸਚੇ ਰਤਾ ਸਚ। ਜੋ

ਸਤਜ ਸ੍ਵਰੂਪ ਸਾਥ ਪ੍ਰੀਤੀ ਵਾਲਾ ਭਯਾ ਹੈ ਨਿਸਚੇ ਕਰ ਭਾਵ ਯਥਾਰਥ ਸੋ ਪੂਰਾ ਲਾਲ ਹੋਤਾ ਹੈ। ਪੁਨਾ- ਸਚੁ ਅਰਦਾਸਿ। ਨਿਸਚੇ ਪ੍ਰਾਰਥਨਾ ਹੈ।

**ਸਚ ਪੀਰ** ਮਿ. ਸਚੇ ਗੁਰੁ।

**ਸਚ ਬਿਨੁ ਸਾਖੀ** ਗੁ. ਯਥਾਰਥ ਜਾਨੇ ਬਿਨਾ ਸਾਹਦੀ ਭਰਨੀ।

**ਸਚ ਭਾਉ** ਗੁ. ਸਚਾ ਪ੍ਰੇਮ। ਸੰ. ਸਤਜ ਭਾਵ।

**ਸਚ ਮਨੇ** ਗੁ. ਸਚੇ ਮਨ ਵਾਲੇ ਕੋ, ਯਥਾ- ਮੈਲੁ ਨਾਹੀ ਸਚ ਮਨੇ।

**ਸੰਚਹੁ** ਦੇ. ਜਮਾ ਕਰੋ, ਯਥਾ- ਸੰਚਹੁ ਰੇ ਜਨ ਭਾਈ।

**ਸੰਚਰੇ** ਦੇ. ਬਿਚਰੇ, ਪ੍ਰਵੇਸ ਕਰੇ।

**ਸਚੜਾ** ਪੰ. ਮੁ. ਸੱਚਾ, ਯਥਾ- ਸਚੜਾ ਨਿਆਉ ਕਰੇਗੁ ਮਸੋਲਾ।

**ਸਚੜਾਉ** ਗੁ. ਸੱਚਾ, ਯਥਾ- ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ।

**ਸਚਾ** ਦੇ. ਯਥਾਰਥ ਵਕਤਾ, ਯਥਾ- ਸਚਾ ਸਤਿਗੁਰੁ ਸੇਵਿ ਸਚੁ ਸਮ੍ਹਾਲਿਆ। ਪੁਨਾ- ਸਚਾ ਸੇਵਿ ਫਲਾਧਿਆ। ਪੁਨਾ- ਸਚੁ ਮਿਲੈ ਸਚੁ ਊਪਜੈ ਸਚ ਮਹਿ। ਇਤਯਾਦਿ ਪਾਠ ਵਾਲੀ ਪੌੜੀ ਮੇਂ ਜੈਸੇ ਸੰਭਵੇ ਤੈਸੇ ਅਰਥ ਜਾਨਨੇ।

**ਸਚਾ ਸਬਦ** ਵਾ. ਯਥਾਰਥ ਉਪਦੇਸ।

**ਸਚਾ ਕਰੇ** ਵਾ. ਯਥਾਰਥ ਮਾਨੇ ਹੈ, ਯਥਾ- ਸਤਿਗੁਰੁ ਆਖੈ ਸਚਾ ਕਰੇ।

**ਸਚਾ ਚਉਕਾ** ਵਾ. ਸਚਾ ਬਚਨ ਕਹਨਾ ਚੌਕਾ ਹੈ, ਯਥਾ- ਸਚਾ ਚਉਕਾ ਸੁਰਤਿ ਕੀ ਕਾਰਾ।

**ਸੰਚਾਨਾ** ਗੁ. ਇਕਤ੍ਰ ਕੀਆ, ਸੰਚਨ ਕੀਆ।

**ਸੰਚਾਰੇ** ਸੰ. ਬਿਚਰਾਵੇ, ਯਥਾ- ਕਵਨੁ ਸੁ ਦਾਤਾ ਲੇ ਸੰਚਾਰੇ।

**ਸਚਾਵਾ** ਗੁ. ਸਚਾ, ਯਥਾ- ਬਾਣੁ ਸਚਾਵਾ ਸੰਨਿ੍ ਕੈ।

**ਸੰਚਾਵੇ** ਗੁ. ਮਿਲਾਵੇ ; ਸੰਚਨ ਕਰਾਵੇ।

**ਸੰਚਿ** ਦੇ. ਇਕਤ੍ਰ ਕਰ, ਯਥਾ- ਸੰਚਿ ਮਹਾ ਰਸੁ।

**ਸੰਚਿਓ** ਦੇ. ਫੈਲਿਆ, ਯਥਾ- ਸਹਜ ਭਾਇ ਸੰਚਿਓ।

**ਸੰਚਿਆ** ਦੇ. ਜਮਾ ਕੀਆ।

**ਸਚੀ ਸਾਲਾਹ** ਗੁ. ਮੰਤ੍ਰ ਭੀ ਉਸ ਕਾ ਸੱਚਾ ਹੈ, ਯਥਾ- ਸਚੀ ਸਿਫਤਿ ਸਚੀ ਸਾਲਾਹ।

**ਸਚੀ ਸਿਖੰ** ਦੇ. ਯਥਾਰਥ ਉਪਦੇਸ ਸੇ, ਯਥਾ- ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ। ਸਚੀ ਸਿਖਾ ਸੇ।

**ਸਚੀ ਸੋਇ** ਦੇ. ਸਚੀ ਸੋਭਾ।

**ਸਚੀ ਪਾਲਿ** ਗੁ. ਯਥਾਰਥ ਭਕਤੀ ਰੂਪ ਸੇਤੁ ਦੇ ਕਰ ਪਾਰ ਕਰੇ ਹੈ ਅਥਵਾ ਸਚੀ ਭਕ੍ਤੀ ਦੇ ਪਾਰ ਕਰੇ ਹੈ।

**ਸਚੁ ਸਚਾ** ਵਾ. ਨਿਸਚੇ ਕਰ ਸਚਾ ਪਰਮਾਤਮਾ, ਯਥਾ- ਸਚੁ ਸਚਾ ਸਭ ਦੂ ਵਡਾ ਹੈ।

**ਸਚੁ ਸਾਖੀ** ਦੇ. ਸਚੀ ਸਾਹਦੀ, ਸਚੀ ਗਵਾਹੀ।

**ਸਚੁ ਸੋਹਿਲਾ** ਵਾ. ਯਥਾਰਥ ਆਨੰਦ ਕਾ ਗਯਾਨ, ਯਥਾ- ਸਬਦਿ ਸਚੈ ਸਚੁ ਸੋਹਿਲਾ। ਯਥਾਰਥ ਉਪਦੇਸ ਸੇ ਯਥਾਰਥ ਆਨੰਦ ਕਾ ਗਾਯਨ ਹੋਤਾ ਹੈ।

**ਸਚੁ ਹਾਕੁ** ਵਾ. ਸਚਜਾ ਤੇ ਸਚੇ ਹੈਂ, ਯਥਾ- ਸੇਈ ਸਚੁ ਹਾਕੁ।

**ਸਚੁ ਹੈ** ਗੁ. ਨਿਚਸੇ ਕਰ, ਯਥਾ- ਤਿਨ ਕੀ ਬਾਣੀ ਸਦਾ ਸਚੁ ਹੈ। ਜਿਸ ਕੀ ਨਿਸਚੇ ਕਰ ਬਾਣੀ ਸਚੀ ਹੈ।

**ਸਚੁ ਕਮਾਇ** ਗੁ. ਸੱਚਾ ਨਾਮ ਜਪ ਕੇ, ਯਥਾ- ਛੂਟੈ ਸਚੁ ਕਮਾਇ।

**ਸਚੁ ਡਿਠੋਮਿ** ਵਾ. ਸਚ ਹੀ ਦੇਖਿਆ ਹੈ।

**ਸਚੁ ਤਪਾਵਸੁ** ਦੇ. ਸਚਾ ਨਯਾਉ, ਯਥਾ- ਸਚੁ ਤਪਾਵਸੁ ਕਰਿਓ।

**ਸਚੇ ਹੀ ਸਚ** ਗੁ. ਗੁਰੋ ਕੇ ਉਪਦੇਸ ਵਾਲੇ ਨਿਸਚੇ ਕਰ।

**ਸਜਣ** ਸੰ. ਮਿਤ੍ਰ, ਸ੍ਰੇਸ੍ਟ ਜਨ, ਯਥਾ- ਹਰਿ ਸਜਣ ਦਾਵਣਿ ਲਗਿਆ। ਸੰ. ਸੱਜਨ।

**ਸਜਣ ਚਲੇ** ਵਾ. ਇੰਦ੍ਰੇ ਚਲੇ ਹੈਂ ਦੇਹ ਸੇ।

**ਸਜਣੁ ਸੈਣੀ** ਦੇ. ਮਿਤ੍ਰ ਸਾਥੀ, ਯਥਾ- ਹਰਿ ਸਜਣੁ ਮੇਲਿਆ ਸੈਣੀ।

**ਸੱਜਨ** ਸੰ. ਰਛਿਆ ਹੇਤ ਸੇਨਾ ਕਾ ਥਿਤ ਕਰਨਾ ; ਘਾਟ ; ਸ੍ਰੇਸ੍ਟ ਕੁਲ ਮੇਂ ਉਪਜਾ ; ਸ੍ਰੇਸ੍ਟ ਪੁਰਖ ; ਹਾਥੀਓਂ ਕੀ ਜਿਲੌ ਕਰਨੀ ਅਸਵਾਰੀ ਹੇਤ।

**ਸੰਜਮ** ਦੇ. ਇੰਦ੍ਰਯੋਂ ਕੋ ਅਪਨੇ ਅਪਨੇ ਵਿਖਯੋਂ ਸੇ ਰੋਕਨਾ। ਇੰਦ੍ਰਯੋਂ ਕਾ ਸੰਜਮ ਸਭ ਸੇ ਬਢਕੇ ਜੈਨੀ ਕਰਤੇ ਹੈਂ, ਯਥਾ- ਜੈਨ ਮਾਰਗ ਸੰਜਮ ਅਤਿ ਸਾਧਨ।

**ਸੰਜਮੀ** ਦੇ. ਸੰਜਮ ਵਾਲਾ।

**ਸੰਜਰੀਆ** ਗੁ. ਪ੍ਰਾਪਤ ਭਈ ਮਨੁਖ ਦੇਹ, ਯਥਾ- ਚਿਰੰਕਾਲ ਇਹ ਦੇਹ ਸੰਜਰੀਆ।

**ਸਜਾਇ** ਫਾ. ਤਾੜਨਾ, ਦੰਡ, ਯਥਾ- ਦੋਜਕ ਸਜਾਇ।

**ਸੰਜਾਰੀਐ** ਗੁ. ਸੰਚਾਰ ਕਰੀਤੀ ਹੈ, ਯਥਾ- ਸੁਤਿ ਪਰੋਇ ਜੋਤਿ ਸੰਜਾਰੀਐ।

**ਸੰਜਿਆਹੀ** ਪੰ. ਜਮਾ ਕੀਆ ਹੈ, ਯਥਾ- ਮਾਲੁ ਧਨੁ ਕਿਤ ਕੂ ਸੰਜਿਆਹੀ।

**ਸਜੁਤੀਆ** ਗੁ. ਸੰਜੁਕਤ ਕਰ ਲਈ ਹੈ, ਯਥਾ- ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ।

**ਸੰਜੈ** ਪੰ. ਜਮਾ ਕਰਨੇ ਮੇਂ, ਯਥਾ- ਮੂਰਖ ਪੰਡਿਤ ਹਿਕਮਤਿ ਹੁਜਤਿ

ਸੰਜੈ ਕਰਹਿ ਪਿਆਰੁ। ਸੰ. ਸੰਚਯ। ਬਯਾਸ ਕਾ ਸਿਖਯ ਜੋ ਰਾਜਾ ਧ੍ਰਿਤਰਾਸਟ੍ਰ ਕੋ ਭਾਰਤ ਯੁਧ ਕੀ ਕਥਾ ਸੁਨਾਤਾ ਥਾ। ਸੰ. ਸੰਜਯ।

**ਸੰਜੋਗੀ** ਦੇ. ਸਬੰਧੋਂ ਸੇ, ਯਥਾ- ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ। ਮੇਲ ਵਾਲੇ ਦ੍ਰਬਯ।

**ਸੰਜੋਗੁ** ਦੇ. ਮੇਲ, ਯਥਾ- ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ। ਦੋ ਦ੍ਰਬਯ ਪਦਾਰਥੋਂ ਕਾ ਮੇਲ। ਦ੍ਰਬਯ ਸੇ ਆਨ ਪਦਾਰਥੋਂ ਕੇ ਮੇਲ ਕੋ ਨਯਾਯ ਵਾਲੇ ਸਮਵਾਯ ਕਹਤੇ ਹੈਂ।

**ਸੰਜੋਰਿ** ਦੇ. ਮੇਲ ਕੇ, ਯਥਾ- ਹਰਿ ਸਿੰਚੈ ਸੁਧਾ ਸੰਜੋਰਿ।

**ਸੰਝ** ਦੇ. ਸਾਂਝ, ਸਾਮ, ਤਿਕਾਲਾ।

**ਸਟ** ਪੰ. ਚੋਟ, ਜੈਸੇ- ਸਟ ਪਈ ਖਰਚਾਮੀ ਦਲਾ ਮੁਕਾਬਲਾ। ਨਗਾਰਿਓ ਪੈ।

**ਸਟਿਆ** ਪੰ. ਗੇਰਿਆ, ਯਥਾ- ਕੁਹਥੀ ਜਾਈ ਸਟਿਆ।

**ਸਟੈ** ਦੇ. ਬਦਲੇ, ਯਥਾ- ਮੈ ਤਉ ਮੋਲਿ ਮਹਗੀ ਲਈ ਜੀਅ ਸਟੈ। ਮੈਨੇ ਪ੍ਰਾਣੋਂ ਕੇ ਬਦਲੇ ਅਰਥਾਤ ਅਪਨੇ ਪ੍ਰਾਣ ਅਰਪ ਕੇ ਲਈ ਹੈ। ਪੰ. ਗੇਰੇ, ਜੈਸੇ- ਸਰਪ ਕੋ ਦੂਰ ਸਟੇ ਤੋ ਅਛਾ ਹੈ।

**ਸਠਿ** ਸੰ. ਮੂਰਖ ; ਸਾਠ, ਯਥਾ- ਲਉਕੀ ਅਠਸਠਿ ਤੀਰਥ ਨ੍ਹਾਈ। ਈਹਾਂ ਸਠ ਪਦ ਸਾਠ ਕਾ ਬਾਚਕ ਹੈ। ਸੰ. ਅਸ੍ਰ ਖਸ੍ਰਿ।

**ਸਠਿ ਸੰਬਤ** ਦੇ. ਬੀਸ ਬਰਸ ਬ੍ਰਹਮਾ ਕੇ, ਬੀਸ ਸਿਵ ਕੇ, ਬੀਸ ਬਿਸਨੁ ਕੇ, ਯਹ ਜੋ ਹੇ ਹਰੇ ! ਸਾਠ ਸੰਬਤੀ ਹੈ, ਸੋ ਹਮਾਰੇ ਲੀਏ ਪ੍ਰਸਿਧ ਤੀਰਥ ਹੈ, ਜਿਨ ਮੇਂ ਤੇਰੇ ਸਤਿਨਾਮ ਕਾ ਜਾਪ ਹੀ ਹਮਾਰੇ ਸ੍ਨਾਨ ਹੇਤ ਜਲ ਹੈ, ਯਥਾ- ਤੇਰੇ ਸਠਿ ਸੰਬਤ ਸਭਿ ਤੀਰਥਾ।

**ਸਠੋਰਿ** ਗੁ. ਸਠ ਨੇ, ਯਥਾ- ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ। ਰਸ ਆਨੰਦ ਸੇ ਸੰਚ ਸੰਚ ਕੇ ਧਨ ਕੀਆ।

**ਸਡੁ** ਪੰ. ਸੱਦ, ਕਵਿਤਾਈ ਕੀ ਊਚੀ ਅਵਾਜ, ਯਥਾ- ਭੇਰੀ ਸਡੇ ਰਡ। ਨਗਾਰੇ ਕੀ ਸਡੋ ਅਵਾਜ ਔ ਊਚੇ ਪਾਠ ਰਡ- ਭਟੋ ਕੇ। ਪੁਨਾ- ਗੋਰ ਨਿਮਾਣੀ ਸਡੁ ਕਰੇ।

**ਸੰਢੀਐ** ਪੰ. ਭਰੀਏ ਹੈ, ਯਥਾ- ਆਪੇ ਹੀ ਲੇਖਾ ਸੰਢੀਐ।

**ਸਣੁ** ਪੰ. ਸਾਥ, ਸਹਿਤ, ਯਥਾ- ਸਣੁ ਕੀਸਾਰਾ ਚਿਥਿਆ। ਸਹਿਤ ਕਸੀਰੋਂ ਕੇ ਬਰੀਕ ਕੀਆ। ਪੁਨਾ- ਸਣੁ ਨੀਸਾਣੈ ਜਾਇ। ਸਾਥ ਨੀਸਾਨ ਕੇ ਜਾਵੇਗਾ। ਸਣੀ ਜਿਸ ਕੀ ਰੱਸੀ ਬਨਤੀ ਹੈ।

**ਸੰਤ** ਦੇ. ਸ੍ਰੇਸ੍ਰ ਪੁਰਖੋਂ ਕੀ, ਯਥਾ- ਸੰਤ ਕੀ ਨਿੰਦਾ ਨਾਨਕਾ। ਹੇ ਸ੍ਰੇਸ੍ਰੋ, ਯਥਾ- ਸੰਤਹੁ ਸਾਗਰੁ ਪਾਰਿ ਉਤਰੀਐ।

**ਸਤ** ਸੰ. ਸ੍ਰੇਸ੍ਰ, ਯਥਾ- ਚੰਦ ਸਤ ਭੇਦਿਆ। ਵਾਮਾਸ੍ਵਰ ਸ੍ਰੇਸ੍ਰ ਭੇਦਿਆ, ਰੇਚਨ ਕੀਆ। ਧੀਰ ; ਸਾਧੂ ; ਪੂਜਯ ; ਵਿੱਦਮਾਨ, ਸਾਮਨੇ ; ਸਤਯ, ਯਥਾ- ਸਸਾ ਸਤਿ ਸਤਿ ਸਤਿ ਸੋਊ। ਸਾਤ ; ਯਥਾਰਥ ਕਰ, ਯਥਾ- ਗੁਰ ਕਾ ਸਬਦੁ ਸਤਿ ਕਰਿ ਮਾਨੁ। ਦੇ. ਸਦਾ ਵਰਤ, ਯਥਾ- ਸਤੀ ਪਾਪੁ ਕਰਿ ਸਤੁ ਕਮਾਹਿ। ਸਦਾ ਵਰਤ ਦੇਨਾ ਕਰੇ ਹੈਂ। ਪਤਿਬ੍ਰਤ ਧਰਮ, ਯਥਾ- ਬਿਨੁ ਸਤ ਸਤੀ ਹੋਇ ਕੈਸੇ ਨਾਰਿ। ਸਿਧਿ, ਯਥਾ- ਨਾ ਸਤਿ ਮੁੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ। ਨਹੀ ਸਤ- ਸ੍ਰੇਸ੍ਰ ਮੋਖ ਕੀ ਪ੍ਰਾਪਤੀ ਹੋਤੀ ਕੇਸ ਮੁੰਡਾਨੇ ਸੇ।

**ਸੰਤ ਸਹਾਰੁ** ਗੁ. ਸੰਤੋਂ ਕੇ ਸਹਾਰਾ ਦੇਨੇ ਵਾਲਾ ਭਾਵ ਸੰਤੋਂ ਕਾ ਸਹਾਈ, ਯਥਾ- ਸੰਤ ਸਹਾਰੁ ਸਦਾ ਬਿਖਿਆਤਾ।

**ਸੰਤ ਸੰਤ** ਗੁ. ਸ੍ਰੇਸ੍ਰ ਮੇਂ ਸ੍ਰੇਸ੍ਰ।

**ਸੰਤ ਸਾਧ** ਗੁ. ਸ੍ਰੇਸ੍ਰ ਸਾਧ, ਯਥਾ- ਸੰਤ ਸਾਧ ਭਏ ਸਾਥੀ।

**ਸੰਤ ਸਾਧ ਕੈ** ਵਾ. ਸਾਂਤੀ ਵਾਲੇ ਸਾਧ ਕੈ।

**ਸਤ ਸੀ ਕਾ** ਪੰ. ਸਾਤ ਵਾਰ ਵਾਹੀ ਜਿਮੀ ਕਾ, ਯਥਾ- ਅਨਾਜੁ ਮਗਉ ਸਤ ਸੀ ਕਾ। ਸਾਤ ਵਾਰ ਵਾਹੀ ਜਿਮੀ ਕਾ ਅੰਨ ਉਤਮ ਹੋਤਾ ਹੈ। ਯਾਤੇ ਜਿਮੀਨ ਜੋਤਨੇ ਵਾਲੇ ਨੇ ਪ੍ਰਮੇਸ੍ਵਰ ਸੇ ਅਪਨੀ ਚਿਤ ਬ੍ਰਿਤੀ ਕੇ ਅਨੁਕੂਲ ਅਰਥ ਪਦਾਰਥ ਮਾਗਯਾ ਹੈ। ਜਿਨ ਮਹਾਤਮਾ ਜਨੋਂ ਕੋ ਅਰਥ ਕੀ ਯਾਚਨਾ ਅਛੀ ਨਹੀਂ ਭਾਨ ਹੋਤੀ ਵਹੁ ਸਤ ਸੀ ਕਾ ਸਤ ਸੀਲ ਕਾ ਅਨਯ ਮਾਂਗਤਾ ਹੋਂ ਐਸਾ ਅਰਥ ਕਰ ਲੇਤੇ ਹੈਂ। ਵਾਸ੍ਤਵ ਮੇ ਸੀ ਪਦ ਕਾ ਅਰਥ ਵਾਹਨਾ ਹੈ, ਸੀਲ ਨਹੀਂ। ਯਾਤੇ ਅਰਥ ਪਦਾਰਥ ਕੀ ਯਾਚਨਾ ਹੀ ਠੀਕ ਹੈ, ਕਿਉਂਕਿ 'ਮਾਗੋ ਰਾਮ ਤੇ ਸਭ ਥੋਕ' ਪਾਠ ਸੇ ਸਭ ਕਾ ਮਾਂਗਨਾ ਉਤਮ ਹੈ। ਇਸ ਕਹਨੇ ਸੇ ਯਹ ਸਿੱਧ ਹੂਆ ਬਯਵਹਾਰਕ ਪਦਾਰਥ ਵਾਲੇ ਪਾਠੋ ਕੋ ਪਰਮਾਰਥ ਮੇਂ ਖੈਂਚਨਾ ਖੈਂਚ ਹੈ, ਉਨ ਕੋ ਬਯਵਹਾਰ ਮੇਂ ਹੀ ਲਗਾਨਾ ਚਾਹੀਏ। ਜੈਸੇ- ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ। ਪੁਨਾ- ਕਾਹੇ ਪੂਤ ਝਗਰਤ ਹਉ ਸੰਗਿ ਬਾਪ। ਇਤਯਾਦਿ ਬਯਵਹਾਰ ਹੈਂ।

**ਸੰਤਹ ਤਨਾ** ਗੁ. ਸੰਤੋ ਕਾ ਪੁਤ੍ਰ।

**ਸਤ ਹੋਵਨ** ਵਾ. ਜੋ ਰੋਗ ਮਰਣਾਦਿ ਸਚੇ ਹੋਨੇ ਵਾਲੇ ਹੈਂ।

**ਸਤ ਕਾ ਖੇੜਾ** ਵਾ. ਸਤਯੁਗ ਮੇਂ ਸਤਵਾਦ ਕਾ ਨਗਰ, ਯਥਾ- ਪ੍ਰਥਮੇ ਵਸਿਆ ਸਤ ਕਾ ਖੇੜਾ।

**ਸੰਤ ਕਾ ਲੀਆ** ਗੁ. ਸੰਤੋਂ ਕੇ ਵਾਸਤੇ ਦੁਸ੍ਰੋਂ ਕੋ ਧਰਤੀ ਤੇ ਬਿਦਾਰਤਾ ਹੈ। ਪਾਠ ਮੇਂ ਸੰਤ ਕੇ ਲੀਏ ਕੇ ਅਸਥਾਨ ਸੰਤ ਕਾ ਲੀਆ ਪਾਠ ਹੈ, ਯਥਾ- ਸੰਤ ਕਾ ਲੀਆ ਧਰਤਿ ਬਿਦਾਰਉ। ਨਾਸ ਕੀਆ ਹੂਆ ਹੈ, ਤਿਸ ਕੋ ਧਰਤੀ ਪੈ ਬਿਚਰਨੇ ਸੇ ਬਿਦਾਰਤਾ ਹੋ ਬਿਚਰਨੇ ਨਹੀਂ ਦੇਤਾ। ਬਚਨਾਂਤਰ ਮੈਂ ਲਿਖਾ ਹੈ 'ਸੰਤ ਕੇ ਹਤੇ ਕੋ ਰਖੇ ਨ ਕੋਇ'। ਯਾਤੇ ਪਰਮੇਸ੍ਵਰ ਭੀ ਧਰਤੀ ਅਸਮਾਨ ਮੇਂ ਫਿਰਨੇ ਸੇ ਦੂਰ ਕਰਨਾ ਕਹਤਾ ਹੈ।

**ਸਤ ਚਟੇ** ਵਾ. ਸਤ ਥੁੱਕ, ਯਥਾ- ਸਤ ਚਟੇ ਸਿਰਿ ਛਾਈ।

**ਸੰਤ ਧਰਮ ਸਾਲੀਐ** ਵਾ. ਸੰਤੋਂ ਕੀ ਧਰਮ ਸਾਲਾ ਅਰਥਾਤ ਸਭਾ ਮੇਂ, ਯਥਾ- ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ।

**ਸੰਤ ਬਹਲ** ਵਾ. ਸੰਤਾ ਕੇ ਬਾਹਨ, ਯਥਾ- ਪ੍ਰਾਨ ਮਨੁ ਧਨੁ ਸੰਤ ਬਹਲ।

**ਸਤ ਭਾਉ** ਪੰ. ਸਤਕਾਰ ਸੇ, ਯਥਾ- ਅਗੋ ਦੇ ਸਤ ਭਾਉ ਨ ਦਿਚੈ। ਸਤਕਾਰ ਸੇ ਨਿਉਤੇ ਆਦਿਕ ਨਾ ਦੇਈਯੇ। ਸੰ. ਸਦਭਾਵ।

**ਸਤ ਭਾਇ** ਗੁ. ਸ੍ਰੇਸ੍ਰ ਪ੍ਰੇਮ ਸੇਂ, ਯਥਾ- ਮਤਿ ਸਤ ਭਾਇ ਭਗਤਿ ਗੋਬਿੰਦਾ।

**ਸਤ ਭਿਖਿਆ** ਦੇ. ਸ੍ਰੇਸ੍ਰ ਭਿਖਿਆ।

**ਸੰਤ ਮੰਡਲੀ** ਦੇ. ਸੰਤੋਂ ਕਾ ਸਮੁਦਾਯ, ਯਥਾ- ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ।

**ਸੰਤ ਮੰਤ** ਗੁ. ਸੰਤੋਂ ਕਾ ਮੰਤ੍ਰ, ਸੰਤੋਂ ਕਾ ਉਪਦੇਸ।

**ਸੰਤ ਲਾਗੁ** ਵਾ. ਸੰਤਾ ਕੀ ਚਰਨੀ ਲਗ, ਯਥਾ- ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ।

**ਸਤਸੰਗਤਿ** ਸੰ. ਸ੍ਰੇਸ੍ਰੋ ਕੇ ਸੰਗ ਸੇ, ਯਥਾ- ਸਤਸੰਗਤਿ ਮਿਲਿ ਰਹੀਐ ਮਾਧਉ।

**ਸਤਸੰਗਾ** ਸੰ. ਸ੍ਰੇਸ੍ਰ ਹੈ ਮੁਕਤੀ ਹੇਤ ਮੇਲ ਜਿਸ ਕਾ ਐਸਾ ਪ੍ਰਮੇਸੂਰ, ਯਥਾ- ਮਹਾ ਸਾਰਥੀ ਸਤਸੰਗਾ।

**ਸਤਸਰ** ਸੰ. ਸ੍ਰੇਸ੍ਰ ਸਰੋਵਰ ਮੇਂ ਅਰਥਾਤ ਸਤਸੰਗ ਮੇਂ।

**ਸਤਹੁ** ਗੁ. ਸ੍ਰੇਸ੍ਰਤਾ ਸੇ ਅਰਥਾਤ ਅਪਨੀ ਅਵਤਾਰਤਾ ਕੇ ਪ੍ਰਤਾਪ ਸੇ, ਯਥਾ- ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ। ਅਪਨੇ ਜਨਮ ਥਾਨ ਤਲਵੰਡੀ ਨਗਰ ਮੇਂ ਗੁਰੂ ਨਾਨਕ ਜੀ ਨੇ ਸਤ ਸੇ ਹੀ ਮਹਖੀਓਂ ਕਾ ਖਾਯਾ ਖੇਤ ਹਰਾ ਕੀਆ ਪੁਨਾ ਸਤ ਕੇ ਪ੍ਰਤਾਪ ਸੇ ਹੀ ਸਿਰ ਪੈ ਸਰਪ ਸੇ ਛਾਯਾ ਕਰਾਈ।

**ਸੰਤਤ** ਸੰ. ਨਿਰੰਤਰ। ਦੇ. ਸੰਤਾਨ, ਔਲਾਦ। ਸੰ. ਸੰਤਤਿ।

**ਸੰਤਤ ਹੀ** ਦੇ. ਨਿਰੰਤਰ ਹੀ, ਸਦੀਵ ਹੀ।

**ਸੰਤਨ** ਗੁ. ਸੰਤ, ਯਥਾ- ਸੰਤਨ ਹਰਿ ਕੇ ਮੇਰੇ ਮੀਤ। ਈਹਾ ਬਹੁ ਬਚਨ ਹੈ ; ਸੰਤੋਂ ਕੋ, ਯਥਾ- ਹਰਿ ਸੰਤਨ ਕਰਿ ਨਮੋ ਨਮੋ।

**ਸੰਤਨਾ** ਗੁ. ਸਾਂਤੀ ਨਹੀ, ਹੇ ਹਰੀ ! ਸਾਂਤੀ ਨਹੀਂ, ਯਥਾ- ਸੰਤਨਾ ਹਰਿ ਸੰਤਨਾ।

**ਸਤਪੁਤ੍ਰ** ਸੰ. ਸ੍ਰੇਸ੍ਰ ਪੁਤ੍ਰ।

**ਸਤਮ** ਸੰ. ਬਹੁਤ ਸ੍ਰੇਸ੍ਰ, ਯਥਾ- ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ। ਬਡੇ ਸ੍ਰੇਸ੍ਰ ਪਰੋਪਕਾਰੀ ਸੰਤ ਪ੍ਰੀਤੀ ਕੇ ਕਾਰਣ ਹੈਂ।

**ਸਤਰ** ਅ. ਦੇ. ਪੰਗਤੀ, ਜੈਸੇ- ਸਾਝੀ ਸਤਰ।

**ਸਤਰਿ** ਪੰ. ਸਾਤੇ ਪੈ ਬਿੰਦੀ ਵਾਲੀ ਸੰਖ੍ਯਾ ; ਏਤੀ ਸੰਖਯਾ ਵਾਲੇ, ਯਥਾ- ਸਤਰਿ ਸੈਇ ਸਲਾਰ ਹੈ ਜਾ ਕੇ। ਜਿਸ ਪ੍ਰਮੇਸੂਰ ਕੇ ਸਾਤ ਹਜਾਰ ਸਰਦਾਰ ਹੈਂ।

**ਸਤਰਿ** ਅ. ਗੁਪਤ, ਯਥਾ- ਸਤਰਿ ਕਾਬਾ ਘਟ ਹੀ ਭੀਤਰਿ। ਗੁਪਤ ਕਾਬਾ ਘਟ ਮੇਂ ਹੈ ਵਾ ਸਤਰ ਕੇ ਥਾਨ ਸਦਰ ਮੂਲ ਰਖ ਸਭ ਸੇ ਮੁਖਯ ਕਾਬਾ ਘਟ ਮੇਂ ਹੈ। ਫਾ. ਸਤਰ ।

**ਸਤ੍ਰੀ** ਸੰ. ਇਸਤ੍ਰੀ।

**ਸਤਵਾਦੀ** ਦੇ. ਸਚ ਕਹਨੇ ਵਾਲਾ। ਸੰ. ਸਤਯਵਾਦੀ।

**ਸਤਾਣੀ** ਪੰ. ਜੋਰ ਵਾਲੀ, ਯਥਾ- ਸਚੁ ਕੋਟੁ ਸਤਾਣੀ ਨੀਵ ਦੈ। ਸਚ ਕੀ ਜੋਰ ਵਾਲੀ ਨੀਵ ਦਈ ਹੈ।

**ਸਤਾਨਵੇ** ਦੇ. ਪੰ. ੧੭੯੭ ਸਤਾਰਾ ਸੈ ਸਤਾਨਵੇ ਮੇਂ ਨਾਦਰ ਕੇ ਆਵਨੇ ਸੇ, ਯਥਾ- ਜਾਨਿ ਸਤਾਨਵੈ। ਨਾਦਰ ਕੇ ਪਚਾਨਵੇ ਮੇਂ ਆਵਨ ਪੀਛੇ ਸਤਾਰਾ ਸੈ ਸਤਾਨਵੇ ਮੇਂ ਤੇਜਹੀਨ ਹੋ ਮੁਗਲ ਗਇਓਂ ਬਰਾਬਰ ਹੋ ਜਾਵੇਂਗੇ। ਯਹ ਭਵਿਖਤ ਬਚਨ ਹੈ।

**ਸੰਤਾਪ** ਸੰ. ਦੁਖ ; ਅਗਨਿ ਕਾ ਸੇਕ।

**ਸੰਤਾਵੇ** ਗੁ. ਪੰ. ਦੁਖ ਦੇਤਾ ਹੈ।

**ਸਤ੍ਰਿੰ** ਸੰ. ਯਥਾਰਥ ਹੈ, ਯਥਾ- ਸਾਧਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ ਨਾਨਕਹ। ਸੰਤੋਂ ਕੇ ਸੰਗ ਕਾ ਸਨੇਹ ਯਥਾਰਥ ਵਸਤੂ ਹੈ, ਜਿਸ ਕਾਰਣ ਤੇ ਤਾ ਸੇ ਸਿਮਰਣ ਕੋ ਪ੍ਰਾਪਤ ਹੋ ਸੁਖੀ ਵਸੀਤਾ ਹੈ। ਸਪਥ, ਸੁਗੰਦ ; ਸਤਯੁਗ।

**ਸਤਿ ਕਰਿ** ਗੁ. ਸਤਕਾਰ ਕਰ, ਯਥਾ- ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ।

**ਸਤਿ ਨਾਮੁ** ਗੁ. ਸੱਤ ਏਹ ਨਾਮ, ਯਥਾ- ਸਤਿ ਨਾਮੁ ਤੇਰਾ ਪਰਾ ਪੂਰਬਲਾ। ਪੁਨਾ- ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ। ਇਸ ਅਰਥ ਮੇਂ ਸਤ ਮਾਤ੍ਰ ਜਪਨੇ ਕਾ ਉਪਦੇਸ ਹੈ, ਸਾਥ ਮੇਂ ਨਾਮ ਕਾ ਨਹੀਂ। ਜੈਸੇ- ਰਾਮ ਨਾਮ ਜਪ ਬੇੜਾ ਬਾਂਧੋ ; ਪਾਠ ਮੇਂ ਰਾਮ ਕੇ ਜਾਪ ਕਾ ਬੇੜਾ ਬਾਂਧੋ ਉਪਦੇਸ ਹੈ। ਸਾਥ ਮੇਂ ਨਾਮ ਕੇ ਜਪਨ ਕਾ ਉਪਦੇਸ ਨਹੀਂ ਅਥਵਾ ਸਤਯ ਆਦਿਕ ਹੈ ਨਾਮ ਜਿਸ ਕੇ ਵਹੁ ਪਰਮਾਤਮਾ ਜੈਸੇ ਪੀਲੇ ਬਸਤ੍ਰਾਂ ਵਾਲੇ ਬਿਸਨੁ ਕਾ ਨਾਮ ਪੀਤਾਂਬਰ ਹੈ, ਤੈਸੇ ਸਤ ਨਾਉ ਵਾਲੇ ਕਾ ਨਾਮ ਸਤਨਾਮ ਹੈ, ਯਥਾ- ਸਤਿ ਨਾਮੁ ਕਰਤਾ ਪੁਰਖੁ। ਈਹਾਂ ਓਂ ਕੇ ਆਦਿ ਮੇਂ ਲਿਖੇ ਏਕਤੇ ਕੇ ਅਰਥ ਕਾ ਸਤਨਾਮ ਬਿਸੇਖਣ ਹੈ। ਜੋ ਕੈਸਾ ਏਕ ਹੈ, ਸਤ ਨਾਮ ਕਹੀਏ ਸਤਯਾਦਿ ਸ੍ਰਰੂਪ ਬੋਧਕ ਨਾਮੋਂ ਵਾਲਾ ਹੈ ਪੁਨਾ ਕਰਤਾ ਸਭ ਕੇ ਕਰਨੇ ਵਾਲਾ ਹੈ। ਅਥਵਾ ਸਤ ਹੀ ਜੋ ਹੋਵੇ ਨਾਮ ਸੋ ਕਹੀਏ ਸਤਨਾਮ ਯਹ ਅਰਥ ਹੈ। ਇਸ ਅਰਥ ਮੇਂ ਨਾਮੀ ਵਤ ਨਾਮ ਭੀ ਸੱਚਾ ਸਿਧ ਹੋਵੇ ਹੈ। ਕਾਹੇ ਤੇ ਜੈਸੇ ਨਾਮੀ ਨਿਤਯ ਹੈ, ਤੈਸੇ ਨਾਮ ਭੀ ਨਿਤਯ ਹੈ। ਬੇਦਾਂਤੀਓਂ ਨੇ ਜੋ ਨਾਮ ਰੂਪ ਅਨਿਤਯ ਮਾਨੇ ਹੈਂ, ਸੋ ਸੱਤ ਪਰਮਾਤਮਾ ਬਿਨਾ ਆਨ ਪਦਾਰਥੋਂ ਕੇ ਮਾਨੇ ਹੈਂ ਸਤ ਪਰਮਾਤਮਾ ਕੇ ਨਹੀਂ ਮਾਨੇ ਕਾਹੇ ਤੇ ਅਪਨੇ ਨਾਮ ਰੂਪ ਅਪਨੇ ਮੇਂ ਕਲਪਤ ਨਹੀਂ ਹੋਵੇਂ, ਜੈਸੇ ਰੁੱਪੇ ਕੇ ਨਾਮ ਰੂਪ ਸਿੱਪੀ ਮੇਂ ਕਲਪਤ ਹੈਂ, ਅਪਨੇ ਮੇਂ ਨਹੀ ਤੈਸੇ

ਸਤ ਕੇ ਨਾਮ ਰੂਪ ਕੋ ਕਲਪਤ ਮਾਨੇ ਸਤ ਕੇ ਨਾਮ ਰੂਪ ਕੀ ਕਲਪਨਾ ਕਾ ਭੀ ਕੋਈ ਔਰ ਅਧਿਸ੍ਰਾਨ ਕਹਨਾ ਹੋਗਾ। ਸੋ ਔਰ ਪਦਾਰਥ ਬ੍ਰਹਮਵਾਦ ਮੈਂ ਮਾਯਾ ਬਿਨਾ ਮਾਨਾ ਨਹੀਂ, ਔ ਮਾਯਾ ਆਪ ਹੀ ਮਿਥ੍ਯਾ ਹੈ। ਯਾਤੇ ਨਾਮ ਰੂਪ ਕੀ ਕਲਪਨਾ ਕਾ ਅਧਿਸ੍ਰਾਨ ਬਨੇ ਨਹੀਂ। ਔ ਅਪਨੇ ਮੈਂ ਅਪਨੀ ਕਲਪਨਾ ਦੇਖੀ ਨਹੀਂ। ਯਾਤੇ ਸਤ ਪ੍ਰਮਾਤਮਾ ਕਾ ਰੂਪ ਸਚਿਦਾਨੰਦ ਔ ਸਤਯਾਦਿ ਨਾਮ ਦੋਨੋ ਸਚੇ ਹੈਂ। ਯਹ ਬੈਸਨੋਂ ਮਤ ਕੀ ਰੀਤਿ ਸੇ ਸਤ ਨਾਮ ਕਾ ਅਰਥ ਹੈ।

**ਸਤਿ ਪੁਰਖਈਆ** ਗੁ. ਸ੍ਰੇਸ੍ਟ ਪੁਰਖ, ਯਥਾ- ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ।

**ਸਤਿ ਬਚਨ** ਸੰ. ਅੰਗੀਕਾਰ ਕੀਆ ਬਚਨ ; ਯਥਾਰਥ ਬਚਨ, ਯਥਾ- ਸਤਿ ਬਚਨ ਸਾਧੂ ਉਪਦੇਸ। ਗੁ. ਸਤਬਚਨ।

**ਸਤਿਗੁਰ** ਸੰ. ਸ੍ਰੇਸ੍ਟ ਗੁਰੋਂ ਕੇ ਤਾਈ, ਯਥਾ- ਸਤਿਗੁਰਏ ਨਮਹ। ਸ੍ਰੇਸ੍ਟ ਗੁਰੋਂ ਨੇ, ਯਥਾ- ਸਤਿਗੁਰ ਸਾਚੀ ਸਿਖ ਸੁਣਾਈ। ਪੂਜਯ ਗੁਰੂ, ਯਥਾ- ਸਤਿਗੁਰ ਗੁਰ ਵੇਚੋਲੀ। ਪੂਜਯ ਗੁਰੂ ਵਡੇ ਵਕੀਲ ਹੈਂ। ਹੇ ਮੇਰੇ ਸ੍ਰੇਸ੍ਟ ਗੁਰੋ, ਯਥਾ- ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ।

**ਸਤਿਗੁਰ ਗੁਰ** ਸੰ. ਸ੍ਰੇਸ੍ਟ ਗੁਰੂ ਬਡੇ, ਯਥਾ- ਸਤਿਗੁਰ ਗੁਰ ਵੇਚੋਲੀ।

**ਸਤਿਗੁਰ ਭਾਏ** ਵਾ. ਸ੍ਰੇਸ੍ਟ ਗੁਰੋ ਕੇ ਅਨੁਸਾਰ, ਯਥਾ- ਚਲੈ ਸਤਿਗੁਰ ਭਾਏ।

**ਸਤਿਗੁਰਏ** ਗੁ. ਸ੍ਰੇਸ੍ਟ ਗੁਰੋਂ ਕੇ ਤਾਈਂ, ਯਥਾ- ਸਤਿਗੁਰਏ ਨਮਹ।

**ਸਤਿਜੁਗਿ** ਦੇ. ਸਤਯੁਗ, ਯਥਾ- ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ। ਈਹਾ ਸਿਆਰੀ ਉਚਾਰਣ ਮੇ ਫਲਦਾਈ ਹੈ।

**ਸੰਤੀ** ਦੇ. ਸੰਤੋਂ ਨੇ, ਯਥਾ- ਸੰਤੀ ਮੰਤੁ ਦੀਓ ਮੋਹਿ ਨਿਰਭਉ। ਸੰਤੋਂ ਨੇ ਮੁਝੇ ਨਿਰਭਉ ਕਰਨੇ ਵਾਲਾ ਮੰਤ੍ਰ ਦੀਆ ਹੈ।

**ਸਤੀ** ਦੇ. ਸਤ ਰੂਪ ਪ੍ਰਮੇਸ੍ਰਰ ਨੇ, ਯਥਾ- ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ। ਸਦਾ ਦੇਨੇ ਵਾਲਾ ਅਰਥਾਤ ਧਰਮ ਕੇ ਧਨ ਸੇ ਸਦਾ ਵਰਤ ਦੇਨੇ ਵਾਲਾ, ਜੈਸੇ- ਸਤੀ ਦੇ ਸੰਤੋਖੀ ਖਾਇ। ਸਤੀ ਕਾ ਮੂਲ ਸਤ੍ਰੀ ਹੈ। ਧਰਮ ਕੇ ਧਨ ਸੇ ਦਾਨ ਕਰਨੇ ਵਾਲੇ ਕਾ ਨਾਮ ਹੈ। ਕਹੀ (ਕਿਤੇ) ਚੋਰੀ ਆਦਿਕੋਂ ਕੇ ਧਨ ਸੇ ਦਾਨ ਕਰਨੇ ਵਾਲੇ ਕਾ ਭੀ ਹੈ, ਯਥਾ- ਸਤੀ ਪਾਪੁ ਕਰਿ ਸਤੁ ਕਮਾਹਿ। ਕਲਿ ਯੁਗ ਮੇਂ ਸਦਾ ਵਰਤੀ ਪਾਪ ਕੇ ਧਨ ਸੇ ਸਦਾ ਵਰਤ ਚਲਾਵੇ ਹੈਂ। ਪੰ. ਸੱਤੋ ਸੇ, ਯਥਾ- ਸਤੀ ਰੰਨੀ ਘਰੇ ਸਿਆਪਾ। ਸੰ. ਪਾਰਬਤੀ ; ਪਤਿਬ੍ਰਤਾ ਇਸਤ੍ਰੀ, ਯਥਾ- ਬਿਨੁ ਸਤ ਸਤੀ ਹੋਇ ਕੈਸੇ ਨਾਰਿ। ਆਨ ਪੁਰਖ ਓਰ ਦ੍ਰਿਸ੍ਟੀ ਨਾ ਕਰੇ ਬਿਨਾ ਸਤੀ ਕੈਸੇ ਹੋ ਸਕੇ ਹੈ ਭਾਵ ਕਾਹੂ ਰੀਤ ਸੇ ਨਹੀ ਹੋਵੇ। ਯਾਤੇ ਲੋਕ ਮੇ ਜੋ ਇਸ ਨਾਮ ਕੀ ਪ੍ਰਸਿਧੀ ਪਤੀ ਸਾਥ ਦਗਧ ਹੋਨੇ ਵਾਲੀ ਇਸਤ੍ਰੀਓਂ ਮੇਂ ਹੈ ਜਿਸ ਕਾ ਅਨੁਵਾਦ ਗੁਰੂ ਲਿਖੇ ਹੈਂ- ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ। ਸੋ ਸਤੀਪਨਾ ਸਮਯਕ ਨਹੀਂ। ਸਮਯਕ ਸਤੀਪਨਾ ਪਤਿਬ੍ਰਤ ਧਰਮ ਹੈ ਜਿਸ ਹੀਨ ਕੀ ਗੁਰ ਨਿੰਦਾ ਲਿਖੇ ਹੈਂ- ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍। ਜੀਵਨ ਸਮੇ ਬਯਭਿਚਾਰ ਸੇ ਰੋਕਤੇ ਕੋ ਸੰਖੀਆ ਖੁਲਾਇ ਮਾਰ ਕੇ ਪੀਛੇ ਸੇ ਮਰੇ ਸਾਥ ਜਲਤੀਆਂ ਸਤੀਆਂ ਪਤਿਬ੍ਰਤਾ ਨਹੀ ਕਹੀ ਜਾਤੀਆਂ। ਪ੍ਰਸਨ। ਜਿਨ ਕੋ ਪ੍ਰਤਿਬ੍ਰਤਾ ਕਹਤੇ ਹੈਂ, ਵਹੁ ਕੈਸੀਆਂ ਜਾਣੀਏ ਸੁਨਕੇ ਗੁਰ ਬਤਾਵੇਂ- ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍। ਪੁਨਾ ਸਤੀ ਪਦ ਕਾ ਦੂਜਾ ਅਰਥ ਕਰੇ- ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍।

**ਸੰਤੀ ਮੰਤੁ** ਗੁ. ਸੰਤੋਂ ਨੇ ਮੰਤ੍ਰ, ਯਥਾ- ਸੰਤੀ ਮੰਤੁ ਦੀਓ ਮੋਹਿ ਨਿਰਭਉ।

**ਸਤੁ ਦਾਨੁ** ਸੰ. ਸ੍ਰੇਸ੍ਟ ਦਾਨ ਕਰਨਾ ਅਰਥਾਤ ਧਰਮ ਕੀ ਕਮਾਈ ਸੇ ਦਾਨ ਕਰਨਾ ਸੁਧ ਹੋਨੇ ਯੋਗ ਚੁਲੀ ਹੈ, ਯਥਾ- ਗਿਰਹੀ ਕਾ ਸਤੁ ਦਾਨੁ।

**ਸਤੁ ਪਰਮਲੁ** ਵਾ. ਸਚ ਰੂਪ ਚੰਦਨਾਦਿਕੋਂ ਕੇ ਘਸਾਵਨੇ ਸੇ ਉਠੀ ਸੁਗੰਧੀ ਕੀ, ਯਥਾ- ਸਤੁ ਪਰਮਲੁ ਤਨਿ ਵਾਸੁ।

**ਸੰਤੁਸ** ਗੁ. ਪ੍ਰਸੰਨ।

**ਸੰਤੁਸਟੁ** ਪੰ. ਖੁਸ, ਯਥਾ- ਜਿਸ ਨੋ ਤੂ ਸੰਤੁਸਟੁ।

**ਸਤੇ** ਗੁ. ਸ੍ਰੇਸ੍ਟ, ਯਥਾ- ਬੇਣੀ ਤ ਸੰਗਮੁ ਸਤ ਸਤੇ। ਬੇਣੀ ਕਾ ਪੁਨਾ ਸੰਗਮ ਹੈ ਸ੍ਰੇਸ੍ਟਾਂ ਸੇ ਸ੍ਰੇਸ੍ਟ। ਮਰਦਾਨੇ ਕੇ ਪੋਤੇ ਨੇ, ਯਥਾ- ਸਤੈ ਡੂਮਿ ਆਖੀ।

**ਸੰਤੋਖ** ਸੰ. ਧੀਰਜਤਾਈ ; ਸ੍ਵਸਥਤਾ, ਯਥਾ- ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ। ਤੁਮ ਇਸਤ੍ਰੀਯੋਂ ਕਾ ਕੰਨੀ ਨਾਮ ਸੁਨਨੇ ਸੇ ਭੀ ਹਮ ਨੇ ਮਨ ਮੇਂ ਧੀਰਜ ਕੀਆ ਹੈ। ਯਾਤੇ ਤੁਮ ਦਯਾ ਕਰ ਹਮਾਰੇ ਪਾਸ ਸੇ ਜਾਵੋ। ਪੁਨਾ- ਬਿਨਾ ਸੰਤੋਖ ਨਹੀ ਕੋਊ ਰਾਜੈ। ਬਿਨਾ ਬਿਚਾਰ ਕਰ ਧੀਰਜ ਕਰੇ ਸੇ ਕੋਈ ਪੁਰਖ ਚਿਤ ਸੇ ਤ੍ਰਿਪਤ ਨਹੀਂ ਹੋਵੇ ਸਦਾ ਤ੍ਰਿਸ੍ਨਾ ਮੇਂ ਜਲੇ ਹੈ। ਪ੍ਰਸੰਨ ਕਰੇ ਹੈ, ਯਥਾ- ਕੋਮਲ ਬਾਣੀ ਸਭ ਕਉ ਸੰਤੋਖੈ।

**ਸੰਤੋਖ ਗੁਰੁ ਸਰਾ** ਗੁ. ਬਡੇ ਸੰਤੋਖ ਸਰੋਵਰ ਮੇਂ, ਯਥਾ- ਤੇ ਨ੍ਹਾਏ ਸੰਤੋਖ ਗੁਰ ਸਰਾ। ਯਹੀ ਪਾਠ ਸੰਤੋਖ ਸਰ ਤੀਰਥ ਕਾ ਨਾਮ ਧਰਨੇ ਕਾ ਮੂਲ ਹੈ।

**ਸੰਤੋਖ ਮੜੀ** ਗੁ. ਸੰਤੋਖ ਰੂਪ ਕੁਟੀ।

**ਸੰਤੋਖੀ** ਸੰ. ਸੰਤੋਖ ਵਾਲਾ, ਜੈਸੇ- ਸਤੀ ਦੇ ਸੰਤੋਖੀ ਖਾਇ।

**ਸੰਤੋਖੀਈਂ** ਗੁ. ਸੰਤੋਖ ਵਾਲਿਓਂ ਨੇ, ਯਥਾ- ਸੇਵ ਕੀਤੀ ਸੰਤੋਖੀਈਂ ਜਿਨ੍ਹੀ।

**ਸਥ** ਪੰ. ਸਭਾ, ਯਥਾ- ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ। ਜੰਗਲ ਗ੍ਰਾਮ ਕੇ ਸਮੀਪ ਕੀ ਭੂਮੀ ; ਮੂਰਖੋਂ ਕੀ ਸਭਾ ਮੇਂ, ਯਥਾ- ਅੰਧਾ ਝਗੜਾ ਅੰਧੀ ਸਥੈ। ਸਾਥ, ਯਥਾ- ਰਿਧਿ ਅਰੁ ਸਿਧਿ ਨ ਛੋਡਇ ਸਥੁ। ਨਹੀ ਛੋਡਤੀਆਂ ਸਾਥ।

**ਸਥਈ** ਗੁ. ਸਾਥੀ।

**ਸਦ** ਫਾ. ਸੌ ਵਸਤੁ ; ਸੌ ਗਿਨਤੀ। ਦੇ. ਸਦਾ, ਯਥਾ- ਸਿੰਘ ਰੁਚੈ ਸਦ ਭੋਜਨੁ ਮਾਸ।

**ਸਦ** ਪੰ. ਉਚੀ ਲੰਬੀ ਅਵਾਜ, ਜੈਸੇ ਰਾਮਕਲੀ ਮੇਂ ਸੁੰਦਰ ਜੀ ਕਾ ਸਦ ਹੈ, ਜੋ ਚਲਾਨੇ ਸਮੇ ਗੁਰੂ ਅਮਰ ਜੀ ਕਾ ਸਮਾਪਤੀ ਸਮੇ ਕੇ ਕਰਤਬਯ ਕਾ ਉਪਦੇਸ ਹੈ। ਬੁਲਾ ਕਰ, ਯਥਾ- ਸਦੁ ਨ ਦੇਵਹੀ।

**ਸਦ ਕੇਲਾ** ਵਾ. ਸਦਾ ਆਨੰਦ ਕੀ ਲੀਲਾ, ਯਥਾ- ਮਹਾ ਅਨੰਦ ਕਰੇ ਸਦ ਕੇਲਾ।

**ਸਦ ਜੀਵਨੁ** ਸੰ. ਸਦਾ ਜੀਵਨਾ, ਯਥਾ- ਸਦ ਜੀਵਨੁ ਭਲੋ ਕਹਾਂਹੀ।

**ਸਦ ਬਸੰਤ** ਦੇ. ਸਦਾ ਆਨੰਦ।

**ਸਦ ਵਾਰ** ਮਿ. ਸੌ ਵਾਰ, ਯਥਾ- ਦਿਉਹਾੜੀ ਸਦ ਵਾਰ।

**ਸਦਕਾ** ਅ. ਕੁਰਬਾਨੀ, ਉਤਾਰਾ ਅਰਥਾਤ ਵਾਰਨੇ ਕਰ ਖੁਦਾ ਕੇ ਨਾਮ ਪੈ ਮੁਹਤਾਜੋਂ ਕੋ ਦੇਨਾ, ਯਥਾ- ਵਾਹਗੁਰੂ ਤੇਰਾ ਸਭੁ ਸਦਕਾ। ਆਪ ਉਪਰ ਸਭ ਕੁਰਬਾਨ ਕਰਾ। ਸਦਕੇ, ਯਥਾ- ਬਾਰਿ ਬਾਰਿ ਜਾਉ ਸੰਤ ਸਦਕੇ। ਵਾਰ ਵਾਰ ਜਾਵਾ ਸੰਤਾ ਪੈ ਕੁਰਬਾਨ।

**ਸਦਕਾਰੀ** ਵਾ. ਸਤ ਕਾਮ ਮੇਂ ਅਰਥਾਤ ਸ੍ਰੇਸ੍ਟ ਸੇਵਾ ਮੇਂ, ਯਥਾ- ਰਾਖੁ ਸੰਤ ਸਦਕਾਰੀ।

**ਸਦਣਾ** ਪੰ. ਬੁਲਾਵਨਾ।

**ਸਦਰ** ਅ. ਛਾਤੀ।

**ਸਦਵਾਉ** ਗੁ. ਸਦਾ ਚਲਨੇ ਵਾਲੀ ਪਵਨ, ਯਥਾ- ਤੈ ਵਿਚਿ ਪਵਣੁ ਵਹੈ ਸਦਵਾਉ। ਸੰਸਕ੍ਰਿਤ ਮੇਂ ਪਵਨ ਕਾ ਨਾਮ ਸਦਾਗਤੀ ਪ੍ਰਸਿੱਧ ਹੈ।

**ਸਦੜੇ** ਪੰ. ਮੁ. ਆਵਾਜਾ ਉਪਦੇਸ ਰੂਪ, ਯਥਾ- ਸਦੜੇ ਨਿਤ ਪਵੰਨਿ। ਬੁਲਾਵੇ, ਯਥਾ- ਸਦੜੇ ਆਏ ਤਿਨਾ ਜਾਨੀਆ। ਉਪਦੇਸ, ਯਥਾ- ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ। ਮਹਾਤਮਾ ਕਾ ਉਪਦੇਸ ਹੈ ਪਿਛਲੀ ਰਾਤ ਮੇਂ ਉਠ ਕੇ ਖਸਮ ਕਾ ਨਾਮ ਲੇਵੇਂ।

**ਸੰਦੜੈ** ਪੰ. ਕੇ, ਯਥਾ- ਖਾਵਣ ਸੰਦੜੈ ਸੂਲਿ। ਖਾਨੇ ਕੇ ਦੁਖੋਂ ਮੇਂ। ਕਾ, ਯਥਾ- ਕਰਮਾ ਸੰਦੜਾ ਖੇਤੁ।

**ਸੰਦਾ** ਪੰ. ਕਾ, ਯਥਾ- ਓਹੁ ਤੇਲੀ ਸੰਦਾ ਬਲਦੁ ਕਰਿ। ਪੁਨਾ- ਕੀਰਤਿ ਕਰਮ ਕਾਰ ਨਿਜ ਸੰਦਾ। ਪ੍ਰਮੇਸ੍ਵਰ ਕੀ ਕੀਰਤਨ ਭਗਤੀ ਕਰਨੀ ਯਹ ਜੀਵੋਂ ਹੇਤ ਨਿਜ ਕਾ ਕਾਰ ਹੈ। ਜੋ ਬਚਨਾਂਤਰ ਮੇਂ- ਘਰ ਕੇ ਕੰਮ ਹਰਿ ਲਾਇਆ। ਲਿਖਾ ਹੈ ਘਰ ਕੇ ਕੰਮ ਅਪਨੀ ਮੁਕਤੀ ਕੇ ਕਾਮ ਮੇਂ। ਕੀ, ਯਥਾ- ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ। ਪੁਨਾ- ਮਾਣਸ ਸੰਦੀ ਆਸ।

**ਸਦਾ** ਸੰ. ਨਿਤਯ, ਹਮੇਸ। ਦੇ. ਮਾਂਗਨੇ ਕੀ ਅਵਾਜ ਜੋ ਭਿਖ੍ਯਾ ਹੇਤ ਫਕੀਰ ਕਰਤੇ ਹੈਂ।

**ਸਦਾ ਅਤੀਤ** ਵਾ. ਸਦਾ ਹੀ ਵਿਖਿਓਂ ਸੇ ਵਿਰਕ੍ਤ।

**ਸਦਾ ਸਦਾ ਅਭਿਮਾਨ** ਵਾ. ਸਦਾ ਹੀ ਧਨਾਦਿਕੋ ਕੇ ਮਾਨ ਯੁਤ ਰਹਨਾ।

**ਸਦਿਅਹੁ** ਪੰ. ਬੁਲਾਈਓ, ਯਥਾ- ਕੇਸੋ ਗੋਪਾਲ ਪੰਡਿਤ ਸਦਿਅਹੁ।

**ਸਦੀਵ** ਦੇ. ਸਦਾ ਹੀ, ਯਥਾ- ਸਦੀਵ ਗਨੀਵ ਸੁਹਾਵਨੇ। ਸੰ. ਸਦੈਵ।

**ਸਦੇ** ਪੰ. ਬੁਲਾਏ, ਯਥਾ- ਸਦੇ ਉਠੀ ਜਾਹਿ।

**ਸੰਧਉਰਾ** ਗੁ. ਸਤੀ ਹੋਨੇ ਕਾਲ ਮੇਂ ਨਾਲੀਅਰ, ਯਥਾ- ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ। ਜਲ ਕੇ ਮਰਨੇ ਸੇ ਹੀ ਪਤਿ ਕੇ ਸਾਥ ਸ੍ਵਰਗ ਕੀ ਪ੍ਰਾਪਤੀ ਹੋਗੀ ਐਸੇ ਸਤੀ ਅਪਨੇ ਮਨ ਕੋ ਸਮਝਾਵੇ ਹੈ। ਸੰ. ਸ੍ਰੀਫਲ। ਗਰੁੜ ਪੁਰਾਣ ਕੇ ਦਸਮ ਅਧਯਾਯ ਕੇ ਅਠਤੀਸਮੇਂ ਸਲੋਕ ਸੇ ਲੇ ਲਿਖਾ ਹੈ। ਸਤੀ ਹੋਨੇ ਵਾਲੀ ਇਸਤ੍ਰੀ ਸ੍ਨਾਨ ਕਰ ਬਸਤ੍ਰ ਭੂਖਨ ਪਹਰ ਕੇ ਗੁਰੂ ਕੋ ਨਮੋ ਕਰਕੇ ਬਿਸਨੁ ਮੰਦਰ ਮੇਂ ਜਾ ਕਰ ਬਿਸਨੁ ਕੋ ਨਮਸਕਾਰ ਕਰ ਕੇ ਬਿਸਨੁ ਆਗੇ ਸੰਪੂਰਣ ਭੂਖਣ ਅਰਪਣ ਕਰ ਮੰਦਰ ਕੇ ਪੁਜਾਰੀ ਸੇ ਹਾਥ ਮੇਂ ਸ੍ਰੀਫਲ ਲੇ ਚਿਤਾ ਸਮੀਪ ਪਹੁਚ ਸੂਰਯ ਕੋ ਨਮਸਕਾਰ ਕਰ ਚਿਤਾ ਕੀ ਪਰਿਕ੍ਰਮਾ ਕਰੇ। ਪਤਿ ਕਾ ਸਿਰ ਅਪਨੀ ਗੋਦ ਮੇਂ ਰਖ ਅਪਨੀ ਸਹੇਲੀਓਂ ਕੇ ਹਾਥ ਮੇਂ ਸ੍ਰੀਫਲ ਅਰਪਣ ਕਰੇ। ਉਨ ਸੇ ਦਾਹ ਕੀ ਆਗ੍ਯਾ ਲੇ ਸਰੀਰ ਕਾ ਦਾਹ ਕਰੇ, ਯਥਾ- ਸਮਰਪੰਜਾ ਭਰਣੰ ਤਤ੍ਰ ਸ੍ਰੀਫਲੰ ਪਰਿਗ੍ਰਿਹਯ ਚ। ਲਜਾ ਮੋਹੰ ਪਰਿਤਯ ਜਜ ਸਮਸਾਨ ਭਵਨੰ ਬ੍ਰਜੇਤ।

**ਸਧਨ** ਸੰ. ਧਨ ਸਹਿਤ ; ਵਹੁ ਇਸਤ੍ਰੀ।

**ਸਧਾ** ਗੁ. ਸੁਧਾ, ਯਥਾ- ਸੇਜ ਸਧਾ ਸਹਜੁ ਛਾਵਾਣੁ। ਸੁਧਾ ਰੂਪੀ ਸੇਜਾ ਹੈ ਗ੍ਯਾਨ ਰੂਪੀ ਛਾਯਾਵਾਨ ਹੈ। ਦੇ. ਬਨਾ, ਜੈਸੇ- ਤੁਮਾਰਾ ਕਾਮ ਸਧਾ।

**ਸਧਾਰੇ** ਪੰ. ਮਨ ਕੋ ਸਵਾਰਨੇ ਵਾਲੇ ਗੁਰੋ, ਯਥਾ- ਬਰਸੁ ਪਿਆਰੇ ਮਨਹਿ ਸਧਾਰੇ। ਮਨ ਕੋ ਸੁਧਾਰਨੇ ਵਾਲੇ।

**ਸੰਧਿ** ਸੰ. ਸੰਜੋਗ, ਮੇਲ ਮਾਤ੍ਰ ; ਚੋਰੋਂ ਕੀ ਦਈ ਸੁਰੰਗਿ, ਸੰਨ ਪ੍ਰਸਿੱਧ ; ਭਗ ; ਸੰਘਟਨ ; ਨਾਟਕ ਕਾ ਅੰਗ ਬਿਸੇਖ ; ਬਯਾਕਰਣ ਮੇਂ ਅਖਰੋਂ ਕਾ ਮੇਲ ਜਿਸ ਕੇ ਪਾਂਚ ਭੇਦ ਹੈਂ। ਸੰਗਯਾ ਬਾਂਧੀ ਹੈ। ਅਚ ਸੰਧੀ ਮੇਂ ਅਚੋਂ ਕਾ ਮੇਲ ਹੈ। ਹਲ ਸੰਧੀ ਮੇਂ ਹਲੋਂ ਕਾ ਮੇਲ ਹੈ। ਬਿਸਰਗ ਸੰਧੀ ਮੇ ਬਿਸਰਗ ਕਾ ਮੇਲ ਹੈ। ਅਨੁਸ੍ਵਾਰ ਮੇਂ ਅਨੁਸ੍ਵਾਰ ਕਾ ਮੇਲ ਹੈ। ਅਨੁਸ੍ਵਾਰ ਬਿਸਰਗ ਨੇਮ ਕਰ ਅਚ ਸੇ ਪਰੇ ਹੋਤੇ ਹੈਂ। ਅਚ ਉੜੇ ਆੜੇ ਈੜੀ ਕਾ ਨਾਮ ਹੈ। ਹਲ ਸੱਸੇ ਸੇ ਲੇ ੜਾੜੇ ਪ੍ਰਯੰਤੋਂ ਕਾ ਨਾਮ ਹੈ। ਬਿਸਰਗ ਅਖਰ ਸੇ ਪਰੇ ਹੋਨੇ ਵਾਲੀ ਦੋ ਬਿੰਦੀਆਂ ਕਾ ਨਾਮ ਹੈ। ਅਨੁਸ੍ਵਾਰ ਟਿਪੀ ਕਾ ਨਾਮ ਹੈ। ਸੰਗਯਾ ਅਚ ਹਲ ਆਦਿ ਨਾਮੋਂ ਕੋ ਕਹਤੇ ਹੈਂ। ਕਰਮ ਕਾ ਮੇਲ, ਯਥਾ- ਕੋ ਗਿਰਹੀ ਕਰਮਾ ਕੀ ਸੰਧਿ। ਕੋਈ ਗ੍ਰਿਸਤੀ ਹੋ ਦੇਸ ਕਾਲ ਮੇਂ ਦਾਨਾਦਿ ਕਰਮੋਂ ਕੇ ਮੇਲ ਮੇਂ ਲਗੇ

ਹੈ। ਰਾਜਨੀਤ ਕੇ ਖਟ ਗੁਣੋਂ ਮੇਂ ਸੰਧੀ ਗੁਣ ਜੋ ਬਲਵਾਨ ਸਤ੍ਰ ਸੇ ਮੇਲ ਕਰਨਾ ਰੂਪ ਹੈ।

**ਸੰਧਿ** ਗੁ. ਸੰਧ੍ਯਾ ਪਾਠ। ਯਥਾ- ਬਰਤ ਸੰਧਿ ਸੋਚ ਚਾਰ। ਬ੍ਰਤ ਸੰਧ੍ਯਾ ਸੌਚ ਆਚਾਰ ਕਰਨੇ।

**ਸੰਧਿਆ** ਦੇ. ਸਾਯੰ ਕਾਲ ਮੇਂ, ਯਥਾ- ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ। ਜੋ ਜਨ ਦੇਹ ਸੁਧ ਕਰਨੇ ਹੇਤ ਸਾਯੰ ਕਾਲ ਮੇਂ ਔ ਪ੍ਰਾਤਾ ਕਾਲ ਮੇਂ ਇਸਨਾਨ ਕਰੇ ਹੈਂ, ਵਹੁ ਐਸੇ ਹੈਂ ਜੈਸੇ ਜਲ ਮੇਂ ਨਾਏ ਮੇਂਡਕ ਹੋਤੇ ਹੈਂ। ਯਾਤੇ ਨਾੑਨੇ ਸੇ ਗਤ ਚਾਹਨੇ ਵਾਲਿਯੋਂ ਮੇਂ ਮੇਂਡਕ ਮੁਰੈਂਲੀ ਹੋਵੇਂਗੇ ਵਹੁ ਸਦਾ ਨਾੑਏ ਰਹਤੇ ਹੈਂ ; ਸਮਯਕ ਧਿਆਨ ਕੀਆ ਜਾਵੇ ਪਰਮਾਤਮਾ ਕਾ ਜਿਨ ਕਾਲੋਂ ਮੇਂ ਤਿਨ ਕਾ ਨਾਮ ਭੀ ਸੰਧ੍ਯਾ ਹੈ। ਸੋ ਕਾਹੂ ਕੇ ਮਤ ਮੇਂ ਪ੍ਰਾਤਾ ਮਧ੍ਯਾਨ ਸਾਯੰ ਮੇਲ ਕੇ ਤੀਨ ਹੈਂ, ਕਾਹੂ ਕੇ ਮਤ ਮੇਂ ਪ੍ਰਾਤਾ ਸਾਯੰ ਦੋ ਹੈ ਭਾਵ ਦੋ ਕਹਨੇ ਵਾਲਯੋਂ ਕਾ ਐਸੇ ਹੈ ਰਾਤ੍ਰੀ ਕਾ ਨਾਮ ਤ੍ਰਿਯਾਮਾ ਹੈ। ਯਾਤੇ ਰਾਤਿ ਕੀ ਦੋ ਘੜੀ ਪਹਲੀ ਦਿਨ ਕੀ ਦੋ ਘੜੀ ਅੰਤ ਕੀ ਮਿਲ ਚਾਰ ਘੜੀ ਰੂਪ ਕਾਲ ਕਾ ਨਾਮ ਸਾਯੰ ਸੰਧ੍ਯਾ ਹੈ। ਰਾਤ੍ਰੀ ਕੀ ਦੋ ਘੜੀ ਪਿਛਲੀ ਦਿਨ ਕੀ ਦੋ ਘੜੀ ਪਹਲੀ ਕਾ ਨਾਮ ਪ੍ਰਾਤਾ ਸੰਧ੍ਯਾ ਹੈ, ਯਥਾ- ਸੁੰਨ ਸੰਧਿਆ ਤੇਰੀ ਦੇਵ ਦੇਵਾਕਰ। ਹੇ ਅਫੁਰ ਸ੍ਵਰੂਪ ਦੇਵੋਂ ਕੇ ਦੇਵ ਤੇਰਾ ਹਮ ਸੰਧ੍ਯਾ ਚਿਤ ਟਿਕਾ ਕਰ ਸਮੇ ਸਮੇ ਮੇਂ ਧ੍ਯਾਨ ਕਰੇ ਹੈਂ। ਚਿਤ ਟਿਕਾਯਾ ਬਿਨਾ ਸੰਧ੍ਯਾ ਕਰਨੇ ਕੀ ਨਿੰਦਾ ਕਰੇ ਹੈਂ ਗੁਰੂ, ਯਥਾ- ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ। ਯੁਗੋਂ ਕਾ ਆਦਿ ਕਾਲ ਜੈਸੇ ਕਲਿ ਕਾ ਸੰਧ੍ਯਾ ਕਾਲ ਕਲਿ ਕਾ ਆਦਿ ਕਾਲ ਹੈ। ਏਕ ਬ੍ਰਹਮਾ ਕੀ ਇਸਤ੍ਰੀ ਬਿਸੇਖ।

**ਸੰਧਿਆਨੀ** ਗੁ. ਮਾਰਨੇ ਹੇਤ ਮੇਲ ਲਈ, ਯਥਾ- ਛੁਰੀ ਸੰਧਿਆਨੀ।

**ਸੰਧਿਕ** ਸੰ. ਸੰਨ ਮਾਰਨੇ ਵਾਲਾ ਚੋਰ ਜੋ ਪਾੜ ਦੇ ਕਰ ਚੋਰੀ ਕਰਤਾ ਹੈ, ਯਥਾ- ਸੰਧਿਕ ਤੋਹਿ ਸਾਧ ਨਹੀ ਕਹੀਅਉ।

**ਸੰਧੇ** ਗੁ. ਜੋੜੇ, ਸਿੰਨੇ, ਯਥਾ- ਸਰੁ ਸੰਧੇ ਆਗਾਸ ਕਉ।

**ਸਧੈ** ਪੰ. ਬਨੇ, ਸਿਧ ਹੋਵੇ।

**ਸਨਕ** ਸੰ. ਚਾਰੋਂ ਮੇਂ ਏਕ ਬ੍ਰਹਮਾ ਕਾ ਪੁਤ੍ਰ, ਯਥਾ- ਸਨਕ ਸਨੰਦ ਅੰਤੁ ਨਹੀ ਪਾਇਆ।

**ਸਨਕਾਦਿਕ** ਸੰ. ਸਨਕ ਹੈ ਆਦਿ ਮੇਂ ਜਿਨ ਕੇ ਐਸੇ ਬ੍ਰਹਮਾ ਕੇ ਮਾਨਸੀ ਚਾਰ ਪੁਤ੍ਰ ਨਾਮ ਯੇ ਹੈਂ- ੧. ਸਨਕ ੨. ਸਨੰਦਨ ੩. ਸਨਾਤਨ ੪. ਸਨਤਕੁਮਾਰ। ਰਾਜਾ ਧ੍ਰਿਤਰਾਸਟ੍ਰ ਪ੍ਰਤਿ ਬਿਦਰ ਕੇ ਅਵਾਹਨ ਸੇ ਸਨਤ ਸੁਜਾਤ ਨੇ ਉਪਦੇਸ ਕੀਆ ਜਿਸ ਪੈ ਸੰਕਰਾਚਾਰਯ ਕਾ ਭਾਖ੍ਯ ਹੈ।

**ਸਨੰਦਨ** ਸੰ. ਬ੍ਰਹਮਾ ਕਾ ਪੁਤ੍ਰ।

**ਸਨਬੰਧੇਹੀ** ਗੁ. ਮਾਇਆ ਕੇ ਸਾਥੀ, ਯਥਾ- ਮਾਇਆ ਸਨਬੰਧੇਹੀ।

**ਸਨਮੁਖੁ** ਦੇ. ਸਾਮਨੇ ਮੁਖ ਵਾਲਾ, ਯਥਾ- ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ।

**ਸਨਾਇ** ਅ. ਉਸਤਤੀ, ਯਥਾ- ਪੰਜਵੀ ਸਿਫਤਿ ਸਨਾਇ। ਪ੍ਰਮੇਸ੍ਵਰ ਕੇ ਗੁਣੋ ਕੀ ਬਡਆਈ ਕਰਨੀ।

**ਸਨਾਹ** ਪੰ. ਕਵਚ, ਲੋਕੋਂ ਕੀ ਕਵਚ ਲੋਹੇ ਕੀ ਹੋਤੀ ਹੈ ਭਗਤੋਂ ਕੀ ਰਾਮ ਕਾ ਨਾਮ ਹੈ।

**ਸੰਨਾਹੁ** ਸੰ. ਕਵਚ, ਯਥਾ- ਰਾਮ ਕਵਚੁ ਦਾਸ ਕਾ ਸੰਨਾਹੁ।

**ਸਨਾਹੁ** ਗੁ. ਕਵਚ, ਯਥਾ- ਪਹਿਰਿ ਸੀਲ ਸਨਾਹੁ।

**ਸਨਾਖਤ** ਫਾ. ਪਹਚਾਨ।

**ਸਨਾਤਨ** ਸੰ. ਨਿਤ੍ਯ।

**ਸਨਾਤਿ** ਦੇ. ਗੋਲ ਕੁੰਡਾਦਿ ਬਰਣ ਸੰਕਰ ਜਾਤਿ ; ਪਤਿ ਮਰੇ ਪੀਛੇ ਯਾਰ ਕਾ ਬੇਟਾ ਗੋਲ। ਪਤਿ ਜੀਵਤੇ ਯਾਰ ਸੇ ਉਪਜਾ ਕੁੰਡ ਆਦਿ ਸਬਦ ਸੇ ਸੂਤ ਕਰਣਾਦਿ ਲੇਨੇ। ਸ੍ਵਰੂਪ ਜਾਨਨੇ ਕੀ ਇਛਾ ਹੋ ਗੁਰ ਤੀਰਥ ਸੰਗ੍ਰਹ ਦੇਖੋ ; ਸੰਕੀਰਣ ਜਾਤਿ, ਬਰਣ ਸੰਕਰ ਇਸਤ੍ਰੀ ਪੁਰਖੋਂ ਕੇ ਮੇਲ ਸੇ ਉਪਜੇ ਜੀਵ ਸੰਕੀਰਣ ਕਹੇ ਜਾਤੇ ਹੈ, ਯਥਾ- ਨਾਨਕ ਨਾਵੈ ਬਾਝੁ ਸਨਾਤਿ।

**ਸਨਾਤੀ** ਦੇ. ਸੰਕਰ ਸੰਕੀਰਣ, ਯਥਾ- ਵਿਚਿ ਸਨਾਤੀ ਸੇਵਕੁ ਹੋਇ। ਸਨਾਤੋ ਮੇਂ ਭੀ ਜੋ ਪ੍ਰਮੇਸ੍ਵਰ ਕਾ ਭਗਤ ਹੋਵੇ। ਪੁਨਾ- ਜਾਤਿ ਸਨਾਤੀ ਹੋਰਿ ਹਿਦਵਾਣੀਆ।

**ਸਨਾਥਾ** ਸੰ. ਸ੍ਵਾਮੀ ਵਾਲਾ ; ਸਫਲਾ, ਯਥਾ- ਤਿਨ ਸਫਲਿਓ ਜਨਮੁ ਸਨਾਥਾ। ਸ੍ਵਾਮੀ ਵਾਲਾ ਭਾਵ ਪਤਿ ਸਹਤ।

**ਸੰਨ੍ਹਿ** ਪੰ. ਚੋਰੀ ਕਰਨੇ ਹੇਤ ਮੰਦਰ ਮੇਂ ਪਾੜ ਦੇਨਾ। ਈਹਾਂ ਉਸ ਕੇ ਤੁਲ੍ਯ ਨਿਜ ਰੂਪ ਚੁਰਾਨੇ ਵਾਲਾ ਦੇਹਾਦਿਕੋਂ ਕਾ ਅਹੰਕਾਰ ਹੈ, ਯਥਾ- ਹਉਮੈ ਅੰਦਰਿ ਸੰਨ੍ਹਿ। ਤੀਨ ਦੋਖੋਂ ਕੇ ਮੇਲ ਸੇ ਬਿਮਾਰੀ ਸੰਨ ਪ੍ਰਸਿਧ।

**ਸਨਿ** ਸੰ. ਸਤ। ਪੰ. ਗੇ, ਯਥਾ- ਖੜਸਨਿ ਬੰਨਿ। ਲੇ ਜਾਵੇਗੇ ਬਾਧ ਕੇ। ਅ. ਸੰਬਤ, ਜੈਸੇ- ਅਮੁਕੇ ਸਨ ਮੇਂ ਵਹੁ ਕਾਮ ਹੂਆ। ਚਿੰਨ, ਜੈਸੇ- ਅਮੁਕੇ ਸਨ ਕਾ ਰੁਪਯਾ ਹੈ।

**ਸੰਨ੍ਹਿ ਕੈ** ਗੁ. ਜੋੜ ਕੇ, ਯਥਾ- ਬਾਣੁ ਸਚਾਵਾ ਸੰਨ੍ਹਿ ਕੈ।

**ਸੰਨਿਆਸ** ਦੇ. ਧਨ ਪੁਤ੍ਰਾਦਿਕੋਂ ਕਾ ਤਿਆਗ ਕਰ ਬਿਰਕ੍ਤ ਹੋਨਾ।

**ਸੰਨਿਆਸੀ** ਦੇ. ਤ੍ਯਾਗੀ, ਯਥਾ- ਏਤੇ ਰਸ ਛੋਡਿ ਹੋਵੈ ਸੰਨਿਆਸੀ। ਪੁਨਾ- ਸੰਨਿਆਸੀ ਛਿਅ ਚਾਰਿ। ਉਤਮ ਜਾਨ ਕੇ ਦਸ ਨਾਮੋਂ ਮੇਂ ਸੰਨ੍ਯਾਸੀ ਭਰਮੇ ਹੈ। ਦਸ ਨਾਮ ਯੇ ਹੈਂ- ੧. ਤੀਰਥ ੨. ਆਸ੍ਰਮ ੩. ਬਨ ੪. ਆਰਨ੍ਯ ੫. ਗਿਰਿ ੬. ਪਰਬਤ ੭. ਸਾਗਰ ੮. ਸਰਸ੍ਵਤੀ ੯. ਭਾਰਤੀ ੧੦. ਪੁਰੀ।

**ਸੰਨ੍ਹੀ** ਪੰ. ਪਾੜ ਕੇ ਅੰਦਰ ਚੋਰ, ਯਥਾ- ਸੰਨ੍ਹੀ ਉਪਰਿ ਚੋਰ। ਪਾੜ,

ਯਥਾ- ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ। ਪੰ. ਧੋਈ ਤੂੜੀ ; ਗਰਮ ਚੀਜ ਪਕੜਨੇ ਕੀ ਸੰਨੀ।

**ਸੰਪਟੁ** ਡੱਬਾ, ਯਥਾ- ਘਟਿ ਘਟਿ ਸੰਪਟੁ ਹੈ ਰੇ ਜਾ ਕਾ। ਸਰੀਰ ਸਰੀਰ ਮੇਂ ਅੰਤਾਕਰਣ ਰੂਪ ਡੱਬਾ ਹੈ ਜਿਸ ਕਾ।

**ਸੰਪਤ** ਸੰ. ਸੰਪਦਾ, ਯਥਾ- ਸੰਪਤ ਹਰਖੁ ਨ ਆਪਤ ਦੂਖਾ। ਈਹਾ ਸੰਪਤ ਕੇ ਮੇਲ ਸੇ ਬਿਆਪਤ ਪਦ ਕਾ ਅਰਥ ਬਿਪਤਾ ਹੈ।

**ਸਪਤ** ਦੇ. ਸਾਤ, ਯਥਾ- ਸਪਤ ਦੀਪ ਸਪਤ ਸਾਗਰਾ। ਸੰ. ਸਪ੍ਤ।

**ਸਪਤ ਸਰੇ** ਵਾ. ਸਤਸੰਗ ਸਰੋਵਰ ਮੇਂ ਭਾਖਾ ਮੇਂ ਸਪਤ ਔ ਸਤ ਏਕ ਅਰਥ ਕੇ ਵਾਚਕ ਹੈਂ ਯਾਤੇ ਸਪਤ ਸਤ ਕੇ ਥਾਨ ਮਾਨਕੇ ਅਰਥ ਹੈ।

**ਸਪਤ ਸਾਗਰਾ** ਸੰ. ਸਾਤ ਸੁਮੁਦ੍ਰ- ੧. ਖਾਰਾ ਸਮੁਦ੍ਰ ੨. ਖੀਰ ਸਮੁਦ੍ਰ ੩. ਦਧਿ ਸਮੁਦ੍ਰ ੪. ਘ੍ਰਿਤ ਸਮੁਦ੍ਰ ੫. ਇਖੁ ਰਸ ਸਮੁਦ੍ਰ ੬. ਮਧੁ ਸਮੁਦ੍ਰ ੭. ਮਧੁਰ ਜਲ ਸਮੁਦ੍ਰ।

**ਸਪਤ ਧਾਤੁ** ਦੇ. ੧. ਰਸ ੨. ਰੁਧਿਰ ੩. ਮਾਸ ੪. ਮੇਦ- ਚਰਬੀ ੫. ਅਸਥੀ ੬. ਮੱਜਾ- ਮਿਝ ੭. ਸੁਕ੍ਰ- ਬੀਰਜ, ਜੈਸੇ- ਜਬ ਚੂਕੇ ਸਪਤ ਧਾਤੁ ਕੀ ਰਚਨਾ।

**ਸਪਤ ਪਾਤਾਲ** ਦੇ. ੧. ਅਤਲ ੨. ਬਿਤਲ ੩. ਨਿਤਲ ੪. ਤੁਲਾਤਲ ੫. ਮਹਾਤਲ ੬. ਸੁਤਲ ੭. ਪਾਤਾਲ, ਯੇ ਸਾਤ ਭੂਮੀ ਕੇ ਤਲੇ ਕੇ ਲੋਕ ਹੈਂ, ਯਥਾ- ਸਪਤ ਪਾਤਾਲ ਕੀ ਬਾਣੀ। ਮਾਨੋ ਸਾਤਵੇ ਪਾਤਾਲ ਲੋਕ ਕੀ ਅਵਾਜ ਦੇਵੇ ਹੈ।

**ਸਪਤ ਰਿਖਿ** ਦੇ. ੧. ਮਰੀਚਿ ੨. ਅਤ੍ਰਿ ੩. ਪੁਲਹ, ੪. ਪੁਲਸਤ, ੫. ਕ੍ਰਤੁ, ੬. ਅੰਗਿਰਾ, ੭. ਬਸਿਸ੍ਟ।

**ਸਪਤਦੀਪ** ਸੰ. ੧. ਜੰਬੂ ਦੀਪ ੨. ਕੁਸ ਦੀਪ ੩. ਪਲਖੁ ਦੀਪ ੪. ਸ੍ਵੇਤ ਦੀਪ ੫. ਕ੍ਰੌਂਚ ਦੀਪ ੬. ਪੁਸਕਰ ਦੀਪ ੭. ਸਾਕ ਦੀਪ, ਯੇ ਸਾਤ ਦੀਪ ਹੈਂ ਜਿਸ ਕੇ ਚਾਰ ਓਰ ਜਲ ਹੋਇ ਉਸ ਭੂਮੀ ਕੇ ਟੁਕੜੇ ਕਾ ਨਾਮ ਦੀਪ ਹੈ। ਜੰਬੂ ਦੀਪ ਕੇ ਚਾਰੋ ਓਰ ਖਾਰਾ ਸਮੁੰਦ੍ਰ ਹੈ। ਜੰਬੂ ਦੀਪ ਕੇ ਨੌ ਹਿੱਸੇ ਹੈ। ਏਕ ਹਿੱਸੇ ਕਾ ਨਾਮ ਭਾਰਤ ਖੰਡ ਹੈ ਜਿਸ ਕਾ ਨਾਮ ਹਿੰਦੁਸਤਾਨ ਹੈ।

**ਸੰਪਦ ਤੋਲ** ਵਾ. ਸੰਪਦਾ ਕੀ ਤੁਲਾ ਪੈ ਭਾਵ ਹਿੰਡੋਲੇ ਰੂਪ ਝੂਲੇ ਪੈ ਝੂਲਤਾ ਹੈ।

**ਸੰਪਦਾ** ਸੰ. ਬਿਭੂਤਿ, ਐਸੂਰਯ ; ਸੰਪਦ।

**ਸੰਪਾਤ** ਸੰ. ਪੜਨਾ।

**ਸੰਪਾਤੀ** ਸੰ. ਦੂਰ ਸੇ ਪਤਨ ਕੇ ਸੁਭਾਵ ਵਾਲਾ ਗ੍ਰਿਧ੍ਰ ਪੰਖੀ। ਇਸੀ ਤੇ ਜਟਾਊ ਕੇ ਭਾਈ ਕਾ ਨਾਮ ਸੰਪਾਤੀ ਲਿਖਾ ਹੈ।

**ਸੰਪਾਨੀ** ਗੁ. ਸੌਂਪ ਦਈ ਹੈ।

**ਸਪੀਅਲ** ਗੁ. ਸ੍ਵੇਤ ਪੀਲਾ ਰੇਸਮ, ਯਥਾ- ਤੁਮ ਮਖਤੂਲ ਸੁਪੇਦ ਸਪੀਅਲ।

**ਸਪੀਤੀ** ਸੰ. ਸ- ਸਾਥ, ਪੀਤੀ- ਪੀਨਾ ਭਾਵ ਸਜਾਤੀਓਂ ਕਾ ਸਹ ਭੋਜਨ ਅਰਥਾਤ ਮਿਲ ਕੇ ਖਾਨਾ।

**ਸੰਪੂਰਣਃ** ਗੁ. ਪੂਰਾ ਹੈ, ਯਥਾ- ਹਰਣ ਭਰਣ ਸੰਪੂਰਣਃ।

**ਸੰਪੈ** ਪੰ. ਸੰਪਦਾ, ਯਥਾ- ਸੰਪੈ ਦੇਖਿ ਨ ਹਰਖੀਐ।

**ਸਪੈ** ਦੇ. ਸਰਪ ਕੋ, ਯਥਾ- ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ। ਪੁਨਾ- ਸਪੁ ਪਿੜਾਈ ਪਾਈਐ।

**ਸਫਰੀ** ਗੁ. ਇੰਦ੍ਰ ਜਾਲੀਏ, ਯਥਾ- ਜਿਉ ਸਫਰੀ ਦੰਫਾਨ। ਜੈਸੇ ਇੰਦ੍ਰ ਜਾਲੀਏ ਕਾ ਖੇਲ ਕਾ ਦੰਭ ; ਯਾਤ੍ਰਾ ਵਾਲੇ ; ਔਰ ਥਾਨ ਮੇਂ- ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ। ਲਿਖਾ ਹੈ ਤਿਸ ਕੇ ਅਨੁਸਾਰ ਈਹਾਂ ਯਾਤ੍ਰੀ ਕਾ ਜੈਸਾ ਦੰਭ ਹੋਤਾ ਹੈ ਤੈਸੇ ਸੰਸਾਰ ਕੀ ਦਸਾ ਹੈ।

**ਸਫਰੀਆ** ਗੁ. ਸਭਾ, ਯਥਾ- ਥਿਰੁ ਸਾਧ ਸਫਰੀਆ। ਦੇ. ਮੁਸਾਫਰ, ਸਫਰ ਵਾਲਾ ; ਮਛਰੀਆ।

**ਸਫਲ ਦਰਸਨ ਕੀ** ਦੇ. ਸਫਲ ਦਰਸਨ ਵਾਲੇ ਕੀ, ਯਥਾ- ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ। ਸਫਲਾ ਹੋਵੇ ਦਰਸਨ ਜਿਸ ਕਾ ਤਿਸ ਕਾ ਨਾਉ ਸਫਲ ਦਰਸਨ ਹੈ।

**ਸਫਾ** ਪੰ. ਚਟਾਈਆਂ, ਯਥਾ- ਗੁਰਮੁਖਿ ਬੈਸਹੁ ਸਫਾ ਵਿਛਾਇ। ਫਾ. ਪਤ੍ਰੇ ਆਦਿਕੋਂ ਕਾ ਪਾਸਾ, ਪ੍ਰਿਸ੍ਟ। ਦੇ. ਸਭਾ।

**ਸਬ** ਅ. ਰਾਤ, ਯਥਾ- ਸਬ ਰੋਜ ਗਸਤਮ ਦਰ ਹਵਾ। ਦੇ. ਸਰਬ। ਅ. ਸ਼ਬ।

**ਸੰਬਹੀ** ਗੁ. ਪ੍ਰਾਤ ਸਮੇ ਉਠ ਇਸ੍ਟ ਮੰਤ੍ਰੋਂ ਕੇ ਪਾਠ ਕੋ ਅਛੀ ਤਰਹ ਪ੍ਰਾਪਤ ਹੋਤੀ ਹੋ, ਯਥਾ- ਨਾਤੀ ਧੋਤੀ ਸੰਬਹੀ ਸੁਤੀ ਆਇ।

**ਸਬਦ** ਦੇ. ਸ੍ਰੋਤ੍ਰ ਸੇ ਗ੍ਰਹਣ ਕਰਨੇ ਯੋਗਯ ਧੁਨੀ ਔ ਬਰਣ ਰੂਪ ਅਵਾਜ। ਧੁਨੀ ਰੂਪ ਸਬਦ ਸੰਖ ਭੇਰੀ ਬੀਣਾ ਮ੍ਰਿਦੰਗਾਦਿ ਵਾਜਿਓਂ ਸੇ ਪ੍ਰਗਟ ਹੋਤਾ ਹੈ। ਬਰਣ ਰੂਪ ਸਬਦ ਊੜੇ ਆਦਿ ਅਖਰ। ਕੰਨੇ ਆਦਿ ਮਾਤ੍ਰਾ ਰਾਮਾਦਿ ਪਦ। ਰਾਮ ਸਿਮਰ ਆਦਿ ਵਾਕਯਨ ਕੇ ਭੇਦ ਸੇ ਨਾਨਾ ਬਿਧ ਹੈਂ। ਪਦ ਵਸਤੂ ਕੇ ਨਾਮ ਕਾ ਨਾਉ ਹੈ। ਵਾਕਯ ਪਦੋਂ ਕੇ ਸਮੁਦਾਯ ਕਾ ਨਾਮ ਹੈ। ਗੁਰਬਾਣੀ ਮੇਂ ਸਬਦ ਨਾਉ ਉਪਦੇਸ ਬਚਨੋਂ ਕਾ ਹੈ, ਉਪਦੇਸ ਬਚਨੋਂ ਸੇ ਬਤਾਏ ਧਰਮ ਕਾ ਹੈ, ਬ੍ਰਹਮ ਕਾ ਹੈ, ਤੀਨੋਂ ਮੇਂ ਉਪਦੇਸ ਬਚਨੋਂ ਪੈ, ਯਥਾ- ਭਵਜਲੁ ਬਿਨੁ ਸਬਦੈ ਕਿਉ ਤਰੀਐ। ਪੁਨਾ- ਸਬਦਿ ਜੋਤਿ ਜਗਾਇ ਦੀਪਕੁ। ਉਪਦੇਸ ਰੂਪ ਦੀਵੇ ਸੇ ਆਤਮ ਜੋਤਿ ਕੋ ਸਿਖਯ ਕੇ ਮਨ ਮੇਂ ਜਗਾਵੇ। ਜੈਸੇ- ਗੁਰ ਕੀ ਬਾਣੀ ਸਬਦ ਸੁਨਾਵੇ। ਗੁਰੋਂ ਕੀ ਬਾਣੀ ਕਾ ਉਪਦੇਸ ਸੁਨਾਵੇ। ਧਰਮ ਪੈ ਸਬਦ, ਯਥਾ- ਖ੍ਯਤ੍ਰੀ ਸਬਦੰ ਸੂਰ ਸਬਦੰ। ਖਤ੍ਰੀ ਧਰਮ ਸੂਰਤਾ ਧਰਮ ਹੈ। ਗੀਤਾ ਮੇਂ ਕਹਾ ਹੈ- ਯੁਧੇ ਚਾਪਯ ਪਲਾਯਨੰ। ਜੰਗ ਮੇਂ ਨਾ ਭਾਗਨਾ ਅਰਥਾਤ ਸਨਮੁਖ ਹੋਕੇ ਲੜਨਾ ਪੀਠ ਨਾ ਦੇਨੀ ਛੱਤ੍ਰੀ

ਕਾ ਧਰਮ ਹੈ। ਬ੍ਰਹਮ ਪੈ ਸਬਦ ਜੈਸੇ- ਸਬਦੋ ਧਰਤੀ ਸਬਦ ਆਕਾਸ ਇਤਯਾਦਿ। ਸਮੁਦ੍ਰ, ਯਥਾ- ਸਬਦਿ ਰਿੜਕਿਓਨੁ। ਸਮੁਦ੍ਰ ਕਾ ਸਮੁਦ ਬਨ ਤਾ ਸੇ ਮਮੇ ਕਾ ਬਬਾ ਬਨ ਸਬਦ ਪਦ ਸਿਧ ਹੋ ਰਹਾ ਹੈ ਯਾਤੇ ਸਬਦ ਕਾ ਮੂਲ ਸਮੁਦ ਹੈ।

**ਸਬਦਿ ਸਮਾਹਿ** ਗੁ. ਗੁਰੋਂ ਕੇ ਉਪਦੇਸ ਮੇਂ ਸਮਾਵਤੇ ਹੈਂ।

**ਸਬਦ ਸਰੇ** ਗੁ. ਉਪਦੇਸ ਕੇ ਤਲਾਵ, ਯਥਾ- ਦੁਰਤ ਨਿਵਾਰਣ ਸਬਦ ਸਰੇ।

**ਸਬਦ ਸਾਰ** ਸੰ. ਉਪਦੇਸ ਕੇ ਤਤ੍ਵ ਨੂੰ।

**ਸਬਦ ਸੁਹਾਵਣਿਆ** ਗੁ. ਉਪਦੇਸ ਸੇ ਚਿਤ ਮੇ ਸੋਭਾ ਪਾਵਨ ਵਾਲਿਆ।

**ਸਬਦ ਘਰ** ਮਿ. ਬ੍ਰਹਮ ਥਾਨ।

**ਸਬਦ ਤਰੰਗ** ਗੁ. ਬਚਨੋ ਕੀ ਲਹਰ, ਯਥਾ- ਸਬਦ ਤਰੰਗ ਪ੍ਰਗਟਿਤ ਦਿਨ ਆਗਰੁ।

**ਸਬਦ ਨਿਵਾਜਾ** ਵਾ. ਉਪਦੇਸ ਸੇ ਵਡਿਆਏ।

**ਸਬਦੰ ਰਤੰ** ਦੇ. ਗੁਰੋਂ ਕੇ ਉਪਦੇਸ ਸੇ ਨਾਮ ਮੇਂ ਪ੍ਰੀਤੀ ਕਰਣੀ ; ਸਬਦ ਰਤੇ- ਗੁਰੋਂ ਕੇ ਉਪਦੇਸ ਸੇ ਨਾਮ ਮੇਂ ਰੰਗੇ, ਯਥਾ- ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।

**ਸਬਦੰਤ** ਗੁ. ਨਿਖਲ ਧਰਮੋਂ ਕਾ ਅੰਤ ਰੂਪ ਪ੍ਰਮੇਸੁਰ, ਯਥਾ- ਸਰਬ ਸਬਦੰਤ ਏਕ ਸਬਦੰ। ਨਿਖਲ ਧਰਮੋਂ ਕਾ ਅੰਤ ਰੂਪ ਪ੍ਰਮੇਸੁਰ ਕਾ ਧ੍ਯਾਨ ਰੂਪ ਏਕ ਧਰਮ ਹੈ।

**ਸਬਦਿ ਰਲੀ** ਗੁ. ਉਪਦੇਸ ਸੇ ਗਯਾਨ ਦ੍ਵਾਰਾ ਆਨੰਦ ਕੋ ਪ੍ਰਾਪਤ ਭਈ।

**ਸਬਦੀ** ਸੰ. ਵੇਦ ਰੂਪ ਸਬਦ ਵਾਲਾ ਈਸੁਰ ; ਉਪਦੇਸ ਵਾਲਾ ਗੁਰ।

**ਸਬਦੁ ਸੋਹਿਲਾ** ਗੁ. ਬ੍ਰਹਮ ਆਨੰਦ, ਯਥਾ- ਸਬਦੁ ਸੋਹਿਲਾ ਸਤਿਗੁਰੂ ਸੁਣਾਇਆ।

**ਸਬਦੁ ਗੁਰੂ** ਗੁ. ਬ੍ਰਹਮ ਹੀ ਅਵਧਿ ਰੂਪ ਉਪਦੇਸ ਕਰਨੇ ਵਾਲਾ ਹੋਨੇ ਤੇ ਮੁਖ ਗੁਰੁ ਹੈ, ਯਥਾ- ਸਬਦੁ ਗੁਰੂ ਸੁਰਤਿ ਧੁਨਿ ਚੇਲਾ।

**ਸੰਬੰਧ** ਸੰ. ਸਮਵਾਯ ਸੰਜੋਗ ਤਦਾਤਮ ਰੂਪ ਮੁਖ ਸੰਬੰਧ ਤਥਾ ਆਧਾਰਤਾ ਆਧੇਯਤਾਦਿ ਔਰ ਸੰਬੰਧ ; ਮੇਲ ਮਾਤ੍ਰ। ਸੰਬੰਧ ਤੀਨ ਪ੍ਰਕਾਰ ਕੇ ਹੈਂ। ਏਕ ਵਿਦਯਾ ਜਨਯ ਜੈਸੇ ਗੁਰੁ ਚੇਲੇ ਕਾ ਦੂਸਰਾ ਯੋਨਿਜ ਜੈਸੇ ਮਾਮੇ ਮਾਮੀ ਆਦਿਕੋ ਕਾ ਮਾਤਾ ਦ੍ਵਾਰਾ ਹੈ ਤਾਏ ਚਾਚੇ ਆਦਿਕੋਂ ਕਾ ਪਿਤਾ ਦ੍ਵਾਰਾ ਹੈ ਭਗਨੀ ਪਤਿ ਆਦਿਕੋਂ ਕਾ ਭਗਨੀ ਦ੍ਵਾਰਾ ਹੈ। ਭ੍ਰਾਤਾ ਕੇ ਸਾਲੇ ਆਦਿਕੋਂ ਕਾ ਭ੍ਰਾਤਾ ਦ੍ਵਾਰਾ ਹੈ। ਅਪਨੇ ਪੁਤ੍ਰਦਿਕੋਂ ਕਾ ਅਪਨੀ ਇਸਤ੍ਰੀ ਦ੍ਵਾਰਾ ਹੈ ਯੇ ਸਭ ਯੋਨਿਜ ਸੰਬੰਧ ਹੈਂ। ਤੀਸਰਾ ਸ੍ਨੇਹ ਜਨਯ ਸੰਬੰਧ ਹੈ ਜੋ ਮਿਤ੍ਰ ਭਾਵ ਹੈ।

**ਸੰਬੰਧੀ** ਸੰ. ਰਿਸਤੇਦਾਰੀ, ਸਾਕ ; ਸੰਬੰਧ ਵਾਲੇ ਪਦਾਰਥ ਘਟ ਪਟਾਦਿ।

**ਸਬਬ** ਅ. ਨਿਮਿਤ।

**ਸਬਰੁ** ਫਾ. ਸੰਤੋਖ, ਯਥਾ- ਸਬਰੁ ਤੋਸਾ ਮਲਾਇਕਾਂ।

**ਸਬਲ** ਦੇ. ਬਲਵਾਨ। ਸੰ. ਸਬਲ, ਯਥਾ- ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ। ਪੁਨਾ- ਇਹੁ ਮਨੂਆ ਅਤਿ ਸਬਲ ਹੈ। ਆਸਰਾ, ਯਥਾ- ਆਪੇ ਸਕਤੀ ਸਬਲੁ ਕਹਾਇਆ।

**ਸਬਾਇਆ** ਪੰ. ਸਭੀ, ਯਥਾ- ਸਭਿ ਸੁਣਿਅਹੁ ਲੋਕ ਸਬਾਇਆ।

**ਸਬਾਇੜੀਏ** ਗੁ. ਸਭ ਮੇਂ ਆਈ ਹੁਈ ਹੈ ਜੋਤਿ, ਯਥਾ- ਜੋਤਿ ਸਬਾਇੜੀਏ।

**ਸਬਾਏ** ਗੁ. ਧਨਤਾਈ ਹੈ, ਸਾਬਾਸੀ ਹੈ, ਜੈਸੇ- ਗੁਰ ਸਾਹ ਸਬਾਏ। ਗੁਰੁ ਸਾਹੂਕਾਰ ਕੋ ਸਾਬਾਸੀ ਹੈ। ਸਭੀ, ਯਥਾ- ਠਾਕੁਰੁ ਏਕੁ ਸਬਾਈ ਨਾਰਿ। ਸਭ ਕੋ, ਯਥਾ- ਸਾਰੰਗਪਾਣਿ ਸਬਾਇ। ਇਹ ਜਗਤ ਹਰਿ ਕਾ ਰੂਪ ਹੈ ਬਚਨ ਸੇ ਸਭ ਕੋ ਸਾਰਗਪਾਣਿ ਰੂਪ ਦੇਖੇ ਹੈਂ।

**ਸਬਾਹ ਕੈ** ਗੁ. ਰਾਤ੍ਰੀ ਕੇ, ਯਥਾ- ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ। ਫਾ. ਸੁਬਹ।

**ਸੰਬਾਹਦਾ** ਪੰ. ਪਹੁਚਾਵਤਾ ਹੈ।

**ਸਬਾਹਿ** ਗੁ. ਪਹੁਚਾਇ, ਯਥਾ- ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ। ਪਹੁਚਾਵੇ ਹੈ।

**ਸਬਾਹੀ** ਗੁ. ਪ੍ਰਾਤਾ ਕਾਲ ਮੇਂ, ਯਥਾ- ਸਬਾਹੀ ਸਾਲਾਹ। ਬਚਨਾਂਤਰ ਮੇਂ ਲਿਖਾ ਹੈ- ਪਿਛਲ ਰਾਤਿ ਨ ਜਾਗਿਓਹਿ। ਪਹਿਲੈ ਪਹਰੈ ਫੂਲੜਾ ਫਲੁ ਭੀ ਪਛਾ ਰਾਤਿ। ਪੁਨਾ- ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ। ਆਇਆ ਪੜਨ ਸੁਣਨ ਕੋ ਬਾਣੀ।

**ਸੰਬਾਹੇ** ਦੇ. ਪਹੁਚਾਵੇ ਹੈ, ਪ੍ਰਾਪਤ ਕਰੇ ਹੈ, ਯਥਾ- ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ। ਪਹੁਚਾਯ, ਪ੍ਰਾਪਤ ਕਰ, ਯਥਾ- ਦੇਂਦਾ ਰਿਜਕੁ ਸੰਬਾਹਿ। ਸਮੂਹ, ਯਥਾ- ਲਸਕਰ ਜੋੜੇ ਕੀਆ ਸੰਬਾਹਾ।

**ਸੰਬਾਦੰ** ਸੰ. ਚਰਚਾ, ਯਥਾ- ਸਿਵਾ ਸਕਤਿ ਸੰਬਾਦੰ।

**ਸਬੂਰੀ** ਫਾ. ਸੰਤੋਖ ; ਤਿਤਿਖ੍ਯਾ, ਯਥਾ- ਸਿਦਕੁ ਸਬੂਰੀ ਸੰਤੁ ਨ ਮਿਲਿਓ।

**ਸੰਬੋਧ** ਸੰ. ਜਗਾਵਨਾ।

**ਸੰਬੋਧਨ** ਸੰ. ਸਨਮੁਖ ਕਰਨੇ ਵਾਲੇ ਸਬਦ, ਯਥਾ- ਭੋ ਭਗਵਾਨਏ ਨਮਹ। ਪੁਨਾ- ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ।

**ਸੰਭ** ਗੁ. ਸਮਾਲ। ਸੰ. ਬਕਰਾ ; ਸਮਜਕ ਪ੍ਰਕਾਸਨੇ ਵਾਲੇ ਸੂਰਯਾਦਿ।

**ਸਭ ਸੁਖ** ਦੇ. ਭੋਗ ਮੋਖ ਰੂਪ ਸੁਖ।

**ਸਭ ਸੁਖ ਛਤ੍ਰ** ਵਾ. ਸਭ ਕੀ ਦੁਖ ਰੂਪ ਧੂਪ ਕੋ ਨਿਵਾਰਨ ਕਰਨੇ ਵਾਲਾ ਛਤ੍ਰ ਹੈ।

**ਸਭ ਕਾਮ** ਦੇ. ਅਰਥ ਕਾਮਾਦਿ ਸਭੀ ਪਦਾਰਥ।

**ਸਭ ਜਾਏ** ਦੇ. ਸਭ ਜਗਹ, ਯਥਾ- ਬਾਗ ਮਿਲਖ ਸਭ ਜਾਏ।

**ਸਭ ਥਾਇ** ਦੇ. ਸਰਬ ਥਾਨੋਂ ਮੇਂ।

**ਸਭ ਰਾਲੀ** ਵਾ. ਸਭ ਕੋ ਧੂੜ ਜਾਨਤੇ ਹੈਂ, ਯਥਾ- ਅਵਰ ਸਭ ਰਾਲੀ।

**ਸਭ ਵਾਉ** ਵਾ. ਸਭੀ ਪਵਨ ਵਤ ਚਲ ਰੂਪ, ਯਥਾ- ਨਾਨਕਾ ਸਭ ਵਾਉ।

**ਸੰਭਉ** ਗੁ. ਸੰਭਵ, ਉਤਪਤੀ ; ਬਨਨਾ, ਮੁਮਕਿਨ, ਯਥਾ- ਅਕਾਲ ਮੂਰਤਿ ਅਜੂਨੀ ਸੰਭਉ। ਪ੍ਰਮੇਸ੍ਰਰ ਅਕਾਲ ਸ੍ਵਰੂਪ ਹੈ ਕਾਹੂ ਕਾਰਣ ਸੇ ਨਾ ਬਨਨੇ ਤੇ।

**ਸਭਸ ਦਾ** ਪੰ. ਸਭ ਦਾ।

**ਸਭਸੈ** ਪੰ. ਸਭ ਕੋ, ਯਥਾ- ਸਭਸੈ ਦੇ ਦਾਤਾਰੁ।

**ਸਭਸੈ ਨੋ** ਦੇ. ਸਭ ਕੋ, ਯਥਾ- ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ।

**ਸਭਹੂ** ਗੁ. ਸਭ ਕੇ, ਯਥਾ- ਸਭਹੂ ਤਲੈ ਤਲੈ ਸਭ ਊਪਰਿ। ਜੋ ਸਭ ਕੇ ਤਲੇ ਸੇ ਤਲੇ ਭਾਵ ਦਾਸੋਂ ਕਾ ਦਾਸ ਆਪ ਕੋ ਜਾਨੇ ਹੈ ਸੋ ਸਭ ਕੇ ਸਿਰ ਪੈ ਸੁਾਮੀ ਹੋਵੇ ਹੈ

**ਸਭਤੁ** ਗੁ. ਸਰਬਤ੍ਰ, ਯਥਾ- ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ।

**ਸਭਦੂ** ਪੰ. ਸਭ ਤੇ।

**ਸਭਨਾਹ** ਗੁ. ਸਭਨਾ ਕੋ, ਯਥਾ- ਸਭਨਾ ਮਰਣਾ ਆਇਆ ਵੇਛੋੜਾ ਸਭਨਾਹ।

**ਸਭਨੀ** ਦੇ. ਸਭ ਮਤੋਂ ਵਾਲਿਓਂ ਨੇ, ਯਥਾ- ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ। ਹਮ ਅਪਨੇ ਮਤ ਵਾਲਿਓਂ ਕੋ ਗੁਨਾਹੋਂ ਸੇ ਬਖਸਾਵੇਂਗੇ। ਐਸੇ ਸਭਨੇ ਚਿਤ ਮੇਂ ਹੌਸਲਾ ਕੀਆ। ਜੈਸੇ ਸੰਨਯਾਸੀਓਂ ਕੇ ਮਤ ਕੀ ਛਾਲ ਲਿਖੀ ਹੈ। ਦੰਡ ਗ੍ਰਹਣ ਮਾਤ੍ਰੇਣ ਨਰੋ ਨਾਰਾਯਣੋ ਭਵੇਤ।

**ਸਭਰਾਈ** ਪੰ. ਭਾਈਓਂ ਵਾਲੀ ਅਰਥਾਤ ਬਡੇ ਸਹਾਯਕੋਂ ਵਾਲੀ ਅਥਵਾ ਸਭ ਕੀ ਰਾਜਾ, ਯਥਾ- ਨਾਨਕ ਸਾ ਸਭਰਾਈ।

**ਸਭਰਾਤ** ਵਾ. ਸਰਬ ਪ੍ਰਕਾਰ ਸੇ ਅੰਧਕਾਰ।

**ਸੰਭਵਿਅਉ** ਗੁ. ਬਨਾ, ਯਥਾ- ਆਜੋਨੀ ਸੰਭਵਿਅਉ। ਪਰਮਾਤਮਾ ਕਾਹੂ ਕਾਰਣ ਸੇ ਨਹੀਂ ਬਨਾ।

**ਸਭਾ** ਸੰ. ਗੋਸਟਿ, ਦਰਬਾਰ, ਯਥਾ- ਸਿਧ ਸਭਾ ਕਰਿ ਆਸਣਿ ਬੈਠੇ। ਸਮਾਜੀ ਲੋਗ ; ਜੂਆ ; ਮੰਦਰ।

**ਸਭਾ ਨਾਲਿ** ਵਾ. ਪਾਰਖਦੋਂ ਸਹਿਤ ਬਿਸਨੁ, ਯਥਾ- ਘਰਿ ਨਾਰਾਇਣੁ ਸਭਾ ਨਾਲਿ।

**ਸੰਭਾਖਨ** ਸੰ. ਕਥਨ ਸੰਤੋਂ ਕਾ ਸਭੀ ਜਪ ਰੂਪ ਹੈ, ਯਥਾ- ਸਗਲ ਸੰਭਾਖਨ ਜਾਪੁ। ਬੋਲਨਾ, ਯਥਾ- ਜਨ ਕੀ ਟਹਲ ਸੰਭਾਖਨੁ ਜਨ ਸਿਉ।

**ਸਭਾਗਾ** ਦੇ. ਭਾਗਯ ਸਹਿਤ, ਯਥਾ- ਧਨਿ ਧਨਿ ਉਆ ਦਿਨ ਸੰਜੋਗ ਸਭਾਗਾ। ਪੁਨਾ- ਤਿਤੁ ਘਰਿ ਸਭਾਗੈ।

**ਸਭਿ ਜਾਮ** ਵਾ. ਸਭੀ ਜਮੋਂ ਤੁਲਯ ਦੁਖਦਾਈ ਹੈਂ, ਯਥਾ- ਮੀਤ ਸਜਣ ਸਭਿ ਜਾਮ।

**ਸਭਿ ਫਲਾ** ਵਾ. ਭੋਗ ਮੋਖ ਰੂਪ।

**ਸੰਭੁ** ਸੰ. ਮਹਾਦੇਵ।

**ਸਭੁ** ਦੇ. ਸਰਬ, ਯਥਾ- ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ। ਸਰਬ ਹੀ, ਯਥਾ- ਸਭੋ ਭਜੈ ਆਸਰਾ।

**ਸਭੁ ਅੰਜਨੁ** ਦੇ. ਸਮਗ੍ਰ ਮਾਯਾ ਔ ਤਿਸ ਕਾ ਕਾਰਯ ਪ੍ਰਪੰਚ ਰੂਪ ਸਿਆਹੀ, ਯਥਾ- ਆਪੇ ਹੀ ਸਭੁ ਅੰਜਨੁ।

**ਸਭੁ ਜਗੁ** ਦੇ. ਸੰਪੂਰਨ ਜਗਤ, ਯਥਾ- ਬਾਂਧਨਿ ਬਾਂਧਿਆ ਸਭੁ ਜਗੁ ਭਵੈ।

**ਸਭੇ ਰੋਗ** ਦੇ. ਅਧਯਾਤਮਾਦਿ ਤ੍ਰਿਬਿਧ ਰੋਗ।

**ਸਮ** ਸੰ. ਸਰਬ ; ਏਕ ਕਾਲ ਮੇਂ ; ਤੁਲਯ ; ਸਾਧੂ ; ਯੁਗਮ ; ਦੋ ਚਾਰ ਛੀ ਆਠ ਆਦਿ ਵਸਤੂ ; ਗਾਯਨ ਸਮੇ ਗਵਈਏ ਕਾ ਹਾਥ ਚਲਾਨਾ ਰੂਪ ਸਮ।

**ਸਮ** ਸੰ. ਅਬਯਯ. ਪ੍ਰਕਰਖ- ਅਧਿਕਪਨਾ ; ਸੰਗਤਿ ; ਸੋਭਨ ; ਸਮੁੱਚਯ ; ਯਥਾਰਥ।

**ਸਮ ਲੋਚਨ** ਸੰ. ਸਮ ਦ੍ਰਿਸ੍ਟੀ ਵਾਲੇ, ਯਥਾ- ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ।

**ਸਮਉਲਾ** ਗੁ. ਸਮਾਵੇਗਾ, ਯਥਾ- ਗੁਣ ਗਾਵਤ ਗੁਣੀ ਸਮਉਲਾ। ਗੁਣ ਗਾਵਤਾ ਭਗਤ ਗੁਣਾਂ ਵਾਲੇ ਪਰਮਾਤਮਾ ਮੇਂ ਹੀ ਸਮਾਇ ਜਾਵੇਗਾ।

**ਸਮਇਆ** ਦੇ. ਸਮਾਵਨੇ ਸੇ, ਯਥਾ- ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ।

**ਸਮਸਰਿ** ਗੁ. ਸਦ੍ਰਿਸ, ਯਥਾ- ਲੋਚਾ ਸਮਸਰਿ ਇਹੁ ਬਿਉਹਾਰਾ। ਪੁਨਾ- ਤੁਮ ਸਮਸਰਿ ਅਵਰੁ ਕੋ ਨਾਹੀ।

**ਸਮਹੀ** ਗੁ. ਸਮਾਈ, ਯਥਾ- ਜੋਤੀ ਜੋਤਿ ਸਮਹੀ। ਗੁਰੋਂ ਕੇ ਉਪਦੇਸ ਸੇ ਬ੍ਰਹਮ ਮੇਂ ਸਮਾਵਤੇ ਹੈਂ।

**ਸਮਹੂ** ਗੁ. ਸਮਾਇਆ ਹੈ ਸਮਾਨ ਹੀ।

**ਸਮਕਾ** ਗੁ. ਸਮਾਯਾ ਹੂਆ, ਯਥਾ- ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ।

**ਸਮਖੁ** ਸੰ. ਸਾਮਨੇ, ਜੈਸੇ- ਮੇਰੇ ਸਮਖੁ ਇਸ ਨੇ ਜਪ ਕੀਆ।

**ਸਮਘਾ** ਗੁ. ਸਮਾਏ ਹੈਂ, ਯਥਾ- ਹਰਿ ਅਸਥਿਰੁ ਸੇਵਿ ਸੁਖਿ ਸਮਘਾ।

**ਸਮਜਿ** ਸੰ. ਪਸ਼ੂਓਂ ਕਾ ਬ੍ਰਿੰਦ ; ਬਿਪਨ। ਦੇ. ਡੂਬਤੇ ਹੈਂ, ਯਥਾ- ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ। ਹੇ ਗੁਰ ਅੰਗਦ ਜੀ ਆਪ ਨੇ ਤਬ ਸੇ ਕਾਲ ਸਤ੍ਰੁ ਗੱਜ ਕੇ ਮਾਰਿਆ ਹੈ। ਜਬ ਸੇ ਧਾਵਤੇ ਮਨ ਕੋ ਵਰਜ ਕੇ ਜਿਨ ਸੇ ਸਰਬ ਜੀਵ ਸੰਸਾਰ ਮੇਂ ਸਮੱਜ- ਡੂਬਤੇ ਹੈਂ ਉਨ ਪੰਚ ਭੂਪ ਕਾਮਾਦਿਕੋ ਕੋ ਦੂਰ ਕਰਕੇ ਮਨ ਕੋ ਏਕ ਪਰਮਾਤਮ ਘਰ ਮੇਂ ਰਖ ਲੀਆ ਹੈ। ਵਾ. ਸਮੱਜ, ਨਿਖਲ ਜੀਵੋਂ ਕੋ ਪਸ਼ੂਓਂ ਕੇ ਬ੍ਰਿੰਦ ਤੁਲਜ ਕਰਨੇ ਵਾਲੇ। ਜੋ ਕਾਮਾਦਿ ਪੰਚ ਰੂਪ ਦੂਤ ਥੇ ਤਿਨ ਕੀ ਓਰ ਧਾਵਤੇ ਮਨ ਕੋ ਵਰਜ ਕੇ। ਜਬ ਸੇ ਏਕ ਪਰਮਾਤਮ ਘਰ ਮੇਂ ਰਖ ਲੀਆ ਹੈ। ਤਬੀ ਸੇ ਗਰਜ ਕੇ ਕਾਲ ਸਤ੍ਰੁ ਕੋ ਮਾਰਿਆ ਹੈ। ਵਾ ਸਮੁਧਰਿਆ ਵਤ ਸਮਜ ਕਹੀਏ ਸਮਜ਼ਕ ਅਜਯ ਪਾਂਚ ਕਾਮਾਦਿ ਦੂਤੋ ਕੋ ਜਬ ਸੇ ਏਕ ਸੁਧ ਮਨ ਥਾਨ ਮੇਂ ਰਖ ਲੀਆ ਅਰਥਾਤ ਅਭਾਵ ਕੀਆ ਹੈ। ਤਬੀ ਸੇ ਧਾਵਤੇ ਮਨ ਕੋ ਵਰਜ ਕੇ ਕਾਲ ਸਤ੍ਰੁ ਮਾਰਿਆ ਹੈ।

**ਸਮਜਯਾ** ਗੁ. ਸਭਾ ਮੇਂ ; ਜਸ ਮੇਂ, ਯਥਾ- ਅਸਾਜੁੰ ਸਾਜਿ ਸਮਜਯਾ। ਹੇ ਲੋਭ ਤੂੰ ਪੁਰਖੋਂ ਕੀ ਅਪ੍ਰਤਿਸ੍ਰਾ ਕਰਾਨੇ ਹੇਤ ਸਭਾ ਮੇਂ ਤਥਾ ਜਸ ਕੇ ਥਾਨੋਂ ਮੇਂ ਜੋ ਅਨਾਚਾਰ ਔ ਕੰਨਯਾਦਿਕੋਂ ਕਾ ਧਾਨ ਗ੍ਰਹਣ ਕਰਨ ਰੂਪ ਨਾ ਸਾਜਨੇ ਯੋਗਯ ਬਾਤਾਂ ਹੈ ਤਿਨ ਕੋ ਸਾਜ ਦੇਤਾ ਹੈਂ। ਸੰ. ਸਮਜਯਾ।

**ਸਮੰਜੀਐ** ਗੁ. ਨਰਕ ਮੇਂ ਡੂਬੀਤਾ ਹੈ, ਯਥਾ- ਨਰਕਿ ਸਮੰਜੀਐ। ਸੰ. ਸੰਮੱਜਿਤ।

**ਸਮਝ** ਦੇ. ਬਿਸੇਖ ਬਿਚਾਰ, ਯਥਾ- ਸਮਝ ਨ ਪਰੀ ਬਿਖੈ ਰਸ ਰਚਿਓ। ਸਬਦਾਦਿਕੋ ਕਾ ਆਨੰਦ ਸਦਾ ਨਹੀ ਰਹੇ ਯਾਤੇ ਮੈਂ ਇਨ ਮੇਂ ਪ੍ਰੇਮ ਕਾਹੇ ਕਰੂੰ ਐਸਾ ਬਿਚਾਰ ਨਹੀ ਹੂਆ। ਬਿਚਾਰ ਕਰ, ਜੈਸੇ- ਕਬੀ ਸਮਝ ਮਨਾ ਮਰ ਜਾਨਾ। ਗਯਾਨ, ਯਥਾ- ਸਮਝੈ ਸੂਝੈ ਪੜਿ ਪੜਿ ਬੂਝੈ। ਪਹਲੇ ਜਾਨ ਲੇਵੇ ਤਬ ਪੀਛੇ ਸੇ ਦੇਖੇ ਹੈ। ਪਰੰਤੁ ਜਬ ਪ੍ਰਥਮ ਪੜ ਪੜ ਕੇ ਗੁਰੋਂ ਸੇ ਪੂਛ ਲੇਵੇ।

**ਸਮਝਣੰ** ਪੰ. ਜਾਨਨੇ ਵਾਲਾ, ਯਥਾ- ਸਮਝਣੰ ਬਿਰਲਾ ਜਨਹ।

**ਸਮਝਾਵਣੀ** ਗੁ. ਸਮਝ ਦੇਤੇ ਹੋ ਅਰਥਾਤ ਗ੍ਯਾਨ ਦੇਤੇ ਹੋ, ਯਥਾ- ਗੁਰਮੁਖਿ ਹਰਿ ਸਮਝਾਵਣੀ। ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ੍ਰੀ ਮੁਖ ਗੁਰੁ ਕੇ ਮੁਖ ਸੇ ਅਪਨਾ ਗ੍ਯਾਨ ਦੇਤੇ ਹੋ।

**ਸਮਝਾਵੇ** ਪੰ. ਉਪਦੇਸ ਕਰੇ।

**ਸਮਣੇ** ਦੇ. ਨਾਸ ਹੋ ਜਾਤੇ ਹੈ। ਸੰ. ਸਮਨ। ਸਮਾਇ ਜਾਤੇ ਹੈਂ, ਯਥਾ- ਮਿਲਿ ਸਲਲੈ ਸਲਲ ਸਮਣੇ।

**ਸਮਤ ਸਰੇ** ਦੇ. ਸਮ ਦ੍ਰਿਸ੍ਰੀ ਕੇ ਸਰੋਵਰ ਹੈਂ, ਯਥਾ- ਚਾਹਕੁ ਤਤ ਸਮਤ ਸਰੇ।

**ਸਮਤ ਸਾਰ** ਵਾ. ਸਮਤਾ ਕੀ ਸਾਰਾਂ ਨਰਦਾ ਖੇਲਤੇ ਹੈਂ।

**ਸਮਤਾ** ਸੰ. ਬਰਾਬਰੀ।

**ਸਮਤੁ** ਗੁ. ਸਮ, ਯਥਾ- ਮਿਤ੍ਰੁ ਸਤ੍ਰੁ ਪੇਖਿ ਸਮਤੁ ਬੀਚਾਰਿਓ। ਸਮਾਨ, ਯਥਾ- ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ।

**ਸਮਦਰਸੀ** ਦੇ. ਸਰਬਤ੍ਰ ਏਕ ਬ੍ਰਹਮ ਰੂਪ ਦੇਖਨੇ ਵਾਲਾ ਤਤ ਗ੍ਯਾਨੀ ਪੁਰਖ, ਯਥਾ- ਸੋ ਸਮਦਰਸੀ ਤਤ ਕਾ ਬੇਤਾ।

**ਸਮਧੇ** ਗੁ. ਸਮਝੇ, ਯਥਾ- ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ। ਗਯਾਨ ਵਾਲਾ ਹੁਯਾ, ਯਥਾ- ਏਤੜਿਆ ਵਿਚਹੁ ਸੋ ਜਨੁ ਸਮਧਾ। ਸੰ. ਲਕੜੀਆਂ, ਯਥਾ- ਤਨੁ ਮਨੁ ਸਮਧਾ ਜੇ ਕਰੀ। ਸਮਾਏ, ਯਥਾ- ਸੋ ਘਰੁ ਲਧਾ ਸਹਜਿ ਸਮਧਾ।

**ਸਮਪਉ** ਦੇ. ਸਮਰਪਣ ਕਰਤਾ ਹੋਂ, ਯਥਾ- ਜੀਉ ਸਮਪਉ ਆਪਣਾ।

**ਸਮਬ੍ਰਿਅੰ** ਦੇ. ਸਮਜ਼ਕ ਅਬਿਨਾਸੀ, ਯਥਾ- ਭਵ ਭੂਤ ਭਾਵ ਸਮਬ੍ਰਿਅੰ। ਸੰ. ਸਮਬਯਅੰ।

**ਸਮਰਣੇਨ** ਸੰ. ਸਿਮਰਨ ਸੇ, ਯਥਾ- ਨ ਦਨੋਤਿ ਜਸਮਰਣੇਨ। ਨਹੀ ਤਾਪ ਕੋ ਪ੍ਰਾਪਤ ਹੋਤਾ ਜਿਸ ਕੇ ਸਿਮਰਨ ਸੇ।

**ਸਮਰਥ** ਸੰ. ਸਕ੍ਰੀਵਾਨ, ਯਥਾ- ਸਰਬ ਕਲਾ ਸਮਰਥ।

**ਸਮ੍ਰਾਟ** ਸੰ. ਚੱਕ੍ਰਵਰਤੀ ਰਾਜਾ ; ਰਾਜੋਂ ਕਾ ਰਾਜਾ।

**ਸਮਰਾਥ** ਦੇ. ਸਮਰਥ।

**ਸੰਮਲਾ** ਪੰ. ਸਮਾਲਾ, ਯਾਦ ਕਰਾਂ, ਯਥਾ- ਕਿਆ ਸੁਖ ਤੇਰੇ ਸੰਮਲਾ।

**ਸੰਮਲਿ** ਪੰ. ਪਰਖ ਕੇ ਦੇਖ, ਯਥਾ- ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।

**ਸੰਮਲਿ** ਪੰ. ਸਮਾਲ ਕੇ, ਸਾਵਧਾਨ ਹੋ ਕੇ, ਯਥਾ- ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ। ਜੇ ਜਾਣਤਾ ਸ੍ਵਾਸ ਅਲਪ ਹੈਂ ਸੁਭ ਕਰਮੋਂ ਕੋ ਸਾਵਧਾਨ ਹੋ ਹਿਰਦੇ ਮੇਂ ਧਾਰਤਾ।

**ਸੰਮਲੁ** ਪੰ. ਸੰਭਾਲ, ਯਥਾ- ਤੂੰ ਸੰਮਲੁ ਘਰ ਬਾਰੁ।

**ਸਮਾ** ਦੇ. ਭੂਤ ਭਵਿਖਯਤ ਵਰਤਮਾਨ ; ਸਪਥ, ਸੁਗੰਦ ; ਆਚਾਰ ; ਸਿਧਾਂਤ ; ਸੰਕੇਤ ; ਭਾਖਾ ; ਅੰਗੀਕਾਰ। ਸੰ. ਸਮਯ।

**ਸਮਾਉ** ਗੁ. ਫਲ, ਸਮਰਹ, ਯਥਾ- ਏਹੁ ਹੋਆ ਸਮਾਉ।

**ਸਮਾਇ** ਅ. ਹਾਲ ਰੂਪ ਖੇਲ ਜੋ ਰਾਗ ਸੁਣ ਕੇ ਮੁਸਲਮਾਨ ਫਕੀਰੋਂ ਕੋ ਮਸਤੀ ਚੜਤੀ ਹੈ ਜਿਸ ਮਸਤੀ ਸੇ ਨਾਚਨੇ ਟਪਨੇ ਬ੍ਰਿਛੋ ਸਾਥ ਲਟਕਨੇ ਲਗਤੇ ਹੈਂ, ਯਥਾ- ਤਉ ਦਰਸਨ ਕੀ ਕਰਉ ਸਮਾਇ। ਹੇ ਪ੍ਰਮੇਸ੍ਵਰ ਤੇਰੇ ਦੇਖਨੇ ਕੀ ਹਾਲ ਰੂਪ ਖੇਲ ਕਰੋ ਔਰ ਨਾ ਕਰੋ ਯਹ ਮੁਝ ਮਾਗਤੇ ਕੋ ਭਿਖ੍ਯਾ ਪਾਵੋ ; ਸੁਣਨਾ ; ਰਾਗ। ਗੁ. ਪਹੁਚਾਇ, ਯਥਾ- ਦੇਦਾ ਰਿਜਕੁ ਸਮਾਇ।

**ਸਮਾਇਣ** ਪੰ. ਸਮਾਪਤ, ਯਥਾ- ਮਾਤਾ ਗਰਬਿ ਭਇਆ ਸਮਾਇਣੁ। ਸਮਾਵਨਾ ਹੋਤਾ ਹੈ, ਯਥਾ- ਦਰਸਿ ਸਹਜਿ ਸਮਾਇਣ। ਦਹੀ ਜਮਾਨੇ ਕਾ ਜਾਮਣ, ਯਥਾ- ਦੂਧੁ ਕਰਮ ਫੁਨਿ ਸੁਰਤਿ ਸਮਾਇਣੁ।

**ਸਮਾਈ** ਗੁ. ਹੇ ਸਮਾਵਨ ਕੇ ਥਾਨ ਹਰੇ, ਯਥਾ- ਸਰਬ ਸਮਾਈ।

**ਸਮਾਸ** ਸੰ. ਸੰਖੇਪ, ਜੈਸੇ- ਗ੍ਰੰਥ ਬਢਨ ਤੇ ਕਰੋ ਸਮਾਸ।

**ਸਮਾਸੀ** ਗੁ. ਸਮਾਵੇਗਾ, ਯਥਾ- ਤੇ ਹਰਿ ਹਰਿ ਰੂਪਿ ਸਮਾਸੀ।

**ਸਮਾਹਰਾ** ਗੁ. ਸਮਾਈ, ਯਥਾ- ਸਭ ਜੋਤਿ ਸਮਾਹਰਾ। ਸਮਾਇਆ, ਯਥਾ- ਸਚਿ ਸਮਾਹਰਾ।

**ਸਮਾਹੜਾ** ਗੁ. ਸਮਾਯਾ, ਯਥਾ- ਸਚਿ ਸਮਾਹਰਾ। ਪੁਨਾ- ਭਇਆ ਸਮਾਹੜਾ ਹਰਿ ਰਤਨੁ।

**ਸਮਾਹਿ** ਗੁ. ਪਹੁਚਾਇਆ ਹੈ, ਯਥਾ- ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ। ਪਹੁਚਾਇ, ਯਥਾ- ਦਿਤੋਨੁ ਰਿਜਕੁ ਸੰਬਾਹਿ। ਸਮਾਵੇ ਹੈਂ, ਯਥਾ- ਤਿਸ ਹੀ ਮਾਹਿ ਸਮਾਹਿ। ਪੁਨਾ- ਗੁਰ ਕੈ ਸਬਦਿ ਸਮਾਹਿ। ਗੁਰੋ ਕੇ ਉਪਦੇਸ ਸੇ ਬ੍ਰਹਮ ਮੇਂ ਸਮਾਵੇ ਹੈਂ।

**ਸਮਾਹਿਓ** ਗੁ. ਸਮਾਏ ਹੈਂ ; ਸਾਵਧਾਨ ਭਏ ਹੈਂ, ਯਥਾ- ਸਹਜ ਸਮਾਧਿ ਸਮਾਹਿਓ। ਸੰ. ਸਮਾਹਿਤ।

**ਸਮਾਹਿਆ** ਦੇ. ਸਮਾਇਆ ; ਸਾਵਧਾਨ ਭਇਆ।

**ਸਮਾਹੀ** ਦੇ. ਸਮਾਇ ਜਾਤੇ ਹੈਂ, ਯਥਾ- ਤੁਝ ਹੀ ਮਾਹਿ ਸਮਾਹੀ।

**ਸਮਾਗੈ** ਗੁ. ਸਮਾਗਮ ਮੇਂ, ਯਥਾ- ਮਿਲਿ ਸਾਧ ਸਮਾਗੈ।

**ਸਮਾਚਰੀ** ਦੇ. ਸੰਮਕ ਆਚਰਣ ਕਰੀ ਹੈ ਅਰਥਾਤ ਭਲੀ ਰੀਤਿ ਸੇ ਗ੍ਰਹਣ ਕਰੀ ਹੈ, ਯਥਾ- ਐਸੀ ਬੁਧਿ ਸਮਾਚਰੀ।

**ਸਮਾਚੀ** ਗੁ. ਭਲਆਈ।

**ਸਮਾਜ** ਸੰ. ਪਸੂਓਂ ਸੇ ਭਿੰਨੇ ਕਾ ਸਮੂਹ 'ਅਮਰ ਕੋਸੇ', ਸਭਾ 'ਹੇਮ ਕੋਸੇ', ਹਸਤੀ 'ਨਾਨਾਰਥ ਕੋਸੇ'।

**ਸਮਾਣੀ** ਗੁ. ਸਮਾਈ ਹੈ, ਯਥਾ- ਹਰਿ ਵਾਸਨਾ ਸਮਾਣੀ।

**ਸਮਾਤੇ** ਗੁ. ਬੀਚ ਮਾਵਤੇ।

**ਸਮਾਧਉ** ਗੁ. ਸਮਾਧੀ ਮੇਂ ਥਿਤ।

**ਸਮਾਧਾ** ਸੰ. ਨਿਸਪੱਤਿ, ਸਿੱਧਿ ; ਵਿਵਾਦ ਕਾ ਭੰਜਨ ; ਪੂਰਬ ਪੱਖ ਕਾ ਸ੍ਰ ਸਿਧਾਂਤ ਕੇ ਅਨੁਸਾਰ ਯਥਾਰਥ ਉਤਰ ; ਧਯਾਨ ਯੋਗਯ ਵਸਤੁ ਮੇਂ ਚਿਤ ਕਾ ਨਿਰੰਤ੍ਰ ਸਥਾਪਨ ਰੂਪ ਸਮਾਧਿ।

**ਸਮਾਧਿ** ਸੰ. ਧਯੇਯ ਵਸਤੂ ਮੇਂ ਏਕਾਗਰ ਕਰ ਚਿਤ ਕਾ ਥਿਤ ਕਰਨਾ, ਯਥਾ- ਸਹਜ ਸਮਾਧਿ ਉਪਾਧਿ ਰਹਤ। ਯੁਕ੍ਰੀ ਸਹਿਤ ਪਦਾਰਥ ਕਾ ਨਿਰਣਯ ਕਰਣਾ ਰੂਪ ਸਮਾਧਾਨ ਭਾਵ ਉਤਰ ; ਬਚਨ ਕਾ ਅਭਾਵ ; ਨਿਯਮ ; ਅਰਥਾਲੰਕਾਰ ਬਿਸੇਖ ; ਇੰਦ੍ਰਯੋਂ ਕਾ ਨਿਰੋਧ ; ਕਾਬਯ ਕਾ ਗੁਣ ਬਿਸੇਖ। ਦੇ. ਮੁਰਦੇ ਕਾ ਮੰਦਰ ਦੇਹਰਾ ਛਤਰੀ।

**ਸਮਾਧਿ ਹਰਾ** ਗੁ. ਸਮਾਧਿ ਧਾਰੀ, ਯਥਾ- ਸਾਧਿਕ ਸਿਧ ਸਮਾਧਿ ਹਰਾ।

**ਸਮਾਨਾ** ਦੇ. ਸਮਾਯਾ ਹੈ, ਯਥਾ- ਦਾਸੁ ਕਬੀਰੁ ਤੇਰੀ ਪਨਹ ਸਮਾਨਾਂ। ਪੁਨਾ- ਤਿਉ ਜੋਤੀ ਸੰਗਿ ਜੋਤਿ ਸਮਾਨਾ।

**ਸਮਾਨਿ** ਸੰ. ਏਕ ਰਸ ; ਤੁਲਯ, ਯਥਾ- ਹਰਿ ਹਰਿ ਜਨੁ ਇਕ ਸਮਾਨਿ। ਨਾਭੀ ਥਾਨ ਮੇਂ ਰਹਨੇ ਵਾਲੀ ਪਵਨ ; ਨਯਾਯ ਮਤ ਮੇਂ ਸਤਾ ਜਾਤੀ ਰੂਪ ਸਮਾਨਯ ਪਦਾਰਥ ਸਭ ਵਸਤੂਓਂ ਕੋ ਸਤ ਕਹਨੇ ਕਾ ਹੇਤੁ ਸਤਾ ਹੈ। ਘਟ ਪਟਾਦਿ ਕਹਨੇ ਕਾ ਹੇਤੁ ਘਟ ਤ੍ਵ ਪਟਤ੍ਵਾਦਿ ਜਾਤੀ ਹੈ। ਨਿਤਯ ਹੋਵੇ ਏਕ ਹੋਵੇ ਅਨੇਕੋਂ ਮੇਂ ਸਮਵਾਯ ਸੇ ਰਹੇ ਤਿਸ ਕਾ ਨਾਮ ਸਮਾਨਯ ਹੈ ਸਤਾ ਔ ਘਟਤ੍ਵਾਦਿਕ ਨਿਤਯ ਹੈ ਏਕ ਹੈ ਅਨੇਕੋਂ ਮੇਂ ਰਹੇ ਹੈ ਯਾਤੇ ਸਾਮਾਨਯ ਹੈ। ਇਸ ਸਤਾ ਕੇ ਮੇਲ ਸੇ ਹੀ ਜੀਵ ਪਰਮਾਤਮਾ ਸਤ ਕਹੇ ਜਾਵੇ ਹੈਂ। ਬੇਦਾਂਤ ਮਤ ਵਤ ਸ੍ਵਰੂਪ ਸਤਾ ਸੇ ਨਹੀਂ ਕਹੇ ਜਾਵੇਂ ਬ੍ਰਹਮਵਾਦੀਓਂ ਕੇ ਮਤ ਮੇ ਬ੍ਰਹਮ ਭਿੰਨ ਨਿਖਲ ਪਦਾਰਥੋਂ ਕੋ ਅਨਿਤਯ ਹੋਨੇ ਤੇ ਨਯਾਯ ਮਤ ਮੇਂ ਭਿੰਨ ਮਾਨੀ ਸੱਤਾ ਭੀ ਮਿਥਯਾ ਹੋ ਜਾਵੇਗੀ। ਯਾਤੇ ਸੱਤਾ ਔ ਘਟਤ੍ਵਾਦਿ ਜਾਤੀਆਂ ਸਤ ਸ੍ਵਰੂਪ ਬ੍ਰਹਮ ਤੇ ਭਿੰਨ ਨਹੀਂ ਸਭੀ ਬ੍ਰਹਮ ਸ੍ਵਰੂਪ ਹੈਂ। ਯਾਹੀ ਤੇ ਘਟ ਸਤ ਹੈ ਪਟ ਸਤ ਹੈ ਕਥਨ ਅਨੁਸਾਰ ਜੈਸੇ ਘਟਾਦਿਕ ਬਯਕ੍ਤੀਯੋਂ ਮੇਂ ਮਿਲਾ ਬ੍ਰਹਮ ਸਤਾ ਹੈ। ਤੈਸੇ ਘਟ ਬਯਕ੍ਤੀਯੋਂ ਮੇਂ ਮਿਲਾ ਬ੍ਰਹਮ ਘਟਤ੍ਵ ਹੈ। ਪਟ ਮੇ ਮਿਲਾ ਪਟਤ੍ਵ ਹੈ ਬਯਕ੍ਤੀਯੋਂ ਕੇ ਨਾਸ ਹੂਏ ਨਾਸ ਨਹੀਂ ਹੋਵੇ ਬਯਕ੍ਤੀਯੋਂ ਕੇ ਉਤਪਤੀ ਸਮੇ ਤਿਨ ਕੇ ਸਾਥ ਉਪਜੇ ਨਹੀਂ। ਕਿੰਤੂ ਉਤਪਤੀ ਸੇ ਪਹਲੇ ਨਾਸ ਸੇ ਪੀਛੇ ਬਨਾ ਰਹੇ ਹੈ। ਏਕ ਹੈ ਅਨੇਕੋਂ ਮੇਂ ਮਿਲਾ ਹੈ ਅਰਥਾਤ ਸਰਬ ਬਯਾਪੀ ਤ੍ਰਿਕਾਲਾ ਬਾਧਯ ਹੈ। ਸੋਈ ਸਾਮਾਨਯ ਵਸਤੁ ਹੈ ਤਾਸੇ ਭਿੰਨ ਸਾਮਾਨਯ ਸਸ ਸ੍ਰਿੰਗ ਤੁਲਯ ਹੈ ਯਾਤੇ ਜੀਵ ਈਸ ਜਿਸ ਕੇ ਅੰਸ ਹੈਂ ਉਸੀ ਸੇ ਸਤ ਹੈ ਆਨ ਸੇ ਨਹੀਂ।

**ਸਮਾਨਿ** ਦੇ. ਸਮਾਵੇਗਾ, ਯਥਾ- ਤੇ ਬੈਰਾਗੀ ਸਤ ਸਮਾਨਿ।

**ਸਮਾਨਿਆ** ਦੇ. ਸਮਾਇਆ।

**ਸੰਮਾਨੈ** ਗੁ. ਤੁਲਯ, ਯਥਾ- ਕੀਤੇ ਕਉ ਮੇਰੈ ਸੰਮਾਨੈ।

**ਸਮਾਰਸਿ** ਗੁ. ਸਮਾਲਤੇ, ਯਥਾ- ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ।

**ਸਮਾਲਸੀ** ਪੰ. ਯਾਦ ਕਰੇਗੇ, ਯਥਾ- ਹਿਦੁਸਤਾਨੁ ਸਮਾਲਸੀ ਬੋਲਾ। ਹਿੰਦ ਦੇਸ ਕੇ ਵਸਨੇ ਵਾਲੇ ਸਭੀ ਲੋਕ ਹੇ ਲਾਲੋ ਯਾਦ ਕਰੇਂਗੇ ਹਮਾਰੇ ਬਚਨੋ ਕੋ ਜੋ ਗੁਰੋ ਨੇ ਪਹਲੇ ਕਹਾ ਥਾ ਸੋ ਪੂਰਾ ਹੂਆ। ਇਸ ਬੋਲਾ ਸੇ ਖਾਲਸੇ ਨੇ ਬੋਲੀ ਕਾ ਬੋਲਾ ਕਾਯਮ ਕੀਆ।

**ਸੰਮਾਲਨ** ਗੁ. ਸਮਾਲਤੀਆਂ ਹੈ।

**ਸਮਾਲਿ** ਦੇ. ਯਾਦ ਕਰਨੇ ਸੇ, ਯਥਾ- ਕਾਰਜੁ ਸੀਧੋ ਰਿਦੈ ਸਮ੍ਾਲਿ। ਪੰ. ਸਾਭ ਲੇ, ਚੌਕਸ ਕਰ, ਯਥਾ- ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ।

**ਸੰਮਾਲੇ** ਪੰ. ਸਮਾਲਤਾ ਹੈ।

**ਸਮਾਲੇ** ਪੰ. ਲੇਵੇ ਹੈ, ਯਥਾ- ਪ੍ਰਤਿਪਾਲੈ ਨਿਤ ਸਾਰਿ ਸਮਾਲੈ। ਸਮਾਲਤਾ ਹੈ, ਯਥਾ- ਜਿਤੁ ਬਹਿ ਸਰਬ ਸਮਾਲੇ।

**ਸੰਮਾਲੇਨਿ** ਗੁ. ਸਮਾਲਤੇ ਹੈਂ, ਯਥਾ- ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ।

**ਸਮਾਵੈ** ਗੁ. ਨਾਸ ਕਰੇ, ਯਥਾ- ਤੀਨਿ ਸਮਾਵੈ ਚਉਥੈ ਵਾਸਾ। ਧਾਰਨ ਕਰੇ, ਯਥਾ- ਗੁਰ ਕਾ ਕਹਿਆ ਅੰਕਿ ਸਮਾਵੈ। ਲਯ ਹੋਵੇ ਹੈ, ਯਥਾ- ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।

**ਸਮਾਵੈ** ਗੁ. ਸਮਾਵਨਾ, ਯਥਾ- ਬੁਝੈ ਹੁਕਮੁ ਸੋ ਸਾਚਿ ਸਮਾਵੈ।

**ਸੰਮਿ** ਗੁ. ਸੋਇ ਕੇ, ਯਥਾ- ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ। ਦੇ. ਛਟੀ ਕੀ ਸੰਮ।

**ਸਮਿਓ** ਗੁ. ਅਵਸਰ, ਯਥਾ- ਨਾਨਕ ਸਮਿਓ ਰਮਿ ਗਇਓ। ਦਾਨ ਅਸਨਾਨ ਜਪਾਦਿਕ ਕਾ ਸਮਾ ਬੀਤ ਗਯਾ। ਸੰ. ਸਮਯ।

**ਸਮੀਆ** ਗੁ. ਸ੍ਵਾਮੀ ਅਰਥਾਤ ਲਖਮੀ ਪਤਿ ਪ੍ਰਮੇਸ੍ਵਰ, ਯਥਾ- ਜਾ ਕਾ ਮੀਤੁ ਸਾਜਨੁ ਹੈ ਸਮੀਆ। ਹੇ ਸਜਨੋ ਜਿਸ ਕਾ ਮਿਤ੍ਰ ਸ੍ਵਾਮੀ ਹੈ ਅਰਥਾਤ ਧਨਵਾਂਨ ਪ੍ਰਮੇਸ੍ਵਰ ਹੈ।

**ਸਮੀਤਾ** ਗੁ. ਸਮਾਏ ਹੈਂ ; ਸਮਾਤਾ ਹੈ।

**ਸਮੀਪ** ਸੰ. ਪਾਸ, ਨਿਕਟ, ਨਜਦੀਕ।

**ਸਮੀਪਤ** ਗੁ. ਨਿਕਟ, ਯਥਾ- ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।

**ਸਮੀਲਾ** ਗੁ. ਮਿਲਾ ਹੂਆ।

**ਸੰਮੁਖ** ਸੰ. ਸਨਮੁਖ।

**ਸਮੁੰਦ ਸਾਗਰ ਕੀ** ਗੁ. ਜਲ ਕੇ ਸਮੁੰਦ੍ਰ ਵਤ ਵਿਖੇ ਰੂਪ ਸਮੁੰਦ੍ਰ ਕੀ ਜੋ ਚਿਤ ਕੋ ਅਪਨੇ ਮੇਂ ਭਿਗੋਤੇ ਹੈਂ, ਯਥਾ- ਆਵੈ ਲਹਰਿ ਸਮੁੰਦ ਸਾਗਰ ਕੀ।

**ਸਮੁੰਦੁ ਸਾਗਰੁ** ਦੇ. ਸਗਰ ਰਾਜਾ ਕੇ ਪੁਤ੍ਰੋਂ ਕਾ ਨਾਮ ਭੀ ਸਾਗਰ ਹੈ ਤਿਨ ਕਾ ਖੋਦਾ ਸਮੁਦ੍ਰ, ਯਥਾ- ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।

**ਸਮੁਲਵੈ** ਗੁ. ਕਹਤਾ ਹੈ, ਯਥਾ- ਕਲੁ ਸਮੁਲਵੈ। ਕਲ ਭਾਟ ਕਹਤਾ ਹੈ।

**ਸਮੂਹ** ਸੰ. ਸਮੁਦਾਯ, ਯਥਾ- ਮਾਤੀ ਚਰਣ ਸਮੂਹ। ਸ੍ਵਾਮੀ ਕੇ ਆਚਰਣੋਂ ਕੇ ਸਮੂਹ ਮੇ।

**ਸਮੇਉ** ਪੰ. ਸਮਾਏ, ਮਿਲੇ, ਯਥਾ- ਗਰਬੁ ਨਿਵਾਰਿ ਸਮੇਉ।

**ਸਮੇਟਿਆ** ਪੰ. ਇਕਠਾ ਕੀਆ।

**ਸਮੇਟਿਆ** ਗੁ. ਲਯ ਕਰ, ਯਥਾ- ਦ੍ਰਿਸਟਿ ਸਮੇਟਿਆ। ਤਤ ਗਯਾਨ ਔ ਧਯਾਨ ਸੇ ਦ੍ਰਿਸ਼੍ਯ ਕੋ ਲਯ ਕਰ। ਪੰ. ਇਕਤ੍ਰ ਕੀਆ, ਜੈਸੇ- ਬਸਤ੍ਰ ਸਮੇਟਿਆ।

**ਸਮੇਤਿ** ਦੇ. ਸਹਿਤ, ਯਥਾ- ਲੂਟੀ ਲੰਕਾ ਸੀਸ ਸਮੇਤਿ। ਰਾਵਣ ਕੇ ਸੋਖ।

**ਸਮੋਇ** ਗੁ. ਮਿਲਾਇ ਕੇ, ਯਥਾ- ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।

**ਸਮੋਇ** ਪੰ. ਸਮਾਵੇ, ਯਥਾ- ਜੇ ਗੁਰ ਗਿਆਨੁ ਸਮੋਇ।

**ਸਮੋਈ** ਪੰ. ਮਿਲੀ, ਸਮਾਈ।

**ਸਯਾਲ** ਸੰ. ਸਾਲਾ, ਪਤਨੀ ਕਾ ਭ੍ਰਾਤਾ। ਪੰ. ਸੀਤ ਕੀ ਰਿਤੁ ; ਜੰਬੁਕ, ਸ੍ਰਿੰਗਾਲ।

**ਸਰ** ਸੰ. ਤਲਾਵ, ਯਥਾ- ਅੰਮ੍ਰਿਤ ਪ੍ਰਵਾਹ ਸਰਿ। ਅਮ੍ਰਿਤ ਕੇ ਪ੍ਰਵਾਹ ਕੇ ਆਪ ਸਰੋਵਰ ਹੋ। ਜਲ ; ਲਵਣ ; ਮਖਣ ; ਬਾਣ ; ਨਿਰਝਰ ; ਭੇਦਨ ; ਗਮਨ, ਯਥਾ- ਸਰ ਅਪਸਰ ਕੀ ਸਾਰ ਨ ਜਾਣਹਿ। ਗਮਨ ਕੇ ਔ ਨਾ ਗਮਨ ਕੇ ਯੋਗਯ ਥਾਨ ਨਹੀਂ ਜਾਨਾ। ਗੁ. ਤੁਲਯ, ਯਥਾ- ਰਾਮ ਨਾਮ ਸਰਣਾਈ। ਸਿਰ, ਯਥਾ- ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ।

**ਸਰ ਜਾਲਿ** ਵਾ. ਮਨ ਮਾਯਾ ਰੂਪ ਜਾਲ ਮੇਂ ਬਾਂਧਾ ਸੰਸਾਰ ਰੂਪ ਸਰ- ਸਮੁਦ੍ਰ ਮੇਂ ਹੀ ਰਹਤਾ ਹੈ।

**ਸਰਸ** ਸੰ. ਆਨੰਦ ਕੀ, ਯਥਾ- ਰੁਤਿ ਆਈਲੇ ਸਰਸ ਬਸੰਤ ਮਾਹਿ। ਸਮਾ ਆਯਾ ਹੈ ਆਨੰਦ ਕਾ ਬਸੰਤ। ਪੁਨਾ- ਸਰਸੇ ਪਿਤਾ ਮਾਤ ਥੀਵਿਆ। ਆਨੰਦ ਮਾਤਾ ਪਿਤਾ ਹੂਏ। ਮਧੁਰਾਦਿ ਰਸੋ ਵਾਲੇ ਪਦਾਰਥ ; ਸਦ੍ਰਿਸ, ਜੈਸੇ- ਸਾਧ ਚਰਿਤ ਸੁਭ ਸਰਸ ਕਪਾਸੂ। ਅਧਿਕ ਮੇ, ਜੈਸੇ- ਭੇਦਨ ਲਖੇ ਸਰਸ ਮੇ ਕੋਊ।

**ਸਰਸਹਜ** ਗੁ. ਸਾਂਤਿ ਕਾ ਸਰੋਵਰ।

**ਸਰਸਨ** ਗੁ. ਹਸ੍ਯਾਦਿ ਅੰਗ ਸੰਤੋਂ ਕੀ ਸੇਵਾ ਸੇ ਪ੍ਰਸੰਨ ਹੋਤੇ ਹੈ, ਯਥਾ- ਦਰਸਨ ਪਰਸਨ ਸਰਸਨ ਹਰਸਨ।

**ਸਰਸਿਅੜੇ** ਪੰ. ਅਧਿਕ ਹੋਤੇ ਭਏ, ਯਥਾ- ਸਰਸਿਅੜੇ ਸਰਸਿਅੜੇ। ਤਨ ਮਨ ਬ੍ਰਿਧੀ ਕੋ ਪ੍ਰਾਪਤ ਹੋ ਗਏ।

**ਸਰਸਿਜ** ਸੰ. ਕਮਲ।

**ਸਰਸੀ** ਪੰ. ਪ੍ਰਾਪ੍ਤ ਹੋਵੇਗਾ, ਯਥਾ- ਮਨ ਸਰਸੀ ਕਾਜ।

**ਸਰਕਾਰ** ਫਾ. ਕਚਹਰੀ ਪਾਤਸਾਹੀ ਮਜਾਜਨ ਅਰਥਾਤ ਗੌਣ ਸੇ ਹਾਕਮ ਕਾ ਨਾਮ ਸਰਕਾਰ ਹੈ ; ਸਿਰ ਪੈ ਕਾਰ ਵਾਲੇ, ਯਥਾ- ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ।

**ਸਰਗੁਨੁ** ਪੰ. ਗੁਣ ਸਹਿਤ, ਯਥਾ- ਨਿਰਗੁਨੁ ਆਪਿ ਸਰਗੁਨੁ ਭੀ ਓਹੀ। ਸੰ. ਸਗੁਣ।

**ਸਰੰਜਾਮਿ** ਫਾ. ਬਾਂਛਿਤ ਵਸਤੁ ਕੇ ਆਰੰਭ ਮੇਂ ; ਬਾਂਛਿਤ ਵਸਤੁ ਕੇ ਸੰਪਾਦਨ ਕਰਨ ਮੇਂ, ਯਥਾ- ਸਰੰਜਾਮਿ ਲਾਗੁ ਭਵਜਲ ਤਰਨ ਕੈ। ਸੰਪਾਦਨ ਮੇਂ ਲਗੋ ਸੰਸਾਰ ਕੇ ਤਰਨ ਕੇ ਸਾਧਨੋਂ ਕੇ।

**ਸਰਜੀਉ** ਗੁ. ਜੀਵਤੇ ਬਕਰੇ ਆਦਿਕ, ਯਥਾ- ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ। ਸੰ. ਸਜੀਵ।

**ਸਰਜੀਤੁ** ਦੇ. ਸਜਲ, ਚੁਹਚੁਹਾ ਪ੍ਰਸਿਧ, ਯਥਾ- ਸਰਜੀਤੁ ਸਬਾਇਆ।

**ਸਰਟ** ਸੰ. ਕਿਰਲਾ।

**ਸਰਣ ਸਰਣ** ਵਾ. ਵਾਰ ਵਾਰ ਤੁਹੀ ਆਸਰਾ ਹੈ ਕਹਤੇ ਜੋ ਆਏ ਹੈਂ।

**ਸਰਣਸੂਰ** ਵਾ. ਸਰਣਾਗਤੋਂ ਕੀ ਰੱਛਾ ਹੇਤ ਸੂਰਬੀਰ ਹੈਂ।

**ਸਰਣਾਈ** ਦੇ. ਸਰਨ ਪੜ, ਯਥਾ- ਗੁਰ ਸਰਣਾਈ ਉਬਰੇ।

**ਸਰਦੂਲ** ਦੇ. ਸ਼ੇਰ।

**ਸਰਧ** ਦੇ. ਸ੍ਰਧਾ, ਯਥਾ- ਸੇਜ ਵਿਛਾਈ ਸਰਧ ਅਪਾਰਾ। ਸ੍ਰਧਾ ਯੋਗ੍ਯ ਕੋ, ਯਥਾ- ਸਰਧਿ ਕਉ ਸਰਧਿਆ।

**ਸਰਧਾ** ਦੇ. ਬਿਸ੍ਵਾਸ, ਨਿਸਚਾ, ਯਥਾ- ਮੈ ਸਰਧਾ ਨਾਮਿ ਲਗਾਵੈਗੋ। ਮੇਰਾ ਬਿਸ੍ਵਾਸ ਨਾਮ ਮੇਂ ਲਗਾਵੇਗਾ।

**ਸਰਧਿ ਕਉ** ਗੁ. ਸਰਧਾ ਕਰਨੇ ਯੋਗ੍ਯ ਕੋ, ਯਥਾ- ਸਰਧਿ ਕਉ ਸਰਧਿਆ। ਸ੍ਰਧਾ ਕਰਨੇ ਯੋਗ੍ਯ ਕੋ ਅਰਥਾਤ ਸਰਧਾ ਕਰਨੇ ਯੋਗ੍ਯ ਮੇਂ ਸ੍ਰਧਾ ਕਰੀ ਹੈ।

**ਸਰਨਗੇ** ਪੰ. ਸਰਨ, ਯਥਾ- ਹਮ ਅਬ ਆਏ ਪ੍ਰਭ ਸਰਨਗੇ।

**ਸਰਨਭਾ** ਗੁ. ਸਰਨ, ਯਥਾ- ਹਮ ਪਰੇ ਹਾਰਿ ਤੁਮ ਸਰਨਭਾ।

**ਸਰਨਿ** ਦੇ. ਆਸਰਾ, ਯਥਾ- ਸਰਨਿ ਤੁਮਾਰੀ ਆਇਓ। ਪੁਨਾ- ਸਰਨਿ ਪਰੇ ਕੀ ਰਾਖੁ ਦਇਆਲਾ।

**ਸਰਪ** ਸੰ. ਪ੍ਰਸਿੱਧ ਵਿਖਧਰ ਜੀਵ, ਸਪ ; ਚਲਾ ਜਾਹੁ।

**ਸਰਪਰ** ਗੁ. ਸਰਬਥਾ, ਨਿਸਚੇ, ਯਥਾ- ਸਰਪਰ ਉਠੀ ਚਲਣਾ।

**ਸਰਫਾ** ਅ. ਫਾਇਦੇ ਕੀ ਨਿਗਾਹ ਸੇ ਖਰਚ ਥੋੜਾ ਕਰਨਾ ; ਬੁਖਲ, ਕ੍ਰਿਪਣਤਾ ; ਲਾਭ, ਨਫਾ ; ਫਰੇਬ ; ਬਹੁਤਾਯਤ ; ਫੁਰਸਤ, ਅਵਕਾਸ।

**ਸਰਬ** ਦੇ. ਸਭ ਮੇਂ, ਯਥਾ- ਸਰਬ ਨਿਵਾਸੀ ਸਦਾ ਅਲੇਪਾ। ਸਰਬ ਕੋ, ਯਥਾ- ਸਰਬੇ ਪਰਮਲੁ ਕਰਣਾ। ਸਭ ਕੋ ਸੁਗੰਧਿਤ ਭਾਵ ਸੁਭ ਕਰਨੇ ਵਾਲੀ।

**ਸਰਬ ਸਮਾਈ** ਵਾ. ਹੇ ਸਰਬ ਕੇ ਸਮਾਵਨ ਥਾਨ ਹਰੇ।

**ਸਰਬ ਸਾਸਤ੍ਰ** ਸੰ. ਖਟ ਸਾਸਤ੍ਰ।

**ਸਰਬ ਸਿਧਿ** ਸੰ. ਸਰਬ ਸਿੱਧੀਓਂ ਵਾਲਾ ਹਰਿ, ਯਥਾ- ਸਰਬ ਸਿਧਿ ਹਰਿ ਗਾਈਐ। ਸਰਬ ਸਿੱਧੀਆਂ ਵਾਲੇ ਹਰਿ ਕੋ ਗਾਯਨ ਕਰੀਯੇ। ਪੁਨਾ- ਸਰਬ ਸਿਧਿ ਹਰਿ ਗਾਈਐ।

**ਸਰਬ ਸੁਖ** ਗੁ. ਵਿਖਯਾਨੰਦ ਭਜਨਾਨੰਦਾਦਿ ਸੁਖੋ ਕਾ ਮੂਲ, ਯਥਾ- ਸਰਬ ਸੁਖ ਆਨੰਦ। ਨਿਖਲ ਸੁਖੋਂ ਕਾ ਮੂਲ ਬ੍ਰਹਮਾਨੰਦ।

**ਸਰਬ ਸੁਖਾ ਸੁਖ** ਦੇ. ਨਿਖਲ ਸੁਖੋਂ ਕਾ ਮੂਲ ਬ੍ਰਹਮਾਨੰਦ।

**ਸਰਬ ਕਲਾ** ਸੰ. ਗੀਤ ਵਾਦਜਾਦਿਕ ਚੌਹਟ ਕਲਾ ਲੇ, ਯਥਾ- ਸਰਬ ਕਲਾ ਲੇ ਆਪੇ ਰਹੈ।

**ਸਰਬ ਗੁਨਾ** ਸੰ. ਬਿਬੇਕਾਦਿਕ ; ਦਯਾਲੁਤਾ ਭਕ੍ਤ ਬਤਸਲਤਾਦਿ, ਯਥਾ- ਸਰਬ ਗੁਨਾ ਨਿਧਿ ਰਾਇਓ।

**ਸਰਬ ਧਾਰ** ਸੰ. ਸਰਬ ਕੋ ਧਾਰਨ ਕਰਨੇ ਵਾਲਾ, ਯਥਾ- ਸਰਬ ਧਾਰ ਸਰਬ ਕੇ ਨਾਇਕ।

**ਸਰਬ ਭੁਖ** ਦੇ. ਨਿਖਲ ਵਿਖਯੋਂ ਕੀ ਅਰਥਾਤ ਲੋਕ ਪਰਲੋਕ ਕੇ ਸਰਬ ਪਦਾਰਥੋਂ ਕੀ ਵਾਸਨਾ।

**ਸਰਬ ਰੀ** ਗੁ. ਸਰਬ ਕੀ, ਯਥਾ- ਸਰਬ ਰੀ ਪ੍ਰੀਤਿ ਪਿਆਰੁ।

**ਸਰਬਸੁ** ਦੇ. ਸਮਗ੍ਰ ਧਨਾਦਿ, ਯਥਾ- ਸਰਬਸੁ ਦੀਜੈ ਅਪਨਾ ਵਾਰੇ। ਈਹਾ ਸ੍ਵ ਕੇ ਥਾਨ ਮੇ ਅੰਤ ਕਾ ਸ ਹੈ ਸ੍ਵ ਪਦ ਕੇ- ੧. ਆਪ, ੨. ਅਪਨੀ ਚੀਜ, ੩. ਜਾਤੀ, ੪. ਧਨ, ਚਾਰ ਅਰਥ ਹੈਂ ਯਾਂਤੇ ਸਰਬ ਸ੍ਵ ਪਦ ਸੇ ਅਪਨਾ ਆਪ ਅਪਨੀ ਜਾਤਿ ਅਪਨੀ ਚੀਜਾ ਧਨ ਇਨ ਸਭ ਕਾ ਗ੍ਰਹਣ ਹੈ। ਸਰਬ ਸ੍ਵ ਕਾ ਵਾਰਨਾ ਇਨ ਸਭ ਕਾ ਅਰਪਨ ਕਰਨਾ ਹੈ ਜੈਸੇ ਬਲਿ ਨੇ ਵਾਮਨ ਕੋ ਅਰਪਨ ਕੀਆ ਸਰਬਸੋ, ਯਥਾ- ਸਰਬਸੋ ਗੋਬਿੰਦ। ਹਮਾਰਾ ਸਰਬ ਸ੍ਵ ਗੋਪਾਲ ਹੈ। ਸੰ. ਸਰਬਸ੍ਵ।

**ਸਰਬਗ** ਸੰ. ਸਰਬ ਕੋ ਜਾਨਨੇ ਵਾਲਾ।

**ਸਰਬੰਗਨਾ** ਗੁ. ਸਰਬੱਗ, ਯਥਾ- ਏਕੁ ਰਵਿਆ ਸਰਬੰਗਨਾ।

**ਸਰਬੰਗਾ** ਗੁ. ਪ੍ਰਮੇਸ੍ਵਰ ਕੇ ਸਰਬ ਅੰਗੋਂ ਕੀ, ਯਥਾ- ਮੈ ਗਣਤ ਨ ਆਵੈ ਸਰਬੰਗਾ। ਪ੍ਰਮੇਸ੍ਵਰ ਕੇ ਮੁਖ ਨਾਸਕਾਦਿ ਅੰਗੋਂ ਕੀ।

**ਸਰਬਤ** ਪੰ. ਸਰਬਤ੍ਰ, ਯਥਾ- ਹਰਿ ਭਗਤਾ ਕਾ ਮੇਲੀ ਸਰਬਤ। ਸਰਬ ਥਾਨੋਂ ਮੇਂ।

**ਸਰਬਤ੍ਰ ਰਮਣੰ** ਵਾ. ਸਰਬਤ੍ਰ ਰਮੇ ਕੋ, ਯਥਾ- ਸਿਮਰੰਤਿ ਸੰਤ ਸਰਬਤ੍ਰ ਰਮਣੰ।

**ਸਰਬਰ** ਦੇ. ਬਰਾਬਰੀ, ਯਥਾ- ਰਾਵਨ ਸੇਤੀ ਸਰਬਰ ਹੋਈ। ਪੁਨਾ- ਸਰਬਰ ਕਉ ਕਾਹਿ ਜੀਉ।

**ਸਰਬਾਸਾ** ਸੰ. ਨਿਖਲ ਤ੍ਰਿਸਨਾ।

**ਸਰਬਾਗਿ** ਗੁ. ਸਰਬੱਗ, ਯਥਾ- ਕਰਹੁ ਤਪਾਵਸੁ ਪ੍ਰਭ ਸਰਬਾਗਿ।

**ਸਰਬਾਗਿਓ** ਗੁ. ਸਰਬੱਗ ; ਸਰਬ ਕੋ ਜਾਨਨੇ ਵਾਲਾ।

**ਸਰਬੇਸ** ਦੇ. ਪ੍ਰਮੇਸ੍ਵਰ।

**ਸਰਭ** ਸੰ. ਸੇਰ ਕਾ ਸਤ੍ਰੁ ਜੀਵ ਇਸੀ ਕਾ ਨਾਮ ਗ੍ਰੰਥ ਜੀ ਮੇਂ ਸਿਆਰ ਲਿਖਾ ਹੈ।

**ਸਰਮ** ਅ. ਲੱਜਾ, ਯਥਾ- ਰਾਖਹੁ ਸਰਮ ਅਸਾੜੀ ਜੀਉ। ਪੁਨਾ- ਸਰਮੁ ਧਰਮੁ ਦੁਇ ਛਪਿ ਖਲੋਏ। ਸੰ. ਪਰਿਸ੍ਰਮ, ਯਥਾ- ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ। ਸੰ. ਸ੍ਰਮ।

**ਸਰਮਾ** ਸੰ. ਬ੍ਰਾਹਮਣ।

**ਸਰਮਾ** ਸੰ. ਕੁੱਤੀ, ਜੈਸੇ- ਸਰਮਾ ਪੈਠ ਕਰੇ ਦਧ ਪਾਨ।

**ਸਰਮਿੰਦਾ** ਫਾ. ਲਜਿਤ, ਲਜਾ ਵਾਲਾ, ਯਥਾ- ਮਤੁ ਸਰਮਿੰਦਾ ਥੀਵਹੀ।

**ਸ੍ਰਮੁ** ਸੰ. ਖੇਚਲ, ਯਥਾ- ਮਾਇਆ ਕਾਰਨਿ ਸ੍ਰਮੁ ਅਤਿ ਕਰੈ।

**ਸਰਲ** ਸੰ. ਸੀਧਾ। ਪੰ. ਯਾਦ ਅਰਥਾਤ ਬਿਨਾ ਅਟਕ ਸੁਧ ਪਾਠ, ਜੈਸੇ- ਇਸ ਕੋ ਗ੍ਰੰਥ ਜੀ ਸਰਲ ਹੈ।

**ਸ੍ਰਵਨਿ** ਦੇ. ਕਾਨ, ਯਥਾ- ਸ੍ਰਵਨਿ ਨ ਸੁਰਤਿ। ਨਾ ਕੰਨ ਹੈਂ ਨਾ ਗਿਆਤ ਹੈ। ਸੁਣਨਾ ਗ੍ਰੰਥੋਂ ਕਾ ; ਉਪ ਕ੍ਰਮ ਉਪ ਸੰਹਾਰਾਦਿ ਚਿੰਨੋਂ ਸੇ ਏਕ ਵਸਤੁ ਮੇਂ ਸਰਬ ਬਚਨੋਂ ਕੇ ਤਾਤਪਰਯ ਕਾ ਨਿਰਣਯ ਕਰਨਾ। ਸੰ. ਸ੍ਰਵਣੰ।

**ਸ੍ਰਵਨੁ** ਦੇ. ਕਾਨ। ਸੰ. ਸ੍ਰਵਨ। ਸਰਵਨੁ, ਯਥਾ- ਨੈਨੁ ਨਕਟੁ ਸ੍ਰਵਨੁ ਰਸਪਤਿ।

**ਸਰਵਰੁ** ਦੇ. ਤਲਾਵ ; ਸਮੁੰਦ੍ਰ, ਯਥਾ- ਤੂ ਸਰਵਰੁ ਤੂ ਹੰਸੁ। ਉਪਦੇਸ ਦਾਤਾ ਗੁਰੁ ਭੀ ਤੂੰ ਹੈ। ਲੇਨੇ ਵਾਲਾ ਸਿਖ੍ਯ ਭੀ ਤੂੰ ਹੈ ਯਹ ਅਨਜੋਕ੍ਤੀ ਹੈ। ਪੁਨਾ- ਸੋਈ ਸਰਵਰੁ ਢੂਢਿ ਲਹੁ। ਅ. ਸਰਦਾਰ, ਜੈਸੇ- ਸਰਵਰੇ ਕਾਯਨਾਤ।

**ਸਰਾ** ਗੁ. ਧਰਮ ਕਾ ਰਸਤਾ, ਯਥਾ- ਸਰਾ ਸਰੀਅਤਿ ਲੇ ਕੰਮਾਵਹੁ।

**ਸਰਾਇ** ਫਾ. ਬਡੇ ਮੁਸਾਫਰਖਾਨੇ ਮੇ, ਯਥਾ- ਸੁਬਹ ਨਿਵਾਜ ਸਰਾਇ ਗੁਜਾਰਉ।

**ਸਰਾਇਚੇ** ਫਾ. ਕਨਾਤਾਂ, ਯਥਾ- ਸਰਾਇਚੇ ਲਾਲਤੀ। ਬਡੀ ਕਨਾਤਾਂ ਅਤਲਸ ਕੀ ਜੋ ਤੰਬੂ ਕੇ ਗਿਰਦ ਲਗਾਈ ਜਾਤੀ ਹੈਂ ; ਛੋਟਾ ਸਾ ਘਰ।

**ਸਰਾਇਰਾ** ਗੁ. ਸੀਧਾ, ਯਥਾ- ਸਿੰਮਲ ਰੁਖੁ ਸਰਾਇਰਾ। ਸੰ. ਸਰਲ।

**ਸਰਾਈ** ਦੇ. ਮੁਸਾਫਰ ਸ੍ਰੂਪ ਜੀਵੋ ਕੇ ਵਾਸ ਥਾਨ ਦੋਨੋ ਲੋਕੋਂ ਮੇ, ਯਥਾ- ਦੁਹੀ ਸਰਾਈ।

**ਸਰਾਹ** ਦੇ. ਸਲਾਹ ਕੇ।

**ਸ੍ਰਾਧ** ਸੰ. ਪਿਤਰੋਂ ਕੇ ਤਾਈਂ ਸ੍ਰਧਾ ਕਰ ਦੇਨੇ। ਯੋਗ੍ਯ ਅੰਨ ਜਲਾਦਿਕ। ਇਸ ਸ੍ਰਾਧ ਸੇ ਪਿਤਰ ਐਸੇ ਤ੍ਰਿਪਤ ਹੋਤੇ ਹੈਂ ਜੈਸੇ ਯੱਗ੍ਯ ਕੇ ਅੰਨਾਦਿਕੋਂ ਸੇ ਦੇਵਤਾ ਤ੍ਰਿਪਤ ਹੋਤੇ ਹੈਂ। ਔਰ ਤ੍ਰਿਪਤ ਹੋ ਕਰ ਪੁਤ੍ਰਾਦਿਕੋਂ ਕੋ ਤੈਸੇ ਫਲ ਦੇਤੇ ਹੈਂ ਜੈਸੇ ਯੱਗ ਕਰਤਾ ਕੋ ਦੇਵਤੇ ਦੇਤੇ ਹੈਂ। ਯਾਤੇ ਸ੍ਰਾਧ ਕਾ ਕਰਨਾ ਸਫਲ ਹੈ ਇਸ ਪ੍ਰਕਾਰ ਰਿਖਿਓਂ ਕੇ ਬਚਨੋਂ ਕੇ ਅਨੁਸਾਰ ਸ੍ਰਾਧ ਕਰਨੇ ਵਾਲੇ ਕਹਤੇ ਹੈਂ। ਪਰੰਤੂ ਸ੍ਰਾਧ ਕੋ ਨਿਸਫਲ ਸਿਧ ਕਰਨੇ ਵਾਲੇ ਪੁਰਖੋਂ ਕੀ ਯੁਕ੍ਤੀਓਂ ਸੇ ਸ੍ਰਾਧ ਕਰਮ ਸਫਲਾ ਨਹੀਂ ਸਿਧ ਹੋਵੇ ਸੋਈ ਦਿਖਾਵੇ ਹੈਂ। ਇੰਦ੍ਰਾਦਿਕ ਦੇਵਤਾ ਸਰਬਗ੍ਯ ਹੈਂ। ਬਡੀ ਸਮਰਥ ਵਾਲੇ ਹੈਂ। ਚੇਤਨ ਹੈਂ ਯਾਤੇ ਮੰਤ੍ਰੋਂ ਸੇ ਬੁਲਾਏ ਯੱਗ ਥਾਨ ਮੇਂ ਪ੍ਰਗਟ ਹੋ ਕਰ। ਯੱਗ ਮੇਂ ਦੀਏ ਪਦਾਰਥ ਕੇ ਦਰਸਨ ਸੇ ਤ੍ਰਿਪਤ ਹੋ। ਯਜਮਾਨ ਕੋ ਬਾਂਛਤ ਫਲ ਦੇਵੇ ਹੈਂ। ਤੈਸੇ ਪਿਤਰ ਨਹੀਂ ਦੇ ਸਕੇਂ। ਕਾਹੇ ਤੇ ਸ੍ਰਾਧ ਕੇ ਠਿਕਾਨੇ ਦੇਵਨ ਵਤ ਪਿਤਰ ਆਵੇ ਹੈਂ ਵਾ ਪਿਤਰੋਂ ਹੇਤ ਦੀਆ ਅੰਨ ਮੰਤ੍ਰ ਕੇ ਬਲ ਸੇ ਪਿਤਰੋਂ ਪਾਸ ਪਹੁਚੇ ਹੈ। ਇਨ ਮੇਂ ਦੇਵਨ ਵਤ ਸ੍ਰਾਧ ਥਾਨ ਮੇਂ ਪਿਤਰ ਆਵੇ ਹੈਂ। ਪਹਲਾ ਮਾਨੇ ਸੋ ਬਨੇ ਨਹੀਂ। ਕਾਹੇ ਤੇ ਅਪਨੇ ਅਪਨੇ ਕਰਮੋਂ ਕੇ ਅਨੁਸਾਰ ਪਸੁ ਪੰਖੀ ਮ੍ਰਿਗਾਦਿ ਜੂਨੋਂ ਮੇਂ ਪ੍ਰਾਪਤ ਭਏ ਪਿਤਰ ਸ੍ਰਾਧ ਥਾਨ ਸੇ ਦੂਰ ਦੇਸੋਂ ਮੇਂ ਥਿਤ ਹੈ ਅਧਿਕ ਸਕਤੀ ਸੇ ਰਹਿਤ ਹੈਂ ਯਾਤੇ ਮੰਤ੍ਰ ਮਾਤ੍ਰ ਸੇ ਬੁਲਾਏ ਸਮਰਥ ਦੇਵਨ ਵਤ ਆਇ ਨਹੀਂ ਸਕੇਂ। ਆਵੇ ਤੋ ਜੈਸੇ ਪੰਚਮੀ ਖਾਣ ਕੇ ਦੇਵਤਾ ਹਮਾਰੇ ਇੰਦ੍ਰਯੋਂ ਕੇ ਅਵਿਖਯ ਹੈਂ। ਤੈਸੇ ਚਾਰ ਖਾਣੋਂ ਕੇ ਅੰਦਰ ਪਸੁ ਆਦਿ ਸਰੀਰੋਂ ਵਾਲੇ ਪਿਤਰ। ਹਮਾਰੇ ਇੰਦ੍ਰਯੋਂ ਕੇ ਅਵਿਖਯ ਨਹੀਂ। ਯਾਤੇ ਦਿਖਾਈ ਪੜਨੇ ਚਾਹੀਏਂ ਔ ਦੀਖਤੇ ਕਾਹੂ ਕੋ ਨਹੀਂ ਬਿਨਾ ਦਿਖਾਈ ਪੜੇ ਭੀ ਹਠ ਸੇ ਆਏ ਮਾਨੋ। ਤਬ ਆਇ ਕਰ ਖਾਨੇ ਬਿਨਾ। ਦੇਵਨ ਸਮਾਨ ਪਿਤਰੋਂ ਕੀ ਪਦਾਰਥ ਕੇ ਦਰਸਨ ਮਾਤ੍ਰ ਸੇ ਤ੍ਰਿਪਤੀ ਨਹੀ ਹੋਵੇ। ਤ੍ਰਿਪਤ ਹੁਏ ਬਿਨਾ ਪ੍ਰਸੰਨ ਨਾ ਹੋਨੇ ਸੇ ਫਲ ਨਹੀਂ ਦੇਵੇਂਗੇ। ਕਿੰਚ ਪਸੁ ਆਦਿ ਜੂਨੋਂ ਮੇਂ ਪ੍ਰਾਪਤ ਭਏ ਅਸਮਰਥ ਪਿਤਰ ਫਲ ਦੇਨੇ ਕੋ ਸਮਰਥ ਭੀ ਨਹੀਂ। ਯਾਤੇ ਸ੍ਰਾਧ ਦੇਸ ਮੇਂ ਦੇਵਨ ਵਤ ਪਿਤਰ ਆਵੇ ਹੈਂ। ਯਹ ਪਹਲਾ ਪਖ ਨਾ ਬਨੇ। ਸ੍ਰਾਧ ਮੇਂ ਦੀਆ ਅੰਨ ਪਿਤਰੋ ਪਾਸ ਪਹੁਚੇ ਹੈਂ। ਯਹ ਦੂਸਰਾ ਮਾਨੋ ਸੋ ਭੀ ਨਹੀਂ ਬਨੇ। ਕਾਹੇ ਤੇ ਸ੍ਰਾਧ ਕੇ ਪੂੜੇ ਆਦਿ ਪਦਾਰਥ ਜੜ ਹੈਂ। ਲੇ ਜਾਨੇ ਵਾਲੇ ਚੇਤਨ ਬਿਨਾ ਆਪ ਕਹੀ ਜਾਇ ਨਹੀ ਸਕੇਂ। ਪੁਨਾ। ਜੈਸੇ ਟਿਕਾਏ ਜਾਤੇ ਹੈਂ। ਤੈਸੇ ਹੀ ਉਸ ਥਾਨ ਮੇਂ ਪੜੇ ਦਿਖਾਈ ਦੇਤੇ ਹੈਂ। ਯਾਤੇ ਪਿਤਰੋਂ ਪਾਸ ਜਾਨਾ ਕਹ ਭੀ ਨਹੀਂ ਸਕੇਂ। ਨਾ ਗਏ ਤ੍ਰਿਪਤ ਹੋ ਪ੍ਰਸੰਨ ਹੂਏ ਬਿਨਾ ਫਲ ਨਹੀਂ ਦੇ ਸਕੇਂ। ਜੇਕਰ ਕਹੋ ਉਤਮੋਂ ਕੇ ਖੁਲਾਨੇ ਸੇ ਉਨ ਕੀ ਤ੍ਰਿਪਤੀ ਹੋਤੀ ਹੈ ਸੋ ਭੀ ਨਹੀ ਬਨੇ ਕਾਹੇ ਤੇ ਜੋ ਖਾਵੇ ਸੋ ਤ੍ਰਿਪਤ ਹੋਵੇ ਯਹ ਨੇਮ ਹੈ। ਯਾਤੇ ਉਤਮੋਂ ਕੋ ਖਲਾਨੇ ਸੇ ਵਹੀ ਤ੍ਰਿਪਤ ਹੋਵੇ ਹੈਂ। ਉਨ ਕੋ ਭੋਜਨ ਕਰਾਨੇ ਸੇ ਪਿਤਰੋਂ ਕੀ ਤ੍ਰਿਪਤੀ ਨਹੀਂ ਬਨੇ। ਕਿੰਚ ਸ੍ਰਾਧ ਕੇ ਅੰਨ ਸੇ ਪਿਤਰੋਂ ਕੀ ਤ੍ਰਿਪਤੀ ਨਾ ਹੋਨੇ ਮੇਂ ਯੇ ਭੀ ਕਾਰਣ ਹੈ। ਜੇਕਰ ਉਤਮ ਕਰਮ ਕੇ ਪ੍ਰਤਾਪ ਸੇ ਪਿਤਰ ਦੇਵ ਯੋਨੀ ਮੇਂ ਹੈਂ। ਤਬ ਅਮ੍ਰਿਤ ਕੇ ਦਰਸਨ ਸੇ ਤ੍ਰਿਪਤ ਭਏ ਸ੍ਰਾਧ ਕੇ ਪੂੜੇ ਪੂਰੀ ਨਹੀ ਚਾਹੇਂ। ਪਸੁ ਯੋਨੀ ਗਤ ਹੈਂ ਤਬ ਅਧਿਕ ਤ੍ਰਿਣੋਂ ਸੇ ਤ੍ਰਿਪਤ ਹੋਨੇ ਵਾਲੇ। ਅਲਪ ਅੰਨ ਜਲ ਸੇ ਤ੍ਰਿਪਤ ਨਹੀਂ ਹੋ ਸਕੇਂ। ਸਿੰਘਾਦਿ ਯੋਨੀ ਮੇਂ ਹੈਂ। ਮਾਸ ਬਿਨਾ ਆਨ ਅਹਾਰ ਨਹੀਂ ਚਾਹੇਂ। ਨਾ ਖਾਏ ਤ੍ਰਿਪਤ ਹੋ ਪ੍ਰਸੰਨ ਹੁਏ

ਬਿਨਾ ਫਲ ਨਹੀਂ ਦੇ ਸਕੇਂ ਅਰ ਸਾਮਰਥਹੀਨ ਹੋਨੇ ਸੇ ਫਲ ਦੇਨੇ ਕੋ ਸਮਰਥ ਭੀ ਨਹੀਂ। ਇਸ ਕਹਨੇ ਸੇ ਜੋ ਮਾਰਕੰਡੇ ਰਿਖਿ ਕੇ ਬਚਨੋਂ ਮੇਂ ਪੂਰਬ ਕਹੀ ਆਸੰਕਾ ਕੇ ਸਮਾਧਾਨ ਲਿਖੇ ਹੈਂ। ਸੋ ਭੀ ਸਿਥਲ ਹੂਏ ਜਾਨੋ। ਮਾਰਕੰਡੇ ਰਿਖਿ ਲਿਖਤੇ ਹੈਂ ਜੈਸੇ ਅਨੇਕ ਗਊਓਂ ਮੇ ਬਛਰਾ ਅਪਨੀ ਮਾਤਾਂ ਕੋ ਖੋਜ ਲੇਤਾ ਹੈ। ਤੈਸੇ ਨਾਮ ਗੋਤ ਉਚਾਰ ਕਰ ਦੇਵਤਿਓਂ ਕੋ ਦੀਏ ਹਬਜ[1] ਵਤ ਮੰਤ੍ਰ ਸੇ ਦੀਆ ਕਬਜ[2] ਪਿਤਰੋਂ ਕੋ ਖੋਜ ਲੇਤਾ ਹੈ। ਖੋਜ ਕੇ ਇਸ ਰੀਤਿ ਸੇ ਤ੍ਰਿਪਤ ਕਰਤਾ ਹੈ ਜੇਕਰ ਸ੍ਰੇਸ੍ਟ ਕਰਮ ਅਨੁਸਾਰ ਪਿਤਰ ਦੇਵ ਯੋਨਿ ਮੇਂ ਹੈਂ। ਤਬ ਸ੍ਰਾਧ ਕਾ ਅੰਨ ਅਮ੍ਰਿਤ ਬਨ ਤ੍ਰਿਪਤ ਕਰਤਾ ਹੈ ਦੈਤਜ ਹੈਂ ਤਬ ਮਾਸ ਬਨ ਤ੍ਰਿਪਤ ਕਰਤਾ ਹੈ, ਪਸੂ ਹੋਵੇ ਤ੍ਰਿਣ, ਨਾਗ ਹੋਵੇਂ ਪੌਣ ਬਨ, ਪ੍ਰੇਤ ਹੋਵੇ ਰੁਧਿਰ ਬਨ ਤ੍ਰਿਪਤਿ ਕਰਤਾ ਹੈ। ਮਨੁਖ ਹੋਵੇਂ ਅੰਨ ਬਨ ਕਰਤਾ ਹੈ। ਐਸੇ ਮੰਤ੍ਰ ਕੇ ਬਲ ਸੇ ਅੰਨ ਕੋ ਦੂਰ ਦੇਸ ਮੇਂ ਲੇ ਜਾਨਾ ਔ ਕਰਮ ਕੇ ਅਧੀਨ ਜਿਸ ਯੋਨੀ ਮੇਂ ਹੋਵੇਂ ਤਿਨ ਕੇ ਭੋਜਨ ਯੋਗਜ ਬਨਾ ਦੇਨਾ ਰਿਖਿ ਕੇ ਬਚਨ ਸੇ ਕਲਪਨਾ ਕਰੇ ਹੈਂ। ਸੋ ਭੀ ਵਿਚਾਰ ਕੀਏ ਕਲਪਨਾ ਅਛੀ ਨਹੀ ਸਿਧ ਹੋਵੇ ਕਾਹੇ ਤੇ ਜੈਸੇ ਅੰਨ ਜੜ ਹੈ ਤੈਸੇ ਅਖਰ ਸ੍ਰੂਪ ਮੰਤ੍ਰ ਭੀ ਜੜ ਹੈਂ ਯਾਤੇ ਅਚੇਤਨ ਮੰਤ੍ਰ ਪਿਤਰੋਂ ਪਾਸ ਅੰਨ ਪਹੁਚਾਵੇ ਹੈਂ ਕਥਨ ਭੀ ਤਬੀ ਅਛਾ ਜਾਨੇ ਜਬ ਪਿਤਰੋਂ ਹੇਤ ਦੀਯਾ ਅੰਨ ਜੈਸਾ ਰਖਾ ਗਯਾ ਹੈ ਵੈਸਾ ਥਿਰ ਨਾ ਰਹੇ ਦੇਖਨੇ ਮੇਂ ਓਸਾ ਹੀ ਆਵੇ ਹੈ ਸ੍ਰੂਪ ਉਸ ਕਾ ਬਦਲਤਾ ਨਹੀਂ ਯਾਤੇ ਕੈਸੇ ਤਾ ਕਾ ਮੰਤ੍ਰ ਬਲ ਸੇ ਅਮ੍ਰਿਤਾਦਿ ਬਨ ਜਾਨਾ ਚਿਤ ਮੇਂ ਜਾਨ ਸਕੇਂ। ਇਸ ਬਿਚਾਰ ਸੇ ਯਹ ਸਾਰ ਨਿਕਸਾ ਰਿਖਿ ਕੇ ਬਚਨ ਸ੍ਰਾਧ ਮੰਤ੍ਰ ਕੀ ਉਸਤਤੀ ਕਰਨੇ ਸੇਂ ੧. ਅਰਥਵਾਦ[3] ਰੂਪ ਹੈਂ। ੨. ਪ੍ਰਮਾਣ[4] ਨਹੀਂ। ਯਹੀ ਭਾਵ ਸੇ- ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ। ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ। ਯਹ ਬਚਨ ਹੈ- ਜੀਵਤੇ ਪਿਤਰੋਂ ਕੀ ਸੇਵਾ ਕੋਈ ਨਹੀ ਕਰੇ ਮਰਿਓਂ ਕੀ ਤ੍ਰਿਪਤੀ ਹੇਤ ਸ੍ਰਾਧ ਕਰੇ ਹੈਂ। ਪਿਤਰ ਬਿਚਾਰੇ ਕਹੋ ਤਿਸ ਅੰਨ ਮੇਂ ਕਿਆ ਖਾ ਸਕੇ ਹੈਂ ਭਾਵ ਕੁਛ ਨਹੀਂ ਖਾਵੇਂ ਕੇਵਲ ਕਾਊ ਕੁੱਤੇ ਖਾਵੇ ਹੈਂ। ਯਹ ਬਚਨ ਜੀਵਤੇ ਪਿਤਰੋਂ ਕੀ ਸੇਵਾ ਕਰਨੀ ਉਪਦੇਸ ਕਰੇ ਹੈ। ਜੋ ਜੀਤੇ ਪਿਤਰੋਂ ਕੀ ਸੇਵਾ ਕਰੇ ਹੈ ਤਿਨ ਹੇਤ ਮਰਿਓਂ ਕੇ ਸ੍ਰਾਧ ਕਾ ਭੀ ਨਿਖੇਧ ਨਹੀਂ ਕਰੇ। ਕਾਹੇ ਤੇ ਜੇਕਰ ਗੁਰੂ ਬਚਨ ਕਾ ਮਰਿਓਂ ਕੇ ਸ੍ਰਾਧ ਕਾ ਨਿਖੇਧ ਕਹਿਨੇ ਮੇਂ ਭਾਵ ਹੋਵੇ ਤਬ ਰਾਮਕਲੀ ਰਾਗ ਕੇ ਸਦ ਬਾਣੀ ਮੇਂ ਜੋ- ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ। ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ। ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ। ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ। ਐਸੇ ਪਿੰਡੋਂ ਕੇ ਉਪਦੇਸ ਸੇ ਸ੍ਰਾਧ ਕੀ ਵਿਧਿ ਨਾ ਕਹਤੇ ਕਥੰ ਚਿਤ ਇਸ ਕਾ ਔਰ ਭਾਂਤ ਸੇ ਅਰਥ ਰਹੇ। ਮਾਝ ਵਾਰ ਕੇ ਪਚੀਸਵੇ ਸਲੋਕ ਮੇਂ ਜੈਨ ਮਤ ਕੀ ਨਿੰਦਾ ਵਿਖੇ- ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ। ਐਸੇ ਆਦਿ ਗੁਰੋਂ ਨੇ ਸ੍ਰਾਧ ਹੀਨੋਂ ਕੀ ਨਿੰਦਾ ਕਰਨੇ ਸੇ ਸ੍ਰਾਧ ਕਾ ਵਿਧਾਨ ਕੀਆ ਹੈ ਯਾਤੇ ਸ੍ਰਾਧ ਕਰਨਾ ਚਾਹੀਏ। ਪੂਰਬ ਲਿਖੀ ਸ੍ਰਾਧ ਕਰਮ ਕੀ ਹਾਨਿ ਕਰਨੇ ਵਾਲੀ ਯੁਕਤੀਯੋਂ ਕਾ ਇਸ ਰੀਤਿ ਸੇ ਨਿਰਾਕਰਣ ਹੈ। ਸ੍ਰਧਾ ਸੇ ਦੀਆ ਸ੍ਰਾਧ ਕਾ ਅੰਨ ਪਿਤਰੋਂ ਕੋ ਪਹੁਚੇ ਹੈਂ। ਸੋਈ ਦਿਖਾਵੇ ਹੈਂ ਜੀਵੋ ਕੇ ਨਿਖਲ ਕਰਮੋਂ ਕਾ ਸਾਖੀ ਈਸ੍ਵਰ ਹੈ। ਵਹੀ ਜਿਸ ਸੰਕਲਪ ਸੇ ਜੀਵ ਕਰਮ ਕਰੇ ਹੈਂ ਉਨ ਕੋ ਫਲ ਦੇਵੇ ਹੈਂ। ਯਹ ਵਾਰਤਾ ਗੀਤਾ ਮੇਂ ਸਪਸ੍ਟ ਹੈ। ਜੋ ਪੁਰਖ ਸ੍ਰਧਾ ਕਰ ਜਿਸ ਕੋ ਪੂਜਨ ਕਰਨਾ ਚਾਹੇ ਹੈ ਤਿਸ ਕੀ ਥਿਰ ਸ੍ਰਧਾ ਉਸ ਮੇਂ ਈਸ੍ਵਰ ਕਰੇ ਹੈ ਈਸ੍ਵਰ ਕੀ ਕਰੀ ਥਿਰ ਸ੍ਰਧਾ ਸੇ ਪੁਰਖ ਪੂਜੇ ਹੈ ਉਸ ਪੂਜਾ ਸੇ ਅਪਨੇ ਬਾਂਛਿਤ ਫਲ ਕੋ ਈਸ੍ਵਰ ਸੇ ਪਾਵੇ ਹੈ। ਯਾਤੇ ਸ੍ਰਾਧ ਕਰਨੇ ਵਾਲੇ ਕੇ ਪਿਤਰੋਂ ਕੀ ਤ੍ਰਿਪਤੀ ਔ ਸ੍ਰਾਧ ਕਰਤਾ ਕੋ ਬਾਂਛਿਤ ਫਲ ਈਸ੍ਵਰ ਦੇਵੇ ਹੈ। ਇਸ ਪਖ ਮੇਂ ਨ ਪਿਤਰੋਂ ਕੀ ਅੰਨ ਸਮੀਪ ਆਨੇ ਕੀ ਨਾ ਅੰਨ ਕੀ ਪਿਤਰੋਂ ਪਾਸ ਜਾਨੇ ਕੀ ਕਲਪਨਾ ਹੈ ਕਿੰਤੂ ਈਸ੍ਵਰ ਕੀ ਪ੍ਰਸੰਨਤਾ ਸੇ ਹੀ ਪਿਤਰੋਂ ਕੀ ਤ੍ਰਿਪਤੀ ਔ ਪੁਤ੍ਰ ਕੋ ਬਾਂਛਿਤ ਫਲ ਕਾ ਲਾਭ ਹੋਵੇ ਹੈ- ਅਥਵਾ ਜੈਸੇ ਨਰਾਦਿ ਨਾਮੋਂ ਕਾ ਨਾ ਦੇਹ ਅਰਥ ਹੈ ਨਾ ਜੀਵ ਅਰਥ ਹੈ ਕਿੰਤੁ ਦੇਹ ਸਹਤ ਜੀਵ ਅਰਥ ਹੈ ਤੈਸੇ ਪਿਤਾ ਪਿਤਾ ਮਹ ਪ੍ਰਪਿਤਾਮਹ ਪਦੋ ਕੇ ਭੀ ਬਸੁ ਰੁਦ੍ਰ ਅਦਿਤਜ ਸਹਿਤ ਪਿਤਾਦਿਕ ਨਹੀਂ। ਯਹ ਦੇਵਲ ਆਦਿ ਨੇ ਅਪਨੀ ਸਿਮ੍ਰਿਤੀ ਮੇਂ ਲਿਖਾ ਹੈ। ਯਾਤੇ ਜਬ ਸ੍ਰਾਧ ਕਾਲ ਮੇਂ ਪਿਤਾ ਪਿਤਾਮਹ ਪ੍ਰਪਿਤਾਮਹ ਕਾ ਨਾਮ ਲੇ ਕਰ ਸੰਕਲਪ ਕਰੇ ਹੈਂ ਤਬ ਪਿਤਾ ਆਦਿ ਸਬਦੋਂ ਕੇ ਅਰਥ ਬਸੁ ਆਦਿ ਸਰਬੱਗ ਦੇਵਤਾ ਤਤਕਾਲ ਸ੍ਰਾਧ ਦੇਸ ਮੇਂ ਆ ਕਰ ਸ੍ਰਾਧ ਕੇ ਅੰਨ ਕਾ ਦਰਸਨ ਕਰ ਤ੍ਰਿਪਤ ਹੋਵੇ ਹੈਂ ਔ ਆਪ ਤ੍ਰਿਪਤ ਹੋ ਸ੍ਰਾਧ ਕਰਤਾ ਕੇ ਪਿਤਾ ਕੋ ਪਹੁਚਾਵੇ ਹੈਂ ਔ ਸ੍ਰਾਧ ਕਰਤਾ ਕੋ ਬਾਂਛਿਤ ਫਲ ਐਸੇ ਦੇਵੇ ਹੈਂ ਜੈਸੇ ਅਪਨੇ ਪ੍ਰੇਮੀ ਕੇ ਦੀਏ ਪਦਾਰਥ ਕੇ ਭੋਜਨ ਸੇ ਗਰਭ ਵਾਲੀ ਇਸਤ੍ਰੀ ਆਪ ਤ੍ਰਿਪਤ ਹੋਤੀ ਗਰਭ ਕੋ ਭੀ ਤ੍ਰਿਪਤ ਕਰੇ ਹੈ ਅਰ ਭੋਜਨ ਦੇਨੇ ਵਾਲੇ ਅਪਨੇ ਪ੍ਰੇਮੀ ਕੋ ਆਨੰਦ ਕਰੇ ਹੈ। ਕਾਸੀ ਮਰਣਾਦਿ ਨਿਮਿਤ ਸੇ ਮੁਕ੍ਤ ਭਏ ਪਿਤਰੋਂ ਕੇ ਨਿਮਿਤ ਸ੍ਰਾਧ ਸੇ ਬਸੁ ਆਦਿਕ ਹੀ ਤ੍ਰਿਪਤ ਹੋ ਸ੍ਰਾਧ ਕਰਤਾ ਕੋ ਬਾਂਛਿਤ ਫਲ ਦੇਵੇ ਹੈਂ ਯਾਤੇ ਮੁਕਤੋਂ ਹੇਤ ਸ੍ਰਾਧ ਕਰਨਾ ਭੀ ਬਜਰਥ ਨਹੀਂ ਇਸ ਪੱਖ ਮੇਂ ਯੱਗ ਦੇਸ ਮੇਂ ਇੰਦ੍ਰਾਦਿਕੋਂ ਵਤ ਸ੍ਰਾਧ ਦੇਸ ਮੇਂ ਬਸੁ ਆਦਿਕ ਆਵੇ ਹੈ। ਵਹੀ ਕਰਤਾ ਕੋ ਫਲ ਦੇਵੇ ਹੈਂ। ਕੋਈ ਐਸੇ ਕਹੇ ਹੈਂ ਵੇਦ ਸਿਮ੍ਰਿਤੀ ਮੇਂ ਪਿਤਾ ਆਦਿ ਸਬਦੋਂ ਕੇ ਜੋ ਬਸੁ ਆਦਿਕ ਅਰਥ ਮਾਨੇ ਸੋ ਬਸੁ ਆਦਿ ਦੇਵਤਾ ਨਹੀਂ ਕਹੇ ਕਿੰਤੁ ਬਾਰਾ ਬਰਸ

---

੧. ਦੇਵਨ ਹੇਤ ਦਈ ਵਸਤੁ ਕਾ ਨਾਮ ਹਬਜ ਹੈ।
੨. ਪਿਤਰੋਂ ਹੇਤ ਦਈ ਵਸਤੁ ਕਾ ਨਾਮ ਕਬਜ ਹੈ।
੩. ਉਸਤਤਿ ਨਿੰਦਾ ਦੋਨੋ ਮੇਂ ਕਾਹੂ ਏਕ ਕਾ ਬੋਧਕ ਬਚਨ ਅਰਥਵਾਦ ਹੈ।
੪. ਸਚੇ ਅਰਥ ਕੋ ਕਹਣੇ ਵਾਲਾ ਬਚਨ ਪ੍ਰਮਾਣ ਹੈ।

ਵਿਦਯਾ ਪੜਾ ਬਸੁ ਚੌਵੀ ਬਰਸ ਪੜਾ ਰੁਦ੍ਰ ਛਤੀਸ ਬਰਸ ਪੜਾ ਆਦਿਤਯ ਹੈ। ਅਰਥਾਤ ਕ੍ਰਮ ਸੇ ਪਿਤਾ ਪਿਤਾਮਹ ਪ੍ਰਪਿਤਾਮਹ ਹੈਂ ਵਹੀ ਉਪਦੇਸ ਕਰਨੇ ਸੇ ਗੁਰੁ ਹੈਂ ਤਿਨ ਕੋ ਪ੍ਰੇਮ ਸੇ ਖੁਲਾਨਾ ਦੇਨਾ ਬਡਾ ਜਗਤ ਕਾ ਉਪਕਾਰ ਹੈ ਕਿਉਂਕੇ ਵਹੁ ਸੁਧਾ ਕਰ ਦੀਏ ਅੰਨ ਸੇ ਤ੍ਰਿਪਤ ਹੋ ਲੋਗੋਂ ਕੋ ਉਪਦੇਸ ਕਰੇਂਗੇ। ਲੋਗ ਸੁਭ ਮਾਰਗ ਪੜੇਂਗੇ। ਯਾਤੇ ਮਰਿਓਂ ਕੇ ਨਿਮਿਤ ਸ੍ਰਾਧ ਕਰਨਾ ਛੋੜ ਇਨ ਪਿਤਰੋਂ ਹੇਤ ਅਵਸਯ ਕਰਨਾ ਚਾਹੀਏ ਗੁਰੁ ਭੀ ਕਹੇ ਹੈਂ- ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ। ਇਤਿ। ਚਲੇ ਪ੍ਰਕਰਣ ਮੇਂ ਯਹ ਭੀ ਚਿੰਤਨ ਕੀਆ ਜਾਤਾ ਹੈ ਜੈਸੇ ਪਿਤਰ ਪੱਖ ਮੇਂ ਇਤਰ ਜੀਵੋਂ ਕੇ ਸ੍ਰਾਧ ਹੋਤੇ ਹੈਂ। ਤੈਸੇ ਪੂਰਬ ਹੁਏ ਅਵਤਾਰੋਂ ਕੇ ਕੋਈ ਪੁਰਖ ਸ੍ਰਾਧ ਕਰੇ ਨਹੀਂ ਨਾ ਸਮਾਪਤੀ ਦਿਨ ਮੇਂ ਉਤਸਵ ਕਰੇ ਹੈਂ। ਗੁਰੂ ਮਤ ਕੇ ਲੋਗ ਸਮਾਪਤੀ ਦਿਨ ਮੇਂ ਗੁਰੁ ਪੁਰਬ ਕਰਤੇ ਹੈਂ ਜਿਸ ਕਾ ਅਰਥ ਗੁਰੋਂ ਕੇ ਨਿਮਿਤ ਉਤਸਾਹ ਕਰਨਾ ਹੈ। ਦੂਸਰੇ ਪਿਤਰ ਪੱਖ ਮੇਂ ਗੁਰੋਂ ਕੇ ਸ੍ਰਾਧ ਕਰਤੇ ਹੈਂ ਜੋ ਮਰਿਓਂ ਕੇ ਨਿਮਿਤ ਦੇਨਾ ਹੋਤਾ ਹੈ ਸਾਥ ਹੀ ਪੂਰਬੋ ਵਤ ਪੂਰਨ ਅਵਤਾਰ ਮਾਨਤੇ ਹੈਂ ਮੁਖ ਸੇ ਨਾਨਕ ਗੁਰੁ ਗੋਬਿੰਦ ਸਿੰਘ ਪੂਰਨ ਹਰਿ ਅਵਤਾਰ ਪੜਤੇ ਹੈਂ ਯਾਤੇ ਸਭ ਆਗੇ ਨਿਵੇਦਨ ਹੈ ਜਬ ਗੁਰ ਅਵਤਾਰ ਹੈਂ ਤਬ ਸ੍ਰਾਧ ਕੇ ਦਿਨੋਂ ਮੇਂ ਇਨ ਕਾ ਸ੍ਰਾਧ ਅਰ ਜੋਤੀ ਜੋਤ ਸਮਾਵਨੇ ਕੇ ਸੋਕ ਦਿਨ ਮੇਂ ਗੁਰੁ ਪੁਰਬ ਨਾ ਕਰਨੇ ਚਾਹੀਏਂ ਉਤਸਾਹ ਕਰਨੇ ਕੀ ਇਛਾ ਵਾਲੇ ਜਨਮ ਦਿਨੋਂ ਕੇ ਅਰ ਸਿੰਘਾਸਨ ਬੈਠਨ ਕੇ ਦਿਨੋਂ ਕੇ ਕਰੇਂ ਉੱਚਿਤ ਹੈ।

**ਸਰਾਪਿ** ਦੇ. ਸ੍ਰਾਫ, ਯਥਾ- ਲਛਮਣੁ ਮੂਓ ਸਰਾਪਿ।

**ਸਰਾਫ** ਅ. ਚਾਂਦੀ ਸੋਨਾ ਪਰਖਨੇ ਵਾਲਾ, ਯਥਾ- ਨਦਰਿ ਸਰਾਫ ਵੰਨੀ ਸਚੜਾਉ। ਦੇ. ਦੁਰਾਸੀਸ, ਬਦ ਦੁਆ। ਸੰ. ਸਾਪ।

**ਸਰਾਫੀ** ਦੇ. ਪਰਖ ਵਾਲੀ, ਯਥਾ- ਐਸਾ ਸਾਹੁ ਸਰਾਫੀ ਕਰੈ।

**ਸਰਾਬ** ਅ. ਸੁਰਾ, ਮਦਰਾ।

**ਸ੍ਰਾਵਣੀ** ਸੰ. ਸ੍ਰਾਵਣ ਕੀ ਪੂਨਯਾ ਇਸ ਮੇਂ ਰਿਖੀਓਂ ਕਾ ਤਰਪਣ ਕਰ ਬ੍ਰਹਮਣ ਜਨੇਊ ਬਦਲਤੇ ਹੈਂ ਲੋਗੋਂ ਕੇ ਹਾਥੋਂ ਮੇਂ ਰਖੜੀ ਬਾਂਧਤੇ ਹੈ ਬ੍ਰਾਹਮਣੋਂ ਕਾ ਮੁਖਯ ਦਿਨ ਹੈ।

**ਸਰਿਓ** ਪੰ. ਪੂਰਾ ਹੂਆ, ਯਥਾ- ਮਨ ਰੇ ਸਰਿਓ ਨ ਏਕੈ ਕਾਜਾ।

**ਸ੍ਰਿਸਟਾ** ਦੇ. ਰਚਨੇ ਵਾਲਾ, ਯਥਾ- ਸ੍ਰਿਸਟਾ ਕਰੈ ਸੁ ਨਿਹਚਉ ਹੋਇ। ਰਚਨੇ ਵਾਲੇ ਕਾ, ਯਥਾ- ਸ੍ਰਿਸਟੇ ਭੇਉ ਨ ਜਾਣੈ ਕੋਇ। ਰਚਨਾ ਕਰਨੇ ਵਾਲੇ ਈਸ੍ਵਰ ਕੀ ਰਾਇ ਕੋ ਕੋਈ ਨਹੀਂ ਜਾਨਤਾ। ਸੰ. ਸ੍ਰਸ੍ਰਾ।

**ਸ੍ਰਿਸਟਿ** ਸੰ. ਰਚਨਾ ਸ੍ਰਿਸ੍ਰਿ ਵੇਦਾਦਿਕੋਂ ਮੇਂ ਨਾਨਾ ਭਾਂਤ ਸੇ ਲਿਖੀ ਹੈ ਜੈਸੇ ਵੇਦ ਮੇਂ ਕਹੀ ਪਾਂਚ ਤਤੋ ਸੇ ਕਹੀ ਤੀਨ ਤਤੋ ਸੇ ਕਹੀ ਹੈ। ਸਾਸਤ੍ਰੋਂ ਮੇਂ ਕਿਨਹੁ ਨੇ ਵੇਦ ਕੇ ਅਨੁਸਾਰ ਲਿਖੀ ਹੈ ਕਿਨਹੁ ਨੇ ਵਿਰੁਧ ਲਿਖੀ ਹੈ। ਜੈਸੇ ਨਯਾਯ ਵੈਸੇਖ ਸਾਸਤ੍ਰੋਂ ਮੇਂ ਪਰਮਾਣੂਓਂ ਸੇ ਸ੍ਰਿਸ੍ਰਿ ਮਾਨੀ ਹੈ ਸੋ ਵੇਦ ਮੇਂ ਨਹੀਂ ਲਿਖੀ ਮਿਲੇ। ਕ੍ਰਮ ਉਨਹੁ ਨੇ ਐਸਾ ਲਿਖਾ ਹੈ। ਜਬ ਈਸ੍ਵਰ ਜਗਤ ਰਚਨੇ ਕੀ ਇਛਾ ਕਰਤਾ ਹੈ ਤਬ ਪ੍ਰਮਾਣੂਓਂ ਮੇ ਕ੍ਰਿਆ ਹੋ ਕਰ ਦੋ ਦੋ ਪਰਮਾਣੂ ਮਿਲਤੇ ਹੈਂ ਉਨ ਕਾ ਨਾਮ ਦੁਅਣੁਕ ਹੈ। ਤੀਨ ਤੀਨ ਦੁਅਣੁਕ ਮਿਲ ਕੇ ਬਨਿਓਂ ਕਾ ਨਾਮ ਤ੍ਰਿਅਣੁਕ ਕੈ। ਚਾਰ ਚਾਰ ਤ੍ਰਿਅਣੁਕ ਮਿਲ ਬਨਿਓਂ ਕਾ ਨਾਮ ਚਤੁਰਣੁਕ ਹੈ। ਐਸੇ ਆਗੇ ਪੰਚਾਣੁਕ ਆਦੀ ਕਰਮ ਸੇ ਪ੍ਰਿਥਵੀ ਜਲ ਅਗਨਿ ਵਾਯੂ ਤਤ੍ਵ ਬਨ ਤਿਨ ਸੇ ਅਪਨੇ ਅਪਨੇ ਦੇਹ ਇੰਦ੍ਰੇ ਇੰਦ੍ਰਯੋਂ ਕੇ ਵਿਖੇ ਰੂਪ ਜਗਤ ਹੋਵੇ ਹੈ ਜੈਸੇ ਉਤਪਤੀ ਸਮੇ ਮੇਲ ਹੋ ਜਗਤ ਹੋਵੇ ਹੈ ਤੈਸੇ ਪ੍ਰਲਯ ਸਮੇ ਵਿਭਾਗ ਹੋ ਵਿਛੜ ਵਿਛੜ ਪ੍ਰਮਾਣੂ ਬਨ ਜਾਵੇ ਹੈਂ। ਮੀਮਾਂਸਕ ਜਗਤ ਕੀ ਪ੍ਰਲਯ ਨਹੀਂ ਮਾਨੇ ਉਨ ਕੇ ਮਤ ਮੇਂ ਜਗਤ ਸਦਾ ਬਨਾ ਰਹੇ ਹੈ। ਸਾਂਖਯ ਪਾਤੰਜਲ ਸਾਸਤ੍ਰੋਂ ਵਾਲੇ ਵੇਦ ਮੇਂ ਪ੍ਰਕ੍ਰਿਤੀ ਸੇ ਸ੍ਰਿਸ੍ਰਿ ਸੁਣ ਕਰ ਤਾਸੇ ਮਾਨੇ ਹੈਂ। ਰਚਨਾ ਕੀ ਰੀਤਿ ਐਸੇ ਕਹੇ ਹੈਂ। ਪ੍ਰਕ੍ਰਿਤੀ ਸੇ ਮਹਤਤ੍ਵ ਉਪਜੇ ਹੈ। ਤਾ ਸੇ ਤ੍ਰਿਧਾ ਅਹੰਕਾਰ ਤਾ ਸੇ ਪੰਚ ਤਨ ਮਾਤ੍ਰਾ ਹੋ ਤਿਨ ਸੇ ਥੂਲ ਭੂਤ ਏਕਾਦਸ ਇੰਦ੍ਰੇ ਬਨ ਜਗਤ ਬਨੇ ਹੈ। ਏਤਾ ਦੋਨੋ ਕਾ ਭੇਦ ਹੈ ਸਾਂਖੀ ਕੇਵਲ ਪ੍ਰਕ੍ਰਿਤੀ ਸੇ ਮਾਨੇ ਹੈਂ। ਪਾਤੰਜਲੀ ਸਾਥ ਈਸ੍ਵਰ ਕਰਤਾ ਮਾਨੇ ਹੈਂ। ਜੀਵੋਂ ਕੇ ਭੋਗ ਯੋਗਯ ਕਰਮ ਸਮਾਪਤ ਭਏ ਪ੍ਰਲਯ ਹੋਵੇ ਹੈ ਭੋਗ ਦੇਨੇ ਯੋਗ ਕਰਮੋਂ ਸੇ ਪੁਨਾ ਰਚਨਾ ਹੋਵੇ ਹੈ। ਬੇਦਾਂਤੀ ਐਸੇ ਕਹੇ ਹੈਂ ਮਾਯਾ ਯੁਕ੍ਤ ਭਯਾ ਪਰਮਾਤਮਾ ਨਿਖਲ ਜਗਤ ਕਾ ਪਰਮ ਬੀਜ ਹੈ ਤਾ ਸੇ ਜਗਤ ਰਚਨਾ ਆਕਾਸਾਦਿ ਤਨ ਮਾਤ੍ਰਾ ਭੂਤ ਹੋ ਕਰ ਇਸ ਪ੍ਰਕਾਰ ਬਨੇ ਹੈ ਤਨ ਮਾਤ੍ਰਾ ਭੂਤੋਂ ਕੀ ਪ੍ਰਿਥਕ ਪ੍ਰਿਥਕ ਸਤੋ ਅੰਸ ਸੇ ਪਾਂਚ ਗ੍ਯਾਨ ਇੰਦ੍ਰੇ ਉਪਜੇ ਹੈਂ। ਸਭ ਕੀ ਮਿਲੀ ਸਤੋ ਅੰਸ ਤੇ ਅੰਤਾਕਰਣ ਉਪਜੇ ਹੈਂ। ਏਵੰ ਜੁਦੀ ਜੁਦੀ ਰਜੋ ਅੰਸ ਤੇ ਪਾਂਚ ਕਰਮ ਇੰਦ੍ਰੇ ਉਪਜੇ ਹੈਂ ਮਿਲੀ ਰਜੋ ਅੰਸ ਤੇ ਪ੍ਰਾਣ ਉਪਜੇ ਹੈਂ। ਦਸੋ ਇੰਦ੍ਰੇ ਪਾਂਚ ਪ੍ਰਾਣ ਚਾਰ ਅੰਤਾਕਰਣ ਏਤੇ ਸਮੁਦਾਯ ਕਾ ਨਾਮ ਸੂਖਮ ਸਰੀਰ ਹੈ। ਲਿੰਗ ਸਰੀਰ ਹੈ ਯਹ ਸਰੀਰ ਸਦਾ ਬਨਾ ਰਹੇ ਹੈ। ਬਿਨਾ ਗ੍ਯਾਨ ਨਾਸ ਨਹੀਂ ਹੋਤਾ ਲੋਕ ਪਰਲੋਕ ਮੇਂ ਥੂਲ ਦੇਹ ਸੇ ਨਿਕਸ ਕੇ ਯਹੀ ਜਾਵੇ ਹੈ। ਇਸ ਸੇ ਪੂਰਬ ਅਵਿਦਯਾ ਮਯ ਕਾਰਣ ਸਰੀਰ ਹੈ ਅਗਯਾਨ ਕਾਹੂ ਸੇ ਜਨਮਾ ਨਹੀਂ ਯਾਤੇ ਕਾਹੂ ਕਾ ਕਾਰਯ ਨਹੀਂ ਉਸ ਸੇ ਸਭ ਕੀ ਉਤਪਤੀ ਹੈ। ਯਾਤੇ ਨਾਮ ਕਾਰਣ ਸਰੀਰ ਹੈ। ਸੂਖਮ ਸਰੀਰ ਸੇ ਅਨੰਤਰ ਸੂਖਮ ਭੂਤੋਂ ਕੀ ਤਮੋ ਅੰਸ ਸੇ ਥੂਲ ਭੂਤੋਂ ਕੀ ਉਤਪਤੀ ਹੋ ਪੰਚੀ ਕਰਣ ਰੀਤਿ ਸੇ ਤਿਨ ਕੇ ਅੰਸ ਮਿਲ ਥੂਲ ਦੇਹੋਂ ਕੀ ਉਤਪਤੀ ਹੋਵੇ ਹੈ। ਥੂਲ ਦੇਹ ਅੰਡਜਾਦਿ ਭੇਦ ਸੇ ਚਾਰ ਪ੍ਰਕਾਰ ਕੇ ਹੈਂ ਪੂਰਬ ਕਹੀ ਤੀਨੋਂ ਦੇਹਾਂ ਦੋ ਪ੍ਰਕਾਰ ਕੀ ਹੈਂ। ਏਕ ਸਮਸ੍ਰੀ ਦੂਸਰੀ ਬਯਸ੍ਰੀ। ਨਿਖਲ ਦੇਹੋਂ ਕਾ ਸਮੁਦਾਯ ਸਮਸ੍ਰੀ ਹੈ ਜੁਦੀ ਜੁਦੀ ਬਯਸ੍ਰਿ ਹੈ। ਸਮਸ੍ਰੀ ਦੇਹੋਂ ਕਾ ਅਭਿਮਾਨੀ ਈਸ੍ਵਰ ਹੈ। ਬਯਸ੍ਰੀ ਦੇਹੋਂ ਕੇ ਅਭਿਮਾਨੀ ਜੀਵ ਹੈਂ। ਬਨ ਬ੍ਰਿਛ ਵਤ ਦੇਹਾਂ ਮਿਲੀ ਹੁਈ ਹੈਂ। ਦੋਹੋਂ ਕੇ ਭੇਦ ਬਿਨਾ ਅਭਿਮਾਨੀ ਭੀ ਮਿਲੇ ਹੁਏ ਹੈਂ। ਦੇਹਾਂ ਦੂਰ ਹੋਨੇ ਸੇ ਅਭਿਮਾਨੀ ਜੀਵ ਈਸ ਸਦਾ ਏਕ ਰੂਪ ਹੈਂ। ਬਿਸਤਾਰ ਸੇ ਬਿਸੇਖ ਬਿਚਾਰ

ਗੁਰਮਤ ਨਿਰਣੇ ਮੇਂ ਸਪਸ੍ਟ ਹੈ। ਪੁਰਾਣੋਂ ਮੇਂ ਲਿਖਾ ਸ੍ਰਿਸ੍ਟੀ ਕਾ ਪ੍ਰਕਾਰ ਸਭ ਕੋ ਪੁਰਾਣੋਂ ਸੇ ਸ੍ਰਵਣ ਹੋਤਾ ਹੈ ; ਰਚਨੇ ਯੋਗਜ ਵਸਤੂਓਂ ਕੋ ਰਚ ਕੇ, ਯਥਾ- ਸ੍ਰਿਸਟਿ ਦੇਖੈ ਆਪਿ ਉਪਾਇ। ਸੁਭਾਵ।

**ਸ੍ਰਿਸਟਿ** ਦੇ. ਰਚੀ ਗਈ ਵਸਤੁ, ਯਥਾ- ਆਗਿਆਕਾਰੀ ਧਾਰੀ ਸਭ ਸ੍ਰਿਸਟਿ। ਆਗ੍ਯਾ ਕਰਨੇ ਵਾਲੇ ਈਸ ਨੇ। ਪੁਨਾ- ਸਭ ਸ੍ਰਿਸਟਿ ਕਰੈ ਜੈਕਾਰਾ।

**ਸ੍ਰਿਸਟੀਜਾ** ਗੁ. ਰਚੇ ਜੀਵਾਂ ਕੋ, ਯਥਾ- ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ।

**ਸ੍ਰਿਜੰਤ** ਗੁ. ਰਚਤਾ ਹੈ, ਯਥਾ- ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ। ਰਚਤਾ ਹੈ ਚਤਰ ਔਂ ਚੇਤਨ ਮਨੁਖ ਜਨਮ ਕੋ ਪ੍ਰਮੇਸ੍ਵਰ।

**ਸ੍ਰਿਜਾਮਿ** ਸੰ. ਰਚਤੀ ਹੂੰ, ਜੈਸੇ- ਸ੍ਰਿਜਾਮਿ ਮੈ ਨਿਰਾਲਸ।

**ਸਰੀ** ਪੰ. ਹੋਈ, ਯਥਾ- ਭਲੀ ਸਰੀ ਜਿ ਉਬਰੀ। ਨਦੀ, ਯਥਾ- ਸੁਰਸਰੀ ਮਿਲਤ ਨਹਿ ਹੋਇ ਆਨੰ। ਸੁਰ- ਦੇਵਨ ਕੀ, ਸਰੀ- ਨਦੀ ਗੰਗਾ ਮੇਂ ਮਿਲਾ ਹੂਆ ਔਰ ਨਹੀ ਹੋ ਸਕਤਾ।

**ਸ੍ਰੀ** ਸੰ. ਸਿਰੀ ਨਾਮ ਮੇਂ ਇਸ ਕੇ ਅਰਥ ਕਹੇ।

**ਸ੍ਰੀ ਨਿਵਾਸ** ਸੰ. ਬਿਸਨੁ ; ਲਖਮੀ ਵਾਲਾ ਘਰ।

**ਸ੍ਰੀ ਮੁਖਵਾਕ** ਦੇ. ਪਰਮ ਸੋਭਾ ਵਾਲੇ ਗੁਰੋਂ ਕੇ ਮੁਖ ਕੇ ਬਚਨ ਕਹੀ ਕਹੀ ਯਹ ਪਾਠ ਉਹਾ ਲਿਖਾ ਹੈ ਜਹਾਂ ਔਰੋਂ ਕੇ ਸਮੀਪ ਗੁਰੋਂ ਕੀ ਰਚਨਾ ਹੈ। ਜੈਸੇ ਆਦਿ ਗ੍ਰੰਥ ਸਾਹਬ ਮੇਂ ਭਟੋਂ ਕੀ ਰਚਨਾ ਕੇ ਸਮੀਪ ਗੁਰੂ ਅਰਜਨ ਸਾਹਬ ਜੀ ਕੀ ਸਵੈਯੇ ਰਚਨਾ ਨਹੀਂ ਤਹਾਂ ਯਹ ਪਾਠ ਨਹੀਂ ਇਸ ਸੇ ਭੀ ਸਿਧ ਹੋਤਾ ਹੈ ਭਗਤ ਬਾਣੀ ਭਗਤੋਂ ਕੀ ਰਚੀ ਨਹੀਂ ਉਨ ਕੀ ਰਚੀ ਹੋਤੀ ਤੋਂ ਅਪਨੀ ਕੋ ਸਵੈਯੋਂ ਵਤ ਅਵਸਜ ਗੁਰੂ ਸ੍ਰੀ ਮੁਖ ਵਾਕ ਲਿਖਤੇ।

**ਸ੍ਰੀ ਰਾਮਚੰਦ** ਦੇ. ਸੋਭਾਵਾਨ ਰਾਮਚੰਦ੍ਰ, ਯਥਾ- ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ।

**ਸ੍ਰੀ ਰਾਮਚੰਦ** ਸੰ. ਦਸਰਥ ਕਾ ਪੁਤ੍ਰ ਰਾਮ ਚੰਦ੍ਰ ; ਵਾ ਬ੍ਰਹਮ ਵਿਦਯਾ ਰੂਪ ਸ੍ਰੀ ਕਾ ਵਿਖਯ ਜਿਸ ਮੇਂ ਯੋਗੀ ਰਮਣ ਕਰੇ ਹੈਂ ਐਸਾ ਸਰਬ ਕੋ ਆਨੰਦ ਕਰਨੇ ਵਾਲਾ ਨਿਰਗੁਣ ਪਰਮਾਤਮਾ, ਯਥਾ- ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ।

**ਸਰੀਅਤਿ** ਅ. ਕਰਮ ਕਾਂਡ, ਯਥਾ- ਸਰਾ ਸਰੀਅਤਿ ਲੇ ਕੰਮਾਵਹੁ। ਰੀਤੀ ਸਰੀਅਤਿ ਕਰਮ ਕਾਂਡ ਕੀ ਕੋ ਚਿਤ ਮੇਂ ਲੇ ਕਰ ਧਾਰਨ ਕਰੋ ਯਵਨ ਮਤ ਕਾ ਕਰਮ ਕਾਂਡ ਕੁਰਾਂਨ ਹਦੀਸੋਂ ਮੇਂ ਕਹੇ ਧਰਮ ਮਾਰਗ ਕਾ ਨਾਮ ਹੈ।

**ਸਰੀਆ** ਪੰ. ਮਾਲਾ ਕੀ ਲੜੀਆਂ, ਯਥਾ- ਤੁਟਨਿ ਮੋਤ ਸਰੀਆ।

**ਸਰੀਕ** ਅ. ਬਰਾਬਰੀ ਕਰਨੇ ਵਾਲਾ, ਸਿਰਕ ਕਰਨੇ ਵਾਲਾ ਸਿਰਕ ਬਰਾਬਰੀ ਕਾ ਨਾਮ ਹੈ।

**ਸ੍ਰੀਖੰਡ** ਦੇ. ਚੰਦਨ, ਯਥਾ- ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ। ਸੰ. ਸ੍ਰੀਖੰਡ।

**ਸ੍ਰੀਚੰਦ** ਸੰ. ਗੁਰੁ ਨਾਨਕ ਜੀ ਕੇ ਬਡੇ ਪੁਤ੍ਰ ਜਿਨ ਕੇ ਚੇਲੇ ਗੁਰਦਿਤਾ ਜੀ ਕੇ ਚਾਰ ਚੇਲਯੋਂ ਸੇ ਉਦਾਸੀ ਵੇਸ ਚਲਾ ਹੈ ਇਨ ਕੇ ਨਾਮ ਸੇ ਬਾਣੀ ਮਾਤ੍ਰਾ ਪ੍ਰਸਿੱਧ ਹੈ।

**ਸ੍ਰੀਦ** ਸੰ. ਬਿਸਨੁ ਲਖਮੀ ਦੇਨੇ ਵਾਲੇ।

**ਸ੍ਰੀਧਰ** ਸੰ. ਬਿਸਨੁ ਏਵੰ ਸ੍ਰੀਵਰ ਸ੍ਰੀਕਰ ਭੀ ਬਿਸਨੁ ਕੇ ਨਾਮ ਹੈਂ।

**ਸ੍ਰੀਫਲ** ਸੰ. ਬਿੱਲ ; ਨਾਲੀਏਰ।

**ਸਰੀਰਹੁ** ਦੇ. ਸੂਖਮ ਸਰੀਰ ਸੇ ਅਰਥਾਤ ਮਨ ਸੇ, ਯਥਾ- ਭ੍ਰਮੁ ਗਇਆ ਸਰੀਰਹੁ ਦੂਰਿ।

**ਸ੍ਰੀਰੰਗ** ਦੇ. ਸ੍ਰੀ ਲਛਮੀ ਪ੍ਰੀਤੀ ਕਰੇ ਜਿਸ ਮੇਂ ਤਿਸ ਬਿਸਨੁ ਕਾ ਨਾਮ ਸ੍ਰੀਰੰਗ ਹੈ, ਯਥਾ- ਸ੍ਰੀਰੰਗ ਬੈਕੁੰਠ ਕੇ ਵਾਸੀ। ਸੰ. ਸ੍ਰੀਰੰਗ। ਪੁਨਾ- ਸ੍ਰੀਰੰਗੁ ਸੁਰਮਾ ਦੇਈ।

**ਸ੍ਰੀਰਾਗ** ਸੰ. ਸਿਰੀਰਾਗ ਜੋ ਗ੍ਰੰਥ ਜੀ ਮੇਂ ਸਭ ਕੇ ਆਦਿ ਮੇਂ ਹੈ।

**ਸ੍ਰੀਵਰ** ਸੰ. ਬਿਸਨੁ।

**ਸ੍ਰੀਵਾਸ** ਸੰ. ਸ੍ਰੀ ਵਾਸ ਕਰੇ ਜਿਸ ਮੇਂ ਸੋ ਬਿਸਨੁ।

**ਸਰੁ** ਦੇ. ਨਦੀਆ, ਯਥਾ- ਭਾਣੈ ਥਲ ਸਿਰਿ ਸਰੁ ਵਹੈ। ਪ੍ਰਮੇਸ੍ਵਰ ਕੀ ਆਗਯਾ ਸੇ ਉਚੇ ਥਾਨੋਂ ਕੇ ਸਿਰ ਪਰ ਨਦੀਆਂ ਵਹਤੀ ਹੈਂ। ਸਰੀ ਵਾ ਸੰ. ਸਰਿਤੰ।

**ਸਰੁ ਅਪਸਰੁ** ਗੁ. ਗਮਨ ਕੇ ਯੋਗਜ ਔ ਅਯੋਗਜ ਵਸਤੂ ਕੋ ਨਾ ਜਾਨਿਆ, ਯਥਾ- ਸਰੁ ਅਪਸਰੁ ਨ ਪਛਾਣਿਆ।

**ਸਰੇ** ਦੇ. ਪੂਰੇ ਹੂਏ, ਯਥਾ- ਤਿਨ ਕੇ ਕਾਜ ਸਰੇ। ਤੁਲਜ, ਯਥਾ- ਅਵਰੁ ਨ ਦੂਜਾ ਤੁਝੈ ਸਰੇ। ਲਾਭ ਕੋ ਪ੍ਰਾਪਤਿ ਹੂਏ, ਯਥਾ- ਹਰਿ ਜੀਉ ਤੇ ਸਭੈ ਸਰੈ। ਨਿਰਵਾਹ ਨਹੀਂ ਹੋਵੇ, ਯਥਾ- ਵਿਸਰੇ ਸਰੈ ਨ ਬਿੰਦ।

**ਸਰੇਉ** ਗੁ. ਸੇਵੋ।

**ਸਰੇਵਹੁ** ਗੁ. ਸੇਵੋ, ਯਥਾ- ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ। ਪੁਨਾ- ਤਿਸਹਿ ਸਰੇਵਹੁ ਤਾ ਸੁਖੁ ਪਾਵਹੁ।

**ਸਰੇਵਣੇ** ਗੁ. ਸੇਵਨੇ, ਯਥਾ- ਗੁਰ ਕੇ ਚਰਣ ਸਰੇਵਣੇ।

**ਸਰੇਵਤ** ਗੁ. ਸੇਵਤ, ਯਥਾ- ਗੁਰ ਚਰਣ ਸਰੇਵਤ ਦੁਖੁ ਗਇਆ।

**ਸਰੇਵਿਆ** ਪੰ. ਸੇਵਿਆ।

**ਸਰੇਵੈ** ਗੁ. ਸੇਵੇ, ਯਥਾ- ਏਕੁ ਸਰੇਵੈ ਤਾ ਗਤਿ ਮਿਤਿ ਪਾਵੈ।

**ਸਰੈ ਨ ਬਿੰਦ** ਵਾ. ਨਹੀ ਨਿਰਵਾਹ ਹੋਵੇ ਅਲਪ ਕਾਲ, ਯਥਾ- ਵਿਸਰੇ ਸਰੈ ਨ ਬਿੰਦ।

**ਸਰੋਜ** ਸੰ. ਕਮਲ।

**ਸਰੋਤਿ** ਗੁ. ਭਗਵਤ ਭਕ੍ਤੀ ਕੇ ਸ੍ਰਵਣ ਸੇ, ਯਥਾ- ਜਨਮਿ ਮੁਏ ਬਿਨੁ ਭਗਤਿ ਸਰੋਤਿ।

**ਸਰੋਵਰ** ਸੰ. ਤਲਾਵ ਮੇਂ, ਯਥਾ- ਰਾਮਦਾਸਿ ਸਰੋਵਰ ਨਾਤੇ।

**ਸਲ** ਦੇ. ਤੋਮਰ ; ਖੇੜ੍ਹ- ਬਾਂਸ ਕੀ ਸਲਾਈ ; ਦੁਸਹ ਵਸਤੁ ; ਦੂਰ ਬਾਕਜ ; ਬਾਣੋ ਕੇ ਜਖਮ, ਯਥਾ- ਸਲਿ ਬਿਸਲਿ ਆਣਿ ਤੋਖੀਲੇ ਹਰੀ। ਬਾਣੋ ਕੇ ਜਖਮ ਦੂਰ ਕਰਨੇ ਹੇਤ ਬਿਸਲਜਾ ਬੂਟੀ ਲਿਆ ਕਰ ਪ੍ਰਸੰਨ ਕੀਆ ਸ੍ਰੀ ਰਾਮਚੰਦ੍ਰ ਜੀ ਕੋ। ਗੁਰੂ ਜੀ ਕਾ ਜਸ ਕਹਨੇ ਵਾਲਾ ਏਕ ਭਾਟ, ਯਥਾ- ਗੁਰ ਅਮਰਦਾਸ ਸਚੁ ਸਲ੍ਹ ਭਣਿ। ਪੰ. ਚਲ, ਯਥਾ- ਆਘੂ ਆਘੇ ਸਲਵੇ। ਆਗੇ ਆਗੇ ਚਲ ਵੇ।

**ਸਲਵੇ** ਸਿੰ. ਜਾਤਾ ਹੈ, ਯਥਾ- ਆਘੂ ਆਘੇ ਸਲਵੇ। ਝੂਠੇ ਪਦਾਰਥੋਂ ਕੇ ਗ੍ਰਹਣ ਹੇਤ ਆਗੇ ਆਗੇ ਜਾਤਾ ਹੈ।

**ਸਲਾਹਿ** ਪੰ. ਉਸਤਤੀ, ਯਥਾ- ਹਉ ਗੁਰੁ ਸਾਲਾਹਿ ਨ ਰਜਊ। ਸੰ. ਸਲਾਘਾ।

**ਸਲਾਹਿਹੁ** ਪੰ. ਵਡਿਆਓ, ਯਥਾ- ਸਲਾਹਿਹੁ ਹਰਿ ਸਭਨਾ ਤੇ ਵਡਾ।

**ਸਲਾਹੀਐ** ਦੇ. ਵਡਿਆਈਐ, ਯਥਾ- ਗੁਰਮੁਖਿ ਸਦਾ ਸਲਾਹੀਐ।

**ਸਲਾਹੀਏ** ਦੇ. ਉਸਤਤੀ ਕਰੀਏ।

**ਸਲਾਕਾ** ਸੰ. ਸਲਾਈ, ਸੁਰਮਚੂ।

**ਸਲਾਤ** ਅ. ਜਮ ਮਾਰਗ ਮੇਂ ਯਵਨ ਮਤ ਮੇਂ ਮਾਨਾ ਪੁਲ, ਯਥਾ- ਪੁਰ ਸਲਾਤ ਕਾ ਪੰਥੁ ਦੁਹੇਲਾ। ਯਵਨ ਮਤ ਮੇਂ ਸਿਰਾਤਲ ਮੁਸਤਕੀਮ ਨਾਮ ਸੇ ਮਾਨੇ ਪੁਲ ਕਾ ਰਸਤਾ ਕਠਨ ਹੈ।

**ਸਲਾਮਤਿ** ਅ. ਤੰਦਰੁਸਤੀ ਸਮੇ ਭਾਵ ਜੀਵਨ ਸਮੇ, ਯਥਾ- ਸਲਾਮਤਿ ਥੀਵਦੈ। ਅਬਿਨਾਸੀ, ਯਥਾ- ਤੂ ਸਦਾ ਸਲਾਮਤਿ ਨਿਰੰਕਾਰ।

**ਸਲਾਮੁ** ਅ. ਆਸੀਰਬਾਦ, ਰਹਮਤ ਭਾਵ ਕ੍ਰਿਪਾ ਹੋਵੇ ਖੁਦਾ ਕੀ ਤੁਮਾਰੇ ਪੈ ਐਸੀ ਨੇਕ ਦੁਆ ਕਰਨੀ, ਯਥਾ- ਸਲਾਮੁ ਜਬਾਬੁ ਦੋਵੈ ਕਰੇ।

**ਸਲਾਰ** ਅ. ਸਰਦਾਰ, ਯਥਾ- ਸਤਹਿ ਸੈਇ ਸਲਾਰ ਹੈ ਜਾ ਕੇ।

**ਸਲਿ ਬਿਸਲਿ** ਵਾ. ਬਾਣੋਂ ਕੇ ਜਖਮੋਂ ਸੇ ਬਿਨਾ ਕਰਨੇ ਵਾਲੀ ਬੂਟੀ, ਯਥਾ- ਸਲਿ ਬਿਸਲਿ ਆਣਿ ਤੋਖੀਲੇ ਹਰੀ।

**ਸਲਿਤਾ** ਸੰ. ਨਦੀ, ਯਥਾ- ਗੰਗਾ ਕੈ ਸੰਗਿ ਸਲਿਤਾ ਬਿਗਰੀ।

**ਸਲੋਕ** ਸੰ. ਚਾਰ ਮੁਕ੍ਤੀਓਂ ਮੇਂ ਏਕ ਮੁਕ੍ਤੀ, ਜੈਸੇ- ਅੰਤੇ ਮੁਕਤਿ ਸਲੋਕ। ਯਸ, ਜੈਸੇ- ਭਗਤੋਂ ਕਾ ਬਡਾ ਸਲੋਕ ਹੈ ਭਾਵ ਬਡਾ ਜਸ ਹੈ। ਛੰਦ ਮਾਤ੍ਰ, ਯਥਾ- ਉਤਮ ਸਲੋਕ ਸਾਧ ਕੇ ਬਚਨ। ਉਤਮ ਛੰਦ ਸੰਤੋਂ ਕੇ ਬਚਨ ਹੈਂ। ਜੋ ਛੰਦ ਪਿੰਗਲ ਮੇਂ ਲਿਖੇ ਜਾਤੇ ਹੈਂ ਸੋ ਛੰਦ ਮਾਤ੍ਰਾ ਗਣ ਬਰਣ ਛੰਦ ਭੇਦ ਸੇ ਤੀਨ ਪ੍ਰਕਾਰ ਕੇ ਹੋਤੇ ਹੈਂ ਯਥਾ ਗ੍ਰੰਥ ਸਾਹਬ ਜੀ ਮੇ- ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। ਇਸ ਸਲੋਕ ਬਿਨਾ ਅਰ ਸਹਸਕ੍ਰਿਤੀ ਸਲੋਕੋਂ ਬਿਨਾ ਬਹੁਤ ਕਰ ਔਰ ਸਭ ਥਾਨੋਂ ਮੇਂ ਸਲੋਕ ਨਾਮ ਦੋਹੇ ਛੰਦ ਕਾ ਹੈ। ਪੌੜੀਓਂ ਕੇ ਆਦਿ ਕੇ ਸਲੋਕ ਔ ਕਬੀਰਾਦਿਕੋ ਕੇ ਸਲੋਕ ਸਪਸ੍ਟ ਦੋਹਰੇ ਹੈਂ। ਸੁਖਮਨੀ ਕੀ ਅਸਟਪਦੀਆਂ ਚੌਪਈ ਛੰਦ ਹੈਂ। ਗ੍ਰੰਥ ਸਾਹਿਬ ਜੀ ਕੇ ਸਬਦ ਗਾਥਾ ਛੰਦ ਹੈਂ। ਜਿਨ ਕਾ ਪ੍ਰਸਿੱਧ ਨਾਮ ਬਿਖਮ ਪਦ ਹੈ। ਲੋਕੋਂ ਮੇਂ ਬਿਖਮ ਪਦੇ ਕਾ ਬਿਗੜ ਕੇ ਬਿਸਨ ਪਦੇ ਬਨ ਗਯਾ ਹੈ। ਜੇਕਰ ਬਿਸਨ ਪਦਾ ਬਿਸਨੁ ਕੇ ਗੁਣ ਕਰਮ ਜਸ ਪ੍ਰਤਿਪਾਦਕ ਬਾਣੀ ਕਾ ਹੀ ਨਾਮ ਹੋਵੇ। ਤਬ ਸਿਵ ਦੁਰਗਾਦਿਕੋਂ ਕੇ ਗੁਣਾਦਿਕ ਪ੍ਰਤਿਪਾਦਕੋਂ ਕਾ ਨਾਮ ਸਿਵ ਪਦਾ ਸਕ੍ਤੀ ਪਦਾ ਹੋਨਾ ਚਾਹੀਏ। ਕਹਤੇ ਸਭ ਕੋ ਬਿਸਨ ਪਦਾ ਹੈ। ਯਾਤੇ ਬਿਖਮ ਪਦੇ ਸੇ ਬਿਗੜਾ ਨਾਮ ਹੈ।

**ਸਲੋਨੜੀਏ** ਗੁ. ਸੁੰਦ੍ਰ ਨੇਤ੍ਰਾ ਵਾਲੀਏ, ਯਥਾ- ਜਾਗੁ ਸਲੋਨੜੀਏ। ਸੰ. ਸੁਲੋਚਨੇ।

**ਸਵ** ਸੰ. ਮੁਰਦਾ।

**ਸ੍ਵਸਤਿ** ਸੰ. ਮੰਗਲ, ਯਥਾ- ਸ੍ਵਸਤਿ ਬਿਵਸਥਾ ਹਰਿ ਕੀ ਸੇਵਾ। ਪਰਮ ਮੰਗਲ ਦਸਾ ਹਰਿ ਕੀ ਸੇਵਾ ਹੈ। ਸੰ. ਸ੍ਵਸ੍ਤਿ।

**ਸ੍ਵਸਤਿ ਬਿਵਸਥਾ** ਵਾ. ਮੰਗਲ ਦਸਾ, ਯਥਾ- ਸ੍ਵਸਤਿ ਬਿਵਸਥਾ ਹਰਿ ਕੀ ਸੇਵਾ।

**ਸ੍ਵਸਥ** ਦੇ. ਪ੍ਰਸੰਨ ਹੋਤੇ, ਯਥਾ- ਸਰੀਰ ਸ੍ਵਸਥ ਖੀਣ ਸਮਏ। ਸੰ. ਸ੍ਵਸ੍ਥ।

**ਸ੍ਵਛ** ਸੰ. ਨਿਰਮਲ।

**ਸਵਣਾ** ਪੰ. ਸਉਣਾ, ਯਥਾ- ਕਿਆ ਸਵਣਾ ਕਿਆ ਜਾਗਣਾ।

**ਸਵਦ** ਫਾ. ਹੋਨਾ, ਯਥਾ- ਚੂੰ ਸਵਦ ਤਕਬੀਰ। ਹੋ ਗਯਾ ਮਾਨਿੰਦ ਅਧ ਗਲਾ ਕਟੇ ਜੀਵ ਕੇ। ਫਾ. ਸ੍ਵਦ।

**ਸਵੰਨ੍ਹਿ** ਗੁ. ਸੈਨ ਮੇਂ, ਯਥਾ- ਸੁਤੜੇ ਸੁਖੀ ਸਵੰਨ੍ਹਿ। ਸੁਖ ਵਾਲੀ ਪਰਮਾਤਮ ਸੇਹਜਾ ਮੇਂ ਸੋਏ ਹੈਂ।

**ਸਵਲੀ** ਪੰ. ਸਸਤੀ, ਯਥਾ- ਹਰਿ ਲਦੇ ਖੇਪ ਸਵਲੀ।

**ਸਵਾਇਆ** ਦੇ. ਦੂਜੇ ਕੀ ਚੌਥਾਈ ਸਹਿਤ ਏਕ ਪੂਰਾ ਅਰਥਾਤ ਅਧਿਕ ਸੇ ਅਧਿਕ, ਯਥਾ- ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ। ਪੌਣਾ ਭਾਵ ਨਯੂਨ।

**ਸਵਾਈ** ਗੁ. ਬਹੁਤੀ, ਯਥਾ- ਦਿਨੁ ਦਿਨੁ ਚੜੈ ਸਵਾਈ।

**ਸ੍ਵਾਂਗੀ** ਦੇ. ਸ੍ਵਾਂਗੋ ਵਾਲਾ।

**ਸ੍ਵਾਂਗੁ** ਦੇ. ਬਨਾਵਟੀ ਰੂਪ, ਯਥਾ- ਬਾਜੀਗਰ ਸ੍ਵਾਂਗੁ ਸਕੇਲਾ। ਨਾਨਾ ਪ੍ਰਕਾਰ ਕੇ ਬਨਾਵਟੀ ਰੂਪ, ਯਥਾ- ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ। ਨਾਨਾ ਪ੍ਰਕਾਰ ਕੇ ਵੇਸੋਂ ਕੋ, ਜੈਸੇ- ਸ੍ਵਾਂਗ ਦੇਖ ਕਰ ਪ੍ਰਜਤ ਰਾਜਾ।

**ਸ੍ਵਾਂਮੀ** ਸੰ. ਧਨੀ, ਮਾਲਕ, ਯਥਾ- ਬਿਸ੍ਵ ਕਾ ਦੀਪਕੁ ਸ੍ਵਾਮੀ।

**ਸਵਾਰੀ** ਦੇ. ਪ੍ਰੇਮ ਸੇ ਬਨਾਈ, ਯਥਾ- ਜਨ ਕੀ ਪੈਜ ਸਵਾਰੀ ਆਪ। ਪ੍ਰਾਤਾਕਾਲ ਮੇਂ, ਯਥਾ- ਗਾਵਉ ਜਾਗਿ ਸਵਾਰੀ। ਪੰ. ਸਵੇਰੇ।

**ਸਵਾਰੇ** ਦੇ. ਸਵਾਰ ਦੀਏ, ਯਥਾ- ਸਤਿਗੁਰਿ ਤੁਮਰੇ ਕਾਜ ਸਵਾਰੇ।

**ਸਵੀਜੇ** ਪੰ. ਸੋਈਏ, ਸਵੀਏ।

**ਸਵੇਰਾ** ਪੰ. ਪ੍ਰਾਤਹਕਾਲ ; ਇਸੀ ਵੇਲੇ, ਯਥਾ- ਓਇ ਭੀ ਲਾਗੇ ਕਾਢੁ ਸਵੇਰਾ। ਦੇਹ ਪਾਤ ਸਮੇ ਸਭੀ ਸੰਬੰਧੀ ਇਸ ਕੋ ਅਬੀ ਨਿਕਾਸੋ ਅਵੇਰ ਨਾ ਹੋ ਜਾਵੇ ਐਸੇ ਕਹਨੇ ਲਗੇ ਹੈਂ।

**ਸੜ** ਪੰ. ਦਗਧ ਹੋ।

**ਸਾ** ਦੇ. ਵਹੁ, ਯਥਾ- ਕਹੁ ਨਾਨਕ ਸਾ ਕਥਨੀ ਸਾਰੁ। ਪੁਨਾ- ਸਾ ਹੋਵੈ ਜਿ ਬਾਤ ਹੋਵੈਨੀ। । ਸੰ. ਸਾ- ਵਹੁ ਵਸਤੂ।

**ਸਾ ਜਾਤਿ** ਵਾ. ਵਹੀ ਅਰਥਾਤ ਵੈਸੀ ਹੀ ਪੁਰਖ ਕੀ ਜਾਤਿ ਔ ਇਜਤ ਹੋ ਜਾਤੀ ਹੈ ਜੈਸੇ ਕਾਮ ਕਰਤਾ ਹੈ, ਯਥਾ- ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।

**ਸਾ ਪੁਰਸਾਈ** ਵਾ. ਵਹੁ ਪੁਰਖਾਰਥ ਹੈ ਜੋ ਉਸ ਸੀਹ ਸੇ ਰਛਾ ਕਰਨੀ, ਯਥਾ- ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ। ਜੋ ਉਸ ਸੇ ਰਛਾ ਕਰਨੀ ਸੇਖ।

**ਸਾਉ** ਗੁ. ਸੁਪ੍ਰਯੋਜਨ, ਮਤਲਵ, ਯਥਾ- ਸਾਉ ਨ ਪਾਇਆ ਜਾਇ। ਸੰ. ਸ੍ਵਾਰਥ। ਸ੍ਵਾਦ, ਯਥਾ- ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ। ਪੁਨਾ-ਕੰਤ ਨ ਪਾਇਓ ਸਾਉ।

**ਸਾਇਰ** ਅ. ਕਵਿ, ਯਥਾ- ਨਾਨਕੁ ਸਾਇਰੁ ਏਵ ਕਹਤੁ ਹੈ। ਸਾਗਰ ਕੀ, ਯਥਾ- ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ।

**ਸਾਇਰ ਕੀ ਪੁਤ੍ਰੀ** ਵਾ. ਲਖਮੀ, ਯਥਾ- ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ।

**ਸਾਇਰਾ** ਗੁ. ਸਾਗਰਾ, ਯਥਾ- ਵਿਚਿ ਉਪਾਏ ਸਾਇਰਾ। ਪੰ. ਸਾਗਰ।

**ਸਾਂਈਂ** ਦੇ. ਸ੍ਵਾਮੀ, ਯਥਾ- ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ। ਪੁਨਾ- ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ। ਸੰ. ਸ੍ਵਾਮੀ।

**ਸਾਈ** ਦੇ. ਪੰ. ਵਹੀ, ਯਥਾ- ਸਾਈ ਵਸਤੁ ਪਰਾਪਤਿ ਹੋਈ। ਪੁਨਾ- ਜੋ ਤੁਧੁ ਭਾਵੈ ਸਾਈ ਭਲੀ ਕਾਰ।

**ਸਾਸ** ਦੇ. ਪ੍ਰਾਣ। ਸੰ. ਸ੍ਵਾਸ ; ਸਸ, ਯਥਾ- ਸਾਸੁ ਕੀ ਦੁਖੀ ਸਸੁਰ ਕੀ ਪਿਆਰੀ।

**ਸਾਸਤ** ਦੇ. ਸਾਸਤ੍ਰ, ਯਥਾ- ਸਾਸਤ ਸਿੰਮ੍ਰਿਤਿ ਬੇਦ।

**ਸਾਸਤ੍ਰ** ਸੰ. ਸਿਖ੍ਯਾ ਕੇ ਸਾਧਨ- ੧. ਸਾਂਖ, ੨. ਪਾਤੰਜਲ, ੩. ਨ੍ਯਾਯ, ੪. ਬੈਸੇਖਕ, ੫. ਮੀਮਾਂਸਾ, ੬. ਬੇਦਾਂਤ, ਖਟ ਸਾਸਤ੍ਰ।

**ਸਾਸਤ੍ਰਗ** ਸੰ. ਸਾਸਤ੍ਰੋਂ ਕੇ ਗ੍ਯਾਤੇ।

**ਸਾਸਤ੍ਰਗਿਆ** ਗੁ. ਸਾਸਤ੍ਰੋਂ ਕੇ ਗਿਆਤੇ।

**ਸਾਸਨ** ਸੰ. ਨਰ੍ਹਨ ਕੋ ਉਸ ਕੇ ਹਿਤ ਸਾਧਨ ਮੇਂ ਪ੍ਰਬਿਤ ਕਰਨਾ ; ਰਾਜਾ ਕੀ ਦਈ ਜਮੀਨ ; ਰਾਜਾ ਕੀ ਕਰੀ ਸਨਦ ਪੱਟਾ ; ਤਾੜਨਾ, ਯਥਾ- ਅਨਿਕ ਸਾਸਨ ਤਾੜੰਤਿ ਜਮਦੂਤਹ। ਅਨੇਕ ਪ੍ਰਕਾਰ ਕੀ ਕਠਨ ਬਾਣੀ ਸੇ ਸਿਖ੍ਯਾ ਕਰਤੇ ਮਾਰਤੇ ਹੈਂ ਜਮ ਕੇ ਦੂਤ। ਸੰ. ਸਿਖਾ ; ਸਾਸਤ੍ਰ ; ਸਾਂਤਿ ; ਆਗ੍ਯਾ।

**ਸਾਹੰ** ਗੁ. ਸਾਥ, ਯਥਾ- ਬਨਿਤਾ ਬਿਨੋਦ ਸਾਹੰ। ਇਸਤ੍ਰੀ ਕੇ ਆਨੰਦ ਸਾਥ ਰਚਤਾ ਹੈ।

**ਸਾਹ** ਫਾ. ਮਾਲਕ, ਯਥਾ- ਤੁਧੁ ਡਿਠੇ ਸਚੇ ਪਾਤਿਸਾਹ। ਹੇ ਸਚੇ ਸਿੰਘਾਸਨ ਪਤੀ ; ਸਾਹੂਕਾਰ, ਯਥਾ- ਸਾਹ ਸਦਾਵਹਿ ਸੰਚਿ ਧਨੁ। ਪੁਨਾ- ਸਾਹ ਵਡ ਦਾਣੇ। ਸਾਹੂਕਾਰ ਵਡੇ ਜਾਣੀਦੇ ਹੈਂ। ਸ੍ਵਾਸੋਂ ਕੇ, ਯਥਾ- ਸਾਹਿ ਗਇਐ ਪਛੁਤਾਇ। ਉਸਤਾਹ, ਯਥਾ- ਦਰਸਨਿ ਲਗੜਾ ਸਾਹੁ।

**ਸਾਹ ਆਲਮੁ** ਅ. ਪਾਤਸਾਹ ਨਿਖਲ ਕਾ, ਯਥਾ- ਖਥੈ ਖੁੰਦਕਾਰੁ ਸਾਹ ਆਲਮੁ।

**ਸਾਹ ਵਡ ਦਾਣੇ** ਵਾ. ਸਾਹੂਕਾਰ ਵਡੇ ਜਾਣੀਦੇ ਹੈਂ।

**ਸਾਹਸ** ਸੰ. ਹਠ।

**ਸਾਹਾ** ਦੇ. ਬਿਵਾਹ, ਯਥਾ- ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ। ਸ੍ਵਾਸਾਂ ਕੋ, ਯਥਾ- ਜੇਤੇ ਜੀਅ ਜੀਵਹਿ ਲੈ ਸਾਹਾ। ਰਾਜਨੋਂ ਕੋ, ਯਥਾ- ਸਿਰਿ ਸਾਹਾ ਪਾਤਿਸਾਹਾ। ਪੁਨਾ- ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ।

**ਸਾਹਿ** ਦੇ. ਸ੍ਵਾਸ, ਯਥਾ- ਸਾਹਿ ਸਾਹਿ ਤੁਝੁ ਸੰਮਲਾ।

**ਸਾਹਿਬ ਕੀ** ਪੰ. ਸ੍ਵਾਮੀ ਪ੍ਰਮੇਸ੍ਵਰ ਕੀ, ਯਥਾ- ਸਾਹਿਬ ਕੀ ਕਰਿ ਚਾਕਰੀ।

**ਸਾਹਿਬੁ** ਯ. ਸ੍ਵਾਮੀ, ਯਥਾ- ਵਡਾ ਸਾਹਿਬੁ ਊਚਾ ਥਾਉ। ਸਾਹਬ ਮੇਂ, ਯਥਾ- ਬਹੁ ਗੁਣ ਮੇਰੇ ਸਾਹਿਬੈ। ਬਹੁ ਗੁਣ ਮੇਰੇ ਸਾਹਿਬੈ ਭਾਈ। ਹੇ ਸਾਹਬ, ਯਥਾ- ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ।

**ਸਾਹੀ** ਫਾ. ਪਾਤਸਾਹੀ।

**ਸਾਹੁ** ਦੇ. ਸਾਹੂਕਾਰ, ਯਥਾ- ਸਚਾ ਸਾਹੁ ਸਚੇ ਵਣਜਾਰੇ। ਪੁਨਾ- ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ। ਪੰ. ਸ੍ਵਾਸ, ਯਥਾ- ਜਿਚਰੁ ਘਟ ਮਹਿ ਸਾਹੁ। ਪੁਨਾ- ਸਾਹੁ ਆਵੈ ਕਿ ਨ ਆਵੈ ਰਾਮ। ਪਾਤਸਾਹ ਪਾਸ, ਯਥਾ- ਸਾਹਿ ਗਇਐ ਪਛੁਤਾਇ। ਪਾਤਸਾਹ ਪ੍ਰਮੇਸ੍ਵਰ ਕੇ ਆਗੇ ਗਇਆ ਵਹੁ ਪਛਤਾਵੇ ਹੈ ਵਾ ਸ੍ਵਾਸ ਕੇ ਗਏ ਪੀਛੇ ਪਸਚਾਤਾਪ ਕਰੇ ਹੈ।

**ਸਾਹੁਰੜੀ** ਗੁ. ਸਾਹੁਰੇ ਘਰ ਕੀ ਅਰਥਾਤ ਪਰਲੋਕ ਵਾਸੀ ਪ੍ਰਮੇਸ੍ਵਰ

ਕੀ ਰਚੀ ਵੇਦ ਵਿਦਯਾ ਜਲ ਅਗਨੀ ਪਵਨ ਸਭ ਕੇ ਵਾਸਤੇ ਸਾਂਝੀ ਹੈ। ਕਿਉਂਕੇ ਜੈਸੇ ਜਲ ਸਭ ਕੇ ਪੀਨੇ ਹੋਤ ਹੈ। ਅਗਨਿ ਸਭ ਕੇ ਪਾਕ ਸੇਕਨਾਦਿਕ ਕਾਮੋਂ ਹੋਤ ਹੈ। ਪਵਨ ਪਸੀਨਾ ਬਸਤ੍ਰ ਸੁਕਾਵਨ ਅੰਨ ਸੁਧ ਕਰਨਾਦਿ ਉਪਕਾਰ ਹੋਤ ਹੈ। ਤੈਸੇ ਈਸ੍ਰਰ ਰਚਿਤ ਵੇਦ ਵਿਦਯਾ ਭੀ। ਇਸਤ੍ਰੀ ਸੂਦ੍ਰ ਬਰਣ ਸੰਕਰ ਸੰਕੀਰਣ ਯਵਨ ਈਸਾਈ ਸਭ ਕੇ ਲੀਏ ਸਾਂਝੀ ਹੈ। ਕਿਉਂਕੇ ਵੇਦ ਮੇਂ ਗਾਰਗੀ ਮੈਤ੍ਰੇਯੀ ਪ੍ਰਭ੍ਰਿਤੀ ਇਸਤ੍ਰੀਓਂ ਕੇ ਸੰਵਾਦ ਹੈਂ। ਪੁਰਾਣੋਂ ਮੇਂ ਚੂੜਾਲਾ ਮੰਦਾਲਸਾਦਿਕ ਇਸਤ੍ਰੀਓਂ ਕੇ ਸੰਵਾਦ ਹੈਂ- ਨਿਖਾਦੋਂ ਕੇ ਚੌਧਰੀ ਕੋ ਮੀਮਾਂਸਾ ਮੇਂ। ਯੱਗ ਲਾਇਕ ਵੇਦ ਪੜਨਾ। ਜੈਮਨੀ ਰਿਖਿ ਨੇ ਮਾਨਾ ਹੈ। ਬਰਣ ਸੰਕ੍ਰ ਵਿਦਰ ਭਗਤ ਨੇ ਧ੍ਰਿਤਰਾਸ੍ਰਰ ਕੋ ਮੋਖ ਪ੍ਰਯੰਤ ਚਾਰੋਂ ਪਦਾਰਥੋਂ ਕਾ ਉਪਦੇਸ ਕੀਆ ਹੈ। ਯਹ ਕਥਾ ਮਹਾਭਾਰਤ ਕੇ ਉਦਯੋਗ ਪਰਬ ਮੇਂ ਸਪਸ੍ਰ ਹੈ। ਸੂਤ ਪੌਰਾਣਕ ਜਿਸ ਕੀ ਮਾਤਾ ਬ੍ਰਾਹਮਣੀ ਪਿਤਾ ਖਤ੍ਰੀ ਵਹੁ ਨੈਮਖਾਰਨ੍ਯ ਮੇਂ ਅਠਾਸੀ ਹਜਾਰ ਰਿਖੀਓਂ ਕੋ ਕਥਾ ਸੁਨਾਤਾ ਰਹਿਆ। ਯਹ ਪੁਰਾਣੋਂ ਮੇਂ ਪ੍ਰਸਿਧ ਹੈ। ਧਰਮ ਬਯਾਧ ਨੇ ਤਪਸੀ ਬ੍ਰਾਹਮਣ ਕੋ ਉਪਦੇਸ ਕੀਆ ਯਹ ਮਹਾਭਾਰਤ ਇਤਿਹਾਸ ਮੇਂ ਪ੍ਰਸਿਧ ਹੈ। ਜਾਨ ਸ੍ਰੁਤਿ ਕੋ ਅਪਨੇ ਮੁਖ ਸੇ ਸੂਦ੍ਰ ਕਹ ਰੈਕ੍ਰਯ ਰਿਖਿ ਨੇ ਉਪਦੇਸ ਕੀਆ। ਯਹ ਗਾਥਾ ਛਾਂਦੋਗ੍ਯ ਉਪਨਿਖਦ ਮੇਂ ਪ੍ਰਸਿੱਧ ਹੈ। ਯਾਤੇ ਸਰਬ ਕੇ ਉਪਕਾਰ ਹੇਤ ਰਚੇ ਜਲ ਅਗਨੀ ਆਦਿ ਪਦਾਰਥੋਂ ਵਤ ਵੇਦ ਵਿਦਯਾ ਕੋ ਸਰਬ ਕੇ ਉਪਕਾਰ ਹੇਤ ਰਚਨੇ ਸੇ ਸਭੀ ਜੀਵੋਂ ਹੇਤ ਸਾਂਝੀ ਹੈ। ਸੁਚਿ ਪਵਿਤ੍ਰ ਬਨ ਕੋਈ ਪੜੇ ਕਾਹੂ ਪ੍ਰਤਿ ਇਸ ਕਾ ਅਨਧਿਕਾਰ ਨਹੀਂ। ਜਹਾਂ ਅਨਧਿਕਾਰ ਲਿਖਾ ਹੈ ਤਹਾਂ ਇਸਤ੍ਰੀ ਸੂਦ੍ਰੋਂ ਵਤ ਬ੍ਰਹਮ ਬੰਧੂ ਖਤ੍ਰ ਬੰਧੂ ਬੈਸਯ ਬੰਧੂ ਭੀ ਸਾਥ ਲੀਏ ਗਏ ਹੈਂ। ਐ ਬਰਤਮਾਨ ਮੈਂ ਬਹੁਤ ਬ੍ਰਾਹਮਣ ਆਦਿਕ ਵੈਸੇ ਹੀ ਹੈਂ। ਯਾਤੇ ਮੈਲੇ ਪਾਪੀ ਪੁਰਖ ਸਭੀ ਅਨਧਿਕਾਰੀ ਹੈਂ। ਸ੍ਰਛ ਬਯਵਹਾਰ ਵਾਲੇ ਸਭੀ ਅਧਿਕਾਰੀ ਹੈਂ। ਕੋਈ ਅਨਧਿਕਾਰੀ ਨਹੀਂ ਜੋ ਅਪਨੇ ਸ੍ਵਾਰਥ ਹੇਤ ਅਧਿਕਾਰੀ ਕੋ ਅਨਧਿਕਾਰੀ ਬਤਾਵੇ ਸੋ ਕੁਚੱਜਾ ਹੈ। ਉਸ ਨੇ ਵਿਦਯਾ ਕੀ ਰਖ੍ਯਾ ਕੀ ਰੀਤਿ ਨਹੀ ਜਾਨੀ। ਰਖ੍ਯਾ ਤੋ ਵਸਤੁ ਕੀ ਤਬੀ ਹੋ ਸਕਤੀ ਹੈ ਜਬ ਸਭੀ ਮਿਲਕੇ ਕਰੇਂ। ਏਕ ਕੀ ਕਰੀ ਰਖ੍ਯਾ ਕਹਾਂ ਤਕ ਹੋ ਸਕੇਗੀ ਅਰਥਾਤ ਜਹਾ ਏਕ ਜਾਤਿ ਕੇ ਮੂਰਖ ਆਲਸੀ ਪ੍ਰਮਾਦੀ ਹੂਏ ਰਹ ਜਾਵੇਗੀ। ਦੈਵ ਯੋਗ ਸੇ ਵੈਸੇ ਪੁਰਖੋਂ ਸੇ ਕੋਈ ਪੂਛੇਗਾ। ਤਬ ਆਪ ਨਾ ਜਾਣਤੇ ਹੂਏ ਪੂਛਤੇ ਕੋ ਯਹੀ ਸੁਨਾਵੇਂਗੇ। ਆਪ ਕੋ ਸੁਨਾਨੇ ਕਾ ਅਧਿਕਾਰ ਨਹੀਂ। ਯਹ ਨਹੀਂ ਕਹੇਂਗੇ ਕੇ ਸੁਨਾਨੇ ਮੇਂ ਮੂਰਖਪਨੇ ਕੇ ਸਬਬ ਹਮ ਹੀ ਲਾਚਾਰ ਹੈਂ। ਯਹ ਸਭੀ ਭਾਵ ਚਿੱਤ ਮੇਂ ਰਖ ਗੁਰੂ ਕਹੇ ਹੈਂ। ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ- ਸਾਹੁਰੇ ਘਰ ਕੀ ਸਭੀ ਵਸਤ ਜੀਵ ਮਾਤ੍ਰ ਕੀ ਸਾਂਝੀ ਹੈ। ਪੇਵਕੜੇ ਇਸ ਲੋਕ ਮੇਂ ਅਪਨੇ ਸ੍ਵਾਰਥ ਕੇ ਪ੍ਰਤਾਪ ਸੇ ਧਨ, ਇਨ ਜੀਵ ਰੂਪ ਇਸਤ੍ਰੀਓਂ ਨੇ ਅਪਨੇ ਕੋ ਉਸ ਕੀ ਯੋਗਯਤਾ ਅਪਨੇ ਸੇ ਇਤਰੋਂ ਕੋ ਉਸ ਕੀ ਅਯੋਗਯਤਾ ਥਾਪ ਜੁਦੀ ਜੁਦੀ ਕਹ ਲਈ ਹੈ। ਸੋ ਸ੍ਵਾਮੀ ਕੀ ਪ੍ਰਸੰਨਤਾ ਹੇਤ ਨਹੀਂ ਕਰੀ। ਕਿੰਤੂ ਆਪ ਕੁਚੱਜੇ ਹੈਂ। ਯਾਤੇ ਇਸਤ੍ਰੀ ਸੂਦ੍ਰਾਦਿਕੋਂ ਮੇਂ ਦੋਸ ਦੇਨੇ ਵਾਲੇ ਬਨ ਗਏ ਉਲਟਾ ਉਨ ਕੋ ਭੀ ਪਾਤ੍ਰ ਬਨਾਯ ਉਪਦੇਸ ਕਰ ਜਾਨਯਾ ਨਹੀ ਰਛਾ ਕਰਨਾ। ਯਾਹੀ ਵਾਰਤਾ ਕੇ ਸਾਧਕ ਗ੍ਰੰਥ ਜੀ ਮੇਂ ਬਹੁਤ ਬਚਨ ਹੈਂ, ਯਥਾ- ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ। ਪੁਨਾ- ਜਾਤੀ ਦੈ ਕਿਆ ਹਥਿ ਸਚੁ ਪਰਖੀਐ। ॥ਆਸੰਕਾ॥ ਐਸੇ ਮਾਨੇ ਧਰਮ ਸਾਸਤ੍ਰ ਮੇਂ ਕਹੇ ਬਰਣਾਸ੍ਰਮੋਂ ਕੇ ਧਰਮ ਭੀ ਨਿਰਰਥਕ ਹੋ ਜਾਵੇਗੇ। ॥ਉਤਰ॥ ਗੀਤਾਦਿਕ ਸਤ ਗ੍ਰੰਥੋਂ ਮੇਂ ਗੁਣ ਕਰਮਾਨੁਸਾਰ ਬਰਣ ਕਹੇ ਹੈਂ। ਬ੍ਰਾਹਮਣ ਬ੍ਰਾਹਮਣੀ ਸੇ ਉਪਜੀ ਸੰਤਾਨ ਬ੍ਰਾਹਮਣ। ਖਤ੍ਰੀ ਖਤ੍ਰਾਣੀ ਸੇ ਉਪਜੀ ਸੰਤਾਨ ਖਤ੍ਰੀ ਐਸੇ ਨਹੀ ਕਹੇ, ਜਿਨ ਮੇਂ ਗੁਣ ਕਰਮ ਸੇ ਬਰਣ ਬਿਭਾਗ ਕਹਨਾ ਤਿਆਗ ਮਾਤਾ ਪਿਤਾ ਕੀ ਜਾਤਿ ਸੇ ਬ੍ਰਾਹਮਣਾਦਿ ਬਰਣ ਬਿਭਾਗ ਮਾਨ ਧਰਮ ਲਿਖੇ ਹੈਂ ਸੋ ਸਤ ਗ੍ਰੰਥ ਨਹੀਂ ਯਾਤੇ ਤਿਨ ਕੇ ਨਿਰਰਥਕ ਹੋਨੇ ਕਾ ਭੀ ਸੰਭਵ ਹੈ ਕਿਉਂਕੇ- ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ। ਪੁਨਾ- ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ। ਐਸੇ ਗੁਰੁ ਬਚਨੋਂ ਮੇਂ ਬ੍ਰਹਮ ਬਿਚਾਰ ਬ੍ਰਾਹਮਣਪਨੇ ਕਾ ਹੇਤੁ ਮਾਨਾ ਹੈ ਮਾਤਾ ਪਿਤਾ ਨਹੀ ਮਾਨੇ। ਏਵੰ। ਖਤ੍ਰੀ ਸੋ ਜੁ ਕਰਮਾ ਕਾ ਸੂਰੁ। ਪੁੰਨ ਦਾਨ ਕਾ ਕਰੈ ਸਰੀਰੁ। ਐਸੇ ਗੁਣ ਕਰਮੋਂ ਅਨੁਸਾਰ ਜਾਤਿ ਮਾਨੀ ਹੈ ਤਾਕੇ ਅਨੁਕੂਲ ਧਰਮ ਸਾਰਥਕ ਹੈ ਨਿਰਰਥਕ ਨਹੀਂ।

**ਸਾਹੁਰੈ** ਪੰ. ਪਤਿ ਪਤਨੀ ਕੇ ਮਾਤ ਪਿਤਾ ਕੇ ਘਰ ਮੇਂ, ਯਥਾ- ਸਾਹੁਰੈ ਪੇਈਐ ਬੁਰੀ। ਅਨਯੋਕ੍ਰੀ ਸੇ ਲੋਕ ਪ੍ਰਲੋਕ ਮੇਂ ਬੁਰੀ।

**ਸਾਹੂ** ਗੁ. ਭਸਮ, ਸ੍ਵਾਹ, ਯਥਾ- ਭੀ ਸਾਹੂ ਸਿਉ ਪਾਣੁ।

**ਸਾਕ** ਪੰ. ਸੰਬੰਧੀ ਲੋਕ, ਯਥਾ- ਸਾਕ ਭਿ ਭਜਿ ਖਲੇ।

**ਸਾਕਤ** ਗੁ. ਨਿਖਿਧ ਕਾਮ ਕਰਨੇ ਵਾਲੇ ਮਨਮੁਖ ਜਨ, ਯਥਾ- ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ। ਪੁਨਾ- ਸੰਤ ਕੀ ਨਿੰਦਾ ਸਾਕਤ ਕੀ ਪੂਜਾ। ਸਕ੍ਰੀ ਕੇ ਉਪਾਸਕ ਵਾਮ ਮਤੀ ਲੋਗੋਂ ਕਾ ਨਾਮ ਸਾਕ੍ਰਿਕ ਹੈ ਵਹੁ ਮਦਰਾ ਮਾਸ ਮੱਛੀ ਮੈਥਨ ਮੁਦ੍ਰਾ ਇਨ ਪਾਂਚ ਕਾ ਸੇਵਨ ਭਲਾ ਮਾਨਤੇ ਹੈ। ਯਾਤੇ ਉਸੀ ਸੇ ਸਾਕਤ ਨਾਮ ਬਨਾ ਜਾਨ ਪੜਾ ਹੈ। ਸੰ. ਸਕ੍ਰਿਕ।

**ਸਾਂਕਲ** ਦੇ. ਸੰਗਲ ਅਰਥਾਤ ਬੇੜੀ, ਯਥਾ- ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ। ਸਾਂਕਲ ਜੇਵਰੀ ਲੈ ਹੈ ਆਈ। ਰਿਖੀਓਂ ਕੀ ਵੇਦਾਨੁਸਾਰ ਬਨਾਈ ਸਿਮ੍ਰਿਤੀਆਂ ਵੇਦੋਂ ਕੀਆਂ ਪੁਤ੍ਰੀ..ਾਂ ਹੈਂ ਅਰ ਉਨ ਮੇਂ ਵਰਨੋਂ ਆਸ੍ਰਮੋਂ ਕੇ ਧਰਮ ਔ ਨਿਖਧ ਕਰਮ ਕਰਨੇ ਵਾਲੇ ਲੋਗੋਂ ਕੋ ਦੰਡ ਦੇਨੇ ਲਿਖੇ ਹੈਂ ਜਿਸ ਮੇਂ ਬੇੜੀ ਪਾਵਨੀ, ਮੁਸਕਾ ਬਾਂਧਨੀ, ਫਾਸੀ ਦੇਨਾ ਲਿਖਾ ਹੈ। ਯਾਤੇ ਵਹੁ ਬੇੜੀਆਂ ਅਰ ਮੁਸਕਾਂ ਬਾਂਧਨ ਕੀ ਰਸੀਆਂ ਰੂਪ ਫਾਹੀਆਂ ਲੇ ਕਰ ਆਈਆਂ ਹੈ- ਸਾਂਕਲ, ਸੰਗਲ। ਸੰ. ਸ੍ਰਿੰਖਲਾ।

**ਸਾਖ** ਦੇ. ਖੇਤੀ, ਯਥਾ- ਜਲ ਬਿਨੁ ਸਾਖ ਕੁਮਲਾਵਤੀ। ਸੰ. ਸਸ੍ਯ। ਬ੍ਰਿਛ ਕੀ ਡਾਲੀ ; ਸਾਹਦੀ, ਗਵਾਹੀ, ਜੈਸੇ- ਝੂਠੇ ਕੀ ਝੂਠੀ ਸਾਖ।

**ਸਾਖ ਤਰੋਵਰ** ਵਾ. ਕੀਰਤੀ ਗੁਰੂ ਅਰਜਨ ਜੀ ਕੀ ਮਾਨੋ ਮਉਲਸਿਰੀ ਕੀ ਡਾਲੀਆਂ ਵਤ ਸੁਗੰਧਿਤ ਹੈ, ਯਥਾ- ਸਾਖ ਤਰੋਵਰ ਮਵਲਸਰਾ।

**ਸਾਖਤਿ** ਫਾ. ਘੋੜੇ ਕੀ ਦੁੰਬ ਤਲੇ ਚਮੜੇ ਤਥਾ ਬਨਾਤ ਕੀ ਦੁੰਬਚੀ, ਯਥਾ- ਸੁਇਨੇ ਸਾਖਤਿ ਬੁਝਣੁ ਤੇਰੀ। ਸਾਖਤੀ, ਰਚਨਾ, ਬਨਾਨਾ।

**ਸਾਖਾ** ਸੰ. ਬੇਦੋਂ ਕੇ ਛੋਟੇ ਭਾਗ, ਜੈਸੇ- ਤੈਤਰੀ ਸਾਖਾ। ਬਾਜ ਸਨੇਯੀ ਸਾਖਾ ; ਬ੍ਰਿਛ ਕੀ ਡਾਲੀ, ਯਥਾ- ਵੈਸਾਖੁ ਭਲਾ ਸਾਖਾ ਵੇਸ ਕਰੇ। ਪਖਾਂਤਰ, ਔਰ ਪਖ। ਗੁ. ਭੁਜਾ।

**ਸਾਖਾ ਤੀਨਿ** ਗੁ. ਤੀਨ ਗੁਣ ਰੂਪ ਸਾਖਾ, ਯਥਾ- ਸਾਖਾ ਤੀਨਿ ਕਹੈ ਨਿਤ ਬੇਦੁ।

**ਸਾਖਿਆ** ਗੁ. ਸਾਹਦੀ ਅਰਥਾਤ ਦ੍ਰਿਸ੍ਟਾਂਤ, ਯਥਾ- ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ।

**ਸਾਖੀ** ਗੁ. ਉਪਦੇਸ, ਯਥਾ- ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ। ਪੁਨਾ- ਸੰਤਨ ਕੀ ਸੁਣਿ ਸਾਚੀ ਸਾਖੀ। ਇਤਿਹਾਸ ਕਥਾ, ਜੈਸੇ- ਭਾਈ ਬਾਲੇ ਕੀ ਸਾਖੀ, ਮਨੀ ਸਿੰਘ ਕੀ ਸਾਖੀ। ਸਾਹਦੀ, ਗਵਾਹੀ, ਯਥਾ- ਦੁਤੀਆ ਬਿਰਥੀ ਸਾਖੀ। ਸੰ. ਗਵਾਹ, ਉਗਾਹ, ਜੈਸੇ- ਤਬ ਸਾਖੀ ਪ੍ਰਭ ਅਸ੍ਟ ਬਨਾਏ। ਸਾਖ ਨਿਮਿਤ ਦੇ ਬੈਠ ਹਰਾਏ- ਪ੍ਰਮੇਸ੍ਰ ਨੇ ਨਿਖਿਲ ਕਾਮੋਂ ਕੀ ਗਵਾਹੀ ਲੇਨੇ ਹੇਤ ਚੰਦ੍ਰ ਸੁਰਯਾਦਿ ਆਠ ਬਸੁ ਬਨਾਏ ; ਬ੍ਰਿਛ, ਵੇਦ। ਸੰ. ਸਾਖੀ।

**ਸਾਖੀਆਏ** ਵਾ. ਸਾਹਦੀ ਆਏ ਹੈਂ, ਗੁਵਾਹ ਆਏ ਹੈਂ।

**ਸਾਂਗ** ਦੇ. ਨਕਲ। ਸੰ. ਅੰਗੋਂ ਸਹਿਤ, ਜੈਸੇ- ਸਾਂਗ ਵੇਦ ਪੜਾ। ਦੇ. ਬਰਛੀ।

**ਸਾਗ** ਦੇ. ਤੁਕਾਰੀ, ਭੁਰਜੀ। ਬਿਦਰ ਕੇ ਘਰ ਮੇਂ ਕ੍ਰਿਸਨ ਜੀ ਨੇ ਯਹੀ ਸਾਗ ਖਾਯਾ ਥਾ ਬਿਦਰ ਨੇ ਪ੍ਰੇਮ ਕਰ ਸੀਘ੍ਰ ਬਨਵਾਇਆ ਇਸ ਲੀਏ ਰਸੋਈਆ ਲਵਣ ਪਾਨਾ ਭੂਲ ਗਯਾ। ਕ੍ਰਿਸਨ ਜੀ ਨੇ ਬਡੇ ਪ੍ਰਸੰਨ ਹੋ ਖਾਯਾ ਤਬ ਸੇ ਲੋਗ ਅਪਨੇ ਉਤਮ ਭੋਜਨੋਂ ਮੇਂ ਭੀ ਨਯੂਨਤਾ ਪ੍ਰਗਟ ਕਰਨੇ ਹੇਤ ਪ੍ਰਾਰਥਨਾ ਸੇ ਬਿਦਰ ਕੀ ਭਾਜੀ ਬਿਦਰ ਕਾ ਸਾਗ ਕਹਤੇ ਹੈਂ ਅਸਲ ਮੇਂ ਬਿਦਰ ਘਰ ਸੇ ਗਰੀਬ ਨਹੀ ਥਾ। ਬਿਦਰ ਰਾਜਾ ਧ੍ਰਿਤਰਾਸਟ੍ਰ ਕਾ ਭਾਈ ਥਾ ਅਰ ਵਜੀਰ ਥਾ। ਪੰ. ਮਕੀ ਕਾ ਆਟਾ ਮਿਲਾਕਰ ਬਨਾਯਾ ਨਰਮ ਸਾ ਸਾਗ ਜਿਸ ਕਾ ਦੂਜਾ ਨਾਮ ਭਾਜੀ ਹੈ ਯਹ ਸਾਗ ਪੰਜਾਬ ਮੇਂ ਹੀ ਹੋਤਾ ਹੈ ਆਨ ਦੇਸੋਂ ਮੇਂ ਨਹੀਂ ਬਨਤਾ ਨਾ ਆਨ ਦੇਸੀ ਪਸੰਦ ਕਰਤੇ ਹੈਂ। ਦੇ. ਮਾਰ. ਸਾਥ, ਜੈਸੇ- ਥਾਕੇ ਸਾਗੇ ਮੇ ਭੀ ਜਾਸਜਾਂ।

**ਸਾਗਰੰ** ਸੰ. ਸਮੁਦ੍ਰ, ਯਥਾ- ਸਾਗਰੰ ਸੰਸਾਰਸ੍ਯ। ਸਾਗਰੋ, ਯਥਾ- ਸਾਗਰੋ ਰਤਨਾਗਰੋ। ਸਾਗਰਾ, ਯਥਾ- ਪਿੰਧੀ ਮਹਿ ਸਾਗਰਾ। ਹਰਿ ਕੇ ਬਾਗ ਸੰਸਾਰ ਮੇਂ ਜੀਵ ਐਸੇ ਚੇਸ੍ਟਾ ਕਰਤੇ ਹੈਂ ਜੈਸੇ ਟਿੰਡ ਮੇਂ ਆਯਾ ਸਮੁਦ੍ਰ ਜਲ ਕਰੇ ਹੈ।

**ਸਾਗਰਸਾਤ** ਦੇ. ਸਾਯਰਸਾਤ।

**ਸਾਂਗੀ** ਦੇ. ਨਕਲੀਆ, ਯਥਾ- ਤੂੰ ਸਾਹਿਬੁ ਹਉ ਸਾਂਗੀ ਤੇਰਾ।

**ਸਾਚ** ਦੇ. ਯਥਾਰਥ ਅਰਥਾਤ ਅੰਤਾਕਰਣ ਮੇਂ ਪੂਰੀ ਸਾਧਨ ਸਾਮਗ੍ਰੀ, ਯਥਾ- ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ। ਸਤਯ ਬੋਲਨੇ ਆਦਿ ਯਥਾਰਥ ਸਾਧਨੋ ਬਿਨਾ, ਯਥਾ- ਸਾਚ ਬਿਨਾ ਸੂਚਾ ਕੋ ਨਾਹੀ। ਪੁਨਾ- ਸਾਚੁ ਸਾਚੇ ਭਾਵਏ। ਸਚੀ, ਯਥਾ- ਸਚੀ ਗੁਰ ਮਣੀਆ। ਯਥਾਰਥ ਹੈ ਗੁਰੋਂ ਕੀ ਮਾਨਤਾ। ਪੁਨਾ- ਸਾਚੀ ਪਰੀ ਬਿਚਾਰਾ। ਸਤਯ ਸ੍ਵਰੂਪ ਪਰਮਾਤਮਾ ਸੇ ਬਿਨਾ, ਯਥਾ- ਸੋ ਸਾਚਾ ਮਿਲਿ ਸਾਚੇ ਰਾਚਾ। ਪੁਨਾ- ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ। ਸਤਯ ਸ੍ਵਰੂਪ, ਯਥਾ- ਸਾਚਾ ਸਾਹਿਬੁ ਕਿਰਪਾ ਕਰੈ। ਪੁਨਾ- ਸਾਚਾ ਸਾਚੀ ਨਾਈ।

**ਸਾਚ ਸੰਗੂਤੀ** ਗੁ. ਸਾਚ ਕੇ ਸੰਗ ਵਾਲੀ।

**ਸਾਚ ਪਿਆਰੀ** ਗੁ. ਸਚੇ ਹਰਿ ਕੀ ਪਿਆਰ ਵਾਲੀ।

**ਸਾਚਾ ਨਾਉ** ਵਾ. ਸਤ ਨਾਮ, ਯਥਾ- ਸਾਚੋ ਸਾਚਾ ਨਾਉ। ਸਚੇ ਕਾ ਨਾਮ ਸਤ ਹੈ।

**ਸਾਚੀ ਬਾਣੀ** ਦੇ. ਯਥਾਰਥ ਬਚਨ।

**ਸਾਚੀ ਰਾਸਿ** ਗੁ. ਸੁਧਾ ਰੂਪੀ ਸਚੀ ਪੂੰਜੀ, ਯਥਾ- ਸਾਚੀ ਰਾਸਿ ਸਾਚਾ ਵਾਪਾਰੁ।

**ਸਾਚੈ ਘਰਿ** ਵਾ. ਸਤਸੰਗ ਥਾਨ ਮੇਂ, ਯਥਾ- ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ।

**ਸਾਜਨ ਮੀਤ** ਦੇ. ਸਜਨੋਂ ਕੇ ਸਜਨ, ਯਥਾ- ਸਾਜਨ ਮੀਤ ਸੁਆਮੀ ਨੇਰੋ।

**ਸਾਜਨੜਾ** ਪੰ. ਮੁ. ਸਜਨ ; ਪੈਦਾ ਕਰਨੇ ਵਾਲਾ, ਯਥਾ- ਸਾਜਨੜਾ ਮੇਰਾ ਸਾਜਨੜਾ। ਮੇਰਾ ਪੈਦਾ ਕਰਨੇ ਵਾਲਾ ਪ੍ਰਮੇਸ੍ਰ ਸੱਜਨ ਹੈ।

**ਸਾਜਨੁ** ਦੇ. ਸੱਜਨ, ਯਥਾ- ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ।

**ਸਾਜਿ** ਫਾ. ਸਾਰਗੀ ਆਦਿਕ ਵਾਜੇ ; ਸਾਮਗ੍ਰੀ ; ਬਨਾਯ ਕੇ, ਯਥਾ- ਸੇਵਕ ਸਾਜਿ। ਸੇਵਕ ਭਾਵ ਸਾਜ ਕੇ। ਬਨਾਵੇ ਹੈ, ਯਥਾ- ਆਪੇ ਸਾਜੇ ਆਪੇ ਰੰਗੇ। ਪੁਨਾ- ਤੁਮ ਸਭ ਸਾਜੇ ਸਾਜਿ ਨਿਵਾਜੇ।

**ਸਾਜਿ** ਗੁ. ਮਾਯਾ ਸੇ ਉਤਪਤੀ, ਯਥਾ- ਆਪੇ ਕੁਦਰਤਿ ਕਰੇ ਸਾਜਿ। ਆਪ ਹੀ ਮਾਯਾ ਸਕਤੀ ਸੇ ਕਰੇ ਹੈ ਪਰਮਾਤਮਾ ਰਚਨਾ ਜਗਤ ਕੀ। ਸੰ. ਸਜ੍ਯ।

**ਸਾਜਿਆ** ਦੇ. ਬਨਾਇਆ, ਯਥਾ- ਪੀਠਾ ਪਕਾ ਸਾਜਿਆ।

**ਸਾਂਝ** ਪੰ. ਸੰਧਯਾ ਸਮਾ, ਯਥਾ- ਸਾਂਝ ਪਰੀ ਦਹ ਦਿਸ ਅੰਧਿਆਰਾ। ਈਹਾਂ ਅਨਯੋਕ੍ਤੀ ਸੇ ਮਰਨ ਸਮੇ ਕਾ ਗ੍ਰਹਣ ਹੈ ਅਰਥਾਤ ਜਬ ਮਰਣ

ਸਮਾ ਸਮੀਪ ਆਯਾ ਤਬ ਜੀਵ ਕੋ ਸੁਖਪਤੀ ਮੂਰਛਾ ਸਮਿਓ ਵਤ ਕਾਹੂ ਚੀਜ ਕਾ ਗ੍ਯਾਨ ਨਹੀ ਰਹੇ। ਸੰ. ਸੰਧਯਾ। ਦੂਸਰੇ ਸੇ ਮੇਲ, ਯਥਾ- ਸਾਝ ਪਾਤਿ ਕਾਹੂ ਸਿਉ ਨਾਹੀ। ਪੁਨਾ- ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ। ਪੁਨਾ- ਸਭੇ ਸਾਝੀਵਾਲ ਸਦਾਇਨਿ। ਪੁਨਾ- ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ। ਸਾਮਾਨਯ ਸੰਸਕ੍ਰਿਤ ਪਦ ਸਾਂਝ ਪਦ ਕਾ ਮੂਲ ਹੈ। ਦੇ. ਸਾਂਝੀ ਸੰਧਯਾ ਸਮੇ ਜੋ ਮੰਦਰੋਂ ਮੇਂ ਸਿੰਗਾਰ ਕੀਆ ਜਾਤਾ ਹੈ ਤਿਸ ਸ੍ਰਿੰਗਾਰ ਲੀਲਾ ਕਾ ਨਾਮ ਹੈ ਯਹ ਲੀਲਾ ਸਭ ਸੇ ਬਢ ਕੇ ਮਥਰਾ ਬ੍ਰਿੰਦਾਬਨ ਮੇਂ ਬਨਤੀ ਹੈ।

**ਸਾਂਝ ਪਰੀ** ਗੁ. ਅਵਸਥਾ ਕੀ ਸਮਾਪਤੀ ਕੇ ਸਮੇ ਭਾਵ ਮਰਨ ਸਮੇ, ਯਥਾ- ਸਾਂਝ ਪਰੀ ਦਹ ਦਿਸ ਅੰਧਿਆਰਾ।

**ਸਾਝ ਪਾਤਿ** ਪੰ. ਪੰਗਤੀ ਕੀ ਸਾਂਝ, ਯਥਾ- ਸਾਝ ਪਾਤਿ ਕਾਹੂ ਸਿਉ ਨਾਹੀ।

**ਸਾਟ** ਦੇ. ਚੋਟ, ਯਥਾ- ਇਸਹਿ ਤੁਰਾਵਹੁ ਘਾਲਹੁ ਸਾਟਿ। ਨਾਮਦੇਵ ਕੋ ਹਾਥੀ ਸੇ ਤੁੜਾ ਦੇਵੋਂ ਮਾਰ ਕੇ ਸਾਂਟੇ ਕੀ ਚੋਟ ; ਹਾਥੀ ਕੇ ਮਾਰੋ ਸਾਂਟਾ। ਘੋੜੇ ਕੇ ਚਾਵਕ ਵਤ ਹਾਥੀ ਕੇ ਡਰਾਵਨੇ ਵਾਸਤੇ ਸਾਂਟਾ ਹੋਤਾ ਹੈ ਜਿਸ ਸਾਥ ਹਾਥੀਓਂ ਕੀ ਸਾਂਟ ਮਾਰੀ ਖੇਲ ਭਾਵ ਲੜਾਈ ਕਰਤੇ ਹੈਂ ; ਚੀਜ ਕੀ ਬਦਲ ਭਾਵ ਬੱਟਾ, ਯਥਾ- ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਰਿਹੁ ਹੋਤੀ ਸਾਟ। ਜੇਕਰ ਦਾਮੋਂ ਸੇ ਹੋਤੀ ਬਦਲ।

**ਸਾਟੀ** ਦੇ. ਧੋਤੀ।

**ਸਾਠੇ** ਦੇ. ਗੱਠੇ, ਸੰਵੇ ਅਰਥਾਤ ਸਿਧ ਕਰੋ, ਜੈਸੇ- ਕਾਰਜ ਸਗਲੇ ਸਾਠੇ।

**ਸਾਡੜੇ** ਪੰ. ਮੁ. ਸ੍ਵਾਦ, ਯਥਾ- ਸਾਡੜੇ ਕਿਤੀ। ਹਮਾਰੇ, ਜੈਸੇ- ਆਜ ਸਾਡੜੇ ਕਾਰ ਦੇਖਨੇ ਕਿਆ ਕਿਆ ਕਰੇਂਗੇ।

**ਸਾਂਡੀ** ਸੰ. ਸੁਕ੍ਰ ਕੇ ਸੰਡ ਨਾਮ ਵਾਲੇ ਬੇਟੇ ਕੀ ਉਪਦੇਸ ਕਰੀ ਨੀਤਿ ਵਿਦ੍ਯਾ ਸਾਂਡੀ ਹੈ। ਸੋ ਨੀਤਿ ਨਿਖਲ ਰਾਜਿਓਂ ਕੇ ਘਰ ਵਰਤੀ ਜਾਤੀ ਹੈ, ਯਥਾ- ਰਾਜਾ ਕੇ ਘਰ ਸਾਂਡੀ ਗੋ। ਸੰਡੇ ਕੀ ਜਾਣੀ ਨੀਤਿ ਕਾ ਨਾਮ ਸਾਂਡੀ ਹੈ ਜੋ ਸੰਡਾ ਪ੍ਰਹਲਾਦ ਕੋ ਨੀਤੀ ਪੜਾਤਾ ਅਰ ਵਹੁ ਨਾ ਪੜਤਾ।

**ਸਾਡੇ** ਪੰ. ਹਮਾਰੇ।

**ਸਾਂਢੈ** ਪੰ. ਗੰਢੇ, ਗੱਠੇ, ਬਨਾਵੇ, ਯਥਾ- ਅਪਨਾ ਬਿਗਾਰਿ ਬਿਰਾਂਨਾ ਸਾਂਢੈ। ਭਰਤੇ ਹੈਂ, ਯਥਾ- ਕਰਜ ਗੁਰੂ ਬਹੁ ਸਾਢੇ। ਪੁਨਯਾਰਥ ਛੋਡਯਾ ਪਸ਼ੂ ਸਾਂਢ ਪ੍ਰਸਿਧ।

**ਸਾਢੇ** ਪੰ. ਆਧੇ ਸਹਿਤ ਤੀਨ ਤੀਨ, ਯਥਾ- ਗਜ ਸਾਢੇ ਤੈ ਤੈ ਧੋਤੀਆ। ਸੰ. ਸਾਰਧ।

**ਸਾਣ** ਦੇ. ਸਸਤ੍ਰ ਤੇਜ ਕਰਣੇ ਯੋਗਯ ਸਿਕਲੀਗਰੋਂ ਕਾ ਪੱਥਰ, ਯਥਾ- ਸਬਦੇ ਸਾਣ ਰਖਾਈ ਲਾਇ।

**ਸਾਣਥ** ਗੁ. ਸਹਾਯਤਾ ਮੇਂ, ਯਥਾ- ਸਾਣਥ ਮੇਰੀ ਆਪਿ ਖੜਾ। ਮੇਰੀ ਸਹਾਯਤਾ ਮੇਂ ਆਪ ਖੜਾ ਹੈ ਪ੍ਰਮੇਸ੍ਵਰ।

**ਸਾਂਤ** ਸੰ. ਸਮ ਵਾਲਾ ; ਅਭਿਯੁਕ੍ਤ, ਸ੍ਰੇਸ੍ਟ ; ਨਿਰਵੇਦ ਸਥਾਯੀ ਭਾਵ ਵਾਲਾ ਰਸ ਵਾ ਸਮਸਥਾਯੀ ਭਾਵ ਵਾਲਾ ਸਾਂਤ ਰਸ। ਜਿਸ ਰਸ ਕਾ ਦੇਵਤਾ ਬਿਸਨੁ ਹੈ ਅਨਿਤ੍ਯ ਰੂਪ ਸੇ ਸੰਪੂਰਣ ਮਾਯਿਕ ਪਦਾਰਥੋਂ ਕੋ ਅਸਾਰ ਜਾਨਨਾ। ਵਾ ਪਰਮਾਤਮਾ ਕਾ ਸ੍ਵਰੂਪ। ਇਸ ਰਸ ਕਾ ਆਲੰਬਨ ਬਿਭਾਵ ਹੈ। ਪਵਿਤ੍ਰ ਆਸ੍ਰਮ ਤੀਰਥ ਸੁੰਦਰ ਬਨ ਮਹਾਪੁਰਖੋਂ ਕਾ ਸੰਗ ਇਤ੍ਯਾਦਿਕ ਇਸ ਰਸ ਕੇ ਉਦੀਪਨ ਬਿਭਾਵ ਹੈ। ਰੋਮਾਂਚ ਅਸ੍ਰੁ ਪਾਤਾਦਿਕ ਇਸ ਰਸ ਕੇ ਅਨੁਭਾਵ ਹੈ। ਨਿਰ੍ਵੇਦ ਬ੍ਰਿਤਿ ਮੇਂ ਵਾ ਸਮ ਮੇਂ ਪ੍ਰਕਟ ਹੂਯਾ ਪ੍ਰਮਾਤਮ ਸ੍ਵਰੂਪ ਆਨੰਦ ਰਸ ਹੈ। ਨਿਖਲ ਗ੍ਯਾਨ ਕਾਂਡ ਵੇਦ ਕਾ ਇਸੀ ਰਸ ਕੇ ਨਿਰਣੇ ਮੇਂ ਅਵਸਾਨ ਹੈ। ਵਾਸਤਵ ਸੇ ਨਿਖਲ ਆਨ ਰਸੋਂ ਮੇਂ ਪਰਮਾਤਮ ਰੂਪ ਰਸਪਨਾ। ਇਸੀ ਰਸ ਕੇ ਅਨੁਭਵ ਕਰਤਾ ਜਨੋਂ ਕੋ ਅਨੁਭਵ ਹੋਤਾ ਹੈ ਔਰੋਂ ਕੋ ਨਹੀਂ ਅਧਿਕ ਬਿਚਾਰ ਗੁਰੁਮਤ ਨਿਰਣੇ ਮੇਂ ਹੈ।

**ਸਾਤ** ਦੇ. ਸਤ, ਯਥਾ- ਸਾਤ ਸੁਰਾ ਲੈ ਚਾਲੈ। ਪੁਨਾ- ਸਾਤ ਸੂਤ ਇਨਿ ਮੁੜੀਂਏ ਖੋਏ। ਸਾਤ ਰੰਗੋਂ ਕੇ ਅਰਥਾਤ ਅਨੇਕ ਰੰਗੋਂ ਕੇ ਸੂਤ੍ਰਾ। ਪੁਨਾ- ਪੰਦ੍ਰਹ ਥਿਤੀਂ ਸਾਤ ਵਾਰ।

**ਸਾਤ ਸਮੁੰਦ** ਦੇ. ਸਾਤੋ ਸਿੰਧ ਭਾਵ ਸੇ ਪਾਂਚੋ ਗ੍ਯਾਨ ਇੰਦ੍ਰੇ ਮਨ ਬੁੱਧੀ, ਯਥਾ- ਸਾਤ ਸਮੁੰਦ ਭਰੇ ਨਿਰਮਲ ਨੀਰਿ। ਸਮ ਦਮਾਦਿ ਸਾਧਨ ਰੂਪੀ ਜਲ ਸਾਥ ਪੂਰਨ ਕਰੇ ਹੈਂ।

**ਸਾਤ ਸੁਰਾ** ਗੁ. ਸਾਤ ਅਰਥਾਤ ਸ੍ਰੇਸ੍ਟ ਦੈਵ ਗੁਣੋਂ ਕੋ ਲੇ ਕਰ ਬਿਚਰੇ ਵਾ ਸਾਂਤਿ ਆਦਿ ਸੁਭ ਗੁਣੋਂ ਕੋ ਲੇ ਕਰ ਬਿਚਰੇ ਹੈਂ, ਯਥਾ- ਸਾਤ ਸੁਰਾ ਲੈ ਚਾਲੈ।

**ਸਾਤਸੂਤ** ਵਾ. ਸਾਤ ਰੰਗੋਂ ਕੇ ਸੂਤ੍ਰ ਅਰਥਾਤ ਹਰਿ ਰੰਗੋਂ ਕੇ ਸੂਤ੍ਰਾਦਿਕ ਸਰਬ ਸਾਮਗ੍ਰੀ।

**ਸਾਂਤਿ** ਸੰ. ਕਾਮ ਕ੍ਰੋਧਾਦਿਕੋ ਕਾ ਜਯ ਕਰਨਾ, ਵਿਖਯੋਂ ਸੇ ਮਨ ਕਾ ਨਿਵਾਰਨ ਕਰਨਾ। ਅਮਰ ਕੋਸੇ, ਉਪੱਦ੍ਰੋਂ ਕਾ ਨਿਵਾਰਣ ; ਨਿਵਾਰਣ ਮਾਤ੍ਰ ; ਅਧਿਕ ਵਾ ਨਯੂਨ ਵਸਤੁ ਕੇ ਲਾਭ ਸੇ ਚਿਤ ਮੇਂ ਤੁਸ੍ਟੀ ਹੋਨੀ ; ਸੰਤੋਖ ਬਿਸੇਖ ; ਦੇਵੀ ਪੁਰਾਣ ਮੇਂ ਸਰਬ ਕੋ ਜਾਨਨੇ ਸੇ ਦੁਰਗਾ ਕਾ ਨਾਮ ਸਰਬਗ੍ਯ ਹੈ। ਸਾਂਤੀ ਪਨੇ ਸੇ ਸਾਂਤੀ ਹੈ ; ਜਪ ਪੂਜਾ ਹੋਮ ਦਾਨਾਦੀ ਕਰਮੋਂ ਦ੍ਵਾਰਾ ਖੋਟੇ ਗ੍ਰਹੋਂ ਕਾ ਅਰ ਖੋਟੇ ਸੁਪਨੇਂ ਕੇ ਹੇਤੁ ਪਾਪੋਂ ਕਾ ਨਾਸ ਕਰਨਾ ਭੀ ਸਾਂਤਿ ਹੈ ਜੋ ਬਿਵਾਹਾਦਿਕੋਂ ਕੇ ਆਦਿ ਮੇਂ ਕਰਾਈ ਜਾਤੀ ਹੈ, ਯਥਾ- ਖੇਮ ਸਾਂਤਿ ਰਿਧਿ ਨਵ ਨਿਧਿ। ਰਿਧਿ ਸਿਧਿ ਕੇ ਮੇਲ ਸੇ ਈਹਾਂ ਸਾਂਤਿ ਪਦ ਕੇ ਸਭੀ ਅਰਥ ਗ੍ਰਹਣ ਕਰ ਲੇਨੇ।

**ਸਾਥ** ਦੇ. ਸੌਦਾਗਰੋਂ ਕਾ ਸਮੂਹ, ਯਥਾ- ਮੁਠੜੇ ਸੇਈ ਸਾਥ। ਠੱਗੇ ਗਏ ਵਹੁ ਸੌਦਾਗਰੋਂ ਕਾ ਸਮੂਹ। ਸਮੂਹ ਮਾਤ੍ਰ, ਯਥਾ- ਪੜਿ ਪੜਿ

ਭਰੀਅਹਿ ਸਾਥ। ਪੁਰਖੋਂ ਕੇ ਸਮੂਹ ਕੋ ਪੋਥੀਆਂ ਕੇ ਸਮੂਹੋਂ ਸੇ ਭਰ ਦੇਈਏ। ਸੰ. ਸਾਰਥ। ਦੇ. ਸੰਗ, ਯਥਾ- ਸਾਥਿ ਨ ਚਾਲੈ ਬਿਨੁ ਭਜਨ। ਪੰ. ਜੁਲਾਹੇ ਕੀ ਨਾਲਾਂ, ਯਥਾ- ਚੰਦੁ ਸੂਰਜੁ ਦੁਇ ਸਾਥ ਚਲਾਈ। ਈਸ ਜੁਲਾਹੇ ਨੇ ਬ੍ਰਹਮੰਡ ਰੂਪ ਕਪੜਾ ਬੁਨਨੇ ਹੇਤ ਮਾਨੋ ਚੰਦ ਸੂਰਜ ਦੋ ਨਾਲਾਂ ਚਲਾਇ ਰਖੀ ਹੈਂ ਜਿਸ ਮੇਂ ਸੂਤ ਕੀ ਨਲਕੀ ਪਾਇ ਕਰ ਤਾਣੇ ਮੇਂ ਪੇਟਾ ਫੇਰਤੇ ਹੈਂ ਉਨ ਕਾ ਨਾਮ ਨਾਲਾਂ ਹੈਂ।

**ਸਾਥਈ** ਗੁ. ਸਾਥੀ, ਯਥਾ- ਤਹ ਰਾਖੈ ਨਾਮੁ ਸਾਥਈ।

**ਸਾਥੀ** ਦੇ. ਸਾਥ ਵਾਲੇ, ਯਥਾ- ਸੰਗੀ ਸਾਥੀ। ਸੰਗ ਸੇ ਸਾਥ ਵਾਲੇ ਸਭ ਕੋ ਤਰਾਵੇ ਹੈਂ।

**ਸਾਥੀਅੜਾ** ਪੰ. ਸਾਥੀ, ਸੰਗੀ, ਯਥਾ- ਸਾਥੀਅੜਾ ਪ੍ਰਭੁ ਏਕੁ।

**ਸਾਦ** ਗੁ. ਸ੍ਵਾਦ, ਯਥਾ- ਸਾਦ ਕਰਿ ਸਮਧਾਂ। ਪੁਨਾ- ਜੋ ਲਗੇ ਦੂਜੈ ਸਾਦਿ। ਪੁਨਾ- ਸਾਦ ਰਹੇ ਬਾਦੰ ਅਹੰਕਾਰਾ। ਪੁਨਾ- ਸਾਦ ਸਹਜ। ਸ੍ਵਾਦੋਂ ਸੇ ਸਾਂਤਿ ਕਰਕੇ। ਸੰ. ਸ੍ਵਾਦੁ।

**ਸਾਦਕ** ਅ. ਸਿਦਕ ਵਾਲੇ, ਨਿਸਚੇ ਵਾਲੇ।

**ਸਾਦੜੇ** ਪੰ. ਸ੍ਵਾਦ।

**ਸਾਦਾ** ਯ. ਸੀਧਾ।

**ਸਾਦੀ** ਯ. ਪ੍ਰਸੰਨਤਾਈ ; ਬਿਵਾਹ।

**ਸਾਧ** ਗੁ. ਸ੍ਰਧਾ, ਯਥਾ- ਜਉ ਤੁਹਿ ਸਾਧ ਪਿਰੰਮ ਕੀ। ਜੇ ਤੈਨੂੰ ਸ੍ਰਧਾ ਹੈ ਪ੍ਰਮੇਸ੍ਵਰ ਮੇਂ ਪ੍ਰੇਮ ਰਖਨੇ ਕੀ ਤਬ ਪੱਕੇ ਗੁਰੂ ਕੀ ਸੇਵਾ ਕਰ।

**ਸਾਧ** ਕੁਲੀਨ, ਉਤਮ ਕੁਲ ਮੇਂ ਜਨਮਾ ; ਸੁੰਦਰ, ਮਨੋਹਰ, ਉਚਿਤ ; ਮੁਨਿ ; ਬੁਧ ਅਵਤਾਰ ਸਮਚਿੱਤੀ ਮਹਾਤਮਾ। ਦੋਹਰਾ। ਨਾ ਪ੍ਰਸੰਨ ਹੋਇ ਮਾਨ ਸੇ ਨਹ ਅਮਾਨ ਸੇ ਤੰਗਾ। ਕਠਨ ਕਹੇ ਨਹ ਕੁਪਿਤ ਹੋਇ ਲਖਣ ਸਾਧੂ ਚੰਗਾ। ੧। ਗ੍ਰੰਥ ਸਾਹਿਬ ਜੀ ਮੇਂ ਐਸੇ ਮਹਾਤਮਾ ਕੀ ਚਰਣ ਧੂਲੀ ਮੇਂ ਮਨ ਕੀ ਸੁਧੀ ਹੇਤ ਸ੍ਨਾਨ ਲਿਖਾ ਹੈ, ਯਥਾ- ਸਾਧ ਕੀ ਧੂਰਿ ਕਰਹੁ ਇਸਨਾਨੁ। ਪੁਨਾ- ਸਾਧ ਬਚਨ ਅਟਲਾਧਾ। ਤਥਾ- ਸਤਿ ਸਤਿ ਸਤਿ ਸਾਧਾ। ਸਾਧੂ ਸਚੇ ਹੈਂ ਸਚੇ ਹੈਂ।

**ਸਾਧ ਸੰਗਾਏ** ਗੁ. ਸਾਧੋਂ ਕੇ ਸੰਗ ਕੇ, ਯਥਾ- ਸੰਜੋਗਿ ਮਿਲਾਏ ਸਾਧ ਸੰਗਾਏ। ਸੰਤੋਂ ਕੇ ਸੰਗ ਕੇ ਸੰਬੰਧ ਸੇ ਆਇ ਕਰ ਮਿਲੇ ਹੈਂ ਪ੍ਰਮੇਸ੍ਵਰ ਸਾਥ ਵਾ ਉਤਮ ਕਰਮ ਕੇ ਸੰਜੋਗ ਨੇ ਮੇਲੇ ਹੈਂ ਹਰਿ ਕੀ ਪ੍ਰਾਪਤੀ ਕਰਨੇ ਵਾਲੇ ਸੰਤੋਂ ਕੇ ਸੰਗ ਮੇਂ।

**ਸਾਧ ਸੰਗਾਤ** ਵਾ. ਸਾਧ ਸੰਗ ਤੇ, ਯਥਾ- ਭੇਟਤ ਸਾਧ ਸੰਗਾਤ।

**ਸਾਧ ਸਫਰੀਆ** ਗੁ. ਸੰਤੋ ਕੀ ਸਭਾ, ਯਥਾ- ਥਿਰੁ ਸਾਧ ਸਫਰੀਆ।

**ਸਾਧ ਖੇ** ਦੇ. ਪਰਬਤੀ ਕਸੌਲੀ ਕੀ ; ਸਾਧ ਕੇ, ਯਥਾ- ਧੂੜੀ ਮਜਨੁ ਸਾਧ ਖੇ।

**ਸਾਧਸੰਗਤਿ** ਸੰ. ਸੰਤੋਂ ਕਾ ਸੰਗ, ਯਥਾ- ਸਾਧਸੰਗਤਿ ਸਿਮਰੁ ਮਾਧੋ।

**ਸਾਧਹੁ** ਗੁ. ਸਾਧੋ ਤੇ।

**ਸਾਧਨ** ਸੰ. ਕਾਰਜ ਬਨਾਨੇ ਕੀ ਸਾਮਗ੍ਰੀ ਜੈਸੇ ਸਮ ਦਮਾਦਿਕ ਆਤਮ ਗਯਾਨ ਕੀ ਸਾਮਗ੍ਰੀ ਹੈ ਕ੍ਰਿਯਾ ਕੇ ਸਾਧਕ ਬ੍ਯਾਪਾਰ ਵਾਲਾ ਹੇਤੁ ; ਸੈਨਾ ; ਯੁਧ ਕੀ ਸਾਮਗ੍ਰੀ ; ਪੁਰਖ ਕਾ ਚਿੰਨ ; ਪਰਖ੍ਯਾਦਿਕ ਪ੍ਰਮਾਣ- ਭਾਵ ਮੇਂ ਮਰਣ ; ਮਰੇ ਕੇ ਸੰਸਕਾਰ ; ਅਗਨਿ ਸੰਸਕਾਰ, ਮਰੇ ਕਾ ਦਾਹ ਕਰਨਾ ; ਗਤਿ, ਮਰੇ ਕੇ ਸਾਥ ਜਾਨਾ ; ਨਿਸਪਾਦਨ, ਚੀਜ ਕਾ ਬਨਾਨਾ ; ਅਨੁਗਮਨ, ਪੀਛੇ ਜਾਨਾ ; ਸਿੱਧਿ, ਪ੍ਰਾਪਤੀ- ਕਰਮ ਮੇਂ ਦ੍ਰਬਯ, ਧਨ। ਗੁ. ਵਹੁ ਇਸਤ੍ਰੀ, ਯਥਾ- ਸਾ ਧਨ ਰੰਡ ਨ ਬੈਸਈ।

**ਸਾਧਾਰਿਆ** ਪੰ. ਸਵਾਰਿਆ, ਯਥਾ- ਗੁਰ ਦੇਖਤ ਮਨੁ ਸਾਧਾਰਿਆ। ਗੁਰੋਂ ਕੋ ਮਿਲਕੇ ਮਨ ਕੋ ਸਵਾਰਿਆ ਹੈ।

**ਸਾਧਾਰੇਇ** ਗੁ. ਸਵਾਰੇ ਹੈ।

**ਸਾਧਾਰੈ** ਗੁ. ਸਵਾਰੇ ਹੈਂ ; ਸਾਧਾਰ, ਯਥਾ- ਮੰਨੈ ਪਰਵਾਰੈ ਸਾਧਾਰੁ। ਮਨਨ ਕਰਨੇ ਸੇ ਮਨਨ ਕਰਨੇ ਵਾਲਾ ਨਿਖਲ ਪਰਿਵਾਰ ਕੋ ਸਵਾਰ ਲੇਵੇ ਹੈ। ਪੁਨਾ-ਨਾਮੁ ਮਨਹਿ ਸਾਧਾਰੈ।

**ਸਾਧਿਕ** ਸੰ. ਸੁਵਣਾਦਿ ਸਾਧਨ ਕਰਨੇ ਵਾਲੇ, ਯਥਾ- ਸਾਧਿਕ ਸਿਧ ਗੁਰੂ ਬਹੁ ਚੇਲੇ।

**ਸਾਧੀ** ਦੇ. ਸਿਧ ਕਰੀ, ਯਥਾ- ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।

**ਸਾਧੀਐ** ਪੰ. ਸਿਧ ਕਰ ਲਈਏ।

**ਸਾਧੁ ਗੁਰੁ** ਸੰ. ਸ੍ਰੇਸ੍ਟ ਗੁਰੁ, ਪਰੋਪਕਾਰੀ ਗੁਰੂ।

**ਸਾਧੁਸੰਗਿ** ਸੰ. ਸ੍ਰੇਸ੍ਟ ਪੁਰਖੋਂ ਕੇ ਸੰਗ ਮੇਂ, ਯਥਾ- ਸਾਧੁਸੰਗਿ ਪ੍ਰਭ ਦੇਹੁ ਨਿਵਾਸ।

**ਸਾਧੂ** ਦੇ. ਸਾਧੂ, ਯਥਾ- ਸਾਧੂ ਸਾਧ ਸਾਧ ਜਨ ਨੀਕੇ। ਕੁਲੀਨੋਂ ਮੇਂ ਜੋ ਮਨੋਹਰ ਤਿਨ ਮੇਂ ਸਮਚਿਤ ਵਾਲੇ ਮਹਾਤਮਾ ਅਛੇ ਹੈਂ।

**ਸਾਧੂ ਸਤਮ** ਸੰ. ਅਤਿ ਉੱਤਮ ਸਾਧੂ, ਯਥਾ- ਸਾਧੂ ਸਤਮ ਜਾਣੋ। ਸੰ. ਸਤ੍ਤਮ।

**ਸਾਧੂ ਚਰਣ** ਸੰ. ਸ੍ਰੇਸ੍ਟ ਪੂਜਜ, ਯਥਾ- ਜਿਨ ਸਾਧੂ ਚਰਣ ਸਾਧ ਪਗ ਸੇਵੇ। ਹਮ ਸ੍ਰੇਸ੍ਟ ਪੂਜਜ ਸਾਧੋਂ ਕੇ ਚਰਣੋਂ ਕੋ ਸੇਵੇ ਹੈਂ।

**ਸਾਧੂ ਪਾਥ** ਗੁ. ਸੰਤੋਂ ਕੇ ਰਸਤੇ, ਯਥਾ- ਸਤਸੰਗਤਿ ਮਿਲਿ ਸਾਧੂ ਪਾਥ।

**ਸਾਧੇ** ਦੇ. ਸਿਧ ਕਰੇ, ਯਥਾ- ਕਾਰਜ ਸਗਲੇ ਸਾਧੇ।

**ਸਾਧੋ** ਦੇ. ਹੇ ਕੁਲੀਨ ਜਨੋਂ, ਯਥਾ- ਸਾਧੋ ਮਨ ਕਾ ਮਾਨੁ ਤਿਆਗਉ।

**ਸਾਨ** ਦੇ. ਮਿਲਾਉ। ਪੰ. ਸਾਦ।

**ਸਾਨਥ** ਗੁ. ਸਾਥ, ਯਥਾ- ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ। ਦਾਸੀ ਮਾਯਾ ਕੇ ਸੰਗੀਓਂ ਕੇ ਸਾਥ।

**ਸਾਨੂ** ਪੰ. ਹਮ ਨੂ। ਸੰ. ਪਰਬਤ ਪੈ ਸਮ ਭੂਮੀ।

**ਸਾਨੇ** ਦੇ. ਮਿਲਾਏ। ਪੰ. ਹਮ ਨੇ।

**ਸਾਨੇਹੜੇ** ਗੁ. ਸੰਦੇਸੇ, ਯਥਾ- ਸਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ।

**ਸਾਪ** ਸੰ. ਸ੍ਰਾਫ, ਦੁਰਾਸੀਸ।

**ਸਾਪੁ** ਦੇ. ਸਰਪ, ਯਥਾ- ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ।

**ਸਾਫ** ਫਾ. ਰਿਜੁ, ਸਰਲ।

**ਸਾਬਤ** ਅ. ਅਛਿਜ, ਪੂਰਾ ਥਿਰ, ਯਥਾ- ਸਾਬਤੁ ਰਖਹਿ ਤ ਰਾਮ ਭਜੁ। ਪੁਨਾ- ਸਾਬਤ ਸੂਰਤਿ ਦਸਤਾਰ ਸਿਰਾ। ਸੂਰਤ ਕੋ ਸਾਬਤ ਰਖਣਾ ਭਾਵ ਗੁਰੋਂ ਕੇ ਸਨਮੁਖ ਰਹਣਾ ਯਹੀ ਸਿਰ ਮੇਂ ਪਗੜੀ ਜਾਨੋ।

**ਸਾਬਦ** ਸੰ. ਸਬਦ ਜਨਜ ਗ੍ਯਾਨ ; ਉਪਦੇਸ ਸੇ ਹੋਨੇ ਵਾਲਾ ਗ੍ਯਾਨ।

**ਸਾਬਰੀ** ਦੇ. ਸਬਰ ਕਰਨੇ ਵਾਲਾ, ਯਥਾ- ਸਬਰ ਅੰਦਰਿ ਸਾਬਰੀ।

**ਸਾਬਾਸਿ** ਦੇ. ਧਨਜ, ਯਥਾ- ਤਿਸੁ ਕਹੀਐ ਸਾਬਾਸਿ।

**ਸਾਬਾਹਿ** ਪੰ. ਪ੍ਰਾਤਾਕਾਲ।

**ਸਾਬੀਸ** ਗੁ. ਧਨ ਹੈਂ, ਯਥਾ- ਗੁਰੂ ਸਾਬੀਸ।

**ਸਾਬੁਨਿ** ਦੇ. ਸਬੂਣ, ਯਥਾ- ਮੈਲੁ ਕੀਨੋ ਸਾਬੁਨੁ ਸੁਧੁ। ਪੁਨਾ- ਜਿਉ ਸਾਬੁਨਿ ਕਾਪਰ ਉਜਲ ਹੋਤ।

**ਸਾਬੁਨੁ** ਦੇ. ਸਬੂਣ, ਯਥਾ- ਮੈਲੁ ਕੀਨੋ ਸਾਬੁਨੁ ਸੁਧੁ।

**ਸਾਬੂਣੁ** ਪੰ. ਸਾਬਣ ਖਾਰ, ਯਥਾ- ਦੇ ਸਾਬੂਣੁ ਲਈਐ ਓਹੁ ਧੋਇ।

**ਸਾਬੂਰੁ** ਦੇ. ਸੰਤੋਖ, ਯਥਾ- ਨਾ ਸਾਬੂਰੁ ਹੋਵੈ ਫਿਰਿ ਮੰਗੈ।

**ਸਾਭ** ਗੁ. ਸਭ, ਯਥਾ- ਪੂਰਨ ਭਏ ਮਨੋਰਥ ਸਾਭ। ਪੰ. ਸਮਾਲ, ਜੈਸੇ- ਅਪਨੀ ਚੀਜ ਸਾਂਭ।

**ਸਾਭਾ** ਗੁ. ਸਰਣ, ਸਾਮ, ਯਥਾ- ਕਹੁ ਰਵਿਦਾਸ ਪਰਉ ਤੇਰੀ ਸਾਭਾ। ਸੰ. ਸਾਮ।

**ਸਾਮ** ਸੰ. ਸਾਮ ਵੇਦ, ਯਥਾ- ਸਾਮ ਕਹੈ ਸੇਤੰਬਰੁ ਸੁਆਮੀ। ਸਤ੍ਰੂ ਵਸਜ ਕਰਣ ਯੋਗਜ ਪ੍ਰਿਯ ਵਚਨ ਰੂਪ ਨੀਤਿ ਕਾ ਉਪਾਯ। ਗੁ. ਸਰਣ, ਯਥਾ- ਥਕਿ ਆਏ ਪ੍ਰਭ ਕੀ ਸਾਮ।

**ਸਾਮਗ** ਸੰ. ਸਾਮ ਵੇਦ ਕੋ ਗਾਯਨ ਕਰਨੇ ਵਾਲੇ।

**ਸਾਮਨੇ** ਦੇ. ਸਨਮੁਖ, ਜੈਸੇ- ਹੋਈ ਸਮਾਨੇ।

**ਸਾਮਲ** ਯ. ਸਾਥ ਮਿਲਾਇ।

**ਸਾਮਾ** ਦੇ. ਸਾਮਗ੍ਰੀ, ਜੈਸੇ- ਬੇਟੀ ਕਹੇ ਸੁਨੋ ਬਾਵਾ ਜੀ ਕਿਆ ਕਿਆ ਸਾਮਾ ਲਿਆਏ ਹੋ। ਨਰਸੀ ਭਗਤਿ ਪ੍ਰਤਿ ਬੇਟੀ ਕਾ ਬਚਨ ਹੈ। ਫਾ. ਸਾਮਾਨ।

**ਸਾਯਰ ਸਾਤ** ਦੇ. ਸਤ ਸਮੁਦ੍ਰ ਭਾਵ ਸੇ ਪਾਂਚ ਗ੍ਯਾਨ ਇੰਦ੍ਰੇ ਦੋ ਮਨ ਬੁਧੀ ; ਖਾਰੇ ਆਦਿ ਸਮੁਦ੍ਰ।

**ਸਾਰ** ਸੰ. ਜਲ ; ਧਨ ; ਨੱਜਾਯ, ਨਜਾਯ ਯੋਗਜ। ਮੇਦਨੀ ਕੋਸੇ, ਨਵਨੀਤ। ਰਾਜਾ ਨਿਘੰਟ੍ਰ ਮੇਂ ; ਲੋਹਾ। ਭਾਵ ਪ੍ਰਕਾਸੇ, ਯਥਾ- ਮੈਣ ਕੇ ਦੰਤ ਕਿਉ ਖਾਈਐ ਸਾਰੁ। ਬਨ। ਸਬਦ ਰਤ੍ਨੇ ; ਬਲ ; ਥਿਰ ਅੰਗ ; ਮੱਜਾ। ਅਮਰ ਕੋਸੇ ; ਸਰਜਖਾਰ ; ਵਾਯੂ ; ਜਟਾਧਰੇ ਰੋਗ ; ਧਰਣੀ ਕੋਸੇ ਅਤਿਦ੍ਰਿਢ ; ਚੌਸਰ ਕੇ ਪਾਸੇ ; ਸਬਦ ਰਤਨੇ ਦਹੀ ਕੇ ਅਗ੍ਰ ਭਾਗ ਮੇਂ ਹੇਮ ਕੋਸੇ ਪ੍ਰਮੇਸੂਰ ; ਸ੍ਰੇਸ੍ਟ, ਵਰ, ਯਥਾ- ਸਾਰ ਭੂਤ ਸਤਿ ਹਰਿ ਕੋ ਨਾਉ। ਦੇ. ਸੰਭਾਲ, ਯਥਾ- ਸਾਰਿ ਸਮਾਲਿ। ਪੁਨਾ- ਸਾਰਿ ਸਮਾਲੇ। ਸਭ ਕੀ ਖਬਰ ਲੇਤਾ ਹੈ।

**ਸਾਰ ਤਤੁ** ਵਾ. ਉਤਮ ਸੇ ਉਤਮ, ਜੈਸੇ- ਸਾਰ ਤਤ ਕਲ ਮਹਿ ਹਰਿ ਨਾਮ। ਪੁਨਾ- ਏਹਾ ਭਗਤਿ ਸਾਰ ਤਤੁ।

**ਸਾਰ ਭੂਤ** ਸੰ. ਸਾਰ ਰੂਪ, ਯਥਾ- ਸਾਰ ਭੂਤ ਸਤਿ ਹਰਿ ਕੋ ਨਾਉ।

**ਸਾਰਉ** ਗੁ. ਪੂਰਾ ਕਰੋਂਗਾ, ਪਹੁਚਾਵੋਂਗਾ, ਯਥਾ- ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ।

**ਸਾਰਈ** ਪੰ. ਸੰਭਾਲਤਾ ਹੈ, ਯਥਾ- ਸਦਾ ਗੁਣ ਸਾਰਈ।

**ਸਾਰਹ** ਗੁ. ਸਮਾਲੇ, ਜੈਸੇ- ਸਚੇ ਕੇ ਗੁਣ ਸਾਰਹ।

**ਸਾਰਖੇ** ਪੰ. ਤੁਲਜ, ਯਥਾ- ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ। ਸੰ. ਸਦ੍ਰਿਸ।

**ਸਾਰੰਗ** ਸੰ. ਧਨੁਖ, ਕਮਾਨ, ਯਥਾ- ਸਾਰਿੰਗਧਰ ਭਗਵਾਨ ਬੀਠੁਲਾ। ਪੁਨਾ- ਸਾਰੰਗਪਾਣਿ ਸਬਾਇ। ਸ੍ਰਿੰਗ ਕੇ ਵਿਕਾਰ ਕਾ ਅਰਥਾਤ ਕਾਰਜ ਕਾ ਨਾਮ ਸਾਰੰਗ ਹੈ। ਕਮਾਨ ਸ੍ਰਿੰਗੋਂ ਸੇ ਬਨਾਈ ਜਾਤੀ ਹੈ। ਤਿਸ ਕੋ ਹਾਥ ਮੇਂ ਧਾਰਨੇ ਸੇ ਬਿਸਨੁ ਕਾ ਨਾਮ ਸਾਰੰਗਧਰ ਔ ਸਾਰੰਗ ਪਾਣਿ ਹੈ। ਸੰ. ਸਾਰੰਗ।

**ਸਾਰੰਗ** ਸੰ. ਚਾਤਕ ਪੰਛੀ ਜੋ ਬਰਖਾ ਰਿਤੁ ਮੇਂ ਬੋਲਤਾ ਹੈ, ਯਥਾ- ਸਾਰਿੰਗ ਸਬਦਿ ਸੁਹਾਈ। ਚਾਤਕ ਕਾ ਸਬਦ ਸੁੰਦਰ ਲਗੇ ਹੈ ਅਨਯੋਕ੍ਤੀ ਸੇ ਈਹਾ ਸਿਖਯ ਲੇਨਾ ਗੁਰੂ ਰੂਪ ਬਦਲ ਆਗੇ ਉਕ੍ਤ ਅਧਕਾਰੀ ਕਾ ਸਬਦ ਸੁੰਦਰ ਲਗੇ ਹੈ। ਚਾਤਕ ਅਰਥ ਮੇਂ ਸਾਰੰਗ ਅਮਰ ਮੇਂ ਹੈ। ਹਰਿਣ ; ਗਜ ; ਇਨ ਦੋ ਅਰਥੋਂ ਮੇਂ ਮੇਦਨੀ ਹੈ ; ਭ੍ਰਿੰਗ ; ਖੰਜਰੀਟ ਮੇਂ ਬਿਸ੍ਵ ਕੋਸ ਹੈ- ਸਾਰੰਗ ਜਿਉ ਪਦ ਧਰੇ ਠੁਮ ਠੁਮ ਈਹਾਂ ਖੰਜਰੀਟ ਸਮ ਚਰਣ ਧਰੇ ਹੈ ਅਰਥ ਹੈ। ਛਤ੍ਰ ; ਰਾਜਹੰਸ ; ਚਿਤ੍ਰ ਮ੍ਰਿਗ ; ਵਾਦਯ ਬਿਸੇਖ, ਭਾਵ ਸਾਰਗੀ ਵਾਜਾ ਪ੍ਰਸਿਧ ; ਬਸਤ੍ਰ ; ਸਬਦ ਰਤ੍ਨ ਮੇਂ ਲਿਖੇ ਹੈਂ ਇਨ ਅਰਥੋਂ ਮੇਂ ਰਾਜ ਹੰਸ ਵਤ ਪਗ ਧਰੇ ਭੀ ਅਰਥ ਬਨ ਸਕੇ ਹੈ ; ਨਾਨਾ ਵਰਣ, ਨਾਨਾ ਰੰਗ ; ਮਯੂਰ ; ਕਾਮਦੇਵ ; ਧਨੁਖ ; ਕੇਸ ; ਸ੍ਵਰਣ ; ਆਭਰਣ ; ਪਦਮ ; ਚੰਦਨ ; ਕਪੂਰ ; ਪੁਸਪ ; ਕੋਕਿਲ ਪਖੀ ; ਮੇਘ ; ਸਿੰਹ, ਸੇਰ ; ਰਾਤ੍ਰਿ ; ਭੂਮੀ ; ਦੀਪਤੀ ਇਨ ਅਰਥੋਂ ਮੇਂ ਨਾਨਾਰਥ ਕੋਸ ਹੈ ਸਾਰਗ ਜਿਉ ਪਗ ਧਰੇ ਠੁਮ ਠੁਮ ਨਾਚਤੇ ਮੋਰ ਵਤ ਭੀ ਅਰਥ ਸੰਭਵੇ ਹੈ। ਯਹ ਸਾਰਗ ਪਦ ਸੰਸਕ੍ਰਿਤ ਕੇ ਦੰਤੀ ਸਕਾਰ ਸੇ ਪੂਰਬ

ਕਹੇ ਅਰਥੋਂ ਮੇਂ ਲਿਖਾ ਹੈ ; ਸਾਰੰਗ ਰਾਗ ਮੇਘ ਰਾਗ ਕਾ ਪੁਤ੍ਰ ਹੈ। ਸ ਰਿ ਗ ਮ ਪ ਧ ਨਿ ਸ ਸੰਪੂਰਣ ਹੈ। ਮਧਜਾਨ ਸਮੇ ਗਾਨਾ।

**ਸਾਰੰਗਪਾਨੀ** ਸੰ. ਧਨੁਖ ਹਾਥ ਮੇਂ ਪਕੜਨੇ ਵਾਲੇ ਬਿਸਨੁ ਕੋ, ਯਥਾ- ਕਹੁ ਕਬੀਰ ਭਜੁ ਸਾਰਿਗਪਾਨੀ। ਦੇ. ਪਪੀਹਾ ਜੈਸੇ ਸ੍ਵਾਤਿ ਨਖਤ੍ਰ ਕੇ ਜਲ ਕੋ ਸੇਵਨ ਕਰੇ ਹੈ ਵੈਸੇ ਸੇਵੋ ਉਦਾਹਰਣ ਪਿਛਲਾ ਹੀ ਦੇਖੋ।

**ਸਾਰਣਾ** ਗੁ. ਸਮਾਲਣਾ ; ਪਹੁਚਾਨਾ।

**ਸਾਰਤਾ** ਯ. ਹਾਥ ਕੀ ਸੈਨ, ਯਥਾ- ਦੇਇ ਬੁਝਾਰਤ ਸਾਰਤਾ।

**ਸਾਰਥਿ** ਸੰ. ਅਰਥ ਸਹਿਤ ਹੋ ਜਾਵੇਗਾ, ਯਥਾ- ਮਿਲੈ ਪ੍ਰਭੁ ਸਾਰਥਿ।

**ਸਾਰਦ** ਦੇ. ਸਰਸ੍ਵਤੀ, ਯਥਾ- ਸਾਰਦ ਕਰਹਿ ਖਵਾਸੀ। ਸਾਰ ਵਸਤੁ ਕੇ ਦੇਨੇ ਵਾਲਾ। ਸੰ. ਸਾਰਦ।

**ਸਾਰਦੂਲੁ** ਸੰ. ਸ਼ੇਰ, ਯਥਾ- ਗਊ ਕਉ ਚਾਰੇ ਸਾਰਦੂਲੁ।

**ਸਾਰਦੇ** ਗੁ. ਸਮਾਲਤੇ, ਯਥਾ- ਆਠ ਪਹਰ ਗੁਣ ਸਾਰਦੇ।

**ਸਾਰਨ** ਗੁ. ਸਰਨ, ਯਥਾ- ਹਾਰਿ ਪਰੇ ਤੁਮ੍ ਸਾਰਨ।

**ਸਾਰਨਾ** ਗੁ. ਪਹੁਚਾਨਾ, ਯਥਾ- ਤੁਮ ਹੀ ਆਗੈ ਸਾਰਨਾ।

**ਸਾਰਮਤਿ** ਸੰ. ਸ੍ਰੇਸ੍ਟ ਬੁਧੀ।

**ਸਾਰਾ** ਦੇ. ਪੰ. ਪੂਰਾ। ਗੁ. ਸਰਾਬ ; ਚੌਸਰ ਕੀ ਨਰਦਾਂ ; ਪਾਲਨਾ, ਯਥਾ- ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ।

**ਸਾਰਾਨ** ਗੁ. ਸਰਨ, ਯਥਾ- ਸੰਤਹ ਕੀ ਸਾਰਾਨ।

**ਸਰਾਪਿ** ਦੇ. ਸ੍ਰਾਫ ਸੇ, ਯਥਾ- ਲਛਮਣੁ ਮੂਓ ਸਰਾਪਿ।

**ਸਾਰੀ** ਦੇ. ਚੌਸਰ ਕੀ ਨਰਦ, ਯਥਾ- ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ। ਪੁਨਾ- ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ। ਪੂਰੀ ਉਤਮ, ਯਥਾ- ਵਿਣੁ ਨਾਵੈ ਕੈਸੀ ਪਤਿ ਸਾਰੀ। ਸੰਭਾਲੀ, ਯਥਾ- ਇਤਨੀ ਕਛੂ ਨ ਸਾਰੀ। ਸਾੜੀ, ਧੋਤੀ, ਜੈਸੇ- ਸਾਰੀ ਮਧ ਨਾਰੀ ਹੈ ਇਤਯਾਦਿ ; ਪਹੁਚਾਈ, ਯਥਾ- ਅੰਤਰ ਕੀ ਗਤਿ ਤੁਧੁ ਪਹਿ ਸਾਰੀ। ਮਨ ਕੀ ਦਸਾ ਤੇਰੇ ਪੈ ਪਹੁਚਾਈ। ਮੈਨਾ, ਜੈਸੇ- ਸਾਕਤ ਸੰਤ ਗਹੇ ਸੁਕ ਸਾਰੀ। ਸਿਮਰੇ ਨਾਮ ਦੇਹ ਗਨ ਗਾਰੀ।

**ਸਾਰੀਐ** ਗੁ. ਸਮਾਲਤਾ ਹੈ, ਯਥਾ- ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ। ਸਮਾਲੇ ਹੈਂ, ਯਥਾ- ਗੋਬਿੰਦ ਗੁਣ ਨਿਤ ਸਾਰਿਆ। ਗੋਬਿੰਦ ਕੇ ਗੁਣ ਨਿਤ ਸਮਾਲੇ ਹੈ। ਪੂਰਾ ਕੀਆ ; ਸਵਾਰਿਆ।

**ਸਾਰੀਥੀ** ਗੁ. ਸਹਾਯਤਾ ਕਰਨੇ ਵਾਲੇ।

**ਸਾਰੇ** ਗੁ. ਪਹੁਚਾਵੇ, ਯਥਾ- ਸੁਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ। ਸਵਾਰੇ ; ਸਮਾਲੇ, ਯਥਾ- ਜਾ ਹਰਿ ਕੇ ਗੁਣ ਸਾਰੇ।

**ਸਾਰੇਦੀ** ਪੰ. ਯਾਦ ਕਰਦੀ, ਯਥਾ- ਗੁਣ ਸਾਰੇਦੀ।

**ਸਾਰੋ** ਪੰ. ਪੂਰਾ ਦਿਨ ਭਰ, ਯਥਾ- ਸਾਰੋ ਦਿਨਸੁ ਮਜੂਰੀ ਕਰਤਾ। ਪਹੁਚਾਵਾ, ਯਥਾ- ਕਿਛੁ ਭੀ ਖਰਚੁ ਤੁਮ੍ਾਰਾ ਸਾਰਉ।

**ਸਾਲਣੇ** ਦੇ. ਦਾਲ ਤੁਕਾਰੀ ਸਲੂਣੇ, ਯਥਾ- ਸਾਲਣੇ ਸਵਾਰਦੀ।

**ਸਾਲਾ** ਸੰ. ਸਥਾਨ, ਗ੍ਰਿਹ, ਜੈਸੇ- ਧਰਮ ਸਾਲਾ, ਪਾਠ ਸਾਲਾ, ਪਾਕ ਸਾਲਾ, ਯੱਗ ਸਾਲਾ, ਅਸ੍ਵ ਸਾਲਾ, ਹਸਤੀ ਸਾਲਾ। ਦੇ. ਪਤਨੀ ਕਾ ਭ੍ਰਾਤਾ।

**ਸਾਲਾਹਿ** ਪੰ. ਬਡਿਆਓ ; ਬਡਿਆਈਆਂ ਕਰੋ, ਯਥਾ- ਸਾਲਾਹੀ ਸਾਲਾਹਿ। ਪ੍ਰਮੇਸੂਰ ਕੋ ਨਾਨਾ ਭਾਂਤ ਕੀ ਬਡਿਆਈਓਂ ਸੇ ਬਡਿਆਓ ਵਾ ਸਾਲਾਹੀ ਪੂਰਨ ਸਲਾਘਾ ਯੋਗਜ ਪਰਮਾਤਮਾ ਕੀ ਹਰ ਭਾਂਤ ਕੀ ਵਡਿਆਈਆਂ ਕਰੋ।

**ਸਾਲਾਹੀ** ਪੰ. ਬਡਿਆਈਓਂ ਸੇ ; ਸਲਾਘਾ ਯੋਗਜ ਕੀ।

**ਸਾਲਾਰ** ਫਾ. ਸਰਦਾਰ।

**ਸਾਲਿਕ** ਅ. ਪ੍ਰਮੇਸੂਰ ਕੇ ਰਾਹ ਚਲਨੇ ਵਾਲੇ ਜਿਗ੍ਯਾਸੂ, ਯਥਾ- ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।

**ਸਾਲੀ** ਸੰ. ਤੁਖੋਂ ਸਮੇਤ ਬਾਸਮਤੀ ਆਦਿਕ ਚਾਵਲ, ਯਥਾ- ਕੋ ਸਾਲੁ ਜਿਵਾਹੇ ਸਾਲੀ। ਪੰ. ਪਤਨੀ ਕੀ ਭਗਨੀ।

**ਸਾਲੁ** ਦੇ. ਸੰਬਤ ; ਸਾਰ ਅਰਥਾਤ ਉਤਮ, ਯਥਾ- ਕੋ ਸਾਲੁ ਜਿਵਾਹੇ ਸਾਲੀ। ਧਾਨ ਔ ਜਿਵਾਹੇ ਮੇਂ ਕੌਨ ਸਾਰ ਹੈ ਅਰਥਾਤ ਜਿਵਾਹਾ ਹੈ ਵਾ ਦਾਨ ਹੈ ਪੂਛੇ ਧਾਨ ਹੀ ਸਾਰ ਉਤਰ ਦੇਨਾ ਪੜੇ ਹੈ ਤੈਸੇ ਆਗਜਾ ਨਾ ਮਾਨਨੇ ਵਾਲੇ ਪੁਤ੍ਰੋਂ ਔ ਮਾਨਨੇ ਵਾਲੇ ਸਿਖਯ ਗੁਰ ਅੰਗਦ ਜੀ ਮੇਂ ਮਾਨਨੇ ਵਾਲੇ ਅੰਗਦ ਹੀ ਸ੍ਰੇਸ੍ਟ ਹੈਂ ਸਿਧ ਹੋਤਾ ਹੈ। ਸੰ. ਗੁਰੁ ਨਾਨਕ ਜੀ ਕਾ ਸੰਬਤ ਮਾਤ੍ਰ। ਸੰ. ਸਾਰ।

**ਸਾਵਕਾ** ਅ. ਪਿਛਲਾ, ਯਥਾ- ਬਾਪੁ ਸਾਵਕਾ ਕਰੈ ਲਰਾਈ।

**ਸਾਵਣਿ ਜੇ ਵਸੈ** ਵਾ. ਮਨੁਖ ਜਨਮ ਰੂਪ ਸਮੇ ਮੇਂ ਅਧਿਕਾਰ ਦੇਖ ਜੇ ਗੁਰ ਉਪਦੇਸ ਕਰੇ ਤਬ ਨਾਗੋ ਵਤ ਉਪਦੇਸ ਸੁਣ ਕੇ ਮਸ੍ਤ ਹੋਨੇ ਵਾਲੇ ਜਨੋਂ ਕੋ ਮ੍ਰਿਗੋਵਤ ਜਗਤ ਸੇ ਬਿਰਕ੍ਤੋਂ ਕੋ ਮਛੀਆਂ ਸਮ ਸਤਸੰਗ ਸਮੁਦ੍ਰ ਸੇ ਬਾਹਰਿ ਨਾ ਜਾਨੇ ਵਾਲੇ ਜਨੋਂ ਕੋ ਰਸੀਯੋਂ ਵਤ ਗਯਾਨ ਧਨ ਵਾਲੇ ਜਨੋਂ ਕੋ ਉਮਾਹਾ ਹੋਤਾ ਹੈ, ਯਥਾ- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ। ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ।

**ਸਾਵਣੁ** ਦੇ. ਸਾਵਣ ਕਾ ਮਹੀਨਾ ਅਰਥਾਤ ਸ੍ਰਵਣ ਨਖਤ੍ਰ ਯੁਕ੍ਤ ਪੂਨਯਾ ਵਾਲਾ ਮਹੀਨਾ ਅਨਯੋਕ੍ਤੀ ਸੇ ਮਨੁਖ ਦੇਹ, ਯਥਾ- ਭੈਣੇ ਸਾਵਣੁ ਆਇਆ। ਸੰ. ਸ੍ਰਾਵਣ।

**ਸਾਵਲ** ਦੇ. ਸ਼ਯਾਮ, ਯਥਾ- ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ। ਸਾਵਲੇ, ਯਥਾ- ਸਾਂਵਲੇ ਬਰਨਾਂ।

**ਸਾਵੀ** ਪੰ. ਬਰਾਬਰ ਸੁਵਰਣਾਦਿਕੋਂ ਕੋ, ਯਥਾ- ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ। ਚਿਤ ਕੇ ਉਤਸਾਹ ਕਾ ਵਰਣਨ ਹੈ, ਜੋ

ਅਪਨੇ ਪਿਆਰੇ ਕੇ ਖੋਜ ਹੇਤ ਪੰਖੀ ਹੋ ਉਡ ਕੇ ਜਾਨੇ ਹੇਤ ਜੇਕਰ ਕਹੀ ਬਹੁਤ ਉਡਾਰੀ ਦੇਨੇ ਵਾਲੇ ਪੰਖੀ ਕੇ ਪੰਖ ਬਿਕਤੇ ਪਾਵਾਂ ਤਬ ਅਵਸਜ ਸੁਵਰਣਾਦਿਕ ਧਾਤੂਓਂ ਕੇ ਬਰਾਬਰ ਵਜਨ ਸੇ ਖਰੀਦ ਲੇਵਾਂ ; ਸਾਵੇ ਰੰਗ ਕੀ ਚੀਜ ਖਾਕੀ ਰੰਗ ਕਾ ਨਾਮ ਪੰਜਾਬ ਮੇਂ ਸਾਵਾ ਹੈ।

**ਸਾੜਾ** ਪੰ. ਜਲਾਯਾ। ਪੰ. ਦੂ. ਧੋਤੀ ਬਸਤ੍ਰ, ਯਥਾ- ਸਤਵੰਤਾ ਸਾੜਾ। ਸਤ ਕੀ ਧੋਤੀ ਹੈ ਅਰਥਾਤ ਸੀਲ ਸੁਭਾਵ ਸੇ ਇੰਦ੍ਰੀ ਜੀਤ ਹੂਏ ਹੈਂ।

**ਸਾੜੀ** ਪੰ. ਜਲਾਈ, ਯਥਾ- ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ। ਦੇ. ਧੋਤੀ ਬਸਤ੍ਰ।

**ਸਿ** ਗੁ. ਵਹੁ ਭੀ, ਯਥਾ- ਨਿੰਮੁ ਬਿਰਖ ਸਿ ਚੰਦਨਹ। ਪੁਨਾ- ਤਿਸੁ ਰਿਦੈ ਸਿ ਲੋਚਨ ਨਾਹੀ।

**ਸਿਉ** ਦੇ. ਸਾਥ, ਯਥਾ- ਬਟਾਊ ਸਿਉ ਜੋ ਲਾਵੈ ਨੇਹ। ਪੁਨਾ- ਬਿਰਖ ਕੀ ਛਾਇਆ ਸਿਉ ਰੰਗੁ ਲਾਵੈ। ਸੇ, ਯਥਾ- ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ। ਸਿਵ, ਜੈਸੇ- ਸਿਉ ਸਕਤੀ।

**ਸਿਉ ਮੰਡਿਤ** ਦੇ. ਸਿਵ ਲਿੰਗ ਬਨਾਤੇ ਰਹੇ, ਯਥਾ- ਕੋ ਖਟੁ ਕਰਮ ਸਹਿਤ ਸਿਉ ਮੰਡਿਤ।

**ਸਿਆਹੀ** ਗੁ. ਸਿਆਹ ਪੋਸਾਕ, ਯਥਾ- ਨੀਲੀ ਸਿਆਹੀ ਕਦਾ ਕਰਣੀ।

**ਸਿਆਣਾ** ਦੇ. ਸ੍ਰੇਸ੍ਟ ਗ੍ਯਾਨ ਵਾਲਾ, ਯਥਾ- ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ। ਸੰ. ਸੁਗ੍ਯਾਨ ਅਥਵਾ ਗ੍ਯਾਨ ਸਹਿਤ ਉਦਾਹਰਣ ਪੂਰਬਲਾ ਹੀ। ਮੂਲ ਸੰ. ਸਗਜਾਨ।

**ਸਿਆਣੀਐ** ਪੰ. ਹੇ ਚਤੁਰੇ, ਯਥਾ- ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ।

**ਸਿਆਣੂ** ਪੰ. ਪਹਚਾਨ ਵਾਲਾ ਭਾਵ ਸਿਆਣ ਵਾਲਾ।

**ਸਿਆਨਪ** ਦੇ. ਚਤੁਰਾਈ, ਯਥਾ- ਬਾਤ ਚੀਤ ਸਭ ਰਹੀ ਸਿਆਨਪ। ਪੁਨਾ- ਸਸਾ ਸਿਆਨਪ ਛਾਡੁ ਇਆਨਾ। ਈਹਾ ਬਿਰੋਧਾਭਾਸ ਅਲੰਕਾਰ ਹੈ।

**ਸਿਆਨਾ** ਦੇ. ਚਤੁਰ।

**ਸਿਆਪਾ** ਪੰ. ਮਰੇ ਪੁਰਖ ਕਾ ਨਾਮ ਲੇਕਰ ਪਿਟਣਾ ਯਹ ਰਸਮ ਪੰਜਾਬ ਮੇਂ ਹੈ, ਯਥਾ- ਸਤੀ ਰੰਨੀ ਘਰੇ ਸਿਆਪਾ।

**ਸਿਆਮ** ਦੇ. ਕਾਲੇ ਰੰਗ ਵਾਲੇ ਬਿਸਨੁ ਕੋ, ਯਥਾ- ਸਿਆਮ ਸੁੰਦਰ ਤਜਿ ਨੀਦ ਕਿਉ ਆਈ।

**ਸਿਆਮਲੰ** ਦੇ. ਕਾਲਾ ਅਰਥਾਤ ਕ੍ਰਿਸਨ ਵਤ ਸੁੰਦਰ ਔ ਮਧੁਰ ਬੋਲਨੇ ਵਾਲਾ ਭੀ ਨਿਕੰਮਾ ਹੈ, ਜਿਸ ਕੇ ਚਿਤ ਭੂਮੀ ਮੇਂ ਬਿਰੋਧ ਹੈ, ਯਥਾ- ਸਿਆਮਲੰ ਮਧੁਰ ਮਾਨੁਖ੍ਯੰ। ਸੰ. ਸਯਾਮਲੰ।

**ਸਿਆਮੀ** ਦੇ. ਮਾਰ. ਸ੍ਵਾਮੀ।

**ਸਿਆਰੁ** ਗੁ. ਸੇਰ ਕਾ ਵੈਰੀ ਸਰਭ ਜੀਵ ਅਰਥਾਤ ਜਾਤੀ ਧਨਾਦਿਕੋਂ ਕਾ ਅਹੰਕਾਰ ਦੂਰ ਕਰਤਾ ਗੁਰੋਂ ਕਾ ਉਪਦੇਸ, ਯਥਾ- ਜਬ ਹੀ ਸਿਆਰੁ ਸਿੰਘ ਕਉ ਖਾਇ। ਸੰ. ਸਿੰਘਾਰਿ। ਦੇ. ਗਿਦੜ। ਸੰ. ਸ੍ਰਿੰਗਾਲ।

**ਸਿਸ** ਗੁ. ਸੀਸ, ਯਥਾ- ਡੇਈ ਸਿਸੁ ਉਤਾਰਿ। ਦੇ. ਸਿਖ੍ਯ, ਚੇਲਾ।

**ਸਿਸਰ** ਸੰ. ਮਾਘ ਫਗਣ ਕੀ ਰੁਤਿ।

**ਸਿਸੁ** ਗੁ. ਬਾਲਕ ਦਾਂਤ ਜਮਨੇ ਪ੍ਰਯੰਤ ਯਹ ਸੰਗ੍ਯਾ ਹੈ ਇਸ ਦਸਾ ਮੇਂ ਮਰੇ ਕਾ ਸਤਾਈ ਮਹੀਨੇ ਕੀ ਅਵਸਥਾ ਤਾਈਂ ਦਾਹ ਨਹੀਂ ਹੋਤਾ ਨਦੀ ਮੇਂ ਪ੍ਰਵਾਹ ਕਰਨਾ ਵਾ ਭੂਮੀ ਮੇਂ ਗਾਡਨਾ ਹੋਤਾ ਹੈ।

**ਸਿਹਜਾ** ਦੇ. (ਅਧਾਰ ਮੇਂ) ਖਾਟ ; ਭੂਮੀ ; ਤਖਤਪੋਸ ; ਕੋਚਾਦਿ, ਯਥਾ- ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ। (ਭਾਵ ਮੇਂ) ਸਯਨ, ਸੋਵਨਾ ; ਗੁੰਫਨ।

**ਸਿਹਜਾਸਣੀ** ਗੁ. ਸੇਜ ਪੈ ਪੜਾ ਰਹਨੇ ਵਾਲਾ, ਯਥਾ- ਨਵੈ ਕਾ ਸਿਹਜਾਸਣੀ।

**ਸਿਹਮ** ਦੇ. ਸਹਮ। ਫਾ. ਖੌਫ ; ਡਰ। ਅ. ਹਿੱਸਾ ; ਤੀਰ।

**ਸਿਹਰੁ** ਅ. ਇੰਦ੍ਰਜਾਲ ਕੀ ਖੇਲ, ਯਥਾ- ਇਹ ਜੁ ਦੁਨੀਆ ਸਿਹਰੁ ਮੇਲਾ।

**ਸਿਕ** ਪੰ. ਪੋ. ਪਿਆਰੇ ਕੇ ਮਿਲਨੇ ਕੀ ਖੈਂਚ ਹੈ, ਯਥਾ- ਜੇ ਤਉ ਪਿਰੀਆ ਦੀ ਸਿਕ। ਅਸਰਫੀ ਰੁਪਯਾ, ਯਥਾ- ਰਾਜ ਮਿਲਕ ਸਿਕਦਾਰੀਆ। ਅ. ਸਿਕਹ। ਸਿਕਹ ਦਾਰੀ ਰੁਪਏ ਮੋਹਰੋਂ ਕੋ ਰਖਨੇ ਵਾਲਾ ਖਜਾਨਚੀਪਨਾ।

**ਸਿਕਦਾਰ** ਗੁ. ਮੋਹਰਾਂ ਰੁਪਯੋਂ ਵਾਲਾ।

**ਸਿਕਦਾਰੀ** ਗੁ. ਰੁਪਏ ਮੋਹਰਾਦਿ ਨਿਖਲ ਬਿਭੂਤੀ ਕਾ ਧਾਰਨ, ਯਥਾ- ਧਰਮੁ ਕਰੇ ਸਿਕਦਾਰੀ।

**ਸਿਕਦਾਰੀਆ** ਦੇ. ਸਿਕਹਦਾਰੀਆਂ, ਸਰਦਾਰੀਆਂ।

**ਸਿਕਾਰ** ਫਾ. ਜੰਗਲ ਮੇਂ ਜੀਵ ਮਾਰਨੇ ਹੇਤ ਬਿਚਰਨਾ, ਯਥਾ- ਸਤਸੰਗਿ ਲੇ ਚੜਿਓ ਸਿਕਾਰ।

**ਸਿਖਹੁ** ਪੰ. ਹੇ ਸਿਖਿਆ ਗ੍ਰਹਣ ਕੇ ਯੋਗਯ ਪੁਰਖੋ ; ਸਿਖ ਲੇਵੋ, ਯਥਾ- ਸਿਖਹੁ ਸਬਦੁ ਪਿਆਰਿਹੋ। ਸਿਖ ਲੇਵੋ ਗੁਰੋਂ ਕੇ ਉਪਦੇਸ ਰੂਪ ਸਬਦ ਕੋ ਜੋ ਜਨਮ ਮਰਣ ਨਿਵਾਰਨ ਕਾ ਆਸਰਾ ਹੈ।

**ਸਿਖਹੁ** ਦੇ. ਹੇ ਸਿਖੋ, ਯਥਾ- ਸਿਖਹੁ ਸਬਦੁ ਪਿਆਰਿਹੋ। ਸਿਖ ਲੇਵੋ, ਜੈਸੇ- ਕਾਮ ਸਿਖਹੁ।

**ਸਿਖਰਿ** ਸੰ. ੧. ਪ੍ਰਬਤ ਕਾ ਅਗ੍ਰ ਭਾਗ ੨. ਅੱਗ੍ਰ ਮਾਤ੍ਰ ੩. ਬ੍ਰਿਖ ਕਾ ਅਗ੍ਰ ਭਾਗ 'ਅਮਰ ਕੋਸੇ' ੪. ਪੁਲਕ ੫. ਸੁਸਕ ਤ੍ਰਿਣਾਦਿਕ ੬. ਆਨਾਰ ਕੇ ਦਾਣੇ ਸਰੀਖੇ ਰੰਗ ਵਾਲਾ ਰਤਨ 'ਮੇਦਨੀ ਕੋਸੇ' ੭. ਮੂਰਥਾ ਬੂਟੀ ; ਸੂਰਯ ਕਾ ਘੋੜਾ, ਯਥਾ- ਸਿਖਰਿ ਸੁਨਾਗਰ ਨਦੀ ਚੇ ਨਾਥੰ।

**ਸਿਖੜਾ** ਪੰ. ਸਿਖ੍ਯ, ਯਥਾ- ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ

ਲਾਗਉ ਪਾਇ ਜੀਉ। ਬਚਨਾਂਤਰ ਮੇਂ ਭੀ- ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ। ਭਾਉ ਇਕੋ ਜਿਹਾ।

**ਸਿਖਾ** ਸੰ. ਅਗਨਿ ਕੀ ਲਾਟ। 'ਅਮਰ ਕੋਸੇ' ਸਾਖਾ ; ਮੋਰ ਕੀ ਕਲਗੀ ; ਲਾਂਗਲੀ, ਹਾਲੋ ; ਅਗ੍ਰ ਮਾਤ੍ਰ ; ਚੂੜਾ ਮਾਤ੍ਰ। 'ਮੇਦਨੀ ਕੋਸੇ' ਪ੍ਰਧਾਨ ; ਸਿਖ੍ਯਾ, ਯਥਾ- ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ। ਗਾਯਤ੍ਰੀ ਮੰਤ੍ਰ ਕਾ ਉਪਦੇਸ ਰੂਪ ਸਿਖ੍ਯਾ ਚੇਲਯੋਂ ਕੇ ਕਾਨ ਮੇਂ ਚੜਾਇਕੇ। ਕਿਰਣ। 'ਹੇਮ ਕੋਸੇ' ਸਮਰ ਕਾ ਜ੍ਵਰ ; ਕੇਸੋਂ ਕਾ ਪੁੰਜ, ਚੋਟੀ, ਯਥਾ- ਸਿਖਾ ਸੂਤੁ ਧੋਤੀ ਕੀਨੀ। ਵੇਦ ਮੇਂ ਲਿਖਾ ਹੈ, ਸਿਖੀ ਤਿਲਕੀ ਕਰਮ ਕੁਰਯਾਤ, ਸਿਖਾ ਵਾਲਾ ਤਿਲਕ ਵਾਲਾ ਹੋ ਪੂਜਨ ਯਜਨਾਦਿਕ ਕਰਮ ਕਰੇ ਇਸ ਸ੍ਰੁਤੀ ਸੇ ਮੁੰਡਿਤ ਹੋ ਕਰ ਜੋ ਗਯਾਦਿ ਤੀਰਥੋਂ ਮੇਂ ਜਾਤੇ ਹੈਂ ਤਿਨ ਕਾ ਜਾਨਾ ਯੋਗਯ ਨਹੀਂ। ਸਿਖਾਵਾਨੋਂ ਮੇਂ ਭੀ ਬੱਧੀ ਸਿਖਾ ਵਾਲੇ ਕੋ ਕਰਮ ਕਰਨੇ ਕਾ ਅਧਿਕਾਰ ਹੈ ਖੁਲੀ ਵਾਲੇ ਕੋ ਨਹੀਂ। ਬ੍ਰਹਮ ਰੰਧ੍ਰ[1] ਸੇ ਨੈਰਤ ਕੋਣ ਮੇਂ ਸਿਖਾ ਕੋ ਗਾਯਤ੍ਰੀ ਕੇ ਉਚਾਰਣ ਕਰ ਬਾਂਧ ਕੇ ਕਰਮ ਕਾ ਆਰੰਭ ਕਰੇ। ਜਨੇਊ ਕੋ ਖੱਬੇ ਮੋਢੇ ਪਰ ਕਰਕੇ ਮਨ ਬਾਣੀ ਕੇ ਸੰਯਮ ਸਹਿਤ ਸਿਖਾ ਬੰਧ ਕਰ ਬੈਠਕੇ ਆਚਮਾਨ ਕਰੇ ਸੋ ਬ੍ਰਾਹਮਣ ਕ੍ਰਿਯਾਵਾਨ ਹੈ।

**ਸਿਖਿਆ** ਦੇ. ਜਿਸ ਮੇਂ ਅਖਰੋਂ ਕੀ ਉਤਪਤੀ ਯੋਗਯ- ੧. ਉਰ ੨. ਕੰਠ ੩. ਸਿਰ ੪. ਜਿਹਬਾ ਕਾ ਮੂਲ ੫. ਦਾਂਤ ੬. ਨਾਸਕਾ ੭. ਓਸ੍ਟ ੮. ਤਾਲੂ। ਯੇ ਆਠ ਸਥਾਨ ਦਿਖਾਏ ਹੈਂ। ਔ ਬਾਹਯ ਅਭਯੰਤ੍ਰ ਭੇਦ ਸੇ ਦੋ ਪ੍ਰਕਾਰ ਕੇ ਪ੍ਰਯਤਨ ਬਤਾਏ ਹੈਂ। ਇਨ ਸਥਾਨ ਪ੍ਰਯਤਨੋਂ ਕੇ ਪ੍ਰਭਾਵ ਸੇ ਹੀ ਪਾਣਿਨੀ ਰਿਖਿ ਨੇ ਤ੍ਰੇਹਟ ਅਥਵਾ ਚੌਹਟ ਅਖਰ ਕਹੇ ਹੈਂ। ਸੋ ਅਖਰ ਬਾਵਨ ਅਖਰੀ ਇਸ ਨਾਮ ਕੇ ਅਰਥ ਮੇਂ ਦਿਖਾਏ ਜਾਵੇਂਗੇ। ਊਹਾ ਹੀ ਪ੍ਰਕਰਣ ਸੇ ਸਥਾਨ ਪ੍ਰਯਤਨ ਦਿਖਾਏ ਜਾਵੇਂਗੇ। ਨਾਰਦ ਰਿਖਿ ਕੀ ਸਿਖ੍ਯਾ ਮੇਂ ਸ੍ਵਰੋਂ ਕੇ ਹ੍ਰਸ੍ਵ ਦੀਰਘ ਪਲੁਤ ਭੇਦ ਔ ਹ੍ਰਸ੍ਵਾਦਿਕੋਂ ਕੇ ਉਦਾੱਤ ਅਨੁਦਾੱਤ ਸ੍ਵਰਿਤ ਭੇਦ ਔ ਉਦਾੱਤਾਦਿਕੋਂ ਮੇਂ ਖੜਜ ਰਿਖਭ ਗੰਧਾਰ ਮਧਯਮ ਪੰਚਮ ਧੈਵਤ ਸ੍ਵਰੋਂ ਕਾ ਪ੍ਰਵੇਸ ਔਰ ਸ੍ਵਰੋਂ ਕੇ ਮੂਰਛਨਾ ਗ੍ਰਾਮਾਦਿ ਬਿਸੇਖ ਸਾਮ ਵੇਦ ਕੇ ਗਾਯਨ ਹੇਤ ਦਿਖਾਏ ਹੈਂ। ਯਾਤੇ ਬਰਣ ਸ੍ਵਰਾਦਿਕੋਂ ਕੇ ਉਚਾਰਣ ਕਾ ਪ੍ਰਕਾਰ ਜਿਸ ਮੇਂ ਉਪਦੇਸ ਕੀਆ ਗਯਾ ਸੋ ਸਿਖ੍ਯਾ ਅੰਗ ; ਦੇ. ਅਭਯਾਸ ਕੀਆ ਹੈ, ਯਥਾ- ਸਿਖੀ ਸਿਖਿਆ ਗੁਰ ਵੀਚਾਰਿ। ਸਿਖੋਂ ਨੇ ਗੁਰੋਂ ਸੇ ਉਪਦੇਸ ਗ੍ਰਹਣ ਕਰ ਅਭਯਾਸ ਕੀਆ ਹੈ। ਸਭ ਸੇ ਬਡੇ ਪਰਮਾਤਮ ਬਿਚਾਰ ਕਾ। ਉਸੀ ਕਾ ਪਰਸਪਰ ਬੋਧਨ ਕਰਨਾ ਅਭਯਾਸ ਕਹਾਵੇ ਹੈ ; ਸੋਨਾਕ ਬ੍ਰਿਛ।

**ਸਿਖੀ** ਗੁ. ਸਿਖ ਲਈ ਹੈ ਅਰਥਾਤ ਗ੍ਰਹਣ ਕਰੀ ਹੈ, ਜੈਸੇ- ਯਹ ਬਾਰਤਾ ਅਮੁਕੇ ਸੇ ਸਿਖੀ। ਸਿਖੋਂ ਨੇ, ਯਥਾ- ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ। ਸਿਖਯਾਪਨਾ, ਜੈਸੇ- ਗੁਰ ਸਿਖੀ ਬਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ। ਪੁਨਾ- ਸਿਖੀ ਸਿਖਿਆ ਗੁਰ ਵੀਚਾਰਿ। ਗੁਰੁ ਬਿਚਾਰ ਕੀ ਸਿਖਿਆ ਸਿਖਪਨਾ ਹੈ। ਸੰ. ਸਿਖਾ ਵਾਲਾ ਜੈਸੇ ਮੋਰ।

**ਸਿਖੀ ਬਾਹਨ** ਸੰ. ਖੜਾਨਨ, ਸ੍ਵਾਮਿ ਕਾਰਤਿਕੇਯ ਜਿਸ ਕਾ ਨਾਮ ਲੋਕ ਸਯਾਮਕਾਤਰ ਕਹਤੇ ਹੈਂ।

**ਸਿਖੁ** ਦੇ. ਚੇਲਾ। ਸੰ. ਸਿਖਯ, ਯਥਾ- ਸੋ ਗੁਰੂ ਸੋ ਸਿਖੁ ਕਥੀਅਲੇ। ਪੁਨਾ- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ। ਅਭਯਾਸ ਹੇਤ ਉਪਦੇਸ, ਯਥਾ- ਜੇ ਇਕ ਗੁਰ ਕੀ ਸਿਖ ਸੁਣੀ। ਸੰ. ਸਿਖ੍ਯਾ। ਪੁਨਾ- ਸਤਿਗੁਰ ਸਾਚੀ ਸਿਖ ਸੁਣਾਈ। ਹਰਿ ਚੇਤਹੁ ਅੰਤਿ ਹੋਇ ਸਖਾਈ।

**ਸਿਖੈ** ਪੰ. ਉਪਦੇਸ ਲੇਵੇ, ਯਥਾ- ਗੁਰਮੁਖਿ ਸਾਹੁਰੜੈ ਕੰਮ ਸਿਖੈ।

**ਸਿੰਗ** ਪੰ. ਸੀਂਗ ਪਸੁ ਕੇ, ਯਥਾ- ਚਾਰਿ ਪਾਵ ਦੁਇ ਸਿੰਗ ਗੁੰਗ ਮੁਖ।

**ਸਿੰਗਾਰ** ਦੇ. ਸ੍ਰਿੰਗ ਨਾਮ ਕਾਮ ਕਾ ਉਦੇ ਪ੍ਰਾਪਤ ਹੋਵੇ, ਜਿਸ ਕਰ ਵਹੁ ਰਤੀ ਥਾਈ ਭਾਵ ਵਾਲਾ- ੧. ਰਸ, ੨. ਲੌਂਗ ੩. ਸਿੰਧੂਰ ੪. ਚੂਰਣ ੫. ਕਾਲਾ ਅਗਰ ੬. ਆਰਦ੍ਰਕ ਆਦਾ। ਸਿੰਗ੍ਰ ਪ੍ਰਧਾਨਪਨੇ ਕੋ ਪ੍ਰਾਪਤ ਹੋਵੇ, ਜਿਸ ਕਰ ਵਹੁ ਭੂਖਣ ਬਸਤ੍ਰ ਅੰਜਨਾਦਿ, ਯਥਾ- ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ। ਗਜ ਕੇ ਭੂਖਣ ; ਇਸਤ੍ਰੀ ਪੁਰਖ ਕੋ ਪਰਸਪਰ ਮੇਲ ਕੀ ਇਛਾ ਤਾ ਕਾ ਨਾਮ ਭੀ ਸਿੰਗਾਰ ਹੈ, ਯਥਾ- ਕੀਓ ਸੀਗਾਰੁ ਮਿਲਣ ਕੈ ਤਾਈ। ਸੰ. ਸ੍ਰਿੰਗਾਰ। ਗੁ. ਸੂੰਘੇ, ਯਥਾ- ਭ੍ਰਮਿ ਭੂਲਾ ਮਿਰਗੁ ਸਿੰਙਾਰੇ।

**ਸਿੰਗੀ** ਪੰ. ਸਿੰਗਾ ਵਾਲੇ।

**ਸਿੰਗੀ ਰਿਖ** ਦੇ. ਰਾਜਾ ਪਰੀਛਤ ਕੋ ਸਾਪ ਲੜਨੇ ਕਾ ਸ੍ਰਾਫ ਦੇਨੇ ਵਾਲਾ ਰਿਖਿ ਜਿਸ ਕੋ ਬੇਸਿਆ ਨੇ ਮੋਹਿਆ।

**ਸਿੰਘ** ਦੇ. ਸੇਰ, ਯਥਾ- ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ। ਪੁਨਾ- ਜਬ ਲਗੁ ਸਿੰਘੁ ਰਹੈ ਬਨ ਮਾਹਿ। ਤਬ ਲਗੁ ਬਨੁ ਫੂਲੈ ਹੀ ਨਾਹਿ। ਜਬ ਹੀ ਸਿਆਰੁ ਸਿੰਘ ਕਉ ਖਾਇ। ਫੂਲਿ ਰਹੀ ਸਗਲੀ ਬਨਰਾਇ। ਪੁਨਾ- ਸਿੰਘ ਰੁਚੈ ਸਦ ਭੋਜਨੁ ਮਾਸ। ਬਿਸਨੁ ਸਹਸ੍ਰ ਨਾਮ ਮੇਂ ਬਿਸਨੁ ਕਾ ਨਾਮ ਲਿਖਾ ਹੈ। ਹਨਨ ਕਰਨੇ ਵਾਲੇ ਕਾ ਨਾਮ ਲਿਖਾ ਹੈ। ਵਿਸਨੁ ਭਕਤੋਂ ਕੇ ਸਤ੍ਰੂਓਂ ਕੋ ਹਨਨ ਕਰਤਾ ਹੈ ਇਸ ਲੀਏ ਨਾਮ ਸਿੰਘ ਹੈ। ਪੁਰਖ ਕੀ ਬੀਰਤਾ ਪ੍ਰਕਾਸਨ ਮੇਂ ਗੌਣੀ ਬ੍ਰਿਤੀ ਸੇ ਕਹਯਾ ਜਾਤਾ ਹੈ, ਜੈਸੇ- ਅਮੁਕਾ ਆਦਮੀ ਸਿੰਘ ਹੈ ਭਾਵ ਸਿੰਘ ਵਤ ਸੂਰਮਾ ਹੈ। ਪੁਰਖ ਕੀ ਸ੍ਰੇਸ੍ਟਤਾ ਕਥਨ ਮੇਂ ਜੈਸੇ ਕੁੰਚਰ, ਰਿਖਭ, ਨਾਗ ਹੈ, ਤੈਸੇ ਯਹ ਭੀ ਹੈ। ਪੁਰਖ ਕੁੰਚਰ ਪੁਰਖ, ਰਿਖਭ ਪੁਰਖ, ਨਾਗ ਪੁਰਖ, ਸਿੰਘ ਪੁਰਖ, ਸਾਰਦੂਲ ਸਭ ਪਦੋਂ ਕਾ ਪੁਰਖ ਸ੍ਰੇਸ੍ਟ ਏਤਾ ਮਾਤ੍ਰ ਅਰਥ ਹੈ। ਗੁਰ ਦਸਮ ਜੀ ਕੇ ਮਤ ਮੇਂ ਯਹ ਨਾਮ ਕੀ ਛਾਪ ਹੈ, ਜੈਸੇ ਪੂਰਬ ਮਤ ਪ੍ਰਵਰਤਕੋਂ ਨੇ ਦਾਸ, ਗਿਰੀ, ਪੁਰੀ, ਨਾਥਾਦਿ ਛਾਪ ਰਖੀ ਹੈ। ਤੈਸੇ ਗੁਰੂ ਜੀ ਨੇ

---

[1] ਤਾਲੂ ਕਾ ਨਾਮ ਹੈ ਅਰਥਾਤ ਦਸਮ ਦ੍ਵਾਰ।

ਖਤ੍ਰੀ ਧਰਮ ਕਾ ਪ੍ਰਕਾਸਕ ਔਰ ਪ੍ਰਮੇਸ੍ਰਰ ਕਾ ਨਾਮ ਜਾਨ ਕਰ ਨਿਜ ਮਾਰਗ ਮੇਂ ਯਹ ਨਾਮ ਅੰਤ ਮੇਂ ਸਥਾਪਨ ਕੀਆ। ਨਿਬ੍ਰਿਤ ਪੁਰਖ ਇਸ ਨਾਮ ਕੇ ਪੀਛੇ ਨ੍ਰਿ ਮਾਤ੍ਰ ਜੋੜ ਲੇਵੇਂ। ਤਬ ਏਕ ਸੰਖ ਏਕ ਖੀਰ ਭਰਿਓਂ ਵਤ ਪੂਰਾ ਹੀ ਭਗਵਾਨ ਕੇ ਮਹਾ ਸੂਰਬੀਰ ਅਵਤਾਰ ਕੀ ਛਾਪ ਵਾਲਾ ਨਾਮ ਹੋ ਜਾਵੇ ਜੈਸੇ ਰਾਮ ਨ੍ਰਿਸਿੰਘ, ਨਰੋਤਮ ਨ੍ਰਿਸਿੰਘ ਇਤਯਾਦਿ।

**ਸਿੰਘਚ** ਦੇ. ਸਿੰਘ ਕਾ ਅਰਥਾਤ ਸੇਰ ਸਮ ਹਿੰਸਾ ਵਾਲਾ ਮਾਸਾਦਿ, ਯਥਾ- ਸਿੰਘਚ ਭੋਜਨੁ ਜੋ ਨਰੁ ਜਾਨੈ। ਜੋ ਸੇਰ ਕੇ ਸਮਾਨ ਹਿੰਸਾ ਵਾਲਾ ਮਾਸਾਦਿ ਭੋਜਨ ਹੀ ਲੋਗੋਂ ਕੇ ਪ੍ਰਾਣ ਨਿਕਾਸ ਕੇ ਕਰਨਾ ਜਾਨਤੇ ਹੈਂ ਵਹੁ ਪੁਰਖ ਠਗੋਂ ਕੇ ਦੇਵ ਕਹੇ ਹੈਂ। ਚ ਦਖਣ ਦੇਸ ਮੇਂ ਕਾ ਕੇ ਥਾਨ ਹੈ ਜੈਸੇ ਰਾਮ ਚੇ ਨਾਮੰ- ਰਾਮ ਕਾ ਨਾਮ ; ਸਿੰਘ ਚ ਭੋਜਨ- ਸੇਰ ਦਾ ਭੋਜਨ।

**ਸਿੰਘਾਸਨੁ** ਸੰ. ਸਿੰਘ ਕੇ ਚਿੰਨ ਵਾਲਾ ਆਸਨ ਅਰਥਾਤ ਰਾਜਾ ਕਾ ਤਖਤ। ਯੁਕ੍ਰੀ ਕਲਪਤਰੁ ਗ੍ਰੰਥ ਮੇਂ ਲਿਖਾ ਹੈ ਰਾਜਾ ਕੇ ਬੈਠਨੇ ਕੇ ਆਸਨ ਕਾ ਨਾਮ ਸ੍ਰੀ ਸਿੰਘਾਸਨ ਹੈ। ਸੁਭ ਮਹੂਰਤ, ਸੁਭ ਮਾਸ, ਸੁਭ ਪਖ, ਸੁਭ ਵਾਰ, ਸੁਭ ਵੇਲਾ, ਸੁਭ ਤਿਥਿ, ਸੁਭ ਚੰਦ੍ਰ ਕੇ ਯੋਗ ਮੇਂ ਈਤਿ ਰਹਿਤ, ਉਤਪਾਤ ਰਹਿਤ ਕਾਲ ਮੇਂ ਸਿੰਘਾਸਨ ਬਨਾਨਾ ਥਿਰ ਰਾਸਿ ਮੇਂ ਥਿਤ ਸੂਰਯ ਔ ਥਿਤ ਨਛਤ੍ਰ ਮੇਂ ਚੰਦ੍ਰ ਕੇ ਉਦੇ ਸਮੇ ਸਿੰਘਾਸਨ ਤਥਾ ਗ੍ਰਿਹ ਕਾ ਆਰੰਭ ਕਰਨਾ। ਸਿੰਘਾਸਨ ਰਾਜਾ ਲੋਗੋਂ ਕੇ ਆਠ ਪ੍ਰਕਾਰ ਕੇ ਹੋਤੇ ਹੈਂ, ਨਾਮ ਉਨ ਕੇ- ੧. ਪਦਮ ੨. ਸੰਖ ੩. ਗਜ ੪. ਹੰਸ ੫. ਸਿੰਘ ੬. ਭ੍ਰਿੰਗ ੭. ਮ੍ਰਿਗ ੮. ਹਯ ਨਾਮੋਂ ਯੁਕ੍ਤ ਹੈਂ ਅਰਥਾਤ ਪਦਮ ਸਿੰਘਾਸਨਾਦਿਕ ਹੈਂ, ਜੋ ਗੰਭਾਰੀ ਲਕੜੀ ਕਾ ਕਮਲੋਂ ਕੀ ਮਾਲਾ ਕੀ ਚਿਤ੍ਰਕਾਰੀ ਵਾਲਾ ਪਦਮ ਰਾਗ ਮਣੀਓਂ ਸੇ ਜਟਿਤ ਸੁਵਰਣ ਕੇ ਪਤ੍ਰੋਂ ਵਾਲਾ, ਜਿਸ ਕੇ ਚਰਣੋਂ ਅਰਥਾਤ ਪਾਵਿਓਂ ਕੇ ਅਗ੍ਰ ਭਾਗ ਕਮਲ ਫੂਲੋਂ ਕੇ ਚਿੰਨ ਵਾਲੇ ਪਦਮ ਰਾਗ ਮਣੀਓਂ ਸੇ ਜੜੇ ਹੋਵੇਂ, ਆਠੋ ਦਿਸਾ ਮੇਂ ਬਾਰਾ ਬਾਰਾ ਅੰਗਲ ਕੀ ਆਠ ਪੁਤਲੀ ਨਵ ਰਤਨੋਂ ਕਰ ਜਟਿਤ ਹੋਵੇ, ਰਕ੍ਤ ਬਸਤ੍ਰ ਸੇ ਢਕਿਆ ਰਹੇ ਤਿਸ ਕਾ ਨਾਮ ਪਦਮ ਸਿੰਘਾਸਨ ਹੈ। ਐਸੇ ਸੰਖ ਸਿੰਘਾਸਨਾਦਿਕ ਸਾਤ ਹੈਂ। ਪਰਾਏ ਸਿੰਘਾਸਨ ਕਾ ਬਿਗਾੜ ਨਹੀ ਕਰਨਾ, ਨਾ ਉਸ ਪਰ ਬੈਠਨਾ, ਨਾ ਨਿਰਾਸਨ ਬੈਠਨਾ। ਅਪਨਾ ਬਨਾ ਕਰ ਬੈਠਨਾ। ਯਹ ਨੀਤਿ ਹੈ। ਯੋਗ ਕਾ ਆਸਨ ਬਿਸੇਖ ਲਖਣ ਉਸ ਕਾ ਮੋਖ ਪੰਥ ਮੇਂ ਲਿਖਾ ਹੈ। ਚੌਪਈ। ਸੀਮ ਸਮੀਪ ਬ੍ਰਿਖਣ ਕੇ ਤਲੇ। ਪਦ ਕੇ ਗੁਲਫ ਲਗਾਵੇ ਭਲੇ। ਦਖਨ ਵਾਮ ਗੁਲਫ ਕੋ ਧਾਰੇ। ਦਖਨ ਗੁਲਫ ਵਾਮ ਨਿਰਧਾਰੇ। ਦੋ ਕਰ ਜਾਨੂ ਊਪਰ ਧਾਰਾ। ਪਾਂਚੋ ਅੰਗਲ ਦਏ ਪਸਾਰਾ। ਮੁਖ ਪਸਾਰ ਪੇਖੇ ਨਾ ਸਾਗ੍ਰਾ। ਸਿੰਘਾਸਨ ਯਹ ਕਹੇ ਉਜਾਗਰਾ। ਗੁ. ਦਸਮ ਦ੍ਵਾਰ ਮੇਂ, ਯਥਾ- ਚਾੜਸਿ ਪਵਨੁ ਸਿੰਘਾਸਨੁ ਭੀਜੈ। ਭੇਜੇ ਪਵਨ ਕੋ ਦਸਮ ਦ੍ਵਾਰ ਮੇਂ।

**ਸਿੰਘਾਸਨੁ ਭੀਜੈ** ਵਾ. ਦਸਮ ਦ੍ਵਾਰ ਮੇਂ ਭੇਜੇ ਹੈ ਪਵਨ ਕੋ।

**ਸਿੰਙਿਆ** ਗੁ. ਸੰਗਣਾ, ਲੱਜਾ ਕਰਣੀ ਵਿਖਓਂ ਤੇ, ਯਥਾ- ਸਿੰਙਿਆ ਅਰੁ ਚੁੰਙਿਆ।

**ਸਿੰਙੀ** ਦੇ. ਜੋਗੀਓਂ ਕਾ ਬਾਜਾ, ਗੋਰਖ ਮਤ ਕੇ ਜੋਗੀ ਅਪਨੇ ਗਲ ਮੇਂ ਏਕ ਛੋਟਾ ਸਾ ਬਾਜਾ ਰਖਤੇ ਹੈਂ ਵਹੁ ਮ੍ਰਿਗ ਕੇ ਸਿੰਗ ਸੇ ਬਨਤਾ ਹੈ ਇਸ ਲੀਏ ਨਾਮ ਸਿੰਙੀ ਹੈ, ਯਥਾ- ਸਿੰਙੀ ਵਾਜੈ ਨਿਤ ਉਦਾਸੇਰਾ। ਸਿੰਙੀ ਵਾਜਤੀ ਹੈ ਨਿਤ੍ਯ ਹੀ ਉਦਾਸੀਨਤਾ ਕੀ।

**ਸਿੰਚ** ਸੰ. ਸਿੰਚਨ ਕਰ।

**ਸਿੰਚਉ** ਗੁ. ਜਮਾ ਕਰੋ।

**ਸਿੰਚਹੁ** ਦੇ. ਸੀਚਤੇ ਹੋ, ਯਥਾ- ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ। ਸੀਚੋ, ਯਥਾ- ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ।

**ਸਿੰਚਹੁ** ਦੇ. ਸਿੰਚਨ ਕਰੋ, ਯਥਾ- ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ। ਅਨਯੋਕ੍ਤੀ ਸੇ ਉਪਦੇਸ ਹੈ ਗੁਰੋਂ ਕਾ ਉਪਦੇਸ ਅਮ੍ਰਿਤ ਅੰਤਹਕਰਣ ਮੇਂ ਸੀਚਕੇ ਨਿਥਲ ਬ੍ਰਿਤੀਆਂ ਰੂਪ ਕਿਆਰੇ ਭਰ ਲੇਵੋ। ਕੋਈ ਭੀ ਤੁਮਾਰਾ ਖਿਆਲ ਔਰ ਪਾਸੇ ਨਾ ਉਦੇ ਹੋਵੇ ਤਬ ਅਪਨੇ ਕੋ ਮਾਲੀ ਕੇ ਦੇਖੋ।

**ਸਿਜਦਾ** ਅ. ਨਿਮਾਜ ਸਮੇ ਧਰਤੀ ਪੈ ਸਿਰ ਰਖਕੇ ਮਥਾ ਟੇਕਨਾ, ਯਥਾ- ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ।

**ਸਿਝਸਿ** ਪੰ. ਸਿਝ ਜਾਵੇਗਾ, ਪੂਰਾ ਕੀਆ ਜਾਵੇਗਾ।

**ਸਿਝਤ** ਪੰ. ਤਰ ਜਾਤੇ, ਯਥਾ- ਪਰਸਤ ਪੈਰ ਸਿਝਤ ਤੇ ਸੁਆਮੀ। ਜੋ ਬ੍ਰਹਮ ਗਯਾਨੀ ਸੰਤੋਂ ਕੇ ਚਰਣ ਛੂਹਤੇ ਹੈਂ, ਵਹੁ ਪ੍ਰਾਣੀ ਤਰ ਜਾਤੇ ਹੈਂ।

**ਸਿਝਿ** ਪੰ. ਕਰਨੇ ਯੋਗਯ ਕਾਮ ਕੋ ਕਰ, ਯਥਾ- ਸਿਝਿ ਇਵੇਹਾ ਵਾਰ। ਕ੍ਰਿਤ ਕ੍ਰਿਤਯ ਹੋ ਇਸ ਮਨੁਖਯ ਜਨਮ ਸਮੇ ਮੇਂ ਹੀ ਅਰਥਾਤ ਮਨੁਖਯ ਜਨਮ ਮੇਂ ਹੀ ਮੁਕਤ ਹੋ।

**ਸਿਝੇ** ਪੰ. ਕ੍ਰਿਤ ਕਾਰਜ ਹੂਏ, ਜੋ ਕਰਨਾ ਥਾ ਸੋ ਕਰ ਚੁਕੇ।

**ਸਿਞਾਣਿ** ਪੰ. ਪਹਚਾਨ, ਯਥਾ- ਆਨ ਅਵਰ ਸਿਞਾਣਿ ਨ ਕਰੀ।

**ਸਿਞਾਣੀਐ** ਪੰ. ਪਹਚਾਨੀਏਗੀ ਤਬ, ਯਥਾ- ਅਗੈ ਵਸਤੁ ਸਿਞਾਣੀਐ।

**ਸਿੰਞਾਪਸਨਿ** ਪੰ. ਜਾਨੇ ਜਾਵੇਂਗੇ, ਯਥਾ- ਅਗੈ ਗਏ ਸਿੰਞਾਪਸਨਿ।

**ਸਿਞਾਪੈ** ਦੇ. ਜਾਨੇ, ਯਥਾ- ਇਉ ਘਰੁ ਮਹਲੁ ਸਿਞਾਪੈ।

**ਸਿਟਿਆ** ਪੰ. ਗੇਰਿਆ ; ਫੈਂਕ ਦੀਆ।

**ਸਿਤ** ਸੰ. ਸੁਫੇਦ ; ਬਾਂਧਾ ਹੂਆ।

**ਸਿਦਕੀ** ਦੇ. ਨਿਸਚੇ ਵਾਲਾ ਜਾਨ।

**ਸਿਦਕੁ** ਅ. ਨਿਸਚਾ, ਸ੍ਰਧਾ, ਯਥਾ- ਸਿਦਕੁ ਸਬੂਰੀ।

**ਸਿਧੁੰ** ਗੁ. ਸਿਧ ਹੋ ਜਾਤੇ ਹੈਂ ਸਰਬ ਸੁਖ, ਯਥਾ- ਸਿਧੁੰ ਸਰਬ ਕੁਸਲਣਹ।

**ਸਿਧ ਕਾਜੇ** ਪੰ. ਮਨ ਕੇ ਮਨੋਰਥ ਸਿਧ ਕਰ ਲੀਏ।

**ਸਿਧ ਗੋਸਟਿ** ਦੇ. ਸਿਧ ਸਭਾ ਮੇਂ ਚਰਚਾ ਕੀ ਬਾਣੀ, ਯਥਾ- ਨਾਮਿ ਰਤੇ ਸਿਧ ਗੋਸਟਿ ਹੋਇ। ਸੰ. ਸਿੱਧਗੋਸ੍ਰਿ।

**ਸਿਧ੍ਰਤੇ** ਗੁ. ਮੁਕਤ ਹੋਤੇ, ਯਥਾ- ਅਨਿਕ ਉਪਾਵੰ ਨ ਸਿਧ੍ਰਤੇ।

**ਸਿਧਾ** ਪੰ. ਸੀਧਾ, ਸਰਲ।

**ਸਿਧਾਸੀ** ਗੁ. ਜਾਵੇਗਾ।

**ਸਿਧਾਰੇ** ਪੰ. ਜਾਵੋਗੇ, ਯਥਾ- ਊਠਿ ਸਿਧਾਰੇ ਕੇਤ।

**ਸਿਧਿ** ਸੰ. ਅਣਿਮਾਦਿਕ ਸਿਧੀਆਂ ; ਕਰਾਮਾਤਾਂ ; ਰਿਧਿ ਨਾਮ ਵਾਲੀ ਬੂਟੀ ; ਮੁਕ੍ਰਿ ; ਸੰਪਤਿ ; ਪ੍ਰਾਪਤੀ, ਯਥਾ- ਤ੍ਰਿਲੋਚਨ ਗੁਰ ਮਿਲਿ ਭਈ ਸਿਧਿ। ਸਿਧਿ, ਗ੍ਯਾਨ ਕੀ ਪ੍ਰਾਪਤੀ ; ਅਨੁਮਾਨ ਮੇਂ ਸਾਧ੍ਯ ਵਾਲੇ ਪਨ ਕਾ ਨਿਸਚਾ ; ਅੰਤਰ ਧਾਨ, ਛਿਪ ਜਾਨਾ ; ਨਿਸਪੱਤਿ ਬਨਨਾ ਕਾਹੂ ਵਸਤ ਕਾ।

**ਸਿਧਿ ਕਰਤ** ਪੰ. ਜਾਣਾ ਕਰਤੇ ਥੇ, ਯਥਾ- ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ।

**ਸਿਧਿ ਪਦੰ** ਦੇ. ਸਰਬ ਸਿਧੀਓਂ ਕਾ ਥਾਨ, ਯਥਾ- ਸਕਲ ਸਿਧਿ ਪਦੰ। ਸੰ. ਸਿਧਿਪਦੰ।

**ਸਿਧਿਦ** ਸੰ. ਸਿਧੀ ਕੇ ਦੇਨੇ ਵਾਲਾ ਪ੍ਰਮੇਸੂਰ।

**ਸਿਧੀ** ਦੇ. ਅਣਿਮਾਦਿਕ ਸਿਧੀ। ਪੰ. ਸਿਧੀ, ਨਾ ਟੇਢੀ ਵਸਤੂ।

**ਸਿਧੀਰੀ** ਗੁ. ਸੀਧੀ, ਜੈਸੇ- ਉਲਟੀ ਪਲਟਿ ਸਿਧੀਰੀ ਕਰੈ। ਜਗਤ ਓਰ ਉਲਟੀ ਹੁਈ ਬ੍ਰਿਤੀ ਕੋ ਸ੍ਵਰੂਪ ਓਰ ਪਲਟਿ ਕੇ ਸੀਧੀ ਕਰੇ।

**ਸਿਧੀਰੇਸਰੇ** ਵਾ. ਸਰਲਤਾ ਕੋ ਪ੍ਰਾਪਤ ਹੋਵੇ।

**ਸਿਧੁ** ਸੰ. ਪੱਕਾ ਭੋਜਨ ; ਨਿਸਪੰਨ, ਬਨ ਚੁਕੀ ਵਸਤੁ ; ਨਿਤ੍ਰ ; ਸਿਧ ਨਾਮ ਵਾਲੇ ਦੇਵਤਾ ; ਨਿਸਚਿਤ ; ਅਣਿਮਾਦਿ ਸਿਧੀਆਂ ਵਾਲੇ ਗੋਰਖਾਦਿ, ਯਥਾ- ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ। ਸੇਧਾ ਲਵਣ ਯਹ ਲਵਣ ਬਨਾਵਟੀ ਨਹੀਂ, ਇਸ ਲੀਏ ਨਾਮ ਸਿਧ ਹੈ ; ਜੋਤਿਸ ਕਾ ਸਿਧ ਨਾਮਾ ਯੋਗ ; ਗੁੜ ; ਕਾਲਾ ਧਤੂਰਾ ; ਤੰਤ੍ਰ ਗ੍ਰੰਥੋਂ ਮੇਂ ਲਿਖਾ ਮੰਤ੍ਰ ਬਿਸੇਖ।

**ਸਿਧੇਹਾ** ਗੁ. ਸਿਧ ਹੂਆ ਹੈ।

**ਸਿੰਨਾ** ਗੁ. ਸਿਆਣ, ਯਥਾ- ਕਿਛੁ ਸਾਕੁ ਨ ਸਿੰਨਾ। ਕਛ ਸੰਬੰਧ ਨ ਸਿਆਣ।

**ਸਿਨਾਖਤ** ਅ. ਪਹਚਾਨਨਾ, ਯਥਾ- ਸਿਨਾਖਤ ਕੁਦਰਤੀ।

**ਸਿਪ** ਦੇ. ਸੁਕਤੀ, ਬਡੀ ਸਿਪੀ।

**ਸਿਪੀਤੀ** ਗੁ. ਸਿਫਤ ਕੀ, ਯਥਾ- ਤਿਨ੍ਹ ਵਾਤਿ ਸਿਪੀਤੀ।

**ਸਿਫਤ** ਅ. ਉਸਤਤੀ ਕਰਨੀ, ਗੁਣ ਕਹਨੇ।

**ਸਿਫਤਿ ਸਲਾਹਣੁ** ਦੇ. ਗੁਣੋਂ ਕੀ ਉਸਤਤੀ ਕਰਨੀ, ਯਥਾ- ਸਿਫਤਿ ਸਲਾਹਣੁ ਛਡਿ ਕੈ।

**ਸਿਫਤਿ ਧਰਾ** ਵਾ. ਪ੍ਰਮੇਸੂਰ ਕੀ ਉਸਤਤਿ ਕਰਨੀ ਧਾਰਨ ਕਰੇ ਹੈ ਸੋ ਬਿਰਕ੍ਤ ਹੈ, ਯਥਾ- ਸੋ ਦਰਵੇਸੁ ਜਿਸੁ ਸਿਫਤਿ ਧਰਾ। ਅਥਵਾ ਜਿਸ ਮੇਂ ਤਾਰਨੇ ਹੇਤ ਪ੍ਰਮੇਸੂਰ ਨੇ ਅਪਨੀ ਸਿਫਤ ਕਰਨੀ ਧਾਰਨ ਕਰੀ ਹੈ, ਸੋ ਦਰਵੇਸ ਹੈ।

**ਸਿਫਤੀ** ਦੇ. ਸਿਫਤੋਂ ਮੇਂ, ਯਥਾ- ਸਿਫਤੀ ਰਤਾ ਸਦ ਬੈਰਾਗੀ। ਸਿਫਤੋਂ ਕੋ, ਯਥਾ- ਕਰਿ ਸਿਫਤੀ ਅੰਮ੍ਰਿਤੁ ਪੀਵਦੈ।

**ਸਿਫਾ** ਸੰ. ਜਟਾ ਸਰੂਪ ਮੂਲ ਜੈਸੇ ਬਟ ਕਾ ਹੋਤਾ ਹੈ ; ਸੌਂਫ ਔਖਦੀ ; ਹਲਦੀ।

**ਸਿਫਾਤ** ਅ. ਉਸਤਤੀਆਂ ਬਹੁਤੀ।

**ਸਿਬਾਲੁ** ਸੰ. ਜਲ ਕਾ ਜਾਲਾ, ਯਥਾ- ਭਖਸਿ ਸਿਬਾਲੁ ਬਸਸਿ ਨਿਰਮਲ ਜਲ। ਪੁਨਾ- ਕਾਇਆ ਛੀਜੈ ਭਈ ਸਿਬਾਲੁ। ਸੰ. ਸੇਵਾਲ।

**ਸਿਮਟ** ਦੇ. ਇਕਤ੍ਰ, ਜੈਸੇ- ਸਿਮਟ ਜਲ ਭਰੇ ਤਲਾਵਾ।

**ਸਿਮਰਉ** ਦੇ. ਯਾਦ ਕਰੋ, ਯਥਾ- ਸਿਮਰਉ ਸਿਮਰਿ ਸਿਮਰਿ ਸੁਖ ਪਾਵਉ।

**ਸਿਮਰਹਿ** ਗੁ. ਯਾਦ ਕਰੇ ਹੈਂ, ਯਥਾ- ਸਿਮਰਹਿ ਜਿਨ ਆਪਿ ਸਿਮਰਾਏ।

**ਸਿਮਰਹੁ** ਦੇ. ਯਾਦ ਕਰੋ, ਯਥਾ- ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ।

**ਸਿਮਰਣ** ਦੇ. ਯਾਦ ਕਰਣਾ, ਯਥਾ- ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।

**ਸਿਮਰਤ** ਸੰ. ਯਾਦ ਕਰਤੇ ਕੋ, ਯਥਾ- ਸੁਧ ਨ ਸਿਮਰਤ ਅੰਗ। ਗੁਰੋਂ ਕੇ ਚਰਣਾਦਿ ਅੰਗ ਯਾਦ ਕਰਤੇ, ਆਨ ਵਸਤੁ ਕਾ ਗ੍ਯਾਨ ਨਹੀਂ ਰਹਿਆ ; ਯਾਦ ਕਰਤੇ, ਯਥਾ- ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ। ਯਾਦ ਕਰਤਾ, ਯਥਾ- ਸਿਮਰਤ ਕਾਹਿ ਨ ਰਾਮੁ।

**ਸਿੰਮ੍ਰਤਬ੍ਰ** ਦੇ. ਸਿਮਰਨ ਕਰਨੇ ਯੋਗਯ, ਯਥਾ- ਸਦ ਸਦਾ ਸਿੰਮ੍ਰਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਈ।

**ਸਿਮਰੰਤਿ** ਗੁ. ਯਾਦ ਕਰਤੇ ਹੈਂ, ਯਥਾ- ਸਿਮਰੰਤਿ ਸੰਤ ਸਰਬਤ੍ਰ ਰਮਣੰ।

**ਸਿਮਰੰਥਿ** ਗੁ. ਸਿਮਰਣ ਕਰਤੇ ਹੈਂ, ਯਥਾ- ਬ੍ਰਹਮਾਦਿਕ ਸਿਮਰੰਥਿ ਗੁਨਾ। ਸੰ. ਸਮਰੰਤਿ।

**ਸਿਮਰਨ** ਦੇ. ਧਯਾਨ ਸੇ, ਯਥਾ- ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ।

**ਸਿਮਰਾਵੇ** ਦੇ. ਯਾਦ ਕਰਵਾਵੇ।

**ਸਿਮ੍ਰਿਤਿ** ਸੰ. ਪੂਰਬ ਦੇਖੀ ਸੁਣੀ ਵਸਤੁ ਕੇ ਗ੍ਯਾਨ ਜਨਤ ਸੰਸਕਾਰੋਂ ਸੇ ਉਪਜਾ ਗ੍ਯਾਨ ; ਵੇਦ ਮੇਂ ਕਹੇ ਧਰਮੋਂ ਕੇ ਸਿਮਰਨ ਕਰਾਨੇ ਵਾਲੇ ਮਨੁ ਸਿਮ੍ਰਿਤਿ ਆਦਿਕ ਗ੍ਰੰਥ। ਸੋ ਯਾਗ੍ਯਵਲਕ ਨੇ ਅਪਨੀ ਸਿਮ੍ਰਿਤੀ ਮੇਂ ਬੀਸ ਲਿਖੇ ਹੈਂ। ੧. ਮਨੁ ੨. ਯਾਗ੍ਯਵਲਕ ੩. ਅੰਗਰਾ ੪. ਬਸਿਸ੍ਟ ੫. ਦੱਤ ੬. ਸੰਬਰਤ ੭. ਸਾਤਾਤਪ ੮. ਪਰਾਸਰ ੯. ਗੌਤਮ ੧੦. ਸੰਖ ੧੧. ਲਿਖਤ ੧੨. ਹਾਰੀਤ ੧੩. ਆਪਸੂੰਬ ੧੪. ਸੁਕ੍ਰ ੧੫. ਕਾਤ੍ਯਾਯਨ ੧੬. ਬ੍ਰਿਹਸਪਤਿ ੧੭. ਦੇਵਲ ੧੮. ਬ੍ਯਾਸ ੧੯. ਪੈਠੀਨਸੀ ੨੦. ਬਿਸਨੁ ੨੧. ਯਮ ੨੨. ਦਖ ੨੩. ਅਤ੍ਰਿ ੨੪. ਪ੍ਰਚੇਤਾ ੨੫. ਨਾਰਦ ੨੬. ਬ੍ਰਿਧ ਦੇਵਲ ੨੭. ਸੋਮ ੨੮. ਜਮਦਗਨਿ ੨੯. ਪ੍ਰਜਾਪਤਿ ੩੦. ਬਿਸ੍ਵਾਮਿਤ੍ਰ ੩੧. ਮਰੀਚ ੩੨. ਪਿਤਾਮਹ ੩੩. ਬੌਧਾਯਨ ੩੪. ਛਾਗਲੇਯ ੩੫. ਜਾਵਾਲਿ ੩੬. ਚ੍ਯਵਨ ਭਵਿਖਤ ਪੁਰਾਣ ਮੇਂ ਯੇ ਛਤੀਸ ਗ੍ਰੰਥ ਲਿਖੇ ਹੈਂ। ਰਾਮਾਯਣ, ਮਹਾਭਾਰਤ, ਬਿਸਨੁ ਧਰਮ, ਸਿਵ ਧਰਮਾਦਿ ਔਰ ਭੀ ਧਰਮ ਗ੍ਰੰਥ ਕਹੇ ਹੈਂ ਜਿਨ ਸਰਬ ਕਾ ਨਾਮ ਜਯ ਹੈ। ਇਨ ਗ੍ਰੰਥੋਂ ਮੇਂ ਬਰਣੋਂ ਆਸ੍ਰਮੋਂ ਕੇ ਧਰਮ ਲਿਖੇ ਹੈਂ ਅਰਥਾਤ ਬ੍ਰਾਹਮਣ ਖੱਤ੍ਰਿਯ ਬੈਸ੍ਯ ਸੂਦ੍ਰ ਇਨ ਚਾਰੋਂ ਬਰਣੋਂ ਕੇ ਪ੍ਰਿਥਕ ਪ੍ਰਿਥਕ ਧਰਮ ਲਿਖੇ ਹੈਂ। ਔ ਬ੍ਰਹਮਚਾਰੀ, ਗ੍ਰਿਹਸਥ, ਬਾਨਪ੍ਰਸਥ, ਸੰਨ੍ਯਾਸੀ ਇਨ ਚਾਰੋਂ ਆਸ੍ਰਮੋਂ ਕੇ ਧਰਮ ਲਿਖੇ ਹੈਂ ਸਿਮ੍ਰਿਤੀਓਂ ਮੇਂ ਕਹੇ ਧਰਮ ਕਰਨੇ ਵਾਲੇ ਪੁਰਖੋਂ ਕੀ ਲੋਕ ਮੇਂ ਵਡਿਆਈ ਪਰਲੋਕ ਮੇਂ ਮੁਕਤੀ ਲਿਖੀ ਹੈ। ਜੂਆ ਚੋਰੀ ਮਦਰਾ ਬੇਸ੍ਯਾ ਗਮਨ ਸਿਕਾਰ ਖੋਟੇ ਪੁਰਖੋਂ ਕਾ ਸੰਗ ਇਤ੍ਯਾਦਿਕ ਕਾਮੋਂ ਕਾ ਨਾਮ ਬ੍ਯਸਨ ਲਿਖਾ ਹੈ। ਬ੍ਯਸਨੋਂ ਕੀ ਬੰਦੀ ਕਰੀ ਹੈ। ਬ੍ਯਸਨ ਕਰਨੇ ਵਾਲ੍ਯੋਂ ਕੋ ਦੰਡ ਲਿਖੇ ਹੈਂ। ਦੰਡੋਂ ਮੇਂ ਬ੍ਰਤ ਅਲਪ ਦੰਡ ਹੈ ਸੋ ਨਾ ਗਮਨ ਯੋਗ੍ਯ ਗੁਰੁ ਪਤਨੀ ਆਦਿਕੋਂ ਮੇਂ ਗਮਨ ਕਰਨੇ ਵਾਲੇ ਪੁਨਾ ਨਾ ਖਾਨੇ ਯੋਗ੍ਯ ਵਸਤੂਓਂ ਕੋ ਖਾਨੇ ਵਾਲੇ ਪੁਰਖੋਂ ਕੋ ਲਿਖੇ ਹੈਂ। ਕੈਦ ਔ ਬੈਤੋਂ ਕੀ ਮਾਰ ਚੋਰੀ ਜਾਰੀ ਆਦਿਕ ਕਾਮੋਂ ਵਾਲੇ ਪੁਰਖੋਂ ਹੇਤ ਲਿਖੀ ਹੈ। ਫਾਸੀ ਸੂਲੀ ਪ੍ਰਾਣੀ ਬਧ ਕਰਨੇ ਵਾਲੇ ਪੁਰਖੋਂ ਵਾਸਤੇ ਲਿਖੀ ਹੈ। ਬ੍ਰਾਹਮਣ ਫਾਸੀ ਨਹੀਂ ਦੇਨਾ ਸਿਰ ਮੁੰਨ ਕੇ ਗਧੇ ਚੜਾ ਕੇ ਦੇਸੋਂ ਨਿਕਾਲ ਦੇਨਾ ਏਤਾ ਮਾਤ੍ਰ ਧਰਮ ਸਾਸਤ੍ਰ ਬਨਾਵਨੇ ਵਾਲੇ ਰਿਖਿ ਲੋਗੋਂ ਨੇ ਨਿਜ ਕੁਲ ਕਾ ਸਤਕਾਰ ਰਖਾ ਇਸੀ ਲੀਏ ਪਾਂਡਵੋਂ ਨੇ ਅਸ੍ਵਥਾਮਾ ਕੋ ਮਾਰਿਆ ਨਹੀਂ। ਜੇਕਰ ਏਤੀ ਆਗ੍ਯਾ ਧਰਮ ਸਾਸਤ੍ਰ ਮੇਂ ਨਾ ਹੋਤੀ ਤਬ ਅਪਨੇ ਪੁਤ੍ਰੋਂ ਕੋ ਮਾਰਨੇ ਵਾਲੇ ਅਸ੍ਵਥਾਮਾ ਕੋ ਅਵਸ੍ਯ ਫਾਸੀ ਦੇਤੇ ਯਾ ਸੂਲੀ ਦੇਤੇ ਯਾ ਤਲਵਾਰ ਸੇ ਸਿਰ ਕਾਟਤੇ। ਸੋਚੋ ਤੋ ਸਿਮ੍ਰਿਤਿਕਾਰੋਂ ਨੇ ਉਚਿਤ ਹੀ ਲਿਖਾ ਹੈ। ਬ੍ਰਾਹਮਣ ਉਤਮ ਕਰਮੋਂ ਵਾਲੇ ਸਤੋਗੁਣੀ ਕਾ ਨਾਮ ਗੀਤਾ ਮੇਂ ਲਿਖਾ ਹੈ। ਬ੍ਰਹਮ ਵੇਤਾ ਕਾ ਨਾਮ ਵੇਦ ਮੇਂ ਲਿਖਾ ਹੈ। ਐਸੇ ਪੁਰਖ ਸੇ ਦੈਵ ਯੋਗ ਤੇ ਕੋਈ ਪਾਪ ਹੋ ਜਾਵੇ। ਤਬ ਦੇਸ ਸੇ ਨਿਕਾਲੇ ਪੀਛੇ ਆਨ ਦੇਸੋਂ ਮੇਂ ਉਪਕਾਰ ਕਰੇਗਾ। ਨਿਜ ਦੇਸ ਮੇਂ ਉਸ ਕੋ ਫਾਸੀ ਸੇ ਭੀ ਅਧਿਕ ਦੰਡ ਮਿਲ ਚੁਕਾ ਹੈ। ਕਿਉਂਕਿ ਨਾਮੀ ਪੁਰਖ ਕਾ ਅਪਜਸ ਹੋਨਾ ਮੌਤ ਸੇ ਬਡਕੇ ਹੈ। ਯੋਗ੍ਯ ਪੁਰਖ ਬਿਨਾ ਆਨ ਕੀ ਮਨੁ ਬਾਣੀ ਮਾਤ੍ਰ ਸੇ ਸਤਕਾਰ ਕੀ ਬੰਦੀ ਲਿਖਤੇ ਹੈਂ ਯਾ ਤੇ ਕੁਕਰਮੀ ਕੋ ਫਾਸੀ ਨਾ ਦੇਨਾ ਕਬ ਚਿਤ ਸੇ ਕਹ ਸਕਤੇ ਹੈਂ। ਤਾਤੇ ਨਿਸੰਕ ਦੇਵੇ ਨਾ ਦੀਏ ਰਾਜਾ ਕੋ ਦੋਖ ਲਗੇਗਾ। ਇਨ ਸਿਮ੍ਰਿਤੀਯੋਂ ਮੇਂ ਹੀ ਪੂਰਬ ਕਹੇ ਫੌਜਦਾਰੀ ਕੇ ਦੰਡੋ ਵਤ ਦਿਵਾਨੀ ਮੈਂ ਬੰਸ ਕੀ ਵਸਤ ਕੀ ਬੰਸ ਕੇ ਹਕਦਾਰੋਂ ਕੋ ਮਿਲਨ ਕੀ ਬਿਵਸਥਾ ਲਿਖੀ ਹੈ।

**ਸਿਮਰੇ** ਦੇ. ਯਾਦ ਕਰੇ ਹੈਂ, ਯਥਾ- ਸੇ ਸਿਮਰਹਿ ਜਿਨ ਆਪਿ ਸਿਮਰਾਏ। ਯਾਦ ਕਰਾਂ, ਜਥਾ- ਕਿਉ ਸਿਮਰੀ ਸਿਵਰਿਆ। ਯਾਦ ਕਰ, ਯਥਾ- ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ। ਹੇ ਜੀਵ ਮਨ ਸੇ ਗੋਬਿੰਦ ਕੋ ਯਾਦ ਕਰ ਤਨ ਸੇ ਸੇਵਾ ਕਰ ਯਹ ਤੇਰੀ ਕਲ੍ਯਾਨ ਹੇਤ ਆਦਿ ਸੇ ਲਿਖਾ ਹੂਆ ਹੈ। ਪੁਨਾ- ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ।

**ਸਿੰਮਲ** ਦੇ. ਲਾਲ ਫੂਸੋ ਵਾਲਾ ਊਚਾ ਦਰਖਤ, ਯਥਾ- ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ। ਅਨ੍ਯੋਕ੍ਤੀ ਸੇ ਉਪਦੇਸ ਹੈ। ਸੰ. ਸਾਲਮਲੀ।

**ਸਿਰ** ਦੇ. ਮਸਤਕ ; ਸਿਖਰ, ਯਥਾ- ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ। ਸਰੀਰ ਕੇ ਸਿਖਰ ਤਾਲੂ ਤਥਾ ਮਥੇ ਮੇਂ ਰਖ੍ਯਾ ਹੋਵੇ ਪਾਰਬ੍ਰਹਮ ਇਸ ਨਾਮ ਕੀ। ਪ੍ਰਧਾਨ ; ਸੇਨਾ ਕਾ ਅਗ੍ਰ। ਸੰ. ਸਿਰਸ।

**ਸਿਰ ਹਾਥ ਪਛਾੜੇ** ਵਾ. ਅਪਣੇ ਹਾਥ ਸੇ ਸਿਰ ਕੋ ਕੂਟੇ ਹੈ।

**ਸਿਰ ਖੁਰ** ਵਾ. ਸਿਰ ਸੇ ਲੇ ਪੈਰਾ ਤਾਈਂ, ਯਥਾ- ਇਕਨ੍ਹਾ ਪੇਰਣ ਸਿਰ ਖੁਰ ਪਾਟੇ।

**ਸਿਰ ਪਰ** ਦੇ. ਸਿਰ ਪੈ।

**ਸਿਰ ਮਾਰੇ ਧੰਧਾ** ਵਾ. ਧੰਧਿਆਂ ਮੈਂ ਸਿਰ ਮਾਰਤੇ ਹੈਂ।

**ਸਿਰਕ** ਅ. ਬਰਾਬਰੀ ਇਸੀ ਕੇ ਕਰਨੇ ਵਾਲੇ ਕਾ ਨਾਮ ਸਰੀਕ ਹੈ।

**ਸਿਰਖੂਥੇ** ਪੰ. ਜੈਨ ਮਤ ਕੇ ਢੂਢੀਏ ਸਾਧ, ਯਥਾ- ਜੋਗੀ ਕਾਪੜੀਆ ਸਿਰਖੂਥੇ।

**ਸਿਰਜ** ਪੰ. ਰਚਕੇ।

**ਸਿਰਜਨ** ਦੇ. ਰਚਨਾ।

**ਸਿਰਜਨਹਾਰ** ਦੇ. ਰਚਨੇ ਵਾਲੇ।

**ਸਿਰਜਿਓ** ਗੁ. ਰਚਿਆ।

**ਸਿਰਠਿ** ਪੰ. ਸ੍ਰਿਸ੍ਟਿ, ਯਥਾ- ਜੇਤੀ ਸਿਰਠਿ ਉਪਾਈ ਵੇਖਾ।

**ਸਿਰਤਿ** ਦੇ. ਛਿਲਤ, ਬਰੀਕ ਕੰਡਾ ਬਾਂਸ ਆਦਿਕੋਂ ਕਾ, ਯਥਾ- ਜਰਾ ਮਰਾ ਤਾਪੁ ਸਿਰਤਿ ਸਾਪੁ।

**ਸਿਰੰਦਾ** ਪੰ. ਸਿਰਜਨਹਾਰ, ਯਥਾ- ਧੰਨੁ ਸਿਰੰਦਾ ਸਚਾ ਪਾਤਿਸਾਹੁ। ਸਾਜ ਬਿਸੇਖ ਜਿਸ ਕੋ ਗੁਰਮਤ ਕੇ ਰਾਗੀ ਲੋਗ ਬਜਾਤੇ ਹੈਂ।

**ਸਿਰਫ** ਫਾ. ਕੇਵਲ।

**ਸਿਰਮੋਰਹ** ਗੁ. ਸਿਰੋਮਣੀ, ਯਥਾ- ਹੇ ਲੋਭਾ ਲੰਪਟ ਸੰਗ ਸਿਰਮੋਰਹ।

**ਸਿਰੜ** ਪੰ. ਬਾਉਲਾਪਨਾ।

**ਸਿਰਾਇ** ਗੁ. ਸਿਰ ਮੈਂ ਉਠਾਤਾ ਹੈ, ਯਥਾ- ਨਿੰਦ ਪੋਟ ਸਿਰਾਇ।

**ਸਿਰਾਹੁ** ਗੁ. ਸਿਰ ਸੇ, ਯਥਾ- ਕਾਲੁ ਨ ਟਲੈ ਸਿਰਾਹੁ।

**ਸਿਰਾਤੁ** ਦੇ. ਬੀਤਤਾ ਹੈ, ਯਥਾ- ਜਨਮੁ ਸਿਰਾਤੁ ਹੈ।

**ਸਿਰਾਨੀ** ਦੇ. ਬੀਤੀ, ਯਥਾ- ਬਿਰਥਾ ਅਉਧ ਸਿਰਾਨੀ। ਸੀਤਲ, ਜੈਸੇ- ਤਵ ਦੇਖਨ ਤੇ ਮਮ ਦੇਹ ਸਿਰਾਨੀ।

**ਸਿਰਾਯਚੇ** ਦੇ. ਬਡੀ ਕਨਾਤਾਂ।

**ਸਿਰਾਵੇ** ਪੰ. ਬਿਤਾਵੇ, ਜੈਸੇ- ਬ੍ਰਿਥਾ ਅਉਧ ਸਿਰਾਵੇ।

**ਸਿਰਿ** ਦੇ. ਮਸਤਕ, ਯਥਾ- ਸਿਰਿ ਕਰਵਤ ਧਰਾਏ। ਪੁਨਾ- ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ। ਮਸਤਕ ਮਸਤਕ ਪ੍ਰਤਿ ਭਾਵ ਨਿਖਲ ਜੀਵੋਂ ਕੇ ਸਰੀਰੋਂ ਪ੍ਰਤਿ ਆਜੀਵਕਾ ਪਹੁਚਾਵੇ ਹੈ ; ਪਿਪਲੀਮੂਲ ; ਸਿਹਜਾ ; ਅਜਗਰ। ਸੰ. ਸਿਰ।

**ਸਿਰਿ** ਗੁ. ਸ੍ਰਿਸ੍ਰਿ, ਯਥਾ- ਜਿਨਿ ਸਿਰਿ ਸਾਜੀ।

**ਸਿਰਿ ਉਪਾਵ** ਦੇ. ਬਡੇ ਯਤਨੋਂ ਕੇ, ਯਥਾ- ਉਪਾਵਾ ਸਿਰਿ ਉਪਾਉ ਹੈ।

**ਸਿਰਿ ਕਾਰ** ਗੁ. ਸਿਰ ਪੈ ਕਾਮ, ਯਥਾ- ਲਾਲੇ ਨੋ ਸਿਰਿ ਕਾਰ ਹੈ।

**ਸਿਰਿ ਡੰਡਾ** ਦੇ. ਸਿਰ ਪੈ ਜਮੋਂ ਕਾ ਦੰਡ, ਯਥਾ- ਜਮਕਾਲੁ ਸਹਹਿ ਸਿਰਿ ਡੰਡਾ ਹੇ।

**ਸਿਰਿ ਦਾਤਿਆ** ਗੁ. ਬਡੇ ਦਾਤਿਓਂ ਕੇ, ਯਥਾ- ਸਿਰਿ ਦਾਤਿਆ ਜਗ ਹਥੁ। ਜਗਤ ਕੇ ਬਡੇ ਦਾਤਿਓਂ ਕੇ ਸਿਰ ਪੈ ਜਿਸ ਕਾ ਹਥ ਹੈ ਵੇਦ ਮੇਂ ਭੀ ਲਿਖਾ ਹੈ। ਧਨਦਾਤਿਓਂ ਮੇਂ ਬਡਾ ਦਾਤਾ ਪ੍ਰਮੇਸ੍ਵਰ ਹੈ।

**ਸਿਰਿ ਦਾਨੁ** ਵਾ. ਸਿਰੋਮਣੀ ਬੁਧਿਮਾਨ, ਯਥਾ- ਦਾਨਾ ਕੈ ਸਿਰਿ ਦਾਨੁ। ਦਾਨਾਓਂ ਕੇ ਸਿਰ ਪੈ ਦਾਨਾ।

**ਸਿਰਿ ਧਰਿਆ** ਗੁ. ਮੁੱਖ ਕੀਆ ਅਰਥਾਤ ਸਿਰ ਪੈ ਰਖਿਆ ਮਨੁਖ ਜੂਨ ਦੇ ਕਰ, ਯਥਾ- ਸਗਲ ਜੋਨਿ ਮਹਿ ਤੂ ਸਿਰਿ ਧਰਿਆ।

**ਸਿਰਿ ਭਾਰੁ** ਪੰ. ਸਿਰ ਕੇ ਜ਼ੋਰ, ਸਿਰ ਪਰਨੇ, ਯਥਾ- ਮਤੁ ਸਿਰਿ ਆਵੈ ਭਾਰੁ। ਮਤ ਸਿਰ ਭਾਰ ਆਵੇ ਅਨ੍ਵਯ ਕਰ ਅਰਥ ਹੈ।

**ਸਿਰਿ ਮੋਰੁ** ਗੁ. ਸਿਰੋਮਣਿ, ਸਿਰਮੋਰ, ਯਥਾ- ਸਰਬ ਉਪਾਇ ਗੁਰੁ ਸਿਰਿ ਮੋਰੁ। ਭਕਤੀ ਸਮੇ ਆਨ ਉਪਾਇਨ ਕੀ ਅਪੇਖ੍ਯਾ ਕਰ ਉਪਦੇਸ ਦੇਨੇ ਸੇ ਗੁਰੂ ਹੀ ਸਿਰੋਮਣਿ ਉਪਾਯ ਹੈ।

**ਸਿਰਿਓ** ਗੁ. ਰਚਿਆ।

**ਸਿਰਿਆ** ਗੁ. ਰਚਿਆ, ਯਥਾ- ਜਿਨਿ ਸਿਰਿਆ ਤਿਨੈ ਸਵਾਰਿਆ। ਬਰਣਾਸ੍ਰਮੀ ਔ ਯਵਨੋਂ ਕਾ, ਯਥਾ- ਦੁਹਾ ਸਿਰਿਆ ਕਾ ਖਸਮੁ ਹੈ।

**ਸਿਰੀ** ਦੇ. ੧. ਲਖਮੀ, ਜੈਸੇ- ਸਿਰੀ ਪਤਿ ਸ੍ਰੀ ਭਗਵਾਨ ਭਜੇ ਬਿਨ ੨. ਲੌਂਗ 'ਅਮਰ ਕੋਸੇ' ੩. ਸੋਭਾ, ਯਥਾ- ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ। ੪. ਬਾਣੀ ੫. ਕੋਸੋਂ ਕਾ ਸੁਧਾਰਨਾ ੬. ਸਰਲ ਤਰੁ ੭. ਤ੍ਰਿਵਰਗ ਸੰਪਤਿ, ਧਰਮ ਅਰਥ ਕਾਮ ਕੀ ਪ੍ਰਾਪ੍ਤਿ, ਸੰਪਦਾ ੮. ਪ੍ਰਕਾਰ ੯. ਉਪਕਰਣ ੧੦. ਬੁਧਿ ੧੧. ਬਿਭੂਤਿ ਮੇਦਨੀ ਕੋਸੇ ੧੨. ਅਧਿਕਾਰ ੧੩. ਪ੍ਰਭਾ ੧੪. ਕੀਰਤਿ 'ਧਰਣੀ ਕੋਸੇ' ੧੫. ਬ੍ਰਿਧਿ ੧੬. ਸਿਧਿ 'ਸਬਦ ਰਤ੍ਨ ਕੋਸੇ' ੧੭. ਕਮਲ ੧੮. ਬਿੱਲ ਬ੍ਰਿਖ ੧੯. ਬ੍ਰਿਧਿ ਬੂਟੀ 'ਰਾਜ ਨਿਘੰਟੂ' ਮੇਂ ੨੦. ਨਾਮ ਬੋਲਨੇ ਮੇਂ ਦਰਜਾ। ਦੋਹਰਾ। ਗੁਰੂ ਗੁਰੂ ਕੋ ਥਾਨ ਪੁਨ ਖੇਤ੍ਰ ਖੇਤ੍ਰ ਕੋ ਦੇਵ। ਸਿਧ ਸਿਧ ਅਧਕਾਰ ਕੋ ਨਾਮ ਸ੍ਰੀ ਸਹਲੇਵ। ਸਿਧ ਅਧਕਾਰ ਕੋ ਅਧਿਕਾਰ ਪ੍ਰਾਪਤੀ ਵਾਲੇ ਕੋ ਕ੍ਰਮ ਸੇ ਸਭ ਕੋ ਉਦਾਹਰਣ। ਜੈਸੇ ਸ੍ਰੀ ਗੁਰੂ, ਸ੍ਰੀ ਅਮ੍ਰਿਤਸਰ, ਸ੍ਰੀ ਗੰਗਾ ਖੇਤ੍ਰ, ਸ੍ਰੀ ਕਾਸੀ ਪਤਿ, ਸ੍ਰੀ ਸੂਰਯ ਦੇਵ, ਸ੍ਰੀ ਕਲਪ ਸਿਧ, ਸ੍ਰੀ ਸੇਨਾ ਪਤਿ ਮੰਦਰ ਕੇ ਅਧਿਕਾਰ ਮੇਂ ਸ੍ਰੀ ਮਹੰਤ ਜੀ ਲਿਖਨ ਸਮੇ ਏਕ ਸ੍ਰੀ ਸਿਖਯ ਔ ਪੁਤ੍ਰ ਕੋ, ਦੋ ਸ੍ਰੀ ਭ੍ਰਿਤ ਕੋ, ਤੀਨ ਸ੍ਰੀ ਸੁਹਿਰਦ ਕੋ, ਚਾਰ ਸ੍ਰੀ ਵੈਰੀ ਕੋ, ਪਾਂਚ ਸ੍ਰੀ ਸ੍ਵਾਮੀ ਕੋ, ਖਟ ਸ੍ਰੀ ਸਤਗੁਰੁ ਕੋ, ਸਾਤ ਸ੍ਰੀ ਦੇਵਤਾ ਕੋ ਚਿਠੀ ਕੇ ਆਦਿ ਮੇਂ ਲਿਖੋ। ੨੧. ਸ੍ਰੀ ਰਾਗ ਸੰਗੀਤ ਮੈਂ ਇਸ ਕੀ ਪਾਂਚ ਰਾਗਣੀ ਆਠ ਪੁਤ੍ਰ ਲਿਖੇ ਹੈਂ। ਸੰ. ਸ੍ਰੀ:। ਗੁ. ਰਚੀ, ਯਥਾ- ਲਖ ਚਉਰਾਸੀਹ ਜਿਨਿ ਸਿਰੀ। ਪੁਨਾ- ਤਿਸਹਿ ਨ ਬੂਝੈ ਜਿਨਿ ਏਹ ਸਿਰੀ। ਸਿਰੋ ਸੇ, ਯਥਾ- ਸੁ ਕਰਾ ਸਿਰੀ।

**ਸਿਰੀਧਰ** ਦੇ. ਲਖਮੀ ਕੇ ਧਾਰਨ ਕਰਤਾ ਬਿਸਨੁ। ਸੰ. ਸ੍ਰੀਧਰ।

**ਸਿਰੀਰਾਗ** ਦੇ. ਸਿਵ ਜੀ ਕੇ ਈਸਾਨ ਮੁਖ ਸੇ ਦੇਵਨ ਕੋ ਬਰ ਦੇਨੇ ਹੇਤ ਹੂਆ ਸਾਤੋਂ ਸੁਰ ਕਾ ਸੰਪੂਰਣ ਰਾਗ ਹੈ। ਤੀਸਰੇ ਪਹਰ ਗਾਵਨਾ ਬਿਸਨੁ ਸ੍ਵਰੂਪ ਹੈ। ਇਸ ਲੀਏ ਗ੍ਰੰਥ ਜੀ ਕੇ ਆਦਿ ਮੇਂ ਸਥਾਪਨ ਕੀਆ ਕਿਉਂਕੇ ਗ੍ਰੰਥ ਸਾਹਬ ਮੇਂ ਬਿਸਨੁ ਭਕਤੀ ਕਾ ਉਪਦੇਸ ਹੈ। ਯਹ ਰਾਗ ਸੰਗੀਤੋਂ ਮੇਂ ਬਿਸਨੁ ਸ੍ਵਰੂਪ ਲਿਖਾ ਹੈ। ਯਾਤੇ ਪ੍ਰਾਤਾਕਾਲ ਕੇ ਮਹਾਦੇਵ ਰੂਪ ਭੈਰਉ ਰਾਗ ਕੋ ਛੋਡ ਕਰ ਆਦਿ ਮੇਂ ਸਥਾਪਨ ਕੀਆ।

**ਸਿਰੁ ਮੁੰਡੀ** ਵਾ. ਗਰਦਨ ਤਲੇ ਸਿਰ, ਯਥਾ- ਸਿਰੁ ਮੁੰਡੀ ਤਲੈ ਦੇਇ। ਕਪਾਲੀ ਆਸਨ ਕਰਤਾ ਹੂਆ ਜੇਕਰ ਸਿਰ ਕੋ ਗਰਦਨ ਕੇ ਤਲੇ ਦੇ ਲੇਵੇ। ਗਰਦਨ ਸੇ ਸਿਰ, ਯਥਾ- ਸਿਰ ਮੁੰਡੀ ਕਟਿ ਜਾਵਹਿ। ਗਰਦਨ ਸੇ ਸਿਰ ਕਟ ਜਾਵਹਿ।

**ਸਿਰੇਸਟ** ਦੇ. ਅਤਿਸੈ ਕਰ ਉਸਤਤੀ ਕੇ ਯੋਗਯ- ੧. ਕੁਬੇਰ ੨. ਰਾਜਾ ੩. ਬ੍ਰਾਹਮਣ ; ਬਿਸਨੁ ; ਗਊ ਕਾ ਦੂਧ ; ਅਤਜੰਤ ਪ੍ਰਸਸ੍ਯ ਵਸਤੁ ਸਬਲ, ਪਦਮ, ਗੁਲਾਬ ਕਾ ਫੂਲ। ਸੰ. ਸ੍ਰੇਸ੍ਟ।

**ਸਿਲ** ਦੇ. ਲੰਬਾ ਚੌੜਾ ਪਥਰ ; ਸਾਲਗ੍ਰਾਮ ਨਰਬਦੇਸਰਾਦਿਕ, ਯਥਾ- ਸਿਲ ਪੂਜਸਿ ਬਗੁਲ ਸਮਾਧੰ। ਬਕ ਸਮ ਧਯਾਨ ਲਾਵੇ ਹੈ। ਪ੍ਰਿਸ੍ਟ ਬੰਸ ਮੇਂ ਮਾਸ ਕੀ ਬੋਟੀ, ਯਥਾ- ਤਿਹ ਸਿਲ ਊਪਰਿ ਖਿੜਕੀ ਅਉਰ।

ਤਿਸ ਗੁਦਾ ਸੇ ਲੇ ਸਿਰ ਪ੍ਰਯੰਤ ਲੰਬੇ ਪੀਠ ਪੀਛੇ ਕੇ ਡੰਡੇ ਮੇਂ। ਸਿਖਰ ਜਾ ਕਰ ਏਕ ਮਾਸ ਕੀ ਬੋਟੀ ਹੈ। ਅਲੂਣੇ ਪਾਖਾਣ ਸਮਾਨ ਨ੍ਰਿਗੁਣ ਨਿਰਾਕਾਰ ਕਾ ਧ੍ਯਾਨ, ਯਥਾ- ਸਿਲ ਜੋਗੁ ਅਲੂਣੀ ਚਟੀਐ। ਚਿਤ ਕਾ ਰੋਕਨਾ ਗੁਰੋਂ ਨੇ ਅਲੂਣਾ ਪਥਰ ਚਟਿਆ ਹੈ। ਲੂਣੀ ਲਵਨ ਕੀ ਸਿਲਾ ਕੋ ਤੋ ਮਹਾ ਅਗ੍ਯਾਨੀ ਭੀ ਚਟਤੇ ਹੈਂ। ਅਲੂਣੇ ਪਥਰ ਕੋ ਕੋਈ ਨਹੀਂ ਚਟੇ ਅਰਥਾਤ ਸਬਦਾਦਿਕ ਸਰਬ ਵਿਖਯੋਂ ਕੀ ਓਰ ਸੇ ਚਿਤ ਕੋ ਰੋਕ ਕਰ ਰੂਪ ਰਸਾਦਿ ਗੁਣੋਂ ਸੇ ਰਹਿਤ ਨਿਰਗੁਣ ਮੇਂ, ਔ ਬੋਲਨ ਬੈਠਨਾਦਿ ਸਰਬ ਪ੍ਰਕਾਰ ਕੀ ਕ੍ਰਿਯਾ ਸੇ ਰਹਿਤ ਅਕ੍ਰਿਯ ਮੇਂ, ਮਨੁਖ ਪਸੁ ਆਦਿ ਅਕਾਰ ਰਹਿਤ ਨਿਰਾਕਾਰ ਮੇਂ ਚਿਤ ਕਾ ਠਹਰਾਵਨਾ ਰੂਪ ਗੁਰੋਂ ਨੇ ਆਤਮਾ ਮੇਂ ਸਮਾਧੀ ਧਾਰਨ ਕਰੀ ਹੈ। ਸੋ ਕਿੰਚਿਤ ਕਾਲ ਭੀ ਚਿਤ ਕੋ ਨਾ ਰੋਕ ਸਕਨੇ ਵਾਲੇ ਬਾਹਰ ਮੁਖ ਜਨੋਂ ਕੀ ਦ੍ਰਿਸ੍ਰਿ ਮੇਂ ਅਲੂਣੇ ਪਥਰ ਕੇ ਸ੍ਵਾਦ ਲੇਣੇ ਤੁਲ੍ਯ ਹੈ। ਜਿਸ ਕੇ ਸ੍ਵਾਦ ਲੇਨੇ ਓਰ ਪਸੁ ਭੀ ਨਹੀਂ ਖ੍ਯਾਲ ਕਰੇ। ਜਹਾਂ ਕਹੀ ਸਿਲ ਅਲੂਣੀ ਚਟਣੀ ਕਹੀ ਹੋਵੇ ਤਹਾਂ ਸਰਬਤ੍ਰ ਯਹੀ ਭਾਵ ਹੈ। ਸੰ. ਸਿਲਾ।

**ਸਿਲਓੜ** ਵਾ. ਮਾਸ ਕੀ ਬੋਟੀ ਕੇ ਓਲੇ।

**ਸਿਲਕ** ਅ. ਲੜੀ ਅਰਥਾਤ ਜੰਜੀਰ, ਯਥਾ- ਤਿਨ੍ ਗਲਿ ਸਿਲਕਾ ਪਾਈਆ। ਪੁਨਾ- ਕਾਟੀ ਸਿਲਕ ਦਯਾਲ।

**ਸਿਵ** ਸੰ. ਮਹਾਦੇਵ, ਯਥਾ- ਸਿਵ ਸਿਵ ਕਰਤੇ ਜੋ ਨਰੁ ਧਿਆਵੈ। ਪਰਮਾਤਮਾ, ਯਥਾ- ਗੁਰਮੁਖਿ ਜੋਤਿ ਭਲੀ ਸਿਵ ਨੀਕੀ। ਗੁਰਮੁਖੋਂ ਕੋ ਸੁੰਦਰ ਪਰਮਾਤਮ ਜੋਤਿ ਕਾ ਪ੍ਰਕਾਸ ਹੋਵੇ ਹੈ। ਪੁਨਾ- ਸਿਵ ਸਕਤੀ ਘਰਿ ਵਾਸੁ ਧਰੇ। ਪਰਮਾਤਮਾ ਕੋ ਤ੍ਯਾਗ ਮਾਯਾ ਕੇ ਘਰ ਮੇਂ ਅਗ੍ਯਾਨੀ ਜੀਵ ਵਾਸ ਧਾਰ ਰਹੇ ਹੈਂ। ਮੁਕਤੀ, ਯਥਾ- ਜੁਗਤਿ ਸਿਵ ਰਹਤਾ। ਮੁਕਤੀ ਕੀ ਪ੍ਰਾਪਤੀ ਕਰਨੇ ਵਾਲੀ ਯੁਕਤੀ ਸਾਥ ਰਹਤਾ ਹੈ। ਮੰਗਲ ; ਸੁਖ ; ਜਲ ; ਸੇਧਾ ਔ ਸਮੁਦ੍ਰ ਲਵਣ ; ਚਿਟਾ ਸੁਹਾਗਾ ; ਮੰਗਲ ਵਾਲਾ ; ਗੁਗਲ ; ਵੇਦ ; ਪੁੰਡਰੀਕ ਤਰੁ ; ਕਾਲਾ ਧਤੂਰਾ ; ਪਾਰਾ ; ਦੇਵ ; ਬਿਸ ਕੁੰਭਾਦਿ ਯੋਗੋਂ ਮੇਂ ਬੀਸਵਾ ਯੋਗ ; ਲਿੰਗ ; ਕੀਲਾ ੧੯.

**ਸਿਵ ਕੀ ਪੁਰੀ** ਵਾ. ਕਾਂਸੀ ; ਦਸਮ ਦ੍ਵਾਰ, ਯਥਾ- ਸਿਵ ਕੀ ਪੁਰੀ ਬਸੈ ਬੁਧਿ ਸਾਰੁ।

**ਸਿਵ ਜੋਤਿ ਕੰਨਹੁ** ਵਾ. ਕਲ੍ਯਾਨ ਰੂਪ ਸੁਤੇ ਪ੍ਰਕਾਸ ਪਰਮਾਤਮਾ ਕੀ ਓਰ ਸੇ, ਯਥਾ- ਸਿਵ ਜੋਤਿ ਕੰਨਹੁ ਬੁਧਿ ਪਾਈ।

**ਸਿਵ ਦੇਵ** ਸੰ. ਸਿਵਾਦਿ ਦੇਵਤਾ, ਯਥਾ- ਕਰਣ ਪਲਾਹ ਕਰਹਿ ਸਿਵ ਦੇਵ।

**ਸਿਵ ਨਗਰੀ** ਸੰ. ਕਾਂਸੀ ; ਪ੍ਰਮਾਤਮ ਧਾਮ।

**ਸਿਵ ਪੁਰ** ਸੰ. ਕਾਂਸੀ ; ਪ੍ਰਮਾਤਮ ਨਗਰ।

**ਸਿਵ ਪੁਰੀ** ਸੰ. ਕਾਂਸੀ, ਯਥਾ- ਸਗਲ ਜਨਮੁ ਸਿਵ ਪੁਰੀ ਗਵਾਇਆ।

**ਸਿਵ ਬਾਣ** ਸੰ. ਸਿਵ ਜੀ ਕਾ ਬਾਣ ਬਾਸਕੀ ਨਾਗ ਜੋ ਪਾਸੁਪਤਿ ਅਸਤ੍ਰ ਕਾ ਬਾਣ ਹੈ। ਬਚਨਾਂਤਰ ਮੇਂ ਸਿਵ ਕੇ ਬਾਣ ਸਿਰ ਕਾਟਿਓ ਲਿਖਾ ਹੈ।

**ਸਿਵਕਨ** ਗੁ. ਸੇਵਕੋਂ ਕੋ, ਜੈਸੇ- ਸਿਵਕਨ ਕੋ ਸਿਵ ਗੁਨ ਸੁਖ ਦੀਓ।

**ਸਿਵਗੁਨ** ਗੁ. ਸੌ ਗੁਨਾ।

**ਸਿਵਨੀਕੀ** ਵਾ. ਚੰਗੀ ਪ੍ਰਮੇਸ੍ਵਰ ਕੀ ਜੋਤਿ ਹੈ।

**ਸਿਵਰਿਆ** ਦੇ. ਯਾਦ ਕੀਆ, ਯਥਾ- ਕਿਉ ਸਿਮਰੀ ਸਿਵਰਿਆ ਨਹੀ ਜਾਇ।

**ਸਿਵਾ** ਸੰ. ਗਿਦੜੀ ; ਆਉਲਾ ; ਹਰੜ ; ਪਾਰਬਤੀ, ਯਥਾ- ਸਿਵਾ ਸਕਤਿ ਸੰਬਾਦੰ।

**ਸਿਵੇ** ਪੰ. ਮਸਾਣ। ਗੁ. ਸੇਵੇ।

**ਸਿਵੈ ਘਰਿ** ਵਾ. ਪਰਮਾਤਮਾ ਧਾਮ ਮੇਂ, ਯਥਾ- ਏਹਾ ਸਕਤਿ ਸਿਵੈ ਘਰਿ ਆਵੈ। ਗ੍ਯਾਨ ਦ੍ਰਿਸ੍ਰਿ ਸੇ ਮਾਯਾ ਸਕਤੀ ਪਰਮਾਤਮ ਘਰ ਮੇਂ ਲੈ ਹੋ ਜਾਤੀ ਹੈ।

**ਸਿੜੀ** ਪੰ. ਮੁਰਦੇ ਕੋ ਜਿਸ ਪੈ ਰਖ ਮਸਾਨ ਮੇਂ ਲੇ ਜਾਤੇ ਹੈਂ ਵਹੁ ਪੌੜੀ ; ਜੀਨਾ।

**ਸੀ** ਪੰ. ਥੀ, ਯਥਾ- ਕਿਛੁ ਨੀਸੀ ਛੰਦਾ। ਨਹੀ ਥੀ ਮੁਝੇ ਕਿਸੇ ਕੀ ਇਛਾ। ਜੋਤੀ ਜਿਮੀ ਕਾ, ਯਥਾ- ਅਨਾਜੁ ਮਗਉ ਸਤ ਸੀ ਕਾ। ਸਾਤ ਵਾਰ ਵਾਹੀ ਜਮੀਨ ਕਾ ਏਕ ਵਾਰ ਹਲ ਸੇ ਜਮੀਨ ਕਾ ਜੋਤਨਾ ਏਕ ਸੀ ਹੈ, ਸਾਤ ਵਾਰ ਜੋਤੀ ਸਾਤ ਸੀ ਹੈ। ਤਿਸ ਕਾ ਅੰਨ ਖੂਬ ਹੋਤਾ ਹੈ, ਸੋ ਅੰਨ ਮਾਂਗਤਾ ਹੋ। ਗਾ, ਯਥਾ- ਕਿਆ ਕਰਸੀ ਪੀਉ।

**ਸੀਉ** ਗੁ. ਸਿਵ ਰੂਪ ਅਰਥਾਤ ਅਦੁਤੀ ਪਰਮਾਤਮਾ, ਯਥਾ- ਭਇਆ ਜੀਵ ਤੇ ਸੀਉ।

**ਸੀਅ** ਦੇ. ਸੀਤਾ, ਯਥਾ- ਨਾਮੇ ਕੇ ਸੁਆਮੀ ਸੀਅ ਬਹੋਰੀ। ਸੰ. ਸੀਤਾ। ਸੀਤਾ ਹਲ ਕੀ ਲੀਕ ਕਾ ਨਾਮ ਹੈ ਜਨਕ ਪੁਤ੍ਰੀ ਹਲ ਕੀ ਲੀਕ ਸੇ ਪ੍ਰਕਟ ਹੁਈ ਇਸ ਲੀਏ ਨਾਮ ਸੀਤਾ ਹੈ।

**ਸੀਆਲੇ** ਪੰ. ਸਿਆਲ ਮੇਂ, ਯਥਾ- ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ। ਜੈਸੇ ਕਾਤਕ ਮੇਂ ਕੂੰਜ, ਚੇਤ ਮੇਂ ਡੌ, ਸਾਵਣ ਮੇਂ ਬਿਜਲੀਆਂ ਸੋਭਤੀ ਹੈਂ, ਤੈਸੇ ਸੀਤ ਕਾਲ ਮੇਂ ਇਸਤ੍ਰੀਓਂ ਕੀ ਪਤੀਓਂ ਕੇ ਗਲੋਂ ਮੇਂ ਬਾਹਾਂ ਸੋਭਤੀ ਹੈਂ। ਸੀਤ ਕਾਲ ਸੰ. ਮਘ੍ਰ ਪੋਹਾਦਿ ਸੀਤ ਕਾਲ ਹੈ, ਜਿਸ ਕਾ ਨਾਮ ਹਿਮ ਸਿਸਰ ਰਿਤੁ ਹੈ।

**ਸੀਸਾ** ਦੇ. ਦਰਪਣ।

**ਸੀਸਿ** ਦੇ. ਸਿਰ, ਯਥਾ- ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ। ਸੰ. ਸੀਰ੍ਖ।

**ਸੀਹੁ** ਦੇ. ਸੇਰ, ਯਥਾ- ਸਕਤਾ ਸੀਹੁ ਮਾਰੇ ਪੈ ਵਗੈ। ਸੇਰਾਂ ਕੋ, ਯਥਾ- ਸੀਹਾ ਬਾਜਾ ਚਰਗਾ ਕੁਹੀਆ। ਸੰ. ਸਿੰਹ।

**ਸੀਕਰ** ਸੰ. ਜਲ ਕਾਰਣ ਕਾ।

**ਸੀਕਾ** ਸੀਂਵ ਕਾ, ਯਥਾ- ਅਨਾਜੁ ਮਗਉ ਸਤ ਸੀ ਕਾ। ਸਿੱਕਾ, ਯਥਾ- ਗਨਿ ਨ ਸਕਉ ਸੀਕਾ। ਪ੍ਰਮੇਸ੍ਰ ਕੀ ਟਕਸਾਲ ਮੇਂ ਰਚੀ ਵਸਤੂਓਂ ਕੇ ਚਿੰਨ ਗਿਨ ਨਹੀਂ ਸਕਤੇ। ਦੇ. ਬੰ. ਸੀਕੀ ਚੁਅਨੀ।

**ਸੀਖ** ਦੇ. ਸਿਖ੍ਯਾ, ਯਥਾ- ਸੀਖ ਸਿਖਾਇ ਰਹਿਓ ਅਪਨੀ ਸੀ। ਪਤਲਾ ਤ੍ਰਿਣ ; ਦੇ. ਪ੍ਰ. ਸਿਖ ਪੰਥ ; ਅੰਗਰੇਜ਼ੀ ਮੇਂ ਬੀਮਾਰੀ ਕਾ ਨਾਮ ਹੈ, ਇਸੀ ਵਾਸਤੇ ਸੀਖ ਰਜਾ ਬਿਮਾਰੀ ਕੀ ਛੁਟੀ ਕਾ ਨਾਮ ਹੈ।

**ਸੀਂਗੁ** ਸੰ. ਸ੍ਰਿੰਗ, ਯਥਾ- ਭੈਸਰ ਮਾਥੈ ਸੀਂਗੁ ਗੋ।

**ਸੀਙ** ਗੁ. ਸ੍ਰਿੰਗ, ਯਥਾ- ਬਿਨੁ ਸਿਮਰਨ ਜੈਸੇ ਸੀਙ ਛਤਾਰਾ। ਬਿਨਾ ਸਿਮਰਨ ਸੇ ਪੁਰਖ ਐਸਾ ਦੁਖਦਾਈ ਹੈ, ਜੈਸੇ ਛਤਰੇ ਕੇ ਸੀਂਗ ਅਪਨੇ ਕੋ ਔ ਪਰ ਕੋ ਦੁਖਦਾਈ ਹੈ।

**ਸੀਂਚ** ਦੇ. ਸਿੰਚਨ ਕਰਕੇ।

**ਸੀਚਾਨੇ** ਗੁ. ਬਾਜ, ਯਥਾ- ਸੀਚਾਨੇ ਜਿਉ ਪੰਖੀਆ।

**ਸੀਝਸ** ਗੁ. ਕਾਰਯ ਕੀ ਪੂਰਣਤਾ ਕੋ ਪਾਵੇਗਾ ਅਰਥਾਤ ਕਲ੍ਯਾਣ ਹੋਵੇਗਾ।

**ਸੀਝਿਆ** ਪੰ. ਪੂਰਣ ਭਏ ਮਨੋਰਥੋਂ ਵਾਲਾ ਹੂਆ, ਯਥਾ- ਸੋਧਤ ਸੋਧਤ ਸੋਧਤ ਸੀਝਿਆ।

**ਸੀਝੈ** ਪੰ. ਪ੍ਰਯੋਜਨ ਸਿਧੀ ਵਾਲਾ ਹੋਵੇ।

**ਸੀਤ** ਦੇ. ਪ੍ਰੋਤਾ ਗਿਆ, ਯਥਾ- ਸੰਗਿ ਚਰਨ ਕਮਲ ਮਨੁ ਸੀਤ।

**ਸੀਤਮੁ** ਪੰ. ਸੀਤਾ ਗਯਾ ਹੈ, ਯਥਾ- ਮੈਡਾ ਹੀਅੜਾ ਸੀਤਮੁ।

**ਸੀਤਲੰ** ਸੰ. ੧. ਸੀਤ ਸਪਰਸ ੨. ਸੀਤ ਸਪਰਸ ਵਾਲੀ ਵਸਤੁ ੩. ਚੰਦਨ ਸੁਪੈਦ ਯਥਾ- ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ। ੪. ਸੈਲੇਯ ਛਲ ਛਲੀਰਾ ੫. ਪੁਸਪ ਕਾਸੀਸ, ਕਾਹੀ 'ਮੇਦਨੀ ਕੋਸੇ' ੬. ਪਦਮਾਕ ਲਕੜੀ ੭. ਮੋਤੀ ੮. ਖਸ ਔਖਧੀ ੯. ਚੰਪਕ ੧੦ ਰਾਲ ੧੧. ਚੰਦ੍ਰਮਾ ੧੨. ਕਪੂਰ।

**ਸੀਤਲ ਸਾਂਤਿ** ਵਾ. ਸੀਤਲ ਤੇ ਸੀਤਲ।

**ਸੀਤਲੰਤ** ਦੇ. ਸੀਤਲ, ਯਥਾ- ਸੀਤਲੰਤ ਰਿਦਯੰ। ਹ੍ਰਿਦਾ ਸੀਤਲ ਹੋ ਜਾਤਾ ਹੈ।

**ਸੀਤਲਾ** ਸੰ. ਖਰਬਾਹਨੀ ਦੇਵੀ ਸਕੰਦ ਪੁਰਾਣ ਮੇਂ ਇਸ ਕਾ ਧ੍ਯਾਨ ਲਿਖਾ ਹੈ- ਨਮਾਮਿ ਸੀਤਲਾਂ ਦੇਵੀ ਰਾਸਭਸ੍ਥਾਂ ਦਿਗੰਬਰੀਂ। ਮਾਰ੍ਜਨੀ ਕਲਸੋਪੇਤਾਂ ਸੂਰ੍ਪਾਲੰਕ੍ਰਿਤ ਮਸ੍ਤਕਾਂ। ਇਸ ਧ੍ਯਾਨ ਸੇ ਸੀਤਲਾ ਕੇ ਫੋੜਿਯੋਂ ਕਾ ਨਾਸ ਹੋਤਾ ਹੈ। ਗੁਰੂ ਜੀ ਕਾ ਸਿਧਾਂਤ ਪ੍ਰਮੇਸ੍ਰ ਹੀ ਸਭ ਕੇ ਰਖ੍ਯਾ ਕਰਤਾ ਹੈ, ਯਥਾ- ਸੀਤਲਾ ਤੇ ਰਖਿਆ ਬਿਹਾਰੀ। ਪੁਨਾ- ਸੀਤਲਾ ਠਾਕਿ ਰਹਾਈ।

**ਸੀਤਲਾ ਤੇ** ਦੇ. ਗੁਰ ਹਰਿ ਗੋਵਿੰਦ ਜੀ ਕੋ ਬਾਲ ਅਵਸਥਾ ਮੇਂ ਸੀਤਲਾ ਕੀ ਬਿਮਾਰੀ ਤੇ, ਯਥਾ- ਸੀਤਲਾ ਤੇ ਰਖਿਆ ਬਿਹਾਰੀ।

**ਸੀਤਲਾਇਆ** ਗੁ. ਸੀਤਲ ਹੋ ਗਯਾ, ਯਥਾ- ਨਾਨਕ ਉਆ ਕਾ ਮਨੁ ਸੀਤਲਾਇਆ।

**ਸੀਤੜਾ** ਪੰ. ਮੁ. ਸੀਵਿਆ ਹੈ, ਯਥਾ- ਸੀਤੜਾ ਮੰਨ ਮੰਝਾਹਿ।

**ਸੀਤਾ** ਸੰ. ਰਾਮ ਕੀ ਪਤਨੀ ; ਸ੍ਵਰਗ ਕੀ ਗੰਗਾ ; ਹਲ ਕੀ ਲੀਕ ; ਸੀਵਿਆ ਹੈ, ਯਥਾ- ਤਿਥੈ ਸੀਤੋ ਸੀਤਾ ਮਹਿਮਾ ਮਾਹਿ।

**ਸੀਤੋ** ਗੁ. ਸੀਤਲ ਹੈ ਅਰਥਾਤ ਪ੍ਰਸੰ ਹੈ ਤੇਰੇ ਦੀਏ ਅੰਨ ਸੇ, ਯਥਾ- ਇਹੁ ਤਨੁ ਸੀਤੋ ਤੁਮਰੈ ਧਾਨ। ਧਿਆਨ ਸੇ ਪ੍ਰੋਤਾ ਹੈ। ਸੀਤਾ ਤੁਲ੍ਯ ਹੈ, ਯਥਾ- ਤਿਥੈ ਸੀਤੋ ਸੀਤਾ ਮਹਿਮਾ ਮਾਹਿ। ਪ੍ਰਮੇਸ੍ਰ ਕੇ ਬੈਕੁੰਠ ਥਾਨ ਮੇਂ ਵਹੁ ਸੀਤਾ ਤੁਲ੍ਯ ਇਸਤ੍ਰੀਆਂ ਹੈਂ, ਜਿਨੋ ਨੇ ਅਪਨਾ ਚਿਤ ਸੀਵਿਆ ਹਰਿ ਕੀ ਮਹਿਮਾ ਵਿਖੇ।

**ਸੀਧਾ** ਦੇ. ਸੁਕਾ ਆਟਾ, ਯਥਾ- ਦਾਲਿ ਸੀਧਾ ਮਾਗਉ ਘੀਉ। ਪੰ. ਸੀਧੀ, ਸਰਲ ; ਸਿਧ ਹੋਤਾ ਹੈ, ਯਥਾ- ਕਾਰਜੁ ਸੀਧੋ ਰਿਦੈ ਸਮ੍ਹਾਲਿ। ਸੀਝੇ, ਯਥਾ- ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ। ਗੁਰਮੁਖੋਂ ਸੇ ਅਪਰਾਧੀ ਪ੍ਰਾਣੀ ਭੀ ਸਿਝ ਗਏ।

**ਸੀਧਾ ਛੋਡਿ** ਵਾ. ਮੁਕ੍ਤੀ ਕਾ ਸੀਧਾ ਰਸਤਾ ਭਕ੍ਤੀ ਔ ਨਿਸਕਾਮ ਧਰਮ ਛੋਡ ਸੰਸਾਰ ਕੇ ਹੇਤੁ ਸਕਾਮ ਕਰਮ ਕਰਨੇ, ਯਥਾ- ਸੀਧਾ ਛੋਡਿ ਅਪੂਠਾ ਬੁਨਨਾ।

**ਸੀਨਾ** ਫਾ. ਛਾਤੀ, ਉਰਥਲ, ਯਥਾ- ਸੀਤਲੁ ਮਨੁ ਸੀਨਾ ਰਾਮ।

**ਸੀਪ** ਦੇ. ਸਿਪੀ।

**ਸੀਮ** ਦੇ. ਹੱਦ, ਔਧਿ, ਸੀਮਾ।

**ਸੀਰ** ਸੰ. ਹਲ। ਫਾ. ਦੂਧ। ਪੰ. ਜੰ. ਹਿੱਸਾ।

**ਸੀਲਹਾ** ਸੰ. ਸੀਲ ਕੇ ਨਾਸ ਕਰਨ ਵਾਲਾ।

**ਸੀਲਵੰਤ** ਸੰ. ਸ੍ਰੇਸ੍ਟ ਆਚਰਣ ਵਾਲਾ।

**ਸੀਲੁ** ਸੰ. ੧. ਸ੍ਵਭਾਵ ੨. ਸਦਬ੍ਰਿਤ, ਉਤਮ ਆਚਰਣ 'ਮੇਦਨੀ ਕੋਸੇ', ਯਥਾ- ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ। ੩. ਅਜਗਰ ਸਰਪ ੪. ਰਾਗ ਦ੍ਵੇਖ ਕਾ ਤ੍ਯਾਗ ੫. ਸਦਬ੍ਰਿਤ ਸੀਲ, ਯਹ ਸੀਲ ਤੇਰਾਂ ਪ੍ਰਕਾਰ ਕਾ ਹਾਰੀਤ ਰਿਖਿ ਨੇ ਲਿਖਾ ਹੈ- ੧. ਬ੍ਰਾਹਮਣੋਂ ਕਾ ਭਕ੍ਤ ਹੋਨਾ ੨. ਦੇਵ ਪਿਤਰੋਂ ਕਾ ਭਕ੍ਤ ਹੋਨਾ ੩. ਸੌਮ ਸੁਭਾਵ ੪. ਪਰ ਕੋ ਖੇਦ ਨਾ ਦੇਨਾ ੫. ਕਾਹੂੰ ਕੀ ਚੁਗਲੀ ਨਾ ਕਰਨੀ ੬. ਕੋਮਲਤਾ ੭. ਕਠੋਰ ਨਾ ਬੋਲਨਾ ੮. ਮੈਤ੍ਰੀ ਰਖਨੀ ੯. ਪਿਆਰੀ ਬਾਣੀ ਬੋਲਣੀ ੧੦. ਕ੍ਰਿਤਗ੍ਯਤਾ, ਕੀਤਾ ਜਾਨਣਾ, ੧੧. ਸਰਣ੍ਯਤਾ, ਆਸਰਾ ਦੇਣਾ, ੧੨. ਕਾਰੁਣ੍ਯਤਾ, ਕ੍ਰਿਪਾ ਕਰਣੀ, ੧੩. ਸਾਂਤੀ, ਯੇ ਤੇਰਾ ਪ੍ਰਕਾਰ ਹੈ।

**ਸੀਵ** ਦੇ. ਸਿਵ ਅਦ੍ਵਤੀ ਪਰਮਾਤਮਾ।

**ਸੀਵਉ** ਦੇ. ਸੀਵਤਾ ਹੂੰ, ਯਥਾ- ਰਾਂਗਨਿ ਰਾਂਗਉ ਸੀਵਨਿ ਸੀਵਉ।

**ਸੀਵਨਿ** ਦੇ. ਤਾਗੇ ਸੇ ਕਪੜਾ ਜੋੜਨਾ, ਯਥਾ- ਰਾਂਗਨਿ ਰਾਂਗਉ ਸੀਵਨਿ ਸੀਵਉ।

**ਸੀਵਾਂ** ਪੰ. ਸੀਮਾ, ਯਥਾ- ਸਾਢੇ ਤੀਨਿ ਹਾਥ ਤੇਰੀ ਸੀਵਾਂ। ਜਿਮੀਨ ਕਾ ਵਾਹਨਾ ; ਬਸਤ੍ਰ ਕਾ ਸੀਵਨਾ, ਯਥਾ- ਰਾਂਗਨਿ ਰਾਂਗਉ ਸੀਵਨਿ ਸੀਵਉ।

**ਸੁ** ਸੰ. ਅਬਜਯ। ਪੂਜਾ ; ਅਤਿਸਯ, ਅਧਿਕ ; ਖੇਦ ; ਅਨੁਮਤਿ, ਸਲਾਹ ; ਸਮ੍ਰਿਧੀ, ਧਨ ਧਾਨਜਾਦਿ ; ਅਨਾਯਾਸ, ਬਿਨਾ ਯਤਨ ; ਸ੍ਰੇਸ੍ਟ, ਯਥਾ- ਸੁਮੰਤ੍ਰ ਸਾਧ ਬਚਨਾ। ਸਾਧੂ ਕਾ ਬਚਨ ਸ੍ਰੇਸ੍ਟ ਮੰਤ੍ਰ ਹੈ।

**ਸੁ ਪਾਵਾ** ਵਾ. ਵਹੀ ਪਾਵਾਂ, ਜੈਸੇ- ਜੋ ਦੇਹ ਸੁ ਪਾਵਾ।

**ਸੁ ਮਤਿ** ਸੰ. ਸ੍ਰੇਸ੍ਟ ਬੁਧੀ ਭਕਤਿ ਕਰਨੇ ਕੀ, ਯਥਾ- ਸੁ ਮਤਿ ਜਲੁ ਜਾਣੀ ਜੁਗਤਿ। ਸ੍ਰੇਸ੍ਟ ਬੁਧੀ ਵਾਲਾ, ਜੈਸੇ- ਅਮੁਕਾ ਬਡਾ ਸੁਮਤਿ ਪੁਰਖ ਹੈ।

**ਸੁਅਸਤਿ** ਦੇ. ਕਲਯਾਣ, ਯਥਾ- ਸੁਅਸਤਿ ਆਥਿ ਬਾਣੀ ਬਰਮਾਉ। ਕਲਯਾਣ ਕੇ ਅਰਥ ਬਾਣੀ ਹੈ ਬ੍ਰਹਮ ਸੰਬੰਧੀ ਬੇਦ ਰੂਪ। ਪੁਨਾ- ਸੁਸਤਿ ਬਿਵਸਥਾ ਹਰਿ ਕੀ ਸੇਵਾ। ਸੰ. ਸ੍ਵਸ੍ਤਿ।

**ਸੁਆਉ** ਗੁ. ਸ੍ਵਾਦ, ਯਥਾ- ਸੁਆਉ ਨ ਜਾਣਨਿ ਸੁਵੀਆ। ਪੁਨਾ- ਅਤਿ ਦੀਰਘੁ ਬਹੁ ਸੁਆਉ। ਸ੍ਵਾਰਥ ਪ੍ਰਯੋਜਨ, ਯਥਾ- ਤੂ ਜਾਣੁ ਮਹਿਜਾ ਸਾਉ। ਪੁਨਾ- ਸੁਆਰਥੁ ਸੁਆਉ ਨ ਕੋ ਕਰੇ। ਸ੍ਵਾਰਥੀ ਕਾ ਸ੍ਵਾਰਥ ਪੂਰਾ। ਪ੍ਰਯੋਜਨ, ਯਥਾ- ਜਨ ਆਵਨ ਕਾ ਇਹੈ ਸੁਆਉ। ਜਨ ਕੈ ਸੰਗਿ ਚਿਤਿ ਆਵੈ ਨਾਉ।

**ਸੁਆਇ** ਗੁ. ਸ੍ਵਾਰਥ, ਸ੍ਵਾਦ।

**ਸੁਆਸ** ਦੇ. ਸਾਹ, ਪ੍ਰਾਣ ; ਸ੍ਰੇਸ੍ਟ ਆਸਾ, ਯਥਾ- ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ।

**ਸੁਆਦੰ** ਦੇ. ਸੁਆਦ, ਯਥਾ- ਮਨਿ ਬਿਲਾਸ ਸੁਆਦੰ ਰਸਹ। ਪੁਨਾ- ਮੋਹਿਓ ਸੁਆਦ ਬਿਕਾਰ।

**ਸੁਆਦਤਿ** ਗੁ. ਸ੍ਵਾਦ ਕੇ ਬਸ ਹੋ ਕਰ, ਯਥਾ- ਸੁਆਦਤਿ ਜੀਅ ਸੰਘਾਰੈ।

**ਸੁਆਨ ਸਤ੍ਰ** ਦੇ. ਕੁੱਤਿਓਂ ਕਾ ਵੈਰੀ ਚੰਡਾਲ ਬਾਲਮੀਕੀ। ਭੰਗੀ ਲੋਕ ਦੁਰਭਿਖ ਸਮੇ ਕੁੱਤੇ ਕਾ ਮਾਸ ਭੀ ਖਾ ਲੇਤੇ ਹੈਂ। ਜਿਨ ਸੇ ਬਿਸ੍ਵਾਮਿਤ੍ਰ ਨੇ ਖਾਨੇ ਹੇਤ ਮਾਸ ਲੀਆ ਥਾ। ਸ੍ਵ ਨਾਮ ਕੁੱਤੇ ਕਾ ਹੈ ਤਿਸ ਕੋ ਖਾਨੇ ਹੇਤ ਪਕਾਨੇ ਸੇ ਚੰਡਾਲੋਂ ਕੇ ਸ੍ਵਪਚ ਔ ਸ੍ਵਪਾਕ ਦੋਨੋ ਨਾਮ ਹੈਂ। ਉਨ ਕੇ ਬਰਾਬਰ ਅਰਥ ਵਾਲਾ ਹੀ ਸ੍ਵਾਨ ਸਤ੍ਰ ਨਾਮ ਹੈ। ਪਾਂਡਵੋ ਕੇ ਯਗਯ ਮੇਂ ਕ੍ਰਿਸ੍ਨ ਜੀ ਨੇ ਅਪਨੇ ਭਕ੍ਤ ਬਾਲਮੀਕੀ ਸ੍ਵਪਚ ਕਾ ਪੂਜਨ ਕਰਾਯਾ। ਯਹ ਜੈਮੁਨੀ ਅਸ੍ਵਮੇਧ ਮੇਂ ਬਿਸਤਾਰ ਸੇ ਕਥਾ ਲਿਖੀ ਹੈ ਤਾ ਕਥਾ ਕੇ ਭਾਵ ਸੇ ਗੁਰੂ ਜੀ ਨੇ 'ਸੁਆਨ ਸਤ੍ਰ ਅਜਾਤਿ ਸਭ ਤੇ ਕ੍ਰਿਸ੍ਨ ਲਾਵੇ ਹੇਤ' ਲਿਖਾ ਹੈ। ਰਾਮਾਯਣ ਬਨਾਨੇ ਵਾਲਾ ਰਿਖੀ ਪਹਲੇ ਬਟਵਾਰਾ ਥਾ ਚੰਡਾਲ ਨਹੀਂ ਥਾ, ਅਰ ਰਾਮ ਚੰਦ ਜੀ ਕੇ ਸਮੇ ਤ੍ਰੇਤਾ ਮੇਂ ਹੂਆ ਯਹ ਕ੍ਰਿਸ੍ਨ ਜੀ ਕੇ ਸਮੇ ਦ੍ਵਾਪਰ ਮੇਂ ਹੂਆ ਦੂਸਰਾ ਹੈ।

**ਸੁਆਮੀ** ਦੇ. ਪਤਿ। ਸੰ. ਸ੍ਵਾਮੀ।

**ਸੁਆਰਥੀ** ਗੁ. ਰਥਵਾਹੀ, ਯਥਾ- ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ। ਸੰ. ਸਾਰਥੀ । ਸੰ. ਸ੍ਵਪ੍ਰਯੋਜਨੀ, ਮਤਲਵੀ।

**ਸੁਆਰਥੁ** ਦੇ. ਸ੍ਵਾਰਥੀ ਕੇ ਕਾਰਯ ਕੀ ਸਿਧੀ, ਯਥਾ- ਸੁਆਰਥੁ ਸੁਆਉ ਨ ਕੋ ਕਰੇ। ਸ੍ਵਪ੍ਰਯੋਜਨੀ, ਯਥਾ- ਮਨਮੁਖ ਆਪ ਸੁਆਰਥੀ। ਮਨਮੁਖ ਪੁਰਖ ਅਪਨਾ ਪ੍ਰਯੋਜਨ ਸਿਧ ਕਰਨੇ ਵਾਲਾ ਹੈ।

**ਸੁਆਲ** ਦੇ. ਪ੍ਰਸ਼੍ਨ। ਫਾ. ਸਵਾਲ।

**ਸੁਆਲਿਉ** ਦੇ. ਸੁੰਦ੍ਰ, ਯਥਾ- ਅਵਰ ਸੁਆਲਿਉ ਕਾਇ। ਪੁਨਾ- ਤੇਰੀ ਸਿਫਤਿ ਸੁਆਲਿਉ।

**ਸੁਆਵ** ਪੰ. ਸ੍ਵਾਰਥ, ਸ੍ਵਪ੍ਰਯੋਜਨ, ਯਥਾ- ਸੁਆਵਗੀਰ ਸਭਿ ਉਘੜਿ ਆਏ।

**ਸੁਆਵਸਿਰੀ** ਗੁ. ਸ੍ਵਾਰਥ ਕੀ ਸੋਭਾ।

**ਸੁਆਵਗੀਰ** ਗੁ. ਸ੍ਵਾਰਥ ਕੇ ਪਕੜਨੇ ਵਾਲੇ ਅਰਥਾਤ ਮਤਲਵ ਕੇ ਸੰਗੀ, ਯਥਾ- ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ।

**ਸੁਆਵੜਾ** ਪੰ. ਮੁ. ਪ੍ਰਯੋਜਨ।

**ਸੁਇ** ਗੁ. ਵਹੁ, ਯਥਾ- ਸੁਇ ਤਾਲ।

**ਸੁਈ** ਪੰ. ਵਹੀ, ਯਥਾ- ਦਰਖਤ ਆਬ ਆਸ ਕਰ। ਦਿਹੰਦ ਸੁਈ। ਜਲ ਕੀ ਆਸਾ ਵਾਲੇ ਦਰਖਤੋਂ ਕੋ ਹੇ ਪ੍ਰਮੇਸ੍ਵਰ ਤੂ ਹੀ ਦੇਤਾ ਹੈ ਜਲ।

**ਸੁਸਬਦਿ** ਸੰ. ਸ੍ਰੇਸ੍ਟ ਸਬਦ ਸੇ ਬ੍ਰਹਮ ਕਾ ਵੇਤਾ ਹੋਤਾ ਹੈ, ਯਥਾ- ਸੁਸਬਦਿ ਗਿਆਨੀ।

**ਸੁਸੂਖਾ** ਸੰ. ਸੇਵਾ।

**ਸੁਹਦੇ** ਅ. ਸਹੀਦ ਕਾ ਬਹੁ ਬਚਨ ਹੈ। ਸਹੀਦ ਕਾ ਅਰਥ ਗਵਾਹ ਔ ਧਰਮ ਯੁਧ ਮੇ ਮਰਨੇ ਵਾਲੇ ਹੈਂ। ਯਾਤੇ ਈਹਾਂ ਸਹੀਦ ਧਰਮ ਕੇ ਯੁਧ ਮੇ ਮਰਨੇ ਵਾਲੇ ਹੈਂ। ਯਾਤੇ ਈਹਾਂ ਸਹੀਦ ਧਰਮ ਕੀ ਗਵਾਹੀ ਦੇਨੇ ਵਾਲੇ ਵਾ ਸੁਹਦੇ ਧਰਮ ਯੁਧ ਮੇ ਮਰਨੇ ਵਾਲੇ। ਸਹੀਦ ਸਾਮਾਨਯ ਯੁਧ ਮੇ ਮਰਨੇ ਵਾਲੇ, ਐਸੇ ਅਰਥੋਂ ਕਾ ਭੇਦ ਹੈ ਯਾਤੇ ਪੁਨਰੁਕ੍ਤੀ ਨਹੀਂ, ਯਥਾ- ਸੁਹਦੇ ਅਉਰੁ ਸਹੀਦ। ਅ. ਸੁਹਦਾਇ।

**ਸੁਹਲਾਵੀ** ਪੰ. ਸੋਭ ਵਾਲੀ ਵਾ ਸੁਖ ਵਾਲੀ ਹੂਈ।

**ਸੁਹਾਉ** ਗੁ. ਸੁਭਾਵ, ਯਥਾ- ਹਮਰੋ ਸਹਾਉ ਸਦਾ ਸਦ ਭੂਲਨ।

**ਸੁਹਾਇਆ** ਪੰ. ਸੁੰਦਰ, ਯਥਾ- ਮਨਿ ਭਾਵੈ ਸਬਦੁ ਸੁਹਾਇਆ।

**ਸੁਹਾਈ** ਗੁ. ਮਨੁਖ ਜਨਮ ਰੂਪ ਸੁਹਾਵਣੀ ਰੁਤਿ, ਯਥਾ- ਇਹ ਰੁਤਿ ਸੁਹਾਈ।

**ਸੁਹਾਗਣ** ਦੇ. ਪਤਿ ਕੀ ਪਿਆਰੀ ; ਸੋਭਨ ਐਸ੍ਵਰਯ ਵਾਲੀ, ਯਥਾ- ਸਾਈ ਸੁਹਾਗਣ ਠਾਕੁਰ ਭਾਣੀ ; ਪਤਿ ਕੇ ਪ੍ਰੇਮ ਵਾਲੀਓਂ ਕੋ, ਯਥਾ- ਜਾਇ ਪੁਛੋ ਸੁਹਾਗਣੀ ਵਾਹੈ।

**ਸੁਹਾਗੁ** ਦੇ. ਇਸਤ੍ਰੀ ਸੇ ਪਤਿ ਕਾ ਪ੍ਰੇਮ ; ਪਿਆਰ ; ਸੋਭਨ ਐਸ੍ਵਰਯ, ਯਥਾ- ਤਾ ਕਉ ਮਿਲੈ ਸੁਹਾਗੁ। ਸੰ. ਸੌਭਾਗ੍ਯ।

**ਸੁਹਾਣੁ** ਦੇ. ਸ੍ਰੇਸ੍ਟ ਹਾਨੀ ਵਾ ਸੁਹਣ, ਯਥਾ- ਸਤਿ ਸੁਹਾਣੁ ਸਦਾ ਮਨਿ ਚਾਉ।

**ਸੁਹਾਵਣਿਆ** ਗੁ. ਸੋਭਾ ਵਾਲੇ ਭਏ, ਯਥਾ- ਗੁਰਮੁਖਿ ਸਬਦਿ ਸੁਹਾਵਣਿਆ।

**ਸੁਹਾਵਣੀ** ਦੇ. ਸੁੰਦ੍ਰ, ਸੁਹਾਵਣਾ।

**ਸੁਹਾਵਨੀ** ਗੁ. ਸੁੰਦਰ, ਯਥਾ- ਸੋਭ ਸੁਹਾਵਨੀ ਨੀਕੀ।

**ਸੁਹਾਵੜੀ** ਪੰ. ਸੁੰਦਰ ਹੈ ਉਨਕੀ ਅਵਸਥਾ।

**ਸੁਹਾਵਾ** ਗੁ. ਸੋਹਣਾ, ਯਥਾ- ਸਚੁ ਸੁਹਾਵਾ ਕਾਢੀਐ। ਸਚ ਕਰ ਸੋਹਣਾ ਕਹੀਤਾ ਹੈ। ਸੋਹਣੀ, ਯਥਾ- ਤੇਰੀ ਚਾਲ ਸੁਹਾਵੀ। ਪੁਨਾ- ਅਨਹਦ ਸਬਦਿ ਸੁਹਾਵਣੇ।

**ਸੁਹੀਆ** ਪੰ. ਬਧੂਓਂ ਕੀ ਨਮਸਕਾਰ, ਯਥਾ- ਸਸੁੜਿ ਸੁਹੀਆ ਕਿਵ ਕਰੀ।

**ਸੁਹੇਲੜਾ** ਗੁ. ਸੁਖੀ ਹੋ ਕੇ, ਯਥਾ- ਹਭੇ ਸੁਖ ਸੁਹੇਲੜਾ ਸੁਤਾ। ਸਰਬ ਸੁਖ ਪਾਇ ਸੁਖੀ ਹੋ ਕੇ ਸੋਏ ਪੁਰਖ ਵਤ ਥਿਰ ਹੋ ਗਯਾ।

**ਸੁਹੇਲੜੀ** ਪੰ. ਮੁ. ਸੁਖੀ, ਯਥਾ- ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ।

**ਸੁਹੇਲਾ** ਪੰ. ਸੌਖਾ, ਸੁਗਮ, ਯਥਾ- ਸੁਹੇਲਾ ਕਹਨੁ ਕਹਾਵਨੁ।

**ਸੁਹੈ** ਦੇ. ਸੋਭਤੇ ਹੈਂ।

**ਸੁਕ** ਸੰ. ਤੋਤਾ ; ਸੁਕਦੇਵ, ਯਥਾ- ਸੁਕ ਜਨਕ ਪਗੀਂ ਲਗਿ ਧਿਆਵੈਗੋ। ਰਾਵਣ ਕਾ ਮੰਤ੍ਰੀ ; ਸਰੀਹ ਕਾ ਬ੍ਰਿਛ।

**ਸੁਕਰ** ਯਵ. ਧਨ ਕੇ ਲਾਭ ਹੋਤ ਧਨੀ ਪੁਰਖ ਕੀ ਉਸਤਤੀ ਕਰਨੀ।

**ਸੁਕਰਾਸਿਰੀ** ਗੁ. ਜੋ ਸ੍ਰੇਸ੍ਟ ਰੀਤਿ ਸੇ ਕਰ ਲਗਾਵੇ ਹੈ ਜੀਵੋਂ ਕੇ ਸਿਰੋਂ ਪੈ ਵਹੁ ਕਾਲ।

**ਸੁਕਲੀਧੇ** ਗੁ. ਸੁਕ ਜਾਂਦੇ ਹਨ।

**ਸੁਕਾ** ਦੇ. ਖੁਸਕ। ਸੰ. ਸੁਸਕ।

**ਸੁਕ੍ਰਿਤੀ** ਸੰ. ਪੰਡਿਤ।

**ਸੁਕ੍ਰਿਤੁ** ਸੰ. ਉਤਮ ਕਰਮ, ਯਥਾ- ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।

**ਸੁਖ ਸਹਜ** ਗੁ. ਸੁਭਾਵਕ ਸੁਖ, ਬ੍ਰਹਮਾਨੰਦ।

**ਸੁਖ ਸਮਿਆ** ਗੁ. ਸੁਖ ਸਮਝਿ।

**ਸੁਖ ਸਾਂਦਿ** ਪੰ. ਸੁਖ ਔ ਸਾਤਿ, ਯਥਾ- ਸੁਖ ਸਾਂਦਿ ਘਰਿ ਆਇਆ। ਆਨੰਦ ਔ ਸਾਂਤ ਰੂਪ ਥਾਨ ਮੇਂ ਆਏ।

**ਸੁਖ ਸਾਰੋ** ਗੁ. ਸੁਖ ਉਤਮ ਹੋਤਾ ਹੈ।

**ਸੁਖ ਸਾਲ** ਵਾ. ਉਤਮ ਸੁਖ, ਯਥਾ- ਨਾਨਕ ਸੁਖ ਸਾਲ। ਸਾਰ ਸੁਖ।

**ਸੁਖ ਸੈਲੁ** ਵਾ. ਸੁਖ ਮੇਂ ਸੈਲ ਕਰਨੇ ਅਰਥਾਤ ਬਿਚਰਨੇ ਵਾਲੇ, ਯਥਾ- ਮਹਾ ਪੁਨੀਤ ਭਏ ਸੁਖ ਸੈਲੁ। ਸਰਬ ਸੁਖ ਸੈਲ ਕਾ ਈਹਾ ਸਰਬ ਅਰਥ ਹੈ।

**ਸੁਖ ਚੈਨ** ਵਾ. ਸੁਖ ਔ ਸਾਂਤੀ।

**ਸੁਖ ਨਿਧਾਨੁ** ਸੰ. ਆਨੰਦ ਕਾ ਥਾਨ, ਖੁਸੀ ਕੀ ਜਗਹ, ਯਥਾ- ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ। ਇਸੀ ਸੇ ਭੰਗ ਕਾ ਨਾਮ ਸੁਖ ਨਿਧਾਨ ਨਿਕਸਾ ਹੈ।

**ਸੁਖ ਬਾਲੇ** ਗੁ. ਸੁਖ ਉਚੇ ਅਰਥਾਤ ਬਹੁਤੇ ਹੋਤੇ ਹੈਂ।

**ਸੁਖ ਬਿਸ੍ਰਾਮ** ਸੰ. ਸੁਖ ਮੇਂ ਥਿਤੀ।

**ਸੁਖ ਭਾਇ** ਗੁ. ਸੁਖ ਪੂਰਬਕ, ਸੁਖ ਸੇ।

**ਸੁਖ ਮਹਲੀ** ਵਾ. ਸੁਖ ਵਾਲਾ ਥਾਨ, ਯਥਾ- ਪਾਵੈ ਸੁਖ ਮਹਲੀ।

**ਸੁਖ ਮਾਸ** ਸੁਖ ਕੇ ਮਹੀਨੇ ਚੇਤ ਵੈਸਾਖ।

**ਸੁਖ ਮਾਣੇ ਰਲੀਆ** ਵਾ. ਸੁਖ ਰੂਪ ਪਰਮਾਤਮਾ ਕਾ ਆਨੰਦ ਅਨੁਭਵ ਕਰੇ ਹੈਂ।

**ਸੁਖ ਮਾਨੋ** ਗੁ. ਸੁਖ ਮਾਣਤਾ ਹੈ।

**ਸੁਖ ਲਾਗਿਲਾ** ਵਾ. ਆਨੰਦ ਲਗਤਾ ਹੈ ਭਾਵ ਸੁਗੰਧੀ ਲਗਤੀ ਹੈ, ਯਥਾ- ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ। ਬਾਵਨ ਚੰਦਨ ਕਾ ਬ੍ਰਿਛ ਜੋ ਸੁਗੰਧ ਵਾਲਾ ਬਨ ਬਿਖੇ ਹੈ, ਤਿਸ ਕੀ ਸੁਗੰਧ ਸੇ ਸਭ ਬ੍ਰਿਛੋਂ ਕੋ ਸੁਗੰਧੀ ਲਗੇ ਹੈ। ਐਸੇ ਉਤਮੋਂ ਕੇ ਮੇਲ ਸੇ ਸਭ ਕੋ ਸੁਖ ਹੋਵੇ ਹੈ।

**ਸੁਖਹਗਾਮੀ** ਦੇ. ਜਬ ਸੇ ਸ੍ਵਾਮੀ ਨੇ ਨਦਰ ਕਰੀ ਤਬ ਸੇ ਸੁਖੋਂ ਮੇਂ ਗਮਨ ਕਰਨੇ ਵਾਲੇ ਭਏ, ਯਥਾ- ਪ੍ਰਭ ਮਿਲੇ ਸੁਆਮੀ ਸੁਖਹਗਾਮੀ।

**ਸੁਖਦਾਤੇ** ਸੰ. ਸੁਖ ਦੇਨੇ ਵਾਲਾ ; ਸੁਖ ਦੇਨੇ ਵਾਲੇ ਨੇ, ਯਥਾ- ਜਿਨ ਕਉ ਕ੍ਰਿਪਾ ਕਰੀ ਸੁਖਦਾਤੇ।

**ਸੁਖਮਣਾ** ਦੇ. ਤੰਤ੍ਰ ਗ੍ਰੰਥੋਂ ਮੇਂ ਲਿਖੀ ਮੇਰੁ ਦੰਡ ਅਰਥਾਤ ਪੀਠ ਕੀ ਹਡੀ ਸੇ ਬਾਹਰ ਇੜਾ ਪਿੰਗਲਾ ਨਾੜੀ ਕੇ ਮਧਯ ਮੇਂ ਸੂਖਮ ਰੂਪ ਨਾੜੀ ਬਿਸੇਖ, ਤਿਸ ਕੇ ਅਸੁਭ ਵਹਨ ਕਾ ਫਲ। ਦੋਹਰਾ। ਖਿਣ ਵਾਮੇ ਖਿਣ ਦਾਹਨੇ ਜਬ ਹੀ ਚਾਲੇ ਸ੍ਵਾਸ। ਨਾਮ ਸੁਖਮਣਾ ਤਾਹ ਕੋ ਸਭ ਸੁਭ ਕਰੇ ਬਿਨਾਸ। ਐਸੇ ਬ੍ਰਹਮ ਯਾਮਲ ਤੰਤ੍ਰ ਮੇਂ ਲਿਖਾ ਹੈ। ਆਨ ਥਾਨ ਮੇਂ ਲਿਖਾ ਹੈ ਦੋਨੋ ਨਾਸਾਂ ਮੇਂ ਸ੍ਵਾਸ ਕਾ ਬਰਾਬਰ ਚਲਨਾ

ਸੁਖਮਨਾ ਹੈ। ਐਸੇ ਸਮੇ ਪ੍ਰਸਨ ਕਰਨੇ ਵਾਲੇ ਕੋ ਬਿਨਾ ਦਾਨ ਕੇ ਉਪਦੇਸ ਔਰ ਕੋਈ ਕਾਰਜ ਕਰਨਾ ਨਹੀਂ ਬਤਾਨਾ ਯਹ ਸੁਰੋਦੇ ਕੀ ਆਗ੍ਯਾ ਹੈ।

**ਸੁਖਮਨ** ਦੇ. ਮਨ ਕੋ ਸੁਖ ਹੋਤਾ ਹੈ ਸੰਤੋਖ ਸੇ, ਯਥਾ- ਸੁਖਮਨ ਪੋਚਨਹਾਰੀ ਰੇ।

**ਸੁਖਮਨਾ** ਦੇ. ਇੰੜਾ ਪਿੰਗਲਾ ਕੇ ਮਧ੍ਯ ਕੀ ਸੂਖਮ ਨਾੜੀ।

**ਸੁਖਮਨੀ** ਗੁ. ਸੁਖਦਾਈ ਅਰਥਾਤ ਉਤਮ ਰਤਨ ਵਤ ਮਨ ਬਾਂਛਿਤ ਭੋਗ ਤਥਾ ਦੁਖ ਔ ਦੁਖਦਾਈ ਰੋਗ, ਜਨਮਾਦਿਕੋ ਕਾ ਭਯ, ਸੰਸਯ ਬਿਪਰਯ ਸਰੂਪ ਭਰਮਾ, ਇਨ ਸਭ ਕੋ ਨਾਸ ਕਰ, ਪੁਨਾ ਸ੍ਰੇਸ੍ਟ ਨਾਮ ਸੁਧ ਕਰਮ ਰੂਪ ਊਚੀ ਸੋਭਾ ਕੋ ਬਨਾ ਕਰ, ਅੰਤ ਕੋ ਮੁਕਤੀ ਰੂਪ ਸੁਖ ਦੇਨੇ ਸੇ ਨਾਮ ਸੁਖਮਨੀ ਹੈ। ਯਹੀ ਇਸ ਨਾਮ ਕਾ ਅਰਥ ਗੁਰੂ ਮਹਾਰਾਜ ਨੇ ਮਹਾਤਮ ਮੇਂ ਪ੍ਰਤਿਪਾਦਨ ਕੀਆ ਹੈ, ਯਥਾ- ਦੂਖ ਰੋਗ ਬਿਨਸੇ ਭੈ ਭਰਮ। ਸਾਧ ਨਾਮ ਨਿਰਮਲ ਤਾ ਕੇ ਕਰਮ। ਸਭ ਤੇ ਊਚ ਤਾ ਕੀ ਸੋਭਾ ਬਨੀ। ਨਾਨਕ ਇਹ ਗੁਣਿ ਨਾਮੁ ਸੁਖਮਨੀ। ਰਤਨ ਮੇਂ ਜੌਹਰ ਹੋਤਾ ਹੈ, ਸੋ ਭੀ ਇਸ ਮੇਂ ਗੁਰੋਂ ਨੇ ਆਦਿ ਮੇਂ ਸੂਚਨ ਕੀਆ ਹੈ। ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ। ਭਗਤ ਜਨਾ ਕੈ ਮਨਿ ਬਿਸ੍ਰਾਮ। ਰਤਨ ਕੇ ਚਮਤਕਾਰ ਵਤ ਇਸ ਬਾਣੀ ਮੇਂ ਚਮਤਕਾਰ ਨਾਮੋਂ ਕੀ ਕੀਰਤਨਾਦਿ ਭਗਤੀ ਹੈ ਔ ਤਿਸ ਕਾ ਫਲ ਸਾਧ ਪ੍ਰਮੇਸੁਰ ਭੇਦ ਨ ਭਾਈ, ਤਥਾ- ਬ੍ਰਹਮ ਗਿਆਨੀ ਆਪਿ ਪਰਮੇਸੁਰ। ਆਦਿ ਬਚਨੋਂ ਮੇਂ ਕਹ੍ਯਾ ਅਭੇਵ ਗ੍ਯਾਨ ਹੈ, ਜਿਨ ਕੇ ਪ੍ਰਤਾਪ ਸੇ ਭਗਤ ਜਨੋਂ ਕੇ ਚਿਤ ਮੇਂ ਜੀਵਨ ਸਮੇ ਸਰਬ ਦੁਖੋਂ ਕੀ ਹਾਨੀ ਰੂਪ ਬਿਸਰਾਮ ਹੋਵੇ ਹੈ।

**ਸੁਖਲੀਆ** ਗੁ. ਸੁਖ ਵਾਲੀ, ਯਥਾ- ਸੇਜ ਸੁਖਲੀਆ।

**ਸੁਖਾ ਸੁਖ** ਗੁ. ਸੁਖੋਂ ਕਾ ਮੂਲ ਸੁਖ ਪਰਮਾਨੰਦ ਰੂਪ ਸੁਖ।

**ਸੁਖਾਈ** ਪੰ. ਰੁਚਤਾ, ਯਥਾ- ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ। ਪੁਨਾ- ਘਰਿ ਆਂਗਨਿ ਨ ਸੁਖਾਈ।

**ਸੁਖਾਂਦੀ** ਪੰ. ਭਲੀ ਲਗਤੀ ਹੈ।

**ਸੁਖਾਨਿਆ** ਗੁ. ਸੁਖਾਇਆ, ਚਿਤ ਕੋ ਭਲਾ ਭਾਨ ਹੂਆ।

**ਸੁਖਾਨੇ** ਦੇ. ਭਲੇ ਲਗੇ, ਯਥਾ- ਸਤਿਗੁਰ ਬਚਨ ਸੁਖਾਨੇ ਹੀਅਰੈ।

**ਸੁਖਾਲਾ** ਪੰ. ਸੁਗਮ, ਸੌਖਾ।

**ਸੁਖਾਵਏ** ਪੰ. ਅੱਛਾ ਲਗੇ, ਯਥਾ- ਕਾਪੜੁ ਤਨਿ ਨ ਸੁਖਾਵਏ।

**ਸੁਖੀਆ** ਦੇ. ਸੁਖ ਵਾਲਾ, ਯਥਾ- ਊਠਤ ਸੁਖੀਆ ਬੈਠਤ ਸੁਖੀਆ। ਸੁਖ ਵਾਲਿਓਂ ਮੇਂ, ਯਥਾ- ਸੁਖੀਅਨ ਮਹਿ ਸੁਖੀਆ।

**ਸੁਖੁ** ਸੰ. ਕਲ੍ਯਾਣ ; ਸ੍ਵਰਗ ; ਆਨੰਦ, ਯਥਾ- ਸੁਖੁ ਮਾਂਗਤ ਦੁਖੁ ਆਗੈ ਆਵੈ। ਸੁਖੋਂ ਕੀ, ਯਥਾ- ਸੁਖਾ ਕੀ ਮਿਤਿ ਕਿਆ ਗਣੀ।

**ਸੁਖੇਟਿਆ** ਗੁ. ਸੁਖੀ ਭਏ, ਯਥਾ- ਸੁਖਿ ਸੁਖੇਟਿਆ। ਸੁਖੀਓਂ ਸੇ ਸੁਖੀ ਭਏ।

**ਸੁਖੇਣ** ਸੰ. ਕਰੌਂਦਾ ਤਰੁ ; ਬੈਤ ਬ੍ਰਿਛ ; ਰਾਵਣ ਕਾ ਵੈਦ ; ਰਾਮ ਕੀ ਸੇਨਾ ਕਾ ਬੰਦਰ ; ਕਾਲੀ ਤ੍ਰਿਵੀ ਔਖਧੀ। ਗੁ. ਸੁਖ ਕੇ ਬੋਧਕ, ਯਥਾ- ਸੁਖੇਣ ਬੈਣ ਰਤਨੰ। ਸੁਖੋਂ ਕੇ ਬੋਧਕ ਅਰਥਵਾਦ ਰੂਪ ਬਚਨ ਵਿਖਯੀ ਜਨੋਂ ਕੋ ਰਤਨੋਂ ਸਮ ਭਾਨ ਹੋਤੇ ਹੈ, ਪਰੰਤੂ ਉਨ ਬਚਨੋਂ ਕਾ ਅਬਿਨਾਸੀ ਕਹਾ ਸੁਖ, ਕਸੁੰਭੇ ਕੇ ਰੰਗ ਤੁਲ੍ਯ ਨਾਸੀ ਹੈ। ਗੀਤਾ ਮੇਂ ਯੇ ਬਚਨ ਫਲਹੀਨ ਪੁਸਪੋ ਵਾਲੀ ਵੇਲ ਤੁਲ੍ਯ ਲਿਖੇ ਹੈਂ- ਯਾਮਿਮਾ ਪੁਸਪਿਤਾ ਬਾਚੰ ਪ੍ਰਵਦੰਤ੍ਯ ਬਿ ਪਸ੍ਰਿਤਾ। ਬੇਦ ਬਾਦਰ ਤਾਪਾਥੰ ਨਾਨ੍ਯ ਦਸ੍ਤੀ ਤਿ ਬਾਦਿਨ:।

**ਸੁਖੈ** ਗੁ. ਸੁਖਦਾਈ, ਯਥਾ- ਸੁਖੈ ਏਹੁ ਬਿਬੇਕੁ ਹੈ। ਸੁਖਦਾਈ ਯਹ ਬਿਚਾਰ ਹੈ।

**ਸੁਖੈਨਾ** ਗੁ. ਸੁਖੀ ਹੈ, ਯਥਾ- ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ।

**ਸੁਗੁ** ਸੰ. ਸ੍ਰੇਸ੍ਟ ਗ੍ਯਾਨਵਾਨ।

**ਸੁਗਤਿ** ਸੰ. ਸ੍ਰੇਸ੍ਟ ਗਤਿ ਅਰਥਾਤ ਮੁਕਤੀ।

**ਸੁਗੰਧ** ਸੰ. ਸ੍ਰੇਸ੍ਟ ਗੰਧ, ਖੁਸਬੂ ; ਗ੍ਰੰਥ ਸਾਹਬ ਜੀ ਮੇਂ ਆਸਾ ਰਾਗ ਮੇਂ ਚੌਥੀ ਪਾਤਸਾਹੀ ਕੇ ੬੬ ਸਬਦ ਕੇ ਅੰਤ ਸੁਗੰਧ ਪਾਠ ਕਹੀ ਕਹੀ ਭੂਲਕੇ ਲਿਖਾਰੀਓਂ ਸੇ ਲਿਖਾ ਗਯਾ ਹੈ, ਸੋ ਅਸੁਧ ਹੈ ਸਹੀ ਪਾਠ ਸੁਧੰਗ ਹੈ। ਸੁਧੰਗ ਕਾ ਸਹੀ ਸੁਧੰ ਹੈ, ਸੁਧੰ ਕੇ ਥਾਨ ਸੁਧੰਗ ਐਸੇ ਬਨਾ ਹੈ ਜੈਸੇ ਸਿਧੰ ਕੇ ਥਾਨ ਪਟੀ ਮੇਂ ਸਿਧੰਙਾਇਆ ਲਿਖਾ ਹੈ।

**ਸੁਗੰਧ ਗੰਧਈਆ** ਵਾ. ਸ੍ਰੇਸ੍ਟ ਗੰਧ ਸੇ ਖੁਸਬੋ ਵਾਲੇ ਭਏ ਹੈਂ।

**ਸੁਗੰਧਤ** ਗੁ. ਸੁਗੰਧਿ, ਯਥਾ- ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ।

**ਸੁਘੜ** ਪੰ. ਚਤੁਰ। ਸੰ. ਸੁਘਟ। ਸ੍ਰੇਸ੍ਟ ਚੇਸ੍ਟਾ ਵਾਲਾ ਚਤੁਰ ਪੁਰਖ।

**ਸੁਘੜ ਸੁਜਾਣ** ਦੇ. ਚਤੁਰ ਸੇ ਚਤੁਰ ਅਰਥਾਤ ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ੍ਟੀ ਗੁਰੂ।

**ਸੁਘੜ ਸੁਜਾਨ** ਗੁ. ਚਤੁਰ ਸੇ ਚਤੁਰ।

**ਸੁਚ** ਦੇ. ਪਵਿਤ੍ਰਤਾਈ, ਯਥਾ- ਸੁਚਿ ਹੋਵੈ ਤਾ ਸਚੁ ਪਾਈਐ। ਪੁਨਾ- ਸੁਚ ਵਿਣੁ ਸੋਚ ਨ ਹੋਈ। ਪਵਿਤ੍ਰ ਹੋ ਕੇ, ਯਥਾ- ਸੁਚਾ ਹੋਇ ਕੈ ਜੇਵਿਆ। ਹਾਥ ਪਾਉ ਧੋ ਪਵਿਤ੍ਰ ਹੋ ਕਰ ; ਪਵਿਤ੍ਰ, ਯਥਾ- ਸੁਚੇ ਏਹਿ ਨ ਆਖੀਅਹਿ।

**ਸੁਚਜ** ਪੰ. ਸ੍ਰੇਸ੍ਟ ਆਚਰਣ, ਪਤਿ ਬ੍ਰਤਾਦਿ ਉਤਮ ਬ੍ਯਵਹਾਰ। ਸੰ. ਸੁਚਰਯਾ।

**ਸੁਚਜੀ** ਪੰ. ਸ੍ਰੇਸ੍ਟ ਆਚਾਰ ਵਾਲੀ।

**ਸੁਚਿਤ** ਸੰ. ਸ੍ਰੇਸ੍ਟ ਚਿਤ ਵਾਲਾ, ਯਥਾ- ਗੁਰਿ ਕੀਏ ਸੁਚਿਤ ਚਿਤੇਨ।

ਹਮ ਕੋ ਸਾਵਧਾਨ ਚਿਤ ਵਾਲਾ ਕਰੋ, ਅਪਨੀ ਕ੍ਰਿਪਾ ਦ੍ਰਿਸ਼ੀ ਸੇ।

**ਸੁਚੀਆ** ਪੰ. ਪਵਿਤ੍ਰ, ਯਥਾ- ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ। ਮੁਖ ਆਦਿਕ ਨਿਖਲ ਅੰਗੋਂ ਕੋ ਔ ਮਨ ਕੋ ਪਵਿਤ੍ਰ ਕਰਨੇ ਵਾਲੀਆਂ ਹੈਂ, ਜੇਕਰ ਉਨ ਕੋ ਮੁਖਾਦਿ ਅੰਗੋਂ ਮੇਂ ਪੂਰਨਾ ਜਾਨੇ। ਚੁਲੀਆਂ ਅਗੇ ਲਿਖੀ ਹੈਂ, ਜੈਸੇ- ਸੁਰਤੇ ਚੁਲੀ ਗਿਆਨ ਕੀ, ਪੜੇ ਪੰਡਿਤ ਕੀ ਚੁਲੀ ਬਿਚਾਰ ਕੀ ਹੈ, ਜੋਗੀ ਕੀ ਚੁਲੀ ਜਤ ਕੀ ਹੈ, ਐਸੇ ਔਰ ਸਭ ਕੀਆਂ ਹੈਂ।

**ਸੁਜਸੁ** ਸੰ. ਉਤਮ ਕੀਰਤੀ, ਯਥਾ- ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਹਾਰ। ਪੁਨਾ- ਕਬਿ ਕਲ ਸੁਜਸੁ ਗਾਵਉ।

**ਸੁਜਨ** ਸੰ. ਸ੍ਰੇਸ੍ਟ ਜਨ।

**ਸੁਜਾਇ** ਗੁ. ਸੋ ਜਾਤਾ ਹੈ।

**ਸੁਜਾਖਾ** ਦੇ. ਸ੍ਰੇਸ੍ਟ ਚਖੁ ਹੈਂ, ਯਥਾ- ਅੰਧੇ ਨਾਉ ਸੁਜਾਖਾ। ਮੁਝ ਅੰਧੇ ਕੋ ਆਪ ਕਾ ਨਾਮ ਹੀ ਸ੍ਰੇਸ੍ਟ ਚਖੁ ਹੈ। ਸ੍ਰੇਸ੍ਟ ਚਖੁ ਵਾਲਾ, ਯਥਾ- ਕਰੇ ਸੁਜਾਖਾ ਹੋਇ। ਜੋ ਸਾਹਬ ਕਰੇ ਤਬ ਸੁਜਾਖਾ ਹੋਵੇ ਹੈ ; ਸੁੰਦਰ ਨੇਤ੍ਰੋਂ ਵਾਲੇ, ਯਥਾ- ਤੁਮ ਹੋਹੁ ਸੁਜਾਖੇ ਲੇਹੁ ਪਛਾਨਿ। ਤੁਮ ਸ੍ਰੇਸ੍ਟ ਨੇਤ੍ਰੋਂ ਵਾਲੇ ਹੋ ਕਰ ਦੇਖ ਲੇਵੋ।

**ਸੁਜਾਣ** ਦੇ. ਸ੍ਰੇਸ੍ਟ ਗਯਾਨ ਵਾਲਾ।

**ਸੁਜਾਨੁ** ਦੇ. ਸ੍ਰੇਸ੍ਟ ਗ੍ਯਾਨ ਵਾਲਾ, ਚਤੁਰ, ਯਥਾ- ਆਪੇ ਪੁਰਖੁ ਸੁਜਾਨੁ।

**ਸੁਜੁਤੀਆ** ਗੁ. ਸੰਯੁਕ੍ਤ ਕਰੇ ਹੈਂ।

**ਸੁਜੁਰੀਆ** ਗੁ. ਵਹੁ ਮੋਹ ਨੇ ਜੋੜ ਲਈ।

**ਸੁਝਈ** ਪੰ. ਦਿਖਤਾ, ਦਿਖਾਈ ਪੜਤਾ।

**ਸੁਝੀਓਸ** ਗੁ. ਦੇਖੀਆਂ ਹੈਂ।

**ਸੁਝੈ** ਪੰ. ਦਿਸੇ, ਯਥਾ- ਕਿਛੁ ਨ ਬੁਝੈ ਕਿਛੁ ਨ ਸੁਝੈ।

**ਸੁੰਞਿਆ** ਪੰ. ਖਾਲੀ, ਯੇਥਾ- ਵਿਣੁ ਨਾਵੈ ਸੁੰਞਿਆ।

**ਸੁੰਞੀ** ਪੰ. ਪ੍ਰੀਤ ਸੇ ਖਾਲੀ ਨੇ, ਯਥਾ- ਤੂ ਸੁੰਞੀ ਕੰਤੁ ਨ ਜਾਣਹੀ। ਹੇ ਪ੍ਰਮੇਸ੍ਵਰ ਮੈ ਪ੍ਰੇਮ ਸੇ ਖਾਲੀ ਹੋਨੇ ਤੇ ਤੁਝ ਕੰਤ ਕੋ ਨਹੀ ਜਾਨਿਆ। ਪੁਨਾ- ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ। ਖਾਲੀ ਘਰ ਕਾ, ਯਥਾ- ਸੁੰਞੇ ਘਰ ਕਾ ਪਾਹੁਣਾ। ਸੰ. ਸੁਨਜ।

**ਸੁੰਞੀ ਸੁੰਞ** ਗੁ. ਸੁਨਜ ਸੇ ਸੁਨਜ।

**ਸੁਟ** ਪੰ. ਗੇਰ, ਫੈਂਕ।

**ਸੁੰਡ** ਦੇ. ਹਾਥੀ ਕਾ ਸੁੰਡ, ਯਥਾ- ਕਰੈ ਗਜਿੰਦੁ ਸੁੰਡ ਕੀ ਚੋਟ।

**ਸੁਣੰਤ ਬਾਲਾ** ਵਾ. ਨਾਮ ਕੋ ਸ੍ਰਵਨ ਕਰਤੇ ਹੈਂ ਜਿਗ੍ਯਾਸੀ ਜਨ।

**ਸੁਣਤਿਆ** ਗੁ. ਸੁਣਤੇ ਹੈਂ।

**ਸੁਣੰਦੜੀ** ਪੰ. ਮੁ. ਸੁਣਤੀ ਕੋ, ਯਥਾ- ਸੋਇ ਸੁਣੰਦੜੀ।

**ਸੁਣਾਇਆ** ਦੇ. ਸ੍ਰਵਣ ਕਰਾਇਆ, ਯਥਾ- ਸਤਿਗੁਰਿ ਸਬਦੁ ਸੁਣਾਇਆ।

**ਸੁਣਿ** ਦੇ. ਸ੍ਰਵਣ ਕਰ, ਯਥਾ- ਤੂ ਸੁਣਿ ਕਿਰਤ ਕਰੰਮਾ। ਪੁਨਾ- ਸੁਣਿ ਮੁੰਧੇ ਹਰਣਾਖੀਏ। ਸੁਣੇ, ਯਥਾ- ਮਹਲੀ ਖਸਮੁ ਸੁਣੇ। ਸੁਣੀ, ਯਥਾ- ਜੇ ਇਕ ਗੁਰ ਕੀ ਸਿਖ ਸੁਣੀ।

**ਸੁਣਿਆ** ਦੇ. ਸ੍ਰਵਣ ਕੀਆ ; ਸੁਣਕੇ ਤਾਪਰਯ ਨਿਰਣੇ ਕੀਆ, ਯਥਾ- ਸੁਣਿਆ ਮੰਨਿਆ ਮਨਿ ਕੀਤਾ ਭਾਉ।

**ਸੁਣਿਐ** ਗੁ. ਪ੍ਰਮੇਸ੍ਰ ਕੇ ਪ੍ਰਤਿਪਾਦਕ ਬਚਨੋਂ ਕੋ ਸ੍ਰਵਨ ਕਰਕੇ ; ਏਕ ਵਸਤ ਮੇਂ ਤਾਤਪਰਯ ਕੇ ਨਿਰਣੇ ਸੇ, ਯਥਾ- ਸੁਣਿਐ ਸਿਧ ਪੀਰ ਸੁਰਿ ਨਾਥ। ਇਤਯਾਦਿ।

**ਸੁਣੀਅਰ** ਗੁ. ਕੰਨ, ਯਥਾ- ਸੁਣੀਅਰ ਬਹਿ ਗਏ। ਪੁਨਾ- ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ।

**ਸੁਣੇ ਡੁਖ** ਵਾ. ਸੁਣ ਕੇ ਦੁਖ ਹੋਤਾ ਹੈ।

**ਸੁਣੇਹੀ** ਪੰ. ਸੁਣਤੀ, ਯਥਾ- ਕੀ ਨ ਸੁਣੇਹੀ ਗੋਰੀਏ।

**ਸੁਤ ਦਾਰਾ** ਸੰ. ਪੁਤ੍ਰ ਕੀ ਇਸਤ੍ਰੀ ; ਪੁਤ੍ਰ ਔ ਇਸਤ੍ਰੀ।

**ਸੁਤਹ** ਸੰ. ਪੁਤ੍ਰੀ ; ਪੰ. ਚਿਤ ਕੀ ਬ੍ਰਿਤੀ, ਜੈਸੇ- ਮੇਰੀ ਸੁਤਾ ਆਪ ਕੋ ਮਿਲਨੇ ਕੀ ਥੀ। ਅਪਨੇ ਆਪ, ਯਥਾ- ਸੁਤਹ ਸਿਧ ਰੂਪੁ ਧਰਿਓ।

**ਸੁਤੜੇ** ਪੰ. ਮੁ. ਸੋਏ ਪੁਰਖ ਅਰਥਾਤ ਮੋਹ ਨੀਂਦ ਮੇਂ ਪੜੇ ਅਗ੍ਯਾਨੀ, ਜੈਸੇ- ਸੁਤੜੇ ਅਸੰਖ। ਸੈਨ ਕਰਕੇ ਸੁਪਨੇ ਮੇਂ, ਯਥਾ- ਸੁਤੜੀ ਸੋ ਸਹੁ ਡਿਠੁ। ਮੈਨੇ ਸੈਨ ਕਰ ਸੁਪਨੇ ਮੇ ਵਹੁ ਪਤਿ ਦੇਖਾ ਹੈ।

**ਸੁਤਾਰਿ** ਸੰ. ਸ੍ਰੇਸ੍ਟ ਨੌਕਾ, ਜਹਾਜ।

**ਸੁਤੀ** ਦੇ. ਸੋਈ, ਯਥਾ- ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ। ਭਗਤ ਅਪਨੀ ਦਸਾ ਕਹੇ ਆਜ ਮੈਂ ਥਿਰ ਬ੍ਰਿਤੀ ਕਰ ਰਿਦੇ ਮੇਂ ਅਪਰੋਖ ਨਹੀ ਕੀਆ ਸ੍ਵਾਮੀ। ਇਸੀ ਦੁਖ ਸੇ ਮੇਰਾ ਹਿਰਦਾ ਬਾਰੰਬਾਰ ਦੁਖੀ ਹੋਵੇ ਹੈ। ਇਸ ਸੇ ਜਾਨਤਾ ਹੂੰ ਦੁਹਾਗਣੀ ਪ੍ਰਮੇਸ੍ਵਰ ਪ੍ਰੀਤੀ ਹੀਨੋਂ ਕੀ ਬੁਰੀ ਹੀ ਦਸਾ ਹੋਵੇਗੀ। ਤੌ ਭੀ ਉਨ ਕੋ ਪੂਛਨਾ ਚਾਹਤਾ ਹੂੰ ਜੋ, ਹੇ ਦੁਰਭਾਗੀਓ ! ਤੁਮਾਰੀ ਅਵਸਥਾ ਕੈਸੇ ਬੀਤੇ ਹੈ। ਪੁਨਾ- ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ।

**ਸੁਤੁ ਭਾਨ** ਦੇ. ਸੂਰਯ ਕਾ ਪੁਤ੍ਰ ਧਰਮਰਾਜ, ਯਥਾ- ਨਾਮ ਸੁਨੇ ਸੁਤੁ ਭਾਨ ਡਰ੍ਯਉ।

**ਸੁਥਾਨੁ** ਦੇ. ਸ੍ਰੇਸ੍ਟ ਥਾਨ ਮੇਂ ਭਾਵ ਸਤਸੰਗ ਮੇਂ, ਯਥਾ- ਧੰਨਿ ਸੁਥਾਨੁ ਧੰਨਿ ਓਇ ਭਵਨਾ।

**ਸੁਥਿਰ** ਦੇ. ਸ੍ਰੇਸ੍ਟ ਥਿਰ। ਸੰ. ਸੁਥਿਰ।

**ਸੁੰਦਰ** ਸੰ. ਸੋਹਣਾ, ਯਥਾ- ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ। ਪੁਨਾ- ਸੁੰਦਰਿ ਮਾਇਆ ਧ੍ਰੋਹੁ। ਅਛੀ ਲਗੀ ਹੈ ਮਾਇਆ ਠਗਨੀ। ਗੁਰੂ ਅਮਰ ਜੀ ਕਾ ਪੜੋਤਾ ਜਿਸ ਕੀ ਗੂੰਥ ਜੀ

ਮੌਂ 'ਸਦ' ਬਾਣੀ ਹੈ। ਗੁਰ ਅਮਰ ਜੀ ਕੇ ਮੋਹਰੀ ਤਿਨ ਕੇ ਅਰਯਾਣੀ ਉਨ ਕਾ ਪੁਤ੍ਰ ਸੁੰਦਰ ਹੂਆ।

**ਸੁੰਦਰ ਬਦਨ** ਸੰ. ਸੁੰਦਰ ਹੈ ਮੁਖ ਜਿਸ ਕਾ ਤਿਸ ਹਰੀ ਕੇ ਮੁਖ ਕੋ ਦੇਖ ਕੇ, ਯਥਾ- ਸੁੰਦਰ ਬਦਨ ਅਲੋਕ।

**ਸੁੰਦਰੀ** ਸੰ. ਇਸਤ੍ਰੀ।

**ਸੁਦੇਹੀ** ਦੇ. ਸ੍ਰੇਸ੍ਟ ਹੋਵੇ ਹੈ ਦੇਹ, ਯਥਾ- ਜਿਹ ਮਿਲਿਐ ਦੇਹ ਸੁਦੇਹੀ।

**ਸੁਧ ਕੀਚੇ** ਵਾ. ਸੁਧ ਕਰ ਲੇਨਾ। ਕਹੀ ਕਹੀ ਵਾਰੋਂ ਕੇ ਅੰਤ ਮੇਂ ਯਹ ਪਦ ਹੈ। ਕਹੀ ਕਹੀ ਸੁਧ ਮਾਤ੍ਰ ਹੈ। ਸੁਧ ਕਾ ਅਰਥ ਯਹ ਪਾਠ ਅਸੁਧੀ ਦੋਖ ਸੇ ਰਹਿਤ ਹੈ। ਸੁਧ ਕੀਚੇ ਕਾ ਅਰਥ ਸੁਧ ਕਰ ਲੇਨਾ। ਯਹ ਨਿਜ ਸਿਖੋ ਪ੍ਰਤਿ ਗੁਰੂ ਮਹਾਰਾਜ ਕੀ ਆਗ੍ਯਾ ਹੈ। ਜੈਸੇ ਦੂਸਰੇ ਗ੍ਰੰਥ ਸਾਹਬ ਜੀ ਮੇਂ ਚੂਕ ਹੋਇ ਕਬ ਲੇਹੁ ਸੁਧਾਰੋ। ਪੁਨਾ- ਜਹ ਭੂਲ ਪਰੀ ਹਮ ਤੇ ਲਹੀਓ। ਯਹ ਆਗ੍ਯਾ ਗੁਰੂ ਜੀ ਕੀ ਉਤਮ ਸਿਖੋਂ ਕੋ ਅਵਸ਼੍ਯ ਹੀ ਮਿਲ ਕਰ ਪੂਰੀ ਕਰਨੀ ਚਾਹੀਏ। ਪਰੰਤੂ ਪੂਰੀ ਤਬ ਹੋਗੀ, ਜਬ ਸਿਖੋਂ ਕੋ ਗ੍ਰੰਥ ਸਾਹਬ ਜੀ ਕੇ ਬ੍ਯਾਕਰਣ ਔ ਕੋਸ ਦੁਆਰਾ ਅਰਥ ਬੋਧ ਪੂਰਾ ਹੋਵੇਗਾ। ਬ੍ਯਾਕਰਣ ਬਿਨਾ ਇਸ ਪਦ ਮੇਂ ਕੌਨ ਅਖਰ ਤਥਾ ਉਸ ਕੋ ਕੌਨ ਮਾਤ੍ਰਾ ਚਾਹੀਏ। ਐਸਾ ਗ੍ਯਾਨ ਨਹੀ ਹੋ ਸਕੇ। ਕੋਸ ਬਿਨਾ ਉਸ ਕਾ ਅਰਥ ਨਹੀਂ ਜਾਨਾ ਜਾਵੇ। ਅਰਥ ਪਾਠ ਜਾਨੇ ਬਿਨਾ ਸੁਧ ਕਰਨਾ ਕਠਨ ਹੈ। ਯਾਤੇ ਸੁਧ ਕੀਚੇ ਆਗ੍ਯਾ ਪੂਰੀ ਕਰਨ ਹੇਤ ਦੋਨੋ ਕੀ ਲੋੜ ਹੈ। ਆਨ ਕੀ ਨਹੀਂ ਕਾਹੇ ਤੇ ਯਹ ਆਗ੍ਯਾ ਗੁਰੂ ਜੀ ਨੇ ਕਰਤਾਰਪੁਰ ਵਾਲੇ ਗ੍ਰੰਥ ਸਾਹਿਬ ਜੀ ਮੇਂ ਲਿਖਵਾਈ ਹੈ। ਜਿਸ ਸੇ ਪਰੇ ਔਰ ਕੋਈ ਗ੍ਰੰਥ ਸਾਹਿਬ ਨਹੀਂ। ਜਿਸ ਸੇ ਉਸ ਕੋ ਸੁਧ ਕਰ ਲੇਵੇ। ਅਰ ਗ੍ਰੰਥ ਸਾਹਬ ਜੀ ਕੀ ਰਚਨਾ ਕਰ ਗੁਰੂ ਮਹਾਰਾਜ ਜੀ ਕਾ ਦੇਹ ਸੰਸਾਰ ਮੇਂ ਅਲਪ ਕਾਲ ਰਹਾ, ਜਿਸ ਮੇਂ ਪ੍ਰਿਥੀ ਚੰਦ ਕਾ ਬਿਰੋਧ ਔਰ ਬਿਖੇੜਾ ਲਗ ਰਹਾ ਥਾ। ਇਸ ਲੀਏ ਸੁਧ ਕੀਚੇ ਆਗ੍ਯਾ ਲਿਖਵਾਨੇ ਅਨੁਸਾਰ ਜਾਨ ਪੜਤਾ ਹੈ, ਮਾਤ੍ਰਾਓਂ ਕਾ ਸੋਧਨ ਕਰਨਾ ਨਹੀ ਹੂਆ। ਹੋ ਜਾਤਾ ਤੋ 'ਦੇਦਾ ਦੇਹ ਲੈਦੇ ਥਕ ਪਾਹ' ਇਤ੍ਯਾਦਿ ਪਾਠੋਂ ਮੇਂ ਆਦਿ ਗ੍ਰੰਥ ਸਾਹਿਬ ਜੀ ਮੇਂ ਬਿੰਦੇ ਅਵਸ਼੍ਯ ਲਗਾਏ ਗਏ ਹੋਤੇ। ਤਥਾ ਦੂਸਰੇ ਗ੍ਰੰਥ ਸਾਹਬ ਜੀ ਮੇਂ 'ਹਰਨਾਕਸ ਕਈ ਹਜਾਰ ਕੋ' ਕੇ ਥਾਨ ਮੇਂ 'ਹਨਰਾਕਸ ਕਈ ਹਜਾਰ ਕੋ'। ਪੁਨਾ- ਮਹਖਾਸਰ ਸੁੰਡ ਉਪਾਯਾ ਕੇ ਥਾਨ ਮੇਂ ਮਹਖਾਸਰ ਸੰਡ ਉਪਾਯਾ। ਐਸੇ ਐਸੇ ਅਨੇਕ ਹੀ ਸੁਧ ਹੋ ਜਾਤੇ, ਸੋ ਮਹਾਰਾਜ ਕੀ ਇਛਾਨੁਸਾਰ ਸਭ ਹੋ ਜਾਵੇਂਗੇ। ਛਾਪੇ ਕੇ ਗ੍ਰੰਥ ਸਾਹਬੋਂ ਮੇਂ ਬਹੁਤ ਥਾਨੋਂ ਮੇਂ ਬਿੰਦੇ ਲਗ ਭੀ ਗਏ ਹੈਂ ਜਿਸ ਕੋ ਇਛਾ ਹੋਵੇ ਕਰਤਾਰਪੁਰ ਵਾਲੇ ਸੇ ਮੇਲ ਕੇ ਦੇਖ ਲੇਵੇ। ਸਭੀ ਦਿਖਾਈ ਦੇ ਜਾਵੇਗੇ।

**ਸੁਧ** ਸੰ. ਕੇਵਲ ; ਨਿਰਦੋਖ ; ਪਵਿਤ੍ਰ, ਯਥਾ- ਸੁਧਿ ਮਤਿ ਕਰਤੈ ਸਭ ਹਿਰਿ ਲਈ। ਮਲਹੀਨ। ਗੁ. ਸੋਧੀਆਂ ਹੂਈਆਂ ਵਾਰਾਂ ਜੈਸੇ ਵਾਰਾਂ ਪੀਛੇ ਸੁਧ ਅਰਥਾਤ ਅਸੁਧ ਦੋਖ ਰਹਿਤ ਨਿਰਦੋਖ। ਪੰ. ਖਬਰ, ਜੈਸੇ- ਮੇਰੀ ਸੁਧ ਲੀਜੀਓ। ਮੇਰੀ ਖਬਰ ਲਈਓ ; ਸੋਝੀ।

**ਸੁਧ ਹਾਧੋ** ਗੁ. ਸੁਧ ਹੋ ਗਏ ਹੈਂ ਗੁਰੋਂ ਕੇ ਉਪਦੇਸ ਸੇ, ਯਥਾ- ਗੁਰਮਤੀ ਸੁਧ ਹਾਧੋ।

**ਸੁਧੰਗ** ਗੁ. ਸੁਧੰ ; ਸੁਧੰ ਕੇ ਥਾਨ ਸੁਧੰਗ ਅਨਜਾਨੋਂ ਕੇ ਮੁਖ ਚੜ ਐਸੇ ਹੋ ਗਯਾ ਹੈ ਜੈਸੇ ਅਜੁਨੀ ਸੈਭੰ ਹੋ ਜਾਤਾ ਹੈ। ਪੁਨਾ॥ ਓਨਮ: ਸਿਧੰ ਕੇ ਥਾਨ ਕਾਹੂ ਕੇ ਮੁਖ ਚੜ ਸਿਧੰਗ ਕਾਹੂੰ ਕੇ ਸਿਧੰਙ ਕਾਹੂ ਕੇ ਮੁਖ ਚੜ ਸਿਧੰਗਾਇ ਕਾਹੂ ਕੇ ਸਿਧੰਙਾਯਾ ਹੋਤੇ ਹੈਂ। ਜੋ ਗੁਰੂ ਤੀਸਰੀ ਪਾਤਸਾਹੀ ਕੀ ਬਾਣੀ ਮੇਂ ਸਿੰਧੰਙਾਇਆ ਸਿਮਰੇ ਨਾਹੀ ਲਿਖਾ ਹੈ। ਪੁਨਾ। ਅੰਅ: ਕਾ ਅਨਜਾਨੋਂ ਕੇ ਮੁਖ ਚੜ ਅੰਙਾ ਹੋ ਜਾਤਾ ਹੈ, ਜਿਸ ਕਾ ਉਸੀ ਬਾਣੀ ਕੇ ਆਯੋ ਅੰਙੇ ਸਭ ਜਗ ਆਇਆ ਪਾਠ ਮੇਂ ਅੰਙੇ ਲਿਖਾ ਹੈ। ਸਿਧੰ ਸੰਸਕ੍ਰਿਤ ਮੇਂ ਵੇਦ ਕਾ ਨਾਮ ਹੈ। ਓਨਮ: ਸਿਧਾਯ ਵੇਦ ਕੋ ਨਮਸਕਾਰ ਹੈ। ਜੋ ਵਸਤੁ ਨਈ ਨਾ ਬਨੇ ਅਨਾਦਿ ਹੋਵੇ, ਤਿਸ ਕੋ ਸਿੱਧ ਕਹਤੇ ਹੈਂ। ਐਸਾ ਵੇਦ ਹੈ ਤਾ ਕੋਈ ਸ੍ਵਰ ਕਾ ਬਚਨ ਜਾਨ ਸਭੀ ਨਮਸਕਾਰ ਕਰਤੇ ਹੈਂ। ਸਰਬ ਕੀ ਅਪੇਖ੍ਯਾ ਬਡਾ ਸਿੱਧ ਈਸ੍ਵਰ ਹੈ। ਤਿਸ ਓਰ ਦ੍ਰਿਸ੍ਟਿ ਕਰ ਗੁਰੂ ਜੀ ਸਿਧੰਙਾਇਆ ਮੰਗਲ ਸੇ ਉਪਦੇਸ ਕਰਤੇ ਹੈਂ, ਹੇ ਭਾਈ ਅਨਾਦੀ ਪ੍ਰਮੇਸ੍ਵਰ ਕੋ ਤੁਮ ਸਿਮਰਤੇ ਨਹੀਂ।

**ਸੁਧਰਮੀੜਿਆ** ਗੁ. ਹੇ ਸ੍ਰੇਸ੍ਟ ਧਰਮ ਵਾਲੇ ਰਾਜਨ, ਯਥਾ- ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ।

**ਸੁਧਾ** ਪੰ. ਸਹਿਤ, ਯਥਾ- ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ। ਵਹੁ ਉਤਮ ਭਾਗੋਂ ਸਹਿਤ ਹੈ। ਸੰ. ਅਮ੍ਰਿਤ ; ਮੰਦਰ ਲਿਪਨੇ ਕੀ ਕਲੀ ਜਿਸ ਕੇ ਸਾਥ ਲਿਪੇ ਜਾਨ ਮੰਦਰੋਂ ਕਾ ਨਾਮ ਸੌਧ ਹੋਤਾ ਹੈ। ਪੰ. ਕੇਵਲ, ਨਿਰਾ।

**ਸੁਧਾਕਰ** ਸੰ. ਚੰਦ੍ਰਮਾ।

**ਸੁਧਾਖਰੁ** ਸੰ. ਸੁਧ-ਪਵਿਤ੍ਰ ਅਖਰ, ਅਬਿਨਾਸੀ ਪ੍ਰਮੇਸ੍ਵਰ ਕੋ, ਯਥਾ- ਬੂਝੈ ਨਾਹੀ ਏਕੁ ਸੁਧਾਖਰੁ। ਪੁਨਾ- ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ। ਸੁਧ ਅਖਰੋ ਵਾਲਾ ਪਾਠ।

**ਸੁਧਿ** ਸੰ. ਪਵਿਤ੍ਰਤਾਈ।

**ਸੁਧਿ ਮਤਿ** ਸੰ. ਉਤਮ ਮਤਿ, ਯਥਾ- ਸੁਧਿ ਮਤਿ ਕਰਤੈ ਸਭ ਹਿਰਿ ਲਈ।

**ਸੁਧੀ** ਪੰ. ਨਿਰੀ, ਕੇਵਲ, ਯਥਾ- ਪਰ ਨਿੰਦਾ ਪਰ ਮਲੁ ਮੁਖਿ ਸੁਧੀ। ਸੰ. ਸ੍ਰੇਸ੍ਟ ਬੁਧੀ ; ਸ੍ਰੇਸ੍ਟ ਬੁਧੀ ਵਾਲਾ।

**ਸੁਧੋਸੁ** ਪੰ. ਸੁਧ, ਨਿਰਮਲ ਹੈ, ਯਥਾ- ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ। ਜਬ ਬਿਚਾਰ ਲੀਆ ਲਹਣਾ ਸੁਧੋਸ, ਸਰਬ ਦੋਖ ਰਹਿਤ ਸੁਧ ਹੈ ਤਬ ਟਿਕਾ ਦੀਆ।

**ਸੁੰਨ** ਦੇ. ਅਫੁਰ, ਨਿਰਸੰਕਲਪ, ਯਥਾ- ਸੁੰਨ ਸੰਧਿਆ ਤੇਰੀ ਦੇਵ ਦੇਵਾਕਰ। ਹੇ ਸੁਨਯ ! ਸਰਬ ਕਲਪਨਾ ਤੇ ਰਹਿਤ ਦੇਵਨ ਕੇ ਦੇਵ ਪਰਮਾਤਮਾ ਸੰਧ੍ਯਾ ਤੇਰਾ ਹਮ ਧ੍ਯਾਨ ਕਰਤੇ ਹੈ, ਤੂ ਅਪਨੇ ਆਸਚਰਯ ਰੂਪ ਸੇ ਸਭ ਮੋਂ ਸਮਾਯਾ ਹੂਆ ਹੈਂ, ਬਚਨਾਂਤਰੋਂ ਮੇਂ- ਅੰਤਰਿ ਸੁੰਨੰ ਬਾਹਰਿ ਸੁੰਨੰ। ਪੁਨਾ- ਪਉਣੁ ਪਾਣੀ ਸੁੰਨੈ ਤੇ ਸਾਜੇ। ਐਸੇ ਅਫੁਰ ਹੀ ਕਹ੍ਯਾ ਹੈ।

**ਸੁੰਨ ਸਮਾਧਿ** ਵਾ. ਅਫੁਰ ਸਮਾਧੀ, ਨਿਰਵਿਕਲਪ ਸਮਾਧਿ।

**ਸੁੰਨ ਗੁਫਾ** ਗੁ. ਅਫੁਰ ਸ੍ਵਰੂਪ।

**ਸੁੰਨ ਮਸੁੰਨੰ** ਗੁ. ਮਹਾ ਅਫੁਰ ਸ੍ਵਰੂਪ, ਯਥਾ- ਤ੍ਰਿਭਵਣ ਸੁੰਨ ਮਸੁੰਨੰ।

**ਸੁੰਨ ਮੰਡਲ** ਦੇ. ਅਫੁਰ ਥਾਨ, ਸਰਬ ਕਲਪਨਾ ਰਹਤ ਬ੍ਰਹਮਥਾਨ।

**ਸੁਨਈ** ਦੇ. ਸੁਣਤਾ, ਯਥਾ- ਨਾਮੁ ਨ ਸੁਨਈ ਡੋਰਾ।

**ਸੁਨਣੇ** ਦੇ. ਸ੍ਰਵਣ ਕਰਨੇ ਕੋ।

**ਸੁੰਨਤਿ** ਅ. ਸੁਕ੍ਰਵਾਰ ਕੋ ਸਿਰ ਧੋਨੇ ਆਦਿ ਮਹੰਮਦ ਪੈਗੰਬਰ ਕਾ ਚਲਾਯਾ ਰਿਵਾਜ, ਯਥਾ- ਸਰਮ ਸੁੰਨਤਿ ਸੀਲੁ ਰੋਜਾ। ਮੰਦ ਕਰਮੋਂ ਸੇ ਲਜਾ ਕਰਨੀ ਯਹ ਸੁੰਨਤ, ਪੈਗੰਬਰ ਕੀ ਬਤਾਈ ਕ੍ਰਿਯਾ ਕਰੋ ਉਤਮ ਸੁਭਾਵ ਧਾਰਨਾ ਰੋਜਾ ਰਖੋ। ਲੋਗੋ ਮੇ ਸੁੰਨਤ ਲਿੰਗ ਕੇ ਅਗ੍ਰ ਭਾਗ ਕੀ ਤੁਚਾ ਕਟਾ ਦੇਨੇ ਕੋ ਜਾਨਤੇ ਹੈਂ ਉਸ ਕਾ ਈਹਾਂ ਗ੍ਰਹਣ ਨਹੀਂ ਕਿਉਂਕੇ ਉਸ ਕਾ ਨਾਮ ਖਤਨਾ ਹੈ ਸੁੰਨਤ ਨਹੀਂ।

**ਸੁਨਤੇ** ਦੇ. ਸ੍ਰਵਣ ਕਰਤੇ ਹੈਂ, ਯਥਾ- ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ।

**ਸੁਨਥਈ** ਗੁ. ਸੁਨ ਲਈ, ਯਥਾ- ਹਰਿ ਗੁਨ ਅਕਥ ਸੁਨਥਈ।

**ਸੁਨਾਹਰ** ਗੁ. ਸੁੰਨ।

**ਸੁਨਾਹਾ** ਪੰ. ਸੁਣੀਏ।

**ਸੁਨਾਗਰ** ਸੰ. ਸ੍ਰੇਸ੍ਟ ਚਤੁਰ ਧਨੰਤਰਿ ਵੈਦ੍ਯ, ਯਥਾ- ਸੁਨਾਗਰ ਨਦੀ ਚੇ ਨਾਥੰ।

**ਸੁਨਾਰਾ** ਦੇ. ਸੁਨਿਯਾਰਾ, ਯਥਾ- ਸੋਨਾ ਗਢਤੇ ਹਿਰੈ ਸੁਨਾਰਾ।

**ਸੁਨਿ** ਦੇ. ਸ੍ਰਵਣ ਕਰ, ਯਥਾ- ਸੁਣਿ ਮਨ ਮਿਤ੍ਰ ਪਿਆਰਿਆ। ਪੁਨਾ- ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ। ਸ੍ਰਵਨ ਕਰੇ, ਯਥਾ- ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ। ਸ੍ਰਵਨ ਕਰੋ, ਯਥਾ- ਸੁਨਹੁ ਬਿਨੰਤੀ ਠਾਕੁਰ ਮੇਰੇ। ਸ੍ਰਵਨ ਕਰੀ, ਯਥਾ- ਅਕਥ ਕਥਾ ਜਾ ਕੀ ਬਾਤ ਸੁਨੀ।

**ਸੁਨੀਆ** ਗੁ. ਸੁਣਕੇ।

**ਸੁਨੀਜਾ** ਗੁ. ਸੁਨਿਆ, ਯਥਾ- ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ।

**ਸੁਪਚ** ਦੇ. ਚੰਡਾਲ। ਸੰ. ਸ੍ਵਪਚ। ਸ੍ਵ ਕੁੱਤੇ ਕੋ ਜੋ ਖਾਨੇ ਹੇਤ ਪਕਾਵੇ ਤਿਸ ਕਾ ਨਾਮ ਸ੍ਵਪਚ ਹੈ। ਐਸੇ ਚੰਡਾਲ ਹੈਂ ਜਿਨ ਸੇ ਬਿਸ੍ਵਮਿਤ੍ਰ ਰਿਖਿ ਨੇ ਖਾਨੇ ਹੇਤ ਅਤ੍ਯੰਤ ਦੁਰਭਿਖ੍ ਸਮੇਂ ਮਾਸ ਮਾਗ੍ਯਾ, ਯਥਾ- ਸੁਪਚ ਤੁਲਿ ਸਮਾਨਿ।

**ਸੁਪਚਾਰੋ** ਦੇ. ਚੰਡਾਲ ਜਾਤੀ ; ਬਾਲਮੀਕੀ, ਯਥਾ- ਬਾਲਮੀਕੁ ਸੁਪਚਾਰੋ ਤਰਿਓ।

**ਸੁਪਨੰਤਰ** ਗੁ. ਸੁਪਨੇ ਕੇ ਬੀਚ ਭਾਵ ਭੁਲਾਵੇ ਕੇ ਅੰਦਰ।

**ਸੁਪਨਾ** ਦੇ. ਸੁਫਨਾ, ਯਥਾ- ਜਿਉ ਸੁਪਨਾ ਰੈਨਾਈ।

**ਸੁਪਨੈ** ਦੇ. ਸੁਪਨ ਮੇਂ, ਯਥਾ- ਸੁਪਨੈ ਹੂ ਬਰੜਾਇ ਕੈ।

**ਸੁਪਰਵਾਣ** ਦੇ. ਸ੍ਰੇਸ੍ਟ ਪ੍ਰਮਾਣ। ਸੰ. ਸੁਪ੍ਰਮਾਣ।

**ਸੁਪੇਦ** ਦੇ. ਚਿਟੇ, ਸੁਕਲ, ਯਥਾ- ਤੁਮ ਮਖਤੂਲ ਸੁਪੇਦ ਸਪੀਅਲ।

**ਸੁਪੇਦਾ** ਦੇ. ਸੁਕਲ ਵਸਤੂਓਂ ਕੋ, ਯਥਾ- ਸੁਪੇਦਾ ਸੇ ਵੰਨ। ਕਾਲੀ ਰਾਤੇ ਮੇ ਸੁਕਲ ਵਸਤੂਓਂ ਕੇ ਵਹੀ ਰੰਗ ਰਹਤੇ ਹੈਂ ਕਾਲੇ ਨਹੀਂ ਹੋਤੇ। ਸੁਪੈਦ ਪੋਸਾਕ, ਯਥਾ- ਸੁਪੇਦੀ ਸਤੁ ਦਾਨੁ।

**ਸੁੰਫਿਆ** ਗੁ. ਸਫਾਈ ਕੋ, ਯਥਾ- ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ। ਕਮਲ ਅਪਨੇ ਅੰਗੋ ਸੰਗ ਕੀਚ ਕੇ ਉਰਝਾਨੇ ਸੇ ਬਿਸਰ ਗਏ ਸਫਾਈ ਕੋ, ਅਨਯੋਕ੍ਤੀ ਸੇ ਯਹ ਜੀਵੋਂ ਕੀ ਦਸਾ ਕਹੀ ਹੈ।

**ਸੁਬਹਾਨ** ਅ. ਪਵਿਤ੍ਰ ਪ੍ਰਮੇਸ੍ਵਰ।

**ਸੁਬਿਦ੍ਯਾ** ਸੰ. ਸ੍ਰੇਸਟ ਆਤਮ ਗ੍ਯਾਨ।

**ਸੁਭ** ਸੰ. ਭਲਾ।

**ਸੁਭ ਪਦ** ਸੰ. ਸੁਭ ਥਾਨ।

**ਸੁਭਗਤਿ** ਸੰ. ਸ੍ਰੇਸ੍ਟ ਭਗਤੀ ਕੋ, ਯਥਾ- ਸਾਧੂ ਹੋਇ ਸੁਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ।

**ਸੁਭੰਤ** ਗੁ. ਸੋਭਤੇ ਹੈਂ।

**ਸੁਭੰਤ ਤੁਯੰ** ਸੰ. ਸਭ ਮੇਂ ਸੋਭਤਾ ਹੈ ਤੂ।

**ਸੁਭਰ ਭਰੇ** ਵਾ. ਸ੍ਰੇਸ੍ਟ ਭਰ ਕੇ ਪੂਰਨ ਹੂਏ।

**ਸੁਭਵੰਤੀ** ਦੇ. ਉਤਮ ਆਚਰਣ ਵਾਲੀ।

**ਸੁਭਾਇ** ਗੁ. ਸ੍ਰੇਸ੍ਟ ਭਾਵਨਾ ਸੇ।

**ਸੁਭਾਇਆ** ਦੇ. ਸ੍ਰੇਸ੍ਟ ਭਇਆ।

**ਸੁਭਾਈ** ਗੁ. ਸੁਭਾਵਕ, ਯਥਾ- ਹਰਿਆ ਭਾਇ ਸੁਭਾਈ। ਪ੍ਰਫੁਲਤ ਭਏ ਹੈ ਪ੍ਰੇਮ ਸ੍ਰੇਸ੍ਟ ਸੇ।

**ਸੁਭਾਗ** ਦੇ. ਸ੍ਰੇਸ੍ਟ ਭਾਗ ਸੇ, ਜੈਸੇ- ਨਾਨਕ ਮਿਲਣ ਸੁਭਾਗ।

**ਸੁਭਾਵ** ਦੇ. ਆਦਤ, ਪ੍ਰਕ੍ਰਿਤੀ। ਸੰ. ਸ੍ਵਭਾਵ।

**ਸੁੰਮ** ਦੇ. ਜਲ ਕੇ ਚਸਮੇ, ਨਿਰਝਰ, ਯਥਾ- ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ। ਫਾ. ਘੋੜੇ ਕਾ ਪੈਰ।

**ਸੁਮਗ** ਦੇ. ਸ੍ਰੇਸ੍ਟ ਰਸਤਾ।

**ਸੁਮਨ** ਦੇ. ਪੁਸਪ ; ਦੇਵਤਾ।

**ਸੁਮਾਰ** ਫਾ. ਗਿਣਤੀ, ਹਿਸਾਬ।

**ਸੁਮੁਖ** ਸੰ. ਸ੍ਰੇਸ੍ਰ ਮੁਖ।

**ਸੁਮੇਰੁ** ਸੰ. ਸੁਮੇਰੁ ਪਰਬਤ।

**ਸੁਰ** ਸੰ. ਸੁਰਗਵਾਸੀ ਦੇਵਤਾ ; ਉਤਮ ਗੁਣੋ ਵਾਲੇ ਪੁਰਖ ਅਰਥਾਤ ਸੁਰੀ ਸੰਪਦਾ ਵਾਲੇ ਪੁਰਖ। ਜੋ ਸੁ- ਸ੍ਰੇਸ੍ਰ ਜਨੋ ਪ੍ਰਤਿ ਬਾਂਛਿਤ ਫਲੋਂ ਕੋ, ਰ- ਦੇਵੇ ਤਿਨ ਕਾ ਨਾਮ ਸੁਰ ਹੈ। ਵਾਮ ਮਤ ਮੇ ਸੁਰਾ ਗ੍ਰਹਣ ਕਰਨ ਵਾਲਿਓਂ ਕਾ ਨਾਮ ਸੁਰ ਹੈ, ਨਾ ਗ੍ਰਹਣ ਕਰਨ ਵਾਲਿਓਂ ਕਾ ਨਾਮ ਅਸੁਰ ਹੈ, ਸੋ ਤੰਤ੍ਰ ਅਪ੍ਰਮਾਣ ਹੈ ਯਾਤੇ ਵਹੁ ਅਰਥ ਪ੍ਰਮਾਣ ਨਹੀਂ।

**ਸੁਰ ਗਿਆਨਿ** ਗੁ. ਸ੍ਰੇਸ੍ਰ ਗ੍ਯਾਨ ਵਾਲੀ ਹੈ, ਯਥਾ- ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ। ਸ੍ਰੇਸ੍ਰ ਗਜ਼ਾਨ, ਯਥਾ- ਰਿਧਿ ਬੁਧਿ ਸਿਧਿ ਸੁਰ ਗਿਆਨ। ਸੁਰ ਕਾ ਮੂਲ ਸੁ ਹੈ ਯਾਤੇ ਸੰ. ਸੁਰਜ਼ਾਨ।

**ਸੁਰ ਭੰਗ** ਦੇ. ਪਾਠ ਯੋਗਜ ਸੁਰ ਕੀ ਹੀਨਤਾਈ, ਯਥਾ- ਜਤਨ ਕਰੈ ਤਉ ਭੀ ਸੁਰ ਭੰਗ।

**ਸੁਰ ਰਿਦ** ਗੁ. ਮਿਤ੍ਰ, ਸੁਹ੍ਰਿਦ, ਯਥਾ- ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ।

**ਸੁਰਸਰੀ** ਦੇ. ਗੰਗਾ। ਸੰ. ਸੁਰਸਰਿਤ।

**ਸੁਰਹ** ਪੰ. ਗਊ, ਯਥਾ- ਸੁਰਹ ਕੀ ਜੈਸੀ ਤੇਰੀ ਚਾਲ। ਸੰ. ਸੁਰਭੀ।

**ਸੁਰਹ ਕੀ** ਪੰ. ਗਊ ਕੀ, ਯਥਾ- ਸੁਰਹ ਕੀ ਜੈਸੀ ਤੇਰੀ ਚਾਲ। ਸੰ. ਸੁਰਭੀ।

**ਸੁਰਖਰੂ** ਫਾ. ਲਾਲ ਮੁਖ ਅਰਥਾਤ ਨਿਸਪਾਪ ਪਤਿ ਵਾਲੇ ਪੁਰਖ।

**ਸੁਰਖੀ** ਗੁ. ਸ੍ਰੇਸ੍ਰ ਰੀਤਿ ਸੇ ਇੰਦ੍ਰੀਆਂ, ਯਥਾ- ਸੁਰਖੀ ਪਾਂਚਉ ਰਾਖੈ ਸਬੈ। ਸੰ. ਸੁਹ੍ਰਿਖੀਕ।

**ਸੁਰੰਗ** ਸੰ. ਸ੍ਰੇਸ੍ਰ ਰੰਗ ਵਾਲੀ।

**ਸੁਰਗ ਪਵਿਤ੍ਰਾ** ਦੇ. ਹਰਿ ਕੀ ਕਥਾ ਸੁਰਗ ਵਾਸੀਓਂ ਕੋ ਤਥਾ ਰਾਜਾ ਲੋਗੋਂ ਕੋ ਪਵਿਤ੍ਰ ਕਰੇ ਹੈ, ਯਥਾ- ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ।

**ਸੁਰਗਾ** ਦੇ. ਇੰਦ੍ਰ ਲੋਕ ; ਸੁਰਗ ਮੇਂ, ਯਥਾ- ਸੁਰਗਾ ਮਛ ਪਇਆਲੇ। ਸੁਰਗ ਕੀ, ਯਥਾ- ਸੁਰਗੈ ਦੀਆ ਮੋਹਣੀਆ।

**ਸੁਰਗਿੰਦ੍ਰ** ਗੁ. ਸੁਰਗ ਮੇ ਇੰਦ੍ਰਪਨਾ, ਯਥਾ- ਕੋਈ ਬਾਛੈ ਭਿਸਤੁ ਕੋਈ ਸੁਰਗਿੰਦ੍ਰ।

**ਸੁਰਝੀ** ਪੰ. ਸੁਧੀ ਭਈ ਹੈ, ਯਥਾ- ਕੁੰਡਲਨੀ ਸੁਰਝੀ।

**ਸੁਰਤਾਨੁ** ਦੇ. ਖਰਜਾਦਿ ਸੁਰੋਂ ਕਾ ਫੈਲਾਵ, ਇੜਾ ਪਿੰਗਲਾ ਕਾ ਫੈਲਾਵ, ਯਥਾ- ਸੋ ਸੁਰਤਾਨੁ ਜੁ ਦੁਇ ਸਰ ਤਾਨੈ। ਇੜਾ ਪਿੰਗਲਾ ਮੇਂ ਸ੍ਵਾਸ ਕਾ ਫੈਲਾਵ ਕਰੇ।

**ਸੁਰਤਿ** ਪੰ. ਧਜ਼ਾਨੇ, ਯਥਾ- ਫਾਹੀ ਸੁਰਤਿ ਮਲੂਕੀ ਵੇਸੁ। ਲੋਕੋਂ ਕੇ ਫਸਾਨੇ ਮੇਂ ਧਜ਼ਾਨ ਹੈ, ਅਰ ਪਾਤਸਾਹੋਂ ਵਾਲਾ ਵੇਸ ਹੈ। ਸੰ. ਸ੍ਰੇਸ੍ਰ ਪ੍ਰੀਤੀ, ਯਥਾ- ਸੁਰਤਿ ਸਮਾਇਣੁ। ਨਿਦਿਧਜ਼ਾਸਨ ਰੂਪੀ ਪ੍ਰੇਮ ਚਿਤ ਮੇਂ ਉਪਦੇਸ ਦੂਧ ਕੇ ਜਮਾਵਨ ਹੇਤ ਜਾਮਨ ਹੈ। ਸ੍ਰੇਸ੍ਰ ਪ੍ਰੀਤੀ ਵਾਲਾ ; ਬੇਦ, ਯਥਾ- ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ। ਪੰ. ਖਬਰ।

**ਸੁਰਤਿ ਸਮਾਇਣ** ਵਾ. ਚਿਤ ਕੀ ਏਕਾਗਰ ਬ੍ਰਿਤੀ ਗੁਰੋਂ ਕੇ ਉਪਦੇਸ ਰੂਪ ਦੂਧ ਕੋ ਚਿਤ ਮੇਂ ਜਮਾਨੇ ਵਾਸਤੇ ਮਾਨੋ ਦਹੀ ਕਾ ਜਾਮਣ ਹੈ।

**ਸੁਰਤਿ ਮਤਿ** ਸੰ. ਸ੍ਰੇਸ੍ਰ ਪ੍ਰੇਮ ਵਾਲੀ ਬੁਧੀ, ਯਥਾ- ਸੁਰਤਿ ਮਤਿ ਚਤੁਰਾਈ।

**ਸੁਰਤਿਆ** ਗੁ. ਪ੍ਰਮੇਸ੍ਵਰ ਮੇਂ ਸ੍ਰੇਸ੍ਰ ਰਤੀ ਵਾਲੇ ਭਗਤ ਜਨੋਂ ਕੋ, ਯਥਾ- ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ। ਸੰ. ਸੁਰਤਯ:। ਵਾ. ਸਾਸਤ੍ਰ ਪੜੇ ਗ੍ਯਾਨੀ ਜਨੋਂ ਕੋ ਇਸ ਮੇਂ ਯਹ ਬੀਜ ਹੈ। ਸੁਰਤੇ ਚਲੀ ਗ੍ਯਾਨ ਕੀ ਪਾਠ ਮੇਂ_ਸੁਰਤੇ ਸ੍ਰੋਤ੍ਰਿਯ ਕਾ ਨਾਮ ਹੈ, ਜਿਸ ਕਾ ਨਾਮ ਬ੍ਰਹਮ ਸ੍ਰੋਤ੍ਰਿਯ ਹੈ। ਸੰ. ਸ੍ਰੋਤ੍ਰਿਯ।

**ਸੁਰਤੀ ਸੁਰਤਿ** ਗੁ. ਪਰਮਾਤਮਾ ਮੇ ਬ੍ਰਿਤੀ ਲਾਵਣੀ।

**ਸੁਰਤੀ ਕੈ** ਗੁ. ਗਜ਼ਾਨਵਾਨੋਂ ਕੇ, ਯਥਾ- ਸੁਰਤੀ ਕੈ ਮਾਰਗਿ ਚਲਿ ਕੈ। ਸ੍ਰੋਤ੍ਰਿਯੋਂ ਕੇ ਮੂਲ।

**ਸੁਰਤੇ** ਦੇ. ਬੁਧੀਮਾਨੋ ਕੀ, ਯਥਾ- ਸੁਰਤੇ ਚੁਲੀ ਗਿਆਨ ਕੀ। ਬੁਧੀਮਾਨ, ਯਥਾ- ਕਵਨ ਸੁ ਸੁਰਤਾ ਕਵਨੁ ਜੜਾ। ਕੌਨ ਪੰਡਿਤ ਹੈ ਕੌਨ ਮੂਰਖ ਹੈ। ਪ੍ਰੇਮ ਕੇ, ਯਥਾ- ਸੁਰਤੀ ਕੈ ਮਾਰਗਿ ਚਲਿ ਕੈ। ਪੁਨਾ- ਸੁਰਤੀ ਸੁਰਤਿ। ਪ੍ਰਮਾਤਮਾ ਮੇਂ ਪ੍ਰੀਤੀ ਆਦਿ ਸੇ।

**ਸੁਰਪਸੀ** ਦੇ. ਸ੍ਰੇਸ੍ਰ ਰੰਗ੍ਯਾ ਜਾਵੇਗਾ।

**ਸੁਰਾ** ਸੰ. ਸਰਾਬ, ਯਥਾ- ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।

**ਸੁਰਾਪੀ** ਸੰ. ਸਰਾਬੀ।

**ਸੁਰਿ ਨਰ** ਗੁ. ਨਰੋਂ ਮੇਂ ਭੂ ਦੇਵ, ਯਥਾ- ਸੁਰਿ ਨਰ ਤਿਨ ਕੀ ਬਾਣੀ ਗਾਵਹਿ। ਦੇਵ ਔ ਮਨੁਖੋਂ ਕੋ, ਯਥਾ- ਸੁਰਿ ਨਰ ਨਾਥਹ ਨਾਥੁ ਤੂ।

**ਸੁਰਿਜਨ** ਸੰ. ਦੇਵਤਾ ਔ ਮਨੁਖਜ। ਗੁ. ਸ੍ਰੇਸ੍ਰ ਪ੍ਰਮੇਸ੍ਵਰ ਕੋ, ਯਥਾ- ਸੁਰਿਜਨ ਭਾਨੀ ਤਾਂ ਮਨੁ ਮੋਹਿਆ। ਸੰ. ਸੁਜਨ। ਸੁਰਜਨ, ਦੁਰਜਨ ਕੇ ਮੇਲ ਸੇ ਕਹਜ਼ਾ ਗਯਾ ਹੈ ਜੈਸੇ ਨਿਰਗੁਣ ਕੇ ਮੇਲ ਸੇ ਸਰਗੁਣ ਕਥਨ ਹੈ।

**ਸੁਰੂਟਾ** ਗੁ. ਸੁਰਬੀਰ।

**ਸੁਰੋਤ** ਦੇ. ਸੁਣਨਾ।

**ਸੁਰੋਦ** ਫਾ. ਰਬਾਬ।

**ਸੁਲਹੀ** ਦੇ. ਗੁਰੂ ਰਾਮਦਾਸ ਜੀ ਕੇ ਬਡੇ ਪੁਤ੍ਰ ਪ੍ਰਿਥੀਚੰਦ ਕਾ ਦੋਸਤ ਮੁਗਲ ਸਰਦਾਰ, ਯਥਾ- ਸੁਲਹੀ ਤੇ ਨਾਰਾਇਣ ਰਾਖੁ। ਪ੍ਰਿਥੀ ਚੰਦ ਜੀ ਕਾ ਅਪਨੇ ਛੋਟੇ ਭ੍ਰਾਤਾ ਗੁਰੂ ਅਰਜਨ ਸਾਹਿਬ ਜੀ ਸੇ ਬਿਰੋਧ ਥਾ ਇਸ ਲੀਏ ਗੁਰੂ ਜੀ ਕੋ ਅਮ੍ਰਿਤਸਰ ਸੇ ਨਿਕਸਵਾਨੇ ਹੇਤ ਜਹਾਂਗੀਰ ਕੇ ਮੁਨਸਬਦਾਰ ਸੁਲਹੀ ਸੇ ਸਲਾਹ ਕਰੀ, ਜਬ ਤੁਮ ਜੰਗਲ ਦੇਸ ਓਰ ਆਵੋ ਤਬ ਮੇਰੇ ਭਾਈ ਕੋ ਅਮ੍ਰਿਤਸਰ ਸੇ ਨਿਕਾਸੋ। ਦਿਲੀ ਸੇ ਚਲ ਲਹੌਰ ਜਾਤਾ ਸੁਲਹੀ ਗੁਰੂ ਕੇ ਕੋਠੇ ਪਹੁਚ ਆਵਾ ਲੱਗਾ ਦੇਖਨੇ ਗਯਾ। ਦਗਧ ਹੋ ਕਰ ਮੂਆ ਜਿਸ ਕੇ ਪਰਥਾਇ ਸੁਲਹੀ ਹੋਇ ਮੂਆ ਨਾਪਾਕ ਕਹਤਾ ਹੈ।

**ਸੁਲਤਾਨੁ** ਅ. ਚਕ੍ਰਵਰਤੀ ਪਾਤਸਾਹ, ਯਥਾ- ਸੁਲਤਾਨੁ ਹੋਵਾ ਮੇਲਿ ਲਸਕਰ।

**ਸਲੁੰਞੁ** ਗੁ. ਅਛੀ ਤਰਹ ਛੇਦਨ ਕਰਤਾ ਹੈ, ਯਥਾ- ਜਮਿ ਪਕਰੇ ਕਾਲਿ ਸਲੁੰਞੁ। ਜਮੋਂ ਕੇ ਪਕੜੇ ਹੁਏ ਜੀਵੋਂ ਕੋ ਕਾਲ, ਧਰਮਰਾਜ ਅਛੇ ਛੇਦਨ ਕਰਤਾ ਹੈ ਵਾ ਕਾਲ ਸਮੇ ਜਮੋਂ ਕੇ ਪਕਰੇ ਜੀਵ ਅਛੀ ਤਰਹ ਛੇਦਨ ਹੋਤੇ ਹੈਂ। ਸੰ. ਲੂਨ।

**ਸੁਲੋਨੜੀਏ** ਦੇ. ਹੇ ਸੁਧ ਬੁਧੀ ਰੂਪ ਸੁੰਦ੍ਰ ਨੇਤ੍ਰੋਂ ਵਾਲੇ ਸਿਖਯ। ਸੰ. ਸੁਲੋਚਨੇ।

**ਸੁਵੰਨੜੀ** ਪੰ. ਮੁ. ਸ੍ਰੇਸ੍ਟ ਰੰਗ ਵਾਲੀ ਦੇਹ, ਯਥਾ- ਸੰਗਿ ਸੁਵੰਨੜੀ ਦੇਹ।

**ਸੁਅਟਾ** ਦੇ. ਤੋਤਾ, ਸੁਕ, ਯਥਾ- ਤੂੰ ਪਿੰਜਰੁ ਹਉ ਸੁਅਟਾ ਤੋਰ।

**ਸੂਅਰ** ਫਾ. ਸੂਕਰ, ਯਥਾ- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ। ਸੰ. ਸੂਕਰ।

**ਸੂਆ** ਦੇ. ਤੋਤਾ, ਸੁਗਾ, ਯਥਾ- ਸੂਆ ਪੜਾਵਤ ਗਨਿਕਾ ਤਰੀ। ਪੁਨਾ- ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ। ਸੰ. ਸੁਕ। ਸੀਵਨੇ ਕਾ ਸੂਆ।

**ਸੂਇ** ਪੰ. ਬੱਚੇ ਦੇ ਕਰ, ਯਥਾ- ਪੰਖੀ ਸੂਇ ਬਹਿਠੁ। ਪੰਛੀ ਬੱਚੇ ਦੇ ਬੈਠੇ ਹੈਂ।

**ਸੂਈ** ਦੇ. ਸੀਵਨੇ ਕੀ ਸੂਈ, ਯਥਾ- ਸੁਇਨੇ ਕੀ ਸੂਈ। ਪੂ. ਬਿਆਈ ਪ੍ਰਸੂਤ ਹੂਈ।

**ਸੂਹਨੀ** ਦੇ. ਝਾੜੂ, ਬੁਹਾਰੀ, ਸੰਮਾਰ ਜਨੀ। ਸੰ. ਯਥਾ- ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ।

**ਸੂਹਬ** ਪੰ. ਲਾਲ ਰੰਗ ਵਾਲੀ ਭਾਵ ਮਾਯਕ ਰੰਗ ਵਾਲੇ ਭੇਖਧਾਰੀ, ਯਥਾ- ਸੂਹਬ ਸੂਹਬ ਸੂਹਵੀ। ਹੇ ਬਡੇ ਗੂਢੇ ਭੇਖ ਵਾਲੇ ਜਨੋਂ।

**ਸੂਹਵੀ** ਗੁ. ਲਾਲ ਰੰਗ ਵਾਲੀ ਭਾਵ ਸੇ ਮਾਯਿਕ ਪਦਾਰਥੋਂ ਕੇ ਪ੍ਰੇਮ ਵਾਲੀ, ਯਥਾ- ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ।

**ਸੂਹਵੀਏ** ਗੁ. ਹੇ ਸੂਹੇ ਵੇਸ ਵਾਲੇ ਜਨੋਂ ਅਰਥਾਤ ਹੇ ਗੇਰੂਏ ਬਸਤ੍ਰ ਜਟਾ ਧਾਰਨਾਦਿਕੋਂ ਵਾਲੇ ਪੁਰਖੋਂ, ਯਥਾ- ਸੂਹਵੀਏ ਨਿਮਾਣੀਏ।

**ਸੂਹਾ** ਦੇ. ਲਾਲ ਰੰਗ ; ਜਾਨਨੇ ਵਾਲਾ ਸੂਹੀਆ ਪ੍ਰਸਿਧ।

**ਸੂਹਾ ਵੇਸੁ** ਵਾ. ਕਸੁੰਭੇ ਕੇ ਰੰਗੇ ਕਪੜੇ ਭਾਵ ਸੇ ਬਿਚਾਰ ਬਿਨਾ ਜਟਾ ਧਾਰਨਾਦਿ ਵੇਸ, ਯਥਾ- ਸੂਹਾ ਵੇਸੁ ਵਿਕਾਰੁ। ਬਚਨਾਂਤਰ ਮੇਂ ਭੀ ਲਿਖਾ ਹੈ- ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ। ਪੁਨਾ- ਘਰ ਕੀ ਨਾਰਿ ਤਿਆਗੈ ਅੰਧਾ। ਪਰ ਨਾਰੀ ਸਿਉ ਘਾਲੈ ਧੰਧਾ।

**ਸੂਹੀ** ਦੇ. ਲਾਲ ਰੰਗ ਵਾਲੀ ਵਸਤੁ ; ਸੂਹੀ ਰਾਗਣੀ ਸਿਰੀਰਾਗ ਸਾਰਗ ਕਾਨੜਾ ਇਨ ਤੀਨ ਕੇ ਮੇਲ ਸੇ ਸੂਹੀ ਬਨੀ ਹੈ। ਸੰਪੂਰਣ ਹੈ। ਤੀਸੇ ਪਹਰ ਦਿਨ ਕੋ ਗਾਵਣੀ।

**ਸੂਕਹ** ਦੇ. ਸੁਕੇ।

**ਸੂਕਤ** ਦੇ. ਸੁਕਦੇ।

**ਸੂਕਰ** ਸੰ. ਸੂਰ, ਬਦ, ਯਥਾ- ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ।

**ਸੂਕਰਹ** ਦੇ. ਸੂਕਰ ਤੁਲ੍ਯ, ਯਥਾ- ਕਰਮ ਕਰਤ ਸਿ ਸੂਕਰਹ। ਜੋ ਕ੍ਰਿਆ ਕਰੇ ਹੈ ਸੋ ਪਦਾਰਥ ਰੂਪੀ ਪੁਰੀਖ ਹੇਤ ਕਰੇ ਹੈ, ਯਹ ਸੂਕਰ ਤੁਲਯ ਕਰਮ ਹੈ।

**ਸੂਕਾ** ਦੇ. ਖੁਸਕ। ਗੁ. ਦੁਖੀ, ਯਥਾ- ਬਿਨੁ ਨਾਵੈ ਸੂਕਾ ਸੰਸਾਰੁ। ਬਿਨਾ ਨਾਮ ਜਪਨੇ ਸੇ ਨਰਕ ਯੋਗਯ ਕਾਮ ਕਰਨੇ ਸੇ ਖੁਸਕ ਹੋ ਰਹੇ ਹੈਂ ਸਭ ਜੀਵ, ਕੋਈ ਸਬਜ ਨਹੀਂ। ਸੁਕੇ, ਯਥਾ- ਸੂਕੇ ਹਰੇ ਕੀਏ ਖਿਨ ਮਾਹੇ। ਜੋ ਦੁਖੀਏ ਔ ਸਕਤੀ ਹੀਨ ਥੇ ਸੋ ਸੁਖੀਏ ਔ ਸਕਤੀ ਸਹਤ ਕਰ ਦੀਏ ਗੁਰੋਂ ਨੇ।

**ਸੂਖ** ਦੇ. ਸੁਖ, ਯਥਾ- ਦੂਖ ਸੂਖ ਪ੍ਰਭ ਦੇਵਨਹਾਰੁ।

**ਸੂਖਨ** ਦੇ. ਸੁਖ ਨਹੀਂ, ਯਥਾ- ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ। ਸੁਕਾ, ਜੈਸੇ- ਰੂਖਨ ਸੂਖਨ ਭੋਜਨ ਕੈ।

**ਸੂਖਮ** ਸੰ. ਅਲਪ, ਬਰੀਕ ; ਅਧਯਾਤਮ ਵਸਤੁ ; ਅਣੂ ਪਰਿਮਾਣ ਵਾਲਾ। ਕ੍ਰਿਸ, ਯਥਾ- ਸੂਖਮ ਦੇਹ ਬੰਧਹਿ ਬਹੁ ਜਟੂਆ।

**ਸੂਖਮ ਮੂਰਤਿ** ਦੇ. ਮਨ ਬਾਣੀ ਕਾ ਅਵਿਖੇ ਹੋਨੇ ਸੇ ਦੁਰਲਖ ਵਸਤੁ, ਯਥਾ- ਸੂਖਮ ਮੂਰਤਿ ਨਾਮੁ ਨਿਰੰਜਨ। ਸੰ. ਸੂਖ੍ਮ ਮੂਰ੍ਤਿ।

**ਸੂਖੀ** ਗੁ. ਸੁਖੋਂ ਕਾ, ਯਥਾ- ਸੂਖੀ ਕਰੈ ਪਸਾਉ। ਸੁਖਾ ਕਾ ਪਸਾਰਾ ਕਰੇ ਹੈ।

**ਸੂਚਨ** ਸੰ. ਕਾਹੂ ਰੀਤਿ ਸੇ ਬਤਾਨਾ, ਜੈਸੇ ਯਾਤ੍ਰਾ ਸਮੇ ਵਾਮੇ ਬੋਲ ਕੇ ਗਧਾ ਮੰਗਲ ਸੂਚਨ ਕਰਤਾ ਹੈ।

**ਸੂਚੇ** ਦੇ. ਪਵਿਤ੍ਰ, ਯਥਾ- ਸਾਚੇ ਸੂਚੇ ਏਕ ਮਇਆ।

**ਸੂਝ** ਦੇ. ਦ੍ਰਿਸ੍ਟੀ ਬਿਚਾਰ ਕੀ, ਯਥਾ- ਸੂਝ ਬੂਝ ਨ ਆਵੈ।

**ਸੁਝਸਿ** ਪੰ. ਦਿਖਾਈ ਦੇਤਾ।

**ਸੁਝਤ** ਦੇ. ਦੀਖਤਾ ; ਜਾਨ ਪੜਤਾ।

**ਸੁਝਿਆ** ਪੰ. ਦੀਖ ਪੜਾ।

**ਸੁਝੈ** ਦੇ. ਦਿਖਾਈ ਪੜੇ, ਯਥਾ- ਸਮਝੈ ਸੁਝੈ ਪੜਿ ਪੜਿ ਬੁਝੈ। ਪੁਨਾ- ਲੋਚਨ ਕਛੂ ਨ ਸੁਝੈ। ਪੁਨਾ- ਸਤਗੁਰੁ ਮਿਲੈ ਤ ਆਖੀ ਸੁਝੈ।

**ਸੂਤਕੁ** ਸੰ. ਜਨਮ ; ਜਨਮ ਮਰਨ ਸੰਬੰਧੀ ਅਸੁਧੀ, ਯਥਾ- ਜੇ ਕਰਿ ਸੂਤਕੁ ਮੰਨੀਐ। ਜੇਕਰ ਜਨਮ ਤਥਾ ਮਰਨੇ ਸੰਬੰਧੀ ਅਸੁਧੀ ਓਰ ਖਿਆਲ ਕਰੀਏ, ਤਬ ਚੂਲੇ ਮੇਂ ਜਲਾਨੇ ਯੋਗਯ ਗੋਹੇ ਲਕੜੀ ਆਦਿ ਚੀਜੋਂ ਮੇਂ ਅਨੇਕ ਜੀਵੋਂ ਕੇ ਜਨਮ ਮਰਨ ਕੇ ਸੂਤਕ ਸੇ ਖਾਨ ਪਾਨਾਦਿ ਬਯਵਹਾਰ ਹੀ ਰੁਕ ਜਾਵੇਂਗੇ। ਮਨੁਖ ਕੇ ਜਨਮਾਦਿਕੋਂ ਸੇ ਹੀ ਸੂਤਕ ਹੋਤਾ ਹੈ, ਆਨ ਕੇ ਸੇ ਨਹੀਂ। ਯਹ ਭੀ ਗਊ ਭੈਸ ਕੇ ਦੂਧ ਕਾ ਸੂਤਕ ਮਾਨਨੇ ਵਾਲੇ ਕਹ ਨਹੀ ਸਕੇਂ। ਯਾਤੇ ਤਿਨੋ ਤੁਲਯ ਇਤਰ ਜੀਵੋਂ ਕਾ ਸੂਤਕ ਮਾਨੇ ਖਾਨ ਪਾਨਾਦਿਕੋਂ ਕੀ ਅਸਿਧੀ ਹੋਗੀ। ਤਾ ਤੇ ਸੂਤਕ ਨਾਸ ਕਰਤਾ ਗਯਾਨ ਹੈ, ਆਨ ਕਰਮ ਨਹੀਂ, ਯਥਾ- ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।

**ਸੂਤੁ** ਦੇ. ਤਾਣਾ ਬੁਣਨੇ ਯੋਗਯ, ਯਥਾ- ਹਮ ਘਰਿ ਸੂਤੁ ਤਨਹਿ ਨਿਤ ਤਾਨਾ। ਜਨੇਊ, ਯਥਾ- ਸੂਤੁ ਪਾਇ ਕਰੇ ਬੁਰਿਆਈ। ਆਤਮ ਸਤਾ ਮੇਂ, ਯਥਾ- ਏਕੈ ਸੂਤਿ ਪਰੋਏ ਮਣੀਏ। ਦੇ. ਜੰ. ਅੱਛਾ, ਯਥਾ- ਬਾਹਰਿ ਸੂਤੁ ਸਗਲ ਸਿਉ ਮਉਲਾ। ਬਾਹਰ ਸੇ ਅਛੀ ਤਰਹ ਹਮ ਸਗਲ ਜਨੋਂ ਕੇ ਸਾਥ ਮਉਲਾ, ਪ੍ਰਫੁਲਤ ਰਹਤੇ ਹੈਂ ਪਰੰਤੂ ਚਿਤ ਸੇ ਕਾਹੂ ਸਾਥ ਅਨੁਰਾਗ ਨਹੀ ਕਰਤੇ। ਜਲ ਗਤ ਕਮਲ ਵਤ ਅਲੇਪ ਰਹੇ ਹੈਂ। ਸੰ. ਸਾਰਥੀ ; ਤਖਾਣ ; ਛੱਤ੍ਰੀ ਸੇ ਬ੍ਰਹਮਣੀ ਕਾ ਪੁਤ੍ਰ ; ਨੀਮਖਾਰਨਯ (ਨੈਮਿਸ਼ਾਰਣਯ) ਮੇਂ ਅਠਾਸੀ ਹਜਾਰ ਰਿਖੀਯੋਂ ਕੋ ਕਥਾ ਸੁਨਾਨੇ ਵਾਲਾ ਬਯਾਸ ਜੀ ਕਾ ਸਿਖਯ ਯਹੀ ਜਾਤੀ ਥਾ ; ਬੰਦੀ ਜਨ ; ਪਾਰਾ ਧਾਤੁ ; ਪ੍ਰਸੂਤ ਭਯਾ।

**ਸੁਤੇ** ਦੇ. ਸੋਏ, ਯਥਾ- ਸੁਤੇ ਗਏ ਮੁਹਾਇ। ਸੋਈ, ਯਥਾ- ਜਗਤ ਸਿਉ ਸੁਤੀ। ਸੋਯਾ, ਯਥਾ- ਸੁਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ।

**ਸੂਦੁ** ਦੇ. ਸੂਦ੍ਰ, ਯਥਾ- ਸੂਦੁ ਸੂਦੁ ਕਰਿ ਮਾਰਿ ਉਠਾਇਓ। ਫਾ. ਬਯਾਜ। ਦੇ. ਸੂਦ ਜਾਤਿ ਜੋ ਸੂਤੋਂ ਸੇ ਬਨੀ ਜਾਨ ਪੜਤੀ ਹੈ, ਯਾਤੇ ਬਰਣ ਸੰਕਰ ਹੈਂ ਸੂਦ ਲੋਕ।

**ਸੂਧ** ਗੁ. ਸੋਝੀ।

**ਸੂਧੇ** ਦੇ. ਸੀਧਾ, ਰਿਜੁ ; ਸੀਧੇ, ਯਥਾ- ਸੂਧੇ ਸੂਧੇ ਰੇਗਿ ਚਲਹੁ।

**ਸੂਨੋ** ਦੇ. ਖਾਲੀ। ਸੰ. ਸੁਨਯ।

**ਸੂਪ** ਸੰ. ਦਾਲ। ਦੇ. ਛਜ। ਸੰ. ਸੂਰ੍ਪ ।

**ਸੂਪਕਾਰ** ਦੇ. ਰਸੋਈਆ।

**ਸੂਫੁ** ਦੇ. ਖਫਨੀ, ਫਕੀਰੋਂ ਕਾ ਚੋਲਾ, ਯਥਾ- ਕੰਨਿ ਮੁਸਲਾ ਸੂਫੁ ਗਲਿ।

**ਸੂਮ** ਫਾ. ਕ੍ਰਿਪਣ, ਬਦੀ ਕਰਣੇ ਵਾਲਾ। ਸੰ. ਖੀਰ ; ਆਕਾਸ।

**ਸੂਰ** ਸੰ. ਸੂਰਜ ; ਸੂਰਮਾ।

**ਸੂਰ ਅਜਿਤ** ਦੇ. ਅਜੀਤ ਸੂਰਮੇਂ ਹੈਂ।

**ਸੂਰ ਸਸਿ** ਸੰ. ਸੂਰਜ ਚੰਦ ਕਾ, ਯਥਾ- ਨ ਸੂਰ ਸਸਿ ਮੰਡਲੋ।

**ਸੂਰ ਸਬਦ** ਵਾ. ਸੂਰਜ ਵਤ ਪ੍ਰਕਾਸ ਕਰਨੇ ਵਾਲਾ ਉਪਦੇਸ।

**ਸੂਰਜ** ਦੇ. ਦਿਵਾਕਰ ; ਅੱਕ ਕਾ ਪੇਡ ; ਦਾਨਵ ਬਿਸੇਖ। ਸੰ. ਸੂਰਯ।

**ਸੂਰਤ** ਅ. ਆਕਾਰ, ਯਥਾ- ਸੂਰਤਿ ਮੂਰਤਿ। ਮੂਰ ਕਾ ਆਕਾਰ।

**ਸੂਰਤਣ** ਦੇ. ਸੂਰਬੀਰਤਾ, ਯਥਾ- ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।

**ਸੂਰਪ** ਸੰ. ਛੱਜ ਛਜ ਜੈਸੇ ਬਡੇ ਨਖ ਦੇਖ ਰਾਵਣ ਕੀ ਭਗਨੀ ਕਾ ਨਾਮ ਸੂਰਪ ਨਖਾ ਰਖਾ ਜੈਸੇ ਬਿੱਲੀਆਂ ਅੱਖਾਂ ਦੇਖ ਰਾਕਸੋਂ ਨਾਮ ਬਿਡਾਲਾਛ ਕਹਿਆ ਹੈ।

**ਸੂਰਬੀਰ** ਸੰ. ਸੂਰੋਂ ਮੇਂ ਸੂਰ ਭਾਵ ਬਡੇ ਸੂਰਮੇਂ ਨੇ, ਯਥਾ- ਸੂਰਬੀਰ ਵਰੀਆਮ ਕਿਨੈ ਨ ਹੋੜੀਐ।

**ਸੂਰਾ** ਦੇ. ਬੀਰ, ਯਥਾ- ਸੂਰਾ ਸੋ ਪਹਿਚਾਨੀਐ।

**ਸੂਰਿ** ਸੰ. ਪੰਡਿਤ।

**ਸੂਰਿਆ** ਪੰ. ਸੂਰਮਿਆਂ ਬਹਾਦਰਾਂ ਕਾ, ਯਥਾ- ਮਰਣੁ ਮੁਣਸਾ ਸੂਰਿਆ ਹਕੁ ਹੈ।

**ਸੂਰੀ** ਦੇ. ਸੂਲੀ, ਯਥਾ- ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ। ਸੂਰਨੀ।

**ਸੂਰੀਜੈ** ਗੁ. ਸੂਰਜ ਕੋ, ਯਥਾ- ਜਿਉ ਚਕਵੀ ਦੇਖਿ ਸੂਰੀਜੈ।

**ਸੂਲ** ਸੰ. ਸੂਲ ਰੋਗ, ਬੀਲਾ ; ਮਹਾਦੇਵ ਕਾ ਤ੍ਰਿਸੂਲ। ਦੇ. ਬੰਬੂਲ ਕਾ ਕਾਂਟਾ।

**ਸੂਲਾਂ** ਦੇ. ਦੁਖਾਂ ਸਾਥ, ਯਥਾ- ਸੂਲਾਂ ਸੇਤੀ ਰਾਤਿ।

**ਸੂਲਾ** ਦੇ. ਕੰਡਾ ਗਰਭ ਰੂਪ, ਯਥਾ- ਕਰੈ ਗੁਮਾਨੁ ਚੁਭਹਿ ਤਿਸੁ ਸੂਲਾ।

**ਸੂਲਾਕੁ** ਦੇ. ਛਿਦ੍ਰ, ਯਥਾ- ਬਹੁਰਿ ਸੂਲਾਕੁ ਨ ਹੋਈ। ਜਿਸ ਕੋ ਸਰਾਫ ਵਤ ਗੁਰੁ ਪ੍ਰਮੇਸੁਰ ਪਰਖ ਲੇਵੇ। ਉਸ ਕੋ ਫੇਰ ਧਰਮਰਾਜਾਦਿਕੋਂ ਕੇ ਸਥਾਨੋਂ ਮੇਂ ਦੁਖ ਨਹੀਂ ਹੋ ਸਕੇ। ਫਾ. ਸੂਰਾਕ।

**ਸੂਲੀ** ਦੇ. ਸੂਲੀ ਪੈ।

**ਸੂਲੀਆ** ਦੇ. ਪੀੜਾਂ, ਯਥਾ- ਸੋਈ ਜਾਣਨਿ ਸੂਲੀਆ।

**ਸੇ** ਦੇ. ਵਹੁ, ਯਥਾ- ਸੁਪੇਦਾ ਸੇ ਵੰਨ। ਪੰ. ਥੇ, ਜੈਸੇ- ਕਹਾ ਗਏ ਸੇ।

**ਸੇ ਕੰਮੜੇ** ਵਾ. ਵਹੁ ਮਾੜੇ ਕਾਮ।

**ਸੇ ਗੁਣ** ਵਾ. ਵਹੁ ਗੁਣ, ਯਥਾ- ਸੇ ਗੁਣ ਮੰਞੁ ਨ ਆਵਨੀ।

**ਸੇ ਘਰ** ਵਾ. ਵਹੁ ਘਰ, ਯਥਾ- ਸੇ ਘਰ ਭਾਗਠ ਦੇਖੁ।

**ਸੇ ਭੀ** ਵਾ. ਵਹੁ ਭੀ, ਯਥਾ- ਸੇ ਭੀ ਢਹਦੇ ਡਿਠੁ ਮੈ।

**ਸੇਉ** ਦੇ. ਸੇਵਨੇ ਯੋਗਯ, ਯਥਾ- ਨਾ ਇਹੁ ਜਤੀ ਕਹਾਵੈ ਸੇਉ। ਸੇਵੋ। ਦੇ. ਸੇਉ ਮੇਵਾ।

**ਸੇਇ** ਦੇ. ਵਹੁ।

**ਸੇਈ** ਦੇ. ਵਹੀ, ਯਥਾ- ਸੇਈ ਸਾਹ ਭਗਵੰਤ ਸੇ। ਪੁਨਾ- ਸੇਈ ਤਾ ਲਾਜੀਅਹਿ।

**ਸੇਸ** ਦੇ. ਸੇਖਨਾਗ।

**ਸੇਕ** ਪੰ. ਤਪਤ, ਯਥਾ- ਲਗਨਿ ਦੇਤ ਨ ਸੇਕ। ਸੰ. ਜਲ ਕਾ ਸਿੰਚਨ।

**ਸੇਖ** ਫਾ. ਗੁਰੂ ; ਬ੍ਰਿਧ, ਬੂਢਾ ; ਮਹੰਤ ; ਮੁਸਲਮਾਨੋ ਮੇਂ ਸੂਦ੍ਰੋਂ ਕੇ ਠਿਕਾਨੇ ਏਕ ਜਾਤਿ ਹੈ, ਜਿਸ ਮੇਂ ਧੋਬੀ ਪੇਂਜੇ ਮੋਚੀ ਜੁਲਾਹੇ ਆਦਿ ਸਭੀ ਹੈਂ। ਸੰ. ਸੇਸਨਾਗ, ਯਥਾ- ਸੇਖਨਾਗਿ ਤੇਰੋ ਮਰਮੁ ਨ ਜਾਨਾਂ। ਬਾਕੀ, ਜੈਸੇ- ਸੇਖ ਧਨ।

**ਸੇਖਾ** ਫਾ. ਹੇ ਸੇਖ, ਯਥਾ- ਆਖੀਂ ਸੇਖਾ ਬੰਦਗੀ। ਯਵਨ ਪਾਤਸਾਹੋਂ ਕੀ, ਯਥਾ- ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ। ਹੇ ਹਰੇ ! ਆਪ ਕੀ ਇਛਾ ਸੇ ਜਬ ਯਵਨ ਪਾਤਸਾਹੋਂ ਕਾ ਸਮਾ ਆਯਾ ਆਪ ਕਾ ਨਾਮ ਉਨ ਲੋਗੋਂ ਕੇ ਮੁਖ ਮੇਂ ਅੱਲਾ ਪ੍ਰਸਿਧ ਹੂਆ ; ਬਿਸੇਖਤਾ, ਯਥਾ- ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ। ਨਿਸਚੇ ਬਿਨਾ ਕਿਆ ਬਿਸੇਖਤਾ ਹੈ ਭਾਵ ਕੁਛ ਨਹੀਂ।

**ਸੇਂਘ** ਗੁ. ਸਿੰਘ ਕਰੇ ਹੈ, ਯਥਾ- ਜੈਸੇ ਪਾਲਨ ਸਰਨਿ ਸੇਂਘ। ਜੈਸੇ ਸਰਨਾਗਤ ਕੀ ਪਾਲਨਾ ਸੇਰ ਕਰੇ ਹੈ, ਤੈਸੇ ਪ੍ਰਮੇਸ੍ਰ ਕਰੇ ਹੈ।

**ਸੇਜ ਸੁਹਾਵੀ** ਵਾ. ਅਪਨੇ ਸਾਥ ਪ੍ਰਮੇਸ੍ਰ ਕੋ ਏਕ ਰੂਪ ਜਾਨ ਕੇ ਬੁਧੀ ਸੇਜਾ ਸੋਭਾ ਵਾਲੀ ਹੁਈ।

**ਸੇਜ ਵਾਲੂਆ** ਗੁ. ਸੇਜਬੰਦ ਬਾਸਕੀ ਨਾਗ, ਯਥਾ- ਬਾਸਕੁ ਸੇਜ ਵਾਲੂਆ। ਯਹ ਸੰਭਾਵਨਾ ਹੈ ਜਿਸ ਕਾ ਨਾਮ ਉਤਪ੍ਰੇਖ੍ਯਾ ਹੈ।

**ਸੇਜੈ** ਦੇ. ਸਿਹਜਾ। ਸੰ. ਸੱਯਾ। ਸੇਜ ਮੇਂ, ਯਥਾ- ਸੇਜੈ ਰਮਤੁ ਨੈਨ ਨਹੀ ਪੇਖਉ।

**ਸੇਤਜ** ਦੇ. ਪਸੀਨੇ ਸੇ ਉਪਜੇ ਜੀਵੋਂ ਕੀ ਖਾਣ। ਸੰ. ਸ੍ਵੇਦਜ।

**ਸੇਤੀ** ਦੇ. ਸਾਥ, ਯਥਾ- ਤਿਨ੍ ਨੇਹੁ ਲਗਾ ਰਬ ਸੇਤੀ।

**ਸੇਤੁ** ਸੰ. ਪੁਲ, ਜੈਸੇ- ਸੇਤੁ ਕਰੇ ਜਿਨ ਸਾਗਰ ਪੈ।

**ਸੇਤੁ** ਦੇ. ਸੁਕਲ, ਯਥਾ- ਸਿਆਹਹੁ ਹੋਆ ਸੇਤੁ। ਰੁਪਾ ਧਾਤੁ। ਸੰ. ਸ੍ਵੇਤ।

**ਸੇਧ** ਗੁ. ਸੀਧਾ। ਪੰ. ਨਿਸਾਨੀ, ਜੈਸੇ- ਅਮੁਕ ਚੀਜ ਕੀ ਸੇਧ ਬਤਾਓ।

**ਸੇਨ** ਸੰ. ਸੈਨਾ, ਫਉਜ। ਗੁ. ਸਰੀਖੇ ਨਾ ਰਹੇ, ਯਥਾ- ਜਿਨ ਮਿਲਿਆ ਪਾਥਰ ਸੇਨ। ਜਿਨ ਮਹਾਤਮਾ ਸੇ ਮਿਲ ਕੇ ਪਥਰੋਂ ਸਰੀਖੇ ਨਾ ਰਹੇ।

**ਸੇਨਾ** ਸੰ. ਫਉਜ।

**ਸੇਬਰਿ** ਦੇ. ਸਿੰਬਲ ਤਰੁ, ਯਥਾ- ਨਾਲੀਏਰ ਫਲੁ ਸੇਬਰਿ ਪਾਕਾ।

**ਸੇਮ** ਫਾ. ਤੀਨ ਅਰਥਾਤ ਤ੍ਰਿਗੁਣ ਵਿਕਾਰ, ਯਥਾ- ਦੋਮ ਨ ਸੇਮ ਏਕ ਸੋ ਆਹੀ।

**ਸੇਰ** ਫਾ. ਸਿੰਘ, ਯਥਾ- ਬੁਰਿਆਈ ਹੋਇ ਸੇਰੁ। ਸੇਰ ਭਰ ਮਾਪ, ਯਥਾ- ਦੁਇ ਸੇਰ ਮਾਂਗਉ ਚੂਨਾ।

**ਸੇਲ** ਪੰ. ਸੇਲੀ ਅਰਥਾਤ ਕਾਲੇ ਤਾਗਜ਼ੋਂ ਕੀ ਮਾਲਾ ਜਿਸ ਕੋ ਮੁਸਲਮਾਨ ਫਕੀਰ ਗਲ ਮੇਂ ਰਖਤੇ ਹੈਂ। ਸਾਧ ਵੇਸ ਕਰਨੇ ਸਮੇਂ ਗੁਰੂ ਨਾਨਕ ਜੀ ਨੇ ਭੀ ਤੁਲਸੀ ਰੁਦ੍ਰਾਖ ਕੀ ਮਾਲਾ ਛੋਡ, ਊਚੀ ਟੋਪੀ ਚੋਲਾ ਅਰ ਸੇਲੀ ਪਹਰੀ ਜਿਸ ਕਾ ਅਬ ਪ੍ਰਯੰਤ ਡੇਰੇਦਾਰ ਉਦਾਸੀ ਸਾਧੋਂ ਮੇਂ ਪ੍ਰਚਾਰ ਹੈ। ਇਸ ਵੇਸ ਕੀ ਗਵਾਹੀ 'ਉਦਾਸੀ ਕੀ ਰੀਤਿ ਚਲਾਈ' ਲਿਖ ਕਰ ਗੁਰੂ ਅਰਜਨ ਜੀ ਕੇ ਸਮੇ ਭਾਈ ਗੁਰਦਾਸ ਜੀ ਨੇ ਦਈ ਹੈ। ਅਰ ਉਸੀ ਨੇ 'ਪਹਰ ਸੰਸਾਰੀ ਕਪੜੇ ਭੇਖ ਉਦਾਸੀ ਸਗਲ ਉਤਾਰਾ' ਲਿਖਾ ਹੈ। ਯਾ ਤੇ ਗੱਦੀ ਨਿਸੀਨ ਗੁਰੂ ਅੰਗਦ ਸਾਹਬ ਜੀ ਮੇਂ ਇਸ ਵੇਸ ਕਾ ਲੇਸ ਨਹੀਂ ਆਇਆ ਕਿਉਕੇ ਕਰਤਾਰਪੁਰ ਮੇਂ ਆ ਕਰ ਗੁਰੂ ਜੀ ਨੇ ਵਹੁ ਵੇਸ ਤਿਆਗਿਆ। ਊਹਾ ਹੀ ਗੁਰੂ ਅੰਗਦ ਸਾਹਬ ਜੀ ਕੋ ਸਿੰਘਾਸਨ ਦੀਆ। ਕੇਵਲ ਨਿਰਮਲ ਵੇਸ ਦੀਆ। ਜਿਸ ਕਾ ਅਬ ਪ੍ਰਯੰਤ ਪ੍ਰਚਾਰ ਹੈ ਸੋ ਭੀ ਗੁਰਦਾਸ ਜੀ ਨੇ ਲਿਖਾ ਹੈ- 'ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ। ਥਾਪਿਆ ਲਹਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।' ਇਸ ਬਚਨ ਸੇ ਯਹ ਭੀ ਜਾਨ ਪੜਤਾ ਹੈ ਲਖਮੀ ਦਾਸ ਜੀ ਕੇ ਬੰਸ ਕੇ ਵੇਦੀ ਸਾਹਬਯਾਦੇ ਜੋ ਗਲ ਮੇਂ ਸੇਲੀ ਰਖਤੇ ਹੈ ਸੋ ਗੁਰੂ ਜੀ ਸੇ ਨਹੀਂ ਮਿਲੀ। ਗੁਰੂ ਜੀ ਵਾਲਾ ਵੇਸ ਸਿਰੀਚੰਦ ਜੀ ਨੇ ਕਰ ਲੀਆ ਥਾ। ਉਨ ਸੇ ਮਿਲਾ ਹੂਆ ਹੈ। ਗੁਰੂ ਜੀ ਕੀ ਉਦਾਸੀ ਵੇਸ ਭੀ ਸੇਲੀ ਟੋਪੀ ਗੇਰੂ ਹਿਰਮਚੀ ਯਾ ਮਜੀਠ ਕਾ ਰੰਗ ਹੂਆ ਲੰਬਾ ਚੋਲਾ ਮਾਤ੍ਰ ਥਾ ਔਰ ਕੋਈ ਚੀਜ ਨਹੀਂ ਥੀ। ਜੋ ਮਾਤ੍ਰਾ ਮੇਂ ਲਿਖੇ ਗਏ ਹੈਂ ਵਹੁ ਗੁਰੂ ਨਾਨਕ ਜੀ ਕੇ ਸੇਵਕ ਫਕੀਰੋਂ ਕੇ ਹੈਂ। ਸੋਈ ਸਪਸ੍ਟ ਹੈਂ ਮਾਤ੍ਰਾ ਮੈਂ- ਤੋੜਾ ਚੂੜਾ ਔਰ ਜੰਜੀਰ। ਪਹਰੇ ਨਾਨਕ ਸਾਹ ਫਕੀਰ। ਅਰਥ ਤੋੜਾ ਚੂੜਾ ਜੰਜੀਰ ਤਥਾ ਜੋ ਕੁਛ ਮਾਤ੍ਰਾ ਮੇਂ ਲਿਖਾ ਹੈ ਸੋ ਸਭ ਨਾਨਕ ਸਾਹ ਅਰਥਾਤ ਗੁਰੂ ਨਾਨਕ ਪਾਤਸਾਹ ਕੇ ਉਦਾਸੀ ਵੇਸ ਵਾਲੇ ਫਕੀਰ, ਸੰਤ ਪਹਰਤੇ ਹੈਂ। ਗੁਰੂ ਜੀ ਨੇ ਨਹੀਂ ਪਹਰੇ ਕਿਉਂਕਿ ਗੁਰੂ ਗ੍ਰੰਥ ਜੀ ਕੇ ਪਾਠ ਮੇਂ ਉਦਾਸੀ ਕਾ ਲਖਣ ਲਿਖਾ ਹੈ- ਸੋ ਉਦਾਸੀ ਜਿ ਪਾਲੇ ਉਦਾਸੁ। ਅਰਧ ਉਰਧ ਕਰੇ ਨਿਰੰਜਨ ਵਾਸੁ। ਚੰਦ ਸੂਰਜ ਕੀ ਪਾਏ ਗੰਢਿ। ਤਿਸੁ ਉਦਾਸੀ ਕਾ ਪੜੈ ਨ ਕੰਧੁ। ਐਸੇ ਪਰਮ ਵਿਰਕ੍ਤ

ਪੁਰਖ ਕਾ ਨਾਮ ਉਦਾਸੀ ਸੂਚਨ ਕੀਆ ਹੈ ਜਿਸ ਮਹਾਤਮਾ ਸੇ ਸਾਮਾਨ ਚਿੰਨ ਮਾਤ੍ਰ ਬਿਨਾ ਅਧਿਕ ਤੋੜੇ ਚੂੜੇ ਆਦਿ ਵਸਤੁ ਕਾ ਧਾਰਣ ਨਾ ਹੋ ਸਕੇ। ਯਾ ਤੇ ਗੁਰੂ ਜੀ ਨੇ ਔਰ ਕੋਈ ਵਸਤੁ ਨਹੀਂ ਧਾਰਣ ਕਰੀ। ਓਤਾ ਹੀ ਵੇਸ ਥਾ ਸੋ ਪੁਰਬ ਲਿਖਾ ਗਯਾ ਹੈ। ਵਹੁ ਭੀ ਮੁਸਲਮਾਨੋ ਵਾਲਾ ਇਸ ਵਾਸਤੇ ਕੀਆ ਸਰਬ ਦੇਸੋਂ ਮੇਂ ਬਿਚਰਨ ਸਮੇਂ ਯਵਨੋਂ ਕੇ ਦੇਸ ਮੇਂ ਰੋਕ ਟੋਕ ਨਾ ਰਹੇ। ਹਿੰਦੂ ਮਤੋਂ ਵਾਲੇ ਪ੍ਰਸਿਧ ਵੇਸੋਂ ਮੇਂ ਸੇ ਕੋਈ ਇਸ ਲੀਏ ਨਹੀਂ ਧਾਰਨ ਕੀਆ। ਜਿਸ ਕੋ ਗੁਰੂ ਜੀ ਧਾਰਣ ਕਰਤੇ ਉਸੀ ਵੇਸ ਵਾਲੇ ਅਪਨੀ ਸੰਪ੍ਰਦਾਯ ਕੇ ਥਾਪ ਲੇਤੇ ਗੁਰੂ ਜੀ ਕਾ ਭਿੰਨ ਵੇਸ ਵਾਲਾ ਸੰਪ੍ਰਦਾਯ ਹੀ ਨਾ ਮਲੂਮ ਹੋਤਾ। ਸੈਲ ਹੇਤ ਸੇਲੀ ਟੋਪੀ ਵੇਸ ਕੀਆ। ਸੈਲ ਸਮਾਪਤ ਕਰ ਉਤਾਰ ਧਰਾ। ਜੈਸੇ ਅਤੀਤ ਕਾ, ਉਚ ਕੇ ਪੀਰੋਂ ਕਾ, ਡੋਗਰੋਂ ਕਾ ਯੇ ਵੇਸ ਗੁਰੂ ਦਸਮੇ ਪਾਤਸਾਹ ਜੀ ਨੇ ਉਤਾਰ ਧਰੇ। ਸਰਬ ਦਾ ਕਾਲ ਗੁਰੂ ਜੀ ਨੇ ਸੁਪੈਦ ਵੇਸ ਰਖਾ ਜੋ ਵਰਤਮਾਨ ਕਾਲ ਮੇਂ ਸੁਪੈਦ ਪੋਸ ਸਿੱਖੋਂ ਮੇਂ ਹੈ। ਉੱਚ ਕੇ ਪੀਰੋਂ ਵਾਲਾ ਨਿਹੰਗੋਂ ਨੇ ਧਾਰਿਆ। ਅਤੀਤ ਵੇਸ ਨਿਰਮਲਿਓਂ ਨੇ ਧਾਰਿਆ ਡੋਗਰੋਂ ਵਾਲਾ ਕਿਸੇ ਨੇ ਨਹੀਂ ਧਾਰਿਆ। ਕਈ ਵੇਸ ਸਿੱਖੋਂ ਸੇ ਚਲੇ ਹੈਂ। ਜੈਸੇ ਸੁਥਰਾਸਾਹ ਸੇ ਸੁਥਰਿਓਂ ਕਾ, ਹਰੀਏ ਬਾਲੇ ਸੇ ਦਿਵਾਨਿਓਂ ਕਾ, ਰਾਮ ਸਿੰਘ ਸੇ ਕੂਕਿਓਂ ਕਾ, ਦਿਆਲ ਸਿੰਘ ਸੇ ਨਿਰੰਕਾਰੀਓਂ ਕਾ, ਕਨੱਈਆ ਲਾਲ ਸੇ ਅੱਡਨਸਾਹੀਓਂ ਕਾ। ਰੱਸੀ ਪਾ ਕੇ, ਯਥਾ- ਨਾਮਾ ਪ੍ਰਣਵੈ ਸੇਲ ਮਸੇਲ। ਗਊ ਕੇ ਪਾਓਂ ਮੇਂ ਰਸੀ ਭਾਵ ਨਜਾਣਾ ਮਸੇਲ, ਮੇਲ ਕੇ ਵਹੁ ਪ੍ਰਮੇਸੂਰ ਪ੍ਰੇਰਣਾ ਸੇ ਨਾਮੇ ਨੇ ਦੁਹਾਈ ਦਈ ਬਛਰਾ ਮੇਲ ਕੇ।

**ਸੇਲਾ** ਪੰ. ਨੇਜਾ। ਦੇ. ਦ. ਜਰੀਦਾਰ ਕਪੜਾ ਬਿਸੇਖ।

**ਸੇਵ** ਦੇ. ਸੇਵਾ।

**ਸੇਵਉ** ਦੇ. ਸੇਵੋਂ, ਯਥਾ- ਸੇਵਤ ਸੇਵਿ ਸੇਵਿ ਸਾਧ ਸੇਵਉ।

**ਸੇਵਕ ਸਾਜ** ਵਾ. ਸੇਵਕ ਭਾਵ ਸਾਜ ਕੇ।

**ਸੇਵਕਾਣ** ਗੁ. ਸੇਵਕ।

**ਸੇਵਕਿ** ਸੰ. ਸੇਵਾ ਕਰਨੇ ਵਾਲਾ ; ਗੁਰੋਂ ਕਾ ਜਸ ਕਰਤਾ ਏਕ ਭਾਟ ਕਵਿ, ਯਥਾ- ਸੇਵਕਿ ਦਾਸਿ ਕਹਿਓ ਇਹੁ ਤਥੁ।

**ਸੇਵਤ** ਸੰ. ਸੇਵਿਆ ਹੂਆ।

**ਸੇਵਦਾਰ** ਮਿ. ਸੇਵਾ ਕਰਨੇ ਵਾਲਾ, ਯਥਾ- ਪੂਜਾ ਸਤਿ ਸਤਿ ਸੇਵਦਾਰ।

**ਸੇਵਦਿਆ** ਗੁ. ਸੇਵਨ ਕਰਤੇ ਕੋ, ਜੈਸੇ- ਸੇਵਦਿਆ ਸੁਖ ਭੁੰਚ।

**ਸੇਵਧਿ** ਸੰ. ਨਿਧਿ, ਜੈਸੇ- ਪ੍ਰਮੇਸੂਰ ਗੁਣ ਸੇਵਧਿ ਹੈ।

**ਸੇਵੰਨ** ਦੇ. ਸੇਵਤੇ ਹੈਂ, ਯਥਾ- ਜੋ ਸਤਿਗੁਰੁ ਸੇਵੰਨਿ। ਪੰ. ਵਹੀ ਰੰਗ, ਯਥਾ- ਸੁਪੇਦਾ ਸੇ ਵੰਨ।

**ਸੇਵਾ** ਸੰ. ਟਹਲ, ਖਿਜਮਤ, ਯਥਾ- ਗੁਰ ਕੀ ਸੇਵਾ ਗੁਰ ਭਗਤਿ ਹੈ। ਪਖਾ, ਪਾਨੀ, ਚਰਣ ਚਾਪਨਾਦਿ ਗੁਰੋਂ ਕੀ ਸੇਵਾ ਕਰਨੀ ਹੀ ਗੁਰੁ ਭਗਤੀ ਕਹਾਤੀ ਹੈ।

**ਸੇਵਾ ਸੁਰਤਿ** ਗੁ. ਸੇਵਾ ਕਰਨੇ ਮੈਂ ਪ੍ਰੀਤੀ।

**ਸੇਵਾ ਚਾ ਕਰੀ** ਵਾ. ਸੇਵਾ ਚਾਉ ਕਰਕੇ ਕਰੀ ਹੈ।

**ਸੇਵਿਓ** ਦੇ. ਸੇਵਨ ਕੀਆ, ਯਥਾ- ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ।

**ਸੇਵਿਆ** ਦੇ. ਸੇਵਨ ਕੀਆ, ਯਥਾ- ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ।

**ਸੇਵੀਂ** ਦੇ. ਸੇਵੋਂ।

**ਸੇਵੀਲੇ** ਦੇ. ਸੇਵਤੇ ਹੈਂ, ਯਥਾ- ਸੇਵੀਲੇ ਗੋਪਾਲ ਰਾਇ।

**ਸੈ** ਪੰ. ਸੈਕੜੇ, ਯਥਾ- ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ। ਪ੍ਰਮੇਸੂਰ ਕੇ ਭਗਤ ਸੈਕੜੇ ਵਾਰ ਬਸਤ੍ਰ ਹੀਨ ਹੁਏ ਰੰਕੋਂ ਵਤ ਆਪ ਕੋ ਨੰਗਾ ਨਹੀਂ ਮਾਨਤੇ ਲਾਖੋਂ ਪ੍ਰਕਾਰ ਕੀ ਤ੍ਰਿਸ੍ਨਾ ਕੇ ਸੰਕਲਪੋਂ ਕੋ ਅੰਤਾਕਰਣ ਕਾ ਧਰਮ ਸਮਝ ਕੇ ਆਪ ਕੋ ਭੂਖਾ ਨਹੀਂ ਮਾਨਤੇ। ਆਤਮਾਨੰਦ ਮੇਂ ਮਗਨ ਹੁਏ ਪ੍ਰਸੰਨ ਰਹਤੇ ਹੈਂ। ਪੁਨਾ- ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ। ਦੇ. ਬਾਂ. ਹੈ, ਯਥਾ- ਨਾਨਕੁ ਜਲ ਕੌ ਮੀਨੁ ਸੈ।

**ਸੈ ਮਿਰਿਆ** ਗੁ. ਸੈਕੜੇ ਮ੍ਰਿਗਾਂ ਨੂੰ, ਯਥਾ- ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ। ਸਭੀ ਸ੍ਰਿੰਗਾਲਾਦਿਕ ਜੀਵ ਸੇਰ ਕੇ ਪੀਛੇ ਪੜ ਉਸ ਕੀ ਛੋਡੀ ਜੂਠ ਸੇ ਨਿਰਬਾਹ ਕਰੇ ਹੈਂ।

**ਸੈਸਾਰੜਾ** ਗੁ. ਸੰਸਾਰ ਅਰਥਾਤ ਨਿਖਲ ਜੀਵ, ਯਥਾ- ਸਭੁ ਮੁਕਤੁ ਹੋਆ ਸੈਸਾਰੜਾ। ਸੰ. ਸੰਸਾਰ।

**ਸੈਣ** ਪੰ. ਸਿਆਣੂ, ਪਹਚਾਨ ਵਾਲਾ, ਯਥਾ- ਹਰਿ ਮੇਲਹੁ ਸਜਣੁ ਸੈਣ। ਨਾਈ ਭਗਤ, ਯਥਾ- ਸੈਨੁ ਨਾਈ ਬੁਤਕਾਰੀਆ।

**ਸੈਣਹ** ਗੁ. ਵਹੁ ਹੈ, ਯਥਾ- ਸੁੰਦਰ ਮੰਦਰ ਸੈਣਹ ਜੇਣ ਮਧੁ ਹਰਿ ਕੀਰਤਨਹ। ਸੁੰਦਰ ਮੰਦਰ ਵੋ ਹੈਂ ਜਿਨ ਮੇਂ ਹਰਿ ਕੀ ਭਕ੍ਤਿ ਹੋਵੇ ਹੈ।

**ਸੈਣੀ** ਪੰ. ਸਿਆਣੂ, ਯਥਾ- ਹਰਿ ਪ੍ਰਭੁ ਸਜਣੁ ਸੈਣੀ। ਪੁਨਾ- ਹਰਿ ਸਜਣੁ ਮੇਲਿਆ ਸੈਣੀ। ਮਾਲੀ ਕੌਮ ਸੇ ਨਿਕਸੀ ਜਾਤਿ ਬਿਸੇਖ ਜੋ ਸੈਣੀ ਨਾਮ ਸੇ ਪ੍ਰਸਿਧ ਜਾਤਿ ਹੈ।

**ਸੈਤਾਨਿਆ** ਗੁ. ਸੈਤਾਨ ਕਾ ਭ੍ਰਮਾਇਆ ਹੂਆ ਵਾ ਸੈਤਾਨ ਕੇ ਸਮਾਨ ਬੁਰਆਈ ਕਰਨੇ ਮੇ ਕਮਰ ਕਸਾ ਕਰੀ ਬਿਚਰੇਂ ਹੈਂ, ਯਥਾ- ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ।

**ਸੈਤਾਨੀ** ਦੇ. ਸੈਤਾਨ ਕੇ ਸੁਭਾਵ ਵਾਲੇ।

**ਸੈਤਾਨੁ** ਅ. ਯਵਨੋਂ ਕੇ ਮਤ ਮੇਂ ਏਕ ਪੁਰਖੋਂ ਕੋ ਬੁਰੇ ਕਾਮੋਂ ਕਾ ਉਪਦੇਸ ਕਰਨੇ ਵਾਲਾ ਨਾਰੀ ਵਜੂਦ ਮਾਨਾ ਹੈ, ਜੈਸੇ ਹਿੰਦੂ ਮਤ ਮੇਂ ਨਾਰਦ ਮੁਨਿ ਹੈ। ਨਾਰ ਨਾਮ ਅਗਨਿ ਕਾ ਹੈ। ਸੈਤਾਨ ਕਾ ਸਰੀਰ ਅਗਨਿ ਸੇ ਬਨਾ ਹੈ ਯਾਤੇ ਨਾਰੀ ਹੈ। ਹਿੰਦੂ ਮਤ ਮੇਂ ਸੂਰਯ ਮੰਡਲ ਵਾਸੀਓਂ ਕੇ ਵੈਸੇ ਹੀ ਸਰੀਰ ਹੈਂ। ਆਦਮ ਪੈਗੰਬਰ ਕੋ ਉਪਦੇਸ ਕਰ

ਗੇਹੂ ਖੁਲਾਇਕੇ ਇਸੀ ਨੇ ਸ੍ਵਰਗ ਸੇ ਗੇਰਾ, ਤਬ ਸੇ ਮੁਸਲਮਾਨ ਇਸ ਕੋ ਅਤੀ ਬੁਰਾ ਮਾਨਤੇ ਹੈਂ। ਮੁਸਲਮਾਨ ਮਤ ਕੇ ਗਤਾਨੀ ਲੋਕ ਜਿਨ ਕਾ ਨਾਮ ਸੂਫੀ ਹੈ ਵਹੁ ਅਸੁਰ ਸੁਭਾਵੋਂ ਵਾਲੇ ਮਨ ਕਾ ਨਾਮ ਸੈਤਾਨ ਕਹਤੇ ਹੈ, ਯਥਾ- ਨਾਉ ਸੈਤਾਨੁ ਮਤੁ ਕਟਿ ਜਾਈ।

**ਸੈਨਾਹ** ਪੰ. ਸੈਨੋ (ਸੈਨਤੋਂ) ਸੇ, ਇਸਾਰਿਓਂ ਸੇ, ਯਥਾ- ਸੋਭਾਈ ਸੈਨਾਹ।

**ਸੈਨੁ** ਪੰ. ਸਿਆਣ ; ਇਸਾਰਾ ; ਨਾਈ ਭਗਤ, ਯਥਾ- ਨਾਈ ਉਧਰਿਓ ਸੈਨੁ ਸੇਵ। ਸੈਨ ਨਾਈ ਏਕ ਰਾਤ੍ਰ ਰਾਜਾ ਕੀ ਸੇਵਾ ਕਰਨੀ ਤਿਆਗ ਕੇ ਸੰਤੋਂ ਕੀ ਸੇਵਾ ਕਰਨੇ ਸੇ ਉਧਰ ਗਯਾ ਹੈ।

**ਸੈਭੰ** ਗੁ. ਸੰਭਵ, ਸੈਭੰ ਇਸ ਪ੍ਰਕਾਰ ਸੰਭਵ ਸੇ ਬਦਲਾ ਸਿਧ ਹੋਤਾ ਹੈ। ਸਵੈਯੋਂ ਮੇਂ ਅਜੋਨੀ ਸੰਭਾਵਿਓ ਪਾਠ ਹੈ। ਮਾਰੂ ਸੋਲਹੇ ਮੇਂ ਅਕਾਲ ਮੂਰਤਿ ਅਜੋਨੀ ਸੰਭਉ ਪਾਠ ਹੈ। ਆਦਿ ਮੰਤ੍ਰ ਮੇਂ ਸੰ ਕੇ ਥਾਨ ਸੈ ਭਵ ਔ ਭਉ ਕੇ ਥਾਨ ਭੰ ਬਨ ਮਿਲ ਕੇ ਸੈਭੰ ਹੂਆ ਹੈ। ਮੂਲ ਇਸ ਕਾ ਸੰਭਵ ਹੈ। ਸੰਭਵ ਕਾ ਅਰਥ ਬਨਨਾ ਹੈ। ਯੋਨੀ ਕਾ ਅਰਥ ਕਾਰਣ ਹੈ। ਯੋਨੀ ਸੰਭਵ ਕਾ ਅਰਥ ਕਾਹੂ ਕਾਰਣ ਸੇ ਬਨੀ ਚੀਜ ਹੈ। ਅਜੋਨੀ ਸੰਭਵ ਕਾ ਅਰਥ ਕਾਹੂ ਕਾਰਣ ਸੇ ਨਾ ਬਨਨੇਵਾਲੀ ਵਸਤੁ ਹੈ। ਵੈਸਾ ਪਰਮਾਤਮਾ ਹੈ, ਕਿਉਂਕੇ ਆਪ ਵਹੁ ਸਭ ਕਾ ਕਾਰਣ ਹੈ। ਤਿਸ ਕਾ ਕਾਰਣ ਕੋਈ ਪ੍ਰਸਿਧ ਨਹੀ। ਯਾਤੇ ਅਜੋਨੀ ਸੰਭਵ ਹੈ। ਅਜੋਨੀ ਸੰਭਵ ਪਾਠ ਪਰਮਾਤਮਾ ਕੋ ਅਕਾਲ ਸਰੂਪ ਹੋਨੇ ਮੇਂ ਹੇਤੁ ਹੈ। ਜਿਸ ਕਾਰਣ ਤੇ ਪਰਮਾਤਮਾ ਆਨ ਵਸਤੁਓਂ ਵਤ ਕਾਹੂ ਕਾਰਣ ਸੇ ਨਹੀਂ ਬਨਾ। ਤਾਤੇ ਅਕਾਲ ਮੂਰਤਿ ਕਹੀਏ ਅਕਾਲ ਸ੍ਵਰੂਪ ਹੈ। ਤਿਸ ਕੇ ਸ੍ਵਰੂਪ ਕਾ ਕਬੀ ਨਾਸ ਨਹੀਂ ਹੋ ਸਕੇ। ਅਧਿਕ ਬਿਚਾਰ ਇਸ ਕਾ ਜਪੁ ਟੀਕਾ ਮੇ ਕੀਆ ਹੈ।

**ਸੈਲ** ਸੰ. ਲੰਬੀ ਸਿਲਾ, ਯਥਾ- ਸੈਲ ਪਥਰ ਮਹਿ ਜੰਤ ਉਪਾਏ। ਫਾ. ਆਨੰਦ ਸੇ ਬਿਚਰਨਾ ਇਸੀ ਅਰਥ ਕੇ ਭਾਵ ਸੇ ਗਤਾਨੀ ਸੈਲ ਕਾ ਅਰਥ ਆਨੰਦ ਕਰ ਲੇਤੇ ਹੈ। ਸਗਲ, ਯਥਾ- ਸੈਲ ਲੋਅ ਜਿਨਿ ਉਧਰਿਆ। ਪੁਨਾ- ਓਅੰਕਾਰਿ ਸੈਲ ਜੁਗ ਭਏ। ਸੰ. ਸਕਲ। ਫਾ. ਸੈਰ।

**ਸੈਲ ਲੋਅ** ਗੁ. ਸਕਲ ਲੋਕ, ਸੈਲ ਸਰੀਖੇ ਜੜ ਬੁਧੀ ਲੋਕ, ਯਥਾ- ਸੈਲ ਲੋਅ ਜਿਨਿ ਉਧਰਿਆ।

**ਸੈਵ** ਸੰ. ਸਿਵ ਕੇ ਉਪਾਸਕ ਜਨ ; ਸਿਵਜੀ ਕਾ ਬਨਾਯਾ ਰੁਦ੍ਰ ਯਾ ਮਲ ਤੰਤ੍ਰ, ਜਿਸ ਕਾ ਨਾਮ ਸੈਵਾਗਮ ਹੈ।

**ਸੋ** ਦੇ. ਵਹੁ, ਯਥਾ- ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ। ਵਹੁ ਪਦ ਉਚਾਰਣ ਕਰੋ, ਜਿਸ ਕੇ ਉਚਾਰਣ ਕੀਏ ਔਰ ਕੋਈ ਫੇਰ ਨਾ ਜਪਨਾ ਪੜੇ, ਰਮਹੁ ਜਪਨ ਕਾ ਨਾਮ- ਤੁਮ ਰਮਹੁ ਗੋਬਿੰਦੇ ਰਮਣ ਜੋਗ- ਈਹਾ ਪ੍ਰਸਿਧ ਹੈ। ਤਿਸ, ਯਥਾ- ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ। ਹੇ ਪੁਰਖ ! ਚਿਤ ਮੇਂ ਤਿਸ ਨਿਰਬਾਹ ਕਰਨੇ ਵਾਲੀ ਵਸਤੁ ਕੋ ਥਾਪ ਜੋ ਚਲਾਯਮਾਨ ਨ ਹੋਵੇ।

**ਸੋ ਹੰ ਹੰ ਸਾ ਜਪੁ** ਵਾ. ਸੋ ਮੈਂ ਹੂੰ ਮੈਂ ਵਹੁ ਹੂੰ ਐਸਾ ਪਰਮਾਤਮਾ ਸਾਥ ਅਪਨੇ ਅਭੇਦ ਕਾ ਪ੍ਰਕਾਸਕ ਜਾਪ।

**ਸੋ ਗੁਰੁ** ਵਾ. ਵਹੁ ਉਤਮ ਗੁਰੁ, ਯਥਾ- ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ।

**ਸੋ ਘਰੁ** ਵਾ. ਵਹੁ ਘਰ, ਯਥਾ- ਸੋ ਘਰੁ ਕੇਹਾ।

**ਸੋ ਦਰੁ** ਵਾ. ਵਹੁ ਦਰਵਾਜਾ, ਯਥਾ- ਸੋ ਦਰੁ ਕੇਹਾ।

**ਸੋ ਪਿੜ** ਵਾ. ਵਹੁ ਯੁਧ ਭੂਮੀ, ਮੱਲ ਅਖਾੜਾ।

**ਸੋ ਵੰਞੈ ਚੂਰੁ** ਵਾ. ਵਹੁ ਨਾਸ ਹੋ ਜਾਵੇਗਾ, ਯਥਾ- ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ।

**ਸੋਊ** ਦੇ. ਤਤ ਅਰਥਾਤ ਓਹੀ, ਵਹੀ, ਤਤ ਬ੍ਰਹਮ ਕਾ ਨਾਮ ਓਂ ਤਤ ਸਤ ਐਸਾ ਗੀਤਾ ਮੇਂ ਲਿਖਾ ਹੈ। ਤਤ੍ਵਮਸਿ ਰੂਪ ਵੇਦ ਬਚਨ ਮੇਂ ਲਿਖਾ ਹੈ, ਯਥਾ- ਸੋਊ ਸੋਊ ਜਪਿ ਦਿਨ ਰਾਤੀ। ਸੰਸਕ੍ਰਿਤ ਤਤ ਕੇ ਥਾਨ ਭਾਖਾ ਮੇਂ ਸੋ ਪਦ ਹੈ ਯਾਤੇ ਸੋਊ ਸੋਊ ਵਹੀ ਹੈ ਵਹੀ ਹੈ, ਐਸਾ ਪ੍ਰਮੇਸ੍ਵਰ ਕਾ ਨਾਮ ਜਪੋ ਰਾਤ ਦਿਨ ਜੋ ਤੁਮਰੇ ਸਾਥ ਚਲੇ।

**ਸੋਇ** ਦੇ. ਸੋਭਾ, ਯਥਾ- ਸੋਇ ਸੁਣੀ ਮਨੁ ਹਰਿਆ। ਖਬਰ, ਯਥਾ- ਸੁਨੀ ਇਹ ਸੋਇ। ਸਾਧਸੰਗਤਿ ਬਿਨੁ ਤਰਿਓ ਨ ਕੋਇ। ਸੈਨ ਕਰ, ਯਥਾ- ਬਾਵਰ ਸੋਇ ਰਹੇ। ਵਹੀ, ਯਥਾ- ਤੂ ਕਰਿ ਕਰਿ ਦੇਖਹਿ ਜਾਣਹਿ ਸੋਇ।

**ਸੋਇਆ** ਦੇ. ਸੈਨ ਕਰ ਰਹਾ ਹੈ, ਜੈਸੇ- ਕਿਉ ਸੋਇਆ ਨਾਮ ਬਿਸਾਰ।

**ਸੋਇਨ** ਦੇ. ਸੁਵਰਣ ਕੀ, ਯਥਾ- ਸੋਇਨ ਲੰਕਾ ਸੋਇਨ ਮਾੜੀ। ਰਾਵਣ ਕੀ ਸੁਵਰਨ ਕੀ ਲੰਕਾ ਪੁਰੀ, ਜਿਸ ਮੇਂ ਸੁਵਰਨ ਕੀਆ ਹਵੇਲੀਆਂ ਥੀ ਲੰਕਾ ਸੁਵਰਣ ਕੀ ਥੀ ਯਹ ਗੁਰੋਂ ਨੇ ਰਾਮਾਯਣੋਂ ਕਾ ਅਨੁਵਾਦ ਲਿਖਾ ਹੈ। ਵਾਸਤਵ ਸੇ ਸਮਗ੍ਰ ਸੁਵਰਣ ਕੀ ਨਹੀਂ ਥੀ। ਰਾਮਾਇਣੋਂ ਮੇਂ ਜੋ ਸਮਗ੍ਰ ਲਿਖੀ ਹੈ ਤਿਸ ਲਿਖਨੇ ਕਾ ਭਾਵ ਯਹ ਹੈ। ਕਵਿ ਜਿਸ ਕਾ ਮਹਾ ਬਲ ਅਰ ਮਹਾਨ ਐਸ੍ਵਰਯ ਲਿਖਨਾ ਹੋਵੇ, ਪਹਲੇ ਉਸ ਕੇ ਸਤ੍ਰੂ ਕਾ ਬਢਾ ਕਰ ਲਿਖਤੇ ਹੈਂ। ਜਿਸ ਸੇ ਵੈਸੇ ਬਲਵਾਨ ਕੋ ਮਾਰਨੇ ਵਾਲਾ ਬਿਨਾ ਕਹੇ ਸਭ ਕੇ ਚਿਤ ਮੇਂ ਬਡਾ ਜਾਨ ਪੜੇ। ਇਸ ਲੀਏ ਬਾਲਮੀਕੀ ਜੀ ਨੇ ਕਵਿਤਾ ਕੇ ਸੰਕੇਤ ਅਨੁਸਾਰ ਲੰਕਾ ਕੇ ਬਾਗ ਕਾ ਨਾਮ ਅਸੋਕ ਬਨੀ ਲਿਖਾ ਜਿਸ ਮੇਂ ਰਹਤੀ ਸੀਤਾ ਕੋ ਮਹਾਨ ਸੋਕ ਹੀ ਰਹਾ। ਇਸੀ ਸੇ ਜਾਨੋ ਲੰਕਾ ਸੁਵਰਣ ਕੀ ਝਾਲ ਵਾਲੇ ਮਹਲੋਂ ਵਾਲੀ ਥੀ, ਅੰਦਰੋਂ ਬਾਹਰੋਂ ਸਮਗ੍ਰ ਸੁਵਰਣ ਕੀ ਨਹੀਂ ਥੀ। ਜੇ ਕਰ ਹੋਤੀ ਤਬ ਵਹੁ ਸੁਵਰਣ ਅਬ ਉਹਾ ਹੀ ਹੋਤਾ। ਕੋਈ ਲੇ ਗਯਾ ਹੋਤਾ ਤਵਾਰੀਖੋਂ ਮੇਂ ਲਿਖਾ ਜਾਤਾ। ਲਿਖਾ ਕਾਹੂ ਇਤਿਹਾਸ ਮੇਂ ਨਹੀਂ। ਇਸ ਤੇ ਜਾਨੋਂ ਸਮਗ੍ਰ ਲੰਕਾ ਸੁਵਰਣ ਕੀ ਨਹੀਂ ਥੀ। ਹਨੂਮਾਨ ਕੀ ਪੂਛ ਸੇ ਜਲ ਕੇ ਸੋਇਨਾ ਭਸਮ ਹੋ ਗਯਾ ਕਹੋ, ਸੋ ਕਹਨਾ ਭੀ ਯਥਾਰਥ ਨਹੀਂ ਕਾਹੇ ਤੇ ਹਨੂਮਾਨ ਕੀ ਪੂਛ ਸਾਥ ਕੋਈ

ਸੁਵਰਣ ਕੇ ਭਸਮ ਕਰਨੇ ਵਾਲੀ ਬੂਟੀ ਨਹੀਂ ਬਾਂਧੀ ਥੀ। ਕੇਵਲ ਰੂਈਂ ਤੇਲ ਮਾਤ੍ਰ ਥਾ ਜੋ ਲਿਖਾ ਹੈ ਤੁਲਸੀ ਨੇ- ਰਹਾ ਨ ਨਗਰ ਬਸਨ ਘ੍ਰਿਤ ਤੇਲਾ। ਬਾਢੀ ਪੂਛ ਕੀਨ ਕਪਿ ਖੇਲਾ। ਘ੍ਰਿਤ ਤੇਲ ਸੇ ਸੁਵਰਣ ਭਸਮ ਨਹੀਂ ਹੋ ਸਕੇ। ਇਸ ਲੀਏ ਬਾਲਮੀਕ ਜੀ ਨੇ ਸੁਵਰਣ ਕੀ ਝਾਲ ਵਾਲੇ ਕੋਟ ਮਹਲੋਂ ਵਾਲੀ ਲੰਕਾ ਕੀ ਉਸਤਤੀ ਲਿਖੀ ਹੈ। ਉਸੀ ਕਥਾ ਕੇ ਅਨੁਸਾਰ 'ਲੰਕਾ ਗੜੁ ਸੋਨੇ ਕਾ ਭਇਆ। ਮੂਰਖੁ ਰਾਵਨੁ ਕਿਆ ਲੇ ਗਇਆ' ਗੁਰੂ ਮਹਾਰਾਜ ਨੇ ਅਨੁਵਾਦ ਕੀਆ ਹੈ। ਜਿਸ ਕਾ ਬਿਚਾਰ ਲਿਖਾ ਗਯਾ ਹੈ। ਐਸੇ ਅਰਥਵਾਦ ਬਚਨ ਵੇਦ ਮੇਂ ਭੀ ਹੈ, ਜਿਨ ਮੇਂ ਚਿਲਕਾਏ ਹੂਏ ਯਗ ਕੇ ਥੰਭੇ ਕੋ ਸੂਰਜ ਲਿਖਾ ਹੈ। ਤਹਾ ਭੀ ਉਸਤਤੀ ਮੇਂ ਤਾਤਪਰਯ ਹੈ, ਵੈਸੇ ਹੀ ਈਹਾਂ ਹੈ। ਸੁਵਰਣ ਕੀ, ਯਥਾ- ਸੋਜਤੀਆ ਸੋਇੰਨ। ਸੇਹਜਾ ਸੁਵਰਣ ਕੀਆਂ। ਸੋਭਤੇ ਹੈਂ, ਯਥਾ- ਸੇ ਅਸਥਲ ਸੋਇਨ ਚਉਬਾਰੇ।

**ਸੋਈ** ਦੇ. ਵਹੀ, ਯਥਾ- ਸੋਈ ਸੁਹਾਵਾ ਥਾਨੁ। ਨਿੰਦ੍ਰਾ ਮੈਂ ਪ੍ਰਾਪਤ ਭਈ, ਯਥਾ- ਸੋਈ ਸੋਈ ਜਾਗੀ।

**ਸੋਈ ਸੁਧਾ** ਵਾ. ਵਹੀ ਨਿਰਮਲ ਹੈ।

**ਸੋਹੰ** ਸੰ. ਵਹੁ ਈਸ੍ਵਰ ਮੈਂ ਹੂੰ ਐਸਾ ਏਕਤਾ ਪ੍ਰਕਾਸਕ ਜਾਪ, ਯਥਾ- ਨਾਨਕ ਸੋਹੰ ਹੰਸਾ ਜਪੁ ਜਾਪਹੁ।

**ਸੋਹਣਾ** ਦੇ. ਸੁੰਦਰ।

**ਸੋਹਤ** ਦੇ. ਸੋਭਾ ਪਾਵਤੇ।

**ਸੋਹਨਿ** ਦੇ. ਸੋਭਤੀ ਹੈਂ, ਯਥਾ- ਜਿਨ ਸਿਰਿ ਸੋਹਨਿ ਪਟੀਆ। ਪੰ. ਵਹੁ ਹੈਂ।

**ਸੋਹਾਇ** ਦੇ. ਸੋਭਾ ਕੋ ਪ੍ਰਾਪਤ ਹੋਵੇਗਾ।

**ਸੋਹਾਗੈ** ਦੇ. ਪਤਿ ਕਾ ਸਿਰ ਪਰ ਹੋਨਾ, ਯਥਾ- ਘਰਿ ਪਿਰ ਧਨ ਸੋਹਾਗੈ।

**ਸੋਹਿਆ** ਪੰ. ਸੋਭਾਯੁਤ ਹੂਆ, ਸੋਭਤਾ ਭਯਾ ਹੈ, ਯਥਾ- ਤਾਂ ਤੂ ਸੋਹਿਆ।

**ਸੋਹਿਲੜਾ** ਪੰ. ਆਨੰਦ, ਯਥਾ- ਸੋਹਿਲੜਾ ਪ੍ਰਭ ਸੋਹਿਲੜਾ। ਨਿਖਲ ਆਨੰਦੋਂ ਮੇਂ ਬਡਾ ਆਨੰਦ ਕੌਨ ਹੈ ਜੋ ਹਰਿ ਕਾ ਆਨੰਦ ਹੈ।

**ਸੋਹਿਲੜੇ** ਪੰ. ਮੁ. ਆਨੰਦ ਕੇ ਗੀਤ, ਯਥਾ- ਸੋਹਿਲੜੇ ਅਗਿਆਨੀ ਗਾਏ।

**ਸੋਹਿਲਾ** ਪੰ. ਜਸ ਕੇ ਬਚਨ, ਯਥਾ- ਤਿਤੁ ਘਰਿ ਗਾਵਹੁ ਸੋਹਿਲਾ। ਉਤਸਾਹ ; ਆਨੰਦ।

**ਸੋਹੈ** ਦੇ. ਸੋਭਾ ਪਾਵੇ ਹੈ, ਯਥਾ- ਅਗੈ ਗਇਆ ਨ ਸੋਹੈ।

**ਸੋਕ** ਸੰ. ਸੋਗ।

**ਸੋਖਿਆ** ਦੇ. ਸੁਕਾ, ਯਥਾ- ਉਨਿ ਚਾਨਣਿ ਓਹੁ ਸੋਖਿਆ।

**ਸੋਖੈ** ਦੇ. ਸੁਕਾਵੇ ਹੈ, ਯਥਾ- ਸਰ ਭਰਿ ਸੋਖੈ। ਮੰਦੀ ਚੰਗੀ ਸਭ ਵਸਤੁ ਕੋ ਸੁਕਾਤਾ ਦੋਖੀ ਨਹੀਂ ਹੋਤਾ, ਯਥਾ- ਜੈਸੇ ਸੂਰੁ ਸਰਬ ਕਉ ਸੋਖ।

**ਸੋਗ** ਦੇ. ਬਾਂਛਿਤ ਵਸਤੁ ਕੇ ਬਿਯੋਗ ਸੇ ਮਨ ਕੀ ਬਜਾਕਲਤਾਈ, ਯਥਾ- ਸੋਗ ਬਿਜੋਗ ਬਿਸਰਜਿਤ ਰੋਗ।

**ਸੋਗੀ** ਦੇ. ਸੋਗ ਵਾਲਾ।

**ਸੋਚ ਅਸੋਚ** ਗੁ. ਨਾ ਸੋਚ ਕਰਨੇ ਯੋਗਯ ਸੰਬੰਧੀਓਂ ਕੀ ਸੋਚ ਮੇਂ, ਯਥਾ- ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ। ਜਾਨਤੇ ਭੀ ਅਗਜਾਨ ਸੇ ਹਮ ਹੋ ਰਹੇ ਹੈਂ ਬਾਵਰੇ, ਜਿਸ ਕਾਰਣ ਤੇ ਜਿਨਹੁ ਨੇ ਅਪਨੇ ਕਰਮੋਂ ਅਨੁਸਾਰ ਫਲ ਪਾਨੇ ਹੈਂ। ਤਿਨ ਅਸੋਚ, ਨਾ ਸੋਚ ਕਰਨੇ ਯੋਗ੍ਯ ਸੰਬੰਧੀਓਂ ਕੀ ਸੋਚ ਕਰਨੇ ਮੇਂ ਹਮਾਰੇ ਦਿਨ ਜਾਵੇ ਹੈਂ, ਜੋ ਕੈਸੇ ਜੀਵੇਂਗੇ।

**ਸੋਚਉ** ਦੇ. ਸੋਚਤਾ ਹੂੰ, ਯਥਾ- ਸੋਚਉ ਚਿਤਵਉ।

**ਸੋਚਹਿ** ਦੇ. ਚਿੰਤਾ ਕਰੇ ਹੈਂ, ਯਥਾ- ਕਿਆ ਸੋਚਹਿ ਬਾਰੰ ਬਾਰਾ। ਚਿੰਤਨ ਕਰਾਂ, ਯਥਾ- ਜੇ ਸੋਚੀ ਲਖ ਵਾਰ।

**ਸੋਚਿ** ਦੇ. ਪਵਿਤ੍ਰਤਾ, ਯਥਾ- ਸੋਚੈ ਸੋਚਿ ਨ ਹੋਵਈ। ਉਤਮ ਕਾਮ ਕੀਏ ਬਿਨਾ ਤਿਨ ਕੇ ਚਿੰਤਨਮਾਤ੍ਰ ਸੇ ਪਵਿਤ੍ਰਤਾ ਨਹੀਂ ਹੋਤੀ ; ਚਿੰਤਾ, ਫਿਕਰ, ਯਥਾ- ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ। ਮੇਰਾ ਮੇਲ ਪੋਚ, ਨੀਚੋਂ ਸਾਥ ਹੈ, ਇਸਕੀ ਸੋਚ ਮੇਰੇ ਕੋ ਦਿਨ ਰਾਤ ਹੈ।

**ਸੋਚੈ** ਦੇ. ਕੀਏ ਬਿਨਾ ਚਿੰਤਨ ਮਾਤ੍ਰ ਕਰਨੇ ਸੇ, ਯਥਾ- ਸੋਚੈ ਸੋਚਿ ਨ ਹੋਵਈ।

**ਸੋਝਾਈ** ਗੁ. ਸੁਝਾਵੇ ਭਾਵ ਸਮਝਾਵੇ ਹੈ, ਯਥਾ- ਸੋਝਾਈ ਸੈਨਾਹ।

**ਸੋਝੀ** ਪੰ. ਗ੍ਯਾਨ, ਸਮਝ।

**ਸੋਟਾ** ਦੇ. ਛੋਟੀ ਲਾਠੀ, ਯਥਾ- ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ।

**ਸੋਢੀ** ਦੇ. ਸੋਢੀ ਰਾਯ ਕੀ ਸੰਤਾਨ ਕੇ ਖਤ੍ਰੀ ਜਿਸ ਕੀ ਕਥਾ ਬਿਚਿਤ੍ਰ ਨਾਟਕ ਕੇ ਦੂਸਰੇ ਅਧਯਾਯ ਮੇਂ ਐਸੇ ਲਿਖੀ ਹੈ- ਰਾਮਚੰਦ੍ਰ ਕੇ ਪੁਤ੍ਰ ਲਊ ਕੁਸੁ ਨੇ ਮਦ੍ਰ ਦੇਸ ਮੇਂ ਆ ਕਰ ਲਹੌਰ ਕਸੂਰ ਦੋ ਨਗਰ ਬਾਂਧੇ। ਇਨ ਨਗਰੋਂ ਮੈਂ ਉਨ ਕੀ ਬਹੁਤ ਸੰਤਾਨ ਬਢੀ। ਬਹੁਤ ਕਾਲ ਪੀਛੇ ਉਸ ਸੰਤਾਨ ਮੇਂ ਕਾਲਕੇਤ ਕਾਲਰਾਇ ਦੋ ਨਾਮੀ ਹੂਏ। ਕਾਲਕੇਤ ਨੇ ਕਾਲਰਾਇ ਕੋ ਨਗਰੋਂ ਨਿਕਾਲਾ। ਵਹੁ ਭਾਗ ਕੇ ਚਿਤ੍ਰਕੂਟ ਕਾਲਪੀ ਕੇ ਸਮੀਪ ਸਨੌਢ ਦੇਸ ਮੇਂ ਗਯਾ ਸੋਈ ਲਿਖਾ ਹੈ- ਭਾਜਿ ਸਨੌਢ ਦੇਸਿ ਤੇ ਗਏ। ਤਹੀ ਭੂਪ ਜਾ ਬਿਆਹਤ ਭਏ।੨੮। ਤਿਹ ਤੇ ਪੁਤ੍ਰ ਭਯੋ ਜੋ ਧਾਮਾ। ਸੋਢੀ ਰਾਇ ਧਰਾ ਤਿਹਿ ਨਾਮਾ। ਬੰਸ ਸਨੌਢ ਤਦਿਨ ਤੇ ਥੀਆ। ਪਰਮ ਪਵਿਤ੍ਰ ਪੁਰਖ ਜੁ ਕੀਆ।੨੯। ਤਾ ਤੇ ਪੁਤ੍ਰ ਪੌਤ੍ਰ ਹੁਇ ਆਏ। ਤੇ ਸੋਢੀ ਸਭ ਜਗਤ ਕਹਾਏ, ਯਥਾ- ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧਜਾ ਅਰਜੁਨੁ ਹਰਿ ਭਗਤਾ। ਸਨੌਢ ਦੇਸ ਕੇ ਵਾਸੀ ਖਤ੍ਰੀ ਗੁਰੂ ਜੀ ਨੇ- ਭਾਜਿ ਸਨੌਢ ਦੇਸਿ ਤੇ ਗਏ। ਪੁਨਾ- ਬੰਸ

ਸਨੌਢ ਤਦਿਨ ਤੇ ਥੀਆ। ਐਸੇ ਦੇਸ ਅਰ ਕਾਲਰਾਯ ਕੀ ਸੰਤਾਨ ਦੋਨੋਂ ਕਾ ਨਾਮ ਸਨੌਢ ਲਿਖਾ ਹੈ। ਸਨੌਢ ਕਾ ਮੂਲ ਸਨਾਢਜ ਹੈ। ਤਾ ਸੇ ਬਿਗੜ ਕੇ ਭੀ ਸੋਢੀ ਨਾਮ ਬਨਾ ਸਿੱਧ ਹੋਤਾ ਹੈ, ਉਸ ਦੇਸ ਵਾਸੀ ਬ੍ਰਾਹਮਣੋਂ ਕਾ ਨਾਮ ਅਬ ਭੀ ਸਨਾਢਜ ਪ੍ਰਸਿੱਧ ਹੈ।

**ਸੋਧ** ਦੇ. ਸੋਧਨ ਕਰ, ਜੈਸੇ- ਗੁਰਮੁਖੋ ਸੋਧਿ ਸਾਧਿ ਬੀਚਾਰਿਆ। ਗੁਰਮੁਖੋਂ ਨੇ ਸੋਧ ਕਰ ਅਰਥਾਤ ਖੋਜ ਕੇ ਸਾਧੁ ਭਲੀ ਪ੍ਰਕਾਰ ਬਿਚਾਰਿਆ।

**ਸੋਧਉ** ਦੇ. ਬਿਚਾਰੋ, ਯਥਾ- ਸੋਧਉ ਮੁਕਤਿ ਕਹਾ ਦੇਉ ਕੈਸੀ।

**ਸੋਧਤ** ਸੰ. ਪੁਨਾ ਪੁਨਾ ਮਨ ਕੀ ਮੈਲ ਦੂਰ ਕਰਨੇ ਸੇ, ਯਥਾ- ਸੋਧਤ ਸੋਧਤ ਸੋਧਤ ਸੀਝਿਆ।

**ਸੋਧਨ** ਸੰ. ਸ਼ੁੱਧੀਆਂ, ਯਥਾ- ਅਨਿਕ ਸੋਧਨ ਪਵਿਤ੍ਰਤਹ।

**ਸੋਧਨਾ** ਗੁ. ਬਿਚਾਰ ਕਰਕੇ, ਯਥਾ- ਸੋਧਿ ਸਗਰ ਸੋਧਨਾ। ਸੁਧ ਕਰ ਲੀਆ ਹੈ ਸਭ ਬਿਚਾਰ ਕਰ।

**ਸੋਨ** ਗੁ. ਤਿਸੀ ਕੇ, ਯਥਾ- ਸੋਨ ਸਮਾਨਿ ਸਰੀਰੁ। ਲੋਨ ਕੇ ਅਟਾਲੇ ਵਤ ਖਰਨੇ ਵਾਲਾ ਸਰੀਰ ਹੈ ; ਸੁਵਰਨ, ਯਥਾ- ਸੋਨਾ ਗਰਭ ਦਾਨੁ ਦੀਜੈ। ਪੋਠੇ ਮੇਂ ਪਾ ਕੇ ਸੁਵਰਨ ਕਾ ਗੁਪਤ ਦਾਨ ਕਰੀਏ।

**ਸੋਫੀਆ** ਫਾ. ਬਿਚਾਰਵਾਨਾਂ ਕੋ, ਯਥਾ- ਸਚੁ ਮਿਲਿਆ ਤਿਨ ਸੋਫੀਆ। ਫਾ. ਸੂਫੀਆ। ਨਾ ਅਮਲ ਖਾਨੇ ਵਾਲੇ ਸੋਫੀ ਪ੍ਰਸਿੱਧ।

**ਸੋਭ ਦੁਆਰੇ** ਵਾ. ਸੋਭਾ ਕੇ ਘਰ, ਠਾਕਰ ਦੁਆਰੇ ਵਤ ਸੋਭ ਦੁਆਰੇ ਹੈ।

**ਸੋਭਧਰੇ** ਵਾ. ਜਲ ਬਰਸਨੇ ਸੇ ਧਰਤੀ ਸੋਭਾ ਧਾਰੇ ਹੈ।

**ਸੋਭਨੀਕ** ਦੇ. ਸੋਭਾ ਕੇ ਯੋਗਜ।

**ਸੋਭਾ** ਸੰ. ਜਸ, ਕੀਰਤਿ, ਯਥਾ- ਸਾਧ ਕੀ ਸੋਭਾ ਸਾਧ ਬਨਿ ਆਈ। ਦੀਪਤਿ।

**ਸੋਭਿਤ** ਸੰ. ਸੋਭਾ ਵਾਲਾ।

**ਸੋਮ** ਸੰ. ਚੰਦ੍ਰਮਾ ਕਾ ਸ੍ਵਰ, ਯਥਾ- ਸੋਮ ਸਰੁ ਪੋਖਿ ਲੈ। ਚੰਦ੍ਰਮਾ ਕੇ ਸ੍ਵਰ ਇੜਾ ਕੋ ਬੰਦ ਕਰ ਲੈ। ਚੰਦ੍ਰਮਾ। ਗੁ. ਸ੍ਵਯੰ, ਯਥਾ- ਸੋਮਪਾਕ ਅਪਰਸ ਉਦਿਆਨੀ।

**ਸੋਮਸੁਰ** ਸੰ. ਇੜਾ ਨਾੜੀ ਸ੍ਵਰੂਪ ਚੰਦ ਕਾ ਸੁਰ।

**ਸੋਮਪਾਕ** ਗੁ. ਅਪਨੇ ਹਾਥ ਸੇ ਭੋਜਨ ਬਨਾਨਾ। ਦੂਸਰੇ ਕਾ ਪੱਕਾ ਨਾ ਖਾਨੇ ਵਾਲੇ ਅਪਨੇ ਹਾਥ ਸੇ ਪਕਾਤੇ ਹੈ, ਜੈਸੇ ਸਿੰਘੋ ਮੇਂ ਬਿਬੇਕੀ ਉਨ ਕੇ ਬਿਬੇਕ ਕਾ ਨਾਮ ਸ੍ਵਯੰ ਪਾਕ ਹੈ। ਬਿਬੇਕ ਕਾ ਅਰਥ ਦੋ ਮਿਲੀ ਚੀਜੋਂ ਕੋ ਜੁਦਾ ਕਰਨਾ ਹੈ। ਸੋਈ ਆਤਮਾ ਔ ਅਨਾਤਮਾ ਕੇ ਜੁਦਾ ਕਰਨੇ ਹੇਤ ਗੁਰੂ ਕਹੇ ਹੈਂ- ਕਰੌ ਬਿਬੇਕ ਸੰਤ ਜਨ ਭਾਈ ਖੋਜ ਹਿਰਦੇ ਦੇਖ ਢੰਢੋਲੀ। ਸ੍ਵਯੰਪਾਕੀ ਜਨੋਂ ਮੇਂ ਬਿਬੇਕੀ ਨਾਮ ਕਾ ਅਰਥ ਸੁਧੀ-ਅਸੁਧੀ ਕੀ ਜੁਦਾਈ ਕਰਨ ਵਾਲਾ ਹੈ। ਸੋਮਪਾਕ ਕਾ ਮੂਲ ਸ੍ਵਯੰਪਾਕ ਸੰਸਕ੍ਰਿਤ ਹੈ, ਯਥਾ- ਸੋਮਪਾਕ ਅਪਰਸ ਉਦਿਆਨੀ।

**ਸੋਮਵਾਰਿ** ਸੰ. ਚੰਦ੍ਰਮਾ ਕੇ ਦਿਨ ਮੇਂ, ਯਥਾ- ਸੋਮਵਾਰਿ ਸਸਿ ਅੰਮ੍ਰਿਤੁ ਝਰੈ।

**ਸੋਰ** ਫਾ. ਰੌਲਾ, ਯਥਾ- ਛੂਟਿ ਗਇਓ ਜਮ ਕਾ ਸਭ ਸੋਰ।

**ਸੋਰਠਿ** ਦੇ. ਜਿਸ ਦੇਸ ਮੇਂ ਪਰਿਭਾਸ ਤੀਰਥ, ਗਿਰਨਾਰ ਪਰਬਤ, ਸੋਮਨਾਥ ਮਹਾਦੇਵ ਹੈਂ ਵਹੁ ਦੇਸ। ਸੰ. ਸੌਰਾਸਟ੍ਰ। ਸੋਰਠ ਰਾਗਣੀ ਸੰ. ਸੌਰਾਸਟ੍ਰੀ, ਯਥਾ- ਸੋਰਠਿ ਤਾਮਿ ਸੁਹਾਵਣੀ।

**ਸੋਲਹ** ਦੇ. ਖੋੜਸ, ਯਥਾ- ਸੋਲਹ ਕਲਾ ਸੰਪੂਰਨ ਫਲਿਆ।

**ਸੋਲਹੇ** ਗੁ. ਖੋੜਸ ਪਦੋਂ ਵਾਲੇ ਸਬਦ, ਖੋੜਸ ਪਦੀ। ਅਸਟਪਦੀਆਂ ਵਤ ਏਕ ਸਬਦੋਂ ਕੀ ਚਾਲ ਹੈ। ਯੇ ਸਬਦ ਕੇਵਲ ਮਾਰੂ ਰਾਗ ਮੇਂ ਹੈ। ਔਰ ਰਾਗੋ ਮੇਂ ਗ੍ਰੰਥ ਸਾਹਬ ਵਿਖੇ ਨਹੀਂ। ਵਹੁ ਲਏ ਹੈਂ, ਯਥਾ- ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।

**ਸੋਵਹਿ** ਗੁ. ਸੋਵਤਾ ਹੈ, ਯਥਾ- ਕਿਆ ਸੋਵਹਿ ਨਾਮੁ ਵਿਸਾਰਿ।

**ਸੋਵਨ** ਦੇ. ਸੋਨਾ।

**ਸੌਧੇ** ਦੇ. ਚੂਨੇ ਕਲੀ ਸੇ ਲਿਪੇ ਮੰਦਰੋਂ ਕੇ, ਯਥਾ- ਖਾਨ ਪਾਨ ਸੋਧੇ ਸੁਖ ਭੁੰਚਤ। ਬਚਨਾਂਤਰ ਮੇਂ- ਊਚੇ ਮੰਦਰ ਸੁੰਦਰ ਨਾਰੀ। ਦੇ. ਅਤਰਾਦਿ ਸੁਗੰਧੀ, ਜੈਸੇ- ਛਿਪੇ ਨਹ ਸੌਧਾ ਲਾਇਆ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ<br>ਗੁਰੁ ਗਿਰਾਰਥ ਕੋਸੇ ਸਕਾਰਾਦਿ<br>ਸਬਦਾਰਥ ਰਚਨੰ ਸਮਾਪਤੰ॥

# ਹ

**ਹੰ** ਦੇ. ਮੈਂ, ਯਥਾ- ਹੰ ਭੀ ਵੰਞਾ ਸਾਹੁਰੈ। ਮੈਂ ਭੀ ਜਾਵਾ ਅਪਨੇ ਸਸੁਰ ਕੇ ਥਾਨ ਮੇਂ।

**ਹੰ ਭੀ** ਵਾ. ਮੈ ਭੀ, ਯਥਾ- ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ। ਬਰੀਕ ਆਵਾਜ ਸੇ।

**ਹਉ** ਪੰ. ਮੈਂ, ਅਹੰ, ਯਥਾ- ਮੈ ਨਾਹੀ ਕਛੁ ਹਉ ਨਹੀ। ਪੁਨਾ- ਹਉ ਸੰਚਉ ਹਉ ਖਾਟਤਾ ਇਤ੍ਯਾਦਿ।

**ਹਉ ਰੋਗ** ਵਾ. ਜਾਤੀ ਧਨਾਦਿਕੋਂ ਕਾ ਅਹੰਕਾਰ।

**ਹਉਮੈ** ਦੇ. ਜਾਤੀ ਧਨਾਦਿਕੋਂ ਕਾ ਅਹੰਕਾਰ, ਯਥਾ- ਹਉਮੈ ਏਹੋ ਬੀਜੁ ਹੈ। ਈਹਾ ਜਨਮਾਦਿਕੋਂ ਕਾ ਸੇਖ ਕਰ ਜਾਤਿ ਧਨਾਦਕੋਂ ਕਾ ਅਹੰਕਾਰ ਜਨਮਾਦਿਕੋਂ ਕਾ ਬੀਜ ਹੈ। ਪੁਨਾ- ਹਉਮੈ ਅੰਦਰਿ ਸੰਨਿ੍। ਅਹੰਕਾਰ ਇਨ ਕੀ ਆਤਮ ਦ੍ਰਿਸ੍ਰਿ ਚੁਰਾਨੇ ਹੇਤ ਮਾਨੋ ਪਾੜ ਲਗਾ ਰਹਾ ਹੈ। ਯਾਹੀ ਭਾਵ ਸੇ ਅਹੰਤਾ ਮਮਤਾ ਕੋ ਮੇਟ ਕੇ ਏਕ ਹੋਨੇ ਕਾ ਉਪਦੇਸ ਹੈ। ਹਉ ਹਉ ਮੈ ਮੈ ਵਿਚਹੁ ਖੋਵੈ। ਪੁਨਾ- ਹਉਮੈ ਨਾਵੈ ਨਾਲਿ ਵਿਰੋਧੁ ਹੈ। ਜਾਤੀ ਧਨਾਦਿਕੋਂ ਕੇ ਅਹੰਕਾਰ ਕਾ ਨਾਮ ਪ੍ਰਾਪਤੀ ਸਾਥ ਬਿਰੋਧ ਹੈ। ਪੁਨਾ- ਹਉਮੈ ਦੀਰਘ ਰੋਗੁ ਹੈ।

**ਹਉਮੈ ਕੰਡਾ** ਵਾ. ਅਹੰਕਾਰ ਰੂਪ ਕੰਟਕ, ਯਥਾ- ਅੰਤਰਿ ਹਉਮੈ ਕੰਡਾ ਹੇ।

**ਹਉਰਾ** ਦੇ. ਹਲਕਾ ਅਰਥਾਤ ਤੁਛ, ਯਥਾ- ਭਇਓ ਲੋਭ ਸੰਗਿ ਹਉਰਾ। ਦੇ. ਪ੍ਰ. ਰੌਲਾ, ਜੈਸੇ- ਕੈਸਾ ਹਉਰਾ ਹੋ ਰਹਾ ਹੈ।

**ਹਉਲਾ** ਪੰ. ਹਲਕਾ, ਥੋੜੇ ਬੋਝ ਵਾਲਾ ; ਸਹਜ, ਜੈਸੇ- ਹਉਲਾ ਚਲ। ਤੁਛ, ਯਥਾ- ਮਨ ਮਤਿ ਹਉਲੀ ਬੋਲੇ ਬੋਲੁ। ਮਨਮੁਖੋਂ ਕੀ ਤੁਛ ਬੁਧੀ ਹੈ ਉਸ ਕੇ ਅਨੁਸਾਰ ਵੈਸੀਆ ਹੀ ਬਾਤਾਂ ਕਰੇ ਹੈਂ।

**ਹਉਲਿ** ਦੇ. ਪੰ. ਧੜਕਾ ਅਰਥਾਤ ਕੰਪ, ਯਥਾ- ਨਿਤ ਹਉਲੇ ਹਉਲਿ ਮਰਾਹੀ।

**ਹਇਓ** ਗੁ. ਹਤੇ ਹੈ, ਮਾਰੇ ਹੈ, ਯਥਾ- ਫਿਰਿ ਫਿਰਿ ਕਾਲ ਹਇਓ। ਸੰ. ਹਤ:।

**ਹਇਆ** ਗੁ. ਹਤਿਆ, ਕਾਲ ਕਾ ਮਾਰਿਆ।

**ਹਈ** ਗੁ. ਹਤੀ। ਪੰ. ਹੈ, ਜੈਸੇ- ਜਲ ਹਈ ਤਾ ਦੇਹ।

**ਹੰਸ** ਸੰ. ਨਿਰਲੋਭੀ ਰਾਜਾ ; ਬਿਸਨੁ ; ਸੂਰਯ ; ਪਰਮਾਤਮਾ ; ਮਤਸਰ ; ਯਤਿ ਬਿਸੇਖ ਅਰਥਾਤ ਖਤ੍ਰੀ ਸੰਨ੍ਯਾਸੀ ਜਿਨ ਕਾ ਦੰਡ, ਕਮੰਡਲੁ, ਮੰਦਰ, ਬਸਤ੍ਰ ਸਭੀ ਸੁਕਲ ਹੋਤੇ ਹੈਂ। ਮੰਤ੍ਰ ਬਿਸੇਖ ਜੋ ਹੰਸ ਗਾਯਤ੍ਰੀ ਅਜਪਾ ਜਾਪ ਪ੍ਰਸਿਧ ਹੈ ; ਤੰਤ੍ਰ ਗ੍ਰੰਥੋਂ ਮੇਂ ਬਰਨਨ ਹੈ ਸ੍ਵਾਸ ਕੇ ਬਾਹਰ ਆਨੇ ਸਮੇ 'ਹੰ' ਕਾ ਉਚਾਰਨ ਹੋਤਾ ਹੈ ਭੀਤਰ ਜਾਨੇ ਸਮੇ 'ਸ:' ਕਾ ਉਚਾਰਨ ਹੋਤਾ ਹੈ। ਯਾਤੇ ਹੰਸ ਮੰਤ੍ਰ ਕੋ ਬਿਨਾ ਯਤਨ ਜੀਵ ਸਦਾ ਜਪਤਾ ਹੈ। ਇਸੀ ਲੀਏ ਅਜਪਾ ਮੰਤ੍ਰ ਤਥਾ ਅਜਪਾ ਜਾਪ ਪੁਨਾ ਅਜਪਾ ਗਾਯਤ੍ਰੀ ਇਸ ਕੇ ਨਾਮ ਹੈਂ। ਇਸ ਕੇ ਜਾਪ ਕੀ ਉਸਤਤੀ ਦੋਨੋ ਗ੍ਰੰਥ ਸਾਹਬੋਂ ਮੇਂ ਲਿਖੀ ਹੈ। ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ। ਪੁਨਾ- ਆਤਮ ਉਪਦੇਸ ਭੇਸ ਸੰਜਮੁ ਕੋ ਜਾਪੁ ਸੁ ਅਜਪਾ ਜਾਪੇ। ਸਦਾ ਰਹੇ ਕੰਚਨ ਸੀ ਕਾਇਆ ਕਾਲ ਨ ਕਬਹੂ ਬਿਆਪੇ। ਕਾਇਆ ਈਹਾਂ ਜੀਵ ਕਾ ਵਾਸਤਵ ਸਚਿਦਾਨੰਦ ਸ੍ਵਰੂਪ ਲੇਨਾ। ਕਿਉਕਿ ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ। ਬਚਨ ਸੇ ਭੌਤਕ ਕਾਯਾ ਕੋ ਕਾਲ ਬਿਆਪਨ ਬਿਨਾ ਕਬੀ ਨਹੀਂ ਰਹੇ ਨੇਮ ਸੇ ਬਿਆਪੇ ਹੈ। ਸੁਮੇਰੁ ਪਰਬਤ ; ਸਿਵ ; ਦੇਹ ਮੇਂ ਪ੍ਰਾਣ ਵਾਯੂ ਕੇ ਬਿਚਾਰਨੇ ਕਾ ਨਾਮ ਭੀ ਹੰਸ ਹੈ ; ਪ੍ਰਾਣ, ਯਥਾ- ਉਡੈ ਨ ਹੰਸਾ ਪੜੈ ਨ ਕੰਧੁ। ਨਹੀਂ ਦੇਹ ਸੇ ਪ੍ਰਾਣ ਨਿਕਸੇਂ ਨਹੀਂ ਉਨ ਕੇ ਨਿਕਸੇ ਬਿਨਾ ਸਰੀਰ ਗਿਰੇ ; ਜੀਵ, ਯਥਾ- ਉਡਿਆ ਹੰਸੁ ਦਸਾਏ ਰਾਹ। ਹੰਸ ਪੰਖੀ, ਯਥਾ- ਹੰਸੁ ਉਡਰਿ ਕੋਧ੍ਰੈ ਪਇਆ। ਅਨਜੋਕ੍ਤੀ ਹੈ ਕੋਈ ਮਹਾਤਮਾ ਜਨ ਦੈਵ ਯੋਗ ਸੇ ਅਗ੍ਯਾਨੀਓਂ ਕੇ ਥਾਨ ਮੇਂ ਬੈਠ ਜਾਵੇ। ਤਬ ਉਸ ਕੇ ਮਾਲਕ ਮਹਾਤਮਾ ਕੋ ਵਹਾਂ ਸੇ ਨਿਕਾਸਨੇ ਜਾਵੇ ਹੈਂ। ਜੋ ਹਮਾਰੀ ਨਾਰੀ ਆਦਿ ਚੀਜ ਕੋ ਨਾ ਲੇ ਜਾਵੇ। ਪਰੰਤੂ ਵਹੁ ਜਾਨਤੇ ਨਹੀਂ ਹੈ ਮਹਾਤਮਾ ਕਾ ਇਨ ਚੀਜੋਂ ਓਰ ਧ੍ਯਾਨ ਨਹੀ ; ਮਹਾਤਮਾ ਕੋ, ਯਥਾ- ਹੰਸਾ ਦੇਖਿ ਤਰੰਦਿਆ। ਪੁਨਾ- ਹੰਸ ਸਿ ਹੰਸਾ। ਉਤਮ ਜਨ ਹੈਂ ਸੋ ਉਤਮ ਹੀ ਹੈਂ। ਬਗ ਸਿ ਬਗਾ- ਅਧਮ ਹੈਂ ਸੋ ਅਧਮ ਹੀ ਹੈਂ। ਸੇਵਕ, ਯਥਾ- ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ। ਸਤਗੁਰੋਂ ਕੇ ਸਮੀਪ ਸੇਵਕ ਪ੍ਰਾਣਪਤਿ ਪ੍ਰਮਾਤਮਾ ਕੋ ਪਾਵੇ ਹੈ।

**ਹਸਣਿ** ਦੇ. ਗੁਜਰਾਤ ਕੂਪ ਮੇਂ ਜੈਸੇ ਪਾਰਸੀ ਲੋਗੋਂ ਕੇ ਮੁਰਦੇ ਪੜਤੇ ਹੈਂ, ਯਥਾ- ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ। ਬਹੁੜੋ ਫੇਰ ਏਕ ਕੂਏ ਮੇਂ ਫੈਂਕੇ ਜਾਤੇ ਹੈਂ। ਭਾਵ ਯਹ ਕੋਈ ਦਾਹ ਕਰੀਤੇ ਹੈਂ, ਕੋਈ ਦੱਬੀਤੇ ਹੈਂ, ਕੋਈ ਕੁੱਤਿਓਂ ਕਾ ਭੋਜਨ ਹੋਤੇ ਹੈਂ, ਕੋਈ ਜਲ ਮੇਂ ਫੈਂਕੀਤੇ ਹੈਂ, ਕੋਈ ਬਹੁੜੋ ਕੂਏ ਮੇਂ ਗੇਰੀਤੇ ਹੈਂ।

**ਹਸਤ** ਦੇ. ਪ੍ਰਸੰਨ ਹੋਤਾ, ਯਥਾ- ਹਸਤ ਖੇਲਤ ਤੇਰੇ ਦੇਹੁਰੇ ਆਇਆ। ਹਾਥ ਕਾ, ਯਥਾ- ਹਸਤ ਅਲੰਬਨੁ ਦੇਹੁ। ਕ੍ਰਿਪਾ ਰੂਪੀ ਹਾਥ ਕਾ ਆਸਰਾ ਦੇਵੋ। ਨਛਤ੍ਰ ਬਿਸੇਖ। ਸੰ. ਹਸ੍ਤ। ਫਾ. ਹੈ, ਯਥਾ- ਅਉਹਠਿ ਹਸਤ ਮੜੀ ਘਰੁ ਛਾਇਆ। ਹਠ ਜੋ ਰਿਦਾ ਹਸਤਿ ਹੈ ਸੋ ਹਮਨੇ ਅਪਨਾ ਮੜੀ ਮਠ ਸਮਝ ਕੇ ਨਿਵਾਸ ਹੇਤ ਘਰ ਪਾਇਆ ਹੈ।

**ਹਸਤ ਊਚ** ਗੁ. ਹਾਥ ਮੇਂ ਜਪ ਸਮੇ ਊਚੇ ਕਰ ਪਹਰੀ ਹੁਈ ਗੋਮੁਖੀ ਸੋ ਹੈ, ਜੋ ਚਿਤ ਮੇਂ ਪ੍ਰੇਮ ਕੀ ਧਾਰਾ ਹੈ, ਯਥਾ- ਹਸਤ ਊਚ ਪ੍ਰੇਮ ਧਾਰਣੀ।

**ਹਸਤ ਅਲੰਬਨੁ** ਸੰ. ਹਾਥ ਕਾ ਆਸਰਾ, ਯਥਾ- ਹਸਤ ਅਲੰਬਨੁ ਦੇਹੁ ਪ੍ਰਭ।

**ਹਸਤ ਕਮਲ** ਸੰ. ਹਾਥ ਮੇਂ ਪਕੜੇ ਕਮਲ ਵਾਲਾ ਬਿਸਨੁ ; ਕਮਲ ਵਤ ਕੋਮਲ ਹਾਥ।

**ਹਸਤਾ** ਦੇ. ਮੁਖ ਖਿੜਾ ਕਰ ਪ੍ਰਸੰਨ ਹੋਤਾ।

**ਹਸਤਾ ਜਾਇ** ਵਾ. ਜੋ ਅਨਾਤਮ ਦਰਸੀ ਸਤਸੰਗ ਮੇਂ ਹਸਤਾ ਜਾਤਾ ਹੈ ਸੋ ਸਭ ਕੀ ਬਿਨਾਸਤਾ ਸ੍ਰਵਣ ਕਰ ਰੋਤਾ ਆਤਾ ਹੈ।

**ਹਸਤੀ** ਗੁ. ਹਾਥੀ ਸੇ ਭਾਵ ਅਹੰਕਾਰੀ ਜੀਵ ਸੇ, ਯਥਾ- ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ। ਸੰ. ਹਸ੍ਤੀ।

**ਹੰਸਨ** ਦੇ. ਹੰਸੋਂ ਕੋ।

**ਹਸੁ** ਗੁ. ਪ੍ਰਸੰਨ ਹੋਹ, ਯਥਾ- ਮਨਿ ਹਸੁ ਜੀਉ। ਪ੍ਰਸੰਨ ਹੋਵੇ ਹੈ, ਯਥਾ- ਰੋਵਤੁ ਜਾਇ ਸੁ ਹਸੈ। ਜੋ ਬੈਰਾਗ ਦਸਾ ਵਾਲਾ ਰੋਤਾ ਸਤਸੰਗ ਮੇਂ ਜਾਵੇ ਹੈ, ਸੋ ਆਤਮ ਗਯਾਨ ਲੇ ਪ੍ਰਸੰਨ ਹੋਵੇ ਹੈ।

**ਹਹਿ** ਪੰ. ਹੈਂ, ਯਥਾ- ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ।

**ਹਕਾ** ਅ. ਹੇ ਸਤਯ ਰੂਪ ! ਤੂ ਕਬੀਰ ਹੈ, ਕਰੀਮ ਹੈ, ਯਥਾ- ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।

**ਹਕਾਰੜਾ** ਗੁ. ਹੁਕਮ, ਬੁਲਾਵਾ।

**ਹਕਾਰਾ** ਦੇ. ਹੁਕਮ, ਯਥਾ- ਆਇਆ ਹਕਾਰਾ ਚਲਣਵਾਰਾ। ਆਯਾ ਹੁਕਮ ਪਰਲੋਕ ਕੋ ਚਲਾਨੇ ਵਾਲਾ।

**ਹਕੀਕਤਿ** ਅ. ਅਨੁਭਵ ਮੇਂ ਅਰਥਾਤ ਪ੍ਰਤਖਯ ਗਯਾਨ ਸ੍ਵਰੂਪ ਪ੍ਰਮੇਸ੍ਵਰ ਮੇਂ, ਯਥਾ- ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।

**ਹਕੀਨਾ** ਅ. ਹਕ ਕੇ ਅਰਥਾਤ ਹਕ ਸੰਬੰਧੀ, ਯਥਾ- ਰੰਗ ਤਮਾਸੇ ਮਾਣਿ ਹਕੀਨਾ ਵਾ ਮਾਣਿਹ ਕੀਨਾ ਪਾਠ ਹੈ। ਅਰਥ- ਕਿਉ ਨਹੀਂ ਮਾਣਤਾ।

**ਹਕੁ** ਅ. ਸਚ ; ਜੋ ਧਰਮ ਸਾਸਤ੍ਰ ਨੇ ਅਪਨੇ ਸ੍ਵਤ੍ਰ ਯੋਗਯ ਵਸਤੁ ਕਹੀ ਹੈ ਵਹੁ ਵਸਤੁ ; ਧਰਮ ; ਅਵਸ਼ਯ ਕਰਨੇ ਯੋਗਯ ਕਾਮ, ਯਥਾ- ਹਕੁ ਹਲਾਲੁ ਬਖੋਰਹੁ ਖਾਣਾ। ਅਪਨੀ ਸਾਸਤ੍ਰ ਬਿਹਤ ਚੀਜ ਸੇ -ਬਖੋਰਹ- ਭੋਜਨ ਕਾ ਖਾਣਾ ਕਰੋ ; ਸਚਾ ਪ੍ਰਮੇਸ੍ਵਰ, ਯਥਾ- ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ। ਜਿਸ ਪਰਮਾਤਮਾ ਕੋ ਸਾਸਤ੍ਰ ਰੂਪਾਦਿ ਹੀਨ ਕਹਤੇ ਹੈਂ ਵਹੁ ਹਕ, ਖਾਲਕ ਜਗਤ ਕਾ ਸ੍ਵਾਮੀ ਸਚ ਨਿਸਚੇ ਜਾਨੋ। ਸਿਆਮ ਰੂਪ ਵਾਲਾ ਕ੍ਰਿਸ੍ਨਾਦਿ ਸ੍ਵਰੂਪ ਨਹੀਂ ਕਿੰਤੂ ਇਨ ਸਭ ਕਾ ਆਸਰਾ ਹੈ। ਵੇਦ ਭੀ ਕਹਤਾ ਹੈ ਜਿਸ ਕੋ ਬਾਣੀ ਨਹੀਂ ਕਹ ਸਕਤੀ ਜੋ ਬਾਣੀ ਕੋ ਪ੍ਰਕਾਸੇ ਹੈ- ਤਦੇਵ ਬ੍ਰਹਮਤ੍ਵੰ ਬਿਧੀ ਨੇਦੰ ਯਦਿ ਦਮੁਪਾਸਤੇ।

**ਹਕੁ ਹੁਕਮੁ** ਗੁ. ਸੱਚਾ ਹੁਕਮ, ਯਥਾ- ਹਕੁ ਹੁਕਮੁ ਸਚੁ ਖੁਦਾਇਆ।

**ਹਕੁ ਪਰਾਇਆ** ਵਾ. ਦੂਸਰੇ ਕੀ ਮੇਰ ਵਾਲੀ ਵਸਤੁ, ਯਥਾ- ਹਕੁ ਪਰਾਇਆ ਨਾਨਕਾ।

**ਹੰਗਤਾ** ਪੰ. ਅਹੰਕਾਰ, ਮੈ ਪਣਾ। ਸੰ. ਅਹੰਤਾ।

**ਹੰਘਈ** ਪੰ. ਸਕਤਾ, ਯਥਾ- ਕੰਨੁ ਕੋਈ ਕਢਿ ਨ ਹੰਘਈ।

**ਹਛਨਈ** ਗੁ. ਅੱਛੀ।

**ਹਛੈ** ਪੰ. ਸੁਧ ਸੇ, ਯਥਾ- ਦਿਲਿ ਹਛੈ ਮੁਖਿ ਲੇਹੁ।

**ਹਜ** ਅ. ਮੱਕੇ ਕੀ ਯਾਤ੍ਰਾ, ਯਥਾ- ਹਜ ਹਮਾਰੀ ਗੋਮਤੀ ਤੀਰ। ਪੁਨਾ- ਕਿਆ ਹਜ ਕਾਬੈ ਜਾਂਏਂ। ਅਵਸਥਾ ਭਰ ਮੇਂ ਪਹੁਚ ਕੇ ਏਕ ਵਾਰ ਪੂਜਯਥਾਨ ਕਾ ਪੂਜਨਾ ਹਜ ਹੈ ਤਿਸ ਪੂਜਯਥਾਨ ਕਾਬੇ ਕੇ ਹੱਜ ਮੇਂ ਜਾਨੇ ਸੇ ਕਿਆ ਹੈ ਭਾਵ ਕੁਛ ਨਹੀਂ ਹੋਤਾ, ਜੋ ਚਿਤ ਅਛਾ ਨਹੀਂ।

**ਹਜ ਕਾਬੈ** ਵਾ. ਪੂਜਣੇਯੋਗ ਥਾਨ ਕੇ ਪੂਜਣੇ ਮੇਂ, ਯਥਾ- ਕਿਆ ਹਜ ਕਾਬੈ ਜਾਂਏਂ।

**ਹਜਾਰ** ਫਾ. ਸਹਸ੍ਰ, ਦਸ ਸੈਕੜੇ।

**ਹਜੂਰ** ਫਾ. ਸਮੀਪ, ਸਨਮੁਖ, ਨਿਕਟ।

**ਹਜੂਰੀਆ** ਦੇ. ਪ੍ਰਤਛ ਹਜੂਰ।

**ਹੰਝ** ਪੰ. ਹੰਸ, ਯਥਾ- ਕਲਰ ਕੇਰੀ ਛਪੜੀ ਆਇ ਉਲਥੇ ਹੰਝ। ਵਿਖਯ ਜਲ ਸੇ ਭਰੀ ਸੰਸਾਰ ਛਪੜੀ ਮੇਂ ਮਹਾਤਮਾ ਆ ਕਰ ਬੈਠ ਜਾਵੇ ਹੈਂ। ਬੈਠ ਕਰ ਇਸ ਮੇਂ ਦੇਹ ਯਾਤ੍ਰਾ ਮਾਤ੍ਰ ਖਾਨ ਪਾਨਾਦਿ ਕਰਤੇ ਹੈਂ। ਪਰੰਤੂ ਚਿੱਤ ਮੇਂ ਇਸ ਸੇ ਕਿਨਾਰੇ ਹੋਨੇ ਕੀ ਹੀ ਇੱਛਾ ਰਖੇ ਹੈਂ। ਅਗਯਾਨੀ ਜੀਵੋਂ ਤੁਲਯ ਸਦਾ ਇਸੀ ਮੇਂ ਬਨੇ ਰਹਨੇ ਕਾ ਖਿਆਲ ਨਹੀਂ ਕਰੇਂ। ਬਗੁਲਾ, ਯਥਾ- ਕੇਲ ਕਰੇਦੇ ਹੰਝ ਨੋ।

**ਹਟਤਾਰਿ** ਦੇ. ਤਾਲੇ ਲਗਾ ਦੀਏ ਜਮੋਂ ਕੇ ਮਕਾਨ ਕੋ, ਯਥਾ- ਜਮਹਿ ਕੀਓ ਹਟਤਾਰਿ।

**ਹਟਨਾਲੇ** ਦੇ. ਬਾਜਾਰ, ਯਥਾ- ਚਉਦਹ ਹਟਨਾਲੇ। ਚੌਦਾ ਲੋਕ ਬਾਜਾਰ ਹੈਂ।

**ਹਟਵਾਣੀਆ** ਪੰ. ਦੁਕਾਨਦਾਰ।

**ਹਟਿ ਹਾਟ** ਗੁ. ਦੁਕਾਨ ਦੁਕਾਨ ਮੇਂ ਗੁਰੋਂ ਕੇ ਬਚਨੋਂ ਕੇ ਉਪਦੇਸ ਹੇਤ ਬਿਕਾ ਭਾਵ ਜਹਾ ਭੇਜਾ ਤਹਾ ਗਯਾ, ਯਥਾ- ਗੁਰ ਬਚਨਿ ਬਿਕਾਨੋ ਹਟਿ ਹਾਟ।

**ਹਟੀਐ** ਪੰ. ਫਿਰੇਂ ਗੁਰੁ ਨਾਨਕ ਜੀ, ਯਥਾ- ਕਿਉ ਏਵੂ ਬੋਲਹੁ ਹਟੀਐ। ਅੰਗਦ ਕੋ ਗਦੀ ਦੇਨੀ ਹੈ, ਇਸ ਬੋਲ ਸੇ ਗੁਰੁ ਜੀ ਕਿਉ ਹਟੇਂ ਅਰਥਾਤ ਨਹੀਂ ਹਟੇ। ਉਨਹੀ ਕੋ ਦਈ ਉਕ੍ਰੰਚ- ਇਕਿ ਸਾਧ ਬਚਨ ਅਟਲਾਧਾ। ਦੁਕਾਨ ਕੋ, ਯਥਾ- ਮਲਿ ਤਖਤੁ ਬੈਠਾ ਗੁਰ

ਹਟੀਐ। ਗੁਰੂ ਨਾਨਕ ਜੀ ਕੇ ਉਪਦੇਸ ਸੌਦੇ ਕੇ ਠਿਕਾਨੇ ਤਖਤ ਕੋ ਗੁਰੂ ਜੀ ਮਲ ਬੈਠੇ।

**ਹਟੁ** ਦੇ. ਦੁਕਾਨ, ਯਥਾ- ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ। ਪੰ. ਨਿਬ੍ਰਿਤ ਹੋਹ, ਜੈਸੇ- ਕੁਰਾਹ ਸੇ ਪੀਛੇ ਹਟ।

**ਹਟੂਆ** ਦੇ. ਹਟੀ ਵਾਲਾ ਬਨ, ਯਥਾ- ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ। ਮਕੜੀ ਜੀਵ ਜੈਸੇ ਅਪਨੇ ਸੂਤ ਮੇਂ ਪ੍ਰੀਤੀ ਬਾਂਧ ਕੇ ਹਟੀ ਵਾਲਾ ਹੋ ਬੈਠੇ ਹੈ।

**ਹਠ ਮਝਾਹੂ** ਵਾ. ਹਿਰਦੇ ਰੂਪੀ ਹਟ ਕੇ ਬੀਚ, ਯਥਾ- ਹਠ ਮਝਾਹੂ ਮਾ ਪਿਰੀ।

**ਹਠਿ** ਸੰ. ਆਗ੍ਰਹ, ਜਿੱਦ, ਯਥਾ- ਮਨਹਠਿ ਕਰਮ ਕਮਾਵਦੇ। ਬੇਦ ਬਾਹਜਮਨ ਮਾਨੇ ਕਰਮ, ਯਥਾ- ਹਠੇ ਕਰਮ ਕਰਿ ਉਦਰੁ ਭਰਹਿ। ਗੁ. ਹ੍ਰਿਦੇ ਮੇਂ, ਯਥਾ- ਹਠ ਮਝਾਹੂ ਮਾ ਪਿਰੀ। ਪ੍ਰਾਣ ਕੇ ਨਿਰੋਧ ਸੇ, ਯਥਾ- ਹਠਿ ਨ ਪਤੀਜੈ। ਪ੍ਰਮੇਸ੍ਰਰ ਕਾਹੂ ਕੇ ਹਠ ਯੋਗ ਸੇ ਨਹੀਂ ਬਿਸ੍ਵਾਸੀ ਹੋਵੇ ਨਾ ਬਹੁਤੇ ਵੇਸੋਂ ਸੇ ਹੋਤਾ ਹੈ।

**ਹਠਿ ਨਿਗ੍ਰਹਿ** ਸੰ. ਹਠ ਯੋਗ ਕੀ ਰੀਤਿ ਕੇ ਗ੍ਰਹਣ ਸੇ, ਯਥਾ- ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ।

**ਹਠੀ** ਸੰ. ਆਗ੍ਰਹ ਵਾਲਾ, ਜਿੱਦੀਆ ; ਗੁਰੂ ਦਸਮ ਜੀ ਕੇ ਪੁਤ੍ਰੇਲੇ ਜੀਤ ਸਿੰਘ ਕਾ ਬੇਟਾ ਜਿਸ ਕਾ ਬੁਰਹਾਨਪੁਰ ਮੇਂ ਦੇਹਰਾ ਹੈ।

**ਹਠੀਸਾ** ਪੰ. ਹਠ ਕੀਆ ਬਾਤਾਂ।

**ਹਡਾ** ਪੰ. ਹਡੀਆਂ ਕੋ, ਯਥਾ- ਹਡਾ ਕੂ ਕੜਕਾਇ।

**ਹੰਢਾਇਆ** ਪੰ. ਫਿਰਾਇਆ।

**ਹੰਢਿ** ਪੰ. ਫਿਰਕੇ, ਯਥਾ- ਸਭੁ ਜਗੁ ਡਿਠਾ ਹੰਢਿ। ਫਿਰੇਂ ਹੈਂ, ਯਥਾ- ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ। ਜੀਵ ਕਰਮ ਖੋਟੇ ਕਰੇ ਹੈ, ਫਲ ਉਨ ਕੇ ਉਤਮ ਚਾਹੇ ਹੈ ਯਹ ਅਨਜੋਕ੍ਰੀ ਹੈ।

**ਹੰਢੀਐ** ਪੰ. ਫਿਰੀਐ, ਯਥਾ- ਤਾ ਕਾਇਤੁ ਗਾਰਬਿ ਹੰਢੀਐ।

**ਹੰਤ** ਗੁ. ਹਨੇ ਜਾਤੇ, ਹਤੇ ਜਾਤੇ ਹੈਂ।

**ਹਤਤਜਾਗੀ** ਵਾ. ਤਿਆਗ ਛੋਡੀ ਹੈ।

**ਹੰਤਨਾ** ਗੁ. ਮਾਰਨੇ ਵਾਲਾ ਹੈ, ਯਥਾ- ਹਤਿ ਤਿਆਗੀ ਹਉਮੈ ਹੰਤਨਾ। ਧਨਾਦਿਕੋਂ ਕਾ ਅਹੰਕਾਰ ਮਾਰਨੇ ਵਾਲਾ ਜਾਨ ਕੇ ਤਜਾਗ੍ਯਾ ਹੈ।

**ਹਤਿ** ਸੰ. ਮਾਰ ਕੇ, ਯਥਾ- ਹਤਿ ਤਿਆਗੀ। ਮਾਰ ਛੋਡੀ ਹੈ। ਹਤ ਕਰਤੇ ਥੇ, ਯਥਾ- ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ। ਜੋ ਹਤ ਕਰਤੇ ਥੇ ਕਾਮਾਦਿ ਪਾਂਚ ਸਤ੍ਰੂ ਸੋ ਸਭ ਭਗਤੋਂ ਨੇ ਹਰਿ ਕਥਾ ਰੂਪ ਬਾਣ ਸੇ ਮਾਰ ਲੀਏ।

**ਹਤਿਆ** ਦੇ. ਪ੍ਰਾਣੋਂ ਕਾ ਬਿਯੋਗ ਕਰਨੇ ਯੋਗਜ ਸਸਤ੍ਰ ਪਰਿਹਾਰਾਦਿ ਕ੍ਰਿਯਾ ; ਮਾਰਣਾ, ਬਧ। ਸੰ. ਹਤ੍ਯਾ।

**ਹਤਿਆਰਾ** ਪੰ. ਹਤਿਆ ਵਾਲਾ, ਯਥਾ- ਸੰਤ ਕਾ ਨਿੰਦਕੁ ਮਹਾ ਹਤਿਆਰਾ। ਬ੍ਰਹਮ ਵੇਤਾ ਕਾ ਘਾਤਕ ਮਹਾ ਹਤਿਆ ਕਰਨੇ ਵਾਲਾ ਹੈ।

**ਹਤੇ** ਦੇ. ਮਾਰੇ ਕੋ, ਯਥਾ- ਸੰਤ ਕੇ ਹਤੇ ਕਉ ਰਖੈ ਨ ਕੋਇ।

**ਹਥ ਫਲਗਾ** ਵਾ. ਹਾਥ ਮੇਂ ਫਲ ਲਗੇਗਾ।

**ਹਥ ਵਾਰਿ** ਗੁ. ਹਥੀ ਵਾੜ, ਯਥਾ- ਲੁਣੈ ਖੇਤਿ ਹਥ ਵਾਰਿ ਕਰੈ।

**ਹਥਾਸਾ** ਗੁ. ਹਾਥ।

**ਹਥਿ** ਦੇ. ਹਾਥ ਮੇ, ਯਥਾ- ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ। ਹਾਥ ਅਭਯ ਦਾਨ ਕਾ, ਯਥਾ- ਸਿਰਿ ਦਾਤਿਆ ਜਗ ਹਥੁ।

**ਹਥੀ** ਗੁ. ਹੱਥੋਂ ਕੇ, ਯਥਾ- ਹਥੀ ਪਉਦੀ ਕਾਹੇ ਰੋਵੈ। ਜਮੋਂ ਨੇ ਹਾਥੋਂ ਸੇ ਜਬ ਪਕੜਾ ਤਬ ਕਿਉ ਰੋਤਾ ਹੈ। ਆਸਰਾ, ਯਥਾ- ਹਥੀ ਦਿਤੀ ਪ੍ਰਭਿ ਦੇਵਣਹਾਰੈ।

**ਹਥੀ ਦਿਤੀ** ਵਾ. ਹਾਥ ਪਕੜਾਯਾ ਭਾਵ ਆਸਰਾ ਦੀਆ, ਯਥਾ- ਹਥੀ ਦਿਤੀ ਪ੍ਰਭਿ ਦੇਵਣਹਾਰੈ।

**ਹਥੀਆਰੁ** ਦੇ. ਬਸਤ੍ਰ ਕੇ ਬਨਾਨੇ ਕਟਨੇ ਕੇ ਸਾਧਨ, ਯਥਾ- ਅਹਰਣਿ ਮਤਿ ਵੇਦੁ ਹਥੀਆਰੁ।

**ਹਥੋ ਹਥਿ** ਵਾ. ਹਾਥ ਸੇ ਹਾਥ ਮੇਂ, ਮਾਤਾ ਕੇ ਹਾਥ ਸੇ ਬਹਨ ਕੇ ਹਾਥ, ਬਹਨ ਕੇ ਹਾਥ ਸੇ ਪਿਤਾ ਕੇ ਹਾਥ, ਯਥਾ- ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।

**ਹਦ** ਫਾ. ਸੀਮਾ।

**ਹਦਰਥਿ** ਫਾ. ਦਰਬਾਰ ; ਹਜੂਰ, ਯਥਾ- ਤੈ ਤਾ ਹਦਰਥਿ ਪਾਇਓ ਮਾਨ। ਹਰਿ ਕੇ ਦਰਬਾਰ ਮੇਂ ਪਾਯਾ ਹੈ ਸਤਕਾਰ। ਅਰਬੀ ਮੇਂ ਦਾਲ ਯਾਲ ਕੀ ਬਦਲ ਹੈ ਯਾਤੇ ਸਹੀ ਹਜਰਤ ਪਾਠ ਹੈ।

**ਹੰਦਾ** ਗੁ. ਕਾ, ਯਥਾ- ਜਸ ਹੰਦਾ ਬਾਣੁ।

**ਹਦੀਸਾ** ਅ. ਸਿਮ੍ਰਿਤੀਓਂ ਕੇ ਸਮਾਨ ਮੁਸਲਮਾਨੋਂ ਕੇ ਧਰਮ ਨਿਰਣੇ ਹੇਤ ਪੈਗੰਬਰੋਂ ਕੀ ਬਨਾਈ ਬਾਣੀ, ਯਥਾ- ਕਰਿ ਹਦੂਰਿ ਹਦੀਸਾ। ਮਨ ਕੋ ਪ੍ਰਮੇਸ੍ਰਰ ਕੇ ਸਨਮੁਖ ਰਖਣਾ ਹਦੀਸ ਕਾ ਬਿਚਾਰ ਸਮਝੋ। ਪੰ. ਭੂਲ ਬਖਸਾਨੀ ਕਰਤੇ ਹੈਂ, ਜੈਸੇ- ਤਾ ਕੇ ਆਗੇ ਕਢਹਿ ਖੜੇ ਹਦੀਸਾ।

**ਹਦੂਰ** ਅ. ਹਜੂਰ, ਨਿਕਟ, ਸਨਮੁਖ।

**ਹਨ** ਪੰ. ਹੈਂ, ਯਥਾ- ਜੋ ਹਨ ਪਾਪ ਬਿਦਾਰਨ ਕਉ। ਜੋ ਹਨ, ਹੈਂ ਪਾਪ ਦੂਰ ਕਰਨੇ ਕੋ। ਸੰ. ਮਾਰ ; ਹਿੰਸਾ ; ਗਮਨ।

**ਹਨਛੇ** ਗੁ. ਅਛੇ, ਉਤਮ ਬਿਬੇਕੀ ਕਰੇ ਹੈਂ, ਯਥਾ- ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ।

**ਹਨਵੰਤਰੁ** ਗੁ. ਹਨੂਮਾਨ, ਯਥਾ- ਹਣਵੰਤਰੁ ਆਰਾਧਿਆ।

**ਹਨੁ** ਸੰ. ਠੋਡੀ ਜੈਸੇ ਹਾਥੀ ਕਾ ਨਾਕ ਬਡਾ ਹੋਤਾ ਹੈ, ਤਾ ਕੇ ਸਮਾਨ ਬੰਦਰ ਕੀ ਠੋਡੀ ਬਡੀ ਹੋਤੀ ਹੈ, ਜਿਸ ਮੇਂ ਬਹੁਤ ਸੇ ਟੁਕੜੇ ਪਾ ਲੇਤਾ ਹੈ। ਯਾਤੇ ਬੰਦਰ ਕਾ ਨਾਮ ਹਨੁਮਾਨ ਹੈ।

**ਹਨੂਮਾਨ ਸਰਿ** ਗੁ. ਹਨੂਮਾਨ ਸਰੀਖੇ ਦਾਸ ਭਗਤੋਂ ਨੇ, ਯਥਾ- ਹਨੂਮਾਨ ਸਰਿ ਗਰੁੜ ਸਮਾਨਾਂ।

**ਹੰਬੈ** ਦੇ. ਮਾਰ. ਹੈ ; ਹਾਂ, ਯਥਾ- ਹੋਇ ਵਣਾਹੰਬੈ। ਹੋਨਾ ਹੈ।

**ਹਭੇ** ਪੰ. ਮੁ. ਸਭੀ, ਯਥਾ- ਹਭੇ ਟੋਲ ਸੁਹਾਵਣੇ। ਸਭ ਮੇਂ, ਯਥਾ- ਹਭ ਸਮਾਣੀ ਜੋਤਿ ਜਿਉ ਜਲ ਘਟਾਉ ਚੰਦ੍ਰਮਾ।

**ਹਭੇ ਟੋਲ** ਮਿ. ਸਭੀ ਥਾਨ, ਯਥਾ- ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣੁ ਮਲਿ। ਪਦਾਰਥ।

**ਹਮ** ਦੇ. ਅਸੀਂ, ਹਮ, ਯਥਾ- ਹਮ ਆਦਮੀ ਹਾਂ ਇਕ ਦਮੀ।

**ਹਮ ਸਹਰੀ** ਫਾ. ਏਕ ਸਹਰ ਮੇਂ ਬਸਨੇ ਵਾਲਾ, ਯਥਾ- ਜੋ ਹਮ ਸਹਰੀ ਸੁ ਮੀਤੁ ਹਮਾਰਾ।

**ਹਮ ਸਰਿ ਦੀਨੁ** ਵਾ. ਹਮਾਰੇ ਸਰੀਖਾ ਦੀਨ, ਯਥਾ- ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ।

**ਹਮ ਕੁਚਲ ਕੁਚੀਲ** ਵਾ. ਹਮ ਮੈਲੇ ਕਪੜੇ ਵਾਲਜੋਂ ਮੇਂ ਮੈਲੇ ਬਸਤ੍ਰੋਂ ਵਾਲੇ ਭਾਵ ਅਸੁਧ ਮਨ ਵਾਲਜੋਂ ਸੇ ਅਸੁਧ ਮਨ ਵਾਲੇ ਹੈਂ- ਵਾ ਖੋਟੇ ਚਲਨ ਵਾਲੇ ਔ ਅਸੁਧ ਮਨ ਵਾਲੇ ਹੈਂ।

**ਹਮ ਚਿਨੀ** ਫਾ. ਐਸੇ ਜੈਸੇ, ਯਥਾ- ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ।

**ਹਮ ਚੁ** ਫਾ. ਐਸਾ ਜੈਸਾ, ਯਥਾ- ਹਮ ਚੁ ਬਖੀਲ ਗਾਫਿਲ।

**ਹਮ ਤੁਮ** ਗੁ. ਅਹੰਤਾ ਤ੍ਵੰਤਾ, ਮੈਂ ਔ ਤੂੰ ਪਨਾ, ਯਥਾ- ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ।

**ਹਮ ਰਾਖਾ** ਵਾ. ਹਮ ਕੋ ਰਖੋ।

**ਹਮਰਾ** ਦੇ. ਪ੍ਰ. ਹਮਾਰਾ, ਯਥਾ- ਕਬੀਰ ਹਮਰਾ ਕੋ ਨਹੀ। ਸੰਬੰਧੀ ਸੇਖ। ਪੁਨਾ- ਹਮਰਾ ਝਗਰਾ ਰਹਾ ਨ ਕੋਊ।

**ਹਮਰੀ ਮੁਦ੍ਰਾ** ਵਾ. ਔਰੋ ਕੀ ਤਰਨੇ ਹੇਤ ਖੇਚਰੀ ਆਦਿ ਔਰ ਔਰ ਮੁਦ੍ਰਾ ਹੈ। ਹਮਾਰੀ ਹੇ ਹਰੀ ! ਆਪ ਕੇ ਨਾਮੋ ਕਾ ਜਾਪ ਹੀ ਮੁਦ੍ਰਾ ਹੈ। ਅਧਿਕ ਬਿਚਾਰ ਮੁਦ੍ਰਾ ਨਾਮ ਕੇ ਅਰਥ ਮੇਂ ਹੋਗਾ।

**ਹਮਲਾ** ਅ. ਹੱਲਾ ਪ੍ਰਸਿਧ।

**ਹਮਾ** ਦੇ. ਤਮਾਮ ਕੋ, ਯਥਾ- ਹਮਾ ਰਾ ਏਕੁ ਆਸ ਵਸੇ।

**ਹਮਾ ਰਾ** ਫਾ. ਸਭ ਕੇ ਤਾਂਈ, ਯਥਾ- ਹਮਾ ਰਾ ਏਕੁ ਆਸ ਵਸੇ। ਆਯਾ ਹੁਕਮ ਪਰਲੋਕ ਕੋ ਚਲਾਨੇ ਵਾਲਾ।

**ਹਮੁ** ਦੇ. ਸੰਪੂਰਣ, ਯਥਾ- ਹਮੁ ਜੰਜਾਲਾ। ਫਾ. ਹਮਹ।

**ਹਮੁ ਜੰਜਾਲਾ** ਵਾ. ਸਭ ਬੰਧਨ ਹੈ।

**ਹਰ** ਸੰ. ਸਰਬ ਸੰਸਾਰ ਕੋ ਹਰਨੇ ਵਾਲਾ ਮਹਾਦੇਵ ; ਅਗਨਿ ; ਗਧਾ ਯਹ ਨਾਮ ਗਧੇ ਕਾ ਬੋਝ ਕੇ ਲੇ ਜਾਨੇ ਸੇ ਹੈ ; ਗਣਤ ਬਿਦ੍ਯਾ ਮੇਂ ਜਿਸ ਸਾਥ ਭਾਗ ਦੀਆ ਜਾਵੇ ਵਹੁ ਅੰਗ। ਫਾ. ਸਭ, ਯਥਾ- ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ। ਖੋਜ ਅਪਨੇ ਦਿਲ ਮੇਂ ਪ੍ਰਮੇਸ੍ਵਰ ਕੋ ਸਭ ਦਿਨੋਂ ਮੇਂ। ਦੇ. ਦੂਰ ਕਰ ; ਸਭ ਤਰਹ ਸੇ, ਯਥਾ- ਗੁਰੁ ਗੋਵਿੰਦੁ ਹਰਿ। ਸਭ ਤਰਹ ਸੇ ਗੁਰੂ ਗੋਬਿੰਦ ਰੂਪ ਹੈਂ। ਪੁਨਾ- ਹਰਿ ਹਰਿ ਰਤਨੁ ਰਤਨੁ ਹਰਿ ਨੀਕੋ। ਸਭ ਰਤਨੋਂ ਮੇਂ ਦਰਿਦ੍ਰ ਹਰਨੇ ਵਾਲਾ ਹਰਿ ਹੀ ਭਲਾ ਰਤਨ ਹੈ। ਪੁਨਾ- ਹਰਿ ਹਰਿ ਸੇਵਕੁ। ਸਭ ਪ੍ਰਕਾਰ ਸੇ ਹਰਿ ਕੇ ਸੇਵਕ ਹੈਂ।

**ਹਰ ਪਾਤ** ਦੇ. ਹਰੇ ਪਤ੍ਰ, ਯਥਾ- ਜੈਸੇ ਬਨ ਹਰ ਪਾਤ।

**ਹਰ ਰੋਜ** ਫਾ. ਅਨੁਦਿਨ, ਪ੍ਰਤਿਦਿਨ।

**ਹਰਸਨ** ਗੁ. ਹਰਨੇ ਵਾਲਾ, ਯਥਾ- ਕਲਮਲ ਦੋਖ ਸਗਲ ਮਲ ਹਰਸਨ। ਪ੍ਰਸੰਨ ਹੋਨਾ, ਯਥਾ- ਦਰਸਨ ਪਰਸਨ ਸਰਸਨ ਹਰਸਨ।

**ਹਰਹੁ** ਦੇ. ਦੂਰ ਕਰੋ, ਯਥਾ- ਮੇਰੀ ਹਰਹੁ ਬਿਪਤਿ।

**ਹਰਕਾਇਆ** ਪੰ. ਹਲਕਿਆ ਹੂਆ ਕੁੱਤਾ, ਬਾਉਲਾ ਹੂਆ ਕੁੱਤਾ, ਯਥਾ- ਜਿਉ ਕੂਕਰੁ ਹਰਕਾਇਆ।

**ਹਰਖ** ਸੰ. ਪ੍ਰਸੰਨਤਾ, ਯਥਾ- ਹਰਖ ਸੋਗ ਤੇ ਰਹੈ ਅਤੀਤਾ। ਦੇ. ਗੁੱਸਾ, ਰੰਜ, ਮਾਖਤਾ, ਜੈਸੇ- ਆਪ ਪੈ ਮੇਰਾ ਹਰਖ ਹੈ।

**ਹਰਣਾ** ਦੇ. ਹੇ ਮ੍ਰਿਗ ! ਅਰਥਾਤ ਹੇ ਜੀਵ, ਯਥਾ- ਤੂੰ ਸੁਣਿ ਹਰਣਾ ਕਾਲਿਆ। ਕਸਤੂਰੀ ਹਰਣ ਕੀ, ਯਥਾ- ਕੇਸਰਿ ਕੁਸਮ ਮਿਰਗਮੈ ਹਰਣਾ।

**ਹਰਣਾ ਕਾਲਿਆ** ਵਾ. ਹੇ ਦੋਖੀ ਜੀਵ ! ਯਥਾ- ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ। ਹੇ ਵਿਖਈ ਜੀਵ ! ਕਿਉ ਪਰਾਈ ਇਸਤ੍ਰੀਓਂ ਸੇ ਪ੍ਰੇਮ ਕਰਤਾ ਹੈ।

**ਹਰਣਾਖੀ** ਸੰ. ਮ੍ਰਿਗ ਸਮ ਨੇਤ੍ਰੋਂ ਵਾਲੀ ਭਾਵ ਸੇ ਸੁਧ ਹਿਰਦੇ ਵਾਲੀ, ਯਥਾ- ਹਰਣਾਖੀ ਕੂ ਸਚੁ ਵੈਣੁ ਸੁਣਾਈ।

**ਹਰਣਾਖੀਏ** ਪੰ. ਮ੍ਰਿਗ ਕੇ ਨੇਤ੍ਰਾ ਸੇ ਨੇਤ੍ਰਾ ਵਾਲੀਏ, ਯਥਾ- ਸੁਣਿ ਮੁੰਧੇ ਹਰਣਾਖੀਏ। ਭਾਵ ਸੇ ਹੇ ਸੁਧ ਮਨ ਵਾਲੇ ਸਿਖ੍ਯ ਤੂ ਸ੍ਰਵਣ ਕਰ ਗੂੜ ਭਾਵ ਵਾਲਾ ਬਚਨ।

**ਹਰਤਾ** ਦੇ. ਹਰਨੇ ਵਾਲਾ। ਸੰ. ਹਰ੍ਤਾ।

**ਹਰਤੇ** ਗੁ. ਹੇ ਹਰੇ, ਯਥਾ- ਆਤਮ ਘਾਤੀ ਹਰਤੇ। ਵਾ ਹਰ ਤੇ, ਅਪਨੇ ਨਿਜ ਰੂਪ ਕੋ ਹਰਨੇ ਵਾਲੇ ਚੋਰ ਹੈ।

**ਹਰਦਮ** ਫਾ. ਸ੍ਵਾਸ ਸ੍ਵਾਸ, ਹਰ ਵਖਤ।

**ਹਰਦਾਸ ਤਨੇ** ਦੇ. ਹਰਿਦਾਸ ਜੀ ਕੇ ਪੁਤ੍ਰ ਗੁਰੂ ਰਾਮਦਾਸ, ਯਥਾ- ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ। ਸੰ. ਹਰਿਦਾਸ ਤਨਯ।

**ਹਰਦੀ** ਦੇ. ਹਲਦੀ ਪ੍ਰਸਿਧ, ਯਥਾ- ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ। ਸੰ. ਹਰਿਦ੍ਰਾ।

**ਹਰਨ** ਦੇ. ਖਾਲੀ ਕਰਨੇ ਵਾਲਾ, ਯਥਾ- ਹਰਨ ਭਰਨ ਜਾ ਕਾ ਨੇਤ੍ਰ ਫੋਰੁ। ਖਾਲੀ ਕਰਨੇ ਔ ਪੂਰਨ ਕਰਨੇ ਵਾਲਾ, ਜਿਸ ਕੇ ਨੇਤ੍ਰ ਕਾ ਫਰਕਨ ਮਾਤ੍ਰ ਹੈ ਭਾਵ ਨੇਤ੍ਰ ਕਾ ਇਸਾਰਾ ਹੈ ਜੈਸੇ ਸਮਰਥ ਪੁਰਖੋਂ ਕੇ ਨੇਤ੍ਰ ਕਾ ਇਸਾਰਾ ਨਫੇ ਨੁਕਸਾਨ ਕਾ ਹੇਤੂ ਹੋਤਾ ਹੈ ਐਸੇ ਹੀ ਪ੍ਰਮੇਸ੍ਵਰ ਕਾ ਹੈ।

**ਹਰਨਾ** ਦੇ. ਮ੍ਰਿਗ, ਯਥਾ- ਹਰਨਾ ਦੂਬਲਾ ਇਹੁ ਹਰੀਆਰਾ ਤਾਲੁ। ਚੁਰਾ ਲੇਨਾ, ਜੈਸੇ- ਕਾਹੂ ਕਾ ਮਨ ਹਰਨਾ।

**ਹਰਨਾਖਿ** ਗੁ. ਹਰਨਾਖਸ ਦੈਤ, ਯਥਾ- ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ। ਪੁਨਾ- ਤੁਮ ਦੁਸਟ ਤਾਰੇ ਹਰਣਖੇ।

**ਹਰਮ** ਸੰ. ਮੰਦਰ, ਯਥਾ- ਹਰ ਰੰਗੀ ਹਰਮ ਸਵਾਰਿਆ। ਅ. ਚਾਰ ਦਿਵਾਰੀ ਮਕਾਨ ਕੀ ; ਵਹੁ ਇਸਤ੍ਰੀਆਂ ਜਿਨ ਸੇ ਬਿਵਾਹ ਕਰਨੇ ਕਾ ਨਿਖੇਧ ਹੈ ਭਗਨੀ ਆਦਿ ; ਲੌਂਡੀਆਂ, ਟਹਲਨਾਂ ਜਿਸ ਸੇ ਹਰਮਜਾਦ ਕਾ ਅਰਥ ਲੌਂਡੀ ਕਾ ਬੇਟਾ ਹੈ।

**ਹਰਮਾ** ਅ. ਮਾਤਾ ਭਗਨੀ ਆਦਿਕ ਨਾਰੀਆਂ ਜਿਨ ਸਾਥ ਬਿਵਾਹ ਕਾ ਨਿਖੇਧ ਹੈ, ਯਥਾ- ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।

**ਹਰਵੇ** ਦੇ. ਪ੍ਰ. ਹਲਕੇ।

**ਹਰਾ** ਗੁ. ਧਾਰਨੇ ਵਾਲੇ, ਯਥਾ- ਸਿਧ ਸਮਾਧਿ ਹਰਾ।

**ਹਰਾਸ** ਪੰ. ਪ੍ਰਾਣ ਖੁਸਕ ਹੋ ਗਏ।

**ਹਰਾਨੀ** ਗੁ. ਦੂਰ ਹੋਈ।

**ਹਰਾਮ** ਫਾ. ਕੁਰਾਨ ਹਦੀਸ ਮੇਂ ਨਿਖੇਧ ਕਰੀ ਚੀਜ, ਯਥਾ- ਹਰਾਮ ਕੁਸਤਨੀ। ਪਰਾਈ ਇਸਤ੍ਰੀ ਸੇ ਮੈਥਨ ਚੋਰੀ ਆਦਿਕ ਕਾਮੋਂ ਮੇਂ ਜੀਵ ਮਾਰੇ ਜਾਤੇ ਹੈਂ।

**ਹਰਾਮਖੋਰ** ਫਾ. ਨਿਖਿਧ ਵਸਤੁ ਖਾਨੇ ਵਾਲੇ, ਯਥਾ- ਅਸੰਖ ਚੋਰ ਹਰਾਮਖੋਰ।

**ਹਰਾਮਖੋਰੀ** ਫਾ. ਨਿਖਿਧ ਵਸਤੁ ਕਾ ਖਾਨਾ।

**ਹਰਿ** ਸੰ. ਸਰਬ ਪਾਪੋਂ ਕੇ ਹਰਨੇ ਵਾਲਾ ਬਿਸਨੁ, ਯਥਾ- ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ। ਪੁਨਾ- ਹਰਿ ਸਰਣਿ ਸੂਰ ਗੁਪਾਲ। ਪਾਪ ਹਰਨੇ ਵਾਲਾ ਗੋਪਾਲ ਸਰਨਾਗਤੋਂ ਕੀ ਰਛਾ ਹੇਤ ਸੂਰਮਾ ਹੈ। ਚੰਦਨ ; ਸੂਰਜ ; ਪਵਨ ; ਅਸ੍ਵ ; ਸੁਕ ; ਭੇਕ ; ਕਪਿ ; ਸਿੰਘ ; ਹਰ ; ਅਜ ; ਇੰਦ੍ਰ, ਯਥਾ- ਹਰਿ ਸਿੰਘਾਸਣੁ ਦੀਅਉ। ਅੰਸ ; ਹਰੇ ਰੰਗ ਵਾਲੀ ਵਸਤੁ।

**ਹਰਿ ਸਰਿ** ਗੁ. ਗੰਗਾ ਜੀ, ਯਥਾ- ਫੂਲ ਹਰਿ ਸਰਿ ਪਾਵਏ। ਅਸਥੀ ਗੰਗਾ ਮੇਂ ਪੜਤੀ ਹੈਂ ਇਸ ਲੀਏ ਈਹਾ ਗੰਗਾ ਕਾ ਭੀ ਗ੍ਰਹਣ ਹੈ। ਕਿਉਂਕੇ ਮਨੀ ਸਿੰਘ ਜੀ ਕੀ ਸਾਖੀ ਮੇਂ ਲਿਖੀ ਵਾਜਬੁਲ ਅਰਜ ਕੇ ਉਤਰੋਂ ਮੇਂ ਗੁਰੁ ਦਸਮ ਜੀ ਨੇ ਹੁਕਮ ਗੰਗਾ ਮੇਂ ਪਾਵਣੇ ਕਾ ਭੀ ਦੀਆ ਹੈ। ਸਰਿ ਪਦ ਕੇ ਮੂਲ ਸਰ ਸਰਿਤ ਦੋ ਨਿਕਸ ਸਕਤੇ ਹੈਂ ਯਾਤੇ ਅਮ੍ਰਿਤਸਰ ਭੀ ਇਸ ਨਾਮ ਕਾ ਅਰਥ ਹੈ ਕਿਉਂਕਿ ਗੁਰੂ ਅਰਜਨ ਸਾਹਬ ਜੀ ਕਾ ਵਾਕ੍ਯ ਹੈ- ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ। ਖੋਦਨੇ ਸਮੇ ਬਿਸਨੁ ਭਗਵਾਨ ਨੇ ਮਜੂਰ ਕਾ ਸ੍ਵਰੂਪ ਬਨਾ ਕਰ ਆਪ ਖੋਦਯਾ ਇਸ ਲੀਏ ਹਰਿ ਸਰ ਅਰਥਾਤ ਪ੍ਰਮੇਸ੍ਵਰ ਕਾ ਸਰੋਵਰ ਅਮ੍ਰਿਤਸਰ ਜੀ ਕਾ ਨਾਮ ਹੈ। ਵਾਜਬੁਲ ਅਰਜ ਕਾ ਅਰਥ ਯੋਗ੍ਯ ਪ੍ਰਾਰਥਨਾ ਹੈ। ਸੋ ਸਿੱਖਾਂ ਨੇ ਸੰਸੇ ਨਾਸ ਹੇਤ ਪ੍ਰਸਨ ਰੂਪ ਕਰੀ ਗੁਰੂ ਜੀ ਨੇ ਉਤਰ ਦੀਏ ਤਿਨ ਉਤਰੋਂ ਮੇਂ ਮਨੀ ਸਿੰਘ ਜੀ ਲਿਖਤੇ ਹੈਂ। ਗੁਰੂ ਜੀ ਨੇ ਆਗ੍ਯਾ ਦਈ ਧਰਮ ਯੁਧ ਮੇਂ ਮਰੇ ਕੇ ਅਸਥ ਰਣਭੂਮੀ ਸੇ ਨਹੀ ਉਠਾਨੇ ਵਹੁ ਸੁਰਗ ਪਹੁਚਾ। ਅਛੇ ਠਿਕਾਨੇ ਹੇਤ ਹੀ ਉਤਮ ਤੀਰਥ ਮੇਂ ਅਸਥੀ ਪਾਵਨੀ ਲਿਖੀ ਹੈ। ਯੁਧ ਭੂਮੀ ਆਨ ਥਾਨ ਮਰਜੈਂ ਕੇ ਗੰਗਾ ਤਥਾ ਅਮ੍ਰਿਤਸਰ ਪਾਵੇ। ਇਸ ਆਗ੍ਯਾ ਕੇ ਅਨੁਸਾਰ ਬਹੁਤ ਲੋਕ ਆਧੇ ਆਧੇ ਗੰਗਾ ਅਮ੍ਰਿਤਸਰ ਦੋਨੋ ਥਾਨੋ ਮੇਂ ਪਾਤੇ ਹੈਂ। ਬਿਚਾਰ ਕਰਕੇ ਦੇਖਾ ਜਾਵੇ ਤਬ ਗੁਰੋਂ ਕੀ ਆਗ੍ਯਾ ਕਾ ਇਹ ਭਾਵ ਨਹੀਂ ਜੋ ਬਹੁਤ ਲੋਗੋਂ ਨੇ ਸਮਝਾ ਹੈ। ਆਗ੍ਯਾ ਕਾ ਯਹ ਭਾਵ ਹੈ ਅੰਮ੍ਰਿਤਸਰ ਪਾਵੇ ਵਾ ਗੰਗਾ ਪਾਵੇ। ਆਧੇ ਆਧੇ ਪਾਵੇ ਯਹ ਅਰਥ ਨਹੀਂ। ਕਿਉਂਕੇ ਗ੍ਰੰਥ ਜੀ ਮੇਂ ਗੁਰੂ ਸਾਹਿਬ ਲਿਖਤੇ ਹੈਂ- ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ। ਜਬ ਪ੍ਰਮੇਸ੍ਵਰ ਕਾ ਬਾਂਧਾ ਗੁਰੂ ਸਾਹਬ ਆਪ ਲਿਖਤੇ ਹੈਂ ਤਬ ਇਸ ਮੇ ਹੀ ਗੰਗਾ ਭੇਜਨੇ ਕਾ ਕੁਛ ਕਾਮ ਨਹੀਂ। ਕਾਹੇ ਤੇ ਜੈਸੇ ਬਿਸਨੁ ਕੇ ਚਰਨੋਂ ਕੇ ਜਲ ਕੇ ਪ੍ਰਤਾਪ ਸੇ ਗੰਗਾ ਉਤਮ ਤੀਰਥ ਹੈ ਤੈਸੇ ਪ੍ਰਮੇਸ੍ਵਰ ਕੇ ਬੰਧਨੇ ਸੇ ਅੰਮ੍ਰਿਤਸਰ ਉਤਮ ਤੀਰਥ ਹੈ। ਯਾਤੇ ਉਸੀ ਮੇਂ ਪਾਵੇ ਉਤਮ ਤੀਰਥ ਮੇਂ ਅਸਥੀ ਪਾਵਨੇ ਕਾ ਪ੍ਰਯੋਜਨ ਹੈ। ਪ੍ਰਾਣੀ ਕਾ ਕੋਈ ਅਵਯਵ ਉਤਮ ਤੀਰਥ ਮੇਂ ਪੜੇ ਤਬ ਉਸ ਕੋ ਉਤਮ ਥਾਨ ਮਿਲਤਾ ਹੈ। ਯਾਤੇ ਪੰਜਾਬ ਮਾਰਵਾੜਵਾਸੀ ਹਰਿਦ੍ਵਾਰ ਕਨਖਲ ਮੇਂ, ਸਰਬਤ੍ਰ ਗੰਗਾ ਸਮੀਪੀ ਜਹਾਂ ਤਹਾਂ ਗੰਗਾ ਮੇਂ, ਉਜੈਨ ਕੇ ਸਮੀਪੀ ਖਿਪ੍ਰਾ ਨਦੀ ਮੇਂ ਪਾਤੇ ਹੈਂ, ਕੁਰਛੇਤ੍ਰ ਵਾਸੀ ਭੂਮੀ ਸੇ ਉਠਾਤੇ ਹੀ ਨਹੀਂ, ਬ੍ਰਿਜ ਔ ਅਯੁਧ੍ਯਾ ਵਾਲੇ ਭੀ ਨਹੀਂ ਉਠਾਤੇ। ਤੈਸੇ ਹੀ ਗੁਰਸਿੱਖੋਂ ਕੋ ਕਰਨਾ ਚਾਹੀਏ। ਗੁਰ ਥਾਨੋ ਵਾਲੇ ਨਗਰੋਂ ਮੇਂ ਦਾਹ ਥਾਨ ਸੇ ਨਾ ਉਠਾਵੇਂ ਫੂਲ 'ਹਰਿ ਸਰਿ ਪਾਵਣੇ' ਬਚਨ ਅਨੁਸਾਰ ਸਰੋਵਰ ਮੇ ਹੀ ਪਾਵਨੇ ਅੱਛੇ ਸਮਝੇਂ। ਤਬ ਅਠਸਠ ਤੀਰਥ ਕੇ ਸਮੀਪ ਸਰੋਵਰ ਮੇ ਹੀ ਪਾਵੇ। ਇਸ ਬਚਨ ਸੇ ਬਿਰੁਧ ਪ੍ਰਕਰਮਾ ਮੇਂ ਨਾ ਫੈਂਕੇ ਕਾਹੇ ਤੇ ਨਾ ਸਪਰਸ ਯੋਗ੍ਯ ਵਸਤੁ ਕੇ ਸਪਰਸ ਸੇ ਪੁਰਖ ਅਸੁਧ ਹੋ ਜਾਤਾ ਹੈ। ਯਾ ਤੇ ਬ੍ਰਹਮਕੁੰਡ ਮੇਂ ਅਸਥੀਓਂ ਪੈ ਖੜੇ ਹੋ ਨੱਨੇ ਵਾਲੇ ਭੀ ਸਨਾਨ ਕਰਨਾ ਸਿਮ੍ਰਤੀ ਅਨੁਸਾਰ ਅਨੁਚਿਤ ਸਮਝੇ, ਉਸ ਸਥਾਨ ਨਾਵਨਾ ਅਨੁਚਿਤ ਨਹੀ ਤਬ ਸੰਕਾ ਸਮਾਧਾਨ ਕੋ ਤੁਲ੍ਯ ਹੋਣੇ ਸੇ ਈਹਾਂ ਬੀ ਤਲੈ ਫੈਂਕ ਊਪਰ ਨਿਸੰਕ ਨੱਵੇਂ।

**ਹਰਿ ਸਿੰਘਾਸਣੁ** ਸੰ. ਇੰਦ੍ਰ ਨੇ ਸਿੰਘਾਸਨ ਦੀਆ, ਯਥਾ- ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ।

**ਹਰਿ ਹਰ ਰੰਗ ਰੰਗ** ਵਾ. ਨਾਨਾ ਭਾਂਤ ਕੇ ਆਨੰਦੋ ਮੇਂ ਹਰਿ ਕਾ ਆਨੰਦ ਅਨੁਪਮ ਹੈ।

**ਹਰਿ ਹੀਰਾ ਹੀਰ** ਵਾ. ਹਰਿ ਸਭ ਹੀਰਯੋਂ ਮੇਂ ਉਤਮ ਹੀਰਾ ਹੈ।

**ਹਰਿ ਕਾ** ਦੇ. ਪ੍ਰਮੇਸੁਰ ਕਾ, ਯਥਾ- ਹਰਿ ਕਾ ਭਗਤੁ ਪ੍ਰਗਟ ਨਹੀ ਛਪੈ। ਪੁਨਾ- ਹਰਿ ਕਾ ਚਿਹਨੁ ਸੋਈ ਹਰਿ ਜਨ ਕਾ।

**ਹਰਿ ਕਾ ਗ੍ਰਹ** ਵਾ. ਅੰਤਹ ਕਰਣ।

**ਹਰਿ ਕਾ ਚਿਹਨੁ** ਵਾ. ਜੋ ਪ੍ਰਮੇਸੁਰ ਕਾ ਚਿਹਨ ਸਚਿਦਾਨੰਦ ਹੈ, ਯਥਾ- ਹਰਿ ਕਾ ਚਿਹਨੁ ਸੋਈ ਹਰਿ ਜਨ ਕਾ।

**ਹਰਿ ਕੈ ਦੁਆਰ** ਦੇ. ਹਰਿ ਕੇ ਦਰਵਾਜੇ, ਯਥਾ- ਮਰਉ ਤ ਹਰਿ ਕੈ ਦੁਆਰ। ਗੰਗਾ ਦੁਆਰ।

**ਹਰਿ ਗਾਲ** ਵਾ. ਪ੍ਰਮੇਸੁਰ ਸੰਬੰਧੀ ਬਾਤ, ਯਥਾ- ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ। ਪ੍ਰਮੇਸੁਰ ਸੰਬੰਧੀ ਕਥਾ।

**ਹਰਿ ਗੁਣ** ਸੰ. ਪ੍ਰਮੇਸੁਰ ਕੇ ਗੁਣ, ਯਥਾ- ਹਰਿ ਗੁਣ ਪੂਜੇ ਪਾਤੀ। ਹਰਿ ਕੇ ਗੁਣ ਰੂਪ ਪਤ੍ਰੋਂ ਸੇ ਪੂਜੇ ਹਰਿ ਕੋ।

**ਹਰਿ ਗੋਬਿੰਦੁ** ਸੰ. ਛਠੇ ਗੁਰੁ, ਯਥਾ- ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ।

**ਹਰਿ ਘਾਲ** ਗੁ. ਕੀਰਤਨਾਦਿ ਨਾਨਾ ਪ੍ਰਕਾਰ ਕੀ ਭਗਤੀ, ਯਥਾ- ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ।

**ਹਰਿ ਜਨੀ** ਗੁ. ਪ੍ਰਮੇਸੁਰ ਕੇ ਦਾਸੋਂ ਨੇ, ਯਥਾ- ਇਹ ਬੀਚਾਰੀ ਹਰਿ ਜਨੀ। ਹਰਿ ਜਨ ਹੈ, ਯਥਾ- ਸੋ ਸਚਾ ਹਰਿ ਜਾਨੁ।

**ਹਰਿ ਜਾਨੀਅੜਾ** ਗੁ. ਸਭ ਕੇ ਜਾਨਨੇ ਵਾਲਾ ; ਮਿਤ੍ਰ, ਯਥਾ- ਜਾਨੀਅੜਾ ਹਰਿ ਜਾਨੀਅੜਾ। ਸਭ ਕੇ ਜਾਨਨੇ ਵਾਲਾ ਹਰਿ ਮੇਰਾ ਮਿਤ੍ਰ ਹੈ।

**ਹਰਿ ਜਾਨੈ** ਗੁ. ਹਰਿ ਕੇ ਭਗਤੋਂ ਕੇ, ਯਥਾ- ਚਰਨੀ ਆਇ ਪਵੈ ਹਰਿ ਜਾਨੈ।

**ਹਰਿ ਜੀ** ਗੁ. ਹੇ ਹਰੇ, ਯਥਾ- ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ। ਹੇ ਹਰੇ ! ਮੈਂ ਉਨਕੀ ਸੰਗਤਿ ਨਾ ਕਰਾਂ ਵਾ ਹੇ ਹਰੇ ! ਕ੍ਰਿਪਾ ਕਰ ਹਮ ਕੋ ਉਨ ਕੀ ਸੰਗ ਤਿਨਾ ਪ੍ਰਾਪਤ ਕਰੋ ਵਾ ਨਾ ਪ੍ਰਾਪਤ ਕਰਾਓ ਈਹਾ ਸਭੀ ਬਜ਼ੁਖ੍ਯਾ ਕਾ ਸੰਭਵ ਹੈ।

**ਹਰਿ ਦਰਸਨ** ਸੰ. ਹਰਿ ਕੇ ਦਰਸਨ ਕੀ ਚਾਹ ਵਾਲੇ, ਯਥਾ- ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।

**ਹਰਿ ਦਰਸਾਵੜਾ** ਸੰ. ਹਰਿ ਕਾ ਦਰਸਨ।

**ਹਰਿ ਦਾਸ** ਸੰ. ਗੁਰੁ ਰਾਮਦਾਸ ਜੀ ਕੇ ਪਿਤਾ ਸੋਢੀ ਖਤ੍ਰੀ ; ਹਰਿ ਕੇ ਸੇਵਕ।

**ਹਰਿ ਦਾਤੜੇ** ਪੰ. ਹੇ ਹਰਿ ਦਾਤੇ, ਯਥਾ- ਹਰਿ ਦਾਤੜੇ ਮੇਲਿ ਗੁਰੂ।

**ਹਰਿ ਦੁਆਰਾ** ਸੰ. ਹਰਿ ਕੀ ਪ੍ਰਾਪਤੀ ਕਰਨੇ ਵਾਲਾ ਬ੍ਰਹਮ ਕੁੰਡ ਤੀਰਥ ; ਹਰ ਕੇ ਧਾਮ ਮੇਂ, ਯਥਾ- ਨਹ ਮਿਲੀਐ ਹਰਿ ਦੁਆਰਾ।

**ਹਰਿ ਪਾਸਿ** ਦੇ. ਪ੍ਰਮੇਸੁਰ ਕੇ ਸਮੀਪ, ਯਥਾ- ਆਇ ਮਿਲੇ ਹਰਿ ਪਾਸਿ।

**ਹਰਿ ਬਨਮਾਲਾ** ਗੁ. ਬਨਮਾਲਾ ਵਾਲਾ ਹਰਿ, ਯਥਾ- ਮਿਲਿਆ ਹਰਿ ਬਨਮਾਲਾ। ਗਲ ਸੇ ਲੇ ਪਾਓਂ ਪ੍ਰਯੰਤ ਲੰਬੀ ਮਾਲਾ ਕਾ ਨਾਮ ਬਨਮਾਲਾ ਹੈ, ਬਨਮਾਲਾ ਵਾਲੇ ਕਾ ਨਾਮ ਬਨਮਾਲੀ ਹੈ, ਜਿਸ ਸੇ ਬਨਵਾਲੀ ਔ ਬਨਵਾਰੀ ਬਨੇਂ।

**ਹਰਿ ਬਿਨੁ** ਦੇ. ਹਰਿ ਇਸ ਨਾਮ ਬਿਨਾ, ਯਥਾ- ਹਰਿ ਬਿਨੁ ਅਵਰ ਕ੍ਰਿਆ ਬਿਰਥੇ।

**ਹਰਿ ਬੁਹੀਆ** ਗੁ. ਸੁਗੰਧੀ ਵਾਲਾ ਹੂਆ ਹੂ।

**ਹਰਿ ਮੰਦਰੁ** ਸੰ. ਹਰਿ ਕੇ ਵਾਸ ਕਰਨੇ ਕਾ ਥਾਨ ਦੇਹ, ਯਥਾ- ਹਰਿ ਮੰਦਰੁ ਏਹੁ ਸਰੀਰੁ ਹੈ। ਜਿਸ ਮੇਂ ਹਰਿ ਵਾਸ ਕਰੇ ਸੋ ਦੇਹ ਰੂਪੀ ਥਾਨ ; ਅਮ੍ਰਿਤਸਰ ਤਥਾ ਪਟਣੇ ਕੇ ਦਰਬਾਰ ; ਕਲਕੀ ਕੇ ਹੋਨੇ ਕਾ ਥਾਨ, ਜੈਸੇ- ਭਲ ਭਾਗ ਭਇਆ ਇਹ ਸੰਭਲ ਕੇ ਹਰ ਜੁ ਹਰਿ ਮੰਦਰ ਆਵਹਿਗੇ।

**ਹਰਿ ਰਸ** ਗੁ. ਹਰੀ ਕੇ ਆਨੰਦ ਮੇਂ ਗੀਤ ਗਾਵਤੇ, ਯਥਾ- ਹਰਿ ਰਸ ਗੀਤ ਗਵਈਆ।

**ਹਰਿ ਰਸ ਪੀਵੇ** ਵਾ. ਹਰੀ ਕਾ ਆਨੰਦ ਅਨੁਭਵ ਕਰ ਕੇ।

**ਹਰਿ ਰੰਗ** ਸੰ. ਹਰਿ ਕਾ ਆਨੰਦ, ਯਥਾ- ਹਰਿ ਰੰਗ ਰੰਗ ਰੰਗ ਅਨੂਪੇਰੈ। ਸਭਨਾ ਆਨੰਦਾ ਵਿੱਚੋਂ ਹਰਿ ਕਾ ਆਨੰਦ ਅਨੁਪਮ ਹੈ। ਹਰਿ ਕੇ ਪ੍ਰੇਮ ਕੋ, ਯਥਾ- ਰੂੜੋ ਮਨੁ ਹਰਿ ਰੰਗੋ ਲੋੜੈ। ਗਾਲੀ ਹਰਿ ਨੀਹੁ ਨ ਹੋਇ।

**ਹਰਿ ਰੰਗੀ** ਵਾ. ਨਾਨਾ ਰੰਗ ਕੇ, ਯਥਾ- ਹਰ ਰੰਗੀ ਹਰਮ ਸਵਾਰਿਆ। ਭਾਂਤ ਭਾਂਤ ਕੇ ਸੀਸ ਮਹਲ ਸਵਾਰੇ।

**ਹਰਿ ਰਾਖੁ ਰਾਖੁ** ਗੁ. ਹਰੇ ਰਛਾ ਕਰ ਰਛਾ ਕਰ, ਯਥਾ- ਹਰਿ ਰਾਖੁ ਰਾਖੁ ਵਡ ਵਡਾ ਹੇ।

**ਹਰਿ ਰਾਤੇ** ਗੁ. ਹਰਿ ਮੇਂ ਪ੍ਰਾਪਤ ਹੋ ਗਏ।

**ਹਰਿ ਰਾਮ ਭੇਟਾਧ** ਵਾ. ਹੇ ਹਰੇ ! ਅਪਨੇ ਰਾਮ ਜਨੋਂ ਕਾ ਮੇਲ ਦੇਵੋ।

**ਹਰਿ ਰੁਖੁ** ਦੇ. ਹਰੀ ਚੰਦਨ ਅਰਥਾਤ ਸੁਰਗ ਕਾ ਬ੍ਰਿਛ, ਯਥਾ- ਚਾਰਿ

ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ। ਹਰਿ ਚੰਦਨ, ਦੇਵਤਰੁ।

**ਹਰਿ ਰੂੜਾ** ਦੇ. ਹਰਿ ਸੁੰਦ੍ਰ ਹੈ।

**ਹਰਿ ਲਬਧੋ** ਵਾ. ਪ੍ਰਮੇਸੂਰ ਹਮ ਨੇ ਲਭਾ ਹੈ ਮਿਤ੍ਰੋਂ ਮੇਂ ਸ੍ਰੇਸ੍ਟ ਮਿਤ੍ਰ, ਯਥਾ- ਹਰਿ ਲਬਧੋ ਮਿਤ੍ਰ ਸੁਮਿਤੋ।

**ਹਰਿਓ** ਦੇ. ਹਰਿਆ ਭਾਵ ਆਨੰਦ ਸਹਿਤ, ਵਿਖਯੋਂ ਕੀ ਤ੍ਰਿਸਨਾ ਨੇ ਸਭ ਜੀਵ ਦਾਹ ਕਰ ਦੀਏ ਹੈਂ ਕੋਈ ਆਤਮਾ ਕੇ ਆਨੰਦ ਵਾਲੇ ਤਾ ਸੇ ਬਚੇ ਹੈਂ ; ਉਠਾਯਾ, ਯਥਾ- ਊਹੀ ਤੇ ਹਰਿਓ ਊਹਾ ਲੇ ਧਰਿਓ।

**ਹਰਿਆ** ਦੇ. ਸਬਜ। ਗੁ. ਆਨੰਦ ਸਹਿਤ, ਯਥਾ- ਤਨੁ ਮਨੁ ਥੀਵੈ ਹਰਿਆ। ਪੁਨਾ- ਕੋਈ ਹਰਿਆ ਬੂਟੁ ਰਹਿਓ ਰੀ।

**ਹਰਿਆਇ** ਪੰ. ਜੋਰਾਵਰੀ ਪਰਾਈ।

**ਹਰਿਆਇਓ** ਪੰ. ਚੋਰੀ ਜੋਰੀ ਦੋਨੋ ਸੇ ਅਪਨੀ ਪਰਾਈ ਖੇਤੀ ਖਾਨੇ ਹਿਲਜ਼ਾ ਪਸੁ, ਯਥਾ- ਜਿਉ ਕਿਰਖੈ ਹਰਿਆਇਓ ਪਸੂਆ।

**ਹਰਿਹਟ** ਪੰ. ਹਲਟ, ਘਟੀ ਯੰਤ੍ਰ। ਸੰ. ਅਰਘਟ, ਯਥਾ- ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ। ਮਾਲਾ, ਮੱਲ ਹਰਟ ਕੀ।

**ਹਰਿਹਾਂ** ਗੁ. ਸਰਬ ਕੇ, ਯਥਾ- ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ। ਸਰਬ ਜੀਵੋਂ ਸੇ, ਯਥਾ- ਪਗੁ ਨਹੀ ਚਲੈ ਹਰਿ ਹਾਂ। ਮੋਹ ਰੂਪ ਕੀਚ ਵਾਲੇ ਸੰਸਰ ਮੇਂ ਸਭੀ ਜੀਵੋਂ ਸੇ ਨਿਸਕਾਮ ਕਰਮਾਦਿ ਕਾਹੂ ਪੈਰ ਮੇਂ ਨਹੀਂ ਚਲਾ ਜਾਤਾ ; ਗੁਰੂ ਕੀ ਸੇਵਕ ਇਸਤ੍ਰੀ।

**ਹਰਿਚੰਦਉਰੀ** ਗੁ. ਉਪਦ੍ਰਵ ਸੇ ਹਰਿਆ ਭਾਨ ਹੋਤਾ ਚੰਦ੍ਰਪੁਰ ਅਰਥਾਤ ਚੰਦ ਕਾ ਮੰਡਲ। ਜੈਸੇ ਉਪਦ੍ਰਵ ਕਾਲ ਮੇਂ ਦਿਸਾਓਂ ਮੇਂ ਲਾਲੀ ਅਕਾਸ ਮੇਂ ਉਲਕਾਪਾਤ ਭੂਮੀ ਮੇਂ ਭੂਕੰਪ ਭਾਨ ਹੋਤੇ ਹੈ ਤੈਸੇ ਅਤਿ ਸੁਕਲ ਚੰਦ੍ਰ ਮੰਡਲ ਹਰੇ ਰੰਗ ਵਾਲਾ ਭਾਸੇ ਹੈ। ਯਾ ਤੇ ਹਰਿ ਚੰਦੌਰੀ ਕਾ ਮੂਲ ਹਰਿਤ ਚੰਦ੍ਰਪੁਰੀ ਪਾਠ ਹੈ, ਯਥਾ- ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ।

**ਹਰੀਚੰਦੁ** ਦੇ. ਹਰੀ ਚੰਦ ਰਘੁਬੰਸੀ ਰਾਜਾ ਜਿਸ ਕੋ ਬਿਸ੍ਵਾਮਿਤ੍ਰ ਨੇ ਚੰਡਾਲੋ ਕੇ ਬੇਚਿਆ ਥਾ, ਯਥਾ- ਹਰੀਚੰਦੁ ਦਾਨੁ ਕਰੈ ਜਸੁ ਲੇਵੈ।

**ਹਰਿਨਾਖਸ** ਦੇ. ਪ੍ਰਹਲਾਦ ਕੇ ਪਿਤਾ ਕਾ ਭਾਈ ਰਾਖਸ ਪ੍ਰਹਲਾਦ ਕੇ ਪਿਤਾ ਕਾ ਨਾਮ ਹਿਰਣ੍ਯਕਸਿਪੁ ਥਾ। ਹਿਰਣ੍ਯ ਸੁਵਰਣ ਜੈਸੀ ਬਸੰਤੀ ਰੰਗ ਕੀ ਬਿੱਲੀਆਂ ਅੱਖਾਂ ਵਾਲਾ ਜਾਨ ਕੇ ਨਾਮ ਹਿਰਣ੍ਯਾਖ੍ਯ ਰਖਾ। ਹਿਰਣ੍ਯ ਸੁਵਰਣ ਕੀ ਸੇਹਜਾ ਵਾਲਾ ਜਾਨ ਕੇ ਨਾਮ ਹਿਰਣ੍ਯਕਸਿਪੁ ਹੈ। ਕਸਿਪੁ ਸਿਹਜਾ ਕਾ ਨਾਮ ਹੈ।

**ਹਰਿਬੰਸ** ਸੰ. ਏਕ ਪੁਰਾਣ ਕਾ ਨਾਮ ਹੈ ਜਿਸ ਕੋ ਭਾਰਤ ਕਾ ਪਰਬ ਮਾਨ ਸੰਤਾਨ ਕੇ ਲਾਭ ਹੇਤ ਸੁਨਤੇ ਹੈ ; ਏਕ ਭਾਟ ਕਵਿ, ਯਥਾ- ਹਰਿਬੰਸ ਜਗਤਿ ਜਸੁ ਸੰਚਰ੍ਯਉ।

**ਹਰਿਭਾ** ਗੁ. ਹਰਿ ਰੂਪ ਹੋ ਗਏ ਹੈਂ, ਯਥਾ- ਲੋਹ ਮਨੂਰ ਕੰਚਨੁ ਮਿਲਿ ਸੰਗਤਿ ਹਰਿ ਉਰ ਧਾਰਿਓ ਗੁਰਿ ਹਰਿਭਾ।

**ਹਰਿਰਾਇ** ਦੇ. ਹਰਿ ਰੂਪ ਰਾਜਾ ; ਸਾਤਵੇਂ ਗੁਰੂ ਜੀ ਕਾ ਨਾਮ ਹੈ, ਜੈਸੇ- ਸਿਮਰੋ ਸ੍ਰੀ ਹਰਿਰਾਇ।

**ਹਰੀ** ਗੁ. ਦੂਰ ਕਰੀ, ਯਥਾ- ਦੁਰਮਤਿ ਮੈਲੁ ਹਰੀ। ਸਬਜ, ਯਥਾ- ਹਰੀ ਨਾਹੀ ਨਹ ਡਡੁਰੀ। ਪ੍ਰਮੇਸੂਰ ਹੀ ਪ੍ਰਮੇਸੂਰ, ਯਥਾ- ਹਮਾਰੈ ਏਕੈ ਹਰੀ ਹਰੀ।

**ਹਰੀ ਕੇਰਾ** ਹਰਿ ਕਾ।

**ਹਰੀਆ** ਗੁ. ਦੁਖ ਬਿਡਾਰਨੇਹਾਰ, ਯਥਾ- ਦੂਖ ਬਿਡਾਰਨ ਹਰੀਆ। ਪ੍ਰਮੇਸੂਰ, ਯਥਾ- ਨਿਰਗੁਨ ਹਰੀਆ।

**ਹਰੀਆਰਾ** ਗੁ. ਹਰੇ ਘਾਸ ਵਾਲਾ ਅਰਥਾਤ ਸਬਦ ਸਪਰਸਾਦਿ ਰੂਪ ਨਾਨਾ ਪ੍ਰਕਾਰ ਕੀ ਸਬਜੀ ਵਾਲਾ, ਯਥਾ- ਇਹੁ ਹਰੀਆਰਾ ਤਾਲੁ।

**ਹਰੀਆਵਲਾ** ਦੇ. ਹਰਾ, ਆਨੰਦ ਸਹਤ, ਯਥਾ- ਮੈ ਘਰਿ ਬਨੁ ਹਰੀਆਵਲਾ।

**ਹਰੀਜੈ** ਗੁ. ਖੜ ਸੁਕ ਬ੍ਰਿਛ ਵਤ ਖੁਸਕ ਹੂਏ ਪੁਰਖ ਸਤਸੰਗ ਸੇ ਹਰੇ ਹੋਵੇ ਹੈਂ।

**ਹਰੂਏ** ਦੇ. ਹਲਕੇ ਅਰਥਾਤ ਬਿਬੇਕ ਸੇ ਨਿਰਹੰਕਾਰੀ ਭਏ ਮਹਾਤਮਾ, ਯਥਾ- ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ।

**ਹਰੇ** ਦੇ. ਸਬਜ, ਯਥਾ- ਸੂਕੇ ਹਰੇ ਕੀਏ ਖਿਨ ਮਾਹੇ। ਹਰਿਆ, ਯਥਾ- ਜਿਸ ਨੋ ਗੁਰਮੁਖਿ ਕਰੇ ਹਰੇ। ਹਰਿ ਕੇ, ਯਥਾ- ਹਰਿ ਹਰੇ ਗੁਨ ਗਾਇ। ਹਰਾ ਕਰਨੇ ਵਾਲੇ ਹਰ ਕੇ। ਸੰ. ਹੇ ਹਰੇ।

**ਹਵਾਇ** ਫਾ. ਤ੍ਰਿਸ੍ਨਾ, ਯਥਾ- ਗਾਫਲ ਹਵਾਇ। ਤ੍ਰਿਸ੍ਨਾ ਕੇ ਗਾਫਲ ਕੀਏ।

**ਹਵਾਸ** ਫਾ. ਪ੍ਰਾਣ ਇੰਦ੍ਰੇ।

**ਹਲ** ਸੰ. ਹਲ ਪ੍ਰਸਿਧ।

**ਹਲ ਬੀਚਾਰ** ਵਾ. ਇਸ ਪੁਰਖ ਸੇ ਧਨ ਇਸ ਛਲ ਸੇ ਮਿਲੇਗਾ ਐਸਾ ਬਿਚਾਰ ਹਲ ਹੈ।

**ਹਲਹਰ** ਗੁ. ਹਲਧਰ, ਹਲ ਵਾਹਨੇ ਵਾਲਾ ਪੁਰਖ, ਯਥਾ- ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ। ਪੈਓਧਰੀ ਕੇ ਥਾਨ ਪਯੋਹਰੀ ਵਤ ਹਲਧਰ ਕੇ ਥਾਨ ਹਲਹਰ ਹੋ ਗਯਾ ਹੈ ; ਹਲ ਮਾਤ੍ਰ।

**ਹਲਕਾਏ** ਪੰ. ਲੋਭ ਬਿਖ ਸੇ ਬਜਾਕਲ ਹੂਏ ਕੂਕਰ ਵਤ ਬਾਉਲੇ ਹੂਏ, ਯਥਾ- ਅੰਤਰਿ ਲੋਭੁ ਫਿਰਹਿ ਹਲਕਾਏ।

**ਹਲਤਿ** ਗੁ. ਇਹ ਲੋਕ, ਯਥਾ- ਹਲਤਿ ਨ ਸੋਭਾ ਪਲਤਿ ਨ ਢੋਈ। ਫਾ. ਹਾਲੀ। ਸੰ. ਪਰਤ੍ਰ ਅਰਥਾਤ ਹਾਲੀ ਫਾਰਸੀ ਸੇ ਹਲਤ ਨਾਮ ਬਨਾ ਹੈ ਪਰਤ੍ਰ ਸੰਸਕ੍ਰਿਤ ਸੇ ਪਲਤ ਬਨਾ ਹੈ।

**ਹਲਧਰ** ਸੰ. ਕ੍ਰਿਖੀ ਕਰ ; ਬਲਦੇਵ।

**ਹਲਾਲੁ** ਅ. ਕੁਰਾਨ ਹਦੀਸ ਮੇਂ ਕਰਨੇਯੋਗ ਬਤਾਏ ਕਾਰ। ਬਿਧਾਨ ਕੀਏ ਕਾਰ ਜੈਸੇ- ਪਾਂਚ ਵਖਤ ਨਿਮਾਜ ਪੜਨੀ, ਮੱਕੇ ਕੀ ਯਾਤ੍ਰਾ ਕਰਨੀ, ਕਮਾਈ ਸੇ ਯਕਾਤ ਦੇਨੀ ਭਾਵ ਦਸਮਾ (ਆਮਦਨ ਕਾ ਚਾਲੀਸਵਾਂ) ਹਿੱਸਾ ਪੁਨਜਾਰਥ ਦੇਨਾ, ਯਥਾ- ਹਕੁ ਹਲਾਲੁ ਕੁਰਾਣੁ।

**ਹਲੁ ਹਲੇਮੀ** ਵਾ. ਨਿੰਮ੍ਰਤਾ ਰੂਪ ਹਲ, ਯਥਾ- ਹਲੁ ਹਲੇਮੀ ਹਾਲੀ ਚਿਤੁ।

**ਹਲੇ** ਗੁ. ਹੇ, ਯਥਾ- ਹਲੇ ਯਾਰਾਂ। ਹੱਲੇ, ਯਥਾ- ਕਰਹਲੇ ਮਨ ਪਰਦੇਸੀਆ। ਅ. ਹਮਲਹ।

**ਹਲੇ ਯਾਂਰਾ** ਮਿ. ਹੇ ਮਿਤ੍ਰ ! ਸੰਸਕ੍ਰਿਤ ਨਾਟਕੋਂ ਮੇ ਹਲਾ ਸਬਦ ਸਖੀ ਕੇ ਸੰਬੋਧਨ ਮੇਂ ਹੋਤਾ ਹੈ। ਸੋ ਈਹਾ ਹੋ ਕੇ ਠਿਕਾਨੇ ਪ੍ਰਮੇਸ੍ਰਰ ਸਖਾ ਪ੍ਰਤਿ ਸੰਬੋਧਨ ਮੇਂ ਨਾਮਦੇਵ ਨੇ ਕਹਾ ਹੈ। ਪ੍ਰਸੰਨਤਾ ਸੇ ਦੂਬਾਰੇ ਕਹਾ ਹੈ, ਯਥਾ- ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ। ਹੇ ਯਾਰ ਹੇ ਯਾਰ ! ਖੁਸ ਖਬਰ ਭਾਵ ਆਨੰਦ ਹੈ ਤੂ ਇਸ ਅਰਥ ਕੇ ਸੰਭਵ ਹੋਤੇ, ਹਲੇ ਕਾ ਹਲਾ ਕਰਕੇ ਅਰਥਾਤ ਸੀਘ੍ਰ ਕਹੁ ਰਾਜੀ ਹੈਂ ਯਹ ਅਰਥ ਨਾ ਕਰਨਾ ਚਾਹੀਏ। ਅ. ਖਬਰਦਾਰ ਹੋਹੁ। ਦੇ. ਪ੍ਰ. ਅਪਨੇ ਸਮੀਪ ਬੁਲਾਨੇ ਮੇਂ, ਜੈਸੇ- ਮਾਤਾ ਦੀਨ ਹਲੇ ਅਰਥਾਤ ਉਰੇ ਆਵੋ। ਪੰ. ਘੋੜਾ ਘੋੜੀ ਬੁਲਾਨੇ ਮੈਂ, ਜੈਸੇ- ਹਲੇ ਹਲੇ।

**ਹਲੇਮੀ** ਫਾ. ਧੀਰਜ, ਨਿਮ੍ਰਤਾ, ਮੁਲਾਯਮੀ, ਯਥਾ- ਇਹੁ ਹੋਆ ਹਲੇਮੀ ਰਾਜੁ ਜੀਉ।

**ਹਵਾ** ਫਾ. ਚਾਹ, ਤ੍ਰਿਸਨਾ ; ਪਵਨ ; ਆਦਮ ਪੈਗੰਬਰ ਕੀ ਇਸਤ੍ਰੀ।

**ਹਵਾਲ** ਦੇ. ਬ੍ਰਿਤਾਂਤ ਦਸਾ, ਅਵਸਥਾ। ਫਾ. ਅਹਵਾਲ, ਯਥਾ- ਹਵਾਲ ਮਾਲੂਮੁ ਕਰਦੰ।

**ਹਵਾਲਾ** ਦੇ. ਦਸਾ, ਯਥਾ- ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ। ਫਾ. ਦ੍ਰਿਸ੍ਰਾਂਤ।

**ਹੜ** ਪੰ. ਵਰਖਾ ਕੇ ਜਲ ਕਾ ਅਤੀ ਪ੍ਰਵਾਹ, ਯਥਾ- ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।

**ਹੜ੍ਵਾਣੀਐ** ਪੰ. ਨਿੰਦਾ ਰੂਪ ਹੜ ਮੇਂ ਵਹ ਗਏ ਹੈ।

**ਹਾਂ** ਗੁ. ਹੈ, ਯਥਾ- ਹਰਿ ਹਰਿ ਹਰਿ ਗੁਨੀ ਹਾਂ। ਪੰ. ਹੂੰ, ਜੈਸੇ- ਮੈ ਹਾਂ। ਨਹੀਂ ਸੇ ਵਿਰੁਧ।

**ਹਾਂ ਹਾਂ** ਗੁ. ਹੂਆ ਹੂੰ, ਯਥਾ- ਹਾਂ ਹਾਂ ਮਨ ਚਰਨ ਰੇਨ। ਹੂਆ ਹੂੰ ਮਨ ਸੇ ਸੰਤੋਂ ਕੀ ਚਰਣ ਧੂੜ।

**ਹਾ ਹਾ** ਪੰ. ਹਾਇ ਅਰਥਾਤ ਸੋਗ ਕੀ ਅਵਾਜ, ਯਥਾ- ਰੇ ਮਨ ਕਿਆ ਕਰਹਿ ਹੈ ਹਾ ਹਾ। ਇਸੀ ਅਖਰ ਕਾ ਨਾਮ ਹੈ ; ਅਸਚਰਜ, ਯਥਾ- ਹਾਂ ਹਾਂ ਲਪਟਿਓ ਰੇ ਮੂੜ੍ਹੇ।

**ਹਾਂ ਕਿ** ਵਾ. ਜੋ ਮੈ ਹੂ, ਯਥਾ- ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ।

**ਹਾਉ** ਦੇ. ਹਾਵ। ਸ਼੍ਰਿੰਗਾਰ ਰਸ ਮੇ ਹਾਸ ਬਿਲਾਸਾਦਿ ਚੇਸ੍ਟਾ।

**ਹਾਇ** ਦੇ. ਸੋਗ ਕੀ ਅਵਾਜ, ਯਥਾ- ਕਰਦੇ ਹਾਏ ਹਾਇ।

**ਹਾਈ** ਗੁ. ਬਹੁਤੇ ਗੁਰੁ। ਫਾ. ਗੁਰੁਹਾਇ, ਯਥਾ- ਗਿਆਨੀ ਧਿਆਨੀ ਗੁਰ ਗੁਰ ਹਾਈ। ਪੁਨਾ- ਤੂ ਮੇਰਾ ਗੁਰ ਹਾਈ। ਗਯਾਨੀ ਸਾਂਖੀਓਂ ਸੇ, ਧਿਆਨੀ ਪਾਤੰਜਲੀਓਂ ਸੇ ਗੁਰੁ, ਮੀਮਾਸਕੋਂ ਸੇ, ਗੁਰੁਹਾਈ- ਆਨ ਜਗਤ ਕੇ ਬਹੁਤੇ ਗੁਰੁ ਰੂਪ ਸਾਸਤ੍ਰਕਾਰੋਂ ਸੇ, ਕਹੀ ਨਹੀਂ ਜਾਤੀ ਥੋੜੀ ਭੀ ਉਪਮਾ। ਦੂਸਰੇ ਬਚਨ ਕਾ ਅਰਥ ਯਹ ਹੈ- ਪ੍ਰਮੇਸ੍ਰਰ ਤੂਹੀ ਮੇਰੋ ਗੁਰੁ ਹਾਈ ਬਹੁਤੇ ਉਪਦੇਸ ਦਾਤੇ ਗੁਰ ਸ੍ਰਰੂਪ ਹੈ।

**ਹਾਸ** ਸੰ. ਮੁਖ ਕੀ ਪ੍ਰਸੰਨਤਾ ਸੇ ਬਿਕਾਸ।

**ਹਾਸਲ** ਅ. ਲਾਭ, ਕੀਏ ਕਰਮ ਸੇ ਨਫਾ।

**ਹਾਕ** ਦੇ. ਬੁਲਾਵਨੇ ਹੇਤ ਉਚੀ ਅਵਾਜ, ਯਥਾ- ਜਰਾ ਹਾਕ ਦੀ ਸਭ ਮਤਿ ਥਾਕੀ। ਬੁਲਾਇ ਲਏ, ਯਥਾ- ਜੋ ਰਤੇ ਦੀਦਾਰ ਸੇਈ ਸਚੁ ਹਾਕੁ। ਸਚੇ ਨੇ ਅਪਨੇ ਸਮੀਪ ਬੁਲਾਇ ਲਏ।

**ਹਾਕ ਦੀ** ਵਾ. ਬੁਢੇਪੇ ਨੇ ਅਵਾਜ ਦਈ ਜੋ ਮੈ ਆਯਾ, ਯਥਾ- ਜਰਾ ਹਾਕ ਦੀ ਸਭ ਮਤਿ ਥਾਕੀ।

**ਹਾਕਮ** ਅ. ਹੁਕਮ ਕਰਨੇ ਵਾਲਾ।

**ਹਾਕੁ** ਦੇ. ਸਚ, ਯਥਾ- ਦਿਲਾ ਕਾ ਮਾਲਕੁ ਕਰੇ ਹਾਕੁ। ਨਿਸਚੇ ਹਕ।

**ਹਾਂਕੇ** ਵਾ. ਮੈ ਸੋ ਹਾਂ।

**ਹਾਜਰੁ** ਅ. ਸਮੀਪ, ਯਥਾ- ਹਾਜਰੁ ਹਜੂਰਿ ਹਰਿ ਵੇਪਰਵਾਹਾ। ਸਮੀਪੋ ਸੇ ਸਮੀਪ ਪ੍ਰਮੇਸ੍ਰਰ।

**ਹਾਜੀ** ਅ. ਹੱਜ ਕਰਨੇਵਾਲਾ, ਮੱਕੇ ਕੀ ਯਾਤ੍ਰਾ ਵਾਲਾ, ਯਥਾ- ਜੋ ਦਿਲੁ ਸੋਧੈ ਸੋਈ ਹਾਜੀ।

**ਹਾਟਿਓ** ਗੁ. ਹੱਟੀ, ਯਥਾ- ਝੂਠੈ ਬਨਜਿ ਉਠਿ ਹੀ ਗਈ ਹਾਟਿਓ।

**ਹਾਟੁ** ਗੁ. ਹੱਟ, ਯਥਾ- ਹਾਟੁ ਪਟਣੁ ਘਰੁ ਗੁਰੂ ਦਿਖਾਇਆ।

**ਹਾਟੁਲੀ** ਅ. ਦੁਕਾਨ, ਯਥਾ- ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ। ਜੈਸੇ ਰਾਹੀ ਦੁਕਾਨ ਪੈ ਬੈਠ ਉਦਰ ਭਰ ਲੇਤਾ ਹੈ, ਤੈਸੇ ਤੁਮ ਭੀ ਹੇ ਜੀਵੋ ! ਭਰ ਲੇਤੇ ਹੋ।

**ਹਾਟੈ** ਗੁ. ਹਟੇ, ਨਿਬ੍ਰਿਤ ਹੋਵੇ, ਯਥਾ- ਗੁਰ ਕਾ ਸਿਖੁ ਬਿਕਾਰ ਤੇ ਹਾਟੈ। ਹੱਟੀ, ਯਥਾ- ਹਾਟੀ ਬਾਟੀ ਰਹਹਿ ਨਿਰਾਲੇ।

**ਹਾਟੋਲੀ** ਗੁ. ਹੱਟੀ, ਦੁਕਾਨ।

**ਹਾਠਾ** ਦੇ. ਤਰਫਾਂ ਅਰਥਾਤ ਪ੍ਰਬ੍ਰਿਤੀ ਨਿਬ੍ਰਿਤੀ ਯੋਗਜ ਗ੍ਰਹਣ ਤਿਆਗਾਦਿ ਦੋ ਦੋ ਪ੍ਰਕਾਰ, ਯਥਾ- ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ।

**ਹਾਠੀਸਾ** ਗੁ. ਹਠ ਕੇ ਮਿਥਯਾ ਬਚਨ ਹੈ, ਯਥਾ- ਕੂੜੇ ਮੂਰਖ ਕੀ

ਹਾਠੀਸਾ।

**ਹਾਠੀਲਾ** ਦੇ. ਹਠ ਵਾਲਾ, ਯਥਾ- ਤਿਆਗਿ ਮਾਨੁ ਹਾਠੀਲਾ।

**ਹਾਂਡੀ** ਦੇ. ਮਿਟੀ ਕਾ ਪਾਤ੍ਰ ਜਿਸ ਮੇਂ ਸਾਗ ਭਾਜੀ ਬਨਾਈ ਜਾਵੇ, ਯਥਾ- ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ।

**ਹਾਂਢੇ** ਪੰ. ਫਿਰੇ।

**ਹਾਣ ਲਾਏ** ਵਾ. ਤਿਆਗ ਦੇਵੇ।

**ਹਾਣਤ** ਗੁ. ਘਾਟਾ, ਯਥਾ- ਹਾਣਤ ਕਦੇ ਨ ਹੋਇ।

**ਹਾਣੁ** ਦੇ. ਹਾਨੀ ; ਨਾਸ ਹੋਨੇ ਵਾਲਾ ਜਾਨਨਾ, ਯਥਾ- ਹਾਣੁ ਹਟੁ ਕਰਿ ਆਰਜਾ।

**ਹਾਤੇ** ਗੁ. ਨਾਸ ਹੋਤੇ ਹੈਂ ; ਨਾਸ ਕਰਨੇ ਵਾਲੇ ਹੈਂ, ਯਥਾ- ਬਿਨੁ ਨਾਮ ਨਾਨਕ ਹਾਤ। ਹਤ ਹੋਤੇ, ਯਥਾ- ਪ੍ਰਭ ਦ੍ਰਿਸਟਿ ਤੁਹਾਰੀ ਹਾਤੇ।

**ਹਾਥ ਬਤਾਵ** ਵਾ. ਪ੍ਰਮੇਸ੍ਵਰ ਹਾਥ ਪਾਵੇ ਹੈ ਰਛਾ ਕਰਨ ਹੇਤ।

**ਹਾਥਾਲਾ** ਗੁ. ਹਾਥ ਅਰਥਾਤ ਥਾਹ, ਯਥਾ- ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ।

**ਹਾਥੀ** ਦੇ. ਹਸਤੀ। ਗੁ. ਹਥ ਕਾ ਆਸਰਾ, ਯਥਾ- ਗੁਰੁ ਹਾਥੀ ਦੇ ਨਿਕਲਾਵੈਗੋ। ਪੁਨਾ- ਸੰਸਾਰ ਸਾਗਰ ਤੇ ਕਢਿ ਦੇ ਹਾਥੀ। ਹਾਥ, ਥਾਹ, ਯਥਾ- ਹਾਥ ਨਹੀ ਨਾ ਪਾਰੁ। ਹਥ, ਯਥਾ- ਹਾਥਿ ਚਮੁ ਚਮਰੇ। ਹਾਥ ਚਮੜੇ ਸਾਥ ਚਮੜੇ ਹੂਏ ਜਿਸ ਕੇ, ਐਸਾ ਰਮਦਾਸ।

**ਹਾਨਿ** ਸੰ. ਨੁਕਸਾਨ, ਘਾਟਾ ; ਬਿਨਾਸ।

**ਹਾਮਾ** ਅ. ਹਿਮਾਇਤ ਸਹਾਇਤਾ।

**ਹਾਮੀ** ਅ. ਹਿਮਾਇਤ ਕਰਨੇ ਵਾਲਾ ; ਹਿਮਾਇਤ ਤਰਫਦਾਰੀ ਬਚਾਵ ਕਾ ਨਾਮ ਹੈ। ਗੁਰ ਪੀਰ ਤਰਫਦਾਰੀ ਚੇਲੇ ਕੀ ਤਬ ਕਰੇ ਹੈ। ਜਬ ਚੇਲਾ ਅਭੱਖ ਵਸਤੂ ਸੇ ਬਚੇ, ਯਥਾ- ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।

**ਹਾਰ** ਸੰ. ਪੁਸਪਾਦਿਕੋਂ ਕੀ ਮਾਲਾ ; ਜਯ ਨਾ ਹੋਨੀ, ਯਥਾ- ਹਾਰ ਜੁਆਰ ਜੁਆ ਬਿਧੇ। ਜੈਸੇ ਜੁਏ ਕੀ ਖੇਲ ਮੇਂ ਬਿਧੇ ਲਗੇ ਜੁਆਰੀ ਕੋ ਹਾਰ ਹੋਤੀ ਹੈ ਤੈਸੇ ਤੇਰੇ ਕੋ ਹੁਈ ਹੈ, ਜਿਸਤੇ ਤੂੰ ਇਨ ਵਿਖਯੋਂ ਨੇ ਜੀਤ ਲੀਆ ਹੈ ; ਪਾਨੀ ਭਰਨ ਵਾਲੇ, ਯਥਾ- ਰਾਮ ਭਗਤ ਕੇ ਪਾਨੀਹਾਰ।

**ਹਾਰ ਡੋਰ** ਵਾ. ਹਾਰ ਮੇਂ ਜਰੀ ਸੇ ਸਵਾਰੀ ਰੇਸਮ ਕੀ ਡੋਰ, ਯਥਾ- ਹਾਰ ਡੋਰ ਕੰਕਨ ਘਣੇ।

**ਹਾਰਾ** ਦੇ. ਵਾਲਾ, ਯਥਾ- ਸਦਣਹਾਰਾ ਸਿਮਰੀਐ। ਦੇ. ਪੁ. ਥਕਾ ਹੂਆ। ਦੇ. ਜੰ. ਦੂਧ ਕੜਨੇ ਕਾ ਹਾਰਾ।

**ਹਾਰਿਓ** ਦੇ. ਹਾਰ ਗਯਾ।

**ਹਾਰਿਆ** ਪੰ. ਵਾਲਿਆ, ਜੈਸੇ- ਸਿਰਜਣਹਾਰਿਆ। ਥਕਾ ਹੂਆ, ਯਥਾ- ਭ੍ਰਮਤ ਬਹੁ ਹਾਰਿਆ।

**ਹਾਲ** ਅ. ਫਾ. ਤਤਕਾਲ ; ਮੰਤ੍ਰ ਕੇ ਜੋਰ ਸੇ ਮੁਸਲਮਾਨੋਂ ਕੋ ਮਸਤੀ ਚੜਨੀ ; ਦਸਾ ; ਬਾਰਤਾ।

**ਹਾਲਾ** ਸੰ. ਸਰਾਬ। ਪੰ. ਰਾਜਾ ਕਾ ਕਰ ਜੋ ਜਿਮੀਦਾਰੋਂ ਸੇ ਲੀਆ ਜਾਤਾ ਹੈ।

**ਹਾਲੀ** ਦੇ. ਹਲ ਵਾਹਨੇ ਵਾਲਾ ਕਿਰਖੀਕਾਰ, ਯਥਾ- ਮਨੁ ਹਾਲੀ ਕਿਰਸਾਣੀ ਕਰਣੀ। ਫਾ. ਵਰਤਮਾਨ ਸਮੇ ਕਾ ਕੀਆ ਕਾਮ।

**ਹਾਵਾ** ਪੰ. ਬਿਯੋਗ ; ਬਿਛੋੜੇ ਕਾ ਸੋਗ, ਪਸਚਾਤਾਪ। ਪੰ. ਹਾਹੁਕਾ, ਹਾਹੁਕੇ, ਯਥਾ- ਤਿਨ ਕਦੇ ਨ ਚੁਕਨਿ ਹਾਵੇ। ਪੁਨਾ- ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ। ਹਾਹੁਕੇ ਲੇਤੇ, ਯਥਾ- ਮੋਹਨ ਨੀਦ ਨ ਆਵੈ ਹਾਵੈ।

**ਹਾੜ** ਪੰ. ਅਖਾੜ ਮਾਸ, ਹਾੜ ਮਹੀਨਾ, ਅਖਾੜਾ ਨਛਤ੍ਰ ਯੁਤ ਪੁਨਯਾ ਵਾਲੇ ਮਹੀਨੇ ਕਾ ਨਾਮ ਹਾੜ ਹੈ। ਸੰ. ਆਖਾੜ।

**ਹਾੜੀ** ਪੰ. ਹਾੜ ਕੀ ਖੇਤੀ, ਕਿਸਟੇ ਮੇਵਾ ਜਿਸ ਕਾ ਨਾਮਾਂਤਰ ਜਰਦਾਲੂ ਹੈ।

**ਹਿਆਉ** ਪੰ. ਲੱਜਾ, ਯਥਾ- ਕਉਣੁ ਸੁ ਅਖਰੁ ਜਿਤੁ ਰਹੈ ਹਿਆਉ। ਹਿਰਦਾ, ਯਥਾ- ਤਪੈ ਹਿਆਉ ਜੀਅੜਾ ਬਿਲਲਾਇ। ਪੁਨਾ- ਹਿਆਉ ਨ ਠਾਹੇ ਕਹੀ ਦਾ।

**ਹਿਆਇ** ਗੁ. ਹਿਰਦੇ ਮੇਂ, ਯਥਾ- ਹਿਆਇ ਕਮਾਇ। ਹਿਰਦੇ ਮੇਂ ਕਮਾਵੇ। ਪੁਨਾ- ਬਿਨੁ ਜਿਹਵਾ ਜੋ ਜਪੈ ਹਿਆਇ।

**ਹਿਆਲੀਐ** ਗੁ. ਹਿਰਦੇ ਮੇਂ, ਯਥਾ- ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।

**ਹਿੰਸਕ** ਸੰ. ਹਿੰਸਾ ਕਰਨੇ ਵਾਲਾ।

**ਹਿੰਸਾ** ਸੰ. ਬਧ, ਜੀਵੋਂ ਕੇ ਪ੍ਰਾਣ ਨਿਕਾਸਨੇ ਯੋਗਯ ਸਸਤ੍ਰ ਪਰਿਹਾਰਾਦਿ ਕ੍ਰਿਯਾ ਕਰਨੀ, ਯਥਾ- ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ।

**ਹਿਸਾ** ਦੇ. ਭਾਗ, ਬਾਂਟਾ, ਬਖਰਾ, ਛਾਂਦਾ।

**ਹਿਕ ਡੂੰ** ਪੰ. ਏਕ ਤੇ, ਯਥਾ- ਹਿਕ ਡੂੰ ਹਿਕਿ।

**ਹਿਕਮਤਿ** ਅ. ਬਡੀ ਬੁਧੀਮੱਤਾ, ਚਾਤਰੀ ਦੁਨੀਆ ਕੀ ; ਸਾਸਤ੍ਰੀ ਯੁਕਤੀਓਂ ਸੇ, ਯਥਾ- ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ। ਪਰਮਾਰਥ ਪਾਸੇ ਕਾ ਅਗਯਾਨੀ ਪੰਡਿਤ ਬਯਵਹਾਰਕ ਸਾਸਤ੍ਰੀ ਯੁਕ੍ਤੀਓਂ ਸੇ ਹੁਜਤਾਂ ਕਰੇ ਹੈ, ਆਪ ਸੰਚਨ ਮੇਂ ਪ੍ਰੇਮ ਧਾਰੇ ਹੈ।

**ਹਿਕਮਤੀ** ਦੇ. ਹਿਕਮਤ ਵਾਲਾ ; ਹਿਕਮਤੋਂ ਵਾਲਾ।

**ਹਿਕਾਯਤ** ਅ. ਚਰਚਾ ਕਾਹੂ ਕੀ, ਜਿਕਰ ਕਿਸੀ ਕਾ, ਜੈਸੇ- ਹਿਕਾਯਤ ਸੁਨੀਦੇਮ ਰਾਜਹ ਦਿਲੀਪ। ਸਚਾਈ, ਦਰੁਸ੍ਤੀ।

**ਹਿਕੁ** ਪੰ. ਮੁ. ਏਕ, ਯਥਾ- ਹਿਕੁ ਸੇਵੀ ਹਿਕੁ ਸੰਮਲਾ। ਛਾਤੀ, ਜੈਸੇ-

ਹਿੱਕ ਕਾ ਧੱਕਾ ਕਰਤਾ ਹੈ।

**ਹਿੰਗ** ਸੰ. ਹਿੰਗ ਔਖਧਿ, ਰਾਮਠ।

**ਹਿੰਗੁਲੁ** ਸੰ. ਸਿੰਗਰਫ ਧਾਤੁ ; ਹਿੰਗੁਲਾ ਦੁਰਗਾ ਜੋ ਹਿੰਗੁਲਾਜਿ ਪ੍ਰਸਿਧ ਹੈ।

**ਹਿੰਙ** ਦੇ. ਹਿੰਗ ਔਖਧਿ।

**ਹਿੰਙੁ ਦੀ** ਗੁ. ਵਹੁ ਸਨਾਨਾਦਿਕੋਂ ਕੇ ਅਹੰਕਾਰ ਕੀ ਬੇੜ੍ਹੀ ਹੁਈ ਭਾਵ ਵਲੀ ਹੁਈ ਹੀ ਜਗ ਮੇਂ ਰਹੀ। ਉਸ ਸੇ ਕਸਤੂਰੀ ਕੀ ਸੁਗੰਧਿ ਤੁਲਯ ਪ੍ਰਮੇਸ੍ਰ ਕਾ ਗਯਾਨ ਜਾਤਾ ਰਹਯਾ, ਯਥਾ- ਫਰੀਦਾ ਰਹੀ ਸੁ ਬੇੜੀ ਹਿੰਙੁ ਦੀ। ਸਲੋਕ ੩੩।

**ਹਿਚਹਿ** ਪੰ. ਪੀਛੇ ਹਟੇ ਤਬ, ਯਥਾ- ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ।

**ਹਿੰਡ** ਪੰ. ਜਿੱਦ।

**ਹਿੰਡੋਲ** ਦੇ. ਹਿੰਡੋਲਾ, ਰਾਗ ਬਿਸੇਖ, ਜੈਸੇ- ਬਸੰਤ ਹਿੰਡੋਲ।

**ਹਿਣ** ਪੰ. ਘੋੜੇ ਕੀ ਬੋਲੀ।

**ਹਿਤ** ਸੰ. ਪਥਯ, ਪਰਹੇਜ, ਜੈਸੇ- ਹਿਤ ਭੋਜੀ ; ਇਸ੍ਟ ਸਾਧਨ, ਬਾਂਛਿਤ ਪ੍ਰਾਪਤੀ ਕਾ ਉਪਾਯ ; ਮੰਗਲ ; ਭਲਿਆਈ ; ਪ੍ਰੇਮ, ਯਥਾ- ਸਬਦੰ ਰਤੰ ਹਿਤੰ ਮਇਆ। ਨਾਮ ਮੇਂ ਪ੍ਰੇਮ ਕਰਨਾ ਦਇਆ ਮੇ ਹਿਤ ਕਰਨਾ।

**ਹਿਤ ਚਿਤ** ਵਾ. ਚਿਤ ਕਾ ਪ੍ਰੇਮ।

**ਹਿਤੰ ਮਇਆ** ਗੁ. ਹਿਤ ਕਰਨਾ ਦਯਾ ਸਾਥ, ਯਥਾ- ਸਬਦੰ ਰਤੰ ਹਿਤੰ ਮਇਆ। ਉਪਦੇਸ ਕੇ ਪ੍ਰੇਮ ਸੇ ਹਿਤ ਕਰਨਾ ਦਇਆ ਸਾਥ ਭਾਵ ਉਪਦੇਸ ਲੇ ਦਯਾ ਕਾ ਸੁਭਾਵ ਧਾਰਨਾ।

**ਹਿਤਕਾਰ** ਸੰ. ਹਿਤ।

**ਹਿਤਕਾਰੀ** ਸੰ. ਹਿਤ ਕਰਨੇ ਵਾਲੇ।

**ਹਿਤ੍ਹੰਤ** ਗੁ. ਹਿਤ ਭਾਵ ਅਤਿਸੈ ਪ੍ਰੇਮ, ਯਥਾ- ਹਿਤ੍ਹੰਤ ਮਾਇਆ। ਬਹੁਤ ਪ੍ਰੇਮ ਹੋਤਾ ਹੈ ਮਾਇਆ ਸਾਥ।

**ਹਿਤਨੋ** ਗੁ. ਪ੍ਰੇਮ ਕਰਤਾ ਹੈ।

**ਹਿਤਾਨੀ** ਗੁ. ਹਿਤ ਵਾਲੀ ਜਾਨੀ, ਯਥਾ- ਯਹ ਮੀਠੀ ਜੀਅ ਮਾਹਿ ਹਿਤਾਨੀ।

**ਹਿਤਾਵੈ** ਗੁ. ਹਿਤਕਾਰੀ ਜਾਨੇ, ਯਥਾ- ਪ੍ਰਭ ਕੀ ਆਗਿਆ ਆਤਮ ਹਿਤਾਵੈ।

**ਹਿਤੇ** ਗੁ. ਕਰੇ।

**ਹਿਦੁਸਤਾਨੁ** ਫਾ. ਹਿੰਦਵਾਸੀਓਂ ਕੀ ਜਗਹ, ਭਾਰਤ ਖੰਡ, ਮੂਲ ਇਸ ਪਦ ਕੇ ਸਿੰਧੁਸਥਾਨ ਵਾ ਬਿੰਧਸਤਾਨ ਵਾ ਇੰਦੁਸਤਾਨ ਤੀਨ ਹੈਂ ਗ੍ਰੰਥ ਸਾਹਬ ਜੀ ਮੇਂ ਯਹ ਪਦ 'ਹਿਦੁਸਤਾਨੁ ਸਮਾਲਸੀ ਬੋਲਾ' ਪਾਠ ਮੇਂ ਪ੍ਰਸਿੱਧ ਹੈ।

**ਹਿੰਦੂ** ਫਾ. ਹਿੰਦ ਕੇ ਬਾਸੀ, ਬਰਣਾਸ੍ਰਮੀ ਲੋਗ, ਸਿੰਧੁ ਸੇ ਅਰਥਾਤ ਅਟਕ ਨਦੀ ਸੇ ਲੇ ਬ੍ਰਹਮ ਪੁਤ੍ਰ ਨਦੀ ਪ੍ਰਯੰਤ ਦੇਸ ਕਾ ਨਾਮ ਹਿੰਦ ਹੈ। ਬ੍ਰਹਮ ਪੁਤ੍ਰ ਸੇ ਪਰੇ ਵਸਨੇ ਵਾਲੇ ਸਾਮ ਦੇਸੀ, ਭੂਟੰਡੀ, ਚੀਨੇ ਬੌਧ ਲੋਗ ਹੈਂ। ਔ ਸਿੰਧੁ ਸੇ ਪਰੇ ਵਸਨੇ ਵਾਲੇ ਮੁਸਲਮਾਨ ਬਰਣ ਬਿਭਾਗ ਨਹੀਂ ਰਖਤੇ। ਇਸ ਲੀਏ ਵਹੁ ਲੋਗ ਹਿੰਦੂ ਨਹੀਂ। ਹਿੰਦੂ ਨਾਮ ਸੇ ਖ੍ਯਾਤ ਚਾਰ ਬਰਣੋਂ ਕੇ ਲੋਕ ਹੈਂ। ਚਾਰ ਬਰਣੋਂ ਕਾ ਨਾਮ ਹਿੰਦੂ ਯਵਨੋ ਨੇ ਜਬ ਸੇ ਅਪਨਾ ਨਾਮ ਮੁਸਲਮਾਨ ਰਖਾਯਾ ਤਬ ਸੇ ਰਖਾ ਹੈ। ਅਰਥ ਇਸ ਨਾਮ ਕਾ ਕਾਫਰ, ਠਗ, ਚੋਰ, ਗੁਲਾਮ ਹੈ। ਕਾਸੀ ਕੇ ਮਹਾਨ ਪੰਡਿਤੋਂ ਨੇ ਇਸ ਨਾਮ ਕਾ ਕਾਫਰ ਮਾਤ੍ਰ ਅਰਥ ਸਮਝ ਕੇ ਅਪਨੇ ਹਸ੍ਤਾਖਰ ਲਿਖ ਪਤ੍ਰ ਛਪਵਾਯਾ ਥਾ। ਮੁਸਲਮਾਨੋ ਕਾ ਰਖਾ ਕਾਫਰ ਅਰਥ ਵਾਲਾ ਹਿੰਦੂ ਨਾਮ ਹਮ ਕੋ ਕਹਾਨਾ ਉਚਿਤ ਨਹੀਂ। ਇਸ ਲੀਏ ਕੋਈ ਬਰਣਾਸ੍ਰਮੀ ਆਪ ਕੋ ਹਿੰਦੂ ਨਾ ਕਹਾਵੇ। ਉਸੀ ਪਤ੍ਰ ਮੈਂ ਯਹ ਦੋਹਾ ਲਿਖਾ ਥਾ। ਦੋ:। ਕਾਫਰ ਕੋ ਹਿੰਦੂ ਕਹਤ ਯਵਨ ਸੁ ਭਾਖਾ ਮਾਹਿ। ਤਾ ਤੇ ਹਿੰਦੂ ਨਾਮ ਯਹ ਉਚਿਤ ਕਹੈਬੋ ਨਾਹਿ॥੧॥ ਪੰਡਿਤੋਂ ਕੇ ਲਿਖੇ ਅਨੁਸਾਰ ਸਿਧ ਹੋਤਾ ਹੈ ਭਾਰਤ ਵਾਸੀ ਲੋਗੋਂ ਕੋ ਆਰਯ ਵਾ ਬਰਨਾਸ੍ਰਮੀ ਨਾਮ ਸੇ ਬੋਲਨਾ ਚਾਹੀਏ ਹਿੰਦੂ ਨਾਮ ਸੇ ਬੋਲਨਾ ਭੀ ਉਚਿਤ ਨਹੀਂ। ਤੌ ਭੀ ਜੋ ਨਾਮ ਹਿੰਦ ਵਾਸੀ ਲੋਗੋਂ ਪੈ ਅਤਿ ਪ੍ਰਸਿਧ ਹੋ ਪੋਥੀ ਗ੍ਰੰਥੋਂ ਮੇਂ ਲਿਖਾ ਗਯਾ ਹੈ, ਇਸ ਨਾਮ ਸੇ ਬੋਲੇ ਕਹਾਏ ਬਿਨਾ ਨਿਰਬਾਹ ਹੋਨਾ ਕਠਨ ਹੈ। ਅਰ ਜਿਸ ਅਰਥ ਕੋ ਸਮਝ ਕੇ ਪੰਡਤੋਂ ਨੇ ਨਾ ਕਹਾਨਾ ਚਾਹੀਏ ਲਿਖਾ ਹੈ ਸੋ ਇਸ ਪਦ ਕਾ ਮੁਖਯ ਅਰਥ ਭੀ ਨਹੀਂ। ਇਸ ਲੀਏ ਜਿਨ ਸੰਸਕ੍ਰਿਤ ਪਦੋਂ ਸੇ ਬਦਲ ਕੇ ਹਿੰਦੂਸ੍ਤਾਨ ਨਾਮ ਬਨਾ ਹੈ ਸੋ ਲਿਖ ਦਿਖਾਏ ਜਾਤੇ ਹੈਂ। ਕੋਈ ਕਹਤੇ ਹੈਂ ਯਵਨ ਦੇਸ ਸੇ ਭਾਰਤ ਖੰਡ ਮੇਂ ਆਵਨੇ ਸਮੇ ਪਹਲੇ ਸਿੰਧੁ ਨਦੀ ਆਤੀ ਹੈ। ਜਿਸ ਕਾ ਦੂਸਰਾ ਨਾਮ ਅਟਕ ਹੈ। ਤਿਸ ਸਿੰਧੁ ਸਥਾਨ ਮੇਂ ਆਤੇ ਯਵਨ ਦੇਸੀ ਲੋਗੋਂ ਨੇ ਸਿੰਧੁ ਸਥਾਨ ਕਾ ਨਾਮ ਹਿੰਦੂਸ੍ਤਾਨ ਰਖਾ ਕਿਉਂਕਿ ਫਾਰਸੀ ਮੇਂ ਜੈਸੇ ਸੰਸਕ੍ਰਿਤ ਸਪ੍ਤ ਨਾਮ ਕੀ ਸੀਨ ਕੇ ਥਾਨ ਹੇ ਬਦਲ ਕੇ ਹਫਤ ਹੋ ਗਯਾ ਹੈ। ਵੈਸੇ ਹੀ ਕਈ ਹਜਾਰ ਬਰਸ ਸੇ ਸਿੰਧੁ ਸਥਾਨ ਸਬਦ ਮੇਂ ਹੇ ਬਦਲ ਹਿੰਦੁਸ੍ਤਾਨ ਬਨਾ ਹੂਆ ਹੈ। ਯਹ ਵਾਰਤਾ ਪਾਰਸੀ ਲੋਗੋਂ ਕੀ ਦਸਾਤੀਰ ਨਾਮੀ ਆਸਮਾਨੀ ਪੁਸ੍ਤਕ ਕੀ ਤ੍ਰੇਹਟ ਪੈਹਟ ਆਯਤੋਂ ਮੈਂ ਬਯਾਸਾਦਿ ਰਿਖੀਓਂ ਕੋ ਹਿੰਦੂ ਭਾਵ ਹਿੰਦ ਕੇ ਵਾਸੀ ਲਿਖਨ ਮੇ ਸਪਸ੍ਟ ਹੈ। ਔਰ ਕਹਤੇ ਹੈਂ ਭਾਰਤ ਖੰਡ ਮੇਂ ਜਿਸ ਕਾ ਨਾਮ ਬਿੰਧਯਾਚਲ ਹੈ। ਵਹੁ ਬਿੰਧਸਥਾਨ ਪ੍ਰਸਿਧ ਹੈ। ਤਿਸ ਕੀ ਜਗਾ ਫਾਰਸੀ ਮੇ ਹਿੰਦੁਸ੍ਤਾਨ ਬਨ ਗਯਾ ਹੈ। ਬੇ ਕੇ ਥਾਨ ਹੇ ਕਾ ਬਦਲਨਾ ਬੋਸ ਕੇ ਠਿਕਾਨੇ ਹੁਏ ਹੋਸ ਪਦ ਮੇਂ ਪ੍ਰਸਿਧ ਹੈ। ਹੋਸ ਕਾ ਅਰਥ ਉਸ੍ਤਤੀ ਕਰਨੀ ਹੈ। ਔਰ ਕਹਤੇ ਹੈਂ ਜੈਸੇ ਭਾਰਤ ਬੰਸੀ ਛਤ੍ਰੀਓਂ ਕੇ ਨਿਵਾਸ ਸੇ ਖੰਡ ਕਾ ਨਾਮ ਭਾਰਤ ਖੰਡ ਹੈ ਤੈਸੇ ਬਹੁਤ ਇੰਦੁ ਬੰਸੀ ਅਰਥਾਤ ਚੰਦ੍ਰ ਬੰਸੀ ਛਤ੍ਰੀਓਂ ਕੇ ਬਸਨੇ ਸੇ

ਅਫਯੂਨ ਕੇ ਠਿਕਾਨੇ ਅਪਯੂਨ ਵਤ ਇੰਦੁਸਤਾਨ ਕੇ ਠਿਕਾਨੇ ਹਿੰਦੁਸ੍ਤਾਨ ਹੋ ਗਯਾ ਹੈ ਅਫਯੂਨ ਅਫੀਮ ਕਾ ਨਾਮ ਹੈ। ਕਹੀ ਰੀਤ ਸੇ ਸਿੰਧੁ ਸਥਾਨ ਵਾ ਬਿੰਧ ਸਥਾਨ ਵਾ ਇੰਦੁਸਤਾਨ ਸੇ ਹਿੰਦੁਸ੍ਤਾਨ ਸਿਧ ਹੋਨੇ ਸੇ ਹਿੰਦੂ ਪਦ ਕੇ ਅਰਥ ਕਾਫਰ ਵਾ ਠਗ, ਚੋਰ, ਗੁਲਾਮ ਨਹੀਂ ਸਿਧ ਹੋਤੇ। ਸਿੰਧਵਾਸੀ, ਬਿੰਧਵਾਸੀ, ਇੰਦੁਵੰਸੀ ਲੋਗ ਹੀ ਸਿਧ ਹੋਤੇ ਹੈ। ਯਾਤੇ ਹਿੰਦੂ ਹਿੰਦੀ ਹਿੰਦੁਸ੍ਤਾਨੀ ਤੀਨੋ ਨਾਮ ਹਿੰਦ ਦੇਸਵਾਸੀ ਮਾਤ੍ਰ ਅਰਥ ਕੋ ਕਹਤੇ ਹੈਂ। ਦੇਸਵਾਸੀ ਬਰਣਾਸ੍ਰਮੀ ਹੋਵੇ ਚਾਹੇ ਯਵਨ ਹੋਵੇ। ਯਹ ਵਾਰਤਾ ਯਵਨੋਂ ਕੇ ਬਡੇ ਨਿਰਵੈਰ ਬ੍ਰਹਮ ਗਯਾਨੀ ਮੌਲਾਨਾ ਰੂੰਮ ਕੀ ਮਸਨਵੀ ਕੇ ਦੂਸਰੇ ਦਫਤਰ ਕੀ ਬੈਤ ਸੇ ਭੀ ਸਿਧ ਹੈ। ਉਸ ਮੇਂ ਲਿਖਾ ਹੈ। ਚਹਾਰ ਹਿੰਦੂ ਦਰ ਯਕੇ ਮਸਜਦ ਸੁਦੰਦ। ਅਰਥ ਉਸ ਕਾ ਯਹ ਹੈ ਹਿੰਦ ਕੇ ਵਾਸੀ ਚਾਰ ਮੁਸਲਮਾਨ ਬੀਚ ਏਕ ਮਸਜਦ ਕੇ ਆਏ। ਯਾਤੇ ਯਹ ਨਾਮ ਹਿੰਦੁਵਾਸੀ ਮਾਤ੍ਰ ਕਾ ਸਪਸ੍ਟ ਹੈ। ਔ ਨਾਦਰ ਪਾਤਸਾਹ ਕੀ ਤਾਰੀਖ ਮੇਂ ਭੀ ਜਹਾਂ ਦਿਲੀ ਮੇਂ ਹਿੰਦੂ ਰਾ ਬਜਨਾ ਭਾਵ ਹਿੰਦੁਵਾਸੀ ਲੋਕੋਂ ਕੋ ਕਤਲ ਕਰੋ ਲਿਖਾ ਹੈ। ਤਹਾਂ ਉਸ ਕਤਲ ਸਮੇ ਬਰਨਾਸ੍ਰਮੀ ਥੋੜੇ ਮਾਰੇ। ਮੁਸਲਮਾਨ ਬਹੁਤ ਕਤਲ ਹੁਏ। ਇਸ ਸੇ ਭੀ ਯਹ ਨਾਮ ਦੋਨੋ ਕਾ ਹੈ, ਕਾਫਰ ਵਾ ਠਗ ਚੋਰ ਗੁਲਾਮੋਂ ਕਾ ਨਹੀਂ। ਡਾਕੂਓਂ ਮੇਂ ਜੋ ਯਹ ਨਾਮ ਲਿਖਾ ਹੈ ਤਿਸ ਮੇਂ ਯਹ ਨਿਮਿਤ ਹੈ। ਜਬ ਹਿੰਦੂ ਦੇਸ ਵਾਸੀ ਛਤ੍ਰੀ ਲੋਗ ਯਵਨੋਂ ਕੇ ਦੇਸ ਮੇਂ ਮਾਰ ਧਾੜ ਕਰਨੇ ਲਗੇ, ਤਬ ਸੇ ਉਨੋਂ ਨੇ ਯਹ ਨਾਮ ਧਾੜਵੀਓਂ ਮੇ ਜਾਹਰ ਕੀਆ ਜੈਸੇ ਔਰੰਗਜੇਬ ਕੇ ਵਖਤ ਮੇ ਮਰਹੱਟਾ ਨਾਮ ਧਾੜਵੀਓਂ ਮੇਂ ਪ੍ਰਸਿਧ ਹੂਆ। ਪੁਨਾ- ਜਬ ਸੇ ਚੰਗੇਜ ਖਾਂ ਔ ਅਹਮਦ ਸਾਹ ਦੁਰਾਨੀ ਨੇ ਪਕੜ ਕੇ ਹਿੰਦ ਕੇ ਲੋਗ ਆਪਨੇ ਦਾਸ ਬਨਾਏ। ਤਬ ਸੇ ਗੌਣ ਮਾਤ੍ਰ ਉਸ ਅਰਥ ਮੇਂ ਭੀ ਪ੍ਰਸਿਧ ਹੂਆ। ਪਹਲੇ ਯਹ ਪਦ ਇਨ ਅਰਥੋਂ ਮੇਂ ਨਹੀਂ ਥਾ। ਯਾਤੇ ਕਾਫਰ ਵਾ ਧਾੜਵੀ ਵਾ ਗੁਲਾਮ ਇਸ ਕੇ ਅਰਥ ਨਹੀਂ। ਤੌ ਭੀ ਇਨ ਦਿਨੋਂ ਮੇਂ ਯਹ ਨਾਮ ਬਰਨਾਸ੍ਰਮੀ ਜਨੋਂ ਕੋ ਕਹਾਨਾ ਯੋਗ ਨਹੀਂ। ਗੌਣ ਸੇ ਧਾੜਵੀ ਗੁਲਾਮ ਭੀ ਇਸ ਅਰਥ ਹੈਂ। ਯਾਤੇ ਜਬ ਕੋਈ ਯਵਨ ਪੂਛੇ ਤੁਮ ਕੌਨ ਹੋ ਤਬ ਹਮ ਹਿੰਦੂ ਹੈਂ ਉਤ੍ਰ ਦੀਏ ਜਰੂਰ ਵਹੁ ਧਾੜਵੀ ਗੁਲਾਮ ਅਰਥ ਸਮਝਕੇ ਹਾਸੀ ਕਰੇਗਾ, ਇਸ ਲੀਏ ਇਹ ਨਾਮ ਨਾ ਕਹਾਨਾ ਚਾਹੀਏ। ਚਾਹੇ ਅਪਨਾ ਅਰਥ ਅੱਛਾ ਭੀ ਰਖਤਾ ਹੈ, ਜੈਸੇ ਫਾਰਸੀ ਮੇਂ ਮਿਹਤਰ ਸਰਦਾਰ ਕਾ ਨਾਮ ਹੈ ਔ ਹਮਾਰੇ ਦੇਸ ਮੇਂ ਭੰਗੀਓਂ ਮੇ ਮਸਹੂਰ ਹੈਂ। ਯਾ ਤੇ ਜੈਸੇ ਵਹੁ ਕਹਾਨਾ ਅਨੁਚਿਤ ਹੈ ਵੈਸੇ ਹੀ ਹਿੰਦੂ ਕਹਾਨਾ ਅਨੁਚਿਤ ਹੈ। ਅਸਲ ਮੇਂ ਗੁਰੂ ਗ੍ਰੰਥ ਸਾਹਬ ਜੀ ਮੇਂ ਹਿੰਦੂ ਅੰਨਾ ਕਹਾ ਹੈ ਯਾ ਤੇ ਭੀ ਨਾ ਕਹਾਨਾ ਚਾਹੀਏ। ਕੇਵਲ ਬਰਨਾਸ੍ਰਮੀ ਵਾ ਆਰਯ ਕਹਾਨਾ ਚਾਹੀਏ। ਦਯਾਨੰਦ ਕਾ ਪ੍ਰਸਿਧ ਕੀਆ ਜਾਨ ਕੇ ਆਰਯ ਕਹਾਨਾ ਅਨੁਚਿਤ ਨਹੀਂ ਸਮਝਨਾ। ਬਰਣਾਸ੍ਰਮੀ ਆਰਯ ਦੋਨੋਂ ਨਾਮ ਵੇਦ ਮੇਂ ਸਦਾ ਸੇ ਲਿਖੇ ਹੈਂ ਇਸ ਕਾ ਅਧਿਕ ਬਿਚਾਰ ਮੁਨਸੀ ਇੰਦ੍ਰਮਣ ਮੁਰਾਦਾਵਾਦੀ ਕੀ ਕਿਤਾਬੋਂ ਮੇਂ ਹੈ।

**ਹਿਮ** ਸੰ. ਵਰਫ।

**ਹਿਮਕਰ** ਸੰ. ਚੰਦ੍ਰਮਾ।

**ਹਿੰਮਤ** ਅ. ਪੁਰਖਾਰਥ।

**ਹਿਮਧਰ** ਸੰ. ਹਿਮਾਲਾ ਪਰਬਤ।

**ਹਿਮਾਲਾ** ਦੇ. ਬਰਫਾਨੀ ਪਰਬਤ। ਸੰ. ਹਿਮਾਲਯ।

**ਹ੍ਰਿਖੀਕ** ਸੰ. ਇੰਦ੍ਰੀਆਂ।

**ਹ੍ਰਿਖੀਕੇਸ** ਸੰ. ਇੰਦ੍ਰੀਯੋਂ ਕਾ ਸ੍ਵਾਮੀ ਪ੍ਰਮੇਸ੍ਵਰ।

**ਹਿਰਡ** ਗੁ. ਏਰੰਡ, ਯਥਾ- ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ।

**ਹਿਰਤ** ਗੁ. ਚੁਰਾਤੇ ਹੂਏ, ਜੈਸੇ- ਕਾਹੂ ਬਿਹਾਵੈ ਹਿਰਤ ਪਰਦਰਬਾ।

**ਹਿਰਦਾ** ਦੇ. ਮਨ ; ਮਨ ਕੇ ਰਹਨੇ ਕਾ ਠਿਕਾਨਾ ਜੋ ਨਾਭੀ ਕੇ ਊਪਰ ਛਾਤੀ ਕੇ ਤਲੇ ਹੈ।

**ਹਿਰਨ** ਦੇ. ਸੁਵਰਣ ਹਿਰਣ੍ਯ। ਸੰ. ਮ੍ਰਿਗ।

**ਹਿਰਨੀ** ਦੇ. ਮ੍ਰਿਗਣੀ।

**ਹਿਰਾਨੋ** ਗੁ. ਹਰ ਲੀਏ ਹੈਂ ; ਹਿਰ ਗਯਾ।

**ਹਿਰਾਏ** ਗੁ. ਲਿਆਵਤਾ ਹੈ, ਯਥਾ- ਕਾਨ ਫਰਾਇ ਹਿਰਾਏ ਟੂਕਾ। ਕਾਨ ਪੜਾ ਕਰ ਮਾਗ ਕੇ ਲਿਆਵੇ ਹੈ ਪਰ ਘਰੋਂ ਸੇ ਟੁਕੜੇ। ਸੰ. ਹਰਤਾ।

**ਹਿਰਿ ਖਰਿਆ** ਵਾ. ਚੁਰਾ ਕਰ ਲੈ ਗਏ ਜਮ ਕੇ ਦੂਤ, ਯਥਾ- ਕਈ ਜਨਮ ਗਰਭ ਹਿਰਿ ਖਰਿਆ। ਭਾਵ ਕਈ ਬਾਰ ਗਰਭ ਛਣ ਗਏ।

**ਹਿਰਿਆ** ਗੁ. ਚੁਰਾ ਲੀਆ ਹੈ ਹਰਿ ਕੇ ਨਾਮ ਨੇ, ਯਥਾ- ਦੂਖੁ ਦਰਦੁ ਭ੍ਰਮੁ ਹਿਰਿਆ।

**ਹਿਰੀਆ** ਗੁ. ਹਰਾਵਤਾ ਹੈ।

**ਹਿਰੈ** ਗੁ. ਚੁਰਾਵੇ ਹੈ, ਯਥਾ- ਕਈ ਕੋਟਿ ਪਰ ਦਰਬ ਕਉ ਹਿਰਹਿ। ਪੁਨਾ- ਸੋਨਾ ਗਢਤੇ ਹਿਰੈ ਸੁਨਾਰਾ। ਪੁਨਾ- ਸੁਧਿ ਮਤਿ ਕਰਤੈ ਸਭ ਹਿਰਿ ਲਈ।

**ਹਿਲਾਕ** ਅ. ਗਲਾ ਕਾਟ ਕੇ।

**ਹਿਵ ਧਾਰ** ਦੇ. ਸੀਤਲਤਾ ਕੋ ਧਾਰਨ ਕਰਨੇ ਵਾਲੇ, ਯਥਾ- ਪਵਨੁ ਵਹੈ ਹਿਵ ਧਾਰ। ਚੰਦ ਕੀ ਸੁਰ ਮੇਂ ਪ੍ਰਾਣ ਚਲੇ ਹੈਂ ਬਡੀ ਸੀਤਲਤਾ ਕੋ ਧਾਰਨ ਕਰਨੇ ਵਾਲੇ।

**ਹਿਵੈ** ਗੁ. ਬਰਫ। ਸੰ. ਹਿਮ। ਬਰਫ ਮੇਂ, ਯਥਾ- ਪਹਿਰਾ ਅਗਨਿ ਹਿਵੈ ਘਰੁ ਬਾਧਾ। ਪੁਨਾ- ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ।

**ਹੀਉ** ਗੁ. ਹਿਰਦੇ ਮੇਂ।

**ਹੀਓ** ਗੁ. ਹਿਰਦਾ।

**ਹੀਅਰਾ** ਗੁ. ਹਿਰਦਾ।

**ਹੀਅੜੇ** ਪੰ. ਹਿਰਦੇ ਮੇਂ।

**ਹੀਆ** ਪੰ. ਹਿਰਦੇ ਕੀ ਭਾਵਨਾ ਸੁੰਦਰ ਹੋ ਗਈ, ਯਥਾ- ਹਰਿ ਗੁਣ ਕਹਤੇ ਭਾਵਨੀਕ ਹੀਆ।

**ਹੀਂਗੁ** ਦੇ. ਹਿੰਙ, ਯਥਾ- ਬਾਣੀਏ ਕੇ ਘਰ ਹੀਂਗੁ ਆਛੈ। ਸੰ. ਹਿੰਗੁ।

**ਹੀਗੈ** ਦੇ. ਗਧਾ ਅਪਨੀ ਅਵਾਜ ਕਰੇ ਹੈ, ਯਥਾ- ਨਿਤ ਉਠਿ ਹਾਸੈ ਹੀਗੈ ਮਰੈ।

**ਹੀਡੁ** ਗੁ. ਸੁਧ ਹਿਰਦਾ, ਯਥਾ- ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ। ਇਕ ਸੁਧ ਰਿਦੇ ਰੂਪ ਮਾਰਗ ਕੇ ਭੂਲਣੇ ਸੇ ਭੈ ਮਨ ਮੇ ਵਸਤਾ ਹੈ।

**ਹੀਡੋਲੀ** ਗੁ. ਹਿਡੋਲਿਓਂ ਮੇਂ, ਯਥਾ- ਹੀਡੋਲੀ ਚੜਿ ਆਈਆ।

**ਹੀਣ** ਦੇ. ਨਿੰਦਿਤ ; ਊਣਾ, ਖਾਲੀ।

**ਹੀਣਸੁ** ਗੁ. ਹੀਨ, ਰਹਿਤ, ਯਥਾ- ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ।

**ਹੀਤ** ਦੇ. ਹਿਤ, ਪ੍ਰੇਮ, ਯਥਾ- ਮਾਇਆ ਮੋਹ ਭੂਲੋ ਅਵਰੈ ਹੀਤ। ਪੁਨਾ- ਹੀਤੁ ਚੀਤੁ ਦੇ ਲੇ ਲੇ ਪਾਰੀ। ਹਿਤਕਾਰੀ।

**ਹੀਨ** ਸੰ. ਜਨ ੧. ਨਿੰਦਾਯੋਗਯ ੨. ਅਧਮ ੩. ਬਯਵਹਾਰ ਨਿਰਣੇ ਮੇਂ ਲਿਖਾ ਪ੍ਰਤਿਵਾਦੀ ਬਿਸੇਖ।

**ਹੀਨਤ** ਗੁ. ਰਹਤ ਹੋ ਰਹਾ ਹੈ ਗੁਰ ਸੇਵਾ ਕੀ ਬਿਧਿ ਸੇ, ਯਥਾ- ਅਚਾਰ ਬਿਧਿ ਹੀਨਤ।

**ਹੀਨੜੀ** ਪੰ. ਤੁਛ, ਛੋਟੀ, ਕਮੀਨੀ, ਯਥਾ- ਹੀਨੜੀ ਜਾਤਿ ਮੇਰੀ ਜਾਦਿਮ ਰਾਇਆ।

**ਹੀਰਾ** ਦੇ. ਹੀਰਾ ਨਾਮ ਸੇ ਪ੍ਰਸਿਧ ਰਤਨ। ਯਹ ਰਤਨ ਸੁਕਲ, ਪੀਤ, ਰਕਤ, ਸਯਾਮ ਭੇਦ ਸੇ ਚਾਰ ਪ੍ਰਕਾਰ ਕਾ ਹੋਤਾ ਹੈ। ਅਪਨੇ ਚੂਰਨ ਸੇ ਕਾਸੀ ਧਾਤੂ ਕੀ ਸਾਣ ਪੈ ਸਾਫ ਹੋਤਾ ਹੈ। ਲੋਹੇ ਸੇ ਇਸ ਮੇਂ ਛਿਦ੍ਰ ਨਹੀਂ ਹੋ ਸਕਤਾ। ਸਯਾਮ ਰੰਗ ਸੇ ਆਨ ਰੰਗੋਂ ਕਾ ਫੁਟਨੇ ਮੇ ਨਰਮ ਹੈ। ਈਟ ਸੇ ਭੀ ਫੂਟ ਸਕਤਾ ਹੈ। ਸਭ ਰਤਨੋਂ ਮੇਂ ਯਹ ਰਤਨ ਮੋਲ ਮੇਂ ਬਿਖ੍ਯਾਤ ਹੈ। ਗੁਰੂ ਜੀ ਨੇ ਇਸ ਨਾਮ ਸੇ ਕਹੀ ਗਯਾਨ, ਕਹੀ ਗਯਾਨ ਕੇ ਸਾਧਨ, ਕਹੀ ਪ੍ਰਮੇਸ੍ਵਰ, ਕਹੀ ਜੀਵ ਈਸ ਕੇ ਲਖ ਭਾਗ ਕਹੀ ਨਾਮ ਕਹੇ ਹੈਂ। ਤਿਨ ਮੇਂ ਗਯਾਨ ਪੈ, ਯਥਾ- ਹੀਰਾ ਹਾਟ ਬਿਕਾਇ। ਪੰਡਿਤ ਲੋਕੋਂ ਕਾ ਗਯਾਨ ਕਥਾ ਰੂਪ ਹਾਟ ਪੈ ਬਿਕਤਾ ਹੈ, ਗਯਾਨ ਸਾਧਨੋ ਪੈ, ਯਥਾ- ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ। ਗੁਰੋਂ ਕਾ ਉਪਦੇਸ ਬਡਾ ਉਤਮ ਲਸਨੀਏ ਰਤਨ ਤੁਲਯ ਹੈ। ਨਿਸਕਾਮ ਧਰਮ, ਬਿਬੇਕ, ਬੈਰਾਗਯ, ਖਟ ਸੰਪਦ, ਮੁਕ੍ਰੀ ਕੀ ਇਛਾ, ਰੂਪ ਆਨ ਸਾਧਨੋ ਕਾ ਜਿਸ ਸਾਥ ਰਿਦੇ ਮੰਦਰ ਮੇਂ ਜੜਾਊਕਾਰ ਹੈ। ਪ੍ਰਮੇਸ੍ਵਰ ਪੈ, ਯਥਾ- ਹਰਿ ਹੀਰਾ ਹੀਰੁ। ਪ੍ਰਮੇਸ੍ਵਰ ਹੀਰਾ ਸ੍ਰੇਸ੍ਟ ਹੈ ਨਿਖਲ ਹੀਰੇ ਰੂਪ ਰਤਨੋਂ ਮੇਂ। ਜੀਵ ਈਸ ਕੇ ਲਖ ਪੈ, ਯਥਾ- ਹੀਰੈ ਹੀਰਾ ਬੇਧਿਆ। ਸੁਧ ਈਸ ਕੇ ਲਖ ਭਾਗ ਸਾਥ ਸੁਧ ਜੀਵ ਕਾ ਲਖ ਭਾਗ ਏਕ ਰੂਪ ਨਿਸਚੇ ਕੀਆ ; ਮਹਾਦੇਵ ; ਬਜ੍ਰ।

**ਹੀਲੜਾ** ਦੇ. ਫਰੇਬ, ਛਲ ਰੂਪ, ਯਥਾ- ਹੀਲੜਾ ਏਹੁ ਸੰਸਾਰੋ। ਉਦਮ। ਯਵ. ਹੀਲਹੁ।

**ਹੀਲਾ** ਦੇ. ਬਹਾਨਾ, ਉਪਾਯ।

**ਹੁੰ** ਸੰ. ਹੁੰਕਾਰ ਕਰਨਾ।

**ਹੁਈ** ਦੇ. ਹੋਈ।

**ਹੁੱਸ** ਪੰ. ਥੱਕ।

**ਹੁਸੀਆਰ** ਦੇ. ਸਾਵਧਾਨ, ਚੌਕਸ, ਯਥਾ- ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ।

**ਹੁਕਮਾਉ** ਗੁ. ਹੁਕਮ ਸੇ, ਯਥਾ- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।

**ਹੁਕਮੀ** ਦੇ. ਹੁਕਮ ਵਾਲੇ ਸੇ, ਯਥਾ- ਹੁਕਮੀ ਹੋਵਨਿ ਆਕਾਰ। ਹੁਕਮ ਵਾਲੇ ਹਰਿ ਸੇ ਹੋਤੇ ਹੈਂ ਸਭ ਪਦਾਰਥੋਂ ਕੇ ਅਕਾਰ ਵਾ ਹਰਿ ਕੇ ਹੁਕਮ ਸੇ ਹੋਤੇ ਹੈਂ ਸਭ ਕੇ ਆਕਾਰ।

**ਹੁਕਮੀ ਹੀ** ਵਾ. ਹੁਕਮ ਸੇ ਹੀ, ਯਥਾ- ਹੁਕਮੀ ਹੀ ਜਮੁ ਲਗਦਾ।

**ਹੁਕਮੁ** ਅ. ਆਗਯਾ, ਯਥਾ- ਹੁਕਮੁ ਕਰਹਿ ਮੂਰਖ ਗਾਵਾਰ। ਆਗਯਾ ਕਰੇ ਹੈ ਮੂਰਖ। ਜੈਸੇ- ਹੁਕਮ ਕਰੇ ਸਾਬਾਸ। ਅਪਨੀ ਆਗਯਾ ਮਾਨਨੇ ਵਾਲਯੋਂ ਭਗਤੋਂ ਕੀ ਹਰਿ ਕਰੇ ਹੈ ਅਪਨੇ ਮੁਖ ਤੇ ਧੰਨਵਾਦਤਾ, ਜੈਸੇ- ਮੇਰੀ ਬਾਂਧੀ ਭਗਤ ਛੁਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ।

**ਹੁਕਾਮੀ** ਗੁ. ਹੁਕਮ ਸੇ।

**ਹੁਜਤਿ** ਅ. ਦਿਲੀਲ ਮਾਤ੍ਰ ਭਾਵ ਸੇ ਨਿਰਰਥਕ ਯੁਕਤੀ, ਯਥਾ- ਗੁਰਮਤਿ ਸਾਚੀ ਹੁਜਤਿ ਦੂਰਿ।

**ਹੁਜਰਾ** ਅ. ਕੋਠਾ ਬੰਦਗੀ ਕਰਨੇ ਕਾ, ਯਥਾ- ਬੰਦਗੀ ਅਲਹ ਆਲਾ ਹੁਜਰਾ।

**ਹੁਟਿਓ** ਗੁ. ਥਕਤ ਹੋ ਗਇਆ, ਯਥਾ- ਸਰੀਰੁ ਸਭੁ ਹੁਟਿਓ ਸਾਸੁ ਗਇਓ।

**ਹੁਟੈ** ਪੰ. ਹਟੇ, ਯਥਾ- ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ। ਹਟਤੇ, ਯਥਾ- ਹਰਿ ਮਗਿ ਨ ਹੁਟੈ।

**ਹੁਣਿ** ਪੰ. ਮਾ. ਅਬ, ਯਥਾ- ਹੁਣਿ ਸੁਣੀਐ ਕਿਆ ਰੂਆਇਆ।

**ਹੁਤ** ਪੰ. ਹੁੱਜਤ, ਤਕਰਾਰ, ਜੈਸੇ- ਅਮੁਕੇ ਨੇ ਕੁਛ ਹੁੱਤ ਨਾ ਕਰੀ।

**ਹੁੰਤਾ** ਗੁ. ਹੋਤਾ, ਹੁੰਦਾ।

**ਹੋਂਦਾ** ਪੰ. ਹੋਤਾ, ਯਥਾ- ਜੇ ਮੈ ਹੋਂਦਾ ਵਾਰਿਆ।

**ਹੁਬ** ਅ. ਖੁਸੀ।

**ਹੁੰਮਸ ਧੁੰਮਸ** ਪੰ. ਭਾਰੀ ਰੌਲਾ, ਹੁਲੜ, ਯਥਾ- ਬਾਰਿ ਵਿਡਾਨੜੈ ਹੁੰਮਸ ਧੁੰਮਸ।

**ਹੁਰਮਤਿ** ਅ. ਇਜਤ, ਪ੍ਰਤਿਸ੍ਟਾ, ਯਥਾ- ਹੁਰਮਤਿ ਤਿਸ ਨੋ ਅਗਲੀ।

**ਹੁਰੀਆ** ਗੁ. ਛਾਲਾ, ਯਥਾ- ਪਗਾ ਬਿਨੁ ਹੁਰੀਆ ਮਾਰਤਾ। ਵਾਸਤਵ ਸੇ ਹੁੱਲਾਂ ਪੰਜਾਬੀ ਚੋਟਾਂ ਕਾ ਨਾਮ ਹੈ। ਸੋ ਹਾਥ ਪਾਉ ਲਕੜੀ ਸੇ ਮਾਰੀ ਜਾਤੀ ਹੈਂ। ਈਹਾ ਪਾਉ ਸੇ ਬਿਨਾ ਚੋਟ ਮਾਰਤਾ ਹੈ।

**ਹੁਲਾ** ਗੁ. ਹੁਲਾਰਾ, ਲਹਰ।

**ਹੂੰ** ਸੰ. ਪ੍ਰਸ੍ਨ ਜੈਸੇ ਪੂਛਨੇ ਸਮੇ ਬਡਾ ਛੋਟੇ ਕੋ ਹੂੰ ਕਹ ਬਤਾਵੇ ਹੈ ਕੁਛ ਕਹੁ ; ਸੰਮਤੀ- ਅਪਨੀ ਸਹੀ ਜੈਸੇ ਕੋਈ ਕਾਮ ਹੋਤ ਪੂਛੇ ਤਿਸ ਕੋ ਹੂੰ ਬਤਾਯਾ ਜਾਤਾ ਹੈ ; ਭਯ ਜੈਸੇ ਸਰਪਾਦਿਕੋਂ ਕੇ ਡਰ ਸੇ ਮੁਖ ਸੇ ਹੂੰ ਨਿਕਸੇ ਹੈ ; ਨਿੰਦਾ ਜੈਸੇ ਕੋਈ ਅਯੋਗਯ ਕੀ ਨਿੰਦਾ ਕਰੇ ਤਬ ਕਹੀਤਾ ਹੈ ਹੂੰ ; ਅਵਗ੍ਯਾ ਜੈਸੇ ਗੁਰੁ ਬੁਲਾਵੇ ਤਬ ਆਗੇ ਸੇ ਹੂੰ ਕਹਨਾ ਅਵਗਯਾ ਹੈ ਧਰਮ ਸਾਸਤ੍ਰ ਮੇਂ ਲਿਖਾ ਹੈ ਗੁਰੂ ਕੋ ਹੂੰ ਤੂੰ ਕਹਕੇ ਔ ਬ੍ਰਹਮ ਗਯਾਨੀ ਕੋ ਵਾਦ ਮੇਂ ਜੀਤ ਕੇ ਪੁਰਖ ਮਸਾਨੋਂ ਕਾ ਬ੍ਰਿਛ ਬਨਤਾ ਹੈ ; ਵਿਤਰਕ ; ਗੁ. ਅਹੰਕਾਰ, ਯਥਾ- ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ। ਅਹੰਕਾਰ ਭਾਵ ਜੀਵਪਨਾ।

**ਹੂਏ** ਦੇ. ਹੋਏ।

**ਹੂਹ** ਗੁ. ਅਹੰਕਾਰ ਰੂਪ ਮੁਢਤਾਈ, ਯਥਾ- ਬਿਨਸੀ ਹਉਮੈ ਹੂਹ। ਸੰ. ਗੰਧਰਬ ਬਿਸੇਖ।

**ਹੂਟੇ** ਪੰ. ਹਟੇ, ਯਥਾ- ਤੇ ਗੁਰ ਤੇ ਹੂਟੇ। ਪੁਨਾ- ਬਿਖੈ ਬਿਆਧਿ ਤਬ ਹੂਟੇ। ਅਸਵਾਰੀ ਮੈਂ ਸੈਲ ਹੂਟੇ ਪ੍ਰਸਿਧ।

**ਹੂਰ** ਫਾ. ਕਾਲੇ ਨੇਤ੍ਰ ਕਾਲੇ ਕੇਸ ਗੋਰੇ ਰੰਗ ਵਾਲੀ ਸੁੰਦਰ ਇਸਤ੍ਰੀ, ਅਪੱਛਰਾ, ਯਥਾ- ਹੂਰ ਨੂਰ ਮੁਸਕੁ ਖੁਦਾਇਆ।

**ਹੇ** ਸੰ. ਬੁਲਾ ਕਰ ਸਨਮੁਖ ਕਰਨੇ ਮੇਂ, ਯਥਾ- ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ। ਰਣ ; ਪ੍ਰਾਤਾਕਾਲ ਇਨ ਦੋ ਅਰਥੋਂ ਓਰ ਦ੍ਰਿਸ੍ਟਿ ਕਰਹੀ ਗਣੇਸ ਕਾ ਨਾਮ ਹੇਰੰਬ ਪੋਥੀਓਂ ਮੇਂ ਲਿਖਾ ਹੈ। ਹਾਥੀ ਰਣ ਮੇਂ ਤਥਾ ਪ੍ਰਾਤਾਕਾਲ ਮੇਂ ਰੰਬ ਨਾਮ ਸਬਦ ਕਰਤਾ ਹੈ। ਯਾ ਤੇ ਗਣੇਸ ਕਾ ਨਾਮ ਹੇਰੰਬ ਹੈ ਜੈਸੇ ਹੇਰੰਬ ਨਾਥ ਅਨਾਥ ਕੇ ਮਮ ਹੋਹ ਨੀਤ ਸਹਾਇ। ਪੰ. ਹੈ, ਯਥਾ- ਚਿੰਤਾ ਤਿਸ ਹੀ ਹੇਇ। ਚਿੰਤਾ ਉਸੀ ਕੋ ਹੈ। ਪੁਨਾ- ਨਾਨਕ ਵਿਰਲੇ ਹੇ। ਗੁਰੁ ਕਹੇ ਵਹੁ ਵਿਰਲੇ ਹੈਂ। ਸਤਕਾਰ ਸੇ ਬਲਾਨੇ ਮੇਂ, ਯਥਾ- ਹੇ ਪਪੀਲਕਾ। ਨਾਮ ਮੇਂ ਲਗੀ ਦੇਹ ਕੀ ਬਡਆਈ ਕਰੇ ਹੈ ਜੋ ਚੀਟੀ ਸਮ ਸੁੰਦ੍ਰ ਦੇਹ ਹੈ।

**ਹੇ ਹਰੇ** ਸੰ. ਹੇ ਪ੍ਰਮੇਸ੍ਰ।

**ਹੇ ਮਨ** ਸੰ. ਹੇ ਚਿਤ।

**ਹੇਕੜੋ** ਪੰ. ਏਕ, ਯਥਾ- ਚਿਤਿ ਨ ਆਵੈ ਹੇਕੜੋ।

**ਹੇਕੋ** ਪੰ. ਏਕੋ, ਯਥਾ- ਹੇਕੋ ਪਾਧਰੁ ਹੇਕੁ। ਏਕ ਹੀ ਗੁਰੂ ਰੂਪ ਹਰਿ ਕੇ ਮੇਲ ਕਾ ਰਸਤਾ ਹੈ।

**ਹੇਚਿ** ਫਾ. ਕਛ, ਯਥਾ- ਦਿਲ ਹੇਚਿ ਨ ਦਾਨੀ।

**ਹੇਠਿ** ਪੰ. ਤਲੇ, ਨੀਚੇ, ਯਥਾ- ਧੋਤੀ ਖੋਲਿ ਵਿਛਾਏ ਹੇਠਿ।

**ਹੇਤੁ** ਦੇ. ਪ੍ਰੇਮ, ਯਥਾ- ਜਿਨ ਸਿਉ ਲਗਾ ਹੇਤੁ। ਪੁਨਾ- ਨਿਮਖ ਨ ਹੇਤੁ ਕਰਤਾ। ਵਾਸਤੇ, ਯਥਾ- ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ।

**ਹੇਰਉ** ਦੇ. ਦੇਖੋ, ਯਥਾ- ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ।

**ਹੇਰਤ** ਦੇ. ਦੇਖਤੀ, ਯਥਾ- ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ।

**ਹੇਰਨ** ਦੇ. ਦੇਖਨੇ।

**ਹੇਰਾ** ਦੇ. ਮਾਸ ; ਹੇੜਾ ਆਖੇਟ ਸੇ ਬਨੇ, ਤਾ ਸੇ ਹੇਰਾ ਬਨਾ ਹੈ, ਯਥਾ- ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ। ਹੇਰਾ, ਦੇਖਾ।

**ਹੇਰਿਓ** ਦੇ. ਦੇਖਿਓ।

**ਹੇਰੂ** ਗੁ. ਹੇਰਨੇ ਵਾਲੇ ਜਮ, ਯਥਾ- ਜਮ ਰਾਜੇ ਕੇ ਹੇਰੂ ਆਏ।

**ਹੇਰੋ** ਦੇ. ਦੇਖੋ।

**ਹੇਲਾ** ਸੰ. ਲੀਲਾ।

**ਹੇਵ** ਗੁ. ਸੀਤਲ ਹੋ ਗਿਆ।

**ਹੇਵਈ** ਗੁ. ਸਹਾਰਤੇ, ਯਥਾ- ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ।

**ਹੇਵਤ** ਗੁ. ਜਲਧਾਰਾ ਸਹਾਰਤੇ, ਯਥਾ- ਜਲੁ ਹੇਵਤ ਭੂਖ ਅਰੁ ਨੰਗਾ।

**ਹੇੜਾ** ਪੰ. ਮਾਸ ਅਰਥਾਤ ਮਾਸ ਵਾਲਾ ਸਰੀਰ, ਯਥਾ- ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ।

**ਹੈ** ਦੇ. ਅਸਤੀਪਨਾ, ਯਥਾ- ਹੈ ਹੈ ਆਖਾਂ। ਸਤ ਹੈ, ਚਿਤ ਹੈ, ਐਸੇ ਕਹਾ। ਵਰਤਮਾਨ ਕਾਲ ਮੈਂ, ਯਥਾ- ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ।

**ਹੈ ਹਾ ਹਾ** ਵਾ. ਹੈ ਅਰ ਹਾਇ ਹਾਇ, ਯਥਾ- ਰੇ ਮਨ ਕਿਆ ਕਰਹਿ ਹੈ ਹਾ ਹਾ।

**ਹੈ ਹੈ** ਪੰ. ਪੀਟਨੇ ਸਮੇ ਦੁਖ ਕਾ ਸਬਦ, ਯਥਾ- ਹੈ ਹੈ ਕਰਿ ਕੈ ਓਹਿ ਕਰੇਨਿ। ਰੁਦਨ ਸਮੇ ਪੰਜਾਬ ਕੀ ਇਸਤ੍ਰੀਆਂ ਬਹੁਤ ਵਾਰ ਹੈ ਹੈ ਐਸੇ ਉਚਾਰ ਕਰ ਪੀਛੇ ਸੇ ਬਹੁਤ ਵਾਰ ਓਹ ਓਹ ਕਰਤੀ ਹੈਂ।

**ਹੈਨਿ** ਪੰ. ਹੈਂ, ਯਥਾ- ਹੈਨਿ ਵਿਰਲੇ ਨਾਹੀ ਘਣੇ।

**ਹੈਯਾਤੀ** ਦੇ. ਜੀਵਤਾ ਭਾਵ ਅਮਰ ਹੋ, ਯਥਾ- ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ। ਸੇਖ ਫਰੀਦ ਕਹੇ ਸਦਾ ਜੀਤਾ ਜਗ ਮੇਂ ਕੋਈ ਥਿਰ ਨਹੀਂ ਰਹਾ। ਅ. ਹਯਾਤ।

**ਹੈਰਤਿ** ਅ. ਚਕਤਪਨਾ, ਹੱਕਾ ਬੱਕਾ, ਯਥਾ- ਤਿਨ ਕੀ ਹੈਰਤਿ ਕਛੁ ਨ ਰਹੀ। ਤਿਨ ਕਾ ਚਕਤਪਨਾ ਕਛ ਨਾ ਰਹਾ।

**ਹੈਰਤੀ** ਗੁ. ਹੈਰਤ ਵਾਲਾ, ਹੈਰਤ ਸੇ।

**ਹੈਰਾਣ** ਦੇ. ਹੈਰਾਨ, ਚਕਿਤ।

**ਹੈਰਾਨ** ਅ. ਆਸਚਰਯ, ਹੱਕਾ ਬੱਕਾ।

**ਹੈਵਰ** ਦੇ. ਸ੍ਰੇਸ੍ਰ ਘੋੜੇ। ਸੰ. ਹਯਵਰ।

**ਹੈਵਾਨ** ਫਾ. ਪਸੁ।

**ਹੋ ਹੋ** ਪੰ. ਹੋ ਜਾਵੇ ਹੋ ਜਾਵੇ, ਯਥਾ- ਹੋ ਹੋ ਲਿਖੇ ਲਿਲਾਟ।

**ਹੋ ਜੀ** ਦੇ. ਅਵਾਜ ਸੁਨ ਅਦਬ ਸੇ ਮੈਂ ਹਾਜਰ ਹੂੰ ਉਤ੍ਰ ਦੇਨਾ ਸਹਿਤ ਸਤਯ ਬਚਨ ਮਾਨਨਾ, ਯਥਾ- ਤੂ ਕੁਨੁ ਰੇ। ਮੈ ਜੀ। ਨਾਮਾ। ਹੋ ਜੀ।

**ਹੋਊ** ਦੇ. ਹੋਵੇਗਾ।

**ਹੋਆ** ਪੰ. ਹੂਆ।

**ਹੋਇ** ਪੰ. ਹੈ, ਹੋਵੇ।

**ਹੋਇ ਪਰਾਲ** ਵਾ. ਸਕਤੀਹੀਨ ਹੋ ਜਾਤੇ ਹੈਂ।

**ਹੋਈ** ਦੇ. ਹੂਈ, ਯਥਾ- ਹੋਈ ਰਾਜੇ ਰਾਮ ਕੀ ਰਖਵਾਲੀ। ਰਖਵਾਲੀ, ਰਛਾ।

**ਹੋਸੀ** ਪੰ. ਹੋਵੇਗਾ, ਯਥਾ- ਹੋਸੀ ਭੀ ਸਚੁ।

**ਹੋਹ** ਪੰ. ਹੋਵੇ।

**ਹੋਹਾ** ਪੰ. ਗੁ. ਹੋਵੇ। ਮਨੂਰਹੁ ਕੰਚਨ ਹੋਹਾ। ਪੰ. ਧੱਕਾ।

**ਹੋਹਿ ਨ** ਵਾ. ਹੋਤੇ ਨਹੀਂ, ਯਥਾ- ਤੇਰੇ ਗੁਣ ਹੋਹਿ ਨ ਅਵਰੀ।

**ਹੋਹਿਆ** ਪੰ. ਹਲੋਰੇ, ਹਿਲੋਲੇ।

**ਹੋਹੇ** ਪੰ. ਧੱਕੇ, ਯਥਾ- ਮਹਾ ਸਾਗਰ ਹੋਹੇ।

**ਹੋਗ** ਪੰ. ਹੋਗਾ, ਹੋਵੇਗਾ।

**ਹੋਛਾ** ਗੁ. ਤੁਛ, ਯਥਾ- ਹੋਛਾ ਮਦੁ ਚਾਖਿ ਹੋਏ ਤੁਮ ਬਾਵਰ। ਬਾਉਲਾ, ਯਥਾ- ਕਵਨ ਸੁ ਦਾਨਾ ਕਵਨੁ ਸੁ ਹੋਛਾ।

**ਹੋਛਾ ਮਦੁ** ਵਾ. ਤੁਛ ਰੂਪ ਮਦ ਅਰਥਾਤ ਸਰਾਬ, ਯਥਾ- ਹੋਛਾ ਮਦੁ ਚਾਖਿ ਹੋਏ ਤੁਮ ਬਾਵਰ।

**ਹੋਡ** ਦੇ. ਸਰਤ, ਪ੍ਰਤਿਗਯਾ, ਯਥਾ- ਬਦਹੁ ਕੀ ਨ ਹੋਡ ਮਾਧਉ।

**ਹੋਡੀ** ਦੇ. ਜਿੱਦ ਵਾਲੇ, ਹਠੀ, ਹਿੰਡੀ, ਯਥਾ- ਗੁਰਿ ਕਹਿਆ ਇਹੁ ਮੂਰਖੁ ਹੋਡੀ। ਸਰਤ ਵਾਲੇ।

**ਹੋਣੀ** ਪੰ. ਹੋਨੇ ਵਾਲੀ ; ਬਲਾਇ, ਭੂਤ।

**ਹੋਤ** ਦੇ. ਹੋਤਾ, ਯਥਾ- ਨਹੀ ਹੋਤ ਕਛੁ ਦੋਊ ਬਾਰਾ। ਹੋਨਾ ਥਾ, ਯਥਾ- ਹਾਹਾ ਹੋਤ ਹੋਇ ਨਹੀ ਜਾਨਾ। ਥੇ, ਯਥਾ- ਜਬ ਹਮ ਹੋਤੇ। ਥੀ, ਯਥਾ- ਤਨ ਮਹਿ ਹੋਤੀ ਕੋਟਿ ਉਪਾਧਿ।

**ਹੋਨ** ਦੇ. ਹੋਵਨ।

**ਹੋਨੀ** ਗੁ. ਹੋਨੇ ਵਾਲਾ, ਯਥਾ- ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ।

**ਹੋਮ** ਸੰ. ਹਵਨ, ਅਗਨਿ ਮੇਂ ਆਹੁਤੀ ਪਾਵਨੀ, ਯਥਾ- ਹੋਮ ਜਗ ਤੀਰਥ ਕੀਏ।

**ਹੋਮਤ** ਗੁ. ਹਵਨ ਕਰੇ, ਯਥਾ- ਅਗਨਿ ਮਾਹਿ ਹੋਮਤ ਪਰਾਨ।

**ਹੋਮਾਗਉ** ਗੁ. ਹੋਮ ਕਰਾਂ, ਯਥਾ- ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ।

**ਹੋਰ ਥੈ** ਪੰ. ਔਰ ਥਾਨ ਮੇਂ।

**ਹੋਰਤੁ** ਪੰ. ਔਰ ਪ੍ਰਕਾਰ ਸੇ, ਯਥਾ- ਹੋਰਤੁ ਭਗਤਿ ਨ ਪਾਏ ਕੋਈ।

**ਹੋਰਿੰਓ** ਗੁ. ਔਰ ਹੀ, ਯਥਾ- ਹੋਰਿੰਓ ਗੰਗ ਵਹਾਈਐ। ਗੁਰੂ ਹੋ ਕਰ ਚੇਲੇ ਕੋ ਨਮਸਕਾਰ ਕਰਣ ਰੂਪ।

**ਹੋਰੀ** ਦੇ. ਫਾਗਨ ਸੁਦੀ ਮੇਂ ਗੁਲਾਲ ਉਡਾਨੇ ਕੀ ਧੂਮ ਧਾਮ। ਗੁ. ਬਡੇ ਚਾਵ ਸੇ ਸੰਤ ਸੇਵਾ, ਯਥਾ- ਹੋਲੀ ਕੀਨੀ ਸੰਤ ਸੇਵ।

**ਹੋਰੁ** ਦੇ. ਔਰ, ਯਥਾ- ਹੋਰੁ ਮੁਚੁ ਗਰੂਰੁ। ਔਰ ਅਹੰਕਾਰਾਦਿ ਨਾਸ ਹੋ ਗਏ।

**ਹੋਰੈ** ਦੇ. ਰੋਕੇ, ਹਟਾਵੇ, ਯਥਾ- ਭਰਮ ਹੀ ਤੇ ਹੋਰੈ। ਭਰਮ ਸੇ ਹਟਾਵੈ।

**ਹੋਵਣ** ਦੇ. ਹੋਣਾ।

**ਹੋਵਤੈ** ਦੇ. ਹੋਤੇ, ਯਥਾ- ਹੋਵਤ ਆਏ ਸਦ ਸਦੀਵ।

**ਹੋਵਨੁ** ਦੇ. ਹੋਨਾ, ਯਥਾ- ਹੋਵਨੁ ਕਉਰਾ ਅਨਹੋਵਨੁ ਮੀਠਾ। ਸਤ ਰੂਪ ਪ੍ਰਮੇਸ੍ਰਰ ਜੀਵੋਂ ਕੋ ਕਟੂ ਭਾਸੇ ਹੈ, ਆਨ ਵਸਤੁ ਮੀਠੀ ਭਾਸੇ ਹੈ।

**ਹੋਵੇ** ਦੇ. ਹੋ ਜਾਵੇ।

**ਹੋਵੈਨੀ** ਗੁ. ਹੋਨਹਾਰ, ਹੋਨੇ ਯੋਗਯ, ਯਥਾ- ਸਾ ਹੋਵੈ ਜਿ ਬਾਤ ਹੋਵੈਨੀ।

**ਹੋੜਾ** ਪੰ. ਰੋਕ ; ਗਊ, ਭੈਸਾਂ, ਭੇਡਾਂ, ਬਕਰੀਆਂ ਕਾ ਬਾੜਾ।

**ਹੋੜੀਏ** ਪੰ. ਰੋਕੀਏ, ਜੈਸੇ- ਗੁਰ ਸਬਦੀ ਇਹ ਮਨ ਹੋੜੀਏ।

**ਹੌ** ਦੇ. ਮੈ।

**ਹੌਲ** ਫਾ. ਚਿੱਤ ਕਾ ਕੰਬਣਾ।

**॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ**
**ਗੁਰੁ ਗਿਰਾਰਥ ਕੋਸੇ ਹਕਾਰਾਦਿ**
**ਸਬਦਾਰਥ ਰਚਨੰ ਸਮਾਪਤੰ॥**

# ਕ

**ਕਉ** ਦੇ. ਨੁ, ਯਥਾ- ਕਿਸ ਕਉ ਮੀਤੁ ਕਰੇਉ।

**ਕਉ ਨ ਵਡਾ** ਵਾ. ਕੋਈ ਵਡਾ ਨਹੀਂ, ਯਥਾ- ਕਉਨ ਵਡਾ ਮਾਇਆ ਵਡਿਆਈ। ਇੰਦ੍ਰਾਦਿਕੋਂ ਕੋ ਨਾਨਾ ਦੁਖ ਸੁਣਨੇ ਸੇ ਮਾਯਾ ਕੀ ਵਡਿਆਈ ਸੇ ਕੌਨ ਬਡਾ ਹੈ ਭਾਵ ਕੋਈ ਵਡਾ ਨਹੀਂ।

**ਕਉਸੈ** ਦੇ. ਜੁਤੀ, ਪਨੀਆ, ਯਥਾ- ਕਉਸੈ ਸਪਤ ਪਯਾਲਾ।

**ਕਉਡਾ** ਦੇ. ਕੌਡੀਆਂ ਕੋ, ਯਥਾ- ਕਉਡਾ ਡਾਰਤ ਹਿਰੈ ਜੁਆਰੀ। ਸੰ. ਕਪਰਦਕਾ।

**ਕਉਡੀ** ਦੇ. ਕੌਡੀ, ਯਥਾ- ਕਉਡੀ ਕਉਡੀ ਜੋਰਿ ਕੈ।

**ਕਉਤਕ** ਸੰ. ਨਈ ਵਸਤੁ ਕੇ ਦੇਖਨੇ ਕਾ ਉਤਸਾਹ, ਯਥਾ- ਕਉਤਕ ਕੋਡ ਤਮਾਸਿਆ।

**ਕਉਤ੍ਕਹਾਰ** ਦੇ. ਆਸਚਰਯ ਕਾਮ ਕਰਨੇ ਵਾਲੇ ਸੰਤ, ਯਥਾ- ਸੋਈ ਕਉਤਕਹਾਰ।

**ਕਉਤੇ** ਗੁ. ਕਵਤੇ, ਕਵੀ, ਯਥਾ- ਕਾਪੜੀ ਕਉਤੇ ਜਾਗੂਤਾ।

**ਕਉਨ** ਦੇ. ਕਿਸ ਕੋ, ਯਥਾ- ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ।

**ਕਉਲਾ** ਦੇ. ਲਛਮੀ, ਯਥਾ- ਸੇਵੇ ਚਰਨ ਨਿਤ ਕਉਲਾ। ਪੁਨਾ- ਕਉਲਾ ਬਪੁਰੀ ਸੰਤੀ ਛਲੀ। ਸੰ. ਕਮਲਾ।

**ਕਉਲਾਰ** ਗੁ. ਕਮਲ, ਭੰਭੂਲ, ਯਥਾ- ਚੰਦ ਦੇਖਿ ਬਿਗਸਹਿ ਕਉਲਾਰ।

**ਕਉਲੁ** ਗੁ. ਗ੍ਰਾਸ, ਕੌਰ, ਬੁਰਕੀ। ਦੇ. ਕਮਲ, ਪਦਮ। ਅ. ਬਚਨ, ਯਥਾ- ਪੁਤ੍ਰੀ ਕਉਲੁ ਨ ਪਾਲਿਓ।

**ਕਉੜਾ** ਦੇ. ਨਿੰਬ ਜੈਸਾ ਰਸ, ਯਥਾ- ਕਉੜਾ ਹੋਇ ਪਤਿਸਟਿਆ।

**ਕਉੜਾ** ਪੰ. ਕੜਵਾ, ਕਟੁ, ਯਥਾ- ਕਉੜਾ ਹੋਇ ਪਤਿਸਟਿਆ।

**ਕਉੜੀਆ** ਦੇ. ਅਪਨੇ ਪ੍ਰੇਮ ਵਾਲੇ ਕੋ ਨਰਕ ਦੇਨੇ ਸੇ ਦੁਖਦਾਈ, ਯਥਾ- ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ। ਦੇ. ਹਿੰ. ਕਉਡੀਆ।

**ਕਊਆ** ਦੇ. ਪੂ. ਕਾਗ, ਯਥਾ- ਜਗੁ ਕਊਆ ਮੁਖਿ ਚੁੰਚ ਗਿਆਨੁ। ਪੁਨਾ- ਜਗੁ ਕਊਆ ਨਾਮੁ ਨਹੀ ਚੀਤਿ।

**ਕਈ** ਦੇ. ਅਨੇਕ, ਯਥਾ- ਕਈ ਬਾਰ ਪਸਰਿਓ ਪਾਸਾਰ। ਪੁਨਾ- ਕਈ ਜਨਮ ਭਏ ਕੀਟ ਪਤੰਗਾ। ਸੰ. ਕਿਯਤ।

**ਕਸ** ਅ. ਕਤਰਨਾ, ਕਾਟਨਾ ; ਹੱਡੀ ਛਾਤੀ ਕੀ। ਫਾ. ਕੋਈ, ਯਥਾ- ਕਸ ਨ ਦਾਰਦ।

**ਕਸ ਨ ਦਾਰਦ** ਵਾ. ਕੋਈ ਨਾ ਰਖੇ, ਯਥਾ- ਆਖਿਰ ਬਿਅਫਤਮ ਕਸ ਨ ਦਾਰਦ।

**ਕਸਉਟੀ** ਦੇ. ਕਸਵਟੀ। ਗੁ. ਰਾਮ ਭਗਤੀ ਓਰ ਮਨ ਕਰਨੇ ਸਮੇ ਬਜਵਹਾਰ ਕੀ ਤੰਗੀ, ਯਥਾ- ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ। ਨਿਜ ਸੇਵਾ ਮੇਂ ਸਿਖ੍ਯ ਕੇ ਨਿਸਚੇ ਕੀ ਪਰੀਖ੍ਯਾ ਜੈਸੀ ਗੁਰੂ ਅਰਜਨ ਜੀ ਨੇ ਭਾਈ ਮੰਞ ਕੀ ਕਰੀ ਹੈ। ਧੌਮ ਰਿਖੀ ਨੇ ਅਪਨੇ ਸੇਵਕ ਉੱਦਾਲਕਾਦਿਕੋ ਕੀ ਕਰੀ ਹੈ। ਕਥਾ ਭਾਈ ਮੰਞ ਕੀ ਗੁਰੂ ਅਰਜਨ ਸਾਹਿਬ ਜੀ ਕੀ ਕਥਾ ਬੀਚ ਸੂਰਜ ਪ੍ਰਤਾਪ ਮੇਂ ਦੇਖੋ। ਉੱਦਾਲਕਾਦਿਕੋਂ ਕੀ ਮਹਾਭਾਰਤ ਕੇ ਆਦਿ ਪਰਬ ਕੇ ਆਦਿ ਮੇਂ ਦੇਖੋ ਸੁਣੋਂ।

**ਕਸਤੂਰੀ** ਦੇ. ਮ੍ਰਿਗਮਦ।

**ਕਸਨਿ** ਗੁ. ਤੋਪੇ, ਯਥਾ- ਕਸਨਿ ਬਹਤਰਿ ਲਾਗੀ ਤਾਹਿ। ਦੇ. ਪੂ. ਕੈਸੇ।

**ਕਸੰਮਲ** ਗੁ. ਮੋਹ, ਮੂਰਛਾ, ਪਾਪ, ਯਥਾ- ਝਰਹਿ ਕਸੰਮਲ ਪਾਪ ਤੇਰੇ ਮਨੂਆ। ਸੰ. ਕਸਮਲ।

**ਕਸਵਟੀ** ਦੇ. ਖੈਂਚ ਕਰ ਸੁਇਨਾ ਪਰਖਨੇ ਜੋਗ ਕਾਲੀ ਪਥਰੀ, ਯਥਾ- ਕਸਿ ਕਸਵਟੀ ਸਹੈ ਸੁ ਤਾਉ। ਸੁਇਨਾ ਕਸਉਟੀ ਪੈ ਖੈਂਚ ਔ ਅਗਨੀ ਪੈ ਤਾਉ ਸਹਾਰ ਕੇ ਸੁਧ ਹੋਵੇ ਹੈ। ਭਗਤ ਰਾਮ ਭਗਤੀ ਮੇਂ ਬਜਵਹਾਰ ਕੀ ਤੰਗੀ ਔ ਗੁਰੁ ਸੇਵਾ ਮੇਂ ਸਰੀਰ ਕਾ ਦੁਖ ਤਾਉ ਸਹਾਰ ਕੇ ਸੁਧ ਹੋਵੇ ਹੈ।

**ਕਸਾਈ** ਅ. ਜੀਵ ਮਾਰਨੇ ਵਾਲਾ ਹਿੰਸਕ ਜਨ, ਯਥਾ- ਕਰਤ ਕਸਾਈ। ਕਰ ਦੇਤੀ ਹੈ ਕਸਾਇਣ। ਪੁਨਾ- ਕਾ ਕਉ ਕਹਹੁ ਕਸਾਈ। ਪ੍ਰੇਮ।

**ਕਸਾਈਆ** ਪੰ. ਪ੍ਰੇਮ ਕੀ ਖੈਂਚ ਮੇਂ ਆਈਆ, ਯਥਾ- ਅਖੀ ਪ੍ਰੇਮਿ ਕਸਾਈਆ।

**ਕਸਾਣੇ** ਗੁ. ਕਸ ਲਏ।

**ਕਸਾਬਿ** ਅ. ਕਸਾਈ, ਯਥਾ- ਮਹਾ ਕਸਾਬਿ ਛੁਰੀ ਸਟਿ ਪਾਈ।

**ਕਸਿ** ਅ. ਖੈਂਚ, ਯਥਾ- ਕਸਿ ਕਸਵਟੀ ਸਹੈ ਸੁ ਤਾਉ। ਖੈਂਚ ਕਸੌਟੀ ਕੀ ਭਾਵ ਸੇ ਦੁਖ ਭਗਤੀ ਮੇਂ ਸਹਾਰੇ, ਤਬ ਗੁਰੁ ਸਰਾਫ ਕੀ ਨਦਰ ਸੇ ਰੰਗ ਪਾਵੇ। ਪੁਨਾ- ਰਸ ਕਸ ਖਾਏ। ਚਿਤ ਕੀ ਖੈਂਚ ਸੇ ਨਾਨਾ ਰਸੋਂ ਕੋ ਖਾਤਾ ਪੁਰਖ ਅਪਨਾ ਫਲ ਦੂਰ ਕਰੇ ਹੈਂ। ਦੇ. ਪੂ. ਕੈਸੇ, ਜੈਸੇ- ਕਸ ਬੋਲਤ ਹੋ। ਸੰ. ਕਾਸ ਰੋਗ, ਖਾਸੀ ਰੋਗ।

**ਕਸੀਦਾ** ਪੰ. ਬਸਤ੍ਰ ਪੈ ਰੇਸਮ ਕੀ ਬੇਲ ਬੂਟੀਆਂ ਭਾਵ ਸੇ ਉਤਮ ਗੁਣੋਂ ਕੇ ਧਾਰਨ ਰੂਪ ਰੇਸਮ ਸਾਥ ਬੁਧੀ ਸਜਾ ਕਰ ਉਸ ਬੁਧੀ ਕੋ ਧਾਰਣ ਕਰੋ। ਤਬ ਤੁਮ ਅਪਨੇ ਕੋ ਪੂਰਾ ਪ੍ਰਮੇਸਵਰ ਕੀ ਸਖੀ ਜਾਨੋ, ਯਥਾ- ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ।

**ਕੰਸੁ** ਸੰ. ਉਗ੍ਰਸੈਨ ਕਾ ਪੁਤ੍ਰ, ਕ੍ਰਿਸਨ ਕਾ ਮਾਮਾ, ਯਥਾ- ਕੰਸੁ ਕੇਸੁ ਮਾਰਾਹਾ। ਕਾਂਸੀ ਧਾਤੂ।

**ਕਸੁੰਭ ਕਾ** ਗੁ. ਮਾਯਕ ਵਿਖਯੋਂ ਕਾ, ਯਥਾ- ਕਚਾ ਰੰਗੁ ਕਸੁੰਭ ਕਾ। ਝੂਠਾ ਅਨੰਦ ਹੈ ਵਿਖਯੋਂ ਕਾ।

**ਕਸੁੰਭੜੈ** ਦੇ. ਸਿੰ. ਅਗਨਿ ਕੋ ਭਾਵ ਇਸਤ੍ਰੀ ਸ੍ਰੂਪ ਅਗਨਿ ਕੋ, ਯਥਾ- ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ। ਕ੍ਰਾਚੀਬੰਦਰ ਕੇ ਸਮੀਪ ਨਸੀਰੁੱਦੀਨ ਕੀ ਕਛੀ ਹੈ ਤਹਾਂ ਯਹ ਨਾਮ ਆਗ ਕਾ ਪ੍ਰਸਿਧ ਹੈ ਤਥਾ ਕਾਠੀਆਵਾੜ ਮੋਂ।

**ਕਸੇ** ਫਾ. ਕਿਸੇ ਦੇ, ਯਥਾ- ਨ ਰਿਜਕੁ ਦਸਤ ਆ ਕਸੇ।

**ਕਹ** ਗੁ. ਕਿਆ, ਯਥਾ- ਸੁਨੇ ਕਹ ਡੋਰਾ। ਕਿਸ ਥਾਨ ਮੇਂ, ਯਥਾ- ਕਹ ਬੈਸਹੁ ਕਹ ਰਹੀਐ।

**ਕਹਉ** ਗੁ. ਮੈਂ ਆਪ ਕੇ ਦਾਸੋਂ ਕਾ ਦਾਸ ਹੂੰ ਐਸੇ ਕਹੋਂ ਯਹ ਕਿਰਪਾ ਕਰ, ਯਥਾ- ਤੇਰਾ ਦਾਸਨਿ ਦਾਸਾ ਕਹਉ ਰਾਇ।

**ਕਹਈਐ** ਗੁ. ਕਹੇ ਹੈਂ।

**ਕਹੰਤ** ਗੁ. ਕਹਤੇ ਹੈ ਵੇਦ ਨਾਮ ਕੀ ਮਹਮਾ ਔ ਬਿਚਾਰਤੇ ਹੈਂ ਗੁਣੀ ਜਨ, ਯਥਾ- ਕਹੰਤ ਬੇਦਾ ਗੁਣੰਤ ਗੁਨੀਆ।

**ਕਹਤਿਆ** ਪੰ. ਕਹਨੇ ਵਾਲਯੋਂ ਸੇ, ਯਥਾ- ਕਹਤਿਆ ਅੰਤੁ ਨ ਪਾਇਆ। ਕਹਤੇ ਹੈਂ, ਯਥਾ- ਹਰਿ ਮੁਖਿ ਕਹਤਿਆ।

**ਕਹਤੀ** ਗੁ. ਕਹਵਤ, ਯਥਾ- ਕਹਤਿਅਹ ਕਹਤੀ ਸੁਣੀ। ਕਹਨੇ ਵਾਲਯੋਂ ਕੀ ਕਹਾਵਤਾਂ ਹੀ ਸੁਣੀਆਂ ਧਾਰਨਾ ਮੇਂ ਕੋਈ ਹਮਾਰੇ ਪਸਿੰਦ ਨਾ ਆਯਾ।

**ਕਹਨਿ ਭਵਨਿ** ਵਾ. ਹਮ ਬਡੇ ਤਪਸੀ ਹੈਂ ਐਸੇ ਉਚਾਰਨ ਔਰ ਤੀਰਥੋਂ ਮੇਂ ਯਾਤ੍ਰਾ ਕਰਨੇ ਸੇ, ਯਥਾ- ਕਹਨਿ ਭਵਨਿ ਨਾਹੀ ਪਾਇਓ।

**ਕਹਨੁ** ਦੇ. ਕਹਣਾ, ਯਥਾ- ਕਹਨੁ ਨ ਜਾਈ ਅਚਰਜ ਬਿਸਮਾਦ।

**ਕਹਰੁ** ਅ. ਜਬਰਦਸਤੀ, ਜੋਰ ਕਰਨਾ, ਯਥਾ- ਲਾਹੋਰ ਸਹਰੁ ਜਹਰੁ ਕਹਰੁ ਸਵਾ ਪਹਰੁ। ਲਹੌਰ ਸਹਰ ਮੈਂ ਬਿਖ ਸਮ ਜੀਵੋਂ ਕੇ ਮਾਰਨੇ ਵਾਲਾ ਕਹਰ ਜੀਵੋਂ ਕੇ ਗਲਾ ਕਾਟਨੇ ਮੇਂ ਜੋਰ ਕਰਨਾ ਸਵਾ ਪਹਰ ਦਿਨ ਚੜੇ ਤਕ ਰਹਤਾ ਹੈ।

**ਕਹਰੇ** ਗੁ. ਅਤਯੰਤ ਕੋਪ ਵਾਲਾ ਹੋਹੋ, ਜੈਸੇ- ਸਾਕਤ ਫਿਰਤੇ ਕਹਰੇ ਕਹਰੇ।

**ਕਹਾ** ਦੇ. ਕਿਆ, ਯਥਾ- ਕੀਤਾ ਕਹਾ ਕਰੇ ਮਨਿ ਮਾਨੁ। ਪੁਨਾ- ਕਹਉ ਕਹਾ ਅਪਨੀ ਅਧਮਾਈ।

**ਕਹਾ** ਗੁ. ਕਥਨ ਕਰਾਂ, ਯਥਾ- ਤੂ ਸੁਲਤਾਨੁ ਕਹਾ ਹਉ ਮੀਆ। ਹੈ ਤੂ ਸੁਲਤਾਨ ਕਥਨ ਕਰਾ ਮੈ ਤੇਰੇ ਕੋ ਮੀਆ ਤਬ ਤੇਰੀ ਕਿਆ ਵਡਿਆਈ ਹੈ ਭਾਵ ਕੁਛ ਨਹੀਂ। ਜਪ ਟੀਕਾ ਮੇਂ ਕਹਾ ਤੂ ਸੁਲਤਾਨ ਕਹਾ ਮੈ ਮੀਆ ਹੋ ਐਸਾ ਅਰਥ ਕੀਆ, ਸੋ ਉਸ ਪ੍ਰਕਰਣ ਕੇ ਮੇਲ ਸੇ ਹੈ।

**ਕਹਾਏ** ਦੇ. ਜਪ ਤਪਾਦਿ ਕਰਮ ਕਰ ਭਲਾ ਸਦਾਵੇ, ਯਥਾ- ਜੇ ਕੋ ਕਹੈ ਕਹਾਏ।

**ਕਹਾਹ** ਪੰ. ਰੌਲਾ, ਸੋਰ, ਯਥਾ- ਧਾਹੀ ਪਵੈ ਕਹਾਹ।

**ਕਹਾਣੀਆ** ਪੰ. ਕਹਾਵਤਾਂ, ਇਤੀਹਾਸ, ਯਥਾ- ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ।

**ਕਹਾਤਿ** ਗੁ. ਕਹਤੇ ਹੈਂ, ਯਥਾ- ਜੀਉ ਜੀਉ ਸਭਿ ਕਹਾਤਿ।

**ਕਹਾਵਤ** ਦੇ. ਕਹਾਣੀ, ਕਥਾ, ਯਥਾ- ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ।

**ਕਹਾਵਥ** ਦੇ. ਕਹਾਵਤੇ ਹੈਂ, ਯਥਾ- ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ।

**ਕਹਿ ਸੰਗਾ** ਗੁ. ਕਹ ਸਕਤੇ, ਯਥਾ- ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ। ਹੇ ਪ੍ਰਮੇਸ੍ਰ ਤੇਰੇ ਏਕ ਗੁਣ ਕੋ ਭੀ ਮੈ ਨਹੀਂ ਕਹ ਸਕਤਾ ਵਾ ਏਕ ਗੁਣ ਕਾ ਮੇਲ ਨਹੀਂ ਪ੍ਰਭ ਕੇ ਸਾਥ।

**ਕਹਿ ਕਹਿ** ਵਾ. ਬਤਾਇ ਬਤਾਇ ਕੇ ਕਹਾਵੇ ਹੈ ਅਪਨੇ ਕੋ ਜਗਤ ਗੁਰੁ ਗੁਸਾਈ ਜੀ, ਸ੍ਵਾਮੀ ਜੀ, ਬਾਵਾ ਜੀ, ਪੰਡਿਤ ਜੀ ਆਦਿ ਨਾਮੋਂ ਸੇ, ਯਥਾ- ਕਹਿ ਕਹਿ ਕਹਣੁ ਕਹਾਇਨਿ ਆਪੁ।

**ਕਹਿ ਜਾਵਹਿ** ਦੇ. ਕਹ ਕਰ ਨਿਸੰਕ ਚਲੇ ਜਾਵੇ, ਯਥਾ- ਕਹਦੇ ਕਹਹਿ ਕਹੇ ਕਹਿ ਜਾਵਹਿ। ਕਹਨੇ ਵਾਲੇ ਪੜੇ ਕਹੇ ਔ ਕਹ ਕਹ ਕੇ ਨਿਸੰਕ ਚਲੇ ਜਾਵੇ।

**ਕਹੀ ਨ ਠਾਹੇ ਚਿਤ** ਵਾ. ਕਿਸੇ ਕਾ ਚਿੱਤ ਨਹੀਂ ਢਾਹਤਾ।

**ਕਹੀਆ** ਗੁ. ਪੁਨਾ ਪੁਨਾ ਕਹਨੇ ਮੇਂ ਹੀ ਕੋਈ।

**ਕਹੁ** ਦੇ. ਆਖੋ, ਯਥਾ- ਕਹੁ ਨਾਨਕ ਹਮ ਨੀਚ ਕਰੰਮਾ।

**ਕਹੁ ਹਾਂ** ਗੁ. ਕਹੂੰਗਾ, ਯਥਾ- ਗੁਰ ਕਾ ਸਬਦੁ ਕਹੁ ਹਾਂ।

**ਕਹੁ ਕੀਸ** ਗੁ. ਕਹੁ ਕਿਸ ਕੋ, ਯਥਾ- ਤਹ ਛਲ ਛਿਦ੍ਰ ਲਗਤ ਕਹੁ ਕੀਸ।

**ਕਹੈ** ਦੇ. ਆਖੇ, ਯਥਾ- ਹੋਰ ਕਿਆ ਕੋ ਕਹੈ।

**ਕੰਕਨ** ਸੰ. ਕੜੇ, ਯਥਾ- ਹਾਰ ਡੋਰ ਕੰਕਨ ਘਣੇ।

**ਕੰਕਰ** ਪੰ. ਟਹਲੀਏ, ਸੇਵਕ, ਯਥਾ- ਜਮਕੰਕਰ ਮਾਰਿ ਬਿਦਾਰੇ। ਸੰ. ਕਿੰਕਰ। ਦੇ. ਰੋੜ, ਡਲੇ।

**ਕਖ** ਦੇ. ਸੁਕੇ ਹਰੇ ਤ੍ਰਿਣ, ਜੈਸੇ- ਕਖ ਓਲੇ ਲਖ। ਸੰ. ਕਖ੍।

**ਕਖ੍ਹਾ** ਸੰ. ਸੁਸਕ ਤ੍ਰਿਣ ; ਸੁਸਕ ਬਨ ; ਪਿਛਲਾ ਪਾਸਾ ; ਰਾਜਾ ਕਾ ਅੰਤਾਪੁਰ ; ਬਾਹੋ ਕਾ ਮੂਲ ਦੇਸ ਕਛਾਂ ਪ੍ਰਸਿਧ ; ਪਿਠ ਪਿਛੇ ਟੰਗਜਾ ਧੋਤੀ ਕਾ ਪੱਲਾ ਜਿਸ ਵਾਲੀ ਧੋਤੀ ਕਖਾਈ ਲਿਖੀ ਹੈ ; ਬਸਤ੍ਰ ਕਾ ਅੰਚਲ ; ਹਾਥੀ ਬਾਂਧਨੇ ਕਾ ਰੱਸਾ ; ਕਾਂਚੀ, ਤੜਾਗੀ ; ਸਮਪਣਾ ; ਸਪਰਧਾ ਕਾ ਠਿਕਾਨਾ ; ਕਛਰਾਲੀ ਰੋਗ ; ਘਰ ਕੀ ਕੰਧ ; ਕਿਲੇ ਕੀ ਕੰਧ।

**ਕਖਾਈ** ਦੇ. ਕਖ੍ਹਾ ਵਾਲੀ ਧੋਤੀ, ਯਥਾ- ਮਥੈ ਟਿਕਾ ਤੇੜਿ ਧੋਤੀ ਕਖਾਈ। ਧੋਤੀ ਦੋ ਪ੍ਰਕਾਰ ਕੀ ਹੋਤੀ ਹੈ। ਏਕ ਕਖ੍ਹਾ ਵਾਲੀ ਦੂਸਰੀ ਬਿਨਾ ਕਖ੍ਹਾ। ਪੀਠ ਪਿਛੇ ਟੰਗੇ ਧੋਤੀ ਕੇ ਪਲੇ ਕਾ ਨਾਮ ਕਖ੍ਹਾ ਹੈ। ਤਿਸ ਵਾਲੀ ਧੋਤੀ ਕਖਾਈ ਹੈ। ਕਖਾਈ ਧੋਤੀ ਗ੍ਰਿਸਤੀ ਲੋਕ ਬਾਂਧਤੇ ਹੈ, ਜੋ ਤਲੇ ਕੌਪੀਨ ਨਹੀਂ ਰਖਤੇ। ਦੂਸਰੀ ਬਿਨਾ ਕਖ੍ਹਾ ਵਾਲੀ ਸਾਧੂ ਲੋਕ ਰਖਤੇ ਹੈਂ। ਜੋ ਤਲੇ ਕੌਪੀਨ ਬਾਂਧਤੇ ਹੈ। ਕੌਪੀਨ ਵਾਲੇ ਕੋ ਕਖਾਈ ਧੋਤੀ ਕਾ ਨਿਖੇਧ ਹੈ ਧਰਮ ਸਾਸਤ੍ਰ ਮੇਂ।

**ਕੰਗਨਾ** ਸੰ. ਕੜੇ, ਯਥਾ- ਕਨਿਕ ਕਨਿਕ ਪਹਿਰੇ ਬਹੁ ਕੰਗਨਾ।

**ਕੰਚਨ** ਸੰ. ਸੁਵਰਣ, ਯਥਾ- ਕੰਚਨ ਨਾਰੀ ਮਹਿ ਜੀਉ ਲੁਭਤੁ ਹੈ। ਸੁਧ ਕੋਮਲ, ਯਥਾ- ਕੰਚਨ ਭਏ ਮਨੂਰਾ। ਅਸੁਧ ਕਠਨ ਸ੍ਰੂਪ ਮਨੂਰ ਭਾਵ ਤਜਾਗ ਕੇ ਸੁਧ ਔ ਕੋਮਲ ਹੋ ਗਏ।

**ਕੰਚਨ ਕਾਇਆ** ਦੇ. ਕੰਚਨ ਵਤ ਸੁਧ ਦੇਹ, ਯਥਾ- ਕੰਚਨ ਕਾਇਆ ਸੁਇਨੇ ਕੀ ਢਾਲਾ।

**ਕੰਚਨ ਕੁਆਰ** ਦੇ. ਸੁਵਰਣ ਕੇ ਕਰਵੇ ਅਰਥਾਤ ਗੰਗਾ ਸਾਗਰ ਵਾ ਛੋਟੀ ਘੜੀ ਕਾ ਨਾਮ ਪੰਜਾਬ ਮੇ ਕੌਰੀ ਹੈ। ਤਾ ਸੇ ਕੁਆਰ ਬਨ ਸੁਵਰਣ ਕੀ ਗਾਗਰ ਅਰਥ ਹੈ, ਰੁਪੇ ਕੇ ਚੌਕੇ ਮੇ ਮੇਲ ਭੀ ਸੁਵਰਣ ਕੀ ਗਾਗਰ ਕਾ ਹੀ ਹੈ, ਯਥਾ- ਸੁਇਨੇ ਕਾ ਚਉਕਾ ਕੰਚਨ ਕੁਆਰ।

**ਕੰਚਨ ਨਾਰੀ ਮਹਿ** ਵਾ. ਸੋਇਨੇ ਔ ਇਸਤ੍ਰੀ ਮੇਂ, ਯਥਾ- ਕੰਚਨ ਨਾਰੀ ਮਹਿ ਜੀਉ ਲੁਭਤੁ ਹੈ।

**ਕੰਚਨ ਵੰਨੇ** ਵਾ. ਸੁਵਰਣ ਰੰਗੇ, ਯਥਾ- ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।

**ਕਚਰਾ** ਦੇ. ਕਚਪਨਾ, ਕਚਾ ; ਕਚਾ ਖਰਬੂਜਾ ਕਚਰਾ ਪ੍ਰਸਿਧ।

**ਕਚਰਾਇਣ** ਗੁ. ਕਚਪਨਾ ਖੀਰੇ ਮੇਂ ਸਾਲਗ੍ਰਾਮ ਰਖਨਾ, ਪੰਜੀਰੀ ਆਦਿਕ ਕੱਚੀਆਂ ਬਾਤਾਂ, ਯਥਾ- ਭੂਲੇ ਨਰ ਕਰਤ ਕਚਰਾਇਣ। ਕਰਤੇ ਹੈਂ ਖੀਰੇ ਮੈਂ ਸਾਲਗ੍ਰਾਮ ਰਖਨਾਦੀ ਕੱਚੀਆਂ ਬਾਤਾਂ ; ਜਿਸ ਤੇ ਨਾਰਾਇਣ ਜਨਮਾਦਿਕੋਂ ਸੇ ਰਹਿਤ ਹੈ। ਜੋ ਜਮਤਾ ਹੈ ਸੋ ਮਰਤਾ ਹੈ। ਜੇਕਰ ਨਾਰਾਇਣ ਸਾਲ ਸਾਲ ਮੇਂ ਜਨਮਤਾ ਹੈ ਤਬ ਮਰਤਾ ਭੀ ਹੋਗਾ। ਯਾਤੇ ਵਹੁ ਸਿਮਰਣੇ ਯੋਗ ਨਹੀਂ। ਬਚਨ ਭੀ ਹੈ- ਦੂਜਾ ਕਾਹੇ ਸਿਮਰੀਐ ਜੰਮੈ ਤੈ ਮਰਿ ਜਾਇ। ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਇ। ਸੋਈ ਡਾਣ ਕੇ ਕਹਾ ਹੈ- ਓਹੁ ਜਨਮਿ ਨ ਮਰੈ ਰੇ ਸਾਕਤ ਢੋਰ। ਇਸ ਬਚਨ ਓਰ ਦੇਖੇ ਗੁਰੋਂ ਕੋ ਪ੍ਰਮੇਸ੍ਵਰ ਕਾ ਅਵਤਾਰ ਕਹਨਾ ਹਮਾਰੇ ਮਤ ਮੇਂ ਭੀ ਬੜੀ ਆਸੰਕਾ ਕਾ ਅਸਥਾਨ ਹੈ ਕਿਉਂਕੇ ਜਬ ਔਰ ਕੋਈ ਜਨਮ ਵਾਲੇ ਹੋਨੇ ਤੇ ਤੁਮਾਰੇ ਗੁਰੁ ਪ੍ਰਮੇਸਵਰ ਕੇ ਅਵਤਾਰ ਕੈਸੇ ਪੂਛੇ। ਤਬ ਉਤਰ ਦੇਨੇ ਮੈਂ ਸੰਕਾ ਸਮਾਧਾਨ ਬਹੁਤੇ ਕਰਨੇ ਪੜੇਂਗੇ।

**ਕਚੜਿਆ** ਪੰ. ਕੱਚਿਆ, ਅਨਜਾਨਾਂ, ਯਥਾ- ਕਚੜਿਆ ਸਿਉ ਤੋੜਿ।

**ਕਚਾਣੁ** ਗੁ. ਕੱਚਾ, ਯਥਾ- ਰੰਗੁ ਕਸੁੰਭ ਕਚਾਣੁ।

**ਕਚਿਆ** ਪੰ. ਕੱਚੇ, ਝੂਠੇ, ਯਥਾ- ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।

**ਕਚੀਂ** ਗੁ. ਕਚਜੋਂ ਨੇ ਭਾਵ ਗਜਾਨਹੀਨੋਂ ਨੇ, ਯਥਾ- ਕਚੀਂ ਆਖਿ ਵਖਾਣੀ।

**ਕਚੀ ਚੋਲੀ** ਵਾ. ਕਾਮ ਕਰੋਧਾਦਿ ਦੋਖੋਂ ਵਾਲੀ ਮੰਦ ਦੇਹ, ਯਥਾ- ਕਾਮ ਕ੍ਰੋਧ ਕੀ ਕਚੀ ਚੋਲੀ। ਥਾਨਾਂਤਰ ਮੇਂ- ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ।

**ਕਚੁ ਪਿਚੁ** ਗੁ. ਕਚੇ ਸੇਤੀ ਕਚਾ ਫਲ ਮਿਲੇ ਹੈ, ਯਥਾ- ਹੋਰ ਕਚੀ ਮਤੀ ਕਚੁ ਪਿਚੁ। ਪੁਨਾ- ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ। ਬਜਰਥ ਬੋਲਤੇ ਹੈਂ।

**ਕੰਚੂਆ** ਗੁ. ਕੱਚ ਸੇ ਫਲ, ਯਥਾ- ਤਿਤੁ ਲਾਗੇ ਕੰਚੂਆ ਫਲ ਮੋਤੀ।

**ਕਚੇ** ਪੰ. ਝੂਠੇ ਅਪ੍ਰਮਾਣਕ ਪੁਰਖ, ਯਥਾ- ਕਹਦੇ ਕਚੇ ਸੁਣਦੇ ਕਚੇ। ਅਪ੍ਰਮਾਣਕ, ਯਥਾ- ਬਾਣੀ ਤ ਕਚੀ ਸਤਿਗੁਰੂ ਬਾਝਹੁ।

**ਕਛਉਟੀ** ਦੇ. ਕਛ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਕੇ ਪੰਥ ਮੇਂ ਪਹਰੀ ਜਾਤੀ ਹੈ। ਕਥਾ ਮੇਂ ਲਿਖਾ ਹੈ ਦੁਰਗਾ ਕੇ ਪ੍ਰਤਖ ਹੋਨੇ ਸਮੇ ਹਨੂਮਾਨ ਲੰਕੜੀਏ ਨੇ ਅਪਨੀ ਕਛ ਦਈ। ਅਰ ਕਹਾ। ਮਮ ਬਾਨਾ ਕਛਨੀ ਯਹ ਲੀਜੈ। ਅਪਨੇ ਸਰਬ ਪੰਥ ਮਹ ਦੀਜੈ। ਯੁਧ ਸਮੇ ਕੋ ਹੈ ਯਹ ਬਾਨਾ। ਹਨੂਮਾਨ ਕੋ ਕਛ ਸ੍ਰੀ ਰਾਮ ਸੇ ਮਿਲੀ, ਯਥਾ- ਕਰਮ ਕਰਿ ਕਛਉਟੀ ਮਫੀਟਸਿ ਰੀ। ਹਨੂਮਾਨ ਜੀ ਕਾ ਵੇਸ ਜਾਨ ਕੇ ਹੀ ਹਨੂਮਾਨ ਕੇ ਭਗਤ ਕਾਵੜੀਯੇ ਬੈਰਾਗੀ ਸਾਧ ਭੀ ਭੀਖ ਮਾਗਣੇ ਸਮੇ ਖਾਰਵੇ ਕੀ ਕਛ ਪਹਰਤੇ ਹੈਂ। ਯਵਨ ਈਸਾਈ ਭੀ ਪਹਰਤੇ ਹੈਂ ਨਾਮ ਜਾਂਘੀਯਾ ਕਛਨਾ ਬੋਲਤੇ ਹੈਂ।

**ਕਛਤ** ਗੁ. ਨਿੰਦਿਤ। ਸੰ. ਕੁਤਸਿਤ।

**ਕਛੀਐ** ਪੰ. ਮਾਪੀਏ, ਯਥਾ- ਕੂੜਾ ਕਪੜੁ ਕਛੀਐ।

**ਕਛੂ** ਸੰ. ਅਧਿਕ ਜਲ ਵਾਲਾ ਦੇਸ, ਯਥਾ- ਮਛੂ ਕਛੂ ਕੂਰਮੁ ਆਗਿਆ ਅਉਤਰਾਸੀ। ਕਛ ਦੇਸ ਮੇਂ ਕੂਰਮ ਅਵਤਾਰ ਪ੍ਰਮੇਸ੍ਵਰ ਕੀ ਆਗਯਾ ਸੇ ਉਤਾਰਾ ਵਾ ਅਧਰਮ ਕੀ ਬ੍ਰਿਧੀ ਸਮੇ ਮੈਂ ਅਵਤਾਰ ਧਾਰਤਾ ਹੂੰ ਐਸੀ ਅਪਨੀ ਆਗਯਾ ਸੇ ਉਤਰਾ ; ਕਛ ਨਾਮ ਵਾਲਾ ਬਸਤ੍ਰ ; ਬਾਹਾਂ ਕਾ ਮੂਲ ਥਾਨ।

**ਕਛੂ** ਦੇ. ਕੁਛ, ਯਥਾ- ਕਛੂ ਸਿਆਨਪ ਉਕਤਿ ਨ ਮੋਰੀ।

**ਕਛੂਆ** ਦੇ. ਪੂ. ਕੁਛ, ਯਥਾ- ਕਛੂਆ ਕਹੈ ਅੰਗਾਰ ਭਿ ਲੋਰਉ।

**ਕਛੋਤਿ** ਦੇ. ਕੁਤਸਿਤ ਸਪਰਸ ਵਾਲੇ, ਨਾ ਛੋਹਨੇ ਯੋਗਯ ਅਪਵਿਤ੍ਰ, ਯਥਾ- ਨਾਮ ਬਿਨਾ ਝੂਠੇ ਕੁਚਲ ਕਛੋਤਿ। ਬਿਨਾ ਨਾਮ ਸੇ ਖੋਟੇ ਬਸਤ੍ਰੋਂ ਵਾਲੇ ਹੈ, ਨਾ ਛੋਹਨੇ ਯੋਗਯ ਹੈ।

**ਕਜਲ** ਸੰ. ਅੰਜਨ ਮਾਤ੍ਰ ; ਦੀਵੇ ਕੀ ਮਸੀ ਕਾ ਅੰਜਨ, ਯਥਾ- ਕਜਲ ਰੇਖ ਨ ਸਹਦਿਆ। ਮੇਘ ਸਯਾਮ ਰੰਗ ਕਾ ; ਕਾਹੂ ਜਾਤਿ ਕੀ ਮਛੀ ; ਦੀਵੇ ਕੀ ਮਸੀ।

**ਕਜਲ ਝਰੇ** ਵਾ. ਜੋ ਕੋਈ ਬਸਤ੍ਰ ਕਜਲ ਪੈ ਝਾਰੇ ਤਬ ਕਜਲ ਹੀ ਲਗਤਾ ਹੈ।

**ਕਜਿਆ** ਪੰ. ਢਕਿਆ, ਯਥਾ- ਜਿਤੁ ਮਿਲਿ ਹਰਿ ਪੜਦਾ ਕਜਿਆ।

**ਕਜੀਆ** ਪੰ. ਬਖੇੜਾ।

**ਕੰਵਕਾ** ਪੰ. ਕੰਨਯਾ, ਨਾ ਬਿਵਾਹੀ ਲੜਕੀ, ਯਥਾ- ਕੰਵਕਾ ਅਣਚਾਰੀ ਕਾ ਧਾਨੁ।

**ਕਟ** ਦੇ. ਕਾਟੋ ; ਕਟ ਰੰਗ।

**ਕਟ ਕਾਟ** ਗੁ. ਕਟੀ ਹੈ ਕਟਣੇਜੋਗ, ਜੈਸੇ- ਦੁਰਮਤ ਮੈਲ ਹਰੀ ਕਟ ਕਾਟ।

**ਕੰਟਕ** ਸੰ. ਕੰਡਾ ; ਸੂਈ ਕਾ ਅਗਲਾ ਪਾਸਾ ; ਰੋਮਾਂਚ ; ਮਛੀ ਕੀ ਹਡੀ ; ਸਤ੍ਰੂ, ਯਥਾ- ਕਾਲੁ ਕੰਟਕੁ ਮਾਰਿ ਵਿਡਾਰਿਆ। ਪੁਨਾ- ਆਇ ਕੰਟਕੁ ਕਾਲੁ ਗ੍ਰਸੈ।

**ਕਟਾਹਾਂ** ਗੁ. ਕਾਟ ਦਈਏ, ਯਥਾ- ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ। ਸੰ. ਕੜਾਹਾ।

**ਕਟਾਰਾ** ਦੇ. ਕਟਾਰ ਸਸਤ੍ਰ, ਯਥਾ- ਕਮਰਿ ਕਟਾਰਾ ਬੰਕੁੜਾ। ਫਾ. ਕਤਾਰਾ ਹੈ, ਜਿਸ ਸੇ ਕਟਾਰਾ ਬਨਾ।

**ਕਟਾਰੇ** ਦੇ. ਨੇਤ੍ਰੋਂ ਕੇ ਕਟਾਖ੍ਯ, ਨੇਤ੍ਰੋਂ ਕੀ ਤ੍ਰਿਛੀ ਨਿਗਾਹ ਕਾ ਨਾਮ ਕਟਾਖ੍ਯ ਹੈ, ਸੋ ਮਾਨੋ ਪ੍ਰੀਤਮ ਕਾ ਮਨ ਬਾਂਧਨੇ ਹੇਤ ਰਜੁ ਹੈ, ਯਥਾ- ਤੇਰੇ ਮੁੰਧ ਕਟਾਰੇ ਜੇਵਡਾ।

**ਕਟਿਕ** ਸੰ. ਕੜਾ, ਕੰਕਨ, ਯਥਾ- ਕਨਕ ਕਟਿਕ ਜਲ ਤਰੰਗ ਜੈਸਾ। ਦੇ. ਫਉਜ, ਸੇਨਾ, ਜੈਸੇ- ਕਹਾ ਕਾ ਕਟਕ ਚੜਾ ਹੈ।

**ਕਟੇ** ਦੇ. ਕਾਟੇ, ਯਥਾ- ਕਟੇ ਹਉਮੈ ਰੋਗੁ।

**ਕਟੇਰੈ** ਗੁ. ਕਟੇ ਹੈਂ, ਯਥਾ- ਅਠਸਠਿ ਮਜਨੁ ਮੈਲੁ ਕਟੇਰੈ। ਦੇ. ਕਾਟਨੇ ਵਾਲੇ ਜਨ।

**ਕਟੋਨਾ** ਗੁ. ਕਟਨੇ ਯੋਗਯ, ਯਥਾ- ਕਾਟੇ ਪਾਪ ਕਟੋਨਾ।

**ਕੰਠ ਰਮਣੀ** ਵਾ. ਕੰਠ ਮੇਂ ਸੁੰਦਰ ਮਾਲਾ ਰਖਤੇ ਹੈਂ, ਰਾਮ ਨਾਮ ਰੂਪ।

**ਕਠਨ** ਸੰ. ਕਰੜਾ, ਯਥਾ- ਕਠਨ ਕਰੋਧ।

**ਕੰਠੀ** ਗੁ. ਮਾਲਾ, ਜੈਸੇ- ਕੰਠੀ ਕੰਠ ਕਾਠ ਕੀ ਡਾਰੀ।

**ਕਠੂਲੇ** ਗੁ. ਕਾਠ ਤੁਲਯ ਕਠੋਰ ਹੋ, ਯਥਾ- ਇਕਿ ਰਹੇ ਸੁਕਿ ਕਠੂਲੇ।

**ਕੰਠੇ** ਦੇ. ਗਲ ਮੇਂ, ਯਥਾ- ਕੰਠੇ ਮਾਲਾ ਜਿਹਵਾ ਰਾਮੁ। ਕਨਾਰੇ, ਯਥਾ- ਕੰਠੇ ਬੈਠੀ ਗੁਰ ਸਬਦਿ ਪਛਾਨੈ।

**ਕਠੈਨੀ** ਦੇ. ਕਠਨ, ਯਥਾ- ਏਹਾ ਬਾਤ ਕਠੈਨੀ।

**ਕਠੋਰ** ਸੰ. ਕਰੜਾ, ਯਥਾ- ਕੁਚਿਲ ਕਠੋਰ ਕਪਟ ਕਾਮੀ।

**ਕੰਡਾ** ਪੰ. ਕਾਂਟਾ, ਸੂਲ, ਦੁਖ, ਯਥਾ- ਤਿਨ ਅੰਤਰਿ ਹਉਮੈ ਕੰਡਾ ਹੇ।

**ਕੰਡਿ** ਪੰ. ਪ੍ਰਿਸ੍ਟ, ਪੀਠ, ਯਥਾ- ਥਾਪੀ ਦਿਤੀ ਕੰਡਿ ਜੀਉ।

**ਕਡੂ** ਪੰ. ਮੁ. ਕਬ, ਯਥਾ- ਮੁਦਤਿ ਪਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ। ਚੌਰਾਸੀ ਚਕ੍ਰ ਮੈਂ ਫਿਰਨਾ ਰੂਪ ਦੇਰ ਬਹੁਤ ਪੜੀ ਹੈ ਫੇਰ ਮਨੁਖ ਦੇਹ ਕਾ ਮਿਲਨਾ ਰੂਪ ਨਾਮ ਜਪਨੇ ਕੀ ਰੁਤ ਕਵ ਆਵੇਗੀ ਭਾਵ ਸੀਘ੍ਰ ਨ ਆਵੇਗੀ। ਬਚਨਾਂਤਰ ਮੇਂ ਸਪਸ੍ਟ ਹੈ- ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ। ਭਾਵ ਇਸ ਪਾਠ ਕਾ ਸੀਘ੍ਰ ਭਗਤੀ ਕਰਾਨੇ ਮੇਂ ਹੈ।

**ਕਢਾਇ** ਕਢਤੇ ਹੈਂ, ਯਥਾ- ਅਠਸਠਿ ਤੀਰਥ ਤਿਨ ਤਿਲਕੁ ਕਢਾਇ।

**ਕਢਾਈ** ਗੁ. ਕਹਾਈ, ਯਥਾ- ਘਾਸੀ ਕਉ ਹਰਿ ਨਾਮੁ ਕਢਾਈ।

**ਕਢਾਸਾ** ਗੁ. ਸੁਣਾਵੇ ਹੈ, ਯਥਾ- ਅਪਨੀ ਬਿਰਥਾ ਬਹੁ ਬਹੁਤੁ ਕਢਾਸਾ। ਅਪਣੀ ਪੀੜਾ ਮੁਖ ਸੇ ਬਹੁਤ ਸੁਨਾਵੇ ਹੈਂ।

**ਕਢਿ** ਪੰ ਨਿਕਾਸ ਕਰ, ਯਥਾ- ਕਢਿ ਕਸੀਦਾ ਪਹਿਰਹਿ ਚੋਲੀ। ਨਿਕਾਸ ਕੇ।

**ਕਢਿਭਾ** ਗੁ. ਨਿਕਾਸੇ ਹੈ, ਯਥਾ- ਬਿਖੁ ਡੁਬਦੇ ਬਾਹ ਦੇਇ ਕਢਿਭਾ।

**ਕਢੀਏ** ਗੁ, ਕਢੇ ਹੈਂ, ਯਥਾ- ਦੁਸਮਨ ਦੂਤ ਸਭਿ ਮਾਰਿ ਕਢੀਏ।

**ਕਢੀਜੈ** ਗੁ. ਕਾਢ ਕਢੀਤੀ ਹੈ, ਯਥਾ- ਕਾਢਿ ਕਢੀਜੈ।

**ਕਢੇ** ਪੰ. ਨਿਕਾਸੇ, ਯਥਾ- ਚੁਣਿ ਵਖਿ ਕਢੇ। ਕਰੇ ਹੈ, ਯਥਾ- ਮੁਹਤਾਜੀ ਕਢੈ ਤੇਰੀ।

**ਕਢੇਲੇ** ਗੁ. ਕਢਤੀ ਹੈ।

**ਕਣ** ਸੰ. ਦਾਣਾ, ਯਥਾ- ਕਣ ਬਿਨੁ ਗਾਹੁ ਕਿ ਪਾਹੀ। ਪੁਨਾ- ਕਣ ਬਿਨਾ ਜੈਸੇ ਥੋਥਰ ਤੁਖਾ। ਪੁਨਾ- ਕਣੁ ਲਇਆ ਤਨੁ ਝਾੜਿ।

**ਕਣੀ** ਦੇ. ਕਿਣਕਾ, ਭੋਰਾ, ਯਥਾ- ਦੇ ਨਾਵੈ ਏਕ ਕਣੀ। ਦੇ ਕਰ ਨਾਮ ਕਾ ਰੰਚਕ ਉਪਦੇਸ।

**ਕਤ** ਦੇ. ਪ੍ਰ. ਕਹਾਂ, ਯਥਾ- ਕਤ ਜਾਈਐ ਰੇ। ਸੰ. ਕੁਤ੍ਰ। ਕਤਰਾ, ਰੰਚਕ, ਯਥਾ- ਦੰਦੀ ਮੈਲੁ ਨ ਕਤੁ। ਫਾ. ਕਤਰਹ। ਕਿਸ ਵਾਸਤੇ, ਯਥਾ- ਸਿੰਘ ਸਰਨ ਕਤ ਜਾਈਐ। ਕੈਸੇ, ਯਥਾ- ਕਾਗਰ ਨਾਵ ਲੰਘਹਿ ਕਤ ਸਾਗਰੁ। ਕਬੀ ਭੀ, ਯਥਾ- ਸਚਿ ਨ ਲਾਗੈ ਕਤੁ।

**ਕਤ ਕੀ** ਗੁ. ਕਹਾਂ ਕੀ, ਯਥਾ- ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।

**ਕਤ ਕੇਰਾ** ਗੁ. ਕਹਾਂ ਕਾ, ਯਥਾ- ਕਤ ਕੀ ਮਾਈ ਬਾਪੁ ਕਤ ਕੇਰਾ।

**ਕਤ ਬਾਰੋ** ਵਾ. ਕਹਾ ਬਾਲਕ ਕਾ ਹੈ, ਯਥਾ-ਦੂਧ ਬਿਨਾ ਰਹਨੁ ਕਤ ਬਾਰੋ।

**ਕਤ ਧਾਂਉ** ਵਾ. ਕਹਾ ਧਾਵਤਾ ਹੈ ਭਾਵ ਦੌੜਤਾ ਹੈ ਹੇ ਮੂਢ ! ਯਥਾ- ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧਾਂਉ।

**ਕਤਹੀ** ਗੁ. ਕਹੀ ਭੀ, ਥੋੜਾ ਭੀ।

**ਕਤਹੂੰ** ਗੁ. ਕਿਸੇ ਬਾਤ ਸੇ, ਜੈਸੇ- ਰਹਿਨ ਨ ਪਾਈਐ ਕਤਹੂ ਬਾਤੇ। ਕਿਸੀ ਓਰ, ਯਥਾ- ਸਾਧ ਕੈ ਸੰਗਿ ਨ ਕਤਹੂੰ ਧਾਵੈ।

**ਕਤੰਚ** ਗੁ. ਕੇਤੇ, ਯਥਾ- ਕਤੰਚ ਮਾਤਾ। ਸੰ. ਕਤੰਚ ਮਾਤਰ:।

**ਕਤਿਕ** ਦੇ. ਕਾਤਕ ਮਹੀਨਾ, ਯਥਾ- ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ। ਕ੍ਰਿਤ ਕਾ ਨਛਤ੍ਰ ਯੁਤ ਪੁਨਿਆ ਵਾਲਾ ਮਹੀਨਾ। ਸੰ. ਕਾਰਤਿਕ।

**ਕਤੀਫਿਆ** ਗੁ. ਪੁਸਾਕਾ, ਯਥਾ- ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ। ਮਾਇਆਧਾਰੀ ਪਹਰਤੇ ਹੈਂ।

**ਕੰਤੁ** ਦੇ. ਪਤੀ। ਸੰ. ਕਾਂਤ, ਯਥਾ- ਮੇਰਾ ਕੰਤੁ ਰੀਸਾਲੂ ਕੀ ਧਨ।

**ਕੰਤੂਹਲ** ਦੇ. ਕੌਤੁਕ।

**ਕਤੇਬ** ਪੁਸਤਕ, ਬੁਕ, ਯਥਾ- ਪੜਹਿ ਕਤੇਬ ਕੁਰਾਣਾ।

**ਕਤੇਬ ਕੁਰਾਣਾ** ਕੁਰਾਨ ਰੂਪ ਕਿਤਾਬ, ਯਥਾ- ਪੜਹਿ ਕਤੇਬ ਕੁਰਾਣਾ।

**ਕਥਤ** ਦੇ. ਕਹਤੇ ਹੈਂ, ਯਥਾ- ਕਥਤ ਸੁਨਤ ਮੁਨਿ ਜਨਾ।

**ਕਥਤਾ** ਦੇ. ਕਵੀਸ੍ਵਰ, ਯਥਾ- ਕਥਤਾ ਬਕਤਾ ਸੁਨਤਾ ਸੋਈ। ਕਵੀਸ੍ਵਰ ਪੰਡਿਤ ਆਪ ਹੀ ਹੈ।

**ਕਥਨਾ** ਦੇ. ਕਹਨਾ, ਯਥਾ- ਕਥਨਾ ਕਥੀ ਨ ਆਵੈ ਤੋਟਿ।

**ਕਥਨੀ** ਦੇ. ਕਥਾਂ (ਕਥਾਵਾਂ), ਕਹਾਣੀਆਂ, ਯਥਾ- ਕਥਨੀ ਬਦਨੀ ਕਰਤਾ ਫਿਰੈ। ਮੁਖ ਸੇ ਕਹਾਣੀਆ ਕਰਤਾ ਫਿਰੇ ਹੈ।

**ਕਥਨੀ ਬਦਨੀ** ਗੁ. ਬਦਨ ਸੇ ਕਹਾਣੀ, ਯਥਾ- ਕਥਨੀ ਬਦਨੀ ਕਹਨੁ ਕਹਾਵਨੁ।

**ਕਥਨੁ** ਸੰ. ਕਹਨਾ, ਯਥਾ- ਕਥਨੁ ਨ ਜਾਇ ਅਕਥੁ।

**ਕਥੜੀਆ** ਗੁ. ਕਥਾ ਸੰਤੌਂ ਕੀਆ, ਯੁਕਤੀ ਸਹਿਤ ਬਚਨ, ਯਥਾ- ਕਥੜੀਆ ਸੰਤਾਹ ਤੇ ਸੁਖਾਊ ਪੰਧੀਆ। ਪੌੜੀਆਂ ਸੁਖੋਂ ਕੀ।

**ਕੰਥਾ** ਸੰ. ਖਿੰਥਾ, ਗੋਦੜੀ।

**ਕਥਾ** ਦੇ. ਕਹਾਣੀ, ਇਤੀਹਾਸ, ਯਥਾ- ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ। ਪ੍ਰਮੇਸਵਰ ਕੀ ਕਥਾ ਕੇ ਬਯਾਖ੍ਯਾਨ ਗੁਰੁ ਮਿਤ੍ਰ ਨੇ ਸੁਨਾਏ।

**ਕਥਾਗੀ** ਗੁ. ਕਥਨ ਵਾਲੇ, ਯਥਾ- ਹਮ ਹਰਿ ਕਥਾ ਕਥਾਗੀ।

**ਕਥਿ** ਸੰ. ਕਹ, ਯਥਾ- ਕਥਿ ਕਥਿ ਅੰਤੁ ਨ ਪਾਇਆ।

**ਕਥਿਆ** ਦੇ. ਕਹਿਆ, ਯਥਾ- ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ। ਅਕਥੁ ਨ ਜਾਈ ਹਰਿ ਕਥਿਆ। ਕਹਿਨੇ ਸੇ, ਯਥਾ- ਕਹਿਐ ਕਥਿਐ। ਕਹਾਣੀਆ ਕੇ ਕਹਨੇ ਸੇ।

**ਕਥੀ** ਸੰ. ਕਹੀ ਨਹੀਂ ਜਾਤੀ।

**ਕਥੀਆ** ਗੁ. ਕਹੀਆ।

**ਕਥੀਏ** ਦੇ. ਕਹੀਯੇ।

**ਕਥੂਰੀ** ਕਸਤੂਰੀ, ਯਥਾ- ਗਈ ਕਥੂਰੀ ਗੰਧੁ।

**ਕਥੇ** ਗੁ. ਕਹੇ, ਜੈਸੇ- ਹਰਿ ਗੁਨ ਕਥੇ ਹਰਿ ਗਿਆਨ ਬੀਚਾਰੇ।

**ਕੰਦ** ਸੰ. ਸੂਰਣ, ਜਿਮੀਕੰਦ ; ਗਾਜਰ ; ਮੇਘ ; ਖੇਤ ਮੇ ਉਪਜਾ ਮੂਲ ਮਾਤ੍ਰ।

**ਕਦੰਚ** ਗੁ. ਕਦਾਚਿਤ, ਯਥਾ- ਕਦੰਚ ਕਰੁਣਾ ਨ ਉਪਰਜਤੇ।

**ਕਦਮ** ਅ. ਪੈਰ, ਚਰਨ। ਦੇ. ਕਦਮ ਬ੍ਰਿਛ।

**ਕੰਦਾ** ਦੇ. ਗਾਜਰ, ਜਿਮੀਕੰਦ, ਸਕਰਕੰਦੀ ਜੈਸੀ ਖਾਨੇ ਕੀ ਜੰਗਲੀ ਵਸਤੁ, ਯਥਾ- ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ।

**ਕਦਾ** ਸੰ. ਕਬ। ਗੁ. ਦੂਰ ਕਰਨਾ, ਯਥਾ- ਨੀਲੀ ਸਿਆਹੀ ਕਦਾ ਕਰਣੀ। ਯਹ ਕਦਾ ਕਤਾ ਸੇ ਬਨਾ ਹੋ ਤੋ ਫਾਰਸੀ ਕੀ ਬਦਲ ਹੈ, ਨਾ ਹੋ ਤੋ ਕਦਾ ਬਿਕਲਤਾ ਕਾ ਵਾਚਕ ਸੰਸਕ੍ਰਿਤ ਹੈ। ਸਯਾਹੀ ਕਦਾ ਕਰਣੀ ਚਿਤ ਕਾ ਅੰਧਕਾਰ ਬਿਕਲ ਕਰਨਾ ਭਾਵ ਦੂਰ ਕਰਨਾ ਯਹੀ ਨੀਲੀ ਪੁਸਾਕ ਵਤ ਸੋਭਾ ਦੇਨੇ ਸੇ ਨੀਲੀ ਪੁਸਾਕ ਹੈ।

**ਕਦਾ ਕਰਣੀ** ਵਾ. ਸਯਾਹੀ ਦੂਰ ਕਰਣੀ, ਯਥਾ- ਨੀਲੀ ਸਿਆਹੀ ਕਦਾ ਕਰਣੀ। ਕਦਾ ਕਾ ਮੂਲ ਕਤਾ ਭੀ ਹੈ।

**ਕਦਾਚਹੁ** ਗੁ. ਕਬੀ ਭੀ।

**ਕਦਾਚਿਤ** ਸੰ. ਕਬੀ ਕਬੀ ਹੋਨੇ ਵਾਲੀ ਵਸਤੁ।

**ਕਦਿ** ਪੰ. ਕਬ, ਯਥਾ- ਕਦਿ ਪਸੀ ਦੀਦਾਰੁ।

**ਕਦਿ ਪਸੀ** ਵਾ. ਕਬ ਦੇਖਾ ਹੇ ਮਿਤ੍ਰ ! ਤੈਨੂੰ, ਯਥਾ- ਕਦਿ ਪਸੀ ਜਾਨੀ ਤੋਹਿ।

**ਕਦੀਮ** ਅ. ਹਮੇਸਹ, ਸਦਾ।

**ਕਦੂਰੀ** ਅ. ਦੇਗ, ਹਾਂਡੀ। ਈਹਾਂ ਭਾਵ ਸੇ ਦੇਗ ਮੇਂ ਪਕਾ ਕਰ ਅਪਨੇ ਇਸਟ ਕੋ ਭੋਗ ਲਗਾਓ, ਯਥਾ- ਮਿਸਿਮਿਲਿ ਤਾਮਸੁ ਭਰਮੁ ਕਦੂਰੀ।

**ਕੰਧੀ** ਪੰ. ਮੁ. ਕੰਢੇ, ਨਦੀ ਕਿਨਾਰੇ, ਯਥਾ- ਕੰਧੀ ਵਹਣ ਨ ਢਾਹਿ। ਵੈਤਰਣੀ ਕੇ ਕਿਨਾਰੇ ਰੌਲਾ ਪੜਤਾ ਹੈ ; ਮੌਤ ਕੇ ਸਮੀਪ, ਯਥਾ- ਅੰਧੇ ਤੂੰ ਬੈਠਾ ਕੰਧੀ ਪਾਹਿ। ਅਵਸਥਾ ਨਦੀ ਕੇ ਕਨਾਰੇ ਮੌਤ ਕੇ ਸਮੀਪ। ਪੁਨਾ- ਨਾ ਕੰਧੀ ਨਾ ਪਾਰੁ।

**ਕੰਧੀ ਪਾਹ** ਵਾ. ਕੰਢੇ ਪਾਸ ਤੀਰੇ ਪੈ।

**ਕੰਧੁ** ਗੁ. ਸਰੀਰ, ਯਥਾ- ਉਡੈ ਨ ਹੰਸਾ ਪੜੈ ਨ ਕੰਧੁ। ਸੰ. ਸਕੰਧ। ਪੰ. ਭੀਤ ਮੰਦਰ ਕੀ।

**ਕੰਨ** ਗੁ. ਕ੍ਰਿਸ੍ਨ ਕੀ, ਯਥਾ- ਕੇਤੀਆ ਕੰਨ੍ ਕਹਾਣੀਆ। ਕਾਨ, ਸ੍ਰਵਣ, ਯਥਾ- ਦੇ ਕੰਨੁ ਸੁਣਹੁ ਅਰਦਾਸਿ ਜੀਉ। ਕੰਧੇ ਪੈ, ਯਥਾ- ਕੰਨਿ ਮੁਸਲਾ ਸੁਫੁ ਗਲਿ। ਕੰਧੇ ਪੈ ਨਮਾਜ ਕਾ ਆਸਨ। ਕੰਧਾ ਅਰਥਾਤ ਪਾਸਾ ਮੋੜ ਲੈਣਾ, ਯਥਾ- ਕਰਿ ਪੀਰਹੁ ਕੰਨ੍ ਮੁਰਟੀਐ। ਗੁਰੂ ਨਾਨਕ ਜੀ ਨੇ ਪੁਤ੍ਰ ਗੁਰੁ ਕਰਨੇ ਥੇ, ਸੋ ਨਾ ਕੀਏ ਪਾਸਾ ਮੋੜ ਗਏ।

**ਕਨ** ਦੇ. ਸ੍ਰਵਣ, ਯਥਾ- ਜਿਨਿ ਕਨ ਕੀਤੇ ਅਖੀ ਨਾਕੁ।

**ਕੰਨ੍ ਕਹਾਣੀਆ** ਦੇ. ਰਾਸਧਾਰੀ ਕ੍ਰਿਸ੍ਨ ਲੀਲਾ ਕੀ ਕਥਾ ਕਹਤੇ ਹੈ, ਯਥਾ- ਕੇਤੀਆ ਕੰਨ੍ ਕਹਾਣੀਆ।

**ਕੰਨ੍ ਗੋਪਾਲ** ਦੇ. ਕ੍ਰਿਸ੍ਨ ਕੇ ਸੰਗੀ ਗੁਆਲ ਬਾਲ, ਯਥਾ- ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ। ਈਸ੍ਵਰ ਕੀ ਮਹਾਨ ਰਾਸਿ ਮੇ ਸਾਠ ਸਾਠ ਪਲ ਮਾਪ ਕੀ ਘੜੀਆ ਸਭੀ ਗੋਪੀਆਂ ਤੁਲਜ ਹੈਂ, ਪਹਰ ਕ੍ਰਿਸ੍ਨ ਔ ਤਾ ਕੇ ਸਾਥੀ ਗੁਆਲਿਓ ਤੁਲਜ ਹੈਂ।

**ਕੰਨਹੁ** ਪੰ. ਪਾਸੋਂ, ਯਥਾ- ਇਹ ਬੁਧਿ ਪਾਈ ਮੈ ਸਾਧੂ ਕੰਨਹੁ।

**ਕਨਕ** ਸੰ. ਸੁਵਰਣ, ਯਥਾ- ਕਨਕ ਕਲਸ ਇਕੁ ਪਾਇਆ।

**ਕਨਿ** ਪੰ. ਪਾਸ, ਯਥਾ- ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।

**ਕੰਨਿਆ** ਦੇ. ਨਾ ਬਿਵਾਹੀ ਲੜਕੀ ; ਮੇਖ ਸੇ ਛਠੀ ਰਾਸਿ। ਸੰ. ਕੰਨਜਾ।

**ਕੰਨੀ** ਦੇ. ਕਾਨੋਂ ਮੇਂ, ਯਥਾ- ਕੰਨੀ ਬੁਜੇ ਦੇ ਰਹਾਂ।

**ਕੰਪ** ਸੰ. ਕੰਪਨਾ, ਕਾਂਪਨਾ।

**ਕਪਹਿ** ਪੰ. ਦਾਈ ਕਾਟ ਦੇਤੀ, ਯਥਾ- ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।

**ਕਪਟ** ਸੰ. ਔਰ ਪ੍ਰਕਾਰ ਕੀ ਵਸਤੁ ਕਾ ਔਰ ਪ੍ਰਕਾਰ ਸੇ ਕਹਨਾ ਦਿਖਲਾਵਨਾ। ਕ. ਮਥੇ ਕੇ ਆਗੇ ਪਟ ਵਤ ਢਕਨੇ ਵਾਲੇ ਫਰੇਬ ਕਾ ਨਾਮ ਕਪਟ ਹੈ, ਯਥਾ- ਮਨਿ ਉਘਰੇ ਕਪਟ ਕਪਾਟ। ਮਨ ਸੇ ਉਘੜ ਗਏ ਕਪਟ ਕੇ ਤਖਤੇ। ਕਪਾਟ, ਯਥਾ- ਖੋਲ੍ਹਿ ਕਪਟ ਗੁਰਿ ਮੇਲੀਆ।

**ਕਪਟਨਪਾਟ** ਵਾ. ਕਪਟ ਕੇ ਪੜਦੇ ਪਾੜਨ ਵਾਲੇ।

**ਕਪਟੀ** ਸੰ. ਕਪਟ ਵਾਲਾ।

**ਕਪਣਾ** ਪੰ. ਕਟਣਾ, ਕਾਟਨਾ।

**ਕਪਰ ਵਾਤਿ** ਵਾ. ਲਹਰੋਂ ਕੀ ਹਵਾ ਮੇਂ, ਲਹਰੋਂ ਕੇ ਮੁਖ ਮੇਂ, ਯਥਾ- ਬੇੜਾ ਕਪਰ ਵਾਤਿ।

**ਕਪਰੀ** ਗੁ. ਸੰਸਾਰ ਸਾਗਰ ਕੀ ਕਾਮਾਦਿ ਲਹਰੋਂ ਤੇ, ਯਥਾ- ਵੰਞਾ ਏਨ੍ਹੀ ਕਪਰੀ।

**ਕਪਰੁ** ਪੰ. ਮੁ. ਘੁੰਮਣਘੇਰੀ, ਯਥਾ- ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ। ਚਕ੍ਰ।

**ਕਪਰੇ** ਦੇ. ਬਸਤ੍ਰ। ਗੁ. ਅੰਤਹਕਰਣ, ਯਥਾ- ਹਮਰੇ ਕਪਰੇ ਨਿੰਦਕੁ ਧੋਇ।

**ਕਪਰੇ ਬਾਗੇ ਵਾਲੀ** ਵਾ. ਪੰਖ ਸ੍ਵਰੂਪ ਸੁਪੈਦ ਬਸਤ੍ਰੋਂ ਵਾਲੀ ਕੂੰਜ।

**ਕਪਲ** ਸੰ. ਸਾਂਖਜ ਸਾਸਤ੍ਰ ਕਾ ਕਰਤਾ ; ਦੇਵਹੂਤੀ ਸੇ ਕ੍ਰਦਮ ਰਿਖਿ ਕਾ ਪੁਤ੍ਰ।

**ਕਪੜ** ਦੇ. ਬਸਤ੍ਰ, ਯਥਾ- ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ। ਸੰ. ਕਰਪਟ।

**ਕਪਾਸ** ਦੇ. ਕਪਾਹ, ਯਥਾ- ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।

**ਕਪਾਹ** ਦੇ. ਕਪਾਸ, ਯਥਾ- ਦਇਆ ਕਪਾਹ ਸੰਤੋਖੁ ਸੂਤੁ।

**ਕਪਾਟਿ** ਗੁ. ਕਪਾਲ ਪੈ, ਯਥਾ- ਬਸਤ੍ਰ ਕਪਾਟਿ। ਲਲੇ ਕੇ ਥਾਨ ਟ ਹੈ।

**ਕਪਾਟ** ਸੰ. ਕਿਵਾੜ। ਕ. ਪਵਨ ਕੋ ਪਾਟ ਦੂਰ ਕਰਨੇ ਸੇ ਨਾਮ ਕਪਾਟ ਹੈ, ਯਥਾ- ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ।

**ਕਪਾਲ** ਸੰ. ਸਿਰ ਕਾ ਉਪਰਲਾ ਪਾਸਾ ; ਬਰਤਨ ਕਾ ਠੀਕਰਾ।

**ਕਪਾਲੀ** ਗੁ. ਕਪਾਲ ਕੇ ਭਾਰ ਖੜੇ ਹੋਨਾ ਜੈਸੇ- ਕਪਾਲੀ ਆਸਨ।

**ਕਪਾਲੀ ਆਸਨ** ਸੰ. ਤਲੇ ਸਿਰ ਊਪਰ ਕੋ ਪੈਰ ਕਰਨਾ ਜੈਸੇ ਚੁਰਸਤਿਓਂ ਮੈਂ ਬੈਰਾਗੀ ਸਾਧ ਕਰਤੇ ਹੈਂ।

**ਕਪਿ** ਸੰ. ਬੰਦਰ, ਯਥਾ- ਜਿਉ ਕਪਿ ਕੇ ਕਰ ਮੁਸਟਿ ਚਨਨ ਕੀ।

**ਕਪਿਆ** ਪੰ. ਮੁ. ਕਟਿਆ, ਯਥਾ- ਜਿ ਦਿਹਿ ਨਾਲਾ ਕਪਿਆ। ਜਿਸ ਦਿਨ ਗਰਭ ਸੇ ਨਿਕਸੇ ਕਾ ਨਾੜੂਆ ਕਟਿਆ।

**ਕਪੋਤਿ** ਗੁ. ਕਬੂਤਰ। ਸੰ. ਕਪੋਤ।

**ਕਫੁ** ਸੰ. ਬਲਗਮ, ਯਥਾ- ਕਫੁ ਕੰਠੁ ਬਿਰੂਧੋ।

**ਕਬ** ਦੇ. ਕਿਸ ਸਮੇਂ, ਯਥਾ- ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।

**ਕਬ ਦੈਨ** ਦੇ. ਕਵਿ ਜਨੋਂ ਕੋ ਦਾਨ ਦੇਨੇ ਵਾਲੇ ਹੋ, ਯਥਾ- ਅਘ ਅੰਤ ਕਬ ਦੈਨ। ਪਾਪਾਂ ਕੋ ਨਾਸ ਕਰਤੇ ਕਬੀਓਂ ਕੋ ਦਾਨ ਦੇਤੇ ਹੋ।

**ਕੰਬਹਿ** ਦੇ. ਕਾਂਪਤੇ ਹੈਂ ਭਾਵ ਭਾਗ ਜਾਤੇ ਹੈਂ ਪਾਪ, ਯਥਾ- ਤਿਸੁ ਕੰਬਹਿ ਪਾਪੈ।

**ਕਬਹੂ ਕ** ਵਾ. ਕਿਸੇ ਸਮੇਂ।

**ਕਬਜ** ਗੁ. ਪਕੜ।

**ਕਬਜਾ** ਗੁ. ਮਾਯਾ, ਯਥਾ- ਦਿਲ ਕਬਜ ਕਬਜਾ ਕਾਦਰੋ। ਦਿਲ ਕੋ ਕਬਜ, ਪਕੜ ਸੇ। ਕਬਜਾ, ਪਕੜਨੇ ਵਾਲੀ ਕੁਦਰਤ ਕਾਦਰ ਕੀ।

**ਕਬਰੋ** ਗੁ. ਕਮਲਾ, ਯਥਾ- ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ।

**ਕਬਾਬ** ਫਾ. ਸੀਖ ਪੈ ਭੁੰਨਜਾ ਮਾਸ, ਜੈਸੇ- ਪੀਤੇ ਪਿਆਲੇ ਔ ਖਾਤੇ ਕਬਾਬ।

**ਕਬਾੜਾ** ਦੇ. ਕੂੜਾ, ਕੂਤਵਾਰ, ਯਥਾ- ਕੂੜ ਕਬਾੜਾ। ਝੂਠ ਰੂਪ ਕੂੜਾ ਅਰਥਾਤ ਗੱਪਾਂ।

**ਕਬਿਲਾਸ** ਗੁ. ਕੈਲਾਸ ਪਰਬਤ, ਯਥਾ- ਕੋਟਿ ਮਹਾਦੇਵ ਅਰੁ ਕਬਿਲਾਸ। ਸੰ. ਕੈਲਾਸ।

**ਕਬੀਰ** ਅ. ਬਡਾ, ਮਹਾਨ, ਯਥਾ- ਹਕਾ ਕਬੀਰ ਕਰੀਮ। ਜੁਲਾਹਾ ਭਗਤ।

**ਕੰਬੁ** ਸੰ. ਸੰਖ।

**ਕਬੂਲ** ਅ. ਅੰਗੀਕਾਰ, ਯਥਾ- ਸਾਹਬੁ ਕਰੇ ਕਬੂਲ।

**ਕਮ** ਫਾ. ਘਟ, ਨਯੂਨ, ਅਲਪ।

**ਕਮਜਾਤਿ** ਫਾ. ਨੀਚ ਜਾਤ, ਹੀਨ ਜਾਤੀ ਵਾਲਾ, ਯਥਾ- ਖਸਮੁ ਵਿਸਾਰਹਿ ਤੇ ਕਮਜਾਤਿ।

**ਕਮਤਰੀਨ** ਫਾ. ਬਹੁਤ ਛੋਟਾ, ਯਥਾ- ਮਨ ਕਮੀਨ ਕਮਤਰੀਨ। ਮੈਂ ਨੀਚ ਜਾਤੀ ਵਾਲਾ ਬਹੁਤ ਛੋਟਾ ਹਾਂ।

**ਕਮਰਬੰਦੁ** ਫਾ. ਕਮਰਕਸਾ, ਪੇਟੀ, ਯਥਾ- ਕਮਰਬੰਦੁ ਸੰਤੋਖ ਕਾ।

**ਕਮਲ** ਸੰ. ਪੰਕਜ, ਕੌਲ, ਪਦਮ ਕੰਜਲਕੋ ਅਲ ਭੂਖਿਤ ਕਰਨੇ ਸੇ ਨਾਮ ਕਮਲ ਹੈ ; ਗ੍ਰਾਸ, ਜੈਸੇ- ਪੰਚ ਕਮਲ ਕਰ ਜੇਵਨ ਲਾਗੇ।

**ਕਮਲਾ** ਸੰ. ਲਖ੍ਮੀ। ਦੇ. ਸੁਦਾਈ, ਬਾਉਲਾ, ਯਥਾ- ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ।

**ਕਮਲੇਹਿ** ਗੁ. ਕਮਲ ਕੀ, ਯਥਾ- ਜੈਸੀ ਜਲ ਕਮਲੇਹਿ।

**ਕੰਮੜੇ** ਪੰ. ਬੁਰੇ ਕਾਮ, ਯਥਾ- ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।

**ਕਮਾਇਅੜੋ** ਪੰ. ਕਮਾਏ, ਯਥਾ- ਦਿਨੁ ਰਾਤਿ ਕਮਾਇਅੜੋ।

**ਕਮਾਇਣ** ਗੁ. ਕਮਾਵਨੀ, ਯਥਾ- ਸੰਤ ਸੇਵ ਕਮਾਇਣ।

**ਕਮਾਈ** ਦੇ. ਕਰਮ।

**ਕਮਾਏ** ਪੰ. ਕਰਮ ਅਨੁਸਾਰ, ਯਥਾ- ਪੂਰਬੇ ਕਮਾਏ ਸ੍ਰੀਰੰਗ ਪਾਏ।

**ਕਮਾਸਿ** ਗੁ. ਕਮਾਵੇ ਹੈਂ, ਯਥਾ- ਏਹ ਕਰਮ ਕਮਾਸਿ।

**ਕਮਾਹੀ** ਗੁ. ਕਮਾਵੋ, ਅਮਲ ਕਰੋ, ਯਥਾ- ਕੁਰਾਣੁ ਕਤੇਬ ਦਿਲ ਮਾਹਿ ਕਮਾਹੀ।

**ਕਮਾਣਾ** ਪੰ. ਕਮਾਯਾ, ਯਥਾ- ਨਾਨਕ ਕਮਾਣਾ ਸੰਗਿ ਜੁਲਿਆ।

**ਕਮਾਤੇ** ਗੁ. ਕਮਾਏ, ਯਥਾ- ਸਭਿ ਉਤਰੇ ਪਾਪ ਕਮਾਤੇ।

**ਕਮਾਦੈ** ਦੇ. ਈਖ ਕੋ, ਯਥਾ- ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ।

**ਕਮਾਲੁ** ਅ. ਕਬੀਰ ਕਾ ਪੁਤ੍ਰ, ਯਥਾ- ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ।

**ਕਮਾਵਤ** ਗੁ. ਧਾਰਨ ਕਰਤੇ, ਯਥਾ- ਸੁਨਤ ਕਮਾਵਤ ਹੋਤ ਉਧਾਰ।

**ਕਮਿਤਾ** ਗੁ. ਕਮਾਏ ਹੈ, ਯਥਾ- ਸੇ ਕਰਮ ਕਮਿਤਾ।

**ਕੰਮੀ** ਦੇ. ਕਰਮੋ ਸੇ, ਯਥਾ- ਜਿਨ੍ਹੀ ਕੰਮੀ ਨਾਹਿ ਗੁਣ।

**ਕਮੀ** ਫਾ. ਨਯੂਨਤਾ, ਘਾਟਾ, ਯਥਾ- ਕਿਛੁ ਨਾਹੀ ਤਾ ਕੈ ਕਮੀ।

**ਕਮੀਆ** ਪੰ. ਕਮਤੀ, ਥੁੜ, ਯਥਾ- ਤਿਸੁ ਜਨ ਕਉ ਕਹੁ ਕਾ ਕੀ ਕਮੀਆ।

**ਕਮੀਨ** ਦੇ. ਨੀਚ ਜਾਤੀ। ਫਾ. ਕਮੀਨਾ, ਯਥਾ- ਮਨ ਕਮੀਨ ਕਮਤਰੀਨ।

**ਕੰਮੁ** ਦੇ. ਕਾਂਮ, ਕਾਰ। ਸੰ. ਕਰਮ, ਯਥਾ- ਹਰਿ ਕੰਮੁ ਕਰਾਵਣਿ ਆਇਆ ਰਾਮ।

**ਕਰ** ਸੰ. ਹਾਥ, ਯਥਾ- ਕਰਿ ਕਰਿ ਕਰਣਾ ਲਿਖਿ ਲੈ ਜਾਹੁ। ਹਾਥੀ ਕਾ ਸੁੰਡ ; ਜਗਾਤ ਔ ਮਾਮਲੇ ਆਦਿ, ਯਥਾ- ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ। ਕਰਕੇ, ਯਥਾ- ਗਨਉ ਏਕ ਕਰਿ ਕਰਮ। ਕਰੋ, ਯਥਾ- ਕਰ ਹਰਿ ਕਰਮ। ਗੁ. ਚਿਤ, ਯਥਾ- ਕਰੁ ਮਾਇਆ ਅਗਨਿ ਨਿਤ ਮੇਲਤੇ। ਹਮ ਮਾਇਆ ਰੂਪ ਅੱਗ ਮੇਂ ਅਪਨਾ ਕਰ, ਹਾਥ ਭਾਵ ਚਿੱਤ ਪ੍ਰਤਿਦਿਨ ਮੇਲਤੇ ਥੇ। ਕਰੀਏ, ਯਥਾ- ਕਰਿ ਸਾਂਈ ਸਿਉ ਪਿਰਹੜੀ। ਕਰੀਏ ਸਾਈ ਸੇ ਪ੍ਰੇਮ।

**ਕਰ ਆਜ** ਗੁ. ਹਾਥ ਕੇ ਨਖ ਰੂਪ ਆਯੁਧੋਂ ਸੇ, ਯਥਾ- ਹਰਨਾਖਸ ਫਾਰੇ ਕਰ ਆਜ। ਸੰ. ਕਰਾਯੁਧ।

**ਕਰ ਆਡੰਬਰ** ਵਾ. ਆਰੰਭ ਕਰ, ਜੈਸੇ- ਕਰ ਆਡੰਬਰ ਜਗਤ ਕਉ ਠਾਗੇ।

**ਕਰ ਸੰਗ** ਸੰ. ਹੱਥੋਂ ਕੇ ਸਾਥ, ਯਥਾ- ਕਰ ਸੰਗਿ ਸਾਧੂ ਚਰਨ ਪਖਾਰੈ।

**ਕਰ ਸੇਵ ਸੇਵਕ** ਵਾ. ਕਰੀਏ ਸੇਵ ਸੇਵਕ ਬਨ, ਯਥਾ- ਹਰਿ ਸੇਵ ਸੇਵਕ ਸੇਵਕੀ।

**ਕਰ ਹਰਿ ਕਰਮ** ਵਾ. ਹਾਥੋਂ ਸੇ ਪ੍ਰਮੇਸ੍ਵਰ ਸੰਬੰਧੀ ਕਾਮ ਮਹਾਤਮਾ ਕੀ ਸੇਵਾ ਕਰੋ ਸ੍ਰਵਣੋਂ ਸੇ ਹਰਿ ਕੀ ਕਥਾ ਸੁਨੋ, ਯਥਾ- ਕਰ ਹਰਿ ਕਰਮ ਸ੍ਰਵਨਿ ਹਰਿ ਕਥਾ।

**ਕਰ ਕਰਿ ਤਾਲ** ਵਾ. ਹਥੋਂ ਕੀ ਕ੍ਰਿਯਾ ਸਭ ਜੀਵੋਂ ਨੇ ਤਾਲ ਕਰੀ ਹੈ, ਯਥਾ- ਕਰ ਕਰਿ ਤਾਲ ਪਖਾਵਜੁ ਨੈਨਹੁ। ਹਾਥੋਂ ਕੀ ਕ੍ਰਿਯਾ ਜੀਵੋਂ ਨੇ ਤਾਲ ਕਰੀ ਹੈ ਨੇਤ੍ਰੋਂ ਕੀ ਪਖਾਵਜ ਕਰੀ ਹੈ।

**ਕਰ ਜੁਰਨਾ** ਗੁ. ਵਾ ਮੇ ਜੁੜੋ, ਯਥਾ- ਸੋ ਸਦਾ ਧਿਆਇ ਨਿਤ ਕਰ ਜੁਰਨਾ। ਤਿਸੀ ਮੇਂ ਜੁੜਨਾ ਕਰ।

**ਕਰ ਜੋੜਿ** ਵਾ. ਹਾਥ ਜੋੜ ਕੇ, ਯਥਾ- ਕਰ ਜੋੜਿ ਨਾਨਕੁ ਦਾਨੁ ਮਾਂਗੈ।

**ਕਰ ਝਾਰ** ਦੇ. ਹਾਥ ਝਾੜ ਕੇ ਜਾਤਾ ਹੈ, ਯਥਾ- ਪਾਪ ਰਤ ਕਰ ਝਾਰ।

**ਕਰ ਤਲ** ਸੰ. ਹਾਥ ਕੀ ਤਲੀ ਪੈ, ਯਥਾ- ਨਵ ਨਿਧਿ ਕਰ ਤਲ ਤਾ ਕੇ।

**ਕਰ ਪਗ** ਵਾ. ਹਾਥੋਂ ਸਾਥ ਪਗ ਪਖਾਲੋ, ਯਥਾ- ਜਲੁ ਢੋਵਉ ਇਹੁ ਸੀਸ ਕਰਿ ਕਰ ਪਗ ਪਖਲਾਵਉ।

**ਕਰਉ** ਦੇ. ਕਰਤਾ ਹੂੰ, ਯਥਾ- ਤਉ ਦਰਸਨ ਕੀ ਕਰਉ ਸਮਾਇ। ਇਛਾ।

**ਕਰਸਨ** ਗੁ. ਆਨ ਉਪਾਇ ਨਹੀਂ ਕਰਤੇ, ਯਥਾ- ਆਨ ਉਪਾਵ ਥਕਿਤ ਨਹੀ ਕਰਸਨ। ਤੀਰਥ ਯਾਤ੍ਰਾ ਪ੍ਰਤਿਮਾ ਪੂਜਾਦਿ ਆਨ ਉਪਾਇ ਕਰਤੇ ਥਕਤ ਹੋ ਗਏ ਅਬ ਆਗੇ ਕੋ ਬਿਨਾ ਈਸ੍ਵਰ ਭਕਤੀ ਸੇ ਔਰ ਨਹੀਂ ਕਰਤੇ।

**ਕਰਸੀ** ਦੇ. ਬਾਗੜੀ। ਕਰੇਗਾ, ਯਥਾ- ਨਾ ਜਾਨਉ ਕਿਆ ਕਰਸੀ ਪੀਉ।

**ਕਰਹਲਾ** ਗੁ. ਹੱਲਾ ਕਰ, ਧਾਈ ਕਰ, ਯਥਾ- ਕਰਹਲੇ ਮਨ ਪਰਦੇਸੀਆ। ਦੇ. ਮਾਰ. ਊਂਟ, ਯਥਾ- ਕਰਹਲੁ ਬੇਲਿ ਰੀਝਾਈ। ਪੁਨਾ- ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।

**ਕਰਹੁ** ਗੁ. ਕਰਾਵਹੁ ਵਾ ਮੈ ਨਾ ਕਰੋ, ਯਥਾ- ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ।

**ਕਰਹੁ ਗਾਤ** ਵਾ. ਕਰੋ ਮੁਕਤੀ।

**ਕਰਕ** ਦੇ. ਪੀੜਾ, ਯਥਾ- ਕਰਕ ਕਰੇਜੇ ਮਾਹੀ।

**ਕਰੰਗ** ਪੰ. ਮੁਰਦੇ ਕੀ ਹਡੀਆਂ।

**ਕਰਗਹ** ਦੇ. ਜੁਲਾਹੇ ਕੀ ਕੰਘੀ ਜਿਸ ਮੇਂ ਤਾਣੀ ਕੇ ਤਾਗੇ ਫਸਾਏ ਜਾਤੇ ਹੈਂ, ਯਥਾ- ਧਰਨਿ ਅਕਾਸ ਕੀ ਕਰਗਹ ਬਨਾਈ। ਹਾਥ ਪਕੜ ਕੇ, ਯਥਾ- ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ।

**ਕਰੰਗੀ** ਪੰ. ਮੁਰਦੇ ਕੀ ਹਡੀਆਂ ਕੋ, ਯਥਾ- ਕਰੰਗੀ ਲਗਾ ਹੰਸੁ।

**ਕਰਜੁ** ਫਾ. ਰਿਣ, ਯਥਾ- ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ। ਸੰ. ਨਖ।

**ਕਰਣ** ਸੰ. ਕਰਨੇ ਵਾਲਾ, ਯਥਾ- ਕਰਣ ਕਰੀਮ ਨ ਜਾਤੋ ਕਰਤਾ। ਜੋ ਕਰਣਹਾਰਾ ਕਰਤਾ ਕਰੀਮ ਹੈ ਸੋ ਤੁਮ ਨੇ ਨਹੀਂ ਜਾਤਾ। ਇੰਦ੍ਰਯ ; ਗਾਤ੍ਰ ; ਖੇਤ੍ਰ ; ਕਰਣ ਨਾਮ ਵਾਲਾ ਕਾਰਕ ; ਅਸਾਧਾਰਣ ਕਾਰਣ- ਕਾਰਣ ਦੋ ਪ੍ਰਕਾਰ ਕੇ ਹੋਤੇ ਹੈਂ। ਏਕ ਸਾਧਾਰਣ ਦੂਸਰੇ ਅਸਾਧਾਰਣ। ਜਿਨ ਸੇ ਕਾਰਜ ਮਾਤ੍ਰ ਕੀ ਉਤਪਤੀ ਹੋਵੇ ਵਹੁ ਸਾਧਾਰਣ ਹੈ, ਜੈਸੇ ਈਸਰ ਔ ਈਸਰ ਕੇ ਗਯਾਨ, ਇਛਾ, ਉਦਮ, ਦੇਸ, ਕਾਲ, ਕਰਮ, ਪ੍ਰਤਿਬੰਧਕ ਕਾ ਅਭਾਵ। ਯੇ ਆਠ ਕਾਰਯ ਮਾਤ੍ਰ ਕੇ ਕਾਰਣ ਹੈਂ। ਯਾ ਤੇ ਸਾਧਾਰਣ ਅਰਥਾਤ ਸਭ ਕੇ ਸਾਝੇ ਹੈਂ। ਦੂਸਰੇ ਅਸਾਧਰਣ ਹੈਂ। ਜੋ ਅਪਨੇ ਕਾਰਯੋਂ ਕੇ ਹੈਂ। ਜੈਸੇ ਮਿਟੀ ਘੁਮਾਰ ਘਟ ਕੇ, ਤੰਤੁ ਜੁਲਾਹਾ ਪਟ ਮਾਤ੍ਰ ਕੇ ਹੈਂ। ਅਸਧਾਰਣ ਕਾਰਣ ਭੀ ਦੋ ਪ੍ਰਕਾਰ ਕਾ ਹੋਤਾ ਹੈ ਏਕ ਉਪਾਦਾਨ ਦੂਜਾ ਨਿਮਿਤ। ਜਿਸ ਸੇ ਕਾਰਜ ਉਪਜ ਕਰ ਸਦਾ ਉਸੀ ਮੇਂ ਰਹੇ ਸੋ ਉਪਾਦਾਨ ਕਾਰਣ ਹੈ, ਜੈਸੇ ਘੜਾ ਮਿੱਟੀ ਸੇ ਉਪਜ ਕਰ ਸਦਾ ਉਸੀ ਮੇਂ ਰਹੇ ਹੈ। ਜਿਸ ਸੇ ਉਪਜ ਕਰ ਕਾਰਜ ਤਿਸ ਮੇਂ ਨਾ ਰਹੇ ਸੋ ਨਿਮਿਤ ਜੈਸੇ ਘੁਮਾਰ ਸੇ ਉਪਜ ਕਰ ਘੜਾ ਤਿਸ ਮੇਂ ਨਹੀਂ ਰਹੇ ਯਾਤੇ ਘੁਮਾਰ ਘੜੇ ਕਾ ਨਿਮਿਤ ਕਾਰਣ ਹੈ (ਭਾਵ ਮੇਂ) ਕ੍ਰਿਯਾ ; ਜਯੋਤਿਸ ਗ੍ਰੰਥੋਂ ਮੇਂ ਕਹੇ ਬਲ ਬਾਲਵਾਦਿ ਕਰਣ ; ਬੈਸ੍ਯ ਸੇ ਸੂਦ੍ਰ ਇਸਤ੍ਰੀ ਮੇਂ ਉਪਜਾ ਬਰਣ ਸੰਕਰ।

**ਕਰਣ ਆਧਾਰ** ਵਾ. ਨਿਖਲ ਇੰਦ੍ਰੀਓਂ ਕਾ ਆਸਰਾ।

**ਕਰਣ ਕਰੇਣ** ਗੁ. ਕਰਣ ਕਾਰਣ, ਯਥਾ- ਹੋਰੁ ਨਾਹੀ ਕਰਣ ਕਰੇਣ।

**ਕਰਣ ਕਾਰਣ** ਵਾ. ਕਾਰਜੋਂ ਕੇ ਕਰਣੇ ਵਾਲਾ ਈਸ੍ਵਰ ਅਰਥਾਤ ਸਾਧਾਰਣ ਕਾਰਣ, ਯਥਾ- ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ।

**ਕਰਣ ਪਲਾਹ** ਗੁ. ਕਰਣਾ ਰਸ ਕੇ ਪ੍ਰਲਾਪ ਭਾਵ ਰੁਦਨ ਸਹਿਤ ਬਚਨ ਜੈਸੇ ਪ੍ਰੇਮੀ ਭਗਤ ਰੋਤੇ ਹੈਂ, ਯਥਾ- ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ। ਸੰ. ਕਰੁਣਯ ਪ੍ਰਲਾਪ।

**ਕਰਣ ਪਲਾਵ** ਗੁ. ਬਿਰਲਾਪ, ਰੁਦਨ।

**ਕਰਣਾ** ਗੁ. ਕਰਤਤ, ਯਥਾ- ਕੀਤਾ ਕਰਣਾ। ਜੋ ਕੀਆ ਕਰਤਤ ਸੋ ਸਭ ਆਗਯਾਨੁਸਾਰ ਹੋਤਾ ਹੈ। ਕਰਣੇਯੋਗੁ, ਯਥਾ- ਜੋ ਕਿਛੁ ਕਰਣਾ ਸੋ ਕਰਿ ਰਹਿਆ। ਸੰ. ਕ੍ਰਿਪਾ।

**ਕਰਣੀ** ਪੰ. ਕਰਤੂਤ, ਯਥਾ- ਕਰਣੀ ਕੀਰਤਿ ਲਹਿਆ। ਕਲਿ ਮੇਂ ਕੀਰਤਨ ਭਕ੍ਤੀ ਰੂਪ ਕਰਤਬ ਸੇ ਪ੍ਰਮੇਸ੍ਵਰ ਪਾਇਆ ਹੈ, ਜਿਸ ਨੇ ਪਾਇਆ ਹੈ। ਪੁਨਾ- ਸਚੁ ਸੰਜਮੁ ਕਰਣੀ ਸਾਰੁ। ਸੰ. ਤੀਰ, ਯਥਾ- ਬਿਖੈ ਬਿਆਧਿ ਕੀ ਕਰਣੀ। ਪਾਂਚ ਦੋਖ ਔ ਪਾਂਚ ਛਿਦ੍ਰ ਜੋ ਹੈਂ ਇਸ ਦੇਹ ਮੇਂ ਸੋਈ ਮਾਨੋ ਸਬਦਾਦਿ ਵਿਖਯ ਰੂਪ ਅਹੇੜੀਯੋਂ ਕੇ ਜੀਵੋਂ ਕੇ ਬਧ ਹੇਤ ਤੀਰ ਬਾਂਧੇ ਹੁਏ ਹੈ। ਸੰ. ਕਣੀਂ।

**ਕਰਣੀਕਾਰ** ਗੁ. ਨਾਮ ਜਾਪ ਰੂਪ ਕਾਮ ਕਰਨਾ, ਯਥਾ- ਕਰਣੀ ਕਾਰ ਧੁਰਹੁ ਫੁਰਮਾਈ।

**ਕਰਣੈ** ਪੰ. ਕੀਤੇ ਹੂਏ ਕਾ, ਯਥਾ- ਕਰਤੇ ਕੈ ਕਰਣੈ ਨਾਹੀ ਸੁਮਾਰੁ।

**ਕਰਤ** ਦੇ. ਕਰਤੇ ਹੈ, ਯਥਾ- ਭਰਮਿ ਭੂਲੇ ਨਰ ਕਰਤ ਕਚਰਾਇਣ। ਕਰਤਾ ਹੈ, ਯਥਾ- ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ। ਕਰਤੇ ਕੋ, ਯਥਾ- ਪਾਪ ਕਰਤ ਨਹ ਪਰੀ ਦਇਆ। ਕਰਤਬਗਨ ਸੇ, ਯਥਾ- ਨਾਨਾ ਕਰਤ ਨ ਛੂਟੀਐ।

**ਕ੍ਰਤਗ੍ਯ** ਸੰ. ਕੀਆ ਉਪਕਾਰ ਜਾਨਨੇ ਵਾਲੇ ਕੇ ਗ੍ਯਾਨ ਸੇ ਕਰਤਬ ਰਹੇ, ਯਥਾ- ਕਰਤ ਰਹੇ ਕ੍ਰਤਗ੍ਯ ਕਰੁਣਾ ਮੈ ਅੰਤਰਜਾਮੀ ਗ੍ਯਾਨ। ਕੀਆ ਜਾਨਨੇ ਵਾਲੇ ਅੰਤਰਯਾਮੀ ਕੇ ਗ੍ਯਾਨ ਸੇ ਕਰਤਬ ਸਭ ਰਹਤ ਹੋ ਗਏ।

**ਕਰਤਬ** ਦੇ. ਕਰਨੇ ਯੋਗਯ ਕਾਮ, ਯਥਾ- ਕਰਤਬ ਕਰਨਿ ਭਲੇਰਿਆ।

**ਕਰਤਾ** ਸੰ. ਹੇ ਕਰਨੇ ਵਾਲੇ, ਯਥਾ- ਕਰਤਾ ਤੂ ਮੇਰਾ ਜਜਮਾਨੁ।

**ਕਰਤਾਰ** ਦੇ. ਸ੍ਰਿਸ੍ਟਿ ਕਰਤਾ, ਯਥਾ- ਕਰਤਾਰ ਕੁਦਰਤਿ ਕਰਣ ਖਾਲਕ। ਪੁਨਾ- ਸਚੁ ਨਾਮੁ ਕਰਤਾਰ।

**ਕਰਤਾਰ ਕੁਦਰਤਿ ਕਰਣ** ਵਾ. ਹੇ ਕਰਤਾਰ ਅਪਨੀ ਕੁਦਰਤਿ ਸੇ ਸਭ ਕੇ ਕਰਨੇ ਵਾਲੇ, ਯਥਾ- ਕਰਤਾਰ ਕੁਦਰਤਿ ਕਰਣ ਖਾਲਕ।

**ਕਰਤਾਰ ਪੁਰਿ** ਵਾ. ਅਪਨੇ ਵਾਸ ਯੋਗ ਸਤਸੰਗ ਥਾਨ ਮੋਂ, ਯਥਾ- ਕਰਤਾਰ ਪੁਰਿ ਕਰਤਾ ਵਸੈ।

**ਕਰਤਿਆ** ਪੰ. ਕੀਤਾ ਕਰਤਬ, ਯਥਾ- ਕੀਤਾ ਕਰਤਿਆ। ਸੰ. ਕ੍ਰਿਤਕਰ੍ਤ੍ਰਿਤ੍ਵ।

**ਕਰਤੂਤਿ** ਪੰ. ਕਰਣੀ, ਕਰਤਬ, ਯਥਾ- ਕਰਮ ਕਰਤੂਤਿ ਬੇਲਿ ਬਿਸਥਾਰੀ। ਪੁਨਾ- ਕਰਮ ਕਰਤੂਤਿ ਕੈ ਊਪਰਿ ਕਰਮ। ਸਰਬ ਸੁਭ ਕਰਮੋਂ ਕੇ ਕਰਨੇ ਸੇ ਊਪਰ ਕਰਮ ਹੈ ਨਾਮ ਕਾ ਜਾਪ। ਕਰਤੂਤੀ- ਉਤਮ ਕਰਮੋਂ ਸੇ।

**ਕਰੰਤੇ** ਗੁ. ਕਰਤੇ, ਜੈਸੇ- ਪਾਪ ਕਰੰਤੇ ਨਰਕ ਪੜੰਤੇ। ਯੱਗ ਕੀ ਸੁਧ ਅਗਨਿ, ਯਥਾ- ਗੰਗਾ ਕਾ ਉਦਕੁ ਕਰੰਤੇ ਕੀ ਆਗਿ। ਈਹਾਂ ਜਾਨਵੀ ਸੇ ਜਾਹਰਨਵੀ ਵਤ ਕ੍ਰਤੁ ਸੇ ਕਰੰਤੇ ਬਨਾ ਹੈ। ਸੰ. ਕ੍ਰਤੁ ਸੰਕਲਪ ਕਾ, ਸਪ੍ਤ ਰਿਕੀਓਂ ਮੇਂ ਏਕ ਰਿਖਿ ਕਾ, ਤੇਰਾਂ ਬਿਸ੍ਵੇ ਦੇਵੋਂ ਮੇਂ ਏਕ ਬਿਸ੍ਵੇ ਦੇਵ ਕਾ, ਇੰਦ੍ਰਿਯੋਂ ਕਾ, ਯੱਗ ਕਾ ਨਾਮ ਹੈ। ਮਹਾਦੇਵ ਨੇ ਦਖ ਕਾ ਯੱਗ ਨਾਸ ਕੀਆ। ਇਸ ਲੀਏ ਕ੍ਰਤੁਧ੍ਵੰਸੀ ਮਹਾਦੇਵ ਕਾ ਨਾਮ ਹੈ। ਪ੍ਰਾਣਾਯਾਮ ਕਰਨੇ ਸੇ ਇੰਦ੍ਰਯੋਂ ਕੇ ਦੋਖ ਦੂਰ ਹੋਤੇ ਹੈਂ। ਇਸ ਲੀਏ ਕ੍ਰਤੁ ਦੋਖ ਹਰ ਪ੍ਰਾਣਾਯਾਮ ਕਾ ਨਾਮ ਹੈ। ਯੱਗ ਸਮੇਂ ਲਕੜੀ ਸੇ ਮਥ ਕਰ ਆਗ ਨਿਕਾਸੀ ਜਾਤੀ ਹੈ। ਜਿਸ ਮੇਂ ਕਾਹੂ ਅਸੁਧ ਥਾਨ ਸੇ ਆਵਨੇ ਕਾ ਸੰਦੇਹ ਨਹੀਂ ਹੋਤਾ। ਈਹਾਂ ਸੁਧ ਵਸਤੁਯੋਂ ਕੇ ਮੇਲ ਸੇ ਕਰੰਤੇ ਪਦ ਸੇ ਉਸ ਕ੍ਰਤੁ ਕੀ ਅਗਨਿ ਕਾ ਹੀ ਗ੍ਰਹਣ ਹੈ।

**ਕਰੰਤੇ ਕੀ ਆਗਿ** ਵਾ. ਯਗ ਕੀ ਸੁਧ ਅਗਨਿ, ਯਥਾ- ਗੰਗਾ ਕਾ ਉਦਕੁ ਕਰੰਤੇ ਕੀ ਆਗਿ। ਸੰ. ਕ੍ਰਤ੍ਵਗਨਿ।

**ਕਰਦੰ** ਫਾ. ਕਰੇ ਹੈ।

**ਕਰਦ** ਦੇ. ਕ੍ਰਿਪਾਣ ਗੁਰੂ ਕੀ। ਸੰ. ਰਾਜਾ ਕਾ ਕਰ ਦੇਨੇ ਵਾਲੇ। ਫਾ. ਕੀਆ।

**ਕਰਦਨ ਬੂਦ** ਵਾ. ਕਰਨਾ ਥਾ, ਯਥਾ- ਗੁਸਲ ਕਰਦਨ ਬੂਦ।

**ਕਰਦਮੰ** ਸੰ. ਕੀਚ ਕੋ, ਯਥਾ- ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।

**ਕਰਦਮ** ਫਾ. ਕੀਏ ਮੈਨੇ, ਯਥਾ- ਗਾਹੇ ਨ ਨੇਕੀ ਕਾਰ ਕਰਦਮ। ਕਰੀ ਹੈ, ਯਥਾ- ਖਾਕ ਨੂਰ ਕਰਦੰ। ਸੰ. ਕਪਲ ਜੀ ਕਾ ਪਿਤਾ ਦੇਵਹੂਤੀ ਕਾ ਪਤੀ ; ਪੰਕ, ਜੈਸੇ- ਜਲ ਕਰ ਕਰਦਮ ਉਪਜੇ ਜਲ ਕਰ ਪੰਕ ਬਿਨਾਸ।

**ਕਰਦਾ** ਪੰ. ਕਰਤਾ ਹੈ, ਯਥਾ- ਕਰਦਾ ਅਨਦ ਬਿਨੋਦ। ਕਰਤਾ ਹੈ ਸਰਬ ਪ੍ਰਕਾਰ ਕੇ ਅਨੰਦੋਂ ਸੇ ਭਕਤੋਂ ਕੋ ਪ੍ਰਸੰਨ।

**ਕਰਦੇਮ** ਫਾ. ਕੀਏ ਹਮ ਨੇ, ਯਥਾ- ਕਰਦੇਮ ਬਦੀ ਖਿਆਲ।

**ਕਰਨ** ਦੇ. ਇੰਦ੍ਰਯ, ਯਥਾ- ਕਰਨ ਸਿਉ ਇਛਾਚਾਰਹ। ਇੰਦ੍ਰਯੋਂ ਕੋ ਸੰਯਮ ਕਰ ਅਪਨੀ ਇਛਾਨੁਸਾਰ ਵਰਤਾਵੇ। ਕਾਨ, ਯਥਾ- ਕਰਨ ਸੁਨਿ ਧਿਆਵੈ। ਪੁਨਾ- ਜਸੁ ਤੋਖਿ ਸੁਨਤ ਕਰਨ। ਕਾਨ ਜਸ ਕੋ ਸੁਨ ਸੰਤੋਖ ਕੋ ਪ੍ਰਾਪਤ ਹੋਵੇ ਹੈਂ। ਕਰਨੇਵਾਲਾ, ਯਥਾ- ਕਰਨ ਕਾਰਨ।

**ਕਰਨੀ** ਦੇ. ਕਰਤਬ, ਯਥਾ- ਕਹਾ ਕਹਉ ਮੈ ਅਪੁਨੀ ਕਰਨੀ। ਪੁਨਾ- ਕਰਣੀ ਕੀਰਤਿ ਲਹਿਆ। ਜਸ ਕਰਨੇ ਰੂਪ ਕਰਤਬ ਸੇ ਪ੍ਰਾਪਤ ਹੂਆ।

**ਕਰਪਫਾ** ਗੁ. ਕਰਤੇ ਹੈਂ, ਯਥਾ- ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ।

**ਕਰਪਾਤੀ** ਦੇ. ਹਾਥ ਰੂਪ ਪਾਤ੍ਰੋਂ ਵਾਲਾ, ਯਥਾ- ਮੋਨਿ ਭਇਓ ਕਰਪਾਤੀ ਰਹਿਓ।

**ਕਰਪੂਰ** ਸੰ. ਮੁਸਕ ਕਪੂਰ, ਯਥਾ- ਕਰਪੂਰ ਪੁਹਪ ਸੁਗੰਧਾ।

**ਕਰਬ** ਗੁ. ਕਰਕੇ।

**ਕਰੰਮ** ਗੁ. ਪੂਰੇ ਕਰਮੋਂ ਸੇ, ਯਥਾ- ਪੂਰ ਕਰੰਮ ਸਤਿਗੁਰ ਚਰਣੀ। ਸੰ. ਕਰਮ।

**ਕਰਮ** ਸੰ. ਸੁਭਾ ਸੁਭ ਕਰਮ, ਯਥਾ- ਕਰਮ ਸੁਕਰਮ ਕਰਾਏ ਆਪੇ। ਪੰ.-ਕਦਮ, ਉਲਾਂਘ, ਯਥਾ- ਗਨਉ ਏਕ ਕਰਿ ਕਰਮ। ਏਕ ਕਦਮ ਬਰਾਬਰ ਭਾਵ ਬਹੁਤ ਛੋਟਾ। ਅ. ਸਖਾਵਤ, ਦਾਤਾਪਨ। ਫਾ. ਅਨੁਗ੍ਰਹ, ਕ੍ਰਿਪਾ, ਜੈਸੇ- ਹਰਿ ਨਾਮੇ ਕੀ ਵਡਿਆਈ ਕਰਮ ਪ੍ਰਾਪਤ ਹੋਇ।

**ਕਰਮ ਪੇਡੁ** ਗੁ. ਪ੍ਰਮੇਸੁਰ ਸੰਬੰਧੀ ਨਿਸਕਾਮ ਕਰਮ ਬ੍ਰਿਛ ਹੈ। ਨਿਸਕਾਮ ਕਰਮ ਸੇ ਉਤਰ ਹਰੀ ਕੀ ਕੀਰਤਨ ਭਗਤੀ ਉਸ ਕੀ ਸਾਖਾ ਹੈ। ਪ੍ਰੇਮ ਭਗਤੀ ਰੂਪ ਧਰਮ ਉਸ ਪੇਡ ਕਾ ਫੂਲ ਹੈ। ਤਾ ਸੇ ਗਿਯਾਨ ਹੋਨਾ ਫਲ ਹੈ। ਤਾ ਸੇ ਜੀਵਨ ਮੁਕ੍ਰੀ ਰੂਪ ਪ੍ਰਤਿਸ੍ਰਾ ਪ੍ਰਾਪਤ ਹੋਨੀ ਬਡੀ ਛਾਯਾ ਹੈ। ਤਾ ਸੇ ਮਨੋ ਨਾਸ ਹੋ ਮਨ ਕੀ ਤਪਤ ਮਿਟਨੀ ਛਾਯਾ ਜਨਤ ਸੀਤਲਤਾ ਹੈ, ਯਥਾ- ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ। ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।

**ਕਰਮ ਬਿਧਾਤਾ** ਸੰ. ਕਰਮ ਕਾ ਫਲ ਪ੍ਰਦਾਤਾ, ਕਰਮੋਂ ਕੇ ਅਨਸਾਰ ਸ੍ਰਿਸ੍ਰੀ ਕੀ ਰਚਨਾ ਕਰਨੇ ਵਾਲਾ।

**ਕਰਮ ਭੂਮਿ ਮਹਿ** ਵਾ. ਭਾਰਤ ਖੰਡ ਮੇਂ। ਸਾਸਤ੍ਰੋਂ ਮੇ ਭਾਰਤ ਖੰਡ ਸ੍ਰੇਸ੍ਰ ਕਰਮੋਂ ਕੇ ਅੰਕੁਰ ਹੋਤ ਉਤਮ ਭੂਮੀ ਕਹੀ ਹੈ। ਇਸ ਲੀਏ ਇਸ ਮੇਂ ਜਨਮ ਲੇ ਕੀਰਤਨਾਦਿ ਕਰਮ ਬੀਜੋ, ਯਥਾ- ਕਰਮ ਭੂਮਿ ਮਹਿ ਬੋਅਹੁ ਨਾਮੁ।

**ਕਰਮਕਾਂਡ** ਸੰ. ਕਰਮੋਂ ਕੇ ਸ੍ਰੂਪ ਕਾ ਪ੍ਰਤਿਪਾਦਕ ਵੇਦ ਕਾ ਟਾਲਾ, ਤਿਸ ਕਾ ਅਹੰਕਾਰ। ਮੈਂ ਕਰਮਕਾਂਡ ਕੋ ਖੂਬ ਜਾਨਤਾ ਹੋ ਐਸਾ, ਯਥਾ- ਕਰਮ ਕਾਂਡ ਅਹੰਕਾਰੁ ਨ ਕਾਜੈ।

**ਕਰਮਾ ਬਾਹਰੇ** ਗੁ. ਗੁਰ ਸੇਵਾਦਿ ਕਰਮੋਂ ਸੇ ਹੀਨ ਜਨ, ਯਥਾ- ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ।

**ਕਰਮਾਉ** ਗੁ. ਕਰਮ। ਪੂਰਾ ਤਿਸੁ ਕਰਮਾਉ।

**ਕਰਮਾਤਿ** ਦੇ. ਬੁਜ਼ੁਰਗੀ, ਵਡਿਆਈ, ਬਖਸਸ, ਯਥਾ- ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ। ਗੁਰ ਕਹੇ ਵਹੀ ਵਡਾਈ ਹੈ, ਜੋ ਸ੍ਵਾਮੀ ਕੇ ਪ੍ਰਸੰਨ ਹੋਨੇ ਸੇ ਮਿਲੇ ਵਾ ਵਹੀ ਬਖਸਸ ਹੈ।

**ਕਰਮਾਤਿ** ਫ਼ਾ. ਅਣਿਮਾਦਿ ਸਿੱਧੀਆਂ, ਯਥਾ- ਏਹਾ ਸਿਧਿ ਏਹਾ ਕਰਮਾਤਿ। ਪੁਨਾ- ਸਾ ਸਿਧਿ ਸਾ ਕਰਮਾਤਿ ਹੈ।

**ਕਰਮਿ ਮਣੀ** ਵਾ. ਕਰਮਾਂ ਕੀ ਮਣੋਤ, ਕਰਮ ਹੈ ਰਤਨ ਸ੍ਰੂਪ, ਯਥਾ- ਹਰਿ ਗੁਣ ਕਰਮਿ ਮਣੀ।

**ਕਰਮਿਆ** ਗੁ. ਕਰਮ ਕੀ, ਯਥਾ- ਕਿਰਤ ਰੇਖ ਕਰਿ ਕਰਮਿਆ।

**ਕਰਮੀ** ਗੁ. ਉਤਮ ਕਰਮੋਂ ਸੇ, ਯਥਾ- ਨਾਨਕ ਕਰਮੀ ਬੰਦਗੀ।

**ਕਰਮੀ** ਗੁ. ਕਰਮੋਂ ਸੇ, ਯਥਾ- ਕਰਮੀ ਸਹਜੁ ਨ ਊਪਜੈ। ਗੁਰੁ ਸੇਵਾ ਕਰਮ ਸੇ, ਯਥਾ- ਹਰਿ ਰਸੁ ਕਰਮੀ ਪਾਈਐ। ਕ੍ਰਿਪਾ ਸੇ, ਯਥਾ- ਨਾਨਕ ਕਰਮੀ ਬੰਦਗੀ। ਪਰਮੇਸਵਰ ਕੀ ਦਯਾ ਸੇ ਭਕਤੀ ਪ੍ਰਾਪਤ ਹੋਵੇ ਹੈ।

**ਕਰਮੀ ਬੰਦਗੀ** ਵਾ. ਹਰਿ ਕੀ ਕ੍ਰਿਪਾ ਸੇ ਭਗਤੀ ਹੋਵੇ ਹੈ।

**ਕਰਰੋ** ਦੇ. ਪ੍ਰੂ. ਕਰੜਾ, ਯਥਾ- ਕਰਰੋ ਧ੍ਰੂਮਰਾਇਆ।

**ਕਰਲਾ** ਗੁ. ਕਰਤੇ ਹੈਂ, ਯਥਾ- ਕਹਨ ਕਹਾਵਨ ਇਹੁ ਕੀਰਤਿ ਕਰਲਾ।

**ਕਰਲਾਣੇ** ਪੰ. ਬਿਰਲਾਪ ਕਰਤੇ ਭਏ, ਯਥਾ- ਏਤੀ ਮਾਰ ਪਈ ਕਰਲਾਣੇ।

**ਕਰਵਟ** ਦੇ. ਪ੍ਰੂ. ਪੀਛਾ ਫੇਰ ਕੇ ਪੜਨਾ, ਯਥਾ- ਕਰਵਤੁ ਭਲਾ ਨ ਕਰਵਟ ਤੇਰੀ। ਏਕ ਵਾਰ ਦੁਖ ਦੇਨੇ ਸੇ ਕਾਸੀ ਕਰਵਤ ਲੇਨਾ ਭਲਾ ਹੈ। ਹਰ ਰੋਜ ਦੁਖੀ ਰਖਨੇ ਸੇ, ਰੁੱਸ ਕਰ ਤੇਰਾ ਪੀਛਾ ਫੇਰ ਪੜਨਾ ਭਲਾ ਨਹੀ। ਯਹ ਲੋਈ ਕਾ ਬਚਨ ਹੈ ਕਬੀਰ ਪ੍ਰਤਿ।

**ਕਰਵੈ** ਦੇ. ਟੂਟੀ ਵਾਲੇ ਮੱਟੀ ਕੇ ਵਰਤਨ ਮੇਂ, ਯਥਾ- ਕਾਚੈ ਕਰਵੈ ਰਹੈ ਨ ਪਾਨੀ। ਕੋੜੇ, ਜੈਸੇ- ਕਰਵੇ ਭੇਖ ਜਬਿ ਨ ਪੀਏ।

**ਕਰਾਂ** ਦੇ. ਰਿਣੋਂ ਤੇ, ਹੱਥੋਂ ਪੈ। ਸਪਸਟ ਅਰਥ ਕਰਾਂ ਉਪਰ ਨਾਮ ਮੇਂ ਹੋਗਾ।

**ਕਰਾਂ ਉਪਰਿ** ਗੁ. ਹਾਥ ਪੈ ਧਰੀ ਵਸਤੁ ਵਤ ਗੁਰੋਂ ਕੇ ਉਪਦੇਸ ਸੇ ਪਰਮਾਤਮਾ ਕੇ ਸ੍ਰੂਪ ਕੋ ਅਪਰੋਖ ਜਾਨ ਕਰ ਵਾ ਕਰ ਪਦ ਕੇ ਅਰਥ ਰਾਜਾ ਕੇ ਕਰ ਪਿਤਰੋਂ ਕੇ ਰਿਣ ਦੇਵਨ ਕੇ ਰਿਣ ਸੇ ਊਪਰ, ਪਰੇ ਹੋ ਕਰ ਭਾਵ ਇਨ ਸਭ ਕੋ ਨਿਬ੍ਰਿਤ ਕਰ ਕੇ ਹਰਿ ਕਾ ਸਿਮਰਨ ਕੀਆ ਹੈ, ਯਥਾ- ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ। ਵਾ ਕਰਾ ਉਪ ਲਖਣ ਹੈ, ਸਭ ਇੰਦ੍ਰਯੋਂ ਕਾ ਯਾਤੇ ਨਿਖਲ ਇੰਦ੍ਰਯੋਂ ਕਾ ਦਮਨ ਕਰ।

**ਕਰਾਈ** ਦੇ. ਕਰਾਵੇ ਹੈ ਕਾਮ।

**ਕਰਾਸ** ਗੁ. ਕਰਣੇ, ਯਥਾ- ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ।

**ਕਰਾਗਉ** ਗੁ. ਕਰਾਂ, ਯਥਾ- ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ।

**ਕਰਾਗਊ** ਗੁ. ਕਰਾਂ, ਕਰੋਂ, ਯਥਾ- ਤੇ ਬੋਲ ਕਰਾਗਊ।

**ਕਰਾਂਝਾ** ਪੰ. ਪੇਚਸ ਮਰੋੜੇ ਕੀ ਪੀੜਾ ਵਾਲੇ ਵਟ, ਯਥਾ- ਓਇ ਖਪਿ ਖਪਿ ਮੁਏ ਕਰਾਂਝਾ। ਪੇਚਸ ਕੀ ਪੀੜਾ ਕਾ ਨਾਮ ਕਰਾਂਝਨਾ ਹੈ। ਤਿਸ ਪੀੜਾ ਤੁਲਜ ਨਾਨਾ ਭਾਂਤ ਕੀ ਪੀੜਾ ਸੇ ਦੁਖੀ ਹੋ ਹੋ ਮਰੇ ਹੈ।

**ਕਰਾਤ** ਦੇ. ਪ੍ਰੂ. ਕਰਾਵਤਾ ਹੈ, ਜੈਸੇ- ਪ੍ਰਭ ਆਪੇ ਕਾਰ ਕਰਾਤ।

**ਕਰਾਮ** ਦੇ. ਸੁਭ ਕਰਮ, ਯਥਾ- ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ। ਪੁਨਾ- ਪੂਰਬਿ ਲਿਖਿਆ ਕਰਾਮੁ।

**ਕਰਾਰਾ** ਪੰ. ਤਕੜਾ, ਡਾਢਾ, ਜੋਰਾਵਰ, ਯਥਾ- ਸਿਰ ਊਪਰਿ ਅਮਰੁ ਕਰਾਰਾ। ਕਰੜਾ ; ਤੀਖਣ, ਜੈਸੇ- ਸਾਗ ਮੇਂ ਲਵਣ ਕਰਾਰਾ ਹੈ।

**ਕਰਾਰਿ** ਅ. ਅਰਾਮ, ਸਕੂਨਤ, ਠਹਰਨਾ ; ਗੌਣ ਤੇ ਇਕਰਾਰ ਹਾਂ ਕਰਨੀ ; ਨਦੀ ਦੇ ਥਿਰ ਕੰਢੇ, ਯਥਾ- ਢਹਦੀ ਜਾਇ ਕਰਾਰਿ। ਦੇਹ ਦੂਰ ਹੋਤੀ ਜਾਤੀ ਹੈ ਜਨਮ ਮਰਨ ਰੂਪ ਹੱਦਾਂ ਕੇ ਭੀਤਰ।

**ਕਰਾਰੀ** ਦੇ. ਦਮ ਕਾ ਠਹਰਾਵਨਾ, ਯਥਾ- ਟੂਕੁ ਦਮੁ ਕਰਾਰੀ ਜਉ ਕਰਹੁ। ਏਕ ਖਿਣ ਮਾਤ੍ਰ ਸ੍ਵਾਸ ਕਾ ਠਹਰਾਵਨਾ ਜੇਕਰ ਕੋਈ ਪੁਰਖ ਕਰੇ। ਤਕੜੀ, ਯਥਾ- ਹਉਮੈ ਭੀਤਿ ਕਰਾਰੀ।

**ਕਰਾਲ** ਸੰ. ਭਯੰਕਰ, ਜੈਸੇ- ਤਿਨ ਦੀਸੈ ਮੁਖ ਕਰਾਲ। ਸਰਾਬ ਨਿਕਾਸਨੇ ਵਾਲੀ ਜਾਤਿ, ਬਹੁਤ ਸੇ ਲੋਗ ਇਨ ਮੋਂ ਨਹੀਂ ਭੀ ਨਿਕਾਸਤੇ ਹੈਂ।

**ਕਰਿ ਸਿਫਤੀ** ਵਾ. ਗੁਰੂ ਅੰਗਦ ਜੀ ਕੀ ਉਸਤਤੀਓਂ ਕਰ, ਯਥਾ- ਕਰਿ ਸਿਫਤੀ ਅੰਮ੍ਰਿਤੁ ਪੀਵਦੈ। ਗੁਰੂ ਜੀ ਕੀ ਮੁਖ ਤੇ ਸਿਫਤ ਕਰ ਪ੍ਰੇਮੀ ਸਿਖ ਪਰਮ ਸੁਖੀ ਹੋਨਾ ਅਮ੍ਰਿਤ ਪੀਵੇ ਹੈਂ।

**ਕਰਿ ਦੁਸਟੀ** ਵਾ. ਦੁਸ੍ਰਮਤੀ ਕਰ, ਯਥਾ- ਕਰਿ ਦੁਸਟੀ ਚੋਰ ਚੁਰਾਇਆ। ਦੁਸ੍ਰਮਤੀ ਕਰ ਹਮਨੇ ਚੋਰ ਬਨ ਪਰਾਇਆ ਧਨ ਚੁਰਾਇਆ।

**ਕਰਿ ਨਾਦੁ ਬਿਲਾਵਲੁ ਰਾਗੁ** ਵਾ. ਆਨੰਦ ਵਾਲੇ ਰਾਗਾ ਕੇ ਸਬਦੋਂ ਮੇਂ ਗਾਇ ਕੇ, ਯਥਾ- ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।

**ਕਰਿ ਪਟੰਬੁ** ਗੁ. ਕਰਕੇ ਫਰੇਬ, ਯਥਾ- ਕਰਿ ਪਟੰਬੁ ਗਲੀ ਮਨੁ ਲਾਵਸਿ।

**ਕਰਿ ਪਾਈ** ਵਾ. ਲਿਖ ਕਰ ਪਾ ਦਈ, ਯਥਾ- ਕਰਿ ਕਰਤੈ ਕਰਣੀ ਕਰਿ ਪਾਈ। ਜੈਸੇ ਜੀਵੋਂ ਨੇ ਕਰਮ ਕੀਏ ਤੈਸੇ ਹਰਿ ਕਰਤਾ ਨੇ ਲਿਖ ਕੇ ਇਨ ਕੇ ਮਥੇ ਮੇਂ ਪਾਇ ਦਈ।

**ਕਰਿ ਫੇਰੇ** ਪੰ. ਕਰਤਾ ਫਿਰਤਾ ਹੈ, ਯਥਾ- ਅਸੰਖ ਖਤੇ ਕਰਿ ਫੇਰੇ।

**ਕਰਿ ਰਾਜ ਜੋਗੁ** ਵਾ. ਕਰੋ ਪ੍ਰੇਮ ਭਗਤੀ ਸੇ ਮਨ ਕਾ ਜਯ ਕਰਨਾ ਰੂਪ ਰਾਜ ਜੋਗ ਪ੍ਰਾਣ ਕਾ ਰੋਕਨਾ ਹਠ ਜੋਗ ਹੈ। ਮਨ ਕਾ ਰੋਕਨਾ ਰਾਜ ਜੋਗ ਹੈ, ਯਥਾ- ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ।

**ਕਰਿਜੇ** ਗੁ. ਕਰਿਆ।

**ਕਰੀ** ਸੰ. ਹਸਤੀ। ਦੇ. ਕੀਤੀ ਹੈ, ਜੈਸੇ- ਕਰੀ ਕ੍ਰਿਪਾ ਪ੍ਰਭ ਕਰਨੇਹਾਰੇ। ਹਾਥ ਦੇ, ਯਥਾ- ਰਾਖਹੁ ਧਾਰਿ ਕਰੀ।

**ਕਰੀਅਹੁ** ਗੁ. ਕਰਾਈਓ, ਯਥਾ- ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ। ਪੁਨਾ- ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ।

**ਕਰੀਆ** ਪੰ. ਕੀਆ ਹੈ, ਯਥਾ- ਤਉ ਮੈ ਹਰਿ ਹਰਿ ਕਰੀਆ। ਜਬ ਪਾਵਨੇ ਕੀ ਇਛਾ ਹੂਈ ਤਬ ਮੈਨੇ ਹਰਿ ਹਰਿ ਜਪ ਕੀਆ। ਮਲਾਹ, ਯਥਾ- ਤੁਹੀ ਦਰੀਆ ਤੁਹੀ ਕਰੀਆ। ਵੰਝ ਚਪੇ ਕਾ ਨਾਮ ਕੜੀ ਔ ਕਰੀ ਹੈ, ਤਿਸ ਵਾਲਾ ਮਲਾਹ ਕਰੀਆ।

**ਕਰੀਹਾਂ** ਗੁ. ਕਰੀਏ, ਜੈਸੇ- ਸਤਿਗੁਰ ਸੇਵ ਕਰੀਹਾਂ।

**ਕਰੀਜੈ** ਗੁ. ਕਰਤੇ ਭਏ, ਕਰ ਦੇਈਤੀ ਹੈ, ਕਰੀਜੈ, ਯਥਾ- ਨਿਉਲੀ ਕਰਮ ਖਟੁ ਕਰਮ ਕਰੀਜੈ।

**ਕਰੀਮ** ਅ. ਸਖੀ, ਦਾਤਾ ; ਬੁਜ਼ੁਰਗ, ਬਡਾ, ਯਥਾ- ਕਰਣ ਕਰੀਮ ਨ ਜਾਤੋ ਕਰਤਾ। ਫਾ. ਕ੍ਰਿਪਾਲੁ।

**ਕਰੀਮਾ** ਅ. ਸੰਬੋਧਨ, ਯਥਾ- ਕੁਦਰਤਿ ਕਾਦਰ ਕਰਣ ਕਰੀਮਾ। ਸਖੀਓਂ ਕੇ, ਯਥਾ- ਕਰੀਮਾਂ ਰਹੀਮਾਂ ਅਲਾਹ ਤੂ ਗਨੀ। ਈਹਾ ਕੰਨਾ ਬਹੁ ਬਚਨ ਰੂਪ ਹੈ ਯਾਂਤੇ ਸਖੀਯੋਂ ਕੇ ਰਹਮ ਵਾਲਿਓਂ ਕੇ ਊਪਰ ਤੂ ਹੀ ਧਨੀ ਹੈ।

**ਕਰੁਣਾ ਮਯਹ** ਦੇ. ਹੇ ਕ੍ਰਿਪਾ ਕੇ ਸ੍ਵਰੂਪ ਵਾ ਅਧਿਕ ਕ੍ਰਿਪਾ ਵਾਲੇ, ਯਥਾ- ਸਰਣਿ ਨਾਨਕ ਕਰੁਣਾ ਮਯਹ।

**ਕਰੁਣਾ ਮੈ** ਗੁ. ਹੇ ਕ੍ਰਿਪਾਲ ਸ੍ਵਰੂਪ, ਯਥਾ- ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ।

**ਕਰੂਆ** ਦੇ. ਪੁ. ਕੌੜਾ, ਯਥਾ- ਲਗਿ ਸੰਗਤਿ ਕਰੂਆ ਮੀਠਾ। ਕਰਵਾ।

**ਕਰੇ** ਦੇ. ਕਰਤਾ ਹੈ, ਯਥਾ- ਜੋ ਕਰੇ ਸੁ ਧਰਮ ਨਿਆਏ।

**ਕਰੇਹੁ** ਗੁ. ਕਰੋ, ਯਥਾ- ਕਾਈ ਏਹ ਕਰੇਹੁ।

**ਕਰੇਕ** ਗੁ. ਕਰਲੇ।

**ਕਰੇਜੇ** ਦੇ. ਰਿਦੇ ਮੇਂ, ਯਥਾ- ਕਰਕ ਕਰੇਜੇ ਮਾਹੀ।

**ਕਰੇਂਦਾ** ਪੰ. ਕਰਤਾ ਹੂਆ, ਯਥਾ- ਅਵਰਿ ਕਰੇਂਦਾ ਵੰਨ। ਦਯਾ ਖਿਮਾਦਿ ਗੁਣੋਂ ਯੁਤ ਹੋ ਸੁੰਦਰ ਰੰਗ ਕਰਤਾ ਹੂਆ।

**ਕਰੇਰੈ** ਗੁ. ਕਰੇ ਹੈ, ਯਥਾ- ਧੂਰਿ ਪਵਿਤ੍ਰ ਕਰੇਰੈ।

**ਕਰ੍ਹੈ ਨ** ਗੁ. ਕੜਤਾ ਨਹੀਂ, ਤਪਤਾ ਨਹੀਂ, ਯਥਾ- ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ।

**ਕਰੈ ਨ ਭੰਗੁ** ਗੁ. ਨਿਰਾਦਰ ਨਹੀਂ ਕਰਤਾ, ਜੈਸੇ- ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ।

**ਕਰੋਤਿ** ਸੰ. ਕਰਤਾ ਹੈ, ਜੈਸੇ- ਸੋਈ ਕਰਮ ਕਰੋਤਿ।

**ਕ੍ਰੋਧ** ਦੇ. ਗੁੱਸਾ, ਯਥਾ- ਕਾਮ ਕ੍ਰੋਧ ਅਰੁ ਲੋਭ ਮੋਹ।

**ਕਰੋਧੁ** ਸੰ. ਕੋਪ, ਯਥਾ- ਬਸਇ ਕਰੋਧੁ ਸਰੀਰਿ ਚੰਡਾਰਾ। ਕ੍ਰੋਧ ਸ੍ਵਰੂਪ ਅਸੁਰ ਸੁਭਾਵ ਮਾਨੋ ਸਰੀਰ ਮੇ ਚੰਡਾਲ ਵਾਸ ਕਰੇ ਹੈ।

**ਕਲ** ਦੇ. ਸਕ੍ਰੀ, ਯਥਾ- ਜਿਨਿ ਕਲ ਰਖੀ ਧਾਰਿ। ਲੜਾਈ, ਯਥਾ- ਹੇ ਕਲਿ ਮੂਲ ਕ੍ਰੋਧੰ। ਹੇ ਲੜਾਈ ਕੇ ਮੂਲ ਕੋਪ। ਸੰ. ਕਲਹ। ਸੰ. ਮੀਠੀ ਅਸਫੁਟ ਅਵਾਜ ਜੈਸੀ ਕਪੋਤ ਕੀ ਹੋਤੀ ਹੈ ; ਵਰਤਮਾਨ ਦਿਨ ਕਾ ਸਮੀਪੀ ਅਗਲਾ ਪਿਛਲਾ ਦਿਨ, ਯਥਾ- ਚਲਣੁ ਅਜੁ ਕਿ ਕਲਿ। ਗੁਰੂ ਕਾ ਜਸ ਕਰਨੇ ਵਾਲਾ ਭਟ, ਯਥਾ- ਕਬਿ ਕਲ ਸੁਜਸੁ ਗਾਵਉ ਗੁਰ ਨਾਨਕ। ਕਲ ਸੁੰਦ੍ਰ, ਯਥਾ- ਅੰਮ੍ਰਿਤ ਕਲ ਧਾਰੀ।

**ਕਲ ਸਹਾਰ** ਗੁ. ਭਾਟ ਕਵਿ ਕਾ ਨਾਮ ਹੈ, ਯਥਾ- ਕਲੁ ਸਹਾਰੁ ਤਾਸੁ ਗੁਣ ਜੰਪੈ। ਪੁਨਾ- ਕਹੁ ਕੀਰਤਿ ਕਲ ਸਹਾਰ।

**ਕਲੁ ਕਵੀਅਣਿ** ਵਾ. ਕਲ ਭਟ ਕਹਤਾ ਹੈ। ਕਵੀ ਲੋਗੋਂ ਨੇ ਗੁਰੋਂ ਕਾ ਜਸ ਕਥਨ ਕੀਆ ਹੈ, ਯਥਾ- ਕਲੁ ਕਵੀਅਣਿ ਬਖਾਣਿਅਉ।

**ਕਲਉ** ਗੁ. ਕਲਮ। ਯਥਾ- ਕਲਉ ਮਸਾਜਨੀ ਜਾਇਸੀ।

**ਕਲਉ ਮਸਾਜਨੀ** ਦੇ. ਕਲਮ ਦਵਾਇਤ, ਯਥਾ- ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।

**ਕਲਸ** ਸੰ. ਘੜਾ, ਯਥਾ- ਕਨਕ ਕਲਸ ਇਕੁ ਪਾਇਆ। ਸਵਰਣ ਕੇ ਘਟ ਵਤ ਸੁਧ ਅੰਤਹਕਰਣ ਪਾਇਆ।

**ਕਲਹਿ** ਸੰ. ਲੜਾਈ, ਯਥਾ- ਕਲਹਿ ਬੁਰੀ ਸੰਸਾਰਿ ਵਾਦੇ ਖਪੀਐ।

**ਕਲੰਕੀ** ਸੰ. ਕਲੰਕ ਵਾਲਾ।

**ਕਲਕੀ** ਸੰ. ਇਸ ਨਾਮ ਵਾਲਾ ਆਗੇ ਹੋਨੇ ਯੋਗ੍ਯ ਬਿਸਨ ਕਾ ਅਵਤਾਰ, ਜੈਸੇ- ਕਲਕੀ ਅਵਤਾਰ ਕਹਾਵੇਗੋ।

**ਕਲੰਕੁ** ਸੰ. ਦਾਗ, ਬੁਰਾ ਚਿੰਨ, ਯਥਾ- ਕਉਨ ਕੋ ਕਲੰਕੁ ਰਹਿਓ।

**ਕਲਖਾ** ਦੇ. ਪਾਪ, ਕਲੁਖ। ਸੰ. ਪਾਪੀ ਦੁਖਦਾਈ ਜੀਵ। ਕਾਲ, ਯਥਾ- ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ।

**ਕਲੰਗਾ** ਗੁ. ਕਲੰਕ, ਯਥਾ- ਹਰੇ ਕਲੰਗਾ।

**ਕਲਘਾ** ਗੁ. ਕਾਲ ਨੇ, ਯਥਾ- ਪਕੜਿ ਖੜੇ ਸਭਿ ਕਲਘਾ।

**ਕਲਤੁ** ਗੁ. ਇਸਤ੍ਰੀ। ਸੰ. ਕਲਤ੍ਰ, ਯਥਾ- ਪੁਤ੍ਰ ਕਲਤ੍ਰ ਲਛਮੀ ਮਾਇਆ।

**ਕਲੰਦਰ** ਅ. ਅਵਧੂਤ, ਯਥਾ- ਆਉ ਕਲੰਦਰ ਕੇਸਵਾ। ਆਵੋ ਹੇ ਅਵਧੂਤ ਰੂਪ ਧਾਰੇ ਕੇਸਵ। ਦੇ. ਬੰਦਰ ਨਚਾਨੇ ਵਾਲਾ। ਸੰ. ਬਰਣ ਸੰਕਰ ਜਾਤ ਬਿਸੇਖ।

**ਕਲਧਾਰੀ** ਗੁ. ਸਕਤੀ ਧਾਰਣ ਕਰੀ ਹੈ, ਯਥਾ- ਗੁਰਿ ਪੂਰੈ ਅਪਨੀ ਕਲ ਧਾਰੀ।

**ਕਲਪ** ਸੰ. ਕਲਪਨਾ, ਯਥਾ- ਕਲਪ ਤਿਆਗੀ ਬਾਦਿ। ਨਾਨਾ ਪ੍ਰਕਾਰ ਕੀ ਯੁਕਤੀਯੋਂ ਸੈ ਜੋ ਅਪਨੇ ਪਖ ਕੀ ਸਿਧੀ ਦੂਸਰੇ ਕਾ ਖੰਡਨ ਰੂਪ ਬਾਦ ਕੀ ਕਲਪਨਾ ਕਰਤੇ ਥੇ ਸੋ ਤਿਆਗ ਦੀਏ ; ਵੇਦ ਕਾ ਛਠਾ ਅੰਗ ਜਿਸ ਮੇਂ ਵੇਦ ਕੇ ਮੰਤ੍ਰੋਂ ਕੇ ਜਪਨੇ ਕੇ ਪ੍ਰਕਾਰ ਹੈਂ ਜੈਸੇ ਗੁਰੁਮਤ ਕੇ ਸਰਧਾ ਪੂਰਕ ਮੇਂ ਹੈਂ। ਗੁਰੁਮਤ ਮੇਂ ਸਰਧਾ ਪੂਰਕ ਗ੍ਰੰਥ ਸਾਹਬ ਜੀ ਕਾ ਕਲਪ ਅੰਗ ਹੈ।

**ਕਲੰਮ** ਗੁ. ਕਲਮ, ਲਿਖਣ, ਯਥਾ- ਹਥਿ ਕਲੰਮ ਅਗੰਮ।

**ਕਲਮ** ਗੁ. ਕਲਮਾ, ਯਥਾ- ਕਲਮ ਖੁਦਾਈ ਪਾਕੁ ਖਰਾ। ਅ. ਲਿਖਣ, ਯਥਾ- ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ। ਸੰ. ਚਾਵਲ।

**ਕਲਮਲਿ** ਗੁ. ਕਲਜੁਗ ਮੇਂ ਪਾਪੋਂ ਸੈ ਮੈਲੀ, ਯਥਾ- ਕਲਮਲਿ ਹੋਈ ਮੇਦਨੀ।

**ਕਲਮਲਿ ਹੋਈ** ਵਾ. ਕਲਜੁਗ ਮੇਂ ਪਾਪੋਂ ਕਰ ਮੈਲੀ ਹੋ ਗਈ ਸ੍ਰਿਸ੍ਟੀ, ਯਥਾ- ਕਲਮਲਿ ਹੋਈ ਮੇਦਨੀ।

**ਕਲਮਾ** ਅ. ਮੁਸਲਮਾਨੋ ਕਾ ਮੁਖ੍ਯ ਮੰਤ੍ਰ ; ਪਦ ਮਾਤ੍ਰ ਮੁਖ ਕੋ ਕਲਮ ਕਰ ਅਰਥਾਤ ਫਾੜ ਕਰ ਨਿਕਸੇ ਹੈਂ। ਇਸ ਲੀਏ ਨਾਮ ਕਲਮਾ ਹੈ, ਯਥਾ- ਕਲਮਾ ਅਕਲਹਿ ਜਾਨੈ।

**ਕਲਰ** ਦੇ. ਊਖਰ, ਰੇਹੀ, ਖਾਰੀ ਮਟੀ, ਯਥਾ- ਕਲਰ ਕੇਰੀ ਕੰਧ। ਕਲਰਾ, ਯਥਾ- ਕਾਹੇ ਕਲਰਾ ਸਿੰਚਹੁ। ਕਤ੍ਯ ਸਾਲਗ੍ਰਾਮ ਪਾਖਾਣ ਕੀ ਪੂਜਾ ਔ ਤੁਲਸੀ ਮਾਲਾ ਧਾਰਨ ਕੋ ਹੀ ਸੁਕ੍ਰਿਤ ਸਮਝਣਾ ਰੂਪ ਕਲਰਾ ਸੀਂਚਤੇ ਹੋ ਇਨ ਕੋ ਛੋਡ ਕੇ ਕੇਵਲ ਨਾਮ ਜਪੋ ਅਰ ਪ੍ਰਾਰਥਨਾ ਕਰੋ।

**ਕਲਰ ਸਿਰ ਭਾਰ** ਦੇ. ਸਿਰ ਊਪਰ ਬਜਰਥ ਕ੍ਰਿਯਾ ਕਾ ਬੋਝ ਹੈ।

**ਕਲਵਾਲੀ** ਗੁ. ਮੱਟੀ, ਯਥਾ- ਕਲਿ ਕਲਵਾਲੀ ਕਾਮੁ ਮਦੁ। ਕਲਿਯੁਗ ਕੀ ਕ੍ਰਿਆ ਮੱਟੀ ਹੈ।

**ਕਲਾ** ਸੰ. ਸੈਵ ਤੰਤ੍ਰ ਮੇਂ ਵਿਦਯਾ ਕੇ ਭੇਦੋਂ ਕਾ ਨਾਮ ਕਲਾ ਲਿਖਾ ਹੈ ਸੋ ਗੀਤਾਦਿ ਭੇਦ ਸੇ ਚੌਹਟ ਹੈ ਜੈਸੇ- ੧. ਗੀਤ- ਰਾਗ ਗਾਵਨਾ ੨. ਵਾਦ੍ਯ- ਬੀਨਾ ਮ੍ਰਿਦੰਗਾਦਿ ਵਾਜੇ ਬਜਾਵਨੇ ੩. ਨ੍ਰਿਤ੍ਯ- ਨਾਚਨਾ ੪. ਨਾਟ੍ਯ- ਸਾਂਗ ਬਨਾਵਨੇ ੫. ਆਲੇਖ੍ਯ- ਤਸਬੀਰਾਂ ਲਿਖਨੀਆਂ ੬. ਬਿਸੇਖਕ ਛੇਦ੍ਯ- ਤਿਲਕ ਰਚਨਾ ਕੀ ਚਤੁਰਾਈ ੭. ਤੰਡੁਲ ਕੁਸਮ ਬਲਿ ਬਿਕਾਰ- ਪੂਜਨ ਮੈਂ ਚਾਵਲ ਫੂਲੋਂ ਕੀ ਨਾਨਾ ਰੀਤ ਸੇ ਰਚਨਾ ੮. ਪੁਸਪਾਸ੍ਤਰਣ- ਪੁਸਪੋਂ ਕੀ ਸਿਹਜਾ ਬਨਾਵਨੀ ੯. ਦਸਨ ਵਸਨ ਅੰਗਰਾਗ- ਦੰਦੋਂ ਮੇਂ ਬਸਤ੍ਰੋਂ ਮੇਂ ਹਸਤਾਦਿ ਅੰਗੋਂ ਮੇਂ ਰੰਗ ਕਰਨੇ ੧੦. ਮਣਿ ਭੂਮਕਾ ਕਰਮ- ਜੜਾਊ ਕਾਂਮ ਕਰਨਾ ੧੧. ਸਯਨ ਰਚਨੰ- ਸੁੰਦਰ ਪ੍ਰਯੰਕਾਦਿ ਸਿਹਜਾ ਕੀ ਰਚਨਾ ੧੨. ਉਦਕ ਵਾਦ੍ਯ- ਜਲਤ ਰੰਗਾਦਿ ਜਲ ਕੇ ਬਾਜੇ ਬਜਾਵਣੇ ੧੩. ਉਦਕਘਾਤ- ਜਲਥੰਭਨ ਕੀ ਵਿਦਯਾ ਔ ਜਲ ਕਾ ਤਰਨਾ ੧੪. ਚਿਤ੍ਰਾਯੋਗ- ਅਨੇਕ ਚੀਜੋਂ ਕੇ ਅਦਭੁਤ ਦੇਖਨੇ ਕੇ ਭਲੇ ਉਪਾਯ ੧੫. ਮਾਲ੍ਯਗ੍ਰਥਨ ਵਿਕਲਪ- ਹਾਰ ਬਨਾਨੇ ਕੀ ਚਤੁਰਾਈ ੧੬. ਸੇਖਰਾਧੀੜ ਯੋਜਨ- ਸਿਰ ਮੈਂ ਮਾਲਾ ਔ ਭੂਖਣ ਯੋਜਨਾ ਕਰਨੀ ੧੭. ਨੇਪਥ੍ਯਯੋਗ- ਤੰਬੂ ਕਨਾਤਾ ਲਗਾਵਨੇ ਕੀ ਚਤੁਰਾਈ ੧੮. ਕਰਣਪਤ੍ਰਭੰਗ- ਕਰਨ ਕੇ ਭੂਖਣੋਂ ਕੀ ਰਚਨਾ ੧੯. ਗੰਧ ਯੁਕ੍ਤਿ- ਅਤਰ ਬਨਾਵਨੇ ਕੇ ਪ੍ਰਕਾਰ ੨੦. ਭੂਖਣ ਯੋਜਨ- ਗਹਣੇ ਪਹਰਾਵਨ ਪ੍ਰਕਾਰ ੨੧. ਇੰਦ੍ਰਜਾਲੰ- ਮਦਾਰੀ ਕੀ ਖੇਲ ਬਨਾਵਨੀ ੨੨. ਕੌਚੁਮਾਰਯੋਗ- ਕੁਚੁਮਾਰ ਨਾਮੇ ਵਾਲੇ ਅਸੁਰ ਕਾ ਲਿਖਾ ਨਾਨਾ ਰੂਪੋਂ ਕਾ ਜਾਹਰ ਕਰਨਾ ੨੩. ਹਸਤਲਾਘਵੰ- ਹਾਥ ਚਲਾਕੀ ਹਥ ਫੇਰੀ ਪ੍ਰਸਿਧ ੨੪ ਚਿਤ੍ਰਸਾਕਪੂਪ ਭਖ ਵਿਕਾਰ ਕ੍ਰਿਯਾ- ਭੋਜਨ ਬਨਾਵਨੇ ਕੀ ਚਤੁਰਾਈ ੨੫. ਪਾਨਕਰਸ ਰਾਗਾਸਵ ਯੋਜਨੰ- ਲਵਨ ਮਿਰਚ ਵਾਲੇ ਅਮਲੀ ਅਨਾਰਦਾਨੇ ਆਦਿਕੋਂ ਕੇ ਪਾਨੀ, ਔ ਪਾਰੇ ਆਦਿਕ ਰਸ ਔ ਔਖਧੀਆਂ ਕੇ ਸੁੰਦਰ ਰੰਗ, ਔ ਸਰਾਬ ਅਰਕੋਂ ਕਾ ਨਿਕਾਸਨਾ ਭਾਵ ਨਾਮੀ ਵੈਦਕ ਔ ਨਾਮੀ ਅੱਤਾਰੀ ੨੬. ਸੂਚੀਵਾਯ ਕਰਮ- ਸੂਈ ਕੁੰਡੀ ਕਾਕਾਰ, ੨੭. ਸੂਤ੍ਰ ਕ੍ਰੀੜਾ- ਸੂਤ੍ਰ ਸੇ ਲੱਟੂ ਪੁਤਲੀ ਨਚਾਵਨ ਆਦਿਕ ਖੇਲ. ੨੮. ਪਰਹੇਲਿਕਾ- ਪੜਹੇਲੀਆਂ ਬੁਝਾਰਤਾਂ ਪ੍ਰਸਿੱਧ ੨੯. ਪ੍ਰਤਿਮਾਲਾ- ਸਰਬ ਚੀਜੋਂ ਕੀ ਸਕਲ ਕਾ ਬਨਾਨਾ ੩੦. ਦੁਰਬਚਕਯੋਗ- ਜੋ ਜੋ ਚੀਜ ਕਹਨੇ ਕੋ ਕਠਨ ਹੋ ਤਾ ਕੇ ਕਹਨੇ ਕਾ

ਉਪਾਯ ੩੧. ਪੁਸੁਕਵਾਚਨ ਟੂਟੇਭੀ- ਅਖਰ ਮੇਲ ਪੁਸਤਕ ਕਾ ਸੁੰਦਰ ਪਾਠ ਕਰਨਾ ੩੨. ਨਾਟਕਾਖ੍ਯਾ ਕਾ ਦਰਸਨ- ਨਾਟਕੋਂ ਮੇਂ ਕਹੀ ਕਥਾ ਕਾ ਦਿਖਾਨਾ ਰਚਨਾ ੩੩. ਕਾਬ੍ਯ ਸਮਸ੍ਯਾ ਪੂਰਨੰ- ਕਵਿ ਕੀ ਸਮਰਥ ਪ੍ਰੀਖ੍ਯਾ ਕਹੇ ਨਯੂਨ ਛੰਦ ਕਾ ਪੂਰਨ ਕਰਨਾ, ਜੈਸੇ- ਅਕਬਰ ਜੀਤੀ ਚਾਰ ਦਿਸ ਲੈਕਰ ਕਰ ਸਮਸੇਰ। ਤਹਾ ਮੇਰ ਕਿਨ ਜੀਤਜੋ ਮਾਲਾ ਕੈ ਸੋ ਫੇਰ ੩੪. ਪੱਟ ਕਾ ਵੇਤ੍ਰ ਬਾਣ ਵਿਕਲਪ- ਬੈਤ ਤੀਰ ਨਿਵਾਰਾਦਿ ਪੱਟੀਆਂ ਕਾ ਨਾਨਾ ਰੀਤਿ ਸੇ ਬਨਾਵਨਾ ੩੫. ਤਰਕੂ ਕਰਮ- ਤੱਕਲੇ ਫੇਰਨੀ ਆਦਿਕੋਂ ਸੇ ਸੂਤ੍ਰ ਔ ਬਾਣ ਕੇ ਬੱਟਣੇ ਕੀ ਕ੍ਰਿਆ ੩੬. ਤਖ੍ਣ- ਛਿੱਲਨੇ ਕੱਟਨੇ ਕੀ ਕਾਰੀਗਰੀ ੩੭. ਬਾਸਤੁ ਬਿਦਯਾ- ਮੰਦਰ ਰਚਨਾ ਕੀ ਕਾਰੀਗਰੀ ੩੮. ਰੂਪਯ ਰਤਨ ਪਰੀਖ੍ਯਾ- ਜੌਹਰੀ ਹੋਨਾ ੩੯. ਧਾਤੁਵਾਦ- ਰਸਾਯਣ ਵਿਦਯਾ ੪੦. ਮਣਿਰਾਗ ਗ੍ਯਾਨ- ਹੀਰੇ ਆਦਿਕੋਂ ਮੇਂ ਰੰਗੋਂ ਕਾ ਬਨਾਨਾ ਜਾਨਨਾ ੪੧. ਆਕਰ ਗਯਾਨ- ਚੀਜਾਂ ਕੀ ਖਾਣੋਂ ਕਾ ਗਯਾਨ ਹੋਨਾ ੪੨. ਬ੍ਰਿਖ੍ਯਾ ਯੁਰਵੇਦ ਯੋਗ- ਬ੍ਰਿਛ ਵੇਲਾ ਕੇ ਲਗਾਵਨੇ ਔ ਪੌਉਦ ਕੇ ਪ੍ਰਕਾਰੋਂ ਕਾ ਗ੍ਯਾਨ ੪੩. ਮੇਖ ਕੁੱਕਟ ਲਾਵਕ ਯੁਧ ਬਿਧਿ- ਮੀਢੇ ਕੁੱਕੜ ਬਟੇਰਿਓਂ ਕੀ ਲੜਾਈ ਕਾ ਪ੍ਰਕਾਰ ੪੪. ਸੁਕ ਸਾਰਿਕਾ ਪ੍ਰਲਾਪਨੰ- ਤੋਤੇ ਮੈਨਾ ਕੇ ਪੜਾਵਨ ਕਾ ਪ੍ਰਕਾਰ ੪੫. ਉਤਸਾਦਨ- ਮੰਤ੍ਰ ਸੇ ਸਤ੍ਰ ਕੋ ਉਚਾਟਨ ਕਰਨਾ ੪੬. ਕੇਸ ਮਾਰਜਨ ਕੌਸਲ- ਕੇਸਾਂ ਕੇ ਧੋਨੇ ਸਵਾਰਨੇ ਕੀ ਚਤੁਰਾਈ ੪੭. ਅਖਰ ਮੁਸਟਕਾ ਕਥਨ- ਨਾ ਦੇਖੇ ਅਖਰ ਔ ਮੁਠੀ ਕੀ ਚੀਜ ਬਤਾਵਨੀ ੪੮. ਮਲੇਛਿਤ ਕਵਿ ਕਲਪ- ਮਲੇਛ ਵਿਦਯਾ ਜਾਨਨੀ ਸਾਯਰਾਂ ਬਨਾਵਨੀਆਂ ੪੯. ਦੇਸ ਭਾਖਾ ਗਯਾਨ- ਦੇਸੋਂ ਕੀਆਂ ਬੋਲੀਆਂ ਜਾਨਨੀਆਂ ੫੦. ਪੁਸਪਸਕਟਿਕਾ ਗ੍ਯਾਨੰ- ਫੂਲੋਂ ਕੀ ਗਡੀ ਬਨਾਨੇ ਕੇ ਸਬੱਬੋਂ ਕਾ ਜਾਨਨਾ ੫੧. ਯੰਤ੍ਰ ਮਾਤ੍ਰਿਕਾ- ਅਕਾਰ ਸੇ ਲੇ ਖ੍ਯ ਪ੍ਰਯੰਤ ਅਖਰੋਂ ਕਾ ਨਾਮ ਮਾਤ੍ਰਿਕਾ ਹੈ। ਤਿਨ ਕੇ ਮੰਤ੍ਰ ਮਹੋਦਧਿ ਆਦਿਕ ਮੰਤ੍ਰ ਸਾਸਤ੍ਰ ਕੇ ਗ੍ਰੰਥੋਂ ਮੇ ਕਹੇ ਯੰਤ੍ਰੋਂ ਕਾ ਜਾਨਨਾ ੫੨. ਧਾਰਣ ਮਾਤ੍ਰਿਕਾ- ਮਾਤ੍ਰਿਕਾ ਕੇ ਚਿਤ ਮੇਂ ਧਾਰਣ ਕਾ ਪ੍ਰਕਾਰ ਭਾਵ ਪੰਕਤੀ ਮੇਂ ਊਪਰ ਤਲੇ ਸੇ ਸਮ ਪੁਨਾ ਸਘਨ ਗੋਲ ਪਰਸਪਰ ਮਿਲਤ ਮਾਪ ਮੇਂ ਪੂਰੇ ਅਖਰ ਲਿਖਨੇ ੫੩. ਸੰਪਾਟਜੰ- ਨਾ ਫਟ ਸਕਤੇ ਹੀਰੇ ਆਦਿ ਰਤਨੋਂ ਕਾ ਚੀਰਨਾ ੫੪. ਮਾਨਸੀ ਕਾਬ੍ਯ ਕ੍ਰਿਯਾ- ਦੂਸਰੇ ਕੇ ਮਨ ਮੇਂ ਥਿਤ ਵਸਤੁ ਕੇ ਕਹਨੇ ਕਾ ਪ੍ਰਕਾਰ ੫੫. ਕ੍ਰਿਯਾ ਵਿਕਲਪ- ਏਕ ਕਾਮ ਕਾ ਅਨੇਕ ਰੀਤਿ ਸੇ ਬਨਾਨਾ ੫੬. ਛਲਤਿਕ ਯੋਗ- ਛਲ ਵਿਦਯਾ ਕੇ ਪ੍ਰਕਾਰ ੫੭. ਅਭਿਧਾਨ ਕੋਸ ਛੰਦੋ ਗਯਾਨ- ਸਬਦੋਂ ਕੇ ਸਿਧ ਕਰਨੇ ਸਹਿਤ ਤਿਨ ਕੇ ਅਰਥੋਂ ਕੇ ਪ੍ਰਤਿ ਪਾਦਕ ਗ੍ਰੰਥੋਂ ਕਾ ਨਾਮ ਅਭਿਧਾਨ ਹੈ। ਕੇਵਲ ਅਰਥ ਪ੍ਰਤਿਪਾਦਕ ਗ੍ਰੰਥੋਂ ਕਾ ਨਾਮ ਕੋਸ ਹੈ। ਛੰਦੋਂ ਕੇ ਲਖਣ ਪ੍ਰਤਿਪਾਦਕ ਗ੍ਰੰਥੋਂ ਕਾ ਨਾਮ ਪਿੰਗਲ ਹੈ ਤਿਨ ਸਭ ਕਾ ਜਾਨਨਾ ੫੮. ਬਸਤ੍ਰ ਗੋਪਨ- ਰੇਸਮ ਪਸਮੀਨੇ ਕੇ ਬਸਤ੍ਰੋਂ ਕੀ ਰਖ੍ਯਾ ਕੇ ਪ੍ਰਕਾਰ ੫੯. ਦਯੂਤ ਬਿਸੇਖ- ਸਤਰੰਜ ਚੌਪੜ ਗੰਜਫਾ ਆਦਿ ਖੇਲੋਂ ਸੇ ਜੂਏ ਕਾ ਗ੍ਯਾਨ ੬੦. ਆਕਰਖ ਕ੍ਰੀੜਾ- ਦੂਰ ਗਈ ਵਸਤੁ ਕਾ ਮੰਤ੍ਰ ਜੰਤ੍ਰ ਕੇ ਬਲ ਸੇ ਖੈਂਚ ਲੇਨਾ ੬੧. ਬਾਲਕ ਕ੍ਰੀੜਾ- ਬਾਲਕੋਂ ਕੇ ਬਿਨੋਦ ਦਾਈ ਖੇਲਨੇ ਆਦਿ ੬੨. ਬੈਨਾਯਕੀ ਵਿਦਯਾ ਕਾ ਗਯਾਨ- ਗਣੇਸ ਦੇਵਤਾ ਕੀ ਲਿਖਨਾਦਿ ਵਿਦਯਾ ਕਾ ਗ੍ਯਾਨ ੬੩. ਬੈਜਯਿਕੀ ਵਿਦਯਾ ਗ੍ਯਾਨ- ਯੁਧ ਮੇਂ ਜਯ ਕਰਤੀ ਵਿਦਯਾ ਕਾ ਗਯਾਨ ੬੪. ਬੈਤਾਲਿਕ ਵਿਦਯਾ ਗ੍ਯਾਨ- ਭੂਤਾਂ ਪ੍ਰੇਤਾਂ ਕੇ ਜੰਤ੍ਰੋਂ ਮੰਤ੍ਰੋਂ ਕਾ ਜਾਨਨਾ, ਯੇ ਚੌਹਟ ਕਲਾਂ ਹੈਂ ਪ੍ਰਮੇਸਵਰ ਇਨ ਕਾ ਰੂਪ ਧਾਰ ਚਤੁਰੋਂ ਕੇ ਚਿੱਤ ਮੇਂ ਚੜ ਰਹਾ ਹੈ, ਯਥਾ- ਅਨਤ ਕਲਾ ਹੋਇ ਠਾਕੁਰੁ ਚੜਿਆ। ਅੰਸਮਾਤ੍ਰ ; ਬਿਭੂਤੀ ; ਸਮਰਥਤਾਈ ; ਸੰਖ੍ਯਾ ; ਮਰੀਚੀ ਕੀ ਪਤਨੀ ; ਪਿੰਗਲੋਂ ਮੇਂ ਏਕ ਮਾਤ੍ਰਾ ਸਵਰੂਪ ਲਘੁ ਵਰਣ ; ਚਿਕਿਤਸਾ ਗ੍ਰੰਥੋਂ ਮੇਂ ਸੂਖਮ ਨਾੜੀਯੋਂ ਸੇ ਵੇਸ੍ਰਿਤ ਹੂਏ ਭਾਗ ਕਲਾ ਹੈ। ਵਹੁ ਸਾਤ ਹੈਂ- ਮਾਸਧਰਾ, ਰਕ੍ਤਧਰਾ, ਮੇਦਧਰਾ, ਕਫਧਰਾ, ਮਲਧਰਾ, ਪਿਤਧਰਾ, ਰੇਤਧਰਾ। ਰਿਣ ਕੇ ਬ੍ਯਵਹਾਰ ਮੇਂ ਸੂਦ ਕਾ ਨਾਮ ਕਲਾ ਹੈ ; ਇਸਤ੍ਰੀ ਕੀ ਰਜ ; ਨੌਕਾ ; ਕਪਟ-ਚੰਦ੍ਰ ਮੰਡਲ ਕਾ ਸੋਲਵਾ ਹਿੱਸਾ। ਚੰਦ੍ਰ ਕੀ ਸੋਲਵੀ ਕਲਾ ਬਾਧੇ ਘਾਟੇ ਸੇ ਰਹਿਤ ਏਕਸੀ ਬਨੀ ਰਹਤੀ ਹੈ। ਜਿਸ ਕਾ ਨਾਮ ਅਮਾਵਸ ਹੈ। ਪੰਦ੍ਰਾ ਕਲਾ ਬਢਤੀ ਘਟਤੀ ਰਹਤੀ ਹੈਂ। ਇਨ ਹੀ ਕਾ ਨਾਮ ਤਿਥੀਆਂ ਹੈ। ਚੰਦ੍ਰਮਾ ਕੀ ਬਢਨੇ ਘਟਨੇ ਵਾਲੀ ਪਹਿਲੀ ਕਲਾ ਕਾ ਨਾਮ ਏਕਮ ਹੈ, ਦੂਸਰੀ ਕਾ ਦ੍ਵਿਤੀਆ ਹੈ, ਤੀਸਰੀ ਕਾ ਤ੍ਰਿਤੀਯਾ ਹੈ। ਐਸੇ ਹੀ ਪੂਰਨਮਾ ਪ੍ਰਯੰਤ ਔਰ ਹੈਂ। ਜਿਨ ਕਲਾ ਕੀ ਸੁਕਲ ਪਖ ਮੈਂ ਕ੍ਰਮ ਸੇ ਬ੍ਰਿਧੀ ਹੋਤੀ ਹੈ। ਉਨ ਕੀ ਹੀ ਕ੍ਰਿਸ੍ਨ ਪਖ ਕੀ ਏਕਮ ਸੇ ਲੇ ਕ੍ਰਮ ਸੇ ਖੀਣਤਾ ਹੋਤੀ ਹੈ। ਖੀਣ ਹੋਨੇ ਵਾਲੀ ਕਲਾਓਂ ਮੇਂ ਪਹਲੀ ਕਲਾ ਕੋ ਅਗਨੀ ਖੀਂਚ ਲੇਤੀ ਹੈ ਦੂਸਰੀ ਕੋ ਸੂਰਜ ਪੀ ਲੇਤਾ ਹੈ, ਤੀਸਰੀ ਕੋ ਬਿਸ੍ਵਦੇਵ ਪੀਤੇ ਹੈਂ, ਚੌਥੀ ਕੋ ਬਰਣ ਐਸੇ ਹੀ ਔਰ ਦੇਵਤਾ ਪੀਤੇ ਜਾਤੇ ਹੈਂ। ਯਾਤੇ ਅਮਾਵਸ ਕੋ ਚੰਦ੍ਰਮਾ ਨਹੀਂ ਦਿਖਾਈ ਪੜਤਾ। ਜਬ ਸੁਕਲ ਪੱਖ ਕੀ ਏਕਮ ਸੇ ਪਾਨ ਕਰੀ ਕਲਾ ਕ੍ਰਮ ਸੇ ਦੇਤੇ ਹੈਂ, ਤਬ ਪੂਰਨਮਾ ਮੈਂ ਚੰਦ੍ਰਮੰਡਲ ਪੂਰਾ ਹੋ ਜਾਤਾ ਹੈ। ਸਤ ਪਥ ਬ੍ਰਾਹਮਣ ਮੇਂ ਪ੍ਰਜਾਪਤੀ ਕੀ ਖੋੜਸ ਕਲਾ ਕਹੀ ਹੈ। ਸਾਂਤਿ ਪਰਬ ਮੇਂ ਸੂਰਯ ਮੰਡਲ ਕੀ ਦ੍ਵਾਦਸ ਕਲਾ, ਅਗਨਿ ਮੰਡਲ ਕੀ ਦਸ ਕਲਾ ਕਹੀਂ ਹੈਂ। ਤੰਤ੍ਰੋਂ ਮੇਂ ਅਕਾਰ, ਉਕਾਰ, ਮਕਾਰ, ਨਾਦ, ਬਿੰਦੁ ਸ੍ਵਰੂਪ ਓਂਕਾਰ ਕੀ ਪਚਾਸ ਕਲਾ ਕਹੀ ਹੈਂ। ਅਕਾਰ ਸੇ ਲੇ ਖ੍ਯ ਪ੍ਰਯੰਤ ਪਚਾਸ ਵਰਣੋਂ ਮੇਂ ਵਹੁ ਥਿਤ ਰਹਤੀ ਹੈ। ਪ੍ਰਸ੍ਨ ਉਪਨਿਖਦ ਮੇਂ ਪਰਮਾਤਮ ਪੁਰਖ ਕੀ ਖੋੜਸ ਕਲਾ ਕਹੀ ਹੈਂ ਸੰਗਯਾ ਉਨ ਕੀ ਯੇ ਹੈ- ੧. ਪ੍ਰਾਣ ੨. ਸ੍ਰਧਾ ੩. ਬ੍ਯੋਮ ੪. ਵਾਯੁ ੫. ਤੇਜ ੬. ਜਲ ੭. ਪ੍ਰਿਥ੍ਵੀ ੮. ਇੰਦ੍ਰਯ ੯. ਮਨ ੧੦. ਅੰਨ ੧੧. ਵੀਰਜ ੧੨. ਤਪ ੧੩. ਮੰਤ੍ਰ ੧੪. ਕਰਮ ੧੫. ਲੋਕ ੧੬. ਨਾਮ। ਅਰਥ ਇਨ ਕੇ ਐਸੇ ਹੈ- ੧. ਸਰਬਗ ਪਰਮਾਤਮਾ ਨੇ ਅਪਨੀ ਉਪਾਧੀ ਰੂਪ ਕਲਾ ਕੀ ਰਚਨਾ ਸਮੇ ਸਭ ਸੇ ਪ੍ਰਥਮ ਅਪਨੀ ਇਛਾ ਸੇ ਨਿਖਲ ਪ੍ਰਾਣੀਯੋਂ ਕੇ ਇੰਦ੍ਰਯੋਂ ਕਾ ਆਸ੍ਰਯ ਪ੍ਰਾਣ, ਹਿਰਣ੍ਯ ਗਰਭ ਰਚ੍ਯਾ ੨. ਤਾਂ ਸੇ ਸਰਬ ਪ੍ਰਾਣੀਯੋਂ ਕੀ ਸੁਭ ਕਰਮੋਂ ਮੇਂ

ਪ੍ਰਬ੍ਰਿਤੀ ਕੀ ਹੇਤੁ ਸੁਧਾ ਰਚੀ ੩-੭. ਤਾਸੇ ਕਰਮ ਫਲ ਭੋਗਨੇ ਕੇ ਸਾਧਨ ਦੇਹਾਦਿਕੋਂ ਕੇ ਹੇਤੁ ਮਹਾਭੂਤ ਰਚੇ ੮. ਇਨ ਪਾਂਚੋਂ ਸੇ ਆਗੇ ਇੰਦ੍ਰਯ ਰਚੇ ਜਿਨ ਕੇ ਦੋ ਭੇਦ ਹੈਂ। ਪਾਂਚ ਗਯਾਨ ਕੇ ਸਾਧਨ ਗਯਾਨ ਇੰਦ੍ਰਯ ਹੈਂ ਪਾਂਚ ਕਰਮ ਕੇ ਸਾਧਨ ਕਰਮ ਇੰਦ੍ਰਯ ਹੈਂ ੯. ਤਿਨ ਕਾ ਸ੍ਵਾਮੀ ਸੰਸਯ ਸੰਕਲਪਾਦਿ ਸੁਭਾਵੋ ਵਾਲਾ ਮਨ ਰਚਾ ੧੦. ਇਸ ਪ੍ਰਕਾਰ ਪ੍ਰਾਣੀਯੋਂ ਹੇਤ ਦੇਹਾਦਿ ਰਚ ਕੇ ਤਿਨ ਕੀ ਥਿਰਤਾ ਹੇਤ ਗੇਹੂੰ ਚਾਵਲਾਦਿ ਅੰਨ ਰਚੇ ੧੧. ਤਿਸ ਭੋਗੇ ਅੰਨ ਸੇ ਸਰਬ ਕਾਮੋਂ ਕੀ ਪ੍ਰਬ੍ਰਿਤੀ ਕਾ ਹੇਤੁ ਬਲ ਰੂਪ ਵੀਰਯ ਰਚਾ ੧੨. ਤਿਸ ਵੀਰਯ ਵਾਲੇ ਪ੍ਰਣੀਯੋਂ ਕੀ ਪਾਪੋਂ ਸੇ ਸੁਧੀ ਕਾ ਸਾਧਨ ਤਪ ਰਚਾ ੧੩. ਤਪੋ ਸੇ ਸੁਧ ਭਏ ਪੁਰਖੋਂ ਹੇਤ ਕਰਮੋਂ ਕੇ ਸਾਧਨ ਸਾਮ, ਰਿਗ, ਯਜੁਰ, ਅਥਰਬਣ ਸ੍ਵਰੂਪ ਚਾਰੋਂ ਵੇਦ ਮੰਤ੍ਰ ਰਚੇ ੧੪. ਤਿਨ ਮੰਤ੍ਰੋਂ ਸੇ ਅਗਨੀ ਹੋਤ੍ਰਾਦਿ ਸ੍ਵਰੂਪ ਕਰਮ ਰਚੇ ੧੫. ਤਾ ਸੇ ਕਰਮੋਂ ਕੇ ਫਲ ਸ੍ਵਰੂਪ ਸ੍ਵਰਗਾਦਿ ਲੋਕ ਬਨਾਏ ੧੬. ਲੋਕੋਂ ਮੇਂ ਬੋਲਾਨੇ ਬੈਠਾਨੇ ਆਦਿ ਕਾਮੋਂ ਹੇਤ ਨਾਨਾ ਦੇਵਦੱਤ ਜਗਦੱਤਾਦਿਕ ਨਾਮ ਰਚੇ ਜਿਸ ਮੇਂ ਸੇ ਹੂਏ ਅੰਤ ਕੋ ਉਸੀ ਮੇਂ ਯੇ ਕਲਾ ਰੂਪ ਪਦਾਰਥ ਲੈ ਹੋਤੇ ਹੈਂ। ਅਧਯਾਰੋਪ ਅਪਵਾਦ ਸੇ ਇਨ ਦ੍ਵਾਰਾ ਪੁਰਖ ਕਾ ਜਾਨਨਾ ਹੋਤਾ ਹੈ। ਇਸ ਲੀਏ ਇਨ ਕਾ ਨਾਮ ਪੁਰਖ ਕੀ ਕਲਾ ਹੈ, ਯਥਾ- ਸੋਲਹ ਕਲਾ ਸੰਪੂਰਨ ਫਲਿਆ। ਨੇਤ੍ਰ ਕੀ ਪਲਕ ਲਗਨ ਮਾਤ੍ਰ ਸਮੇ ਕਾ ਨਾਮ ਨਿਮੇਖ ਹੈ, ਨਿਮੇਖ ਕੇ ਤੀਸਵੇ ਹਿਸੇ ਕਾ ਨਾਮ ਤਤਪਰ ਹੈ, ਤਤਪਰ ਕਾ ਸੋਲਵਾ ਹਿੱਸਾ ਤ੍ਰੁਟਿ ਹੈ, ਅਠਾਰਾ ਨਿਮੇਖੋ ਕੀ ਏਕ ਕਾਸ੍ਟਾ, ਤੀਸ ਕਾਸ੍ਟਾ ਕੀ ਏਕ ਕਲਾ, ਤੀਸ ਕਲਾ ਕੀ ਏਕ ਘੜੀ, ਦੋ ਘੜੀ ਕਾ ਮੁਹੂਰਤ, ਤੀਸ ਮੁਹੂਰਤੋਂ ਕਾ ਏਕ ਦਿਨ, ਇਸ ਬਿਚਾਰ ਮੇਂ ਘੜੀ ਕੇ ਤੀਸਵੇ ਹਿੱਸੇ ਕਾ ਨਾਮ ਕਲਾ ਹੈ। ਗੁ. ਪ੍ਰਮੇਸਵਰ ਮੇਂ ਗ੍ਯਾਨ ਸਕ੍ਤੀ, ਕ੍ਰਿਯਾ ਸਕ੍ਤੀ, ਰਚਨਾ ਸਕ੍ਤੀ, ਪਾਲਨ ਸਕ੍ਤੀ, ਸੰਹਾਰ ਸਕ੍ਤੀ, ਭਕ੍ਤੋ ਪ੍ਰਤਿ ਉਤਮ ਗੁਣਦਾਨ ਸਕ੍ਤੀ, ਨਿਖਲ ਦੋਖ ਪਰਿਹਾਰ ਸਕ੍ਤੀ, ਪਦਾਰਥ ਚਤੁਸ੍ਟੇ ਦਾਨ ਸਕ੍ਤੀ ਆਦਿਕ ਅਨੰਤ ਸਕ੍ਤੀਆਂ ਹੈਂ, ਜਿਨ ਸੇ ਪਰਮੇਸ੍ਵਰ ਪੂਰਨ ਹੋ ਰਹਾ ਹੈ, ਯਥਾ- ਅਕਲ ਕਲਾ ਭਰਪੂਰਿ ਰਹਿਆ। ਪੁਨਾ- ਸਰਬ ਕਲਾ ਸਮਰਥ।

**ਕਲਾਣ** ਪੰ. ਵਡਿਆਈ ਕੀ ਅਵਾਜ ਜੋ ਡੂਮ ਮਰਾਸੀ ਲੋਗ ਕਹਤੇ ਹੈਂ, ਕਲਾਣੇ, ਯਥਾ- ਨਾਲੇ ਮਿਲੀ ਕਲਾਣ।

**ਕਲਾਮ** ਅ. ਬਾਣੀ, ਯਥਾ- ਸਭਨਾ ਲਿਖਿਆ ਵੁੜੀ ਕਲਾਮ। ਈਸਵਰ ਨੇ ਬੁਢੀ, ਬ੍ਰਿਧ ਅਰਥਾਤ ਸਭ ਸਿਮ੍ਰਿਤੀ ਇਤਿਹਾਸ ਆਦਿ ਬਾਣੀਯੋਂ ਸੇ ਬਡੀ ਬੇਦ ਰੂਪ ਅਪਣੀ ਬਾਣੀ ਮੇਂ ਸਭ ਜੀਵੋਂ ਕੇ ਕਰਮ ਫਲ ਹੋਨੇ ਚਾਹੀਏ ਸੋ ਲਿਖੇ ਹੈਂ। ਵੁੜੀ ਕਾ ਬੁਢੀ ਅਰਥ ਜਾਨ ਕਰ ਔ ਕਲਾਮ ਕਾ ਬਾਣੀ ਅਰਥ ਜਾਨ ਕੇ ਸਭ ਸੇ ਬ੍ਰਿਧ ਵੇਦ ਬਾਣੀ ਅਰਥ ਕੀਆ ਹੈ। ਆਨ ਥਾਨ ਮੇਂ ਜੈਸੀ ਕਲਮ ਵੁੜੀ ਹੈ ਮਸਤਕ ਪਾਠ ਹੈ, ਤਿਸ ਅਨਸਾਰ ਕਲਮ ਵੁੜੀ ਕਾ ਵਰਸੀ ਅਰਥਾਤ ਵਗੀ ਅਰਥ ਸਿਧ ਭਏ ਜੈਸੇ ਕਲਮ ਵਗੀ ਹੈ, ਜੀਵੋਂ ਕੇ ਮਥੇ ਪੈ ਤੈਸੀ ਇਨ ਪਾਸ ਬਿਭੂਤੀ ਹੈ।

**ਕਲਾਲਨਿ** ਗੁ. ਮਟੀ ਸਰਾਬ ਕੀ, ਯਥਾ- ਕਾਇਆ ਕਲਾਲਨਿ ਲਾਹਨਿ ਮੇਲਉ। ਜੈਸੇ ਕਲਾਲ ਕੀ ਇਸਤ੍ਰੀ ਕਾ ਨਾਮ ਕਲਾਲਨ ਹੈ, ਤੈਸੇ ਕਲਾਲ ਸੰਬੰਧੀ ਮਟੀ ਆਦਿਕੋਂ ਕਾ ਨਾਮ ਭੀ ਬਨ ਸਕਤਾ ਜਾਨ ਕੇ ਮਟੀ ਅਰਥ ਕੀਆ ਹੈ। ਕਾਹੇ ਤੇ ਪਹਲੇ ਜੋ ਮਦ ਦੇਇ ਕਲਾਲੀ ਰੇ ਕਹਾ। ਤਹਾ ਪ੍ਰਸਨ ਹੁਯਾ ਕੌਣ ਮਟੀ ਕਾ, ਉਤਰ ਮੇਂ ਕਹਾ ਕਾਇਆ ਕਲਾਲਨ, ਸੋ ਮਟੀ ਬਿਨ ਔਰ ਚੀਜ ਸਿਧ ਨਹੀਂ ਹੋਵੇ।

**ਕਲਾਲੀ** ਗੁ. ਮੱਟੀ ਕਾ, ਯਥਾ- ਜੋ ਮਦ ਦੇਇ ਕਲਾਲੀ ਰੇ।

**ਕਲਿ** ਸੰ. ਕਲਿਯੁਗ, ਯਥਾ- ਕਲਿ ਕਾਤੀ ਰਾਜੇ ਕਾਸਾਈ। ਪੁਨਾ- ਕਲਿ ਮਹਿ ਬੇਦੁ ਅਥਰਬਣੁ ਹੂਆ।

**ਕਲਿ** ਸੰ. ਚੌਥਾ ਯੁਗ। ਇਸ ਯੁਗ ਮੇਂ ਨਿਖਲ ਜੀਵੋਂ ਕੇ ਖੋਟੇ ਸੁਭਾਵ ਔ ਧਰਮ ਸੇ ਰਹਿਤ ਹੋਨੇ ਕਾ ਬਰਨਨ ਗ੍ਰੰਥ ਸਾਹਬ ਜੀ ਮੇਂ ਬਹੁਤ ਥਾਨੋਂ ਮੇਂ ਗੁਰੋਂ ਨੇ ਲਿਖਾ ਹੈ, ਜਿਨ ਮੇਂ ਸਭ ਸੇ ਪਹਲੇ ਵਾ. ਮਾਝ ਸ. ੧੬ ਮੇਂ ਲਿਖਾ ਹੈ- ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ। ਇਤਯਾਦਿ ਵਾ. ਆ. ਸ. ੧੩ ਮੇਂ- ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ। ਵਾ. ਬਿਹਾ. ਸ. ੨੦ ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ। ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ। ਧ. ਮ. ੧ ਸ. ੯ ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ। ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ। ਵਾ. ਸਾ. ਸ. ੧੪ ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ। ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ। ਵਾ. ਮ. ਸ. ੨੨ ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ। ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ। ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ। ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ। ਰਾ. ਮ. ੧ ਅਸਟਪਦੀਆ ਸ. ੧ ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ। ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।੧। ਜੀਵਨ ਤਲਬ ਨਿਵਾਰਿ। ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।੧। ਰਹਾਉ। ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ। ਇਤਿਯਾਦਿ ਪਾਠ ਸੇ ਲੇ ਫਿਰਿ ਓਲਾਮਾ ਮਿਲੈ ਤਹੀ। ਪਾਠ ਬਰਨਨ ਕੀਆ ਹੈ। ਕਲਿ ਕੇ ਅਧਿਕ ਸੁਭਾਵੋਂ ਕਾ ਬਰਨਨ ਕਲਕੀ ਅਵਤਾਰ ਕੀ ਕਥਾ ਵਿਖੇ ਦੂਸਰੇ ਗ੍ਰੰਥ ਜੀ ਮੇਂ ਕੀਆ ਹੈ। ਪੁਨਾ ਮਹਾਭਾਰਤ ਬਨ ਪਰਬ ਕੇ ੧੯੦ ਏਕ ਸੌ ਨਬੇ ਅਧਯਾਯ ਮੇਂ ਸਪਸਟ ਲਿਖਾ ਹੈ। ਭਾਗਵਤ ਕੇ ਦ੍ਵਾਦਸ ਸਕੰਧ ਕੇ ਦੂਸ੍ਰੇ ਅਧਯਾਯ ਮੇਂ ਲਿਖਾ ਹੈ। ਔਰ ਯੁਗੋਂ ਸੇ ਇਸ ਦੋਖੀ ਕਲਿ ਮੇਂ ਏਤਾ ਬਿਸੇਖ ਹੈ, ਇਸ ਮੇਂ ਸਰੀਰ ਸੇ ਕਰੇ ਹੀ ਪਾਪ ਲਗਤੇ ਹੈਂ, ਮਨ ਸੇ ਚਿਤਵੇ ਨਹੀਂ ਲਗਤੇ। ਅਰ ਪ੍ਰਮੇਸਵਰ ਕਾ ਨਾਮ ਲੇਨੇ ਮਾਤ੍ਰ ਸੇ ਇਸ ਮੇਂ ਗਤੀ ਹੋਤੀ ਹੈ। ਯਾਹੀ ਭਾਵ ਸੇ- ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ। ਪੁਨਾ- ਸਤਜੁਗਿ ਸਤੁ ਤੇਤਾ ਜਗੀ ਦੁਆਪਰਿ

ਪੂਜਾਚਾਰ। ਤੀਨੋਂ ਜੁਗ ਤੀਨੋਂ ਦਿੜੇ ਕਲਿ ਕੇਵਲ ਨਾਮ ਅਧਾਰ। ਬਿਸਨੁ ਪੁਰਾਣ, ਅਗਨਿ ਪੁਰਾਣ ਮੇਂ ਤਥਾ ਭਾਗਵਤ ਦ੍ਵਾਦਸ ਸਕੰਧ ਕੇ ਤੀਸਰੇ ਅਧ੍ਯਾਯ ਮੇਂ ਯਹੀ ਕਲਿਯੁਗ ਕੇ ਦੋਖੋਂ ਕੇ ਨਾਸ ਕੇ ਉਪਾਇ ਲਿਖੇ ਹੈਂ। ਸਕੰਧ ਪੁਰਾਣ ਮੇਂ ਲਿਖਾ ਹੈ ਗੋਬਿੰਦ ਨਾਮਾਯ: ਕਸ੍ਮਿਤ ਨਰੋ ਭਵਤਿ ਭੂਤਲੇ ਤਸ੍ਯ ਸੰਕੀਰਤਨਾ ਦੇਵ ਪਾਪੰ ਯਾਤਿ ਸਹਸ੍ਰਧਾ। ਯਹ ਗੁਰੁ ਗੋਬਿੰਦ ਸਿੰਘ ਜੀ ਕੇ ਨਾਮ ਸਿਮਰਨ ਕਾ ਮਹਾਤਮ ਲਿਖਾ ਜਾਨੋ। ਪੁਨਾ- ਕਲਿ ਮੇ ਏਤਾ ਔਰ ਬਿਸੇਖ ਹੈ, ਔਰ ਕਾ ਕੀਆ ਪਾਪ ਔਰ ਕੋ ਨਹੀਂ ਲਗੇ, ਜੈਸੇ ਸਤਯੁਗ ਮੇਂ ਪਾਪੀ ਸਾਥ ਬੋਲਨੇ ਸੇ, ਤ੍ਰੇਤੇ ਮੇਂ ਪਾਪੀ ਦੇਖਨੇ ਸੇ, ਦ੍ਵਾਪਰ ਮੇਂ ਪਾਪੀ ਕੋ ਅੰਨ ਦੇਨੇ ਸੇ ਪਾਪ ਲਗਤਾ ਥਾ। ਯਾਹੀ ਤੇ ਇਸ ਸਮੇਂ ਦੰਡ ਕਮ ਹੈ। ਪੂਰਬ ਯੁਗੋ ਵਤ ਦੇਸ ਗਾਉ ਕੁਲ ਨਹੀਂ ਪਕੜੇ ਜਾਤੇ ਸੋਈ ਲਿਖਾ ਹੈ। ਅਹਿ ਕਰ ਕਰੇ ਸੁ ਅਹਿ ਕਰ ਪਾਵੇ ਕੋਈ ਨ ਪਕੜੀਐ ਕਿਸੇ ਕੇ ਥਾਇ।

**ਕਲਿ ਹੋਈ** ਵਾ. ਜਪ ਸੇ ਤਪ ਸੇ ਵਾ ਅਕਸਮਾਤ ਕਾਹੂੰ ਮਹਾਤਮਾ ਕੀ ਦਯਾ ਸੇ ਜਬ ਕਰਾਮਾਤ ਹੋ ਗਈ ਕੁਤਿਓਂ ਸਰੀਖੇ ਨੀਚੋਂ ਕੇ ਮੁਖ ਮੇਂ ਤਬ ਇਤਰ ਜੀਵੋਂ ਕੋ ਦੁਖ ਦੇ ਦੇ ਖਾਨਾ ਰੂਪ ਮੁਰਦਾਰ ਉਨ ਕਾ ਖਾਨਾ ਹੋ ਗਯਾ, ਯਥਾ- ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।

**ਕਲਿ ਕਾਲੀ** ਗੁ. ਕਲਿਯੁਗ ਕੀ ਕ੍ਰਿਯਾ ਪਾਪ ਵਾਲੀ ਕਹੀ ਹੈ। ਜਹਾਂ ਗ੍ਰੰਥੋਂ ਮੇਂ ਕਲਿਯੁਗ ਕੇ ਸ੍ਵਭਾਵ ਕਾ ਬਰਨਨ ਕੀਆ ਹੈ, ਯਥਾ- ਚਹੁ ਜੁਗੀ ਕਲਿ ਕਾਲੀ ਕਾਂਢੀ।

**ਕਲਿ ਮੂਲ** ਗੁ. ਹੇ ਕੋਪ ਤੂ ਕਲਹ ਕਾ ਮੂਲ ਹੈ, ਯਥਾ- ਹੇ ਕਲਿ ਮੂਲ ਕ੍ਰੋਧੰ।

**ਕਲਿਆਣ ਮੈ** ਗੁ. ਕਲਿਯਾਣ ਰੂਪ।

**ਕਲਿਆਣਾ** ਗੁ. ਸੁਖ, ਯਥਾ- ਹੋਏ ਸਰਬ ਕਲਿਆਣਾ। ਸੰ. ਅਖਯ ਸ੍ਵਰਗ, ਮੁਕਤੀ। ਸੰ. ਕਲ੍ਯਾਣ।

**ਕਲਿਆਣੁ** ਪੰ. ਬਡਾ ਮੰਗਲ, ਯਥਾ- ਜਪਿ ਰਾਮ ਨਾਮੁ ਕਲਿਆਣੁ।

**ਕਲਿਆਨ** ਦੇ. ਸ੍ਰੀਰਾਗ ਕਾ ਪੁਤ੍ਰ ਹੈ ਰਾਤ ਕੇ ਪ੍ਰਥਮ ਪਹਰ ਗਾਵਨਾ।

**ਕਲਿਕਾ** ਦੇ. ਕਲਿਯੁਗ ਕਾ।

**ਕਲਿਪ ਤਰੁ** ਸੰ. ਕਲਪ ਬ੍ਰਿਛ ਵਤ, ਯਥਾ- ਕਲਿਪ ਤਰੁ ਰੋਗ ਬਿਦਾਰੁ।

**ਕਲੀ** ਦੇ. ਕਲਿਯੁਗ ਮੇਂ, ਯਥਾ- ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ। ਕਲਯੁਗ ਕੇ, ਯਥਾ- ਨਹ ਦੋਖ ਬਿਆਪਹਿ ਕਲੀ। ਨਾ ਖਿੜਿਆ ਫੂਲ। ਪੰ. ਏਕਲੀ ; ਮਾਤ੍ਰਾਵਾਲੀ ਤੁਕ ; ਕਲੀ ਧਾਤੁ।

**ਕਲੂਖ** ਦੇ. ਪਾਪ, ਯਥਾ- ਹਰੇ ਕਲੂਖ।

**ਕਲੇ** ਗੁ. ਪ੍ਰਕਾਰ, ਤਰਹ, ਯਥਾ- ਪਿੰਧੀ ਉਭਕਲੇ ਸੰਸਾਰਾ। ਅਰਟ ਕੀ ਟਿੰਡੋਂ ਕੀ ਤਰਹ ਊਪਰ ਤਲੇ ਹੋਤੇ ਸੰਸਾਰ ਮੇਂ। ਪੰ. ਏਕਲੇ।

**ਕਲੇਸ** ਸੰ. ੧. ਰਾਗ ੨. ਦ੍ਵੇਖ ੩. ਅਵਿਦਿਜਾ ੪. ਅਸਮਿਤਾ ੫. ਅਭਿ ਨਿਵੇਸ, ਯੇ ਪਾਂਚੋ ਪੁਰਖੋਂ ਕੋ ਤਪਾਵਨੇ ਵਾਲੇ ਕਲੇਸ ਕਹਾਵੇ ਹੈਂ, ਯਥਾ- ਸਗਲ ਕਲੇਸ ਨਿੰਦਕ ਭਇਆ ਖੇਦੁ। ਰਾਗ, ਪ੍ਰੀਤੀ। ਦ੍ਵੇਖ, ਬਿਰੋਧ, ਅਵਿਦ੍ਯਾ, ਦੇਹਾਦਿ ਅਨਿਤ੍ਯ ਪਦਾਰਥੋਂ ਕੋ ਨਿਤ੍ਯ ਜਾਨਨਾ, ਅਪਵਿਤ੍ਰੋਂ ਕੋ ਪਵਿਤ੍ਰ ਜਾਨਨਾ, ਦੁਖ ਰੂਪੋਂ ਕੋ ਸੁਖ ਰੂਪ ਮਾਨਨਾ, ਅਨਾਤਮ ਰੂਪੋਂ ਕੋ ਅਪਨਾ ਆਪ ਮਾਨਨਾ ਰੂਪ ਚਾਰ ਪ੍ਰਕਾਰ ਕੀ ਅਵਿਦਿਜਾ ਪਾਤੰਜਲਿ ਮੁਨਿ ਨੇ ਕਹੀ ਹੈ। ਅਸਮਿਤਾ ਦੇਹ, ਜਾਤੀ, ਧਨਾਦਿਕੋਂ ਕਾ ਅਹੰਕਾਰ, ਅਭਿਨਿਵੇਸ ਕਰਣੇ ਕੋ ਅਯੋਗ੍ਯ ਜਾਣ ਕਰ ਭੀ ਤਿਸ ਕੇ ਕਰਣੇ ਕਾ ਚਿਤ ਮੇਂ ਆਗ੍ਰਹ ਕਰਨਾ, ਯੇ ਪਾਂਚੋ ਕਲੇਸੋਂ ਕੇ ਸ੍ਵਰੂਪ ਹੈ। ਇਨ ਹੀ ਕੇ ਕ੍ਰਮ ਸੇ ੧. ਮਹਾ ਮੋਹ ੨. ਤਮਿਸ੍ਰ ੩. ਤਮ ੪. ਮੋਹ ਅੰਧਤਾ ਮਿਸ੍ਰ ਨਾਮ ਹੈ। ੧. ਮਹਾ ਮੋਹ- ਭੋਗੋਂ ਕੀ ਇਛਾ ਭਾਵ ਰਾਗ ਹੈ ੨. ਤਮਿਸ੍ਰ ਭੋਗੋਂ ਕੀ ਇਛਾ ਮੇਂ ਵਿਘਨਕਾਰੀ ਪੈ ਕੋਪ ਰੂਪ ਦ੍ਵੇਖ ਹੈ ੩. ਤਮ ਸ੍ਵਰੂਪ ਕਾ ਨਾ ਭਾਨ ਹੋਨਾ ਰੂਪ ਅਵਿਦ੍ਯਾ ਹੈ ੪. ਮੋਹ ਦੇਹਾਦਿਕੋਂ ਮੈਂ ਅਹੰਬੁਧਿ ਰੂਪ ਅਸਮਿਤਾ ਹੈ ਅੰਧਤਾ ਮਿਸ੍ਰ ਦੇਹਾਦਿਕੋਂ ਕੇ ਨਾਸ ਹੁਏ ਮੈਂ ਮਰਾ ਐਸਾ ਗ੍ਯਾਨ ਹੈ ਭਾਵ ਅਭਿਨਿਵੇਸ ਹੈ। ਭਾਗਵਤ ਕੇ ਤੀਸਰੇ ਸਕੰਧ ਕੇ ਬਾਰਵੇ ਅਧ੍ਯਾਯ ਮੇਂ ਇਨ ਕਾ ਸਪਸ੍ਰ ਬਰਨਨ ਹੈ।

**ਕਵਨ ਗਤੀ ਰੀ** ਗੁ. ਕਿਸ ਪ੍ਰਕਾਰ, ਯਥਾ- ਲਾਲਨੁ ਰਾਵਿਆ ਕਵਨ ਗਤੀ ਰੀ।

**ਕਵਰੀ** ਸੰ. ਬੇਣੀ, ਗੁੱਤ, ਜੈਸੇ- ਸੀਤਾ ਕੀ ਕਵਰੀ।

**ਕਵਰੇ** ਦੇ. ਕਉੜੇ, ਕਟੁ, ਜੈਸੇ- ਅਵਰ ਸਵਾਦ ਸਭ ਕਵਰੇ। ਕਵਰੀ।

**ਕਵਲ ਨੈਨ** ਫਾ. ਕਮਲ ਸਮ ਸੁੰਦਰ ਨੇਤ੍ਰੋਂ ਵਾਲਾ ਭਗਵਾਨ, ਯਥਾ- ਕਵਲ ਨੈਨ ਮਧੁਰ ਬੈਨ। ਸੰ. ਕਮਲ ਨਯਨ।

**ਕਵਲਾ ਕੰਤਾ** ਦੇ. ਲਖਮੀ ਕੇ ਪਤਿ ਕਾ, ਯਥਾ- ਹਰਿ ਕੀਰਤਨੁ ਕਰਹ ਹਰਿ ਜਸੁ ਸੁਨਹ ਤਿਸੁ ਕਵਲਾ ਕੰਤਾ।

**ਕਵਲਾਸ ਪਤਿ** ਪੰ. ਕੈਲਾਸਪਤਿ ਮਹਾਦੇਵ, ਯਥਾ- ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ।

**ਕਵਲੁ** ਦੇ. ਕਮਲ, ਯਥਾ- ਕਮਲੁ ਫੁਲੈ ਆਕਾਸਿ ਜੀਉ। ਤੇਰੇ ਹੁਕਮ ਸੇ ਦੈਵ ਗੁਣ ਹ੍ਰਿਦੇ ਆਕਾਸ ਮੇਂ ਫੂਲੇ ਹੈਂ। ਲਛਮੀ, ਯਥਾ- ਬੈਠਾ ਤਾੜੀ ਲਾਇ ਕਵਲੁ ਛਪਾਇਆ। ਲਛਮੀ ਕੋ ਤੇਰੇ ਮੈਂ ਲੈ ਕਰ ਦੀਆ ਹੈ ਵਾ ਕਮਲ ਮੈਂ ਤੈਂ ਬ੍ਰਹਮਾ ਕੋ ਛਪਾਯਾ ਹੈ।

**ਕਵਾਉ** ਦੇ. ਪੌਸਾਕ, ਪ੍ਰਤਿਸਟਾ ਯੋਗ੍ਯ ਬਸਤ੍ਰ। ਅ. ਕਬਾ, ਯਥਾ- ਕੀਤਾ ਪਸਾਉ ਏਕੋ ਕਵਾਉ।

**ਕਵਾਇ** ਫਾ. ਪੁਸਾਕ।

**ਕਵਾਈ** ਦੇ. ਪੁਸਾਕਾਂ, ਬਸਤ੍ਰ ਪਹਰਨੇ ਕੇ, ਯਥਾ- ਕਹਾ ਸੁ ਲਾਲ ਕਵਾਈ। ਅ. ਕਬਾ।

**ਕਵਾਦੇ** ਦੇ. ਬਹੁਤ ਨਰਮ ਕਮਾਨ ਅਰਥਾਤ ਤੀਰੋਂ ਸੇ ਔਰੋਂ ਕੋ ਬੇਧਨ ਵਾਲੀ ਕਮਾਨ ਤੁਲ ਚਿਤ ਵਾਲੇ ਕਾਜੀ ; ਬਡੇ ਪਾਤਸਾਹ ਪ੍ਰਮੇਸ੍ਰਰ ਸੇ, ਹੇ ਕਾਜੀ ਅਪਨੇ ਚਿਤ ਮੇਂ ਸੋਚ ਕੇ ਬਿਚਾਰ ਕਰੋ ਜੋ ਕਵਾਦੇ, ਬਡੇ ਪਾਤਸਾਹ ਪਰਮੇਸ੍ਰਰ ਸੇ ਨਰਕ ਸੁਰਗ ਕਿਸ ਨੇ ਪਾਇਆ ਹੈ ; ਦਰਦ ਜਿਗਰ, ਹੇ ਮੇਰੇ ਸੇ ਝਗੜਾ ਕਰਨੇ ਸੇ ਜਿਗਰ ਮੇਂ ਦਰਦ ਵਾਲੇ ਕਾਜੀ ਦਿਲ ਮੇਂ ਸੋਚ ਕੇ ਬਿਚਾਰ ਕਰ ਜੋ ਨਰਕ ਸੁਰਗ ਕਿਸਨੇ ਪਾਇਆ ਹੈ। ਪੰ. ਬੁਲਾਵਤੇ, ਅਪਨੇ ਚਿਤ ਮੇਂ ਖੂਬ ਸੋਚ ਕੇ ਬਿਚਾਰ ਕਰ ਹੇ ਮੁਝੇ ਕਵਾਦੇ ਕੁਆਵਤੇ ਅਰਥਾਤ ਬੁਲਾਤੇ ਕਾਜੀ ਭਿਸਤ ਦੋਜਕ ਕਿਸ ਨੇ ਪਾਇਆ ਹੈ, ਯਥਾ- ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।

**ਕਵਿ** ਸੰ. ਗਦਯ ਪਦ ਸ੍ਰਰੂਪ ਬਾਣੀ ਬਨਾਨੇ ਵਾਲਾ, ਖੁਲੀ ਰਚਨਾ ਕਾ ਨਾਮ ਗੱਦਯ ਹੈ। ਛੰਦੋਂ ਮੇਂ ਬਨਾਈ ਕਾ ਨਾਮ ਪਦ ਹੈ। ਫਾਰਸੀ ਮੇਂ ਇਨ ਕੇ ਨਾਮ ਨਸਰ ਨਜਮ ਹੈ ਕਵਿ ਕਾ ਨਾਮ ਸਾਯਰ ਹੈ। ਪੰਡਿਤ।

**ਕਵਿ ਕਲੵ** ਦੇ. ਮਿ. ਗੁਰੁ ਕਾ ਜਸ ਕਰਨੇ ਵਾਲਾ ਕਲ ਭੱਟ, ਯਥਾ- ਕਵਿ ਕਲੵ ਠਕੁਰ ਹਰਦਾਸ ਤਨੇ।

**ਕਵਿਤ** ਦੇ. ਕਵਤਾਈ, ਯਥਾ- ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ। ਕਵਿਤ ਕਵੀ ਕੀ ਰਚਨਾ ਮਾਤ੍ਰ ਕਾ ਨਾਮ ਹੈ, ਜੋ ਕਵਿ ਬਾਣੀ ਬਣਾਵੇ ਹੈ। ਬਤੀ ਅਖਰਾਂ ਕੀ ਤੁਕ ਵਾਲਾ ਛੰਦ। ਪੋਥੀ ਗੀਤ ਕਵਿਤ ਪਾਠ ਮੇਂ ਕਵਤਾਈ ਮਾਤ੍ਰ ਕਾ ਗ੍ਰਹਣ ਹੈ, ਕੇਵਲ ਬਤੀ ਅਖਰੀ ਤੁਕ ਵਾਲੇ ਛੰਦ ਕਾ ਨਹੀਂ। ਸੰ. ਕਵਿਤ੍ਵ।

**ਕਵੀਅਣਿ** ਗੁ. ਕਵੀ ਜਨੋਂ ਨੇ, ਯਥਾ- ਕਲੵ ਕਵੀਅਣਿ ਬਖਾਣਿਅਉ।

**ਕਵੇ** ਗੁ. ਕਵਿ ਜਨਾ ਪਾਸੋਂ, ਯਥਾ- ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ।

**ਕੜਈਐ** ਗੁ. ਕੜੀਏ, ਤਪੀਏ।

**ਕੜਕਾਇ** ਪੰ. ਤੋੜ ਕੇ, ਯਥਾ- ਹਡਾ ਕੂ ਕੜਕਾਇ।

**ਕੜਛੀਆ** ਪੰ. ਕੜਛੀਆਂ, ਚਮਚੇ ਭਾਵ ਸੇ ਬਹਿਰਮੁਖ ਬ੍ਰਿਤੀਆਂ, ਯਥਾ- ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁਞੀਆ।

**ਕੜਾਹਾ** ਪੰ. ਕੜਾਹਾ ਪ੍ਰਸਿਧ, ਯਥਾ- ਤਪਤ ਕੜਾਹਾ ਬੁਝਿ ਗਇਆ। ਸੰ. ਕਟਾਹ।

**ਕੜਿ** ਪੰ. ਅਗਨਿ ਕੇ ਤਾਉ ਸੇ ਤਪ ਤਪ ਕੇ ਥੋੜਾ ਹੋ ਜਾਨਾ ਅਰਥਾਤ ਦੁਖੀ ਹੋਨਾ। ਕਸ ਕੇ, ਯਥਾ- ਕੜਿ ਬੰਧਨਿ ਬਾਧਿਓ।

**ਕੜਿਆ** ਪੰ. ਯਹ ਕਰਣਾ, ਯਹ ਨਹੀਂ ਕਰਣਾ, ਇਉ ਕਰਣਾ, ਇਉ ਨਹੀਂ ਕਰਣਾ ਐਸੇ ਬਿਚਾਰੋ ਮੇਂ ਬਾਂਧਾ ਗਿਆ, ਯਥਾ- ਲਿਖਿ ਲਿਖਿ ਪੜਿਆ। ਤੇਤਾ ਕੜਿਆ। ਵਾ ਤਪਿਆ ਪੰਡਿਤ ਕੋ ੧. ਅਭ੍ਯਾਸ ੨. ਬਿਸਮਰਣ ੩. ਗਰਬ ੪. ਮਾਨ ਭੰਗ, ਯੇ ਚਾਰ ਤਾਪ ਲੋਕੋਂ ਸੇ ਅਧਿਕ ਲਿਖੇ ਹੈਂ। ਯਾਤੇ ਲੋਕੋਂ ਕੋ ਤੀਨ ਹੈਂ ਪੰਡਿਤ ਕੋ ਸਾਤ ਹੈਂ ਤਿਨ ਸੇ ਤਪਿਆ।

**ਕੜਿਨ** ਪੰ. ਬੰਧਨ, ਯਥਾ- ਸੇ ਕੜਿਨ ਸਵਾਹੀ। ਤਪਨਾ।

**ਕੜੀਆਲੁ** ਗੁ. ਲੋਹਾ ਲਗਾਮ ਕਾ, ਯਥਾ- ਕੜੀਆਲੁ ਮੁਖੇ।

**ਕੜੀਐ** ਪੰ. ਤਪਨਾ ਹੈ, ਯਥਾ- ਤਾ ਕਾਇਤੁ ਕੜੀਐ।

**ਕੜੀਏ** ਪੰ. ਤਪਨਾ ਹੈ।

**ਕਾ** ਦੇ. ਕੋਈ, ਯਥਾ- ਕਾ ਵਿਰਲੀ ਜਾਇ ਵੁਠੀ। ਕੁਛ, ਯਥਾ- ਜੇ ਕਾ ਪਾਰਿ ਵਸਾਇ। ਦਾ, ਯਥਾ- ਖੋਟੇ ਕਾ ਮੁਲੁ ਏਕੁ ਦੁਗਾਣਾ।

**ਕਾ ਸਿਉ** ਵਾ. ਕਿਸ ਪਾਸ, ਯਥਾ- ਉਇ ਸੁਖ ਕਾ ਸਿਉ ਬਰਨਿ ਸੁਨਾਵਤ।

**ਕਾਉ** ਪੰ. ਕਾਗ, ਯਥਾ- ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ। ਪੁਨਾ- ਪਿਛੈ ਪਤਲਿ ਸਦਿਹੁ ਕਾਵ।

**ਕਾਇ** ਪੰ. ਦੇਹ, ਸਰੀਰ। ਸੰ. ਕਾਯ। ਕਿਸੇ ਸੇ, ਯਥਾ- ਜਗਜੀਵਨ ਜੁਗਤਿ ਨ ਮਿਲੈ ਕਾਇ। ਹੇ ਜਗ ਜੀਵਨ ਤੂ ਕਿਸੇ ਜੁਗ ਤਿਸੇ ਨਹੀਂ ਮਿਲਤਾ। ਕਿਸ ਵਾਸਤੇ, ਯਥਾ- ਕਾਇ ਮੋਹਿ ਮੋਹਿਲੀ। ਕਿਸ ਵਾਸਤੇ ਮੋਹ ਨੇ ਮੋਹ ਲਈ ਹੈ।

**ਕਾਇਆ** ਪੰ. ਦੇਹ, ਯਥਾ- ਤੂੰ ਕਾਇਆ ਮੈ ਰੁਲਦੀ ਦੇਖੀ। ਪਰਮਾਤਮਾ ਰੂਪ ਸੁਧ ਦੇਹ, ਯਥਾ- ਕੰਚਨ ਕਾਇਆ ਸੁਇਨੇ ਕੀ ਢਾਲਾ।

**ਕਾਇਆ** ਸੰ. ਦੇਹ ਕੋ, ਯਥਾ- ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ।

**ਕਾਇਆ ਕਪੜੁ** ਵਾ. ਏਮਨਾਵਾਦ ਨਗਰ ਮੇਂ ਵਸਨੇ ਵਾਲੇ ਪਠਾਣੋਂ ਕੇ ਸਰੀਰ ਕਪੜੇ, ਟੁਕੜੇ ਟੁਕੜੇ ਹੋਂਗੇ, ਯਥਾ- ਕਾਇਆ ਕਪੜੁ ਟੁਕੁ ਟੁਕੁ ਹੋਸੀ।

**ਕਾਇਆ ਕਲਪੁ** ਵਾ. ਸਰੀਰ ਕੀ ਬ੍ਰਿਧਤਾ ਨਾਸ ਕਰਨੇ ਵਾਲੀ ਔਖਧੀਓਂ ਕਾ ਸੇਵਨ, ਯਥਾ- ਕਾਇਆ ਕਲਪੁ ਕੀਜੈ। ਸੰ. ਕਾਯ ਕਲਪ।

**ਕਾਇਆ ਕੀ** ਦੇ. ਪਹਾੜੀ। ਕਾਇਆ ਕੋ ਬ੍ਰਹਮ ਅਗਨ ਮੇਂ ਦਾਹ ਕਰੇ, ਯਥਾ- ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ। ਤੈਂ ਕੀ ਦਰਦੁ ਨ ਆਇਆ ਵਤ ਕਾਇਆ ਕੀ ਪਾਠ ਹੈ।

**ਕਾਇਆ ਪਥ** ਵਾ. ਜੋ ਸਰੀਰ ਕੋ ਸੁਖ ਕਰੇ ਪਥ੍ਯ ਰੂਪ ਹੋ ਕਰ।

**ਕਾਇਚੇ** ਗੁ. ਕਿਸ ਕਾਰਣ ਸੇ, ਯਥਾ- ਮੂੜੇ ਕਾਇਚੇ ਭਰਮਿ ਭੁਲਾ।

**ਕਾਇਤੁ** ਪੰ. ਕਿਸ ਵਾਸਤੇ, ਯਥਾ- ਕਾਇਤੁ ਮਿਲੈ ਸਜਾਇ। ਸੰ. ਕਾਯਸ੍ਥ।

**ਕਾਇਥੁ** ਦੇ. ਦੇਹ ਮੇਂ ਥਿਤ ਪਰਮਾਤਮਾ ; ਕਾਯਥੋਂ ਕਾ ਵਡਾ ਯਮਰਾਜ ਕਾ ਮੁਨਸੀ ਚਿਤ੍ਰਗੁਪਤ, ਯਥਾ- ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ। ਕਾਇਥ ਜਾਤਿ ਚਿਤ੍ਰਗੁਪਤ ਸੇ ਚਲੀ ਹੈ ਇਸ ਵਾਸਤੇ ਕਾਇਥ। ਇਸੀ ਕੀ ਕੁਛ ਦਿਨੋਂ ਸੇ ਪੂਜਾ ਕਰਤੇ ਹੈਂ ਅਰ

ਅਪਨੇ ਕੋ ਖਤ੍ਰੀ ਮਾਨਤੇ ਹੈਂ। ਭਾਰਤ ਮੋਂ ਇਸ ਜਾਤਿ ਕੀ ਸੂਦ੍ਰ ਸੇ ਉਤਪਤੀ ਲਿਖੀ ਹੈ।

**ਕਾਇਨੁ** ਅ. ਹੋਨੇ ਵਾਲਾ ਜਾਹਰ, ਯਥਾ- ਬੀਬੀ ਕਉਲਾ ਸਉ ਕਾਇਨੁ ਤੇਰਾ। ਅਪਨੀ ਪਤਨੀ ਲਖਮੀ ਸੇ ਸਭ ਮੇਂ ਵਿਦਸ਼ਮਾਨ ਹੋਨੇ ਵਾਲਾ ਪਤਿ ਭਾਵ ਸੰਬੰਧ ਹੈ ਤੇਰਾ। ਕਾਇਨ ਕਾ ਜਾਹਰ ਹੋਨਾ ਵਤ ਖੇਲ ਪ੍ਰਗਟ ਕਰਨਾ ਭੀ ਅਰਥ ਹੈ। ਪੈਦਾਸ਼ੁਦਹ ਅਰਥਾਤ ਪੈਦਾ ਹੂਆ ਪਤਿ ਭਾਵ ਸੰਬੰਧ ਹੈ ਤੇਰਾ।

**ਕਾਇਮੁ** ਅ. ਅਟਲ, ਯਥਾ- ਕਾਇਮੁ ਦਾਇਮੁ ਸਦਾ ਪਾਤਿਸਾਹੀ।

**ਕਾਈ** ਪੰ. ਕੋਈ, ਯਥਾ- ਤਉ ਤਨਿ ਕਾਈ ਕੋਰ। ਤੇਰੇ ਤਨ ਮੇਂ ਕੁਛ ਅਬਿਬੇਕ ਰੂਪ ਅੰਧਪਨਾ ਹੈ। ਜਲ ਕੀ ਮੈਲ, ਯਥਾ- ਮਿਟੈ ਨ ਭ੍ਰਮ ਕੀ ਕਾਈ। ਬਿਨਾ ਗਯਾਨ ਨਹੀਂ ਮਿਟਤੀ ਮਨ ਕੀ ਸੰਸਯਾਦਿ ਰੂਪ ਮੈਲ।

**ਕਾਈ ਕਾਰ** ਵਾ. ਕਿਆ ਕਾਰ ਮਿਲੇਗੀ ਉਨ ਕੋ, ਯਥਾ- ਤਿਨਾ ਭੀ ਕਾਈ ਕਾਰ।

**ਕਾਈ ਰਾਤਿ** ਵਾ. ਮੁਝ ਦੋਹਾਗਨ ਕੋ ਭੀ ਕੋਈ ਰਾਤ ਸੁਖ ਕੀ ਦੇਵੋ, ਯਥਾ- ਮੈ ਡੋਹਾਗਣਿ ਕਾਈ ਰਾਤਿ ਜੀਉ।

**ਕਾਸਟ** ਦੇ. ਲਕੜੀ, ਯਥਾ- ਸੰਗਿ ਕਾਸਟ ਲੋਹ ਤਰਾ। ਪੰ. ਕਾਸਦ, ਹਲਕਾਰਾ, ਯਥਾ- ਪ੍ਰੇਤ ਪਿੰਜਰ ਮਹਿ ਕਾਸਟੁ ਭਇਆ। ਪ੍ਰੇਤ ਪਿੰਜਰ ਥੂਲ ਦੇਹ ਮੇਂ ਮਾਨੋ ਨਾਨਾ ਮਨੋ ਰਾਜੋਂ ਮੇਂ ਧਾਵਨੇ ਸੇ ਜੀਵ ਸਮੁਦਾਯ ਹਲਕਾਰਾ ਬਨ ਰਹਾ ਹੈ।

**ਕਾਂਸੀ** ਸੰ. ਸਿਵ ਕੀ ਪੁਰੀ, ਬਨਾਰਸ, ਯਥਾ- ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ। ਦੇ. ਕਾਂਸੀ ਧਾਤੁ ਜੋ ਤਾਬੇ ਮੇਂ ਕਲੀ ਮਿਲ ਬਨਤੀ ਹੈ। ਸੰ. ਕਾਸਯ, ਯਥਾ- ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।

**ਕਾਸੇ** ਫਾ. ਖਾਣੇ ਕੇ ਪਾਤ੍ਰ, ਯਥਾ- ਲਕੀ ਕਾਸੇ ਹਥੀ ਫੁੰਮਣ। ਕਾਸਾ, ਯਥਾ- ਕਰ ਕਾਸਾ ਦਰਸਨ ਕੀ ਭੂਖ।

**ਕਾਹ** ਦੇ. ਕਿਆ, ਯਥਾ- ਬਹੁ ਕਹੀਏ ਕਾਹ। ਕਿਸ ਕੋ, ਯਥਾ- ਬੂਡ ਮੁਏ ਨੌਕਾ ਮਿਲੇ ਕਹੁ ਕਾਹ ਚੜਾਵੋ। ਕਾਹੀ ਘਾਸ, ਯਥਾ- ਕੁਕਹ ਕਾਹ ਸਿ ਫੁਲੇ।

**ਕਾਹਲੀ** ਫਾ. ਸੁਸਤੀ, ਆਲਸ। ਪੰ. ਸੀਘ੍ਰਤਾਈ, ਜੈਸੇ- ਕਿਉ ਕਾਹਲੀ ਕਰਤਾ ਹੈ।

**ਕਾਹਾ** ਗੁ. ਕਾੜਾ, ਯਥਾ- ਤਿਨ ਸਿਰਿ ਚੁਕਾ ਕਾਹਾ ਹੇ।

**ਕਾਹੂ** ਦੇ. ਕਿਸੇ ਕੇ, ਯਥਾ- ਕਾਹੂ ਕਾਜ ਨ ਆਵਤ ਬਿਖਿਆ।

**ਕਾਹੇ** ਦੇ. ਕਿਸ ਵਾਸਤੇ, ਯਥਾ- ਕਾਹੇ ਪੂਤ ਝਗਰਤ ਹਉ ਸੰਗਿ ਬਾਪ। ਕਿਉਂ ਨਹੀਂ, ਯਥਾ- ਬਾਹਰਿ ਕਾਹੇ ਨਾਹੀ। ਜਬ ਤੂ ਹੀ ਸਰਬ ਬਿਆਪੀ ਰਿਦੇ ਮੈਂ ਬਸੇ ਹੈਂ।

**ਕਾਹੋ** ਦੇ. ਪ੍ਰ. ਕਿਆ ਹੈ, ਯਥਾ- ਤਾ ਕਉ ਅਚਰਜੁ ਕਾਹੋ।

**ਕਾਕੀ** ਦੇ. ਕਿਸ ਕੀ, ਯਥਾ- ਕਾਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ। ਪੰ. ਲੜਕੀ।

**ਕਾਖਾ** ਪੰ. ਏਕ ਤ੍ਰਿਣ ਕਾ, ਯਥਾ- ਬਿਨੁ ਗਾਹਕ ਮੀਕਾ ਕਾਖਾ।

**ਕਾਂਖੀ** ਸੰ. ਚਾਹ ਵਾਲਾ, ਯਥਾ- ਕਾਂਖੀ ਏਕੈ ਦਰਸ ਤੁਹਾਰੋ। ਸੰ. ਕਾਂਖੀ।

**ਕਾਗ** ਦੇ. ਕਊਆ। ਗੁ. ਬਿਖਈ ਪੁਰਖ, ਯਥਾ- ਕਾਗ ਬਤਨ ਬਿਸਟਾ ਮਹਿ ਵਾਸ। ਹੇ ਕਾਗੋ, ਯਥਾ- ਕਾਗਾ ਕਰੰਗ ਢਢੋਲਿਆ।

**ਕਾਗ ਬਤਨ** ਵਾ. ਕਾਗ ਕਾ ਬਿਸ੍ਰਾ ਦੇਸ ਮੇਂ ਬਾਸ ਹੈ, ਯਥਾ- ਕਾਗ ਬਤਨ ਬਿਸਟਾ ਮਹਿ ਵਾਸ

**ਕਾਗਉ** ਦੇ. ਕਾਗ ਸੇ, ਯਥਾ- ਕਾਗਉ ਹੋਇ ਨ ਊਜਲਾ। ਜੈਸੇ ਕਊਆ ਜਲ ਨਵਾਨੇ ਸੇ ਸੁਕਲ ਨਹੀਂ ਹੋਤਾ, ਤੈਸੇ ਮੈਲੇ ਮਨ ਵਾਲਾ ਪੁਰਖ ਕਾਹੂ ਭੇਖ ਧਾਰਨਾਦਿ ਕਾਮੋਂ ਸੇ ਸੁਧ ਨਹੀਂ ਹੋਤਾ।

**ਕਾਗਜ** ਅ. ਕਾਗਤ, ਪਤ੍ਰ।

**ਕਾਗਤ** ਦੇ. ਕਾਗਜ।

**ਕਾਗਦ** ਅ. ਕਾਗਤ, ਪਤ੍ਰ, ਯਥਾ- ਦੇਹੀ ਕਾਚੀ ਕਾਗਦ ਮਿਕਦਾਰਾ। ਦੇਹ ਕਾਚੀ ਪਾਨੀ ਮੇਂ ਸੀਘ੍ਰ ਗਲ ਜਾਨੇ ਵਾਲੇ ਕਾਗਤ ਤੁਲ੍ਯ ਹੈ। ਥਾਨਾਂਤਰ ਮੇਂ ਲਿਖਾ ਹੈ- ਬਿਨਸਤ ਬਾਰ ਨ ਲਾਗਈ ਜਿਉ ਕਾਗਜ ਬੂੰਦਾਰਾ।

**ਕਾਗਰ** ਗੁ. ਕਲੰਕ, ਯਥਾ- ਬਿਨਵੰਤਿ ਨਾਨਕ ਕੋਟਿ ਕਾਗਰ। ਪੁਨਾ- ਜਨਮ ਜਨਮ ਕੇ ਕਾਟੇ ਕਾਗਰ। ਕਲੰਗਾ ਵਤ ਕਲੰਕ ਸੇ ਕਾਗਰ ਬਨਾ ਹੈ। ਵਾ. ਜਮਰਾਜ ਕੇ ਹਿਸਾਬ ਕੇ ਕਾਗਜ ਅਨੇਕ ਜਨਮੋਂ ਕੇ ਕਾਟੇ ਹੈਂ। ਕਾਗਜ, ਯਥਾ- ਕਾਗਰ ਨਾਵ ਲੰਘਹਿ ਕਤ ਸਾਗਰੁ। ਲੇਟੀ ਵਾਲੇ ਅਸੁਧ ਕਾਗਜ, ਯਥਾ- ਕਾਗਰਾ ਕਰਤ ਬੀਚਾਰੰ।

**ਕਾਗਰ ਨਾਵ** ਵਾ. ਕਾਗਜ ਕੀ ਨੌਕਾ ਸੇ, ਯਥਾ- ਕਾਗਰ ਨਾਵ ਲੰਘਹਿ ਕਤ ਸਾਗਰੁ।

**ਕਾਗਲੁ** ਗੁ. ਕਾਗਤ ਅਰਥਾਤ ਪਤ੍ਰੀ, ਯਥਾ- ਕਢਿ ਕਾਗਲੁ ਦਸੇ ਰਾਹੁ।

**ਕਾਚ** ਦੇ. ਕੱਚ, ਯਥਾ- ਕਾਚ ਬਿਹਾਝਨ ਕੰਚਨ ਛਾਡਨ।

**ਕਾਚਾ ਧਨੁ** ਵਾ. ਗ੍ਰਿਹਖੇਤ੍ਰ ਵਿਤਾਦਿ, ਯਥਾ- ਕਾਚਾ ਧਨੁ ਸੰਚਹਿ ਮੂਰਖ ਗਾਵਾਰ।

**ਕਾਚੀ** ਗੁ. ਝੂਠੀ, ਯਥਾ- ਕਾਚੀ ਦੇਹ ਮੋਹ ਫੁਨਿ ਬਾਂਧੀ।

**ਕਾਚੀ ਪਿੰਡੀ** ਗੁ. ਕਚੇ ਪਿੰਡ ਮੋਂ ਭਾਵ ਮੈਲੇ ਅੰਤਹ ਕਰਣ ਮੇਂ, ਯਥਾ- ਕਾਚੀ ਪਿੰਡੀ ਸਬਦੁ ਨ ਚੀਨੈ।

**ਕਾਂਚੁਰੀ** ਦੇ. ਸਰਪ ਕੀ ਕੁੰਜ, ਯਥਾ- ਜਿਉ ਕਾਂਚੁਰੀ ਭੁਯੰਗ।

**ਕਾਚੇ** ਗੁ. ਅਪ੍ਰਮਾਣਿਕ, ਲੋਕੋਂ ਮੈਂ ਬਿਸ੍ਵਾਸ ਰਹਿਤ, ਯਥਾ- ਸਾਕਤ ਮੂੜ ਨਰ ਕਾਚੇ। ਬਿਨਾ ਪਕਾਏ, ਯਥਾ- ਕਾਚੈ ਕਰਵੈ ਰਹੈ ਨ ਪਾਨੀ। ਬ੍ਰਹਮ ਮੇਂ ਚਿਤ ਕੀ ਅਥਿਰਤਾ ਵਾਲੇ ਸੇ, ਯਥਾ- ਕਾਚੇ ਗੁਰ ਤੇ ਮੁਕਤਿ ਨ ਹੂਆ। ਸੋਈ ਬਚਨਾਂਤਰੋਂ ਮੇਂ ਲਿਖਾ ਹੈ- ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ। ਪੁਨਾ- ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ।

**ਕਾਚੈ ਤਾਗੈ** ਵਾ. ਗਯਾਨ ਭਏ ਕਚੀ ਤੰਤ ਸਮ ਟੂਟਤੇ ਜਗਤ ਕੋ, ਯਥਾ- ਬਿਲਮੁ ਨ ਤੂਟਸਿ ਕਾਚੈ ਤਾਗੈ।

**ਕਾਛਿ** ਗੁ. ਬਨਾਵਟ, ਯਥਾ- ਕਾਛਿ ਕੂਛਿ ਤਨੁ ਦੀਨਾ। ਪੁਨਾ- ਕਰਿ ਸੰਜੋਗੁ ਬਨਾਈ ਕਾਛਿ।

**ਕਾਛੇ** ਦੇ. ਸੁੰਦਰ, ਯਥਾ- ਮੰਡਲੀਕ ਬੋਲ ਬੋਲਹਿ ਕਾਛੇ। ਬਨਾਵੇ, ਯਥਾ- ਅਨਿਕ ਸ੍ਵਾਂਗ ਕਾਛੇ ਭੇਖਧਾਰੀ। ਜੈਸੇ- ਜਸ ਨਾਚੇ ਤਸ ਕਾਛਨ ਕਾਛੇ।

**ਕਾਜ** ਦੇ. ਕੱਜਿਆ, ਢਕਿਆ, ਛਿਪਾਇਆ, ਯਥਾ- ਤਬ ਮੁਖੁ ਕਾਜਿ ਲਜੋ। ਜਬ ਕੋਈ ਸ੍ਰੇਸ੍ਟ ਪੁਰਖ ਘਰ ਮੇ ਆਇਆ ਤਬ ਲਜਾ ਕਰ ਮੁਖ ਛਿਪਾਇ ਲੀਆ। ਯਗ੍ਯਾਦਿ ਕਾਮ, ਯਥਾ- ਜਜਿ ਕਾਜਿ ਪਰਥਾਇ ਸੁਹਾਈ। ਪ੍ਰੋਯਜਨ, ਯਥਾ- ਆਨ ਬਸਤੁ ਸਿਉ ਕਾਜੁ ਨ ਕਛੂਐ। ਬਿਵਾਹਾਦਿ, ਮੰਗਲ ਕਾਮ ; ਹੇਤੁ, ਕਾਰਣ ; ਬਨਾਈ ਵਸਤੁ। ਸੰ. ਕਾਰਯ। ਮਹਾਨ ਅਡੰਬਰ, ਯਥਾ- ਅਵਰਿ ਕਾਜ ਤੇਰੈ ਕਿਤੈ ਨ ਕਾਮ।

**ਕਾਜਰ** ਦੇ. ਕਜਲ ਕੇ, ਯਥਾ- ਕਾਜਰ ਕੋਠ ਮਹਿ ਭਈ ਨ ਕਾਰੀ।

**ਕਾਜਲ** ਦੇ. ਕਜਲ।

**ਕਾਂਜੀ** ਦੇ. ਰਾਈ ਪੜ ਖਟਾ ਹੂਆ ਅਚਾਰ ਪਕੌੜੇ ਆਦਿਕੋਂ ਕਾ ਜਲ।

**ਕਾਜੀ** ਅ. ਦਾਯ ਭਾਗ ਅਰਥਾਤ ਬੰਡ ਬਜਵਹਾਰ ਕੇ ਝਗੜਿਯੋਂ ਮੇਂ ਧਰਮ ਸਾਸਤ੍ਰ ਕੀ ਬਜਵਸਥਾ ਦੇਨੇ ਵਾਲਾ। ਮੁਸਲਮਾਨ ਪਾਤਸਾਹੋਂ ਕੇ ਸਮੇਂ ਦਿਵਾਨੀ ਫੌਜਦਾਰੀ ਕੇ ਮੁਕਦਮੇਂ ਯਵਨ ਮਤ ਕੇ ਕਾਜੀਯੋਂ ਕੀ ਰਾਯ ਸੇ ਹੋਤੇ ਥੇ। ਜੀਵੋਂ ਕੇ ਗਲ ਮੇਂ ਛੁਰੀ ਭੀ ਕਾਜੀ ਚਲਾਤੇ ਥੇ ਇਸ ਲੀਏ ਅਬ ਭੀ ਮੁਲਖ ਹਿੰਦ ਮੇਂ ਕਸਾਈਓਂ ਕੇ ਘਰ ਪਹੁੰਚ ਬਿਸਮਲਾ ਕਹ ਕਰ ਬਕਰੇ ਆਦਿਕੋਂ ਕੇ ਗਲ ਮੈਂ ਛੁਰੀ ਕਾਜੀ ਹੀ ਚਲਾਤੇ ਹੈਂ। ਯਾਹੀ ਭਾਵ ਸੇ ਗੁਰੂ ਜੀ ਲਿਖਤੇ ਹੈਂ- ਕਾਜੀ ਕ੍ਰਿਸਨਾ ਹੋਆ। ਮੁਕਦਮਿਓਂ ਮੇਂ ਵਢੀ ਲੇ ਕਰ ਝੂਠੀ ਬਜਵਸਥਾ ਦੇਨੇ ਸੇ ਅਰ ਦਮੜੀ ਕੇ ਮਿਹਨਤਾਨੇ ਸੇ ਜੀਵੋਂ ਕੇ ਗਲ ਛੁਰੀ ਚਲਾਨੇ ਸੇ ਕਾਜੀ ਦੋਖੀ ਹੋ ਗਏ। ਕੱਜੀ, ਢਕੀ, ਯਥਾ- ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ।

**ਕਾਜੈ** ਗੁ. ਅਰਥ, ਯਥਾ- ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ।

**ਕਾਟਿਓ** ਦੇ. ਕਾਟਿਆ, ਵਢਿਆ, ਯਥਾ- ਸਿਵ ਕੈ ਬਾਣਿ ਸਿਰੁ ਕਾਟਿਓ।

**ਕਾਟੀ** ਦੇ. ਕੱਟੀ, ਵੱਢੀ, ਯਥਾ- ਕਾਟੀ ਸਿਲਕ ਦਯਾਲ।

**ਕਾਟੇ ਕਟਤ ਕਟੀਤ** ਵਾ. ਕਟਤ, ਕਾਟਨੇ ਕੋ ਸਮਰਥ ਜੋ ਗੁਰੂ ਹੈਂ ਤਿਨੋ ਨੇ ਕਟੀਤ, ਕਾਟਨੇ ਯੋਗ ਪਾਪ ਕਾਟੇ ਕਟਦੀਏ ਹੈਂ।

**ਕਾਟੈ** ਪੰ. ਬਿਤਾਵੇ ਹੈ ਸਮਾ, ਯਥਾ- ਕਾਟੈ ਕਾਲ। ਕੱਟ ਦੀਏ, ਯਥਾ- ਸਗਲੇ ਬੰਧਨ ਕਾਟੇ।

**ਕਾਠੀ** ਦੇ. ਘੋੜੇ ਕੀ ਕਾਠੀ, ਲਕੜੀ, ਯਥਾ- ਕਾਠੀ ਧੋਇ ਜਲਾਵਹਿ।

**ਕਾਂਠੈ** ਦੇ. ਕਿਨਾਰੇ, ਤੀਰੇ, ਯਥਾ- ਕਾਂਠੈ ਰਹਿ ਗਇਓ ਰਾਮੁ।

**ਕਾਂਡੀ** ਸੰ. ਪਤ੍ਰੀ। ਕਾਂਡ ਨਾਮ ਏਕ ਜਾਤਿ ਕੇ ਪਦਾਰਥੋਂ ਕੇ ਸਮੁਦਾਯ ਕਾ ਹੈ, ਸੋ ਸਮੁਦਾਯ ਯੋਗੋਂ ਕੇ, ਕਰਣੋਂ ਕੇ, ਤਿਥੀਯੋਂ ਕੇ, ਵਾਰੋਂ ਕੇ, ਨਛਤ੍ਰੋਂ ਕੇ, ਬਹੁਤ ਸੇ ਪਤ੍ਰੀ ਮੇਂ ਹੋਵੇ ਹੈ। ਇਸ ਲੀਏ ਕਾਂਡੀ ਨਾਮ ਪਤ੍ਰੀ ਕਾ ਹੈ, ਯਥਾ- ਗਣਿ ਗਣਿ ਜੋਤਕੁ ਕਾਂਡੀ ਕੀਨੀ। ਜੋਤਕ ਕੇ ਗ੍ਰੰਥ ਬਿਚਾਰ ਕੇ ਪਤ੍ਰੀ ਕਰੀ।

**ਕਾਂਢਕੁ ਆਹ** ਵਾ. ਕਹਨੇ ਵਾਲਾ ਹੈ ਪ੍ਰਮੇਸਵਰ ਸੰਬੰਧੀ ਉਪਦੇਸ ਕੇ ਤਿਨ ਕੇ ਮੈਂ ਚਰਨ ਧੋ ਕਰ ਪੀਵਾਂ, ਯਥਾ- ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ। ਜੋ ਮਹਾਤਮਾ ਮਤੜੀ ਕੇ ਕਾਢ ਕੁ. ਕਹਨੇ ਵਾਲੇ ਆਹ. ਹੈਂ ਤਿਨ ਕੇ ਮੈਂ ਚਰਨ ਧੋ ਕਰ ਪੀਵਾਂ ਯਹ ਮੇਰੀ ਭਾਵਨਾ ਹੈ।

**ਕਾਢਤ** ਦੇ. ਨਿਕਾਸਤੇ।

**ਕਾਢਿ** ਪੰ. ਕੋਪ ਰੂਪ ਕੁਠਾਰ ਨਿਕਾਸ ਕੇ, ਯਥਾ- ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ।

**ਕਾਢਿ ਕਢੀਜੈ** ਵਾ. ਉਪਦੇਸ ਰੂਪ ਕਾਢ, ਕਢਨੇ ਯੋਗ ਕੁੰਡੇ ਸਾਥ ਕਢੀਏ ਭਾਵ ਉਪਦੇਸ ਰੂਪ ਕੁੰਡੇ ਸਾਥ ਕੂਪ ਮੇਂ ਗਿਰੇ ਪਾਤ੍ਰ ਵਤ ਨਿਕਾਸੀਏ, ਯਥਾ- ਬਿਖੁ ਡੁਬਦਾ ਕਾਢਿ ਕਢੀਜੈ।

**ਕਾਢਿ ਕੁਠਾਰੁ** ਵਾ. ਨਿਕਾਸ ਕਰ ਕੋਪ ਰੂਪ ਕੁਹਾੜਾ, ਯਥਾ- ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ।

**ਕਾਂਢਿਆ** ਗੁ. ਕਹੀਦੇ ਹੈਂ, ਯਥਾ- ਸੇਵਕ ਸੋਈ ਕਾਂਢਿਆ। ਕਹਦਾ ਪੰਜਾਬੀ ਸੇ ਕਾਂਹਦਾ ਹੋ ਤਾ ਸੇ ਕਾਂਢ ਬਨ ਗਯਾ ਹੈ, ਜੈਸੇ ਦਾਰੜੀ ਸੇ ਦਾਢੀ।

**ਕਾਂਢੀ** ਗੁ. ਕਹੀਦੀ ਹੈ, ਯਥਾ- ਕਲਿ ਕਾਲੀ ਕਾਂਢੀ। ਪੰ. ਨਿਕਾਸੀ, ਯਥਾ- ਗੁਰਿ ਕਾਢੀ ਬਾਹ ਕੁਕੀਜੈ।

**ਕਾਢੀਅਹਿ** ਗੁ. ਕਹੀਦੇ ਹੈਂ, ਨਿਕਾਸੀਦੇ ਹੈਂ, ਯਥਾ- ਜਗ ਮਹਿ ਉਤਮ ਕਾਢੀਅਹਿ।

**ਕਾਢੀਆ** ਗੁ. ਕਹੀਦੀ ਹਾਂ, ਯਥਾ- ਭੀ ਤਹਿੰਜੀ ਕਾਢੀਆ।

**ਕਾਢੀਐ** ਪੰ. ਨਿਕਾਸੀਦੇ ਹੈਂ, ਯਥਾ- ਜਗ ਮਹਿ ਉਤਮ ਕਾਢੀਅਹਿ। ਗੁ. ਕਹੀਦਾ ਹੈ ਪੁਰਖ, ਯਥਾ- ਸਚੁ ਸੁਹਾਵਾ ਕਾਢੀਐ।

**ਕਾਢੇ** ਪੰ. ਨਿਕਾਸੇ, ਯਥਾ- ਕਾਢੇ ਛਾਣ। ਕਹੀਦੇ ਹੈਂ, ਯਥਾ- ਜਨ ਨਾਨਕ ਕੁਤਰੇ ਕਾਢੇ।

**ਕਾਢੇ ਛਾਣਿ** ਵਾ. ਕਢੇ ਹੈਂ ਨਿਆਰੇ, ਯਥਾ- ਦੂਸਟ ਦੂਤ ਹਰਿ ਕਾਢੇ ਛਾਣਿ।

**ਕਾਣਿ** ਪੰ. ਅਧੀਨਤਾ, ਕਨੌਡ, ਯਥਾ- ਕਾਣਿ ਕਢਨ ਤੇ ਛੂਟਿ ਪਰੀ। ਕਾਹੂ ਕੀ ਅਧੀਨਤਾ ਕਰਨੇ ਸੇ ਰਹਿਤ ਹੁਏ। ਪੁਨਾ- ਹਮ ਕਾਹੂ ਕੀ ਕਾਣਿ ਨ ਕਢਤੇ। ਵਿੰਗ, ਟੇਢਾਪਨ, ਜੈਸੇ- ਖਾਟ ਮੇਂ ਕਾਣ ਪੜੀ।

**ਕਾਤਬ** ਯਵ. ਲਿਖਾਰੀ।

**ਕਾਤਵ** ਵਾ. ਕੌਨ ਤੇਰੀ ਮਾਤਾ ਹੈ, ਜੈਸੇ- ਕਾਤਵ ਜਨਨੀ।

**ਕਾਤੀ** ਫਾ. ਛੁਰੀ, ਯਥਾ- ਰਿਦ ਅੰਤਰਿ ਕਰ ਤਲ ਕਾਤੀ। ਪੁਨਾ- ਕਲਿ ਕਾਤੀ ਰਾਜੇ ਕਾਸਾਈ। ਕਲਯੁਗ ਮੇਂ ਰਾਜਾ ਪ੍ਰਜਾ ਕੀ ਰਛਾ ਨਹੀਂ ਕਰੇਂਗੇ, ਅਤਯੰਤ ਲੋਭੀ ਹੋ ਜਾਵੇਂਗੇ। ਜਿਉ ਕਿਉ ਕਰ ਪ੍ਰਜਾ ਕੋ ਦੰਡ ਦੇਨੇ ਮੇਂ ਪ੍ਰੇਮ ਰਖੇਂਗੇ, ਭਲੇ ਪੁਰਖੋਂ ਕੀ ਇਸਤ੍ਰੀਆਂ ਕੋ ਧਨ ਕੋ ਜੋਰਾਵਰੀ ਖੋਸੇਂਗੇ। ਇਸ ਲੀਏ ਯੁਗ ਕੋ ਕਾਤੀ ਔ ਰਾਜਾਨ ਕੋ ਕਾਸਾਈ ਕਹਾ ਹੈ। ਬਡੀ ਕੈਚੀ ਸੇ, ਯਥਾ- ਸੇ ਸਿਰ ਕਾਤੀ ਮੁੰਨੀਅਨਿ। ਦਾਂਤ ਰੂਪ ਛੁਰੀ, ਯਥਾ- ਜੈਸੇ ਕਾਤੀ ਤੀਸ ਬਤੀਸ ਹੈ। ਕਾਹੂ ਨੇ ਤੀਸ ਕਾਹੂ ਨੇ ਬਤੀਸ ਮੁਖ ਮੇਂ ਮਾਨੇ ਹੈਂ। ਸੋ ਸਭੀ ਜੀਭ ਕੇ ਕਾਟਨੇ ਕੋ ਮਾਨੋ ਛੁਰੀ ਹੈ, ਪਰੰਤੂ ਪ੍ਰਮੇਸਵਰ ਅਪਨੀ ਸਕਤੀ ਸੇ ਜਿਹਬਾ ਕੀ ਸਭ ਸੇ ਰਛਾ ਕਰੇ ਹੈ। ਕੈਚੀ, ਯਥਾ- ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ।

**ਕਾਥ** ਗੁ. ਕਥਾ ਸੇ, ਯਥਾ- ਜਪਿਓ ਅਕਥ ਕਥ ਕਾਥ।

**ਕਾਦਰ** ਦੇ. ਕੁਦਰਤ ਵਾਲਾ, ਮਾਯਾ ਸਕਤੀ ਵਾਲਾ, ਯਥਾ- ਕੁਦਰਤਿ ਕਾਦਰ ਕਰਣ ਕਰੀਮਾ। ਕੁਦਰਤ ਸੇ ਸਭ ਕੇ ਕਰਨੇ ਵਾਲਾ ਸਕਤੀਮਾਨ ਪਰਮੇਸ੍ਵਰ।

**ਕਾਦਰੁ ਕਰਣਹਾਰੁ** ਵਾ. ਕੁਦਰਤ ਸੇ ਸਭ ਕੇ ਕਰਣ ਵਾਲਾ, ਯਥਾ- ਕਾਦਰੁ ਕਰਣਹਾਰੁ ਕਰੀਮੁ।

**ਕਾਦੀ** ਅ. ਕਾਜੀ, ਬਯਵਸਥਾ ਗ੍ਯਾਤਾ। ਅਰਬੀ ਪਾਰਸੀ ਮੇਂ ਦਾਲ ਜਾਲ ਕੀ ਬਦਲ ਹੈ, ਯਾਂਤੇ ਕਾਜੀ ਕੇ ਥਾਨ ਕਾਦੀ ਭੀ ਅਰਬੀ ਹੈ, ਯਥਾ- ਕਾਦੀ ਕੂੜੁ ਬੋਲਿ ਮਲੁ ਖਾਇ। ਝੂਠੀ ਬਯਵਸਥਾ ਦੇ ਕੇ ਵਢੀ ਲੇਨਾ ਰੂਪ ਬਿਖ ਖਾਵੇ ਹੈ।

**ਕਾਧਨ** ਦੇ. ਪ੍ਰੁ. ਕੰਧੇ, ਯਥਾ- ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।

**ਕਾਨ** ਦੇ. ਕਾਨਨ, ਯਥਾ- ਜਿਉ ਡਵਿ ਦਧਾ ਕਾਨੁ। ਕਾਨਾ ਸਰਕੜੇ ਕਾ, ਯਥਾ- ਦੀਸਹਿ ਦਾਧੇ ਕਾਨ ਜਿਉ। ਕ੍ਰਿਸ੍ਨ, ਯਥਾ- ਗਾਵਨਿ ਗੋਪੀਆ ਗਾਵਨਿ ਕਾਨ੍। ਕੰਨ, ਜੈਸੇ- ਗੁਰ ਕੀ ਨਿੰਦਾ ਸੁਨੈ ਨ ਕਾਨ। ਕਨੌਡ, ਯਥਾ- ਕਾਣਿ ਕਢਨ ਤੇ ਛੂਟਿ ਪਰੀ।

**ਕਾਨ੍ ਕੁਅਰ** ਦੇ. ਵਸੁਦੇਵ ਯਾਦਵ ਕਾ ਪੁਤ੍ਰ ਕ੍ਰਿਸ੍ਨ, ਯਥਾ- ਕਾਨ੍ ਕੁਅਰ ਨਿਹਕਲੰਕ।

**ਕਾਨੜਾ** ਦੇ. ਪ ਧ ਨਿ ਸ ਰਿ ਗ ਮ ਪ ਇਨ ਸਾਤ ਸੁਰੋਂ ਕਾ ਰਾਗ ਰਾਤ ਕੇ ਪ੍ਰਥਮ ਪਹਰ ਮੇਂ ਗਾਵਨਾ।

**ਕਾਨੇ** ਦੇ. ਕਾਣੇ, ਯਥਾ- ਅਵਰਨ ਹਸਤ ਆਪ ਹਹਿ ਕਾਂਨੇ। ਮੁੰਜ ਵਾਲੇ ਕਾਨੇ। ਦੇ. ਪ੍ਰੁ. ਕਿਸ ਨੇ, ਜੈਸੇ- ਕਾਨੇ ਕਹੀ ਤੁਮ ਸੇ ਯਹ ਬਾਤ।

**ਕਾਪਹ** ਦੇ. ਕਿਸ ਪਾਸ, ਜੈਸੇ- ਕਾ ਪਹ ਕਹੋ ਅਰਦਾਸ।

**ਕਾਪਟ** ਗੁ. ਕਪਟ ਵਾਲਾ।

**ਕਾਪਰੁ** ਦੇ. ਕਪੜਾ, ਯਥਾ- ਕਾਪਰੁ ਅੰਗਿ ਨ ਸੁਹਾਈ। ਪੁਨਾ- ਕਾਇਆ ਕਾਪਰੁ ਚੀਰ ਬਹੁ ਫਾਰੇ। ਕਾਯਾ ਰੂਪ ਜੀਵ ਕੇ ਬਸਤ੍ਰ ਨੇ ਬਹੁਤ ਹੀ ਪਹਨ ਪਹਨ ਕੇ ਕਪੜੇ ਫਾਰੇ ਹੈ।

**ਕਾਪੜੀਆ** ਗੁ. ਗੇਰੂਏ ਕਪੜੇ ਪਹਰ ਤੀਰਥ ਯਾਤ੍ਰਾ ਕਰਨੇ ਵਾਲੇ ਗ੍ਰਿਸਤੀ। ਨਿਰਧਨ ਗ੍ਰਿਸਤੀ ਕੋ ਤੀਰਥ ਯਾਤ੍ਰਾ ਹੇਤ ਗੇਰੂਏ ਕਪੜੇ ਕੀ ਬਿਧਿ ਧਰਮ ਸਾਸਤ੍ਰੋਂ ਮੇਂ ਲਿਖੀ ਹੈ, ਜੈਸੇ ਬਿਧਾਯ ਕਾਰ੍ਪਟੀ ਬੇਸੰ। ਭਕ੍ਤੀ ਛੋਡ ਤੀਰਥ ਯਾਤ੍ਰਾ ਕੋ ਮੁਖ ਸਮਝਨੇ ਵਾਲੇ ਜਨੋਂ ਕੀ ਨਿੰਦਾ ਹੈ, ਯਥਾ- ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ।

**ਕਾਪੜੁ** ਦੇ. ਬਸਤ੍ਰ, ਯਥਾ- ਕਾਪੜੁ ਤਨਿ ਨ ਸੁਹਾਈ।

**ਕਾਪਿ** ਦੇ. ਕੱਟ ਕੇ, ਯਥਾ- ਬੰਧਨ ਸਗਲ ਕਾਪਿ।

**ਕਾਪੁਰਖੁ** ਸੰ. ਨਪੁੰਸਕ, ਹੀਜੜਾ, ਯਥਾ- ਜਿਉ ਕਾਪੁਰਖੁ ਪੁਚਾਰੈ ਨਾਰੀ। ਜੈਸੇ ਕੁਤਸਿਤ ਪੁਰਖ ਭਾਵ ਨਪੁੰਸਕ ਇਸਤ੍ਰੀ ਕੋ ਪ੍ਰੇਮ ਸੇ ਬੁਚਕਾਰੇ ਪੁਲੋਸੇ ਤੌ ਭੀ ਵਾ ਕੋ ਮੈਥਨ ਕਾ ਸੁਖ ਨਹੀਂ ਦੇ ਸਕੇ।

**ਕਾਫਰ** ਅ. ਕੁਫਰ ਵਾਲਾ ਅਰਥਾਤ ਪ੍ਰਮੇਸ੍ਵਰ ਪੂਜਨ ਸੇ ਹਟ ਮੂਰਤੀ ਪੂਜਾਦਿ ਕਰਨੇ ਵਾਲਾ।

**ਕਾਫੀ** ਦੇ. ਤਿਲੰਗ ਰਾਗਨੀ ਕਾ ਨਾਮ ਹੈ। ਚਾਹ ਵਤ ਪੀਨੇ ਕੀ ਬੂਟੀ।

**ਕਾਫੂਰ** ਯਵ. ਮੁਸਕ ਕਾਫੂਰ।

**ਕਾਂਬ** ਪੰ. ਫਲੋਂ ਮੇਂ ਕਾਣ ਪੜ ਜਾਨੀ, ਯਥਾ- ਜਉ ਬੀਚਿ ਨ ਖਾਹੀ ਕਾਂਬ।

**ਕਾਬਸ** ਵਾ. ਕਿਆ ਅਧੀਨ ਹੈ ਭਾਵ ਕੁਛ ਨਹੀਂ, ਯਹ ਕਾਕੁਕਤੀ ਹੈ।

**ਕਾਬਲਹੁ** ਦੇ. ਕਾਬਲ ਸਹਰ ਸੇ, ਯਥਾ- ਪਾਪ ਕੀ ਜੰਞ ਲੈ ਕਾਬਲਹੁ ਧਾਇਆ। ਬਾਬਰ ਹਿੰਦ ਮੇਂ ਆਤਾ ਹੁਆ ਮਾਨੋ ਮੁਗਲ ਕੀ ਫੌਜ ਮਹਾ ਪਾਪੀਯੋਂ ਕੀ ਜਨੇਤ ਲੇ ਕਰ ਕਾਬਲ ਸੇ ਆਇਆ, ਜੋ ਅਧਰਮ ਕੀ ਸਾਦੀਆਂ ਹੇਤ ਲੋਗੋਂ ਕੀ ਜੋਰੀ ਔਰਤਾਂ ਕਾ ਦਾਨ ਮਾਗਤਾ ਅਰਥਾਤ ਖੋਸਤਾ ਥਾ।

**ਕਾਂਬਲੀ** ਦੇ. ਕੰਬਲ, ਲੋਈ ਕਾਲੀ, ਯਥਾ- ਧਨਿ ਧਨਿ ਕ੍ਰਿਸਨ ਓਢੈ ਕਾਂਬਲੀ।

**ਕਾਬਾ** ਅ. ਮਕੇ ਮੇਂ ਤਥਾ ਸੰਪੂਰਨ ਮਸੀਤੋਂ ਮੇਂ ਜਿਸ ਥਾਨ ਕੋ ਖੁਦਾ ਕਾ ਘਰ ਮਾਨ ਕੇ ਮੁਸਲਮਾਨ ਮਥਾ ਟੇਕਤੇ ਹੈਂ ਵਹੁ ਥਾਨ, ਯਥਾ- ਸਤਰਿ ਕਾਬਾ ਘਟ ਹੀ ਭੀਤਰਿ। ਪ੍ਰਸਿਧੀ ਇਸ ਪਦ ਕੀ ਮਕੇ ਮੇ ਹੀ ਹੈ। ਕਾਬੇ, ਯਥਾ- ਕਿਆ ਹਜ ਕਾਬੇ ਜਾਇ।

**ਕਾਮ** ਦੇ. ਕਾਮਦੇਵ ; ਬੀਰਯ ਧਾਤੁ ; ਅਨੁਮਤੀ, ਸਲਾਹ ; ਬਾਂਛਿਤ ਵਸਤੁ ; ਇਛਾ, ਚਾਹ, ਯਥਾ- ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ। ਈਹਾ ਇਛਾ ਕੇ ਨਾਸ ਕੀ ਪ੍ਰਾਰਥਨਾ ਹੈ। ਇਛਾ ਰਜੋ ਗੁਣੀ ਬ੍ਰਿਤੀ ਸਦਾ ਹੀ ਬਾਂਛਿਤ ਹੇਤ ਬਨੀ ਰਹੇ ਹੈ। ਸਰੀਰ ਕਾ ਨਾਸ ਕਰੇ ਹੈ, ਭਕਤੀ ਮੇਂ ਪਰਮ ਵਿਘਨ ਹੈ। ਯਾਹੀ ਭਾਵ ਸੇ ਬਚਨ ਹੈ- ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਗੀਤਾ ਮੇਂ ਕਾਮ ਏਖ ਕ੍ਰੋਧ ਏਖ ਇਤਯਾਦਿ ਪਾਠ ਸੇ ਯੇਹੀ ਵੈਰੀ ਕਹੇ ਹੈਂ।

**ਕਾਮ ਕ੍ਰੋਧੁ** ਗੁ. ਵਾਮ ਮਤ ਕੇ ਨਿਸਚੇ ਅਨੁਸਾਰੀ, ਯਥਾ- ਛੋਡਹੁ ਕਾਮ ਕ੍ਰੋਧੁ ਬੁਰਿਆਈ। ਕਾਮ ਕ੍ਰੋਧ ਕੀ ਬੁਰਾਈ ਤਿਆਗੋ।

**ਕਾਮਹਾਰ** ਗੁ. ਚਿਤ ਮੇਂ ਕਾਮ ਕੇ ਪ੍ਰਵੇਸ ਵਾਲਾ, ਯਥਾ- ਮੈਗਲ ਜਿਉ ਫਾਸਸਿ ਕਾਮਹਾਰ। ਹਾਥੀ ਵਤ ਫਸਤਾ ਹੈ ਕਾਮ ਦੋਖ ਵਾਲਾ।

**ਕਾਮਣਿ** ਦੇ. ਯਾਦੂ, ਟੂਣਾ, ਯਥਾ- ਭੂੰਡੀ ਕਾਮਣਿ ਕਾਮਣਿਆਰਿ। ਭੈੜੀ ਯਾਦੂ ਟੂਨਾ ਕਰਨ ਵਾਲੀ। ਸੰ. ਕੱਮਣ। ਦੇ. ਇਸਤ੍ਰੀ, ਯਥਾ- ਕਾਮਣਿ ਲੋੜੈ ਸੁਇਨਾ ਰੁਪਾ। ਸੰ. ਕਾਮਨੀ। ਦੋਨੋਂ ਅਰਥੋਂ ਮੇਂ ਏਕ ਉਦਾਹਰਣ, ਯਥਾ- ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ। ਜੇਕਰ ਉਤਮ ਗੁਣ ਰੂਪ ਯਾਦੂ ਇਸਤਰੀ ਕਰੇ ਤਬ ਪ੍ਰੀਤਮ ਕੋ ਪਾਇ ਲਏ। ਐਸੇ ਭਏ ਗੁਣ ਕਾ ਮਣ ਕਾ ਮਣਿ ਕਰੇ, ਐਸਾ ਅਨ੍ਵਯ ਕਰ ਅਰਥ ਕਰਨਾ ਅਯੋਗਯ ਹੈ।

**ਕਾਮਣਿਆਰਿ** ਦੇ. ਯਾਦੂ ਟੂਨੇ ਵਾਲੀ, ਯਥਾ- ਭੂੰਡੀ ਕਾਮਣਿ ਕਾਮਣਿਆਰਿ।

**ਕਾਮਣੀ** ਦੇ. ਇਸਤ੍ਰੀ, ਯਥਾ- ਜੇ ਲੋੜਹਿ ਵਰੁ ਕਾਮਣੀ।

**ਕਾਮਨਾ ਅਰਥਿ** ਗੁ. ਕਾਮਨਾ ਕੇ ਵਾਸਤੇ, ਯਥਾ- ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ।

**ਕਾਮਨੀ ਮਾਗੇ** ਵਾ. ਸ੍ਵਰਗ ਕੀ ਅਪਛਰਾ ਇਸਤ੍ਰੀਆਂ ਮਾਂਗਤੇ ਹੈਂ।

**ਕਾਮਾ ਮਨ ਕਾ ਮਾਠਾ** ਵਾ. ਹੇ ਪੰਡਤ ਕਾਮਾ ਉਨ ਕੇ ਸੰਕਲਪ ਭਾਰ ਲੇ ਬੈਠ ਜਾਨੇ ਵਾਲੇ ਮਠੇ ਬੈਲੋ ਤੁਲਯ ਹੈ।

**ਕਾਮਿ** ਗੁ. ਕਾਮੀ, ਯਥਾ- ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ।

**ਕਾਮੀ** ਸੰ. ਇਸਤ੍ਰੀਯੋਂ ਕਾ ਅਧਿਕ ਪ੍ਰੇਮੀ, ਜੈਸੇ- ਕਾਮ ਗ੍ਰਸਿਓ ਕਾਮੀ ਨਰ ਧਾਵਤ ; ਚਕਵਾ ਪੰਛੀ ; ਕਬੂਤਰ। ਗੁ. ਕਾਮ ਕਾਰ ਵਾਲਾ ਕਾਰੀ ਵਤ ਕਾਮੀ ਭੀ ਨਾਮ ਹੈ। ਕਾਮਨਾ, ਯਥਾ- ਤਿਆਗਿ ਸਗਲ ਕਾਮੀ।

**ਕਾਮੁ ਕਰੀ** ਵਾ. ਕਾਮ ਕਰੋ, ਯਥਾ- ਕਾਮੁ ਕਰੀ ਜੇ ਠਾਕੁਰ ਭਾਵਾ। ਕਾਮ ਕਲਾ, ਯਥਾ- ਸਭ ਤਜੀ ਮਨੈ ਕੀ ਕਾਮ ਕਰਾ।

**ਕਾਮੁਕ** ਸੰ. ਚਿੜਾ ਪਛੀ ; ਕਬੂਤਰ ; ਕਾਮੀ ਪੁਰਖ ; ਅਸੋਕ ਨਾਮ ਵਾਲਾ ਬ੍ਰਿਛ।

**ਕਾਮੁਕੀ** ਸੰ. ਮੈਥੁਨ ਕੀ ਅਧਿਕ ਇਛਾ ਵਾਲੀ ਨਾਰੀ।

**ਕਾਯਉ** ਗੁ. ਸਰੀਰ, ਯਥਾ- ਕਾਯਉ ਦੇਵਾ ਕਾਇਅਉ ਦੇਵਲ। ਕਾਯਾ ਵਿਖੇ ਦੇਵ ਈਸ੍ਵਰ ਹੈ ਕਾਇਆ ਦੇਵ ਕਾ ਮੰਦਰ ਦੇਵਲ ਹੈ।

**ਕਾਯਰ** ਦੇ. ਯੁਧ ਮੇਂ ਡਰਨੇ ਵਾਲਾ।

**ਕਾਰ** ਦੇ. ਕਾਮ, ਯਥਾ- ਪੜਣਾ ਗੁੜਣਾ ਸੰਸਾਰ ਕੀ ਕਾਰ। ਕਾਲਾ, ਯਥਾ- ਕਾਰ ਕਰੀਠਾ। ਅਦਭੁਤ ਕਾਰ, ਯਥਾ- ਨਾਨਕ ਕਾਰ ਨ ਕਥਨੀ ਜਾਇ।

**ਕਾਰ ਕਰੀਠਾ** ਗੁ. ਕਾਲੇ ਸੇ ਕਾਲਾ ਭਾਵ ਬਹੁਤ ਕਾਲਾ, ਯਥਾ- ਤਿਨ ਅੰਤਰਿ ਕਾਰ ਕਰੀਠਾ।

**ਕਾਰਕ** ਸੰ. ੧. ਕਰਤਾ ੨. ਕਰਮ ੩. ਕਰਣ ੪. ਸੰਪ੍ਰਦਾਨ ੫. ਅਪਾਦਾਨ ੬. ਅਧਿਕਰਣ, ਇਨ ਖਟ ਕਾਰਕੋਂ ਮੇਂ ਧਾਤੁਯੋਂ ਸੇ ਪਰੇ ਪ੍ਰਤਯਯ ਹੋਤੇ ਹੈਂ ਬਹੁਤ ਨਾਮੋਂ ਕੇ ਅਰਥੋਂ ਮੇਂ ਪ੍ਰਤਯਯ ਵਿਖਾਵਣੇ ਹੇਤ ( ) ਐਸੇ ਚਿੰਨ ਲਿਖੇ ਜਾਵੇਂਗੇ। ਇਨ ਚਿੰਨੋਂ ਵਾਲੇ ਪਦੋਂ ਕੇ ਕਰਤਾ ਆਦਿਕ ਅਰਥ ਜਾਨ ਲੇਨੇ।

**ਕਾਰਕੁਨੀ** ਫਾ. ਕਾਮਦਾਰੀ, ਅਹਲਕਾਰੀ, ਯਥਾ- ਹਰਿ ਨਾਮੈ ਕੀ ਹਮ ਕਉ ਸਤਿਗੁਰਿ ਕਾਰਕੁਨੀ ਦੀਈ।

**ਕਾਰਗਹ** ਫਾ. ਕਾਰਖਾਨਾ। ਮਾਤ੍ਰ ਜੁਲਾਹੇ ਕਾ ਕਪੜਾ ਬੁਨਨੇ ਕਾ ਠਿਕਾਨਾ, ਯਥਾ- ਕਹਤੁ ਕਬੀਰੁ ਕਾਰਗਹ ਤੋਰੀ। ਭਾਵ ਜਬ ਪੰਚ ਕੋਸ ਰੂਪ ਕਾਰਖਾਨਾ ਦੂਰ ਕੀਆ।

**ਕਾਰਜ** ਦੇ. ਉਪਜੀ ਵਸਤੁ। ਨਯਾਯ ਮਤ ਵਾਲੇ ਉਤਪਤੀ ਸੇ ਪੂਰਬ ਨਿਖਲ ਕਾਰਜੋਂ ਕਾ ਉਨ ਕੇ ਉਪਾਦਾਨੋਂ ਮੇਂ ਅਭਾਵ ਮਾਨੇ ਹੈਂ। ਯੁਕਤੀ ਯਹ ਕਹਤੇ ਹੈਂ, ਜੇਕਰ ਉਤਪਤੀ ਸੇ ਪਹਲੇ ਅਪਨੇ ਉਪਾਦਾਨ ਮੇਂ ਕਾਰਜ ਹੋਵੇ ਤਬ ਉਸ ਕੀ ਉਤਪਤੀ ਹੇਤ ਕਾਰਣ ਸਾਮਗ੍ਰੀ ਨਾ ਗ੍ਰਹਣ ਕਰੀ ਚਾਹੀਏ। ਕਰਤੇ ਸਭੀ ਹੈਂ। ਯਾਤੇ ਅਪਨੀ ਉਤਪਤੀ ਸੇ ਪੂਰਬ ਅਪਨੇ ਉਪਾਦਾਨ ਕਾਰਣ ਮੇਂ ਕੋਈ ਵਸਤੁ ਨਹੀਂ ਰਹਤੀ। ਸਭ ਕਾ ਅਪਨੇ ਉਪਾਦਾਨ ਮੇਂ ਅਭਾਵ ਕਾ ਪ੍ਰਾਗ ਅਭਾਵ ਹੈ। ਪ੍ਰਮਾਣ ਉਸ ਅਭਾਵ ਕੀ ਸਿਧੀ ਮੇਂ ਏਤੀ ਮ੍ਰਿਤਕਾ ਮੇਂ ਘਟ ਬਨੇਗਾ, ਏਤੇ ਸੂਤ੍ਰ ਮੇਂ ਬਸਤ੍ਰ ਬਨੇਗਾ ਯਹ ਉਨ ਕਾਰਯੋਂ ਕੇ ਬਨਾਨੇ ਵਾਲੇ ਜਨੋਂ ਕਾ ਪ੍ਰਤਖ ਪ੍ਰਮਾਣ ਹੈ। ਪ੍ਰਾਗ ਅਪਨੀ ਉਤਪਤੀ ਸੇ ਪੂਰਬ ਅਪਨੇ ਕਾਰਣ ਮੇਂ ਰਹੇ ਅਪਨੇ ਅਭਾਵ ਕਾ ਨਾਮ ਪ੍ਰਾਗ ਭਾਵ ਹੈ।

ਤਿਸ ਅਭਾਵ ਵਾਲੀ ਵਸਤੁ ਮਾਤ੍ਰ ਕਾ ਕਾਰਯ ਹੈ। ਆਨ ਸਾਸਤ੍ਰੋਂ ਵਾਲੇ ਕਹਤੇ ਹੈਂ ਜੇਕਰ ਅਪਨੀ ਉਤਪਤੀ ਸੇ ਪੂਰਬ ਕਾਰਣ ਮੇਂ ਨਾ ਰਹੀ ਵਸਤੁ ਕੀ ਉਤਪਤੀ ਹੋਵੇ, ਤਬ ਬਾਲੂ ਮੇ ਨਾ ਰਹੇ ਤੇਲ ਕੀ ਭੀ ਬਾਲੂ ਸੇ ਉਤਪਤੀ ਹੋਨੀ ਚਾਹੀਏ। ਹੋਤੀ ਕਬੀ ਨਹੀਂ, ਯਾ ਤੇ ਨਾ ਰਹੀ ਵਸਤੁ ਨਹੀਂ ਉਪਜ ਸਕੇ। ਉਤਪਤੀ ਸੇ ਪੂਰਬ ਸੂਖਮ ਰੂਪ ਸੇ ਰਹੀ ਵਸਤੁ ਹੀ ਥੂਲ ਰੂਪ ਸੇ ਪ੍ਰਗਟ ਹੋਵੇ ਹੈ। ਯਾਤੇ ਉਤਪਤੀ ਸੇ ਪੂਰਬ ਨਿਖਲ ਵਸਤੁਯੋਂ ਕਾ ਅਪਨੇ ਕਾਰਣੋਂ ਮੇਂ ਭਾਵ ਹੈ, ਕਾਹੂ ਕਾ ਅਭਾਵ ਨਹੀਂ। ਇਸ ਲੀਏ ਨਯਾਯ ਮਤ ਅਸੰਗਤ ਹੈ। ਗੁਰੂ ਬਚਨ ਭੀ ਇਸ ਮਤ ਕਾ ਖੰਡਨ ਕਰੇ ਹੈ- ਆਪਿ ਸਤਿ ਸਤਿ ਸਭ ਧਾਰੀ। ਸੰ. ਕਾਰਯ।

**ਕਾਰਜ ਸਿਧਿ** ਦੇ. ਮਨੋਰਥੋਂ ਕੀ ਪੂਰਨਤਾ, ਯਥਾ- ਕਾਰਜ ਸਿਧਿ ਨ ਹੋਵਨੀ।

**ਕਾਰਣ** ਸੰ. ਜਿਸ ਬਿਨਾ ਕਾਰਜ ਨਾ ਬਨ ਸਕੇ, ਐਸੀ ਕਾਰਜ ਸੇ ਨੇਮ ਕਰ ਪੂਰਬ ਰਹਨੇ ਵਾਲੀ ਵਸਤੁ। ਕਾਰਣ ਦੋ ਪ੍ਰਕਾਰ ਕੇ ਹੈਂ ਇਕ ਨਿਮਿਤ ਦੂਸਰੇ ਉਪਾਦਾਨ। ਸ੍ਵਰੂਪ ਦੋਨੋਂ ਕੇ ਕਰਣ ਪਦ ਕੇ ਅਰਥ ਮੈਂ ਲਿਖੇ ਗਏ ਹੈਂ। ਬਧ, ਹਿੰਸਾ। ਦੇ. ਵਾਸਤੇ, ਯਥਾ- ਰੋਟੀਆ ਕਾਰਣਿ ਪੂਰਹਿ ਤਾਲ। ਪੁਨਾ- ਜਿਨ ਕਾਰਣ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ। ਗੁ. ਜੀਵ, ਯਥਾ- ਕਾਰਨੁ ਬਪੁਰਾ ਕਿਆ ਕਰੈ। ਕਾਰਜ, ਯਥਾ- ਜਿਨਿ ਕਰਤੈ ਕਾਰਣੁ ਕੀਆ। ਜਿਸ ਕਰਨੇ ਵਾਲੇ ਨੇ ਸਭ ਕਾਰਜ ਮਾਤ੍ਰ ਬਨਾਯਾ ਹੈ। ਪੁਨਾ- ਕਾਰਣੁ ਕਰਤੇ ਵਸਿ ਹੈ।

**ਕਾਰਣਿ** ਦੇ. ਹੇਤ, ਯਥਾ- ਰੋਟੀਆ ਕਾਰਣਿ ਪੂਰਹਿ ਤਾਲ। ਕਾਰਨ।

**ਕਾਰਨ ਕਰਨ** ਵਾ. ਸੰਪੂਰਣ ਕਾਰਜੋਂ ਕੇ ਕਰਨੇ ਵਾਲਾ, ਯਥਾ- ਕਾਰਨ ਕਰਨ ਕਰੀਮ।

**ਕਾਰਨੁ ਬਪੁਰਾ** ਗੁ. ਜੀਵ ਕਾ ਕੀਆ ਜਪ ਤਪਾਦਿ ਭਾਵ ਸੇ ਈਸ ਕੀ ਪ੍ਰਸੰਨਤਾ ਬਿਨਾ ਜੀਵ ਕੇ ਕੀਏ ਯਤਨ, ਯਥਾ- ਕਾਰਨੁ ਬਪੁਰਾ ਕਿਆ ਕਰੈ।

**ਕਾਰਨੇ** ਦੇ. ਪ੍ਰਾਪਤੀ ਵਾਸਤੇ, ਯਥਾ- ਰਮਈਆ ਕਾਰਨੇ।

**ਕਾਰਵੀ** ਗੁ. ਘੜੀ, ਝੱਝਰੀ, ਕਰਵੀ ਸੇ ਕਾਰਵੀ ਬਨਾ ਹੈ, ਯਥਾ- ਕਾਇਆ ਕਾਚੀ ਕਾਰਵੀ। ਦੇਹ ਕਚੀ ਘੜੀ ਵਤ ਹੈ। ਸੰ. ਉਲੂ, ਜੈਸੇ- ਦਿਨ ਮੇ ਕਾਰਵ ਅੰਧ।

**ਕਾਰ੍ਹਾ** ਪੰ. ਕਾੜ੍ਹਾ, ਤਪਨਾ, ਯਥਾ- ਕਾਰ੍ਹਾ ਤੁਝੈ ਨ ਬਿਆਪਈ। ਯਾਦੂ ਟੂਨਾ, ਜੈਸੇ- ਕੀ ਕਾਰਾ ਹੂਆ। ਸੰ. ਬੰਧਨਾਗਾਰ, ਬੰਦੀਖਾਨਾ। ਚੌਕੇ ਕੀ ਲੀਕਾਂ, ਯਥਾ- ਰੁਪੇ ਕੀਆ ਕਾਰਾ।

**ਕਾਰਿਕਾ** ਸੰ. ਸਲੋਕ ; ਨਟ ਕੀ ਇਸਤ੍ਰੀ।

**ਕਾਰੀ** ਦੇ. ਔਖਧਿ, ਯਥਾ- ਵੈਦੁ ਕਿ ਜਾਣੈ ਕਾਰੀ ਜੀਉ। ਚੌਕੇ ਕੀ ਲੀਕ, ਯਥਾ- ਕਾਰੀ ਕਢੀ ਕਿਆ ਥੀਐ। ਕਾਮ, ਯਥਾ- ਸਫਲ ਏਹਾ ਹੈ ਕਾਰੀ ਜੀਉ। ਕਾਮ ਵਾਲਾ, ਜੈਸੇ- ਯਹ ਕਾਰੀ ਆਦਮੀ ਹੈ।

**ਕਾਰੀਗਰ** ਫਾ. ਕਾਮ ਕਰਨੇ ਮੇਂ ਨਿਪੁਣ।

**ਕਾਰੀਗਰੀ** ਫਾ. ਕਾਰੀਗਰਪਨਾ।

**ਕਾਰੁਕ** ਸੰ. ਕਾਰੀਗਰ।

**ਕਾਰੈ** ਦੇ. ਕਾਮ ਮੇਂ, ਯਥਾ- ਹਰਿ ਜਨ ਕਾਰੈ ਲਾਈਐ। ਚੋਰ, ਯਥਾ- ਕਾਰੇ ਊਭੇ ਜੰਤ।

**ਕਾਲ** ਸੰ. ਸਮਾ, ਵਖਤ, ਯਥਾ- ਰਾਤੀ ਕਾਲੁ ਘਟੈ ਦਿਨਿ ਕਾਲੁ। ਧਰਮ ਰਾਜ ਕੀ, ਯਥਾ- ਕਾਲ ਫਾਸ ਜਬ ਗਲਿ ਪਰੀ। ਮ੍ਰਿਤੁ, ਯਥਾ- ਕਾਲੁ ਪਹੂਚਿਓ ਆਨਿ। ਮਹਾਕਾਲ, ਯਥਾ- ਕਉਤਕੁ ਕਾਲੁ ਬਪੁੜਾ। ਕਾਲਾ ਰੰਗ ; ਛਨਿਛਰ ਗ੍ਰਹ ; ਲੋਹਾ। ਪੰ. ਦੁਰਭਿਖ, ਅਕਾਲ, ਕਹਤ ; ਕਾਲੇ, ਯਥਾ- ਨਿੰਦਕ ਕੇ ਮੁਖ ਹੋਏ ਕਾਲ।

**ਕਾਲ ਹਈ** ਗੁ. ਕਾਲ ਕੀ ਹਤੀ, ਯਥਾ- ਸਦਾ ਸਦਾ ਕਾਲ ਹਈ।

**ਕਾਲ ਕੰਨਿਆ** ਗੁ. ਮ੍ਰਿਤੁ, ਮੌਤ, ਯਥਾ- ਕਾਲ ਕੰਨਿਆ ਗ੍ਰਾਸਤੇ। ਮ੍ਰਿਤੁ ਮਹਾਕਾਲ ਕੀ ਪੁਤ੍ਰੀ ਹੈ। ਇਸ ਲੀਏ ਨਾਮ ਕਾਲ ਕੰਨਿਆ ਹੈ। ਸੰ. ਕਾਲ ਕੰਨਯਾ।

**ਕਾਲ ਕਾ** ਗੁ. ਜਮ ਕਾ, ਯਥਾ- ਭਉ ਨਹੀ ਕਾਲ ਕਾ।

**ਕਾਲ ਗ੍ਰਸ** ਗੁ. ਕਾਲ ਕੇ ਗ੍ਰਸੇ, ਯਥਾ- ਪਰੇ ਕਾਲ ਗ੍ਰਸ ਕੂਆ।

**ਕਾਲ ਪੁਰਖੁ** ਸੰ. ਧਰਮਰਾਜ ਕਾ, ਯਥਾ- ਕਾਲ ਪੁਰਖੁ ਕਾ ਮਰਦੈ ਮਾਣੁ।

**ਕਾਲ ਬਿਕਾਲ** ਵਾ. ਮਰਨ ਜਨਮ, ਯਥਾ- ਕਾਲ ਬਿਕਾਲ ਸਬਦਿ ਭਏ ਨਾਸੁ।

**ਕਾਲ ਮੁਖਾ** ਦੇ. ਹੇ ਕਾਲੇ ਮੁਖ ਵਾਲੇ, ਯਥਾ- ਕਾਲ ਮੁਖਾ ਉਠਿ ਜਾਹੀ।

**ਕਾਲਹਿ ਖਰਨਾ** ਵਾ. ਕਾਲ ਨੇ ਲੇ ਜਾਨਾ, ਯਥਾ- ਜੋ ਦੀਸੈ ਸੋ ਕਾਲਹਿ ਖਰਨਾ।

**ਕਾਲਖ** ਦੇ. ਸਯਾਹੀ ; ਕਲੰਕ, ਜੈਸੇ- ਬਿਨ ਜਰਿ ਨਾਮ ਲਗੇ ਮੁਖ ਕਾਲਖ।

**ਕਾਲਬੂਤ** ਦੇ. ਬਨਾਵਟ ਕੀ ਸੂਰਤ, ਯਥਾ- ਕਾਲਬੂਤ ਕੀ ਹਸਤਨੀ। ਕਾਗਜ ਕੀ ਬਨਾਈ ਹਥਨੀ। ਕਾਲਬੂਤ ਕਾ ਮੂਲ ਕਲਬ ਹੈ। ਜਿਸ ਕੇ ਅਰਥ ੧. ਸੰਚਾ ੨. ਉਲਟਾ ੩. ਦਿਲ ੪. ਰਣਭੂਮੀ ੫. ਮਧ ਹੈਂ। ਪਾਂਚੋ ਮੇਂ ਈਹਾਂ ਸੰਚਾ ਰੂਪ ਬਨਾਵਟ ਅਰਥ ਹੈ, ਜੋ ਪੂਰਬ ਕੀਆ।

**ਕਾਲਰ** ਦੇ. ਊਖਰ, ਯਥਾ- ਜਿਉ ਕਾਲਰ ਭੀਤਿ ਗਿਰੀਐ।

**ਕਾਲਰ ਭੀਤਿ** ਵਾ. ਰੇਹੀ ਵਾਲੀ ਮਿਟੀ ਕੀ ਕੰਧ, ਯਥਾ- ਕਾਲਰ ਭੀਤਿ ਗਿਰੀਐ।

**ਕਾਲਰੁ ਲਾਦਸਿ** ਵਾ. ਪਦਾਰਥੋਂ ਕਾ ਪ੍ਰੇਮ। ਹੇ ਜੀਵੋਂ ! ਤੁਮਨੇ ਰਿਦੇ ਮੇਂ ਰੇਹੀ ਰੂਪ ਮੰਦ ਵਸਤੁ ਲੱਦੀ ਹੈ, ਯਥਾ- ਕਾਲਰੁ ਲਾਦਸਿ ਸਰੁ ਲਾਘਣਉ।

**ਕਾਲਿਆ** ਦੇ. ਚੋਰਾਂ ਕੇ ਅਰਥਾਤ ਖੋਟੇ ਪੁਰਖੋਂ ਕੇ, ਯਥਾ- ਕਾਲਿਆ ਕਾਲੇ ਵੰਨ।

**ਕਾਲਿਕਾ** ਸੰ. ਕਾਲੀ ਦੇਵੀ।

**ਕਾਲਿਤ੍ਰੀ** ਦੇ. ਨਾਰੀ।

**ਕਾਲੀ** ਸੰ. ਕਾਲੇ ਰੰਗ ਵਾਲੀ, ਯਥਾ- ਕਾਲੀ ਕੋਇਲ ਤੂ ਕਿਤ ਗੁਨ ਕਾਲੀ। ਅਨਜੋਕ੍ਰਿ ਹੈ, ਹੇ ਜੰਗਲ ਮੇਂ ਵਸ ਕਾਲੇ ਹੁਏ ਫਰੀਦ ! ਤੂ ਕਿਤ ਗੁਣ, ਕਿਸ ਸਬਬ ਸੇ ਕਾਲਾ ਹੋ ਰਹਿਆ ਹੈ। ਕਾਲੇ ਕੇਸੋਂ ਕੇ ਸਮੇ, ਯਥਾ- ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ। ਪਾਪ ਵਾਲੀ, ਯਥਾ- ਚਹੁ ਜੁਗੀ ਕਲਿ ਕਾਲੀ ਕਾਂਢੀ। ਪੁਨਾ- ਕਾਲੀ ਹੋਈਆ ਦੇਹੁਰੀ। ਸੰ. ਗੌਰੀ, ਕਾਲੀ ਦੇਵੀ ; ਕਾਲੀ ਨਾਗ, ਯਥਾ- ਕਾਲੀ ਨਥਿ ਕਿਆ ਵਡਾ ਭਇਆ।

**ਕਾਲੁ ਕੰਟਕੁ ਮਾਰਿ** ਵਾ. ਕਾਲ ਸਤ੍ਰੂ ਕੋ ਮਾਰ ਕੇ, ਯਥਾ- ਕਾਲੁ ਕੰਟਕੁ ਮਾਰਿ ਵਿਡਾਰਿਆ।

**ਕਾਲੁਖ ਖਨਿ** ਵਾ. ਪਾਪੋਂ ਕੋ ਪੱਟ ਕੇ, ਯਥਾ- ਕਾਲੁਖ ਖਨਿ ਉਤਾਰ।

**ਕਾਲੂ** ਅ. ਕਹਿਆ ਹੈ, ਯਥਾ- ਕਾਲੂਬਿ ਅਕਲ ਮਨ ਗੋਰ ਨ ਮਾਨੀ। ਕਾਲੁ, ਕਹਿਆ ਹੈ ਦੁਨੀਆ ਕਾ ਚਮਤਕਾਰ ਉਨਹੁ ਨੇ ਜਿਨ ਬਿਅਕਲੇ ਬੁਧੀ ਹੀਨ ਮੂਰਖੋਂ ਨੇ ਅਪਨੇ ਮਨ ਮੇਂ ਜਾਨੇ ਹੇਤ ਗੋਰ ਨਹੀਂ ਮਾਨੀ, ਜੋ ਏਕ ਦਿਨ ਗੋਰ ਮੇਂ ਜਾਨਾ ਹੈ। ਵਾ ਉਨ ਮੂਰਖੋਂ ਨੇ ਕਹਾ ਹੈ, ਜਿਨਹੁ ਨੇ ਐਸਾ ਨਹੀਂ ਜਾਨਾ, ਜੋ ਮਨ ਮੇਰੀ ਜਗਹ ਪਰਮ ਦੀਨਤਾ ਕਾ ਠਿਕਾਨਾ ਗੋਰ ਹੋਗੀ ਜਿਸ ਮੇਂ ਨਮਾਨੀ, ਨਹੀਂ ਕਛੁ ਮਾਨ ਰਹੇਗਾ।

**ਕਾਲੂਖਤ** ਗੁ. ਪਾਪ, ਯਥਾ- ਕਾਲੂਖਤ ਮੋਹ ਅੰਧਿਆਰਾ।

**ਕਾਲੂਖੀ** ਗੁ. ਕਾਲਖ, ਯਥਾ- ਜੋ ਪੈਸੈ ਕਾਲੂਖੀ ਰੇ।

**ਕਾਲੇ ਡੇਰੇ ਨੈਣ** ਵਾ. ਗਜਾਨ ਸੰਯੁਕਤ ਤੇਰਾ ਮਨ ਜਾਨ ਪੜੇ ਹੈ, ਯਥਾ- ਲੰਮਾ ਨਕੁ ਕਾਲੇ ਤੇਰੇ ਨੈਣ।

**ਕਾਲੇ ਲਿਖੁ ਨ ਲੇਖ** ਵਾ. ਕਾਲੀ ਲਿਖਤਾਂ ਨਾ ਕਰ ਭਾਵ ਦੋਖ ਵਾਲੇ ਕਾਮ ਨਾ ਕਰ, ਯਥਾ- ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।

**ਕਾਲੇਖੰ** ਗੁ. ਸਜਾਹੀ, ਯਥਾ- ਤਾ ਕੈ ਮੁਖਿ ਲਾਗੈ ਕਾਲੇਖਾ। ਪੁਨਾ- ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ।

**ਕਾਲੈ ਕਵਲੁ** ਵਾ. ਮ੍ਰਿਤ ਕੋ ਗ੍ਰਾਸ ਕਰੇ ਹੈ ਅਰਥਾਤ ਖਾਇ ਲੇਵੇ ਹੈ ਨਿਰੰਜਨ ਕਾ ਗ੍ਯਾਨ, ਯਥਾ- ਕਾਲੈ ਕਵਲੁ ਨਿਰੰਜਨੁ ਜਾਣੈ।

**ਕਾੜਾ** ਪੰ. ਤਪਨਾ।

**ਕਾੜਿਆ** ਦੇ. ਬਹੁਤ ਪਕਾਇਆ। ਸਭੀ ਤਾਪ, ਜੈਸੇ- ਮਿਟੇ ਸਭ ਕਾੜਿਆ।

**ਕਿੰ** ਸੰ. ਕਿਆ ਹੈ ਭਾਵ ਕੁਛ ਨਹੀਂ ਐਸਾ ਆਖੇਪ, ਯਥਾ- ਦਾਨੇਨ ਕਿੰ ਤਪਸਾ। ਪ੍ਰਸਨ ਪ੍ਰਮੇਸਵਰ ਕੇ ਹੋਣੇ ਮੇਂ ਕਿਆ ਪ੍ਰਮਾਣ ਹੈ ; ਨਿੰਦਿਤ, ਜੈਸੇ- ਜੋ ਨ ਸੁਨੇ ਕਥ ਹਿਤ ਕੀ ਬਾਤ। ਸੋ ਕਿੰ ਪ੍ਰਭੁ ਝੂਠ ਨਹ ਗਾਤ।

**ਕਿ** ਦੇ. ਕਿਆ, ਯਥਾ- ਕਿ ਆਖਿ ਵਖਾਣਿਆ। ਪੁਨਾ- ਕਿ ਕਾੜਿਆ। ਅਥਵਾ, ਯਥਾ- ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ। ਕਿਸ, ਯਥਾ- ਕਿ ਲੇਖੇ। ਕਿਸ ਲੇਖੇ। ਕੀ, ਯਥਾ- ਕਿ ਕਿਓਨ। ਕੀ ਕੀਤਾ। ਕੁਤਸਿਤ, ਯਥਾ- ਨਾਲਿ ਕਿਰਾੜਾ ਦੋਸਤੀ। ਸਾਥ ਕੁਤਸਿਤ ਖਤ੍ਰੀਓਂ ਕੇ ਦੋਸਤੀ ਸਪਸਟ ਅਰਥ ਕਿਰਾੜ ਨਾਮ ਸੇ ਹੋਗਾ।

**ਕਿ ਕੜਿਆ** ਗੁ. ਕਿਆ ਤਪਤਾ ਹੈ।

**ਕਿ ਕਿਓਨ** ਵਾ. ਗੁਰੂ ਨਾਨਕ ਜੀ ਨੇ ਕਿ ਕਿਓਨ- ਕੀ ਕੀਆ ਜੋ ਪੁਤ੍ਰਾਂ ਨੂੰ ਛੋਡ ਕੇ ਚੇਲਾ ਗਦੀ ਬੈਠਾਇਆ।

**ਕਿਉ** ਦੇ. ਕਿਸ ਵਾਸਤੇ, ਯਥਾ- ਕਿਉ ਨ ਹਰਿ ਕੋ ਨਾਮੁ ਲੇਹਿ। ਪ੍ਰਸ੍ਨ, ਜੈਸੇ- ਕਿਉ ਤਤੇ ਅਵਗਤੇ ਪਾਵੇ। ਨਿਖੇਧ, ਯਥਾ- ਕਿਉ ਆਵੈ ਜਾਤਾ। ਕੈਸੇ ਜਾਵੇ ਸ੍ਵਰੂਪ ਮੇਂ ਆਯਾ ਹੂਆ ਭਾਵ ਨਹੀਂ ਜਾਵੇ।

**ਕਿਉ ਆਵੈ ਜਾਤਾ** ਵਾ. ਜਬ ਪ੍ਰਮੇਸ੍ਵਰ ਜਨੋਂ ਕੇ ਚਿਤ ਮੇਂ ਗੁਰੋਂ ਕੀ ਦਯਾ ਸੇ ਆਵੇ, ਤਬ ਕਤੁ ਜਾਤਾ ਹੈ ਭਾਵ ਕਹੀ ਨਹੀ ਜਾਤਾ।

**ਕਿਉ ਕਰ** ਗੁ. ਕਿਸ ਪ੍ਰਕਾਰ।

**ਕਿਉ ਵੰਞੈ ਘਿਤਾ** ਵਾ. ਕਿਸ ਪ੍ਰਕਾਰ ਜਾਵੇ ਲੀਆ ਅਰਥਾਤ ਹੇ ਹਰੇ ਆਪ ਪਾਸ ਪਹੁਚ ਕੇ ਆਪ ਸੇ ਕੈਸੇ ਉਤਮ ਗੁਣ ਸ੍ਵਰੂਪ ਫਲ ਲੀਆ ਜਾਵੇ।

**ਕਿਆ** ਦੇ. ਆਖੇਪ ਭਾਵ ਕੁਛ ਨਹੀਂ, ਯਥਾ- ਕਿਆ ਬਨ ਮਧੇ ਬਾਸਾ। ਪੁਨਾ- ਨਾਨਕ ਕਿਆ ਮਾਨੁਖ। ਪ੍ਰਸ੍ਨ ਜੈਸੇ ਕਿਆ ਕਹਤੇ ਹੋ। ਕੌਨ ਜੈਸੇ ਈਸ੍ਵਰ ਕੇ ਹੋਣੇ ਮੇਂ ਕਿਆ ਪ੍ਰਮਾਣ ਹੈ ਭਾਵ ਪ੍ਰਤਖ ਹੈ ਵਾ ਅਨੁਮਾਨ ਹੈ।

**ਕਿਆ ਕਹੈ** ਵਾ. ਕੁਛ ਨਹੀਂ ਕਹੇ, ਯਥਾ- ਨਾਨਕੁ ਵੇਚਾਰਾ ਕਿਆ ਕਹੈ। ਭਾਵ ਕੁਛ ਨਹੀਂ ਕਹ ਸਕੇ।

**ਕਿਆ ਮਾਨੁਖ** ਵਾ. ਮਨੁਖ ਆਨੰਦ ਵਾਲਾ ਕਰਨਾ ਤੁਝੇ ਕਿਆ ਬਾਤ ਹੈ ਭਾਵ ਕੁਛ ਨਹੀਂ ਯਹ ਕੈਮੁਤਿਕ ਹੈ, ਵਾ ਕਾਕੂ ਹੈ, ਯਥਾ- ਨਾਨਕ ਕਿਆ ਮਾਨੁਖ।

**ਕਿਆੜਾ** ਦੇ. ਪਰਬਤੀ। ਕਮਰ, ਲੱਕ ; ਗਰਦਨ ਕਾ ਉਪਰਲਾ ਪਾਸਾ, ਯਥਾ- ਅਸਮਾਨਿ ਕਿਆੜਾ ਛਿਕਿਓਨੁ। ਅਕਾਸ ਸਮ ਬਿਆਪਕ ਪ੍ਰਮੇਸ੍ਵਰ ਓਰ ਗਰਦਨ ਖੈਂਚੀ ਹੈ ਅਰਥਾਤ ਪਰਮੇਸ੍ਵਰ ਓਰ ਸਨਮੁਖ ਭਏ ਹੈਂ।

**ਕਿਆੜਾ ਛਿਕਿਓਨੁ** ਵਾ. ਆਕਾਸ ਓਰ ਗਰਦਨ ਖੈਂਚੀ, ਯਥਾ- ਅਸਮਾਨਿ ਕਿਆੜਾ ਛਿਕਿਓਨੁ। ਊਪਰ ਕੋ ਗਰਦਨ ਉਠਾਈ।

**ਕਿਸ ਕਉ** ਗੁ. ਕੌਨ ਕੋ, ਯਥਾ- ਕਿਸ ਕਉ ਮੀਤੁ ਕਰੇਉ। ਵਾ. ਕਿਸ ਕੋ, ਯਥਾ- ਕਹਹਿ ਸੁਣਾਵਹਿ ਕਿਸ ਕਉ।

**ਕਿਸਨ** ਦੇ. ਨੰਦ ਨੰਦਨ ਕ੍ਰਿਸ੍ਨ ਨਾਮ ਮੋਂ ਕ੍ਰਿਸ ਔ ਨ ਦੋ ਅਵਯਵ ਹੈ। ਕ੍ਰਿਖ ਭੂ ਕਾ ਵਾਚਕ ਹੈ, ਭੂ ਸਤਾ ਵਾਚਕ ਹੈ ਯਾ ਤੇ ਕ੍ਰਿਸ ਕਾ ਅਰਥ ਸਤਾ ਹੈ। ਨ ਅਵਯਵ ਕਾ ਅਰਥ ਆਨੰਦ ਹੈ, ਜੋ ਵਸਤੁ ਸਤ ਰੂਪ ਹੈ, ਆਨੰਦ ਰੂਪ ਹੈ ਵਹੁ ਚਿਤ ਸ੍ਵਰੂਪ ਭੀ ਹੈ। ਯਾ ਤੇ ਸਚਿਦਾਨੰਦ ਪਰਮਾਤਮਾ ਕ੍ਰਿਸ੍ਨ ਪਦ ਕਾ ਅਰਥ ਹੈ ; ਪੁਨਾ ਕ੍ਰਿਖ ਪਦ ਕਾ ਅਰਥ ਬਿਦਾਰਨ ਕਰਨਾ ਹੈ ਯਾ ਤੇ ਭਕਤੋਂ ਕੇ ਦੁਖ ਬਿਦਾਰਨ ਕਰਨੇ ਵਾਲਾ ਪਰਮਾਤਮਾ ਕ੍ਰਿਸ੍ਨ ਪਦ ਕਾ ਅਰਥ ਹੈ ; ਕ੍ਰਿਖ ਪਦ ਕਾ ਅਰਥ ਖੈਂਚਨਾ ਹੈ ਯਾ ਤੇ ਭਗਤੋਂ ਕੇ ਮਨ ਖੈਂਚਨੇ ਵਾਲਾ ਪਰਮਾਤਮਾ ਕ੍ਰਿਸ੍ਨ ਪਦ ਕਾ ਅਰਥ ਹੈ ; ਪੁਨਾ ਕ੍ਰਿਸ੍ਨ ਪਦ ਕਾ ਅਰਥ ਕਾਲਾ ਰੰਗ ਹੈ। ਤਿਸ ਗੁਣ ਵਾਲਾ ਸਗੁਣ ਪਰਮਾਤਮਾ ਕ੍ਰਿਸ੍ਨ ਨਾਮ ਕਾ ਅਰਥ ਹੈ ਜੋ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ਪਾਠ ਮੋਂ ਕਹਜਾ ਹੈ। ਸੰ. ਕ੍ਰਿਸ੍ਨ।

**ਕਿਸੁ** ਕਿਸ ਨੂੰ, ਯਥਾ- ਕਿਸੁ ਹਉ ਸੇਵੀ।

**ਕਿਸੋਰ** ਸੰ. ਸੋਲਾ ਬਰਸ ਤਾਈਂ ਬਾਲਕ ਕੀ ਯਹ ਸੰਗਜਾ ਹੈ। ਇਸ ਸੇ ਪੂਰਬ ਦਸ ਤਾਈ ਪੌਗੰਡ ਸੰਗਜਾ ਹੈ।

**ਕਿਹ ਸੰਜਮ** ਵਾ. ਕੌਨ ਸੰਯਮ ਸੇ, ਜੈਸੇ- ਕਿਹ ਸੰਜਮ ਹਰਿ ਮਿਲੇ ਪਿਆਰੋ।

**ਕਿਹਾਰੀ** ਗੁ. ਕੇਹੜੀ ਅਰਥਾਤ ਕੌਨ ਸੀ ਹੈ, ਯਥਾ- ਓਇ ਪਲ ਘਰੀ ਕਿਹਾਰੀ।

**ਕਿਹਿ** ਦੇ. ਪ੍ਰਸਨ ; ਕਿਸ ਪ੍ਰਕਾਰ, ਯਥਾ- ਕਿਹਿ ਬਿਧਿ ਲਖਉ ਗੁਸਾਈ।

**ਕਿਹਿ ਬਿਧਿ** ਵਾ. ਕੈਸੇ, ਯਥਾ- ਮਾਈ ਮੈ ਕਿਹਿ ਬਿਧਿ ਲਖਉ ਗੁਸਾਈ। ਕਿਸ ਪ੍ਰਕਾਰ ਭਾਵ ਕੌਨ ਸਾਧਨ ਸੇ।

**ਕਿਹੁ** ਦੇ. ਕਛ, ਯਥਾ- ਜੇ ਕਿਹੁ ਹੋਇ ਤ ਕਿਹੁ ਦਿਸੈ। ਪੁਨਾ- ਕੋਈ ਕਿਹੁ ਆਖਉ। ਪੁਨਾ- ਦਿਖਾ ਕਿਨੈ ਕਿਹੁ ਆਣਿ ਚੜਾਇਆ।

**ਕਿੰਕਨੀ** ਸੰ. ਤੜਾਗੀ, ਕਾਂਚੀ ਜੋ ਮਾਰਵਾੜ ਦੇਸ ਮੋਂ ਇਸਤਰੀ ਪੁਰਖ ਪਹਨਤੇ ਹੈਂ। ਇਸਤ੍ਰੀਯੋਂ ਕੀ ਕਿੰਕਨੀ ਅਵਾਜ ਵਾਲੀ ਹੋਤੀ ਹੈ ਜਿਸੇ ਮਦ੍ਰ ਦੇਸ ਮੋਂ ਬਾਲਕ ਭੀ ਪਹਰਤੇ ਹੈਂ ਜਿਸ ਕੀ ਓਰ ਖਿਆਲ ਕਰ ਕ੍ਰਿਸ੍ਨ ਜੀ ਕੀ ਪ੍ਰਸੰਸਾ ਮੋਂ ਲਿਖਾ ਹੈ, ਯਥਾ- ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।

**ਕਿਕਰਿ** ਪੰ. ਬੰਬੂਲ, ਯਥਾ- ਕਿਕਰਿ ਬੀਜੈ ਜਟੂ। ਕਿਸ ਤਰਾਂ, ਜੈਸੇ- ਏਹ ਕੰਮ ਕਿਕਰ ਕਰੀਏ।

**ਕਿੰਕਰੀ** ਦੇ. ਦਾਸਪਨਾ ; ਕਿਆ ਕਰਤੀ ਹੈ ਸਖੀਏ ਬਿਕਾਰ, ਯਥਾ- ਕਿੰਕਰੀ ਬਿਕਾਰ। ਦੇਖੁ ਰੀ ਬੀਚਾਰ। ਸੰ. ਦਾਸੀ।

**ਕਿੰਕੁਰੀ** ਦੇ. ਇਕ ਤਾਰੀ, ਚੰਡਾਲ ਬੀਣਾ, ਯਥਾ- ਕਿੰਕੁਰੀ ਅਨੂਪ ਵਾਜੈ।

**ਕਿਕੂ** ਪੰ. ਕਿਸ ਤਰਹ, ਯਥਾ- ਤਿਸ ਦੀ ਕੀਮਤਿ ਕਿਕੂ ਹੋਇ।

**ਕਿਚਰੁ** ਪੰ. ਕੇਤਾ ਚਿਰ, ਯਥਾ- ਕਿਚਰੁ ਝਤਿ ਲਘਾਈਐ। ਸੰ. ਕਿਯਤਚਿਰ।

**ਕਿੰਚਿਤ** ਸੰ. ਥੋੜੀ ਸੀ, ਯਥਾ- ਖਿਨੁ ਕਿੰਚਿਤ ਕ੍ਰਿਪਾ ਕਰੀ।

**ਕਿਛੁ** ਦੇ. ਕਛ, ਯਥਾ- ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ। ਜੋ ਕਾਰਜ ਮਾਤ ਕੋ ਕਰਤਾ ਹੈ ਸੋ ਭੀ ਕੋਈ ਹੈ।

**ਕਿਛੁ ਨੀਸੀ** ਗੁ. ਕਿਸੇ ਕੀ ਨਹੀਂ ਸੀ, ਯਥਾ- ਕਿਛੁ ਨੀਸੀ ਛੰਦਾ। ਕਿਸੇ ਕੀ ਨਹੀਂ ਥੀ ਮੁਛੰਦਗੀ ਭਾਵ ਅਧੀਨਗੀ।

**ਕਿਜੇਹਾ** ਗੁ. ਕੇਹਾ ਜੇਹਾ, ਕਿਸ ਤਰਹ ਕਾ ਸੁੰਦ੍ਰ, ਯਥਾ- ਮੁਖੁ ਕਿਜੇਹਾ ਤਉ ਧਣੀ।

**ਕਿਝੁ** ਪੰ. ਕੁਛ, ਯਥਾ- ਕਿਝੁ ਨ ਬੁਝੈ ਕਿਝੁ ਨ ਸੁਝੈ।

**ਕਿਤ ਗੁਣ** ਵਾ. ਕੌਣ ਗੁਨ ਸੇ, ਯਥਾ- ਕਾਲੀ ਕੋਇਲ ਤੂ ਕਿਤ ਗੁਨ ਕਾਲੀ।

**ਕਿਤੜੀ** ਪੰ. ਮੁ. ਕੇਤੀ।

**ਕਿਤੰੀ** ਗੁ. ਕੇਤੇ, ਯਥਾ- ਕਿਤੰੀ ਇਤੁ ਦਰੀਆਇ ਵੰਞਨਿ ਵਹਦਿਆ।

**ਕਿਤੁ** ਦੇ. ਕਿਸ, ਯਥਾ- ਕਿਤੁ ਬਿਧਿ ਪੁਰਖਾ ਜਨਮੁ ਵਟਾਇਆ। ਕੀਰਤਨ ਸੇ, ਯਥਾ- ਕਿਉ ਪਾਈਐ ਕਿਤੁ ਭਤਿ। ਕੈਸੇ ਪਾਈਏ, ਪ੍ਰਭੂ ਕਾ ਕੀਰਤਨ ਭਕ੍ਰੀ ਰੀਤ ਸੇ ਪਾਈਏ ਉਤਰ ਹੈ। ਕਿਉ, ਯਥਾ- ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।

**ਕਿਤੁ ਬਿਧਿ** ਵਾ. ਕਿਸ ਪ੍ਰਕਾਰ, ਯਥਾ- ਕਿਤੁ ਬਿਧਿ ਪੁਰਖਾ ਜਨਮੁ ਵਟਾਇਆ।

**ਕਿੰਤੇ** ਗੁ. ਕੇਤੇ, ਯਥਾ- ਕਿੰਤੇ ਨਾਮਾ ਅੰਤੁ ਨ ਜਾਣਿਆ।

**ਕਿਤੈ** ਦੇ. ਕਾਹੂ, ਯਥਾ- ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ।

**ਕਿਤੈ ਹਾਲਿ** ਵਾ. ਮਾੜੇ ਹਾਲ, ਮੰਦ ਦਸਾ ਮੇਂ, ਕਲਜੁਗ ਮੇਂ, ਯਥਾ- ਫਿਰਦਾ ਕਿਤੈ ਹਾਲਿ।

**ਕਿਤੋ** ਗੁ. ਕੀਆ ਹੈ, ਯਥਾ- ਨਾਨਕ ਸਖਾ ਜੀਅ ਸੰਗਿ ਕਿਤੋ। ਕਿਤੋਂ ; ਕੀਆ, ਯਥਾ- ਇਹੁ ਮਨੁ ਵਸਿ ਕੀਤਾ।

**ਕਿਥਾਊ** ਵਾ. ਕਿਸ ਥਾਨ, ਯਥਾ- ਰਹਣੁ ਕਿਥਾਊ ਨਾਹਿ।

**ਕਿਥੈ** ਪੰ. ਕਹਾ, ਯਥਾ- ਕਿਥੈ ਤੈਡੇ ਮਾਪਿਆ। ਪੁਨਾ- ਕਿਥੈ ਵੰਞਾ ਘਤਿ। ਕਹਾ ਜਾਵਾ ਗੇਰ ਕੇ।

**ਕਿਦੂ** ਪੰ. ਕਹਾ ਤੇ, ਯਥਾ- ਕਿਦੂ ਥਾਵਹੁ ਹਮ ਆਏ।

**ਕਿਨਹੀ** ਦੇ. ਕਾਹੂ ਨੇ, ਯਥਾ- ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ। ਅਪਾਮਾਰਗ ਬੂਟੀ। ਸੰ. ਕਿਣਹੀ।

**ਕਿਨਹੂ** ਦੇ. ਕਾਹੂੰ ਨੇ, ਯਥਾ- ਕਿਨਹੂ ਲਾਖ ਪਾਂਚ ਕੀ ਜੋਰੀ।

**ਕਿਨਕਾ** ਦੇ. ਕਣਕਾ, ਰੰਚਕ, ਯਥਾ- ਕਿਨਕਾ ਏਕ ਜਿਸੁ ਜੀਅ ਬਸਾਵੈ। ਪੁਨਾ- ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ।

**ਕਿਨਾਹ** ਗੁ. ਕਿਨ ਕਾ ਹੈ, ਯਥਾ- ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ।

**ਕਿਨਿ** ਦੇ. ਕਿਸ, ਯਥਾ- ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ।

**ਕਿਨਿ ਉਵਟੀਐ** ਵਾ. ਕਿਸ ਨੇ ਉਬਾਰੀਐ, ਯਥਾ- ਕਉਣੁ ਹਾਰੇ ਕਿਨਿ ਉਵਟੀਐ। ਉਬਟਨਾ ਜੀਤਨਾ ਹੈ।

**ਕਿਨੇਹਿਆ** ਵਾ. ਕੈਸੇ ਹੈਂ, ਯਥਾ- ਸੇ ਕਿਨੇਹਿਆ।

**ਕਿਨੇਹੀ** ਗੁ. ਕੈਸੀ, ਯਥਾ- ਏਹ ਕਿਨੇਹੀ ਚਾਕਰੀ!

**ਕਿਨੈ** ਦੇ. ਕਿਸੇ ਨੇ, ਯਥਾ- ਕਿਨੈ ਨ ਪਰਚਾ ਲਾਇਆ।

**ਕਿਬਲਾ** ਅ. ਨਿਮਾਜ਼ ਸਮੇ ਜਿਸ ਕੀ ਤਰਫ ਮੂਹ ਕਰਤੇ ਹੈਂ ਵਹੁ ਮੱਕੇ ਕਾ ਕੋਟ, ਯਥਾ- ਮਨੁ ਕਰਿ ਮਕਾ ਕਿਬਲਾ ਕਰਿ ਦੇਹੀ।

**ਕਿਮ** ਦੇ. ਕਿਸ ਪ੍ਰਕਾਰ।

**ਕਿਰਸ** ਦੇ. ਖੇਤੀ, ਯਥਾ- ਜਮੁ ਚੂਹਾ ਕਿਰਸ ਨਿਤ ਕੁਰਕਦਾ। ਪੁਨਾ- ਨਾ ਕੋ ਕਿਰਸ ਕਰੇਇ।

**ਕ੍ਰਿਸ਼ਾ** ਦੇ. ਮਾਯਾ ਸਕਤੀ। ਮਾਯਾ ਮੇਂ ਇਸ ਨਾਮ ਕੇ ਵਰਤਨ ਮੇਂ ਯਹ ਬੀਜ ਹੈ। ਸਤੋ ਗੁਣ ਸੁਕਲ ਰੰਗ ਹੈ, ਰਜੋ ਗੁਣ ਲਾਲ ਰੰਗ ਹੈ, ਤਮੋ ਗੁਣ ਕਾਲਾ ਰੰਗ ਹੈ ਤਾ ਕੇ ਪ੍ਰਭਾਵ ਸੇ ਮਾਯਾ ਕਾ ਨਾਮ ਕ੍ਰਿਸ਼ਾ ਹੈ। ਜੋ ਪ੍ਰਤਿਪਾਦਨ ਕੀਆ ਹੈ, ਯਥਾ- ਕ੍ਰਿਸ਼ਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ। ਮਾਯਾ ਤੇ ਜਾਨੋ ਜੋ ਨਾਨਾ ਭਾਂਤ ਕੀ ਬਨ ਰਹੀ ਨਾਚਨਾ, ਰਚਨਾ।

**ਕਿਰਸਾਣੀ** ਦੇ. ਖੇਤੀ, ਯਥਾ- ਮਨੁ ਹਾਲੀ ਕਿਰਸਾਣੀ ਕਰਣੀ। ਕ੍ਰਿਸਾਣ ਕੀ ਕਾਰ, ਯਥਾ- ਕਿਰਸਾਣੀ ਕਿਰਸਾਣੁ ਕਰੇ।

**ਕਿਰਸਾਣੁ** ਦੇ. ਖੇਤੀ ਕਰਨੇ ਵਾਲਾ, ਯਥਾ- ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ।

**ਕ੍ਰਿਸਾਨਵਾ** ਦੇ. ਪ੍ਰ. ਪਾਂਚੋ ਗਿਆਨ ਇੰਦ੍ਰੀ ਰੂਪ ਕ੍ਰਿਸਾਨ, ਯਥਾ- ਪੰਚ ਕ੍ਰਿਸਾਨਵਾ ਭਾਗਿ ਗਏ।

**ਕਿਰਖਾ** ਗੁ. ਖੈਂਚੇ, ਕਾਟੇ, ਯਥਾ- ਸਭਿ ਕਿਲਵਿਖ ਕ੍ਰਿਖਾ। ਪੁਨਾ- ਕਿਰਖਾ ਕਰੇ। ਕਾਟਨਾ ਕਰੇ।

**ਕਿਰਖੈ** ਦੇ. ਖੇਤੀ ਮੇਂ, ਯਥਾ- ਜਿਉ ਕਿਰਖੈ ਹਰਿਆਇਓ ਪਸੂਆ।

**ਕਿਰਣਿ** ਦੇ. ਕਿਰਣੋਂ ਵਾਲਾ ਸੂਰਜ, ਯਥਾ- ਸਰਵਰਿ ਕਮਲੁ ਕਿਰਣਿ ਆਕਾਸੀ। ਸੂਰਜ ਕੀ ਰਸਮ, ਯਥਾ- ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ। ਗ੍ਯਾਨ ਸਵਰੂਪ ਸੂਰਜ ਕੀ, ਆਨੰਦ ਕੇ ਆਕਾਰ ਜਬ ਰਿਸਮ ਪਸਰੀ ਤਬ ਹਿਰਦਾ ਕਮਲ ਖਿੜਾ। ਸਾਧਨ ਵੈਸੀ ਰਿਸਮ ਕੇ ਪਸਰਨ ਕਾ ਚੰਦ ਕੀ ਸੂਰ ਮੇਂ ਸੂਰਜ ਕੀ ਸੁਰ ਕਾ ਸਮਾਵਨ ਰੂਪ ਕੀਆ।

**ਕਿਰਣੀ** ਸੰ. ਕਿਰਣੋਂ ਵਾਲਾ ਸੂਰਜ। ਗੁ. ਨਹਰ, ਜੈਸੇ- ਸਾਤ ਸਮੁੰਦ ਜਾ ਕੀ ਹੈ ਕਿਰਣੀ।

**ਕ੍ਰਿਤ** ਸੰ. ਸਤਜੁਗ ; ਕੀਆ ਕਰਮ, ਯਥਾ- ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ। ਅਲੰ. ਪੂਰਣ, ਜੈਸੇ- ਹਮ ਏਤੇ ਭੋਜਨ ਸੇ ਕ੍ਰਿਤ ਹੈ। ਫਲ ; ਰਚਿਤ।

**ਕਿਰਤ ਸੰਜੋਗੀ** ਵਾ. ਕੀਏ ਕਰਮੋਂ ਕੇ ਬਲ ਸੇ, ਯਥਾ- ਕਿਰਤ ਸੰਜੋਗੀ ਪਾਇਆ ਭਾਲਿ।

**ਕਿਰਤ ਕਿਰਤ** ਦੇ. ਕਰਲੀਆ ਹੈ ਕਰਣੇ ਯੋਗਯ ਕਾਮ ਜਿਸ ਨੇ ਐਸਾ। ਸੰ. ਕ੍ਰਿਤਕ੍ਰਿਤ੍ਯ।

**ਕਿਰਤਨਿ** ਗੁ. ਕਾਮੋਂ ਮੇਂ, ਯਥਾ- ਕਿਰਤਨਿ ਜੁਰੀਆ।

**ਕਿਰਤਮ** ਦੇ. ਕਰਮਾਂ ਕੇ ਅਨੁਸਾਰ ਬਨੇ, ਯਥਾ- ਕਿਰਤਮ ਨਾਮ ਕਥੇ ਤੇਰੇ ਜਿਹਬਾ। ਮਧੁ ਰਾਖਸ ਕੇ ਸੂਦਨ ਮਾਰਨ ਸੇ ਮਧੁਸੂਦਨ ਨਾਮ ਹੈ। ਦਾਮ ਰਜੂ ਸੇ ਪੇਟ ਬੰਧਵਾਨੇ ਕੇ ਨਿਮਿਤ ਦਾਮੋਦਰ ਨਾਮ ਹੈ।

**ਕਿਰਤਾਏ** ਗੁ. ਏਹੁ ਕਿਰਤ, ਯਥਾ- ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ।

**ਕ੍ਰਿਤਾਰਥ** ਦੇ. ਮੁਕਤੇ, ਜੈਸੇ- ਗੁਰ ਭੇਟਤ ਭਏ ਕ੍ਰਿਤਾਰਥ।

**ਕਿਰਤਿ** ਦੇ. ਕੀਏ ਕਰਮ ਕੇ ਸੰਜੋਗ ਸੇ, ਯਥਾ- ਕਿਰਤ ਸੰਜੋਗੀ। ਪੁਨਾ- ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ। ਕੀਏ ਕਰਮੋਂ ਕੇ ਪ੍ਰਭਾਵ ਸੇ ਬਿਛੜੇ ਜਨੋਂ ਕੋ ਕ੍ਰਿਪਾ ਕਰ ਹੇ ਹਰੇ ! ਮੇਲੋ।

**ਕਿਰਤਿ ਕਰਮ** ਵਾ. ਕੀਏ ਕਰਮੋਂ ਕੇ ਪ੍ਰਭਾਵ ਸੇ, ਯਥਾ- ਕਿਰਤਿ ਕਰਮ ਕੇ ਵੀਛੁੜੇ।

**ਕ੍ਰਿਤੀ** ਸੰ. ਚਤੁਰ ; ਪੰਡਿਤ ; ਯੋਗਯ ; ਪੁਨਯਵਾਨ ; ਸਾਧੂ ; ਕ੍ਰਿਤਾਰਥ, ਸਿਧ ਭਏ ਪ੍ਰਯੋਜਨ ਵਾਲਾ। ਗੁ. ਧਰਮ ਕੀ ਕਮਾਈ ਕਰਨੇ ਵਾਲਾ ਯੋਗਯ ਪੁਰਖ, ਜੈਸੇ- ਕ੍ਰਿਤੀ ਸਿਖਯ।

**ਕ੍ਰਿਤੁਆ** ਗੁ. ਕੀਆ, ਯਥਾ- ਕਲੀ ਕਰਮ ਕ੍ਰਿਤੁਆ।

**ਕਿਰਦਾਰ** ਫਾ. ਕਾਰ ਔਰ ਅਮਲ, ਯਥਾ- ਕਾਇਆ ਕਿਰਦਾਰ ਅਉਰਤ ਯਕੀਨਾ।

**ਕਿਰਪੰਗਨਾ** ਗੁ. ਕ੍ਰਿਪਾ, ਯਥਾ- ਸੋ ਬੂਝੈ ਜਿਸੁ ਕਿਰਪੰਗਨਾ।

**ਕ੍ਰਿਪਛੇ** ਗੁ. ਕ੍ਰਿਪਾ, ਯਥਾ- ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ।

**ਕ੍ਰਿਪਣੇ** ਗੁ. ਕ੍ਰਿਪਾ, ਯਥਾ- ਹਰਿ ਦੇਵਹੁ ਕਰਿ ਕ੍ਰਿਪਣੇ।

**ਕਿਰਪੰਤ** ਗੁ. ਕ੍ਰਿਪਾ ਤੇ, ਯਥਾ- ਕਿਰਪੰਤ ਹਰੀਐਂ ਮਤਿ ਤਤੁ ਗਿਆਨੰ। ਹਰਿ ਕੀ ਕ੍ਰਿਪਾ ਸੇ ਬੁਧੀ ਮੇਂ ਤਤ੍ਵ ਗਜਾਨ ਹੋਤਾ ਹੈ।

**ਕਿਰਪਨ** ਸੰ. ਸੂਮ, ਉਦਾਰਤਾ, ਗੁਣਹੀਨ ਧਨੀ ; ਆਤਮ ਬਿਚਾਰਹੀਨ ਅਗ੍ਯਾਨੀ ; ਦੀਨ ਕੋ, ਯਥਾ- ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ।

**ਕਿਰਪਨ** ਦੇ. ਸੂਮ, ਜੋੜੂ, ਯਥਾ- ਸੋਹਾਗਨਿ ਕਿਰਪਨ ਕੀ ਪੂਤੀ। ਪੁਨਾ- ਕਈ ਕੋਟਿ ਕਿਰਪਨ ਕਠੋਰ। ਪੁਨਾ- ਬਹੁਤੇ ਫੇਰ ਪਏ ਕਿਰਪਨ ਕਉ।

**ਕ੍ਰਿਪਫਾ** ਗੁ. ਕ੍ਰਿਪਾ, ਯਥਾ- ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ।

**ਕ੍ਰਿਪਲੇ** ਗੁ. ਕ੍ਰਿਪਾ, ਯਥਾ- ਧਾਰੀ ਹਰਿ ਕ੍ਰਿਪਲੇ।

**ਕ੍ਰਿਪਾ** ਦੇ. ਦਯਾ, ਕ੍ਰਿਪਾ, ਯਥਾ- ਕਰਹੁ ਕ੍ਰਿਪਾ ਜਗਜੀਵਨ ਦਾਤੇ।

**ਕਿਰਪਾਏ** ਗੁ. ਕ੍ਰਿਪਾਲ ਹੈ, ਯਥਾ- ਭਗਤਿ ਵਛਲੁ ਕਿਰਪਾਏ।

**ਕਿਰਪਾਸ** ਗੁ. ਕ੍ਰਿਪਾਲ ਨੇ, ਯਥਾ- ਪ੍ਰਭਿ ਕ੍ਰਿਪਾ ਕਰੀ ਕਿਰਪਾਸ।

**ਕਿਰਪਾਧਿ** ਗੁ. ਕ੍ਰਿਪਾਲ, ਯਥਾ- ਹੋ ਹੋ ਗੁਰ ਕਿਰਪਾਧਿ।

**ਕਿਰਪਾਨ** ਗੁ. ਕ੍ਰਿਪਾਲੂ, ਯਥਾ- ਹਰਿ ਹੋ ਹੋ ਕਿਰਪਾਨ। ਗੁ. ਸੰਕੇਤ ਮੇਂ ਕਰਦ।

**ਕਿਰਪਾਨਦ** ਗੁ. ਹੇ ਕ੍ਰਿਪਾ ਨਿਧਿ, ਯਥਾ- ਦੀਜੈ ਸਾਧਸੰਗਤਿ ਕਿਰਪਾਨਦ। ਹੇ ਕ੍ਰਿਪਾ ਕੇ ਨਦ ਨਿਧਿ ਭਾਵ ਸਮੁਦ੍ਰ।

**ਕ੍ਰਿਪਾਰੀ** ਗੁ. ਕ੍ਰਿਪਾ।

**ਕਿਰਪਾਰੀਆ** ਗੁ. ਕ੍ਰਿਪਾ, ਯਥਾ- ਸੋਈ ਹੋਏ ਭਗਤ ਜਿਨਾ ਕਿਰਪਾਰੀਆ।

**ਕ੍ਰਿਪਾਲ** ਦੇ. ਕ੍ਰਿਪਾ ਵਾਲਾ। ਸੰ. ਕ੍ਰਿਪਾਲੁ, ਯਥਾ- ਭਏ ਕ੍ਰਿਪਾਲ ਸੁਆਮੀ ਮੇਰੇ।

**ਕਿਰਪਾਵਤ** ਗੁ. ਕ੍ਰਿਪਾ ਵਾਲੇ ਪ੍ਰਮੇਸ੍ਵਰ, ਯਥਾ- ਪੂਰਿ ਰਹੇ ਕਿਰਪਾਵਤ।

**ਕਿਰਪੀਸ** ਗੁ. ਕ੍ਰਿਪਾਲੁ।

**ਕਿਰਪੇਨ** ਗੁ. ਕਿਰਪਾਲ, ਯਥਾ- ਪ੍ਰਭ ਭਏ ਹੈ ਕਿਰਪੇਨ। ਕ੍ਰਿਪਾਲਾ। ਪੁਨਾ- ਤਿਨਿ ਪਾਇਓ ਜਿਸੁ ਕਿਰਪੈਨ। ਕ੍ਰਿਪਾ।

**ਕਿਰਮ** ਫਾ. ਛੋਟੇ ਜੀਵ, ਕੀੜੇ, ਯਥਾ- ਹਮ ਕੀਰੇ ਕਿਰਮ ਸਤਿਗੁਰ ਸਰਣਾਈ।

**ਕਿਰਮਾਇਣ** ਗੁ. ਕਿਰਮ ਤੁਲਜ ਦਾਸੋ ਪੈ।

**ਕਿਰਾਖੀ** ਗੁ. ਦੂਰ ਕਰੀ, ਯਥਾ- ਸੁਰਜ ਰੈਣਿ ਕਿਰਾਖੀ।

**ਕਿਰਾਮ** ਅ. ਬਹੁ ਵਚਨ ਹੈ ਕਰੀਮ ਕਾ ਅਰਥਾਤ ਬਖਸਸ ਕਰਨੇ ਵਾਲੇ ਸਖੀ ਲੋਗ।

**ਕਿਰਾੜਾ** ਪੰ. ਖੋਟੇ ਖਤ੍ਰੀਆਂ ਕੇ, ਯਥਾ- ਨਾਲਿ ਕਿਰਾੜਾ ਦੋਸਤੀ। ਕਿੰ ਖੋਟੇ ਕਾ ਨਾਮ ਹੈ, ਰਾੜ ਰਾਜ ਸਬਦ ਸੇ ਬਨਾ ਖਤ੍ਰੀ ਕਾ ਨਾਮ ਹੈ, ਦੋਨੋ ਪਦ ਮਿਲ ਕੇ ਖੋਟਾ ਖਤ੍ਰੀ ਅਰਥ ਹੈ। ਖਤ੍ਰੀ ਲੋਗੋਂ ਕਾ ਨਾਮ ਕਿਰਾੜ ਇਸ ਲੀਏ ਪੜਾ ਇਨਹੁ ਨੇ ਸਸਤ੍ਰ ਬ੍ਰਿਤੀ ਤਜਾਗ ਬੈਸਜ ਬ੍ਰਿਤੀ ਬਨਜ ਕਰਨਾ ਸ੍ਵੀਕਾਰ ਕੀਆ। ਖਤ੍ਰੀ ਬਨੀਯੋਂ ਤੁਲਜ ਬਜਵਹਾਰ ਦੇਖ ਅਨਜਾਨ, ਬਨੀਯੋਂ ਕੋ ਭੀ ਕਿਰਾੜ ਕਹ ਦੇਤੇ ਹੈਂ। ਤਉ ਭੀ ਉਨ ਮੇਂ ਯਹ ਨਾਮ ਸਹੀ ਨਹੀਂ, ਕਿਉਂਕੇ ਉਨ ਕੇ ਬੈਸਜ ਔ ਬਨਕ ਨਾਮ ਹੈਂ ਰਾਜ ਨਹੀਂ। ਕਿੰਰਾਟ ਕਿੰਰਾੜ ਦੋ ਕਿਰਾੜ ਨਾਮ ਕਾ ਮੂਲ ਹੈਂ।

**ਕਿਰਿਆ** ਦੇ. ਉਪਾਯ ; ਚੇਸ੍ਟਾ, ਹਿਤ ਕੀ ਪ੍ਰਾਪਤੀ ਅਹਿਤ ਕੇ ਪਰਿਹਾਰ ਹੇਤ ਕਾਂਮ ਕਰਨਾ ; ਆਰੰਭ ; ਕਰਮ ; ਇੰਦ੍ਰਯੋਂ ਕੇ ਬਜਾਪਾਰ ਜੈਸੇ ਆਂਖ ਕਾ ਦੇਖਨਾ ਕਾਨ ਕਾ ਸੁਨਨਾ ; ਪਾਚਕਾਦਿ ਸਬਦੋਂ ਕਾ ਪ੍ਰਬ੍ਰਿਤਿ ਨਿਮਿਤ ਜੈਸੇ ਪਕਾਵਨ ਕ੍ਰਿਆ ਪੁਰਖ ਮੇਂ ਪਾਚਕ ਨਾਮ ਕੇ ਵਰਤਨ ਮੇਂ ਨਿਮਿਤ ਹੈ, ਪੜਨਾ ਕ੍ਰਿਆ ਪਾਠਕ ਨਾਮ ਕੇ ਵਰਤਨ ਮੇਂ ਨਿਮਿਤ ਹੈ ; ਪੂਜਾ ; ਸਿਖਿਆ ; ਚਿਕਿਤਸਾ, ਰੋਗ ਕੇ ਨਾਸ ਕਰਨ ਕਾ ਉਪਾਯ ਕਰਨਾ ; ਗਰਭਾਧਾਨਾਦਿ ਦਸ ਸੰਸਕਾਰ ਜੋ ਮਨੁ ਸਿੰਮ੍ਰਿਤੀ ਮੇਂ ਲਿਖੇ ਹੈਂ, ਯਥਾ- ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ। ਗਵਾਹੋਂ ਸੇ ਲਿਖਿਤ ਕਰਾਵਨ ਰੂਪ ਬਜਵਹਾਰ ਕਾ ਤੀਜਾ ਪਾਦ ; ਫਲ ਔ ਬਜਾਪਾਰ ਸ੍ਵਰੂਪ ਧਾਤੁ ਕੇ ਅਰਥ ਕ੍ਰਿਯਾ ਵਾਚਕ ਸਬਦ ਈਹਾਂ ਧਾਤੁ ਲੇਨੇ ਜਿਨ ਕਾ ਨਾਮ ਫਾਰਸੀ ਮੇਂ ਮਸਦਰ ਹੈ ; ਮਰੇ ਕੇ ਨਾਮ ਸੇ ਪਿੰਡਾਦਿ ਦੇਨੇ। ਪੰ. ਗਿਰਿਆ, ਜੈਸੇ- ਅੰਬ ਕਿਰਿਆ, ਚਿੱਭੜ ਕਿਰਿਆ, ਖਰਬੂਜਾ ਕਿਰਿਆ।

**ਕਿਰਿਆਚਾਰ** ਵਾ. ਕ੍ਰਿਯਾ ਸੰ. ਸੁੰਦਰ, ਯਥਾ- ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ।

**ਕਿਲ** ਸੰ. ਨਿਸਚੇ। ਪੰ. ਮੇਖ, ਕੀਲ।

**ਕਿਲੋਲ** ਦੇ. ਤਰੰਗ। ਸੰ. ਕਲੋਲ।

**ਕਿਵ** ਦੇ. ਕਿਸ ਪ੍ਰਕਾਰ, ਕਿਵੇ, ਯਥਾ- ਕਿਵ ਕਰਿ ਆਖਾ ਕਿਵ ਸਾਲਾਹੀ।

**ਕਿਵਾਰ** ਦੇ. ਕਿਵਾੜ ਭਾਵ ਸੇ ਪਾਂਚ ਕੋਸ, ਯਥਾ- ਦਰਸਨੁ ਦੀਜੈ ਖੋਲ੍ਹਿ ਕਿਵਾਰ।

**ਕਿਵਾਰੀ** ਦੇ. ਤਖਤੇ, ਕਪਾਟ, ਯਥਾ- ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ।

**ਕਿਵਾੜ** ਪੰ. ਤਖਤੇ, ਯਥਾ- ਕਹੁ ਨਾਨਕ ਭ੍ਰਮ ਕਟੇ ਕਿਵਾੜਾ। ਜੈਸੇ- ਪੰਚ ਕੋਸ ਮਯ ਪੰਚ ਕਿਵਾੜ।

**ਕਿੜੀ** ਪੰ. ਮੁ. ਖਬਰ ਅਵਾਜ, ਯਥਾ- ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।

**ਕੀ** ਪੰ. ਕਉਂ, ਯਥਾ- ਕੀ ਨਾਮੁ ਵਿਸਾਰਹਿ। ਕਿਆ ਨਾਮ ਬਿਸਾਰਤਾ ਹੈ। ਕਿਆ, ਯਥਾ- ਕੀ ਵਿਸਰਹਿ। ਕਿਆ ਬਿਸਰਤਾ ਹੈ ਭਾਵ ਮਤ ਬਿਸਰ। ਪੁਨਾ- ਕੀ ਧਨ ਅਵਰਾ ਰਾਵੇ ਜੀ। ਕਿਆ ਜੀਵ ਪ੍ਰਮੇਸ੍ਵਰ ਕੋ ਛੋਡ ਆਨ ਦੇਵ ਕੋ ਪੂਜੇ ਹੈ। ਪੁਨਾ- ਤਾ ਕੀ ਬਿਖੈ ਅਧਾਰਾ। ਤਬ ਭਗਤੋਂ ਕੋ ਬਿਖਯੋਂ ਕਾ ਕਿਆ ਆਸਰਾ ਹੈ ਭਾਵ ਕੁਛ ਨਹੀਂ।

**ਕੀਓ** ਦੇ. ਕੀਤਾ, ਕੀਆ, ਯਥਾ- ਕੀਓ ਸਿੰਗਾਰੁ।

**ਕੀਅਲੋ** ਗੁ. ਕੀਆ ਹੈ, ਯਥਾ- ਕੀਅਲੋ ਖਸਮਾਨਾ।

**ਕੀਆ** ਦੇ. ਕਰਿਆ, ਯਥਾ- ਜੋ ਕਿਛੁ ਕੀਆ ਸੋ ਹਰਿ ਕੀਆ।

**ਕੀਈ** ਗੁ. ਕਰੀ।

**ਕੀਸ** ਗੁ. ਕਿਸ ਕੋ, ਯਥਾ- ਛਲ ਛਿਦ੍ਰ ਲਗਤ ਕਹੁ ਕੀਸ। ਸੰ. ਕ. ਪਵਨ ਤਿਸ ਕਾ ਪੁਤ੍ਰ ਹਨੂਮਾਨ ਕਿ: ਸੋ ਹੈ ਈਸ ਜਿਨੋਂ ਕਾ ਵਹੁ ਬਨਚਰ ਕੀਸ ਕਹਾਤੇ ਹੈਂ।

**ਕੀਸਾਰਾ** ਪੰ. ਗੇਹੂ ਯਵ ਆਦਿਕੋਂ ਕੇ ਫਲੋਂ ਪੈ ਹੋਨੇ ਵਾਲੇ ਤੀਖੇ ਕੰਡਿਓਂ ਕੇ, ਯਥਾ- ਸਣੁ ਕੀਸਾਰਾ ਚਿਥਿਆ। ਸਹਿਤ ਕਸੀਰੋਂ ਕੇ ਕੁਟਿਆ। ਸੰ. ਕਿਸਾਰੁ।

**ਕੀਕ** ਗੁ. ਕਰੇ, ਯਥਾ- ਨਕਟੇ ਨਕ ਕੀਕ। ਨਾਕ ਕਟੇ, ਨਾਕ ਸੇ ਕਰੇ।

**ਕੀਚ** ਦੇ. ਕਰਦਮ, ਚਿਕੜ, ਪੰਕ।

**ਕੀਚਈ** ਗੁ. ਕਰੀਏ।

**ਕੀਚੜਿ** ਗੁ. ਕਾਲ ਚਿਕੜ ਮੇਂ ਦੇਹ ਸ੍ਵਰੂਪ ਆਟਾ, ਯਥਾ- ਕੀਚੜਿ ਆਟਾ ਗਿਰਿ ਪਰਿਆ।

**ਕੀਚਿਤ** ਗੁ. ਕਰੀਤਾ ਹੈ ਅਰਥਾਤ ਕੀਏ, ਯਥਾ- ਭ੍ਰਮ ਤੇ ਕੀਚਿਤ ਭਿੰਨ।

**ਕੀਚੇ** ਪੰ. ਕਰ ਲਈਏ, ਯਥਾ- ਸੁਧੁ ਕੀਚੇ।

**ਕੀਜਈ** ਗੁ. ਕਰਤੇ ਹੈਂ।

**ਕੀਜਹੁ** ਗੁ. ਕਰਹੁ, ਜੈਸੇ- ਹਰਿ ਪ੍ਰਭ ਅਪਨਾ ਕੀਜਹੁ।

**ਕੀਜਤੁ** ਦੇ. ਕਰਤੇ ਹੋ, ਯਥਾ- ਕਾਹੇ ਕੀਜਤੁ ਹੈ ਮਨਿ ਭਾਵਨੁ।

**ਕੀਜੈ** ਦੇ. ਕਰੀਏ, ਕਰ ਲਈਏ, ਯਥਾ- ਹਮਾਰੈ ਏਹ ਕਿਰਪਾ ਕੀਜੈ।

**ਕੀਟ** ਸੰ. ਕੀੜਾ, ਯਥਾ- ਖਿਨ ਮਹਿ ਨੀਚ ਕੀਟ ਕਉ ਰਾਜ। ਪਰਮੇਸ੍ਵਰ ਏਕ ਖਿਨ ਮੇਂ ਕੀੜੀ ਤੁਲਯ ਅਤਿ ਛੋਟੇ ਪੁਰਖ ਕੋ ਰਾਜਾ ਕਰ ਦੇਵੇ ਹੈ। ਪੁਨਾ- ਕੀਟ ਤੇ ਸੁਰਪਤਿ ਕਰਿ। ਕੰਗਾਲ ਸੇ ਇੰਦ੍ਰ ਸਮਾਨ ਕਰ ਦੇਵੇ ਹੈ।

**ਕੀਟ ਤੇ** ਦੇ. ਕੀੜੇ ਤੇ, ਯਥਾ- ਨੀਚ ਕੀਟ ਤੇ ਕਰਹਿ ਰਾਜੰਗਾ।

**ਕੀਟਾ** ਗੁ. ਸਰਪਾਦਿ ਕੀੜਿਯੋਂ ਕੇ ਸਰੀਰ ਮੇਂ ਕੀੜੇ ਕਰ, ਯਥਾ- ਕੀਟਾ ਅੰਦਰਿ ਕੀਟੁ ਕਰਿ।

**ਕੀਟੀ** ਦੇ. ਕੀੜੀ, ਯਥਾ- ਕੀਟੀ ਸਾਸ ਅਕਰਖਤੇ। ਪ੍ਰਮੇਸ੍ਵਰ ਕੀ ਆਗ੍ਯਾ ਸੇ ਰਾਜਾ ਪਰੀਖ੍ਯਤ ਕੇ ਫੂਲੋਂ ਸੇ ਨਿਕਸ ਕੀੜੀ ਬਨੇ ਤਖਕ ਨੇ ਸਾਸ ਖੈਂਚ ਲੀਏ।

**ਕੀਤ** ਵਾ. ਕੀਤਾ ਹੈ, ਬਨਾਯਾ ਹੈ, ਯਥਾ- ਕੋਈ ਵਿਰਲਾ ਆਪਨ ਕੀਤ।

**ਕੀਤਾ** ਪੰ. ਬਨਾਯਾ ਹੂਆ, ਯਥਾ- ਕੀਤਾ ਕਹਾ ਕਰੇ ਮਨਿ ਮਾਨੁ। ਬਨਾਯਾ, ਯਥਾ- ਸਭ ਕਿਛੁ ਕੀਤਾ ਤੇਰਾ ਹੋਵੈ। ਪੁਨਾ- ਜਿਨਿ ਕੀਤਾ ਤਿਸੈ ਨ ਜਾਣੀ ਅੰਧਾ।

**ਕੀਤੀਅਨੁ** ਪੰ. ਕਰੀ, ਕਰ ਦਈ, ਯਥਾ- ਭੀੜਹੁ ਮੋਕਲਾਈ ਕੀਤੀਅਨੁ। ਤੰਗੀ ਸੇ ਖੁਲੇ ਕਰ ਦੀਏ ਭਾਵ ਧਨਹੀਨ ਕਰ ਦੀਏ।

**ਕੀਤੇ** ਪੰ. ਕਰੇ ਕਾਮ ਕੇ ਸਬਬ, ਯਥਾ- ਕੀਤੇ ਕਾਰਣਿ ਪਾਕੜੀ। ਬਨਾਏ ਪੁਰਖ ਕੇ, ਯਥਾ- ਕੀਤੇ ਕੈ ਕਹਿਐ ਕਿਆ ਹੋਇ।

**ਕੀਤੋਮੁ** ਪੰ. ਮੁ. ਕੀਆ, ਯਥਾ- ਈਧਣੁ ਕੀਤੋਮੁ ਘਣਾ ਭੋਰੀ।

**ਕੀਨ** ਪੰ. ਵਾ. ਕਯੁ ਨਹੀਂ, ਯਥਾ- ਕੀ ਨ ਸੁਣੇਹੀ ਗੋਰੀਏ। ਕਿਉ, ਯਥਾ- ਮੁਚੁ ਮੁਚੁ ਗਰਭ ਗਏ ਕੀਨ ਬਚਿਆ। ਭਕ੍ਤੀਹੀਨ ਕਾ ਗਰਭ ਕਿਉ ਬਚ ਰਹਿਆ ਭਾਵ ਬਜਰਥ ਹੀ ਬਚਿਆ। ਜੋ ਪ੍ਰਮੇਸ੍ਵਰ ਨੇ ਕੀਆ ਹੈ ਸੋ ਹੋਵੇਗਾ ਨੇਮ ਸੇ, ਯਥਾ- ਕੀਨ੍ਹਸਿ ਹੋਗ।

**ਕੀਨਾ** ਦੇ. ਕਰਿਯਾ, ਯਥਾ- ਤੈ ਨਰ ਕਿਆ ਪੁਰਾਨੁ ਸੁਨਿ ਕੀਨਾ। ਪੁਰਾਨ ਸੁਨ ਕਿਆ ਕਰਿਆ ਹੈ ਭਾਵ ਕੁਛ ਨਹੀਂ ਕਰਿਆ। ਦੁਸਮਨੀ, ਅਦਾਵਤ। ਫਾ. ਕੀਨਹ।

**ਕੀਮ** ਗੁ. ਕੀਮਤ, ਯਥਾ- ਕਾਗਦਿ ਕੀਮ ਨ ਪਾਈ। ਹਰਿ ਚੰਦ ਰਾਜਾ ਕੇ ਕੀਏ ਪੁੰਨੋਂ ਕੀ ਕਾਗਦੋਂ ਪੈ ਲਿਖ ਕੇ ਭੀ ਕੀਮਤ ਨਹੀਂ ਹੋਈ ਜੋ ਏਤੇ ਦਾਨ ਕੀਏ।

**ਕੀਮਤ** ਫਾ. ਮੋਲ।

**ਕੀਮਾ ਹੂ** ਗੁ. ਕੀਮਤ ਸੇ, ਯਥਾ- ਸੁਖ ਕੀਮਾ ਹੂ ਬਾਹਰੇ। ਜੇ ਪਤਿ ਹਮਾਰੀ ਓਰ ਦ੍ਰਿਸ੍ਟ ਕਰੇ ਤਬ ਹਮ ਕੋ ਬੇਕੀਮਤੇ ਸੁਖ ਹੋ ਜਾਵੇਂ।

**ਕੀਰ** ਦੇ. ਕੰਗਾਲ। ਸੰ. ਤੋਤਾ।

**ਕੀਰਤ** ਦੇ. ਏਕ ਭਾਟ ਕਵਿ ਕਾ ਨਾਮ ਹੈ, ਯਥਾ- ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ।

**ਕੀਰਤ ਕੋ** ਵਾ. ਕੀਰਤਨ ਕਰਨ ਕੋ।

**ਕੀਰਤਨੀਆ** ਗੁ. ਨਾਚਨੇ ਵਾਲਾ, ਯਥਾ- ਭਲੋ ਭਲੋ ਰੇ ਕੀਰਤਨੀਆ। ਭਜਨ ਗਾਨੇ ਵਾਲਾ।

**ਕੀਰਤਨੁ** ਸੰ. ਕੰਠ ਸੇ ਬਾਣੀ ਪੜਨੀ ; ਰਾਗੋਂ ਮੇਂ ਪਾਇ ਕਰ ਸਬਦ ਗਾਵਣੇ, ਯਥਾ- ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ।

**ਕੀਰਤਿ** ਸੰ. ਜਸ, ਯਥਾ- ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ। ਕੀਰਤਨ ਭਕਤੀ ; ਕਹਾਵਤ, ਯਥਾ- ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ। ਜਸ ਕੇ ਸਾਥ, ਯਥਾ- ਕੀਰਤਿ ਸਾਥਿ ਚਲੰਥੋ। ਕੀਰਤਨ ਭਕ੍ਤੀ ਫਲ ਹੇਤ ਪਰਲੋਕ ਮੇਂ ਸਾਥ ਜਾਤੀ ਹੈ।

**ਕੀਰਤਿ ਕਰਨ** ਦੇ. ਕੀਰਤਨ ਭਕ੍ਤੀ ਕਾ ਕਾਰਨਾ, ਯਥਾ- ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ।

**ਕੀਰੀ ਤੇ** ਦੇ. ਗਰੀਬ ਸੇ, ਯਥਾ- ਕੀਰੀ ਤੇ ਹਸਤੀ ਕਰੈ।

**ਕੀਰੇ** ਦੇ. ਛੁਦ੍ਰ ਜੀਵ ਜੋ ਭੂਮੀ ਸਾਥ ਪੇਟ ਲਗਾ ਕਰ ਚਲਤੇ ਹੈਂ। ਗੁ. ਗਰੀਬ, ਮਸਕੀਨ, ਯਥਾ- ਹਮ ਕੀਰੇ ਕਿਰਮ ਸਤਿਗੁਰ ਸਰਣਾਈ।

**ਕੀਲ** ਦੇ. ਲੋਹੇ ਕੀ ਮੇਖ ; ਸਰਪਾਦਿਕੋਂ ਕੀ ਮੰਤ੍ਰ ਸੇ ਰੋਕ।

**ਕੀੜੀ** ਦੇ. ਖੁਦ੍ਰਜੀਵ, ਚੀਟੀ, ਯਥਾ- ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।

**ਕੁ** ਸੰ. ਪਾਪ ; ਨਿੰਦਾ, ਯਥਾ- ਕੁਬੁਧਿ ਚਵਾਵੈ। ਈਖਤ ; ਨਿਵਾਰਣ ; ਭੂਮੀ।

**ਕੁਅਰ** ਗੁ. ਕੁਮਾਰ, ਜੈਸੇ- ਕਾਨ ਕੁਅਰ।

**ਕੁਆਉ** ਗੁ. ਕਹਾਂ ਹੈ ਭਾਵ ਕਠਨ ਹੈ, ਯਥਾ- ਤਿੰਨ੍ਹਾ ਮਿਲਣੁ ਕੁਆਉ। ਪੰ. ਬੁਲਾਵੇ, ਜੈਸੇ- ਅਮੁਕੇ ਕੋ ਕੁਆਉ।

**ਕੁਆਰ** ਗੁ. ਕਰਵਾ ਅਰਥਾਤ ਗੰਗਾ ਸਾਗਰ, ਯਥਾ- ਕੰਚਨ ਕੁਆਰ। ਸੁਵਰਨ ਕਾ ਗੰਗਾ ਸਾਗਰ। ਕੁਮਾਰੀ, ਯਥਾ- ਰਾਜ ਕੁਆਰਿ ਪੁਰੰਦਰੀਏ। ਨਾ ਬਿਵਾਹੀ, ਯਥਾ- ਕੁਆਰ ਕੰਨਿਆ ਜੈਸੇ ਕਰਤ ਸੀਗਾਰਾ।

**ਕੁਆਰੀ** ਦੇ. ਨਾ ਬਿਵਾਹੀ, ਯਥਾ- ਜਾਂ ਕੁਆਰੀ ਤਾ ਚਾਉ। ਗ੍ਰਾਸ, ਬੁਰਕੀ, ਯਥਾ- ਖਿੰਥਾ ਕਾਲੁ ਕੁਆਰੀ ਕਾਇਆ। ਵਾ ਮਹਾਕਾਲ ਕੀ ਪੁਤ੍ਰੀ ਬਚਨ ਭੀ ਹੈ। ਸਕਲ ਕਾਲ ਕਾ ਕੀਆ ਤਮਾਸਾ। ਕੁਮਾਰ ਅਵਸਥਾ ਕੀ, ਯਥਾ- ਜਾਂ ਚੈ ਘਰਿ ਲਛਿਮੀ ਕੁਆਰੀ।

**ਕੁਆਲਿਓ** ਗੁ. ਕੁਸੋਹਣੀ, ਯਥਾ- ਖਰੀ ਕੁਆਲਿਓ ਕੁਰੂਪਿ ਕੁਲਖਣੀ। ਖੋਟੇ ਘਰ ਵਾਲੀ। ਸੰ. ਕੁਾਲਯ।

**ਕੁਇਰ** ਦੇ. ਏਮਨਾਵਾਦੀ ਪਠਾਣਾ ਕੇ ਬਾਲਕ, ਯਥਾ- ਮੁਛਿ ਮੁਛਿ ਕੁਇਰ ਰੁਲਾਇਆ। ਰਾਜਾ ਕਾ ਛੋਟਾ ਪੁਤ੍ਰ ਮਾਤ੍ਰ।

**ਕੁਈ** ਗੁ. ਕੌਣ, ਯਥਾ- ਅਸਤਿ ਏਕ ਦੁਗਰਿ ਕੁਈ।

**ਕੁਸੰਗ** ਸੰ. ਖੋਟਾ ਸੰਗ, ਖੋਟੇ ਪੁਰਖੋਂ ਕਾ ਮੇਲ।

**ਕੁਸਤ** ਦੇ. ਖੋਟਾ ਸਤ, ਝੂਠਪਨਾ ; ਖੋਟਾ ਦੇਨਾ। ਸੰ. ਕੁਸਤ੍ਰ।

**ਕੁਸਤਨੀ** ਯਵ. ਮਾਰੇ ਗਏ, ਯਥਾ- ਹਰਾਮ ਕੁਸਤਨੀ।

**ਕੁਸਤੀ** ਦੇ. ਝੂਠ ਬੋਲਨੇ ਵਾਲਾ ; ਖੋਟਾ ਦੇਨੇ ਵਾਲਾ। ਸੰ. ਕੁਸਤ੍ਰੀ।

**ਕੁਸਮ** ਸੰ. ਫੂਲ, ਯਥਾ- ਕੁਸਮ ਰੰਗ ਬਿਖ ਸੋਰ।

**ਕੁਸਮਾ** ਦੇ. ਖੋਟਾ ਸਮਾ। ਸੰ. ਕੁਸਮਯ।

**ਕੁਸਮਾਹੀ** ਗੁ. ਫੂਲ ਮੇਂ।

**ਕੁਸਲ** ਸੰ. ਕਲਯਾਣ, ਯਥਾ- ਅਬ ਮੋਹਿ ਸਰਬ ਕੁਸਲ ਕਰਿ ਮਾਨਿਆ। ਕਲਯਾਣ ਵਾਲੀ ਵਸਤੁ ; ਕੁਸਾ ਕਾ ਗ੍ਰਾਹਕ ; ਚਤੁਰ ਪੁਰਖ।

**ਕੁਸਲ ਘਰਿ ਆਏ** ਵਾ. ਆਨੰਦ ਰੂਪ ਹਰੀ ਮਨ ਮੇਂ ਆਯਾ ਤਾ ਤੇ ਕੁਸਲ ਭਇਆ ਹੈ, ਯਥਾ- ਖੇਮ ਭਇਆ ਕੁਸਲ ਘਰਿ ਆਏ।

**ਕੁਸਲੁ ਨ** ਵਾ. ਘਰ ਧਨਾਦਿ ਪਦਾਰਥੋਂ ਕੇ ਪ੍ਰਮੇਸ੍ਵਰ ਪਾਸੋਂ ਚਾਹਨੇ ਸੇ ਕਾਹੂ ਕੋ ਕੁਸਲ ਨਹੀਂ ਹੂਆ, ਯਥਾ- ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ।

**ਕੁਸਾ** ਦੇ. ਸਰੀਰ ਕਾ ਤਪ ਸੇ ਕੋਹਣਾ, ਯਥਾ- ਕੁਸਾ ਕਟੀਆ ਵਾਰ ਵਾਰ।

**ਕੁਸੁੰਭੜੈ** ਦੇ. ਕੱਛੀ ਨਸੀਰੁੱਦੀਨ ਕੀ ਮੇਂ ਔ ਕਾਠੀਆਵਾੜ ਮੇਂ ਅਗਨਿ ਕਾ ਨਾਮ ਹੈ ਭਾਵ ਸੇ ਇਸਤ੍ਰੀ ਰੂਪ ਅਗਨਿ ਕੋ, ਯਥਾ- ਹਥੁ ਨ ਲਾਇ ਕਸੁੰਭੜੈ। ਸੰ. ਕਸੁੰਭ। ਅਗਨੀ।

**ਕੁਹਕਤ** ਗੁ. ਬੋਲਤੇ ਹੈਂ, ਯਥਾ- ਕੁਹਕਤ ਕਪਟ। ਬੋਲਤੇ ਹੈਂ ਕਪਟ ਸਾਥ।

**ਕੁਹਕਨਿ** ਪੰ. ਬੋਲਨ, ਯਥਾ- ਕੁਹਕਨਿ ਕੋਕਿਲਾ ਤਰਲ ਜੁਆਣੀ।

**ਕੁਹਤ** ਦੇ. ਗਲਾ ਕਾਟਤਾ, ਯਥਾ- ਜੀਆਂ ਕੁਹਤ ਨ ਸੰਗੈ ਪਰਾਣੀ।

**ਕੁਹਥੜੈ** ਪੰ. ਖੋਟੇ, ਮੰਦੇ ਗਰਭ ਥਾਨ ਮੇਂ, ਯਥਾ- ਵਸੰਦੋ ਕੁਹਥੜੈ ਥਾਇ। ਸੰ. ਕੁਤਸਿਤ।

**ਕੁਹਥੀ** ਗੁ. ਖੋਟੀ। ਸੰ. ਕੁਤਸਿਤ, ਯਥਾ- ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ।

**ਕੁਹਥੀ ਜਾਈ** ਵਾ. ਕੁਤਸਿਤ ਥਾਨ ਪੇਟ ਮੇਂ ਅਰਥਾਤ ਖੋਟੇ ਥਾਨ ਮੇਂ, ਕੁਥਰੀ ਜਗਾ ਮੇਂ, ਯਥਾ- ਕੁਹਥੀ ਜਾਈ ਸਟਿਆ।

**ਕੁਹਿ** ਦੇ. ਗਲਾ ਕਾਟ ਕੇ, ਯਥਾ- ਕੁਹਿ ਬਕਰਾ ਰਿੰਨਿ੍ ਖਾਇਆ। ਕੁਛ, ਜੈਸੇ- ਕੁਹ ਨਹੀਂ।

**ਕੁਹੀ** ਦੇ. ਬਾਜ ਸਰੀਖਾ ਪੰਖੀ।

**ਕੁਹੀਆ** ਦੇ. ਕੁਹੀ ਨਾਮ ਵਾਲੇ ਸਿਕਾਰੀ ਜਾਨਵਰੋਂ ਕੋ, ਯਥਾ- ਚਰਗਾ ਕੁਹੀਆ ਏਨਾ ਖਵਾਲੇ ਘਾਹ।

**ਕੁਹੁਕਿਅੜਾ** ਪੰ. ਖੁਸ ਹੋ ਬੋਲਤਾ ਹੈ ਮੋਰ, ਜਬ ਮੇਘ ਕੇ ਸਬਦ ਕੋ ਸੁਨਤਾ ਹੈ। ਕੇਕਾ ਮੋਰ ਕੀ ਬਾਣੀ ਕਾ ਨਾਮ ਹੈ, ਤਾ ਸੇ ਕੁਹਕ ਬਨ ਕੁਹਕਅੜਾ ਹੋ ਗਯਾ ਭਾਵ ਮੇਘ ਰੂਪ ਗੁਰੂ ਕਾ ਸਬਦ ਸੁਨ ਸਿਖ ਮੋਰ ਪ੍ਰਸੰਨ ਹੋ ਬੋਲਤਾ ਧਨਯਵਾਦ ਕਰਤਾ ਹੈ।

**ਕੁਹੇਤ** ਗੁ. ਖੋਟਾ ਹਿਤ, ਅਪ੍ਰੇਮ।

**ਕੁਕਹ** ਪੰ. ਪਿਲਛੀ ਨਦੀ ਕਿਨਾਰੇ ਹੋਤੀ ਹੈ ਜਿਸ ਕੀ ਟੋਕਰੀਆਂ ਟੋਕਰੇ ਬਨਤੇ ਹੈ, ਯਥਾ- ਕੁਕਹ ਕਾਹ ਸਿ ਫੂਲੇ।

**ਕੁਕਰਮ** ਸੰ. ਖੋਟਾ ਕਰਮ।

**ਕੁਕਰਮੀ** ਸੰ. ਖੋਟੇ ਕਰਮੋਂ ਵਾਲਾ।

**ਕੁਕੜ** ਪੰ. ਮੁਰਗਾ। ਸੰ. ਕੁਰਕਟ, ਯਥਾ- ਕੁਕੜ ਦੀ ਓਡਾਰੀ।

**ਕੁਕੜ ਦੀ** ਪੰ. ਮੁਰਗੇ ਦੀ, ਯਥਾ- ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।

**ਕੁਕੀਜੈ** ਪੰ. ਕੂਕਤੇ ਹੈਂ, ਯਥਾ- ਗੁਰਿ ਕਾਢੀ ਬਾਹ ਕੁਕੀਜੈ। ਗੁਰੂ ਬਾਹ ਖੜੀ ਕਰ ਚੇਲਜ਼ੋਂ ਕੋ ਸੁਨਾਵੇ ਹੈਂ, ਉਕੂੰਚ- ਥਾਸਿਮ੍ਰੇ ਊਰਧ ਬਾਹੁ ਪ੍ਰਰੌਮਜੇਖਨ ਕਸਿਢ੍ਰਤ ਸ੍ਰਿਣੋਤਿਮੇ।

**ਕੁਖ** ਪੰ. ਪੇਟ, ਜੈਸੇ- ਨਿਜ ਕੁਖ ਪੋਖਨ ਕਾਰਨੇ।

**ਕੁਗਤਿ** ਸੰ. ਖੋਟੀ ਗਤਿ।

**ਕੁੰਗੂ** ਦੇ. ਕੇਸਰ, ਯਥਾ- ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ। ਸੰ. ਕੁੰਕਮ।

**ਕੁਚਜ** ਦੇ. ਖੋਟਾ ਆਚਾਰ ਅਰਥਾਤ ਨਿਯਮ ਕਾ ਤਯਾਗ ਔ ਗੁਰੋਂ ਕੇ ਉਪਦੇਸ ਕਾ ਨਾ ਧਾਰਨ ਕਰਨਾ। ਸੰ. ਕੁਚਰਯੰ।

**ਕੁਚਜੀ** ਪੰ. ਕੁਚੱਜ ਵਾਲੀ, ਜੈਸੇ- ਤੇਰੀ ਮਾਇ ਕੁਚਜੀ ਆਹੀ ਤੇਰਾ ਗੁਰੁ ਅੱਛਾ ਬਿਚਾਰਵਾਨ ਨਹੀਂ।

**ਕੁੰਚਰ** ਸੰ. ਹਾਥੀ, ਯਥਾ- ਜਿਉ ਕੁੰਚਰ ਇਸਨਾਨੁ। ਪੁਨਾ- ਸੁਚ ਕੁੰਚਰ ਬਿਧਿ ਬਿਉਹਾਰ।

**ਕੁੰਚਰੀਆ** ਦੇ. ਹਾਥੀ, ਯਥਾ- ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ।

**ਕੁਚਲ** ਦੇ. ਖੋਟੇ ਚਲਨ ਵਾਲਾ, ਯਥਾ- ਕੁਚਲੁ ਕਠੋਰੁ ਕਾਮੀ। ਪੁਨਾ- ਹਮ ਕੁਚਲ ਕੁਚੀਲ।

**ਕੁਚਾਲੀ** ਪੰ. ਖੋਟੀ ਚਾਲ ਵਾਲਾ, ਜੈਸੇ- ਅਹੋ ਦੇਵ ਕਸ ਕੀਨ ਕੁਚਾਲੀ।

**ਕੁਚੀਲ** ਪੰ. ਮੈਲੇ ਬਸਤ੍ਰ ਵਾਲਾ ; ਮੈਲਾ ਵਸਤ੍ਰ। ਸੰ. ਕੁਚੈਲ। ਜੈਸੇ- ਰਹੇ ਕੁਚੀਲ ਸਦਾ ਮਲਧਾਰੀ।

**ਕੁਜਾ** ਫਾ. ਕਹਾਂ, ਯਥਾ- ਕੁਜਾ ਆਮਦ।

**ਕੁਜਾ ਮੇ ਰਵੀ** ਵਾ. ਤੂ ਕਹਾ ਜਾਤਾ ਹੈ, ਯਥਾ- ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ।

**ਕੁਜਾ ਰਫਤੀ** ਫਾ. ਤੂ ਕਹਾਂ ਗਯਾ, ਯਥਾ- ਕੁਜਾ ਰਫਤੀ ਕੁਜਾ ਮੇ ਰਵੀ।

**ਕੁਜਾਤਿ** ਸੰ. ਬਰਣ ਸੰਕਰ, ਸੰਕੀਰਣ ਜਾਤਿ ; ਹੀਨ ਜਾਤਿ ਵਾਲਾ।

**ਕੁੰਜੀ ਗੁਰ ਸਉਪਾਈ** ਗੁ. ਅਗ੍ਯਾਨ ਰੂਪੀ ਤਾਲਾ ਖੋਲਨੇ ਹੇਤ ਕੁੰਜੀ ਪ੍ਰਮੇਸ੍ਵਰ ਨੇ ਬ੍ਰਹਮ ਵਿਦਯਾ ਰੂਪ ਗੁਰੋਂ ਕੋ ਸੌਂਪੀ ਹੈ, ਯਥਾ- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।

**ਕੁਝ** ਪੰ. ਕੁਛ।

**ਕੁੰਟ** ਗੁ. ਕੁੰਡ, ਯਥਾ- ਗਰਭ ਕੁੰਟ ਮਹਿ। ਪੂਰਬਾਦਿ ਦਿਸਾ, ਯਥਾ- ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।

**ਕੁਟ ਬਾਂਢਲਾ** ਦੇ. ਚਾਮ ਕੋ ਕੁਟਨੇ ਵਾਲੀ, ਯਥਾ- ਮੇਰੀ ਜਾਤਿ ਕੁਟ ਬਾਂਢਲਾ।

**ਕੁਟਣੀ** ਸੰ. ਬਿਭਚਾਰਣੀ।

**ਕੁਟਣੀਆ** ਦੇ. ਭੇਟੂ ਔਰਤਾਂ, ਦੂਤੀਆਂ, ਯਥਾ- ਕੁਟਣੀਆ ਦੀਬਾਣੁ।

**ਕੁਟੰਬ** ਦੇ. ਦੂਸਰਾ ਘਰ ; ਬਾਂਧਵ ; ਸੰਤਾਨ, ਯਥਾ- ਕੁਟੰਬ ਜਤਨ ਕਰਣੰ। ਕੁਟੰਬ ਯਤਨ ਕਰਤਾ ਹੈ।

**ਕੁਟਿ** ਪੰ. ਮਾਰ ਕੇ, ਛੇਤ ਕੇ, ਯਥਾ- ਕਟਿ ਕੁਟਿ ਕਰਿ ਖੁੰਬਿ ਚੜਾਇਆ। ਕੁੱਟ ਧਾਤੁ।

**ਕੁਟੀ** ਸੰ. ਘਰ। ਦੇ. ਝੌਂਪੜੀ।

**ਕੁਠਾ** ਦੇ. ਛੁਰੀ ਸੇ ਗਲਾ ਕਾਟ ਕੇ ਮਰਾ ਹੁਆ, ਯਥਾ- ਅਭਾਖਿਆ ਕਾ ਕੁਠਾ ਬਕਰਾ ਖਾਣਾ। ਪੁਨਾ- ਤਿਸ ਕਾ ਕੁਠਾ ਹੋਵੈ ਸੇਖੁ। ਨਾਸ ਕੀਆ, ਯਥਾ- ਭਾਉ ਦੂਯਾ ਕੁਠਾ।

**ਕੁਠਾਰੁ** ਸੰ. ਕੁਹਾੜਾ, ਯਥਾ- ਕਾਢਿ ਕੁਠਾਰੁ ਪਿਤ ਬਾਤ ਹੰਤਾ।

**ਕੁੰਡਲਨੀ** ਸੰ. ਕੁੰਡਲ। ਬਲਯ ਕੇ ਆਕਾਰ ਹੋਨੇ ਵਾਲੀ ਸਰਪਨੀ ਕਾ ਨਾਮ ਕੁੰਡਲਨੀ ਹੈ, ਤਿਸਕੇ ਸਮਾਨ ਤੀਨ ਬਲੋਂ ਵਾਲੀ ਗੁਦਾ ਚਕ੍ਰ ਕੇ ਸਮੀਪ ਕੀ ਨਾੜੀ ਕਾ ਨਾਮ ਭੀ ਕੁੰਡਲਨੀ ਹੈ। ਦਸਮਦ੍ਵਾਰ ਮੇਂ ਪ੍ਰਾਣ ਚੜਾਨੇ ਸਮੇ ਜੋਗੀ ਜਨ, ਇਸ ਨਾੜੀ ਕੇ ਬਲ ਖੋਲ ਕੇ ਸੁਧੀ ਕਰ ਇਸ ਕੇ ਰਸਤੇ ਦ੍ਵਾਰ ਮੇਂ ਪ੍ਰਾਣੋਂ ਕੋ ਚੜਾਵੇ ਹੈਂ, ਤਾਹੀ ਭਾਵ ਸੇ ਬਚਨ ਹੈ- ਕੁੰਡਲਨੀ ਸੁਰਝੀ। ਸਰਪਣੀ ਕੇ ਆਕਾਰ ਵਾਲੀ ਗੁਦਾ ਚਕ੍ਰ ਕੇ ਸਮੀਪ ਕੀ ਨਾੜੀ ਯੋਗਾਭ੍ਯਾਸ ਕੇ ਬਲ ਸੇ ਸੀਧੀ ਭਈ।

**ਕੁੰਡਲੀਆ** ਦੇ. ਕੁੰਡਲ, ਯਥਾ- ਕਾਨ ਕੁੰਡਲੀਆ। ਮਛੀ ਪਕੜਨੇ ਕੀ ਕੁੰਡੀ, ਯਥਾ- ਜਿਉ ਮੀਨ ਕੁੰਡਲੀਆ ਕੰਠਿ ਪਾਇ।

**ਕੁੰਡਾ** ਦੇ. ਕੂਟਾਂ, ਪੂਰਬਾਦਿ ਦਿਸਾ, ਯਥਾ- ਚਾਰੇ ਕੁੰਡਾ ਭਾਲੀਆ। ਸੰ. ਕੂਟ।

**ਕੁਢੰਗ** ਪੰ. ਖੋਟੇ ਕੁਕਰਮ ਹੋਵੇ, ਯਥਾ- ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ।

**ਕੁਤਬ** ਅ. ਕੀਲੀ ਜਿਸ ਕੇ ਆਸਰੇ ਚਕੀ ਫਿਰਤੀ ਹੈ ; ਧ੍ਰੂ ਤਾਰਾ ਜਿਸ ਕੋ ਜੋਤਸੀ ਉਤਰ ਵਤ ਦਖਣ ਓਰ ਭੀ ਮਾਨਤੇ ਹੈਂ ; ਸਯਦ, ਕੌਮ ਕਾ ਸਰਦਾਰ ; ਸਭ ਸੇ ਸ੍ਰੇਸ੍ਟ ; ਏਕ ਦਰਜਾ ਹੈ ਉਨ ਵਲੀ ਫਕੀਰੋਂ ਕਾ ਜੋ ਪ੍ਰਮੇਸ੍ਵਰ ਕੀ ਓਰ ਸੇ ਕਿਸੇ ਸਹਰ ਔ ਮੁਲਖ ਕੋ ਅਪਨੀ ਨਿਗਾਹ ਸੇ ਅਛੇ ਰਸਤੇ ਚਲਾਵੇ ਔ ਵਰ ਸਰਾਫ ਸੇ ਤਾਰਨੇ ਨਾਸ ਕਰਨੇ ਕੋ ਸਮਰਥ ਹੋਵੇ।

**ਕੁਤਰੇ** ਗੁ. ਕੁੱਤੇ, ਯਥਾ- ਜਨ ਨਾਨਕ ਕੁਤਰੇ ਕਾਢੇ। ਗੁਰੂ ਰਾਮਦਾਸ ਜੀ ਬੇਨਤੀ ਕਰੇ ਹੈਂ, ਹੇ ਗੁਰੂ ਅਮਰਦਾਸ ਜੀ ਮਹਾਰਾਜ ਹਮ ਆਪਦੇ ਕੂਕਰ ਕਹੀਦੇ ਹੈਂ। ਕੁੱਤੇ ਕੋ, ਯਥਾ- ਦੇਖਤ ਕੁਤਰਾ ਲੈ ਗਈ ਬਿਲਾਈ। ਖੋਟੀ ਤਰਾ।

**ਕੁਤਿਹੋ** ਗੁ. ਕੁੱਤੇ, ਯਥਾ- ਰਤੁ ਪਿਤੁ ਕੁਤਿਹੋ ਚਟਿ ਜਾਹੁ।

**ਕੁਤੀ** ਦੇ. ਕੁਕਰੀ, ਯਥਾ- ਭੀ ਸੋ ਕੁਤੀ ਧਾਤੁ। ਕੁਤਿਓਂ ਨੇ, ਯਥਾ- ਰਤਨ ਵਿਗਾੜਿ ਵਿਗੋਏ ਕੁਤੀਂ।

**ਕੁਥਾਉ** ਗੁ. ਖੋਟਾ ਥਾਨ, ਯਥਾ- ਥਾਉ ਕੁਥਾਉ ਨ ਜਾਣਨੀ।

**ਕੁਥਾਇ** ਪੰ. ਖੋਟੇ ਥਾਨ ਮੇਂ।

**ਕੁੰਦ** ਸੰ. ਚਾਂਦਨੀ ਕੇ ਫੂਲੋਂ ਸੇ, ਯਥਾ- ਪੀਤ ਬਸਨ ਕੁੰਦ ਦਸਨ।

**ਕੁੰਦ ਦਸਨ** ਸੰ. ਚਾਂਦਨੀ ਕੇ ਫੂਲੋਂ ਸਰੀਖੇ ਦਾਤੋਂ ਵਾਲਾ।

**ਕੁਦਸ** ਅ. ਪਾਕ ਪਵਿਤ੍ਰ ਯਹ ਪਦ ਗ੍ਰੰਥ ਜੀ ਮੇਂ ਨਹੀਂ।

**ਕੁਦਮ** ਗੁ. ਕੁਦਨਾ, ਯਥਾ- ਕੁਦਮ ਕਰੇ ਪਸੁ ਪੰਖੀਆ। ਪੁਨਾ- ਕੁਦਮ ਕਰੈ ਗਾਡਰ ਜਿਉ ਛੇਲ।

**ਕੁਦਰਤਿ** ਅ. ਕੁੱਵਤ, ਤਾਕਤ ਅਰਥਾਤ ਮਾਯਾ ਸਕਤੀ, ਯਥਾ- ਤੇਰੀ ਕੁਦਰਤਿ ਕਉ ਕੁਰਬਾਣੁ।

**ਕੁਦਰਤੀ** ਦੇ. ਹੇ ਕੁਦਰਤਿ ਵਾਲੇ, ਯਥਾ- ਕਰਤੇ ਕੁਦਰਤੀ ਮੁਸਤਾਕੁ।

**ਕੁਦਰਤੀ ਨੂਰੁ** ਵਾ. ਮਾਯਾ ਸਕ੍ਤੀ ਕਾ ਪ੍ਰਕਾਸ, ਯਥਾ- ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ।

**ਕੁਦਿ** ਪੰ. ਦੌੜ, ਯਥਾ- ਕੁਦਿ ਕੁਦਿ ਚਰੈ ਰਸਾਤਲਿ ਪਾਇ।

**ਕੁੰਦੀ** ਪੰ. ਬਸਤ੍ਰ ਸੁਧਾਰਨੇ ਕੀ ਕਲ ਜਿਸ ਮੇਂ ਧੋਬੀ ਧੋ ਕਰ ਬਸਤ੍ਰ ਸਵਾਰਤੇ ਹੈਂ।

**ਕੁੰਦੇ** ਦੇ. ਬੰਦੂਕ ਕੋ, ਯਥਾ- ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।

**ਕੁਧਕਾ** ਗੁ. ਖੋਟਾ ਧੱਕਾ ਭਾਵ ਗੇਰਨੇ ਵਾਲਾ ਧੱਕਾ, ਯਥਾ- ਨਤਰ ਕੁਧਕਾ ਦਿਵਈਹੈ ਰੇ।

**ਕੁਨ** ਦੇ. ਪ. ਕੌਨ, ਯਥਾ- ਤੂ ਕੁਨੁ ਰੇ। ਫਾ. ਕਰ, ਯਥਾ- ਦਰ ਗੋਸ ਕੁਨ ਕਰਤਾਰ। ਬੀਚ ਕਾਨ ਕੇ ਕਰ ਹੇ ਪ੍ਰਮੇਸ੍ਵਰ।

**ਕੁੰਨੇ** ਪੰ. ਮਿੱਟੀ ਕੀ ਹਾਂਡੀ ਕੇ, ਯਥਾ- ਕੁੰਨੇ ਹੇਠਿ ਜਲਾਈਐ।

**ਕੁਪਤਾ** ਦੇ. ਇੱਜਤਹੀਨ, ਪ੍ਰਤਿਸ੍ਟਾ ਰਹਿਤ, ਬੇਪੱਤਾ।

**ਕੁਪਤਿ** ਦੇ. ਬੇਇੱਜਤੀ, ਅਪ੍ਰਤਿਸ੍ਟਾ।

**ਕੁਪਥ** ਸੰ. ਖੋਟਾ ਰਸਤਾ।

**ਕੁਪ੍ਰਵਾਨ** ਦੇ. ਨਹੀਂ ਪ੍ਰਮਾਣ।

**ਕੁਪੀਨ** ਦੇ. ਲੰਗੋਟੀ। ਕੂਪ ਮੇਂ ਪ੍ਰਵੇਸ ਕਰਨੇ ਕੇ ਯੋਗਜ ਹੋਵੇ, ਤਿਸ ਕਾ ਨਾਮ ਕੌਪੀਨ ਹੈ। ਐਸਾ ਕੁਤਸਿਤ ਮੈਥਨ ਕਰਮ ਕਰਨੇ ਸੇ ਪੁਰਖ ਕਾ ਲਿੰਗ ਹੈ, ਤਿਸ ਕੇ ਪੜਦੇ ਬਸਤ੍ਰ ਕਾ ਨਾਮ ਕੌਪੀਨ ਹੈ ਅਥਵਾ ਕੂਪ ਸਬਦ ਸੇ ਇਸਤ੍ਰੀ ਕੀ ਭਗ ਕਾ ਗ੍ਰਹਣ ਹੈ ਤਿਸ ਮੇਂ ਪ੍ਰਵੇਸ ਯੋਗਜ ਹੋਨੇ ਸੇ, ਲਿੰਗ ਕਾ ਨਾਮ ਕੌਪੀਨ ਹੈ। ਤਿਸ ਕੇ ਕਜਨੇ ਸੇ ਲੰਗੋਟੀ ਭੀ ਇਸੀ ਨਾਮ ਸੇ ਕਹੀ ਜਾਤੀ ਹੈ, ਯਥਾ- ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ। ਸਤ ਕਾ ਹੀ ਕੁਪੀਨ ਬੰਧ ਬਾਂਧਾ ਹੈ।

**ਕੁਫਕੜੇ** ਪੰ. ਬਜਰਥੇ ਖੋਟੇ ਕਾਮੋਂ ਮੇਂ, ਯਥਾ- ਲਗਾ ਕਿਤੁ ਕੁਫਕੜੇ।

**ਕੁਫਰ** ਅ. ਝੂਠ ; ਮੂਲ ਕਾ ਲੋਪ ਕਰਨਾ, ਅਸਲ ਕਾ ਛਿਪਾਨਾ।

**ਕੁਫਰਾਣੈ** ਅ. ਨਾ ਸੁਕਰੀ ਨਿਆਮਤੋਂ ਕੀ ; ਸੁਖ ਜੇਤ ਪ੍ਰਮੇਸ੍ਰ ਕੇ ਦੀਏ ਪਦਾਰਥ ਲੇ। ਕ੍ਰਿਤਘਨੋਂ ਕੇ ਠਿਕਾਨੇ ਨਰਕ ਮੇਂ, ਯਥਾ- ਕੁਫਰਾਣੈ ਪਇਆ ਦਝਸੀ।

**ਕੁਬਾਣਿ** ਗੁ. ਖੋਟੀ ਬਾਣੀ, ਯਥਾ- ਸਬਦੁ ਨ ਚੀਨੈ ਲਵੈ ਕੁਬਾਣਿ।

**ਕੁਬੁਧਿ** ਸੰ. ਖੋਟੀ ਬੁਧੀ, ਯਥਾ- ਕੁਬੁਧਿ ਡੂਮਣੀ ਕੁਦਇਆ ਕਸਾਇਣਿ।

**ਕੁਬੁਧਿ ਚਵਾਵੈ** ਵਾ. ਖੋਟੀ ਬੁਧੀ ਕੋ ਖਾਵੇ।

**ਕੁੰਭ** ਸੰ. ਘੜਾ, ਯਥਾ- ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੇ। ਹਿਰਦੇ ਕਾ ਕੋਈ ਰੋਗ ; ਹਾਥੀ ਕੇ ਸਿਰ ਪੈ ਦੋ ਮਾਸ ਕੇ ਪਿੰਡ ; ਕੁੰਭਕਰਣ ਕਾ ਪੁਤ੍ਰ ; ਬੇਸਜਾ ਕਾ ਪਤਿ ; ਬੀਸ ਦ੍ਰੋਣ ਮਾਪ ; ਕੁੰਭਰਾਸਿ ; ਸ੍ਵਾਸ ਕਾ ਭੀਤਰ ਵਾ ਬਾਹਰ ਰੋਕਨ ਰੂਪ ਪ੍ਰਾਣਾਯਾਮ ਕਾ ਕੁੰਭਕ ਭੇਦ।

**ਕੁੰਭ ਕਮਲੁ** ਗੁ. ਹ੍ਰਿਦਯ ਕਮਲ, ਯਥਾ- ਕੁੰਭ ਕਮਲੁ ਜਲਿ ਭਰਿਆ। ਘਟ ਥਾਨੀ ਹ੍ਰਿਦਯ ਕਮਲ ਵਿਖਯ ਵਾਸਨਾ ਰੂਪ ਜਲ ਸੇ ਪੂਰਿਤ ਥਾ।

**ਕੁੰਭੇਉ** ਗੁ. ਕੁੰਭ, ਘੜਾ, ਯਥਾ- ਜਿਉ ਪ੍ਰਗਾਸਿਆ ਮਾਟੀ ਕੁੰਭੇਉ।

**ਕੁਮਹਲੁ** ਗੁ. ਖੋਟਾ ਥਾਨ ਭਾਵ ਕੁਸੰਗ ਕਾ ਥਾਨ, ਯਥਾ- ਮਹਲੁ ਕੁਮਹਲੁ ਨ ਜਾਣਨੀ।

**ਕੁਮੰਤ੍ਰੀਆ** ਦੇ. ਖੋਟੇ ਮੰਤ੍ਰੀਆਂ ਕੀ, ਯਥਾ- ਮਿਠੀ ਗਲਣਿ ਕੁਮੰਤ੍ਰੀਆ। ਕੁਮੰਤ੍ਰੀਆਂ ਕੀ ਸਲਾਹਾਂ ਖੁਭਣ ਹੈ, ਗਲਣ ਜਿਲਨ ਪੰਜਾਬ ਮੇਂ ਧਸਨ ਕੇ ਨਾਮ ਹੈਂ।

**ਕੁਮਤੜੀ** ਪੰ. ਖੋਟੀ ਬੁਧੀ।

**ਕੁਮਤਿ** ਸੰ. ਖੋਟੀ ਮਤਿ।

**ਕੁਮਲਾਇ** ਪੰ. ਸੋਗੀ ਨਹੀਂ ਹੋਤੇ, ਯਥਾ- ਫਿਰਿ ਸੁਕੈ ਨਾ ਕੁਮਲਾਇ।

**ਕੁਮਲਾਨੀ** ਦੇ. ਕੁਮਲਾ ਗਈ, ਯਥਾ- ਹੰਸੁ ਚਲਿਆ ਕਾਇਆ ਕੁਮਲਾਨੀ।

**ਕੁਮਲੈਨੀ** ਗੁ. ਕੁਮਲਾਇ ਰਹੀ ਹੈ, ਯਥਾ- ਧਨ ਕੁਮਲੈਨੀ।

**ਕੁਮਾਰ** ਸੰ. ਤੋਤਾ ; ਨਾਟਕ ਕੀ ਬੋਲੀ ਮੇਂ ਯੁਵਰਾਜ ; ਮਹਾਦੇਵ ਕਾ ਪੁਤ੍ਰ ਖੜਾਨਨ ; ਬਰੁਨਾ ਬ੍ਰਿਛ ; ਪਾਂਚ ਬਰਖ ਕਾ ਬਾਲਕ ; ਸਿੰਧੁ ਨਦੀ ; ਸੁੰਦਰ ; ਨਾ ਬਿਵਾਹਿਆ ਪੁਰਖ, ਕੁਆਰਾ ਪ੍ਰਸਿਧ।

**ਕੁਮ੍ਹਾਰੈ** ਗੁ. ਘੁਮਾਰ ਨੇ, ਯਥਾ- ਕੁਮ੍ਹਾਰੈ ਏਕ ਜੁ ਮਾਟੀ ਗੂੰਧੀ।

**ਕੁਮਿਤ** ਦੇ. ਖੋਟੇ ਮਿਤ੍ਰ, ਯਥਾ- ਕੁਮਿਤ ਹਿਤ ਪ੍ਰੀਤਮ। ਕਾਮਾਦਿ ਖੋਟੇ ਮਿਤ੍ਰ ਹਿਤਕਾਰੀ ਜਾਨੇ ਹੈਂ ਹੇ ਜੀਵੋਂ ਤੁਮ ਨੇ।

**ਕੁੰਮੀ** ਦੇ. ਕੂਰਮ ਕੀ ਇਸਤ੍ਰੀ, ਯਥਾ- ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ।

**ਕੁਮੁੜਾ** ਦੇ. ਖੋਟਾ ਮੂਰਖ, ਜੋ ਹਟਾਯਾ ਭੀ ਬੁਰੇ ਕਾਮੋਂ ਸੇ ਨਾ ਹਟੇ, ਉਲਟਾ ਬੁਰੇ ਜਾਨ ਕੇ ਭੀ ਕਰੀ ਜਾਵੇ।

**ਕੁਰਸ** ਅ. ਟਿਕੀਆਂ ਧਾਤੂ ਆਦਿਕੋਂ ਕੀ ਭਾਵ ਸੇ ਸਾਤਵਾ ਅਕਾਸ ਬ੍ਰਹਮ ਲੋਕ।

**ਕੁਰਸਹੁ** ਦੇ. ਕੁਰਸ ਤੇ ਅਰਥਾਤ ਬ੍ਰਹਮ ਲੋਕ ਸੇ, ਯਥਾ- ਨੂਰੁ ਅਰਸਹੁ ਕੁਰਸਹੁ ਝਟੀਐ।

**ਕੁਰੰਕ** ਦੇ. ਮ੍ਰਿਗ। ਸੰ. ਕੁਰੰਗ, ਯਥਾ- ਕੁਰੰਕ ਨਾਦੈ ਨੇਹੁ।

**ਕੁਰਕਟ** ਸੰ. ਕੁਕੜ, ਮੁਰਗਾ, ਯਥਾ- ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ। ਕਬੀਰ ਕਹੇ ਹੇ ਲਖਮੀ ਤੂ ਤਹਾਂ ਗਮਨ ਕਰ, ਜਹਾਂ ਤੇਰੇ ਪੂਜਨ ਹੇਤ ਵਾਮੀ ਲੋਕ ਏਕ ਪਾਤ੍ਰ ਮੇਂ ਰਿਦ ਆਦਿ ਅੰਗ ਕੱਟ ਕਰ ਕੁਕੜ ਬਕਰੇ ਆਦਿ ਜੀਵੋਂ ਕੇ ਲੀਏ ਬੈਠੇ ਹੈਂ, ਦੂਸਰੇ ਪਾਤ੍ਰ ਮੇਂ ਪਾਨੀ ਸਰਾਬ ਲੀਏ ਥਿਤ ਹੈਂ।

**ਕੁਰਕਦਾ** ਪੰ. ਕਟਦਾ, ਯਥਾ- ਜਮੁ ਚੂਹਾ ਕਿਰਸ ਨਿਤ ਕੁਰਕਦਾ।

**ਕੁਰਖੇਤਿ** ਦੇ. ਕੁਲਛੇਤ੍ਰ ਤੀਰਥ ਮੇਂ, ਯਥਾ- ਜੇ ਓਹੁ ਗ੍ਰਹਨ ਕਰੈ ਕੁਲਖੇਤਿ।

**ਕੁਰੰਗ** ਸੰ. ਮ੍ਰਿਗ, ਜੈਸੇ- ਕੋਟ ਤੁਰੰਗ ਕੁਰੰਗ ਸੇ ਕੂਦਤ ਪੌਨ ਕੇ ਗੌਨ ਕੋ।

**ਕੁਰਬਾਣੀ** ਦੇ. ਕੁਰਬਾਨ, ਬਲਹਾਰ, ਜੈਸੇ- ਹਉ ਕੁਰਬਾਣੀ ਤਿਨਾ ਗੁਰ ਸਿਖਾ ਜੋ ਸੁਨਤੇ ਹਰਿ ਕਥਾ।

**ਕੁਰਬਾਣੀ ਵੰਞਾ** ਵਾ. ਕੁਰਬਾਣ ਜਾਵਾਂ, ਯਥਾ- ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ।

**ਕੁਰਬਾਨ** ਅ. ਪ੍ਰਮੇਸ੍ਵਰ ਕੇ ਰਾਹ ਪੈ ਅਰਪਨ ਕਰਨਾ।

**ਕੁਰਬਾਨੰਤੀ** ਗੁ. ਕੁਰਬਾਨ ਜਾਤੇ ਹੈਂ, ਯਥਾ- ਤਿਸੁ ਜਨ ਕੈ ਹਉ ਕੁਰਬਾਨੰਤੀ।

**ਕੁਰਲਾਏ** ਪੰ. ਕੂੰਜ ਕੇ ਸਮਾਨ ਬੋਲੇ ਭਾਵ ਬਿਰਲਾਪ ਕਰੇ ਹੈਂ।

**ਕੁਰਾਣੁ** ਦੇ. ਕੁਰਾਨ, ਯਵਨ ਮਤ ਕੀ ਪੂਜ ਪੁਸਤਕ, ਯਥਾ- ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।

**ਕੁਰਾਨ** ਅ. ਪੜਨਾ ; ਪੜੀ ਗਈ ਕਿਤਾਬ ; ਈਹਾ ਉਸ ਕਿਤਾਬ ਕਾ ਗ੍ਰਹਣ ਹੈ, ਜੋ ਪ੍ਰਮੇਸ੍ਵਰ ਓਰ ਸੇ ਯਵਨੋਂ ਕੇ ਨਿਸਚੇ ਮੇਂ ਮਹੰਮਦ ਪੈਗੰਬਰ ਵਾਸਤੇ ਪ੍ਰਮੇਸ੍ਵਰ ਨੇ ਬਨਾਈ। ਉਸ ਕਿਤਾਬ ਮੇਂ ੧੧੪ ਸੂਰਹ ਹੈਂ ਅਰਥਾਤ ਟੁਕੜੇ ਹੈਂ। ੬੬੬੬ ਆਯਤੇ ਹੈਂ ਅਰਥਾਤ ਸਲੋਕ ਹੈਂ। ੫੪੦ ਰੁਕੂ ਹੈਂ। ਸੁੰਨੀ ਲੋਗੋਂ ਕੇ ਨਿਸਚੇ ਮੇਂ ਤੀਸ ਔਰ ਸੀਆ ਲੋਗੋਂ ਕੇ ਨਿਸਚੇ ਮੇਂ ਚਾਲੀਸ ਸੀਪਾਰੇ ਹੈਂ। ਏਕ ਏਕ ਸੀਪਾਰੇ ਮੇਂ ਕਈ ਕਈ ਸੂਰਹ ਹੈਂ। ਸੂਰਹ ਕਾ ਹੀ ਨਾਮਾਂਤਰ ਸੂਰਤ ਹੈ। ਔਰ ਏਕ ਏਕ ਸੂਰਤ ਮੇਂ ਕਈ ਕਈ ਰੁਕੂ ਹੈਂ। ਏਕ ਏਕ ਰੁਕੂ ਮੇਂ ਕਈ ਕਈ ਆਯਤੇਂ ਹੈਂ। ਸੂਰਤੋਂ ਕੇ ਨਾਮ ਤੋ ਕਹੀ ਕਹੀ ਜੁਦੇ ਜੁਦੇ ਰਖੇ ਗਏ ਹੈਂ। ਪਰੰਤੁ ਰੁਕੂਓਂ ਕੇ ਅਰ ਸੀਪਾਰਿਓਂ ਕੇ ਨਾਮ ਨਹੀਂ ਰਖੇ। ਕੁਲ ਕੁਰਾਨ ਕੋ ਭਾਗਵਤ ਕੇ ਸਪਤਾਹ ਵਤ, ਸਾਤ ਰੋਜ ਮੇਂ ਪੜਤੇ ਹੈਂ। ਹਰ ਏਕ ਦਿਨ ਕੇ ਪੜਨੇ ਕੇ ਪਾਠ ਕਾ ਨਾਮ ਮੰਜਲ ਹੈ। ਕੁਰਾਨ ਮੇਂ ਲਿਖੇ ਸੂਰਹ ਆਦਿਕੋਂ ਮੇਂ ਕਹੇ ਅਰਥੋਂ ਕਾ, ਪੂਰਾ ਹਾਲ ਏਕ ਆਯੀਨੇ ਕੁਰਾਨ ਅਰਥਾਤ ਸੀਸਾ ਕੁਰਾਨ ਕਾ, ਕਿਤਾਬ ਬਨੀ ਹੈ। ਉਸ ਮੇਂ ਲਿਖਾ ਹੈ। ਛੇ ਹਜਾਰ ਛੇ ਸੈ ਛਿਆਹਟ ਆਯਤੋਂ ਕੇ ਅਰਥੋਂ ਕਾ ਬਿਭਾਗ ਐਸਾ ਹੈ। ਏਕ ਹਜਾਰ ਆਯਤੋਂ ਮੇਂ ਕਿੱਸੇ ਅਰਥਾਤ ਬ੍ਰਿਤਾਂਤ ਲਿਖੇ ਹੈਂ। ਏਕ ਹਜਾਰ ਮੇਂ ਮਿਸਾਲੇਂ ਭਾਵ ਦ੍ਰਿਸ੍ਟਾਂਤ ਲਿਖੇ ਹੈਂ। ਏਕ ਹਜਾਰ ਮੇਂ ਅਮਰ ਅਰਥਾਤ ਹੁਕਮ ਲਿਖੇ ਹੈਂ। ਜਿਸ ਕਾ ਨਾਮ ਵਿਧਾਨ ਵਿਧਿ ਹੈ। ਏਕ ਹਜਾਰ ਮੇਂ ਨਹੀ ਅਰਥਾਤ ਨਿਖੇਧੀ ਲਿਖੀ ਹੈ। ਏਕ ਹਜਾਰ ਮੇਂ ਵਾਦਹ ਅਰਥਾਤ ਬਹੁਤ ਕਰ ਨੇਕੀ ਕੀ ਖਬਰ ਦਈ ਹੈ। ਏਕ ਹਜਾਰ ਮੇਂ ਵਈਦ ਖਾਸ ਬਦੀ ਕੀ ਖਬਰ ਦਈ ਹੈ। ਪਾਂਚ ਸੈ ਮੇਂ ਹੱਲ ਅਰਥਾਤ ਕਠਨ ਚੀਜ ਕੋ ਸੁਗਮ ਕਰਨਾ। ਔ ਹੁਰਮਤ ਇੱਜਤ ਕਰਨੀ ਕਹੀ ਹੈ। ਏਕ ਸੌ ਮੇਂ ਦੁਆ ਕਰਨੀ ਅਰਥਾਤ ਅਪਨੇ ਔ ਦੂਸਰੇ ਵਾਸਤੇ ਮਾਂਗਨਾ ਲਿਖਾ ਹੈ। ਛਿਆਹਟ ਮੇਂ ਨਾਸਖਰੱਦ ਕਰਨੇ ਵਾਲੇ, ਔ ਮਨਸੂਖ ਰੱਦ ਕੀਏ ਗਏ ਲਿਖੇ ਹੈਂ। ਕੁਰਾਨ ਵਤ ਯਵਨ ਮਤ ਮੇਂ ਤੌਰੇਤ, ਅੰਜੀਲ, ਜੰਬੂਰ ਯੇ ਭੀ ਪ੍ਰਮੇਸ੍ਵਰ ਕੀ ਦਈ ਮਾਨੀ ਹੈਂ। ਜੈਸੇ ਹਿੰਦੂ ਮਤ ਮੇਂ ਵੇਦ ਮਾਨੇ ਹੈਂ ਤੈਸੇ ਹੀ ਹਮ ਭੀ 'ਜੈਸੀ ਮੈ ਆਵੈ ਖਸਮ ਕੀ ਬਾਣੀ' ਗ੍ਰੰਥ ਜੀ ਕੇ ਬਚਨ ਸੇ ਗ੍ਰੰਥ ਜੀ ਕੋ ਪ੍ਰਮੇਸ੍ਵਰ ਰਚਿਤ ਮਾਨੇ ਹੈਂ। ਬਹੁਤ ਲੋਕ ਇਸ ਬਾਤ ਮੇਂ ਅਸੰਕਾ ਕਰੇਂਗੇ। ਹਮ ਕੋ ਉਨ ਕੇ ਕਹਨੇ ਸੇ ਕੁਛ ਰੰਜ ਨਹੀਂ ਹੋਗਾ। ਕਿਉਂਕਿ ਜਿੱਦ ਵਾਲੇ ਹਿੰਦੂ ਕੁਰਾਨ ਕਾ ਯਹ ਅਰਥ ਕਰਤੇ ਹੈ। ਕੁ- ਕੁਤਸਿਤ ਖੋਟੇ ਫਲੋਂ ਕੋ ਜੋ, ਰਾ- ਦੇਵੇ ਜੀਵ ਹਿੰਸਾਦਿ ਕਰਮ, ਤਿਨ ਕਾ ਨਾਮ ਕੁਰ ਹੈ। ਕੁਰੋਂ ਮੇਂ ਜੋ ਉਪਦੇਸ ਦੇ ਕਰ ਅਨ- ਚੇਸ੍ਟਾ ਕਰਾਵੇ। ਤਿਸ ਜੀਵ ਹਿੰਸਾਦਿ ਕਾਮੋਂ ਮੇਂ ਪ੍ਰਬ੍ਰਿਤ ਕਰਨੇ ਵਾਲੀ ਕਿਤਾਬ ਕਾ ਨਾਮ ਕੁਰਾਨ ਹੈ। ਪ੍ਰਮੇਸ੍ਵਰ ਕੇ ਰਚੇ ਅਗਨੀ ਜਲਾਦਿ ਪਦਾਰਥ, ਨਿਖਲ ਜੀਵੋਂ ਕੇ ਹਿਤਕਾਰੀ ਹੈਂ। ਪਰਮੇਸ੍ਵਰ ਕੀ ਰਚੀ ਹੋਤੀ ਤੋ ਇਸ ਮੇਂ ਭੀ ਸਭ ਕੇ ਹਿਤ ਕਾ ਉਪਦੇਸ ਹੋਤਾ। ਕੁਰਾਨ ਮੇਂ

ਸਭ ਕੇ ਹਿਤ ਕਾ ਉਪਦੇਸ ਨਹੀਂ। ਕੇਵਲ ਮਹੰਮਦ ਸਾਹਬ ਕੇ ਮਤਾਨੁਸਾਰੀ ਲੋਗੋਂ ਕੇ ਹਿਤ ਕਾ ਉਪਦੇਸ ਹੈ। ਯਾ ਤੇ ਕਾਹੂ ਆਨ ਕੀ ਬਨਾਈ ਹੈ। ਜਿਸ ਕਾ ਬਹੁਤ ਲੋਗੋਂ ਸਾਥ ਬਿਰੋਧ ਥਾ। ਐਸੇ ਕਹਤੇ ਹੈਂ। ਐਸੇ ਕਹਨੇ ਵਾਲੇ ਹਿੰਦੂਯੋਂ ਕੋ ਯਵਨ ਯਹ ਸੁਨਾਤੇ ਹੈਂ। ਜਿਸ ਵੇਦ ਕੋ ਤੁਮ ਨਿਖਲ ਸੁਭ ਕਾਮ ਪ੍ਰਮੇਸ੍ਵਰ ਭਕ੍ਤੀ ਆਤਮ ਗਯਾਨ ਕਾ ਮੂਲ ਮਾਨਤੇ ਹੈਂ, ਸੋ ਮਾਨੋ ਮਜਨੂ ਕਾ ਬ੍ਰਿਛ ਹੈ, ਜੋ ਜਲ ਕਿਨਾਰੇ ਬਰੀਕ ਛਟੀ ਵਾਲਾ ਬੈਤ ਹੋਤਾ ਹੈ। ਫਾਰਸੀ ਮੇਂ ਉਸ ਕਾ ਨਾਮ ਵੇਦ ਹੈ, ਵਹੁ ਜੈਸੇ ਫਲ ਫੂਲ ਹੀਨ ਹੋਨੇ ਤੇ ਨਿਸਫਲ ਦਰਖਤ ਹੈ। ਐਸਾ ਹੀ ਉਸ ਕਾ ਭਾਈ ਹਿੰਦੂਯੋਂ ਕਾ ਵੇਦ ਹੈ। ਯਾ ਤੇ ਵੈਸੇ ਨਿਸਫਲ ਗ੍ਰੰਥ ਕੋ ਪ੍ਰਮੇਸਵਰ ਕਾ ਬਨਾਯਾ ਮਾਨਨਾ, ਹਿੰਦੂਯੋਂ ਕੀ ਪਰਮ ਬਿਅਕਲੀ ਹੈ, ਯਵਨ ਜਿੱਦ ਸੇ ਐਸੇ ਕਹਤੇ ਹੈਂ। ਯਾ ਤੇ ਗ੍ਰੰਥ ਸਾਹਬ ਜੀ ਕੋ ਪ੍ਰਮੇਸ੍ਵਰ ਕੀ ਰਚਨਾ ਨਾ ਕਹੇਂ, ਤੋ ਹਮ ਕੋ ਭੀ ਕਿਆ ਅਫਸੋਸ ਹੈ। ਸਹੀ ਬਿਚਾਰ ਕਰੋ ਜਿਸ ਮੇਂ ਸੁਭ ਕਾਮੋਂ ਕੇ ਕਰਨੇ ਕਾ, ਬੁਰੇ ਕਾਮੋਂ ਕੇ ਛੋਡਨੇ ਕਾ ਉਪਦੇਸ ਹੋਵੇ, ਸਭ ਕੇ ਹਿਤ ਕਾ ਉਪਦੇਸ ਹੋਵੇ, ਸੋ ਪਰਮੇਸਵਰ ਕੀ ਰਚੀ ਜਿਸ ਮੇਂ ਯੇ ਨਾ ਹੋਵੇ ਵਹੁ ਮਨੁਖੋਂ ਕੀ ਬਨਾਈ ਹੈ। ਜਿਨ ਕੇ ਮਨ ਕਾ ਸਦਾ ਵੈਰਾਦਿਕੋਂ ਮੇਂ ਪ੍ਰਵੇਸ ਹੈ। ਯਾਹੀ ਤੇ ਅਪਨੀ ਅਪਨੀ ਭਾਖਾਨੁਸਾਰ ਜਿੱਦੀ ਮਨੁਖੋਂ ਕੇ ਕੀਏ ਅਰਥ ਭੀ ਅਨਰਥ ਹੈਂ। ਭਲੇ ਅਰਥ ਵਹੁ ਹੋਤੇ ਹੈਂ, ਜਿਸ ਭਾਖਾ ਕੇ ਪਦ ਹੋਵੇ ਉਸੀ ਭਾਖਾਨੁਸਾਰ ਉਨ ਕੇ ਅਰਥ ਕੀਏ ਜਾਵੇਂ, ਉਨ ਭਾਖਾਨੁਸਾਰ ਕਰੇ। ਤਉ ਪੂਰਬ ਕੀਏ ਅਰਥ ਨਹੀਂ ਬਨ ਸਕੇਂ। ਯਾ ਤੇ ਜਿੱਦੀ ਸਭੀ ਮਿਥਯਾਵਾਦੀ ਹੈਂ, ਸ੍ਵਪ੍ਰਯੋਜਨੀ ਹੈਂ। ਸਾਰ ਬਾਤ ਵਹੀ ਹੈ ਜਿਸ ਮੇਂ ਨਿਖਲ ਕੀ ਭਲਾਈ ਕਾ ਉਪਦੇਸ ਹੋਵੇ। ਸੋ ਸਹੀ ਪ੍ਰਮੇਸ੍ਵਰ ਕੀ ਰਚਨਾ ਹੈ। ਗ੍ਰੰਥ ਜੀ ਮੇਂ-ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ। ਐਸੇ ਪਰਮ ਖਿਮਾ ਕਾ ਉਪਦੇਸ ਹੈ। ਮਿਠਾ ਬੋਲਣ ਨਿਵ ਚਲਣ ਹਥੋਂ ਭੀ ਕੁਛ ਦੇਨਾ। ਐਸੇ ਮਧੁਰ ਭਾਖਣ ਕਾ ਨਿਮ੍ਰ ਹੋਣੇ ਕਾ ਹਾਥ ਸੇ ਦਾਨ ਕਰਨੇ ਕਾ ਉਪਦੇਸ ਹੈ। ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ। ਐਸੇ ਹੀ ਔਰ ਅਨੰਤ ਉਪਦੇਸ ਹੈਂ। ਯਾ ਤੇ ਗੁਰੋਂ ਕੀ ਰਚਨਾ ਦ੍ਵਾਰਾ ਪਰਮੇਸ੍ਵਰ ਕਾ ਉਪਦੇਸ ਹੈ, ਜੈਸੇ ਵਾਯੂ ਅਗਨੀ ਆਦਿਤਯ ਦ੍ਵਾਰਾ ਵੇਦ ਰੂਪ ਉਪਦੇਸ ਹੈ।

**ਕੁਰੀਆ** ਪੰ. ਡੰਡੀ, ਰਸਤਾ, ਯਥਾ- ਮਨਹਿ ਛਾਡੁ ਦੁਬਿਧਾ ਕੀ ਕੁਰੀਆ। ਬਚਨਾਂਤਰ ਮੇਂ- ਕੁਰੀਏ ਕੁਰੀਏ ਵੈਦਿਆ।

**ਕੁਰੀਏ** ਗੁ. ਨਦੀ ਕੇ ਕਿਨਾਰੇ ਸਮੀਪ ਰਸਤੇ ਮੇਂ, ਯਥਾ- ਕੁਰੀਏ ਕੁਰੀਏ ਵੈਦਿਆ।

**ਕੁਰੁ** ਸੰ. ਚੰਦ੍ਰ ਬੰਸੀ ਰਾਜਾ ਜਿਸ ਕੀ ਜੱਗੋਂ ਹੇਤ ਸਵਾਰੀ ਭੂਮੀ ਕਾ ਨਾਮ ਕੁਰੁਖੇਤ ਹੂਆ ਅਰ ਜਿਸ ਕੇ ਬੰਸ ਕੇ ਲੋਗੋਂ ਕਾ ਨਾਮ ਕੌਰਵ ਹੂਆ, ਜਿਸ ਕੇ ਅਨਜਾਨੋ ਕੇ ਮੁਖ ਚੜ ਬਨੇ ਕੈਰਵ ਕੈਰਉ ਗੁਰੋਂ ਨੇ ਲਿਖੇ ਹੈਂ।

**ਕੁਰੁਖੇਤ੍ਰੁ** ਸੰ. ਕੁਰੁ ਰਾਜਾ ਨੇ ਯੱਗੋ ਹੇਤ ਯਹ ਭੂਮੀ ਸੁਧ ਕਰੀ ਥੀ। ਇਸ ਲੀਏ ਨਾਮ ਕੁਰੁਖੇਤ੍ਰੁ ਹੈ। ਅਪਨੇ ਬਡੇ ਕਾ ਤੀਰਥ ਜਾਨ ਕੇ ਕੈਰਵੋਂ ਪਾਂਡਵੋਂ ਨੇ ਈਹਾਂ ਜੁੱਧ ਕੀਆ।

**ਕੁਰੂਪ** ਸੰ. ਕੁਸੋਹਣਾ ਭਾਵ ਸੇ ਮੈਲੇ ਮਨ ਵਾਲਾ, ਯਥਾ- ਨਾਮ ਬਿਨਾ ਜੈਸੇ ਕੁਬਜ ਕੁਰੂਪ।

**ਕੁਲ ਬਾਹ ਬਹੁ ਭਾਈ** ਵਾ. ਬਡੀ ਕੁਲ ਵਾਲਾ ਔ ਬਹੁਤ ਭ੍ਰਾਤਾ ਰੂਪ ਬਾਹੋ ਵਾਲਾ ਹੂੰ।

**ਕੁਲਹ** ਦੇ. ਕੁਲੋਂ ਕੇ, ਯਥਾ- ਕੁਲਹ ਸਮੂਹ ਸਗਲ ਉਧਾਰੰ। ਸਭ ਕੀ ਕੁਲੋ ਕੇ ਸਮੂਹ ਕੋ ਉਧਾਰਤੇ ਹੈ। ਫਾ. ਊਚੀ ਟੋਪੀ, ਯਥਾ- ਜਿਨਿ ਆਕਾਸ ਕੁਲਹ ਸਿਰਿ ਕੀਨੀ।

**ਕੁਲਹਾਂ** ਦੇ. ਊਚੀ ਟੋਪੀ ਵਤ। ਲੰਬੀਆ ਅਸੀਸਾਂ ਵਾ ਸਿਰੋਪਾਉ ਮੇਂ ਉਚੀਆਂ ਟੋਪੀਆਂ ਮੁਰੀਦੋਂ ਕੋ, ਯਥਾ- ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ।

**ਕੁਲਫੁ** ਦੇ. ਜੰਦਾ, ਤਾਲਾ, ਯਥਾ- ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ। ਫਾ. ਕੁਫਲ।

**ਕੁਲਾਹ** ਗੁ. ਕੁਲਾਭੁ, ਯਥਾ- ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ। ਵਾ. ਧੰਧਿਆ ਕੋ ਲਾਹੋ।

**ਕੁਲਾਲੁ** ਸੰ. ਘੁਮਾਰ ਤੁਲ, ਯਥਾ- ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ।

**ਕੁਲੁ** ਸੰ. ਬੰਸ ; ਸਜਾਤੀਯੋਂ ਕਾ ਸਮੁਦਾਯ, ਯਥਾ- ਕੁਲੁ ਭੀ ਲਈ ਬਖਸਾਇ। ਦੇਸ ; ਗ੍ਰਿਹ ; ਦੇਹ।

**ਕੁਵਲੀਆ ਪੀੜੁ** ਗੁ. ਕੰਸ ਕਾ ਖੂਨੀ ਹਾਥੀ ਜੋ ਕ੍ਰਿਸ਼ਨ ਕੇ ਮਾਰਨੇ ਹੇਤ ਛੋਡਾ, ਉਸ ਕੋ ਕ੍ਰਿਸ਼ਨ ਨੇ ਆਪ ਮਾਰਾ, ਯਥਾ- ਕੁਵਲੀਆ ਪੀੜੁ ਆਪਿ ਮਰਾਇਦਾ।

**ਕੁਵਾਟੜੀ** ਪੰ. ਖੋਟਾ ਰਸਤਾ, ਯਥਾ- ਦੂਜੀ ਛੋਡਿ ਕੁਵਾਟੜੀ। ਪ੍ਰਮੇਸ੍ਵਰ ਬਿਨਾ ਆਨ ਕੀ ਓਰ ਕਾ ਖਿਆਲ ਕਰਨਾ ਰੂਪ ਖੋਟਾ ਰਸਤਾ ਛੋਡ ਦੇਵੋ।

**ਕੁੜਮੁ** ਪੰ. ਜਿਨ ਕੋ ਲੜਕੀ ਦਈ ਜਾਵੇ ਵਾ ਲਈ ਜਾਵੇ ਵਹੁ ਸੰਬੰਧੀ, ਯਥਾ- ਕੁੜਮੁ ਕੁੜਮਾਈ ਆਇਆ।

**ਕੁੜਮਾਈ** ਪੰ. ਸਗਾਈ, ਯਥਾ- ਕੁੜਮੁ ਕੁੜਮਾਈ ਆਇਆ।

**ਕੁੜਿ** ਪੰ. ਪੁਰਾਨੀ ਹੋ ਕਰ ਸੁਕਚ ਗਈ ਵਸਤੁ, ਯਥਾ- ਖੜੁ ਪਕੀ ਕੁੜਿ ਭਜੈ ਬਿਨਸੈ। ਮਧਾਣੀ ਕਾ ਕੁੜ ਜਿਸ ਮੇਂ ਠਹਰ ਕਰ ਮਧਾਣੀ ਫਿਰਤੀ ਹੈ।

**ਕੂ** ਦੇ. ਨੂੰ, ਯਥਾ- ਹਡਾ ਕੂ ਕੜਕਾਇ। ਮਰਣ ਸਮੇ ਹਡਾ ਕੋ ਤੋੜ ਕੇ।

**ਕੂਅਟਾ** ਪ੍ਰ. ਕੂਆ, ਯਥਾ- ਕੂਅਟਾ ਏਕੁ ਪੰਚ ਪਨਿਹਾਰੀ।

**ਕੂਅਣਾ** ਪੰ. ਬੋਲਣਾ ਜਿਸ ਕਾ ਅਭਾਵ ਅਕੂਯਣਾ ਹੈ, ਯਥਾ- ਤੈ ਸਹ

ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ।

**ਕੂਕ** ਪੰ. ਪੁਕਾਰ, ਯਥਾ- ਕੂਕ ਨ ਸੁਣੀਐ ਪੁਕਾਰ। ਕੂਕਤੇ ਕੀ ਪੁਕਾਰ, ਫਰਿਆਦ ਕੋਈ ਨਹੀਂ ਸੁਨਤਾ ; ਅੰਗਰੇਜੀ ਮੇਂ ਰਸੋਈਆ, ਬਵਰਚੀ।

**ਕੂਕਣ** ਪੰ. ਪੁਕਾਰਨੇ, ਯਥਾ- ਕਿਥੈ ਕੂਕਣ ਜਾਉ।

**ਕੂਕਰ** ਦੇ. ਕੁੱਤਾ, ਯਥਾ- ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ। ਜਸ ਕੋ ਕਰ, ਯਥਾ- ਏਤੇ ਕੂਕਰ ਹਉ ਬੇਗਾਨਾ। ਹੇ ਪ੍ਰਮੇਸਵਰ ਤੇਰੇ ਏਤੇ ਜਸ ਕੋ ਕਥਨ ਕਰਕੇ ਮੈ ਬੇਗਾਨਾ, ਗਾਨੇ ਸੇ ਭਾਵ ਜਸ ਕਹਨੇ ਸੇ ਚੁਪ ਹੋ ਗਯਾ। ਯਹ ਜਾਨ ਕੇ ਜੋ ਮੇਰੇ ਦੇਹ ਕੋ ਅਬ ਕਿਆ ਡਰ ਹੈ।

**ਕੂਕਰੀ** ਦੇ. ਕੁੱਤੀ, ਯਥਾ- ਕੂਕਰੀ ਬਿਕਰਾਲ। ਰਸੋਈ ਕੀ ਬੁੱਕ ਅੰਗਰੇਜੀ।

**ਕੂਕਾ** ਪੰ. ਦੁਖ ਸੇ ਰੋਨੇ ਕੀਆਂ ਉਚੀਆਂ ਅਵਾਜਾਂ, ਯਥਾ- ਕੂਕਾ ਪਈਆ ਰਾਹੀ।

**ਕੂਕੀਐ** ਪੰ. ਪੁਕਾਰੀਏ ਭਾਵ ਸੇ ਉਚੇ ਸ੍ਵਰ ਸੇ ਕੇਸਵ ਨਾਮ ਕੋ ਜਪੀਏ, ਯਥਾ- ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ। ਇਸੀ ਤੁਕ ਕੋ ਜੋੜ ਮੇਲ ਕੇ ਸਮੇ ਬਹੁਤ ਕਰ ਪੜਨੇ ਸੇ ਰਾਮ ਸਿੰਘ ਕੇ ਸੇਵਕੋਂ ਕਾ ਨਾਮ ਕੂਕੇ ਪ੍ਰਸਿਧ ਹੋ ਗਯਾ, ਜੈਸੇ ਨਿਰੀਕਾਰ ਨਾਮ ਜਪਨੇ ਸੇ ਸਰਜੂ ਦਾਸ ਕੇ ਚੇਲੇ ਰਾਮਾਨੰਦੀ ਬੈਰਾਗੀ ਨਿਰੀਕਾਰੀਏ ਪ੍ਰਸਿਧ ਹੁਏ।

**ਕੂਚ** ਫਾ. ਯਾਤ੍ਰਾ, ਚਲ ਦੇਨਾ, ਰਵਾਨਾ ਹੋਨਾ, ਯਥਾ- ਦਰਿ ਕੂਚ ਕੂਚਾ ਕਰਿ ਗਏ। ਪੂਰਬ ਨਾਨਾ ਦੇਹੋਂ ਸੇ ਦੇਹਾਂਤਰੋਂ ਮੇਂ ਆਤੇ, ਇਸ ਦੇਹ ਸੇ ਆਗੇ ਚਲੇ ਗਏ। ਤਾਣੀ ਸਾਫ ਕਰਨੇ ਕਾ ਕੁੱਚ, ਯਥਾ- ਕੂਚ ਬਿਚਾਰੇ ਫੂਏ ਫਾਲ।

**ਕੂੰਜ** ਦੇ. ਕੂੰਜ ਪੰਛੀ। ਸੰ. ਕ੍ਰੂੰਚ।

**ਕੂਜੜਾ** ਪੰ. ਮਿੱਟੀ ਕਾ ਲੋਟਾ, ਯਥਾ- ਅਜੁ ਫਰੀਦੈ ਕੂਜੜਾ।

**ਕੂੰਜੜੀਆ** ਗੁ. ਬੱਚਿਓ ਹੇਤ ਕੁਰਲਾਤੀ ਕੂੰਜਾਂ ਵਤ ਵਿਖਯੋਂ ਹੇਤ ਯਤਨ ਕਰਤੀ ਇੰਦ੍ਰੀਯਾਂ, ਯਥਾ- ਟਾਕਿਮ ਕੂੰਜੜੀਆ। ਕੂੰਜੜੀਆਂ ਈਹਾਂ ਉਪਮਾਨ ਮਾਤ੍ਰ ਕੇ ਗ੍ਰਹਣ ਸੇ ਸਭੀ ਅੰਗ ਲੇਨੇ। ਦ੍ਰਿਸ੍ਰਾਂਤ ਮੇਂ ਅੰਗ ਚਾਰ ਹੋਤੇ ਹੈਂ- ਉਪਮਾਨ ਉਪਮੇਯ ਵਾਚਕ ਅਸਾਧਾਰਣ ਧਰਮ। ਜਹਾਂ ਚਾਰੋਂ ਹੋਵੇ ਪੂਰਨ ਉਪਮਾਲੰਕਾਰ ਹੋਤਾ ਹੈ, ਜਹਾਂ ਏਕ ਦੋ ਤੀਨ ਪ੍ਰਯੰਤ ਨਾ ਹੋਵੇਂ ਤਹਾਂ ਲੁਪਤੋਪਮਾ ਹੋਤੀ ਹੈ। ਈਹਾਂ ਉਪਮਾਨ ਮਾਤ੍ਰ ਹੈ ਯਾ ਤੇ ਲੁਪਤੋਪਮਾ ਹੈ, ਅਧਿਕ ਬਿਚਾਰ ਇਸ ਕਾ ਅਲੰਕਾਰ ਗ੍ਰੰਥੋਂ ਮੇਂ ਹੈ।

**ਕੂਜਾ** ਅ. ਮਿਟੀ ਕਾ ਲੋਟਾ, ਦਸਤੇਦਾਰ ਬਰਤਨ, ਯਥਾ- ਕਰਹੁ ਹਥਿ ਕੂਜਾ। ਦੇ. ਮਿਸਰੀ ਕਾ ਕੂਜਾ, ਯਥਾ- ਕੂਜਾ ਮੇਵਾ ਮੈ ਸਭ ਕਿਛੁ ਚਾਖਿਆ।

**ਕੂਟਨੁ** ਗੁ. ਚਮੜਾ ਕੂਟਨੇ ਵਾਲਾ ਚੁਮਾਰ, ਯਥਾ- ਕੂਟਨੁ ਸੋਇ ਜੁ ਮਨ ਕਉ ਕੂਟੈ। ਕੂਟਨੇ ਵਾਲਾ ਉਤਮ ਵਹੁ ਹੈ ਜੋ ਮਨ ਕੋ ਕੂਟੇ ਹੈ, ਚਮੜਾ ਕੂਟਨੇ ਵਾਲਾ ਕੂਟਨ ਨਹੀਂ।

**ਕੂਟਾਂ** ਦੇ. ਦਿਸਾਂ ਪੂਰਬਾਦਿ, ਜੈਸੇ- ਚਾਰੇ ਕੂਟਾਂ।

**ਕੂਟੈ** ਦੇ. ਸੰਜਮ ਸੇ ਮਨ ਕੋ ਛੇਤੇ, ਯਥਾ- ਕੂਟਨੁ ਸੋਇ ਜੁ ਮਨ ਕਉ ਕੂਟੈ।

**ਕੂੰਡੇ** ਦੇ. ਮੱਟੀ ਕੇ ਕੂੰਡੇ, ਯਥਾ- ਛੂਟੇ ਕੂੰਡੇ ਭੀਗੈ ਪੂਰੀਆ।

**ਕੂਣ** ਪੰ. ਕੋਣ, ਦਿਸਾ ; ਬੋਲਣ।

**ਕੂਤੁ** ਅ. ਖਾਨਾ, ਰੋਜੀ। ਸੰ. ਸਬਦ। ਫਾ. ਮਾਪ, ਜੈਸੇ- ਕਣ ਕੂਤ। ਉਦਾਹਰਣ ਸਭ ਕਾ ਏਕ ਹੀ ਹੈ, ਯਥਾ- ਕੇਤੀ ਦਾਤਿ ਜਾਣੈ ਕੌਣੁ ਕੂਤੁ। ਪ੍ਰਮੇਸ੍ਵਰ ਕੀ ਕੇਤੀ ਦਾਤ ਹੈ ਜਾਨ ਕੌਨ ਸਕਤਾ ਹੈ ਉਸ ਕੇ ਖਾਨੇ ਸੇ ਭਾਵ ਕੋਈ ਨਹੀਂ ਜਾਨ ਸਕੇ। ਜਿਸ ਤੇ ਦਾਤ ਮਰੇ ਪੀਛੇ ਭੀ ਬਨੀ ਰਹੇ ਹੈ। ਪੁਨਾ ਕਹ ਕੌਨ ਸਕੇ ਹੈ ਅਪਣੀ ਬਾਣੀ ਸੇ ਜੋ ਏਤੀ ਹੈ। ਪੁਨਾ ਮਾਪ ਕੌਨ ਕਰ ਸਕੇ ਹੈ ਗਜੋਂ ਸੇ, ਤਥਾ ਤਰਾਜੂ ਸਾਥ ਤੋਲਨੇ ਸੇ, ਤਥਾ ਹਾਥੀ ਘੋੜੇ ਵਤ ਨਿਗਾਹ ਕੇ ਮਾਪ ਸੇ।

**ਕੂਪ** ਸੰ. ਕੂਆ, ਯਥਾ- ਕੂਪ ਤੇ ਮੇਰੁ ਕਰਾਵੈ।

**ਕੂਪ ਤੇ ਮੇਰੁ** ਵਾ. ਅਤਯੰਤ ਨੀਚ ਸੈ ਉਚ ਕਰੇ ਹੈਂ।

**ਕੂਪਾਰੀਆ** ਗੁ. ਕੂਪ ਤੇ, ਯਥਾ- ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ।

**ਕੂਰਨੁ** ਗੁ. ਕੂੜੇ ਵਿਚੋਂ, ਭੁਸ ਮੇਂ ਸੇ, ਯਥਾ- ਕਬਹੂ ਕੂਰਨੁ ਚਨੇ ਬਿਨਾਵੈ। ਕਬੀ ਮੰਦ ਕਰਮ ਪੁਰਖੋਂ ਸੇ ਕੂੜੇ ਮੇਂ ਸੇ ਚਨੇ ਚੁਗਾਵੇ ਹੈ।

**ਕੂਰਮਾ** ਦੇ. ਜਿਸ ਕੇ ਊਪਰ ਪ੍ਰਿਥ੍ਵੀ ਠਹਰੀ ਮਾਨਤੇ ਹੈਂ ਵਹੁ ਕਛਪ, ਯਥਾ- ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ।

**ਕੂਰਮਾਪਾਲ** ਵਾ. ਕਛਪ ਪ੍ਰਮੇਸਵਰ ਕਾ ਮਾਨੋ ਪਲਘ ਹੈ।

**ਕੂਰਮੁ** ਸੰ. ਕਛਪ, ਯਥਾ- ਮਛੁ ਕਛੁ ਕੂਰਮੁ ਆਗਿਆ ਅਉਤਰਾਸੀ। ਕਛ ਦੇਸ ਮੇਂ ਕੂਰਮ ਅਵਤਾਰ ਕਾਮ ਪੜੇ ਅਵਤਾਰ ਧਾਰਤਾ ਹੂੰ, ਐਸੀ ਅਪਨੀ ਆਗ੍ਯਾ ਕੋ ਯਾਦ ਕਰ ਉਤਰਾ।

**ਕੂਰਾ** ਦੇ. ਝੂਠਾ ; ਕੂੜਾ ; ਅਲਪ ਸਾ ਜਲ ਕਾ ਜੀਵ।

**ਕੂਰੇ** ਗੁ. ਝੂਠੇ, ਯਥਾ- ਕੂਰੇ ਗਾਢਨ ਗਾਢੇ। ਸੁਖਦਾਈ ਜਨ ਕਰ ਜੀਵ ਝੂਠੇ ਹੀ ਕੁਟੰਬ ਸਾਥ ਸੰਬੰਧ ਬਨਾਵੇ ਹੈਂ।

**ਕੂਲਿ** ਸੰ. ਕਿਨਾਰਾ ; ਨਹਰ, ਯਥਾ- ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।

**ਕੂਲੇ** ਗੁ. ਨੂੰ ਲੇਵੇਂ, ਯਥਾ- ਸਘਨ ਬਾਸੁ ਕੂਲੇ। ਪੰ. ਕੋਮਲ ਹੈ, ਜੈਸੇ- ਕਿਆ ਕੇਲੇ ਕੇ ਪਤੇ ਕੂਲੇ ਹੈਂ।

**ਕੂੜ ਕਬਾੜਾ** ਵਾ. ਝੂਠ ਸ੍ਵਰੂਪ, ਕੂੜਾ, ਯਥਾ- ਛੋਡਹੁ ਪ੍ਰਾਣੀ ਕੂੜ

ਕਬਾੜਾ।

**ਕੂੜਹੁ** ਗੁ. ਕੂੜ ਸੇ (ਨਰ ਅਪਨਾ ਬਿਨਾਸ ਕਰੇ ਹੈ), ਯਥਾ- ਕੂੜਹੁ ਕਰੇ ਵਿਣਾਸੁ ਧਰਮੇ ਤਗੀਐ।

**ਕੂੜਾ ਗੰਢੁ** ਵਾ. ਝੂਠਾ ਪ੍ਰੇਮ, ਯਥਾ- ਕੂੜਾ ਗੰਢੁ ਨ ਚਲਈ।

**ਕੂੜਾਵੀ** ਪੰ. ਝੂਠ ਕੇ ਮੇਲ ਵਾਲੀ, ਯਥਾ- ਕਾਰ ਕੂੜਾਵੀ ਛਡਿ ਭਾਵ ਕੂੜ ਸੰਬੰਧੀ।

**ਕੂੜਾਵੀਆ** ਗੁ. ਝੂਠੀ, ਯਥਾ- ਸੋਇ ਕੂੜਾਵੀਆ। ਸੋਭਾ ਝੂਠੀ।

**ਕੂੜਾਵੇ** ਪੰ. ਝੂਠ ਕੇ ਮੇਲ ਵਾਲੇ, ਯਥਾ- ਹਭਿ ਕੂੜਾਵੇ ਕੰਮ। ਪੁਨਾ- ਹਭੇ ਸਾਕ ਕੂੜਾਵੇ ਡਿਠੇ।

**ਕੂੜਿਆਰੀ** ਗ. ਝੂਠੇ, ਯਥਾ- ਕੂੜਿਆਰੀ ਰਜੈ ਕੂੜਿ। ਪੁਨਾ- ਥਾਉ ਨ ਪਾਇਨਿ ਕੂੜਿਆਰ।

**ਕੂੜੁ** ਦੇ. ਝੂਠ ; ਝੂਠੇ, ਯਥਾ- ਕੂੜੁ ਮੀਆ ਕੂੜੁ ਬੀਬੀ। ਝੂਠੀ, ਯਥਾ- ਕੂੜੈ ਕੂੜੀ ਪਾਇ। ਝੂਠੇ ਕੀ ਝੂਠੀ ਪਤਿ ਹੈ। ਝੂਠੀ ਗਵਾਹੀ, ਯਥਾ- ਕੂੜੀ ਪੂਰੇ ਥਾਉ। ਝੂਠੇ ਕੀ, ਯਥਾ- ਕੂੜੈ ਕੂੜੀ ਸੋਇ।

**ਕੇ** ਪੰ. ਕਿਆ, ਯਥਾ- ਕੇ ਕਾਰਨਿ। ਕਾਰਨ ਕਿਆ ਹੈ। ਕੋਈ, ਜੈਸੇ- ਕੇ ਜਾਇਆ। ਕੋਈ ਜਾਵੇ।

**ਕੇਇ** ਦੇ. ਕੋਈ, ਕੁਛ।

**ਕੇਈ** ਦੇ. ਕੋਈ ਕੁਛ, ਯਥਾ- ਤਾ ਆਖਿ ਨ ਸਕਹਿ ਕੇਈ ਕੇਇ।

**ਕੇਸ** ਸੰ. ਕ. ਜਲੋਂ ਕਾ ਈਸ ਬਰਣ ; ਕੇਸੀ ਰਾਖਸ ; ਕ. ਬ੍ਰਹਮਾ ; ਕਾ ਈਸ ਬਿਸਨੁ ; ਸੂਰਯਾਦਿਕੋਂ ਕੀ ਕਿਰਣ ; ਕ. ਸਿਰ ਮੇ ਸ. ਬਿਰਾਜਨੇ ਵਾਲੇ ਸਿਰ ਦਾੜੀ ਕੇ ਰੋਮ ਜੋ ਚਿਕਿਤਸਾ ਗ੍ਰੰਥੋਂ ਮੇਂ ਅਸਥਿ ਧਾਤੁ ਸੇ ਉਪਜੀ ਉਪਧਾਤੁ ਲਿਖੀ ਹੈ। ਯੇ ਕੇਸ ਮਗਜ ਕੋ ਤਰ ਰਖਤੇ ਹੈਂ, ਸੀਤ ਉਸਨ ਸੇ ਬਚਾਤੇ ਹੈਂ, ਸਸਤ੍ਰ ਸੇ ਚੋਟ ਸੇ ਬਚਾਤੇ ਹੈਂ। ਖੁਸੀ ਕਾ ਅਰ ਪ੍ਰਤਿਸ੍ਰਾ ਕਾ ਚਿੰਨ ਹੈ, ਸ੍ਰਿੰਗਾਰ ਹੈ। ਇਸ ਲੀਏ ਚੂੜਾ ਕਰਮ ਔ ਕੇਸਾਂਤ ਕਰਮ ਸਮੇ ਭੀ ਮੰਤ੍ਰੇ ਹੂਏ ਜਲ ਸੇ ਧੋਨੇ ਸਾਰ ਹੈਂ। ਮੁੰਡਾਨੇ ਨਾ ਚਾਹੀਏ, ਜੈਸੇ ਸਿਖਾ ਰਖਤੇ ਹੈਂ, ਤੈਸੇ ਸਭੀ ਰਖਨੇ ਚਾਹੀਏ। ਸੰਨਯਾਸੀ ਭੀ ਦੱਤ ਕਪਲਾਦਿ ਜਟਾ ਰੂਪ ਕੇਸ ਵਾਲੇ ਹੀ ਲਿਖੇ ਹੈਂ। ਅਰ ਸਿਖਾ ਛੇਦਨ ਕਰਨੇ ਵਾਲੇ ਸੰਕਰਾਚਾਰਯ ਕੇ ਪੜਦਾਦਾ ਗੁਰ ਸੁਕਦੇਵ ਸੇ ਲੇ ਬ੍ਯਾਸ ਪਰਾਸਰਾਦਿ ਬਿਸਨੁ ਪ੍ਰਯੰਤ ਰਿਖੀ ਮਹਾ ਰਿਖੀ ਸਭ ਕੇਸਾਂ ਵਾਲੇ ਰਹੇ ਕੋਈ ਮੁੰਡਤ ਨਹੀਂ ਹੂਆ। ਯਾ ਤੇ ਦੰਡੀ ਸੰਨਯਾਸੀਯੋਂ ਮੇਂ ਤਥਾ ਅਵਧੂਤੋਂ ਮੇਂ ਸੰਕਰ ਸੇ ਚਲੀ ਮੁੰਡਿਤ ਹੋਨੇ ਕੀ ਰੀਤਿ ਸੁਕਦੇਵ ਬ੍ਯਾਸਾਦਿ ਪੁਰਬਲੇ ਆਚਾਰਯੋਂ ਸੇ ਬਿਰੁਧ ਹੋਨੇ ਤੇ ਸਾਸਤ੍ਰੋਕਤ ਧਰਮ ਨਹੀਂ ਮਨ ਮਾਨੀ ਰੀਤਿ ਹੈ। ਸੋ ਅਯੋਗ੍ਯ ਹੈ। ਮੁੰਡਨਾ ਸਮ ਸਾਧਨ ਸੇ ਮਨ ਕਾ ਸਾਰ ਹੈ। ਮਗਜ ਕੋ ਤਰ ਰਖ ਬੁਧੀ ਕੀ ਬ੍ਰਿਧੀ ਕਰਨੇ ਵਾਲੇ ਕੇਸੋਂ ਕਾ ਮੁਡਾਨਾ ਸਾਰ ਨਹੀਂ। ਯਾਹੀ ਭਾਵ ਸੇ ਗ੍ਰੰਥ ਜੀ ਮੇਂ ਲਿਖਾ ਹੈ- ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ। ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ। ਮਨ ਮਾਰੇ ਬਿਨਾ ਵਾਕਜਾਂਤਰ ਮੇਂ ਭੀ ਮੁਕਤੀ ਕੀ ਆਸਾ ਸੇ ਮੂੰਡ ਮੁਡਾਨੇ ਕਾ ਨਿਖੇਧ ਕੀਆ ਹੈ- ਮੂਡ ਮੁੰਡਾਏ ਜੌ ਸਿਧਿ ਪਾਈ। ਮੁਕਤੀ ਭੇਡ ਨ ਗਈਆ ਕਾਈ।

**ਕੇਸਰਿ** ਸੰ. ਸੇਰ ਕੀ ਗਰਦਨ ਕੇ ਰੋਮ ; ਘੋੜੇ ਕੀ ਗਰਦਨ ਕੇ ਰੋਮ ; ਮੌਲਸਿਰੀ ਕਾ ਬ੍ਰਿਛ ; ਮੁਰਾ ਨਾਮ ਸੁਗੰਧ ਵਾਲੀ ਬੂਟੀ ; ਹਿੰਗੁਲ, ਸਿੰਗਰਫ ; ਕੁੰਕਮ ਕੇਸਰ ਪ੍ਰਸਿਧ, ਯਥਾ- ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।

**ਕੇਸਵ** ਸੰ. ਸ੍ਰੇਸ੍ਟ ਕੇਸੋਂ ਵਾਲਾ ਮਾਤ੍ਰ ; ਕੰਸ ਕਾ ਭਾਈ ਕੇਸ ਤਿਸ ਕੇ, ਵ- ਮਾਰਨੇ ਸੇ ਕ੍ਰਿਸਨ ਕਾ ਨਾਮ ਕੇਸਵ ਪ੍ਰਸਿਧ ਹੂਆ ; ਕ- ਬ੍ਰਹਮਾ, ਅ- ਬਿਸਨੁ, ਈਸ- ਮਹਾਦੇਵ, ਤੀਨੋ ਜਿਸ ਕੇ ਅਧੀਨ ਵਰਤੀ ਹੋਵੇ ਤਿਸ ਪ੍ਰਮੇਸਵਰ ਕਾ ਨਾਮ ਕੇਸਵ ਹੈ ; ਕ- ਬ੍ਰਹਮਾ, ਈਸ (ਮਹਾਦੇਵ) ਪੁਤ੍ਰ ਪੌਤ੍ਰ ਰੂਪ ਹੋਵੇ ਜਿਸ ਬਿਸਨੁ ਕੇ, ਤਿਸ ਕਾ ਨਾਮ ਕੇਸਵ ਹੈ ; ਸੂਰਯਾਦਿ ਤੈ ਜਸ ਵਸਤੁਯੋਂ ਕਾ ਨਾਮ ਕੇਸ ਹੈ, ਤਿਨ ਅੰਸੋ ਵਾਲਾ ਜਾਨ ਕੇ ਪ੍ਰਮੇਸ੍ਵਰ ਕਾ ਨਾਮ ਕੇਸਵ ਹੈ ; ਜੋ ਪ੍ਰਮੇਸ੍ਵਰ ਨਾਨਾ ਭਾਂਤ ਕੇ ਆਸ੍ਚਰਯ ਚਰਿਤ੍ਰ ਕਰੇ ਹੈ, ਯਥਾ- ਕੇਸਵ ਚਲਤ ਕਰਹਿ ਨਿਰਾਲੇ।

**ਕੇਸਵਾ** ਦੇ. ਹੇ ਕੇਸਵ, ਯਥਾ- ਆਉ ਕਲੰਦਰ ਕੇਸਵਾ। ਫਾਰਸੀ ਕੀ ਰੀਤਿ ਸੇ ਕੰਨਾ ਸੰਬੋਧਨ ਮੇਂ ਹੈ। ਕੇਸਵ ਕੋ, ਯਥਾ- ਕੇਸਵਾ ਬਚਉਨੀ।

**ਕੇਸਾਇਓ** ਗੁ. ਕੇਸੋਂ ਸਾਥ, ਯਥਾ- ਚਰਨ ਝਾਰੀ ਕੇਸਾਇਓ।

**ਕੇਸੀ** ਸੰ. ਕੰਸ ਕਾ ਭ੍ਰਾਤਾ, ਯਥਾ- ਕੇਸੀ ਕੰਸ ਮਥਨੁ ਜਿਨਿ ਕੀਆ। ਦੇ. ਕੇਸੋਂ ਕੋ, ਯਥਾ- ਨਾ ਸਤਿ ਮੂੰਡ ਮੁਡਾਈ ਕੇਸੀ।

**ਕੇਸੋ ਗੋਪਾਲ** ਦੇ. ਗੁਰੂ ਅਮਰ ਜੀ ਕੀ ਸਭਾ ਮੇਂ ਏਕ ਗੁਰੋਂ ਕਾ ਸੇਵਕ ਪੰਡਿਤ ਜਿਸ ਕੇ ਪਰਥਾਇ 'ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ' ਜੋਤੀ ਜੋਤ ਸਮਾਵਨ ਸਮੇ ਕਥਾ ਹੇਤ ਗੁਰੂ ਅਮਰ ਜੀ ਨੇ ਆਗਯਾ ਕਰੀ ਹੈ। ਸੋਈ ਆਗਯਾ ਉਸ ਸਮੇ ਕਾ ਨਿਖਲ ਬ੍ਰਿਤਾਂਤ ਸੁਨਾਤੇ ਗੁਰੂ ਅਮਰ ਸਾਹਬ ਜੀ ਕੇ ਪੜੋਤੇ ਸੁੰਦਰ ਜੀ ਨੇ ਅਪਨੇ ਸਦ ਮੇਂ ਗੁਰੂ ਅਰਜਨ ਸਾਹਬ ਜੀ ਕੋ ਸੁਨਾਈ। ਗੁਰੂ ਜੀ ਕੇ ਕੇਸੋ ਗੋਪਾਲ ਇਤਯਾਦਿ ਬਚਨ ਸੇ ਯਹ ਸਿਧ ਹੋਤਾ ਹੈ, ਮਰਯਾਦਾ ਪੁਰਾਤਨ ਵਰਤਨ ਸਮੇ, ਗੁਰੁਮਤ ਕੇ ਸੁਧਾ ਵਾਲੇ ਬ੍ਰਾਹਮਣ ਬਿਨਾ, ਆਨ ਸੇ ਕੋਈ ਰੀਤੀ ਨਹੀਂ ਕਰਾਵਣੀ। ਸੁਧਾਲੂ ਬ੍ਰਾਹਮਣ ਨਾ ਮਿਲੇ ਆਨ ਵਰਣ ਕੇ ਗੁਰੂ ਸਿੱਖੋਂ ਸੇ ਕਰਾ ਲੇਣੀ, ਫਲ ਦੇਣਾ ਬਾਣੀ ਕੇ ਅਧੀਨ ਹੈ, ਕਾਹੂ ਕੀ ਜੁਬਾਨ ਕੇ ਨਹੀਂ, ਪੁਰਾਣ ਕੀ ਆਗਯਾ ਇਸ ਲੀਏ ਦਈ ਥੀ, ਉਸ ਸਮੇ ਗੁਰੂ ਗ੍ਰੰਥ ਸਾਹਬ ਜੀ ਤਿਆਰ ਨਹੀਂ ਹੂਏ ਥੇ। ਗੁਰੂ ਗ੍ਰੰਥ ਸਾਹਬ ਪੀਛੇ ਸੇ ਗੁਰੂ ਅਰਜਨ ਸਾਹਬ ਜੀ ਨੇ ਤਿਆਰ ਕੀਏ। ਜਬ ਸੇ ਤਿਆਰ ਹੂਏ ਤਬ ਸੇ ਮ੍ਰਿਤ

ਪੁਰਖ ਕੇ ਨਾਮ ਸੇ ਪਾਠ ਇਸੀ ਕਾ ਹੋਨੇ ਲਗਾ। ਯਹ ਵਾਰਤਾ ਸਾਖੀ ਮੇਂ ਪ੍ਰਸਿਧ ਹੈ। ਗੁਰਦਿਤਾ ਜੀ ਕੇ ਦੇਹਾਂਤ ਹੁਏ ਪੀਛੇ ਪਾਠ ਹੇਤ ਗੁਰੂ ਹਰਿਗੋਬਿੰਦ ਸਾਹਬ ਜੀ ਨੇ ਆਗ੍ਯਾ ਦੇ ਕਰ ਗ੍ਰੰਥ ਸਾਹਬ ਕਰਤਾਰਪੁਰ ਸੇ ਮੰਗਵਾਯਾ, ਧੀਰਮਲ ਨੇ ਨਾ ਦੀਆ ਤਬ ਔਰ ਗ੍ਰੰਥ ਸਾਹਬ ਜੀ ਕਾ ਪਾਠ ਕਰਾਯਾ। ਇਸ ਲੀਏ ਪਾਠ ਕੇਵਲ ਗ੍ਰੰਥ ਸਾਹਬ ਜੀ ਕਾ ਚਾਹੀਏ। ਈਸ੍ਵਰ ਕਾ ਭਜਨ ਗਤਿ ਕਾ ਸਾਧਨ ਹੈ। ਨਰਕ ਦੇਨੇ ਵਾਲੀ ਪਾਪੋਂ ਕੀ ਕਥਾ ਔ ਨਰਕੋਂ ਕੀ ਕਥਾ ਮ੍ਰਿਤ ਪੁਰਖ ਕੋ ਕੁਛ ਸਹਾਇਤਾ ਨਹੀਂ ਕਰ ਸਕਤੀ। ਯਾ ਤੇ ਪ੍ਰੇਤ ਗਾਥਾ ਸੁਣਨੀ ਲਾਭਦਾਈ ਨਹੀਂ।

**ਕੇਹ** ਗੁ. ਕਿਸ ਨੂੰ, ਯਥਾ- ਕਹੀਏ ਕੇਹ। ਕਿਸ ਉਪਾਇ ਸੇ, ਯਥਾ- ਕਹਹੁ ਗੁਸਾਈ ਮਿਲੀਐ ਕੇਹ। ਕਿਸ ਪ੍ਰਕਾਰ।

**ਕੇਹਰ** ਦੇ. ਸੇਰ। ਸੰ. ਕੇਸਰੀ।

**ਕੇਹਾ** ਦੇ. ਕੈਸਾ, ਯਥਾ- ਬੁਰਾ ਕਰੇ ਸੁ ਕੇਹਾ ਸਿਝੈ।

**ਕੇਹਾ ਕਾੜਾ** ਵਾ. ਕੈਸਾ ਕੜਨਾ ਅਰਥਾਤ ਤਪਨਾ ਹੈ, ਯਥਾ- ਤਾ ਭਉ ਕੇਹਾ ਕਾੜਾ ਜੀਉ।

**ਕੇਹਿਆ** ਗੁ. ਕੈਸੇ।

**ਕੇਹੁ** ਦੇ. ਕੋਈ, ਯਥਾ- ਉਨ ਥਾਉ ਨ ਕੇਹੁ।

**ਕੇਡਾ** ਪੰ. ਕਿਤਨਾ, ਜੈਸੇ- ਕੇਡਾ ਮੰਦਰ ਹੈ।

**ਕੇਤ** ਗੁ. ਕਿਸ ਨੂੰ, ਯਥਾ- ਕਹੀਅਹਿ ਕੇਤ। ਕਹਾਂ, ਯਥਾ- ਉਠਿ ਸਿਧਾਰੇ ਕੇਤ। ਕਿਸੇ, ਯਥਾ- ਕਾਰਜਿ ਨਾਹੀ ਕੇਤੁ। ਕੇਤੇ, ਯਥਾ- ਗੁਣ ਕਹੀਅਹਿ ਕੇਤ।

**ਕੇਤੜਿਆ** ਪੰ. ਕੇਤੇ ਯੁਗੋਂ ਮੇਂ, ਯਥਾ- ਕੇਤੜਿਆ ਜੁਗ ਧੁੰਧੂਕਾਰੈ।

**ਕੇਤੀ** ਦੇ. ਕਿਤਨੀ, ਯਥਾ- ਕੇਤੀ ਦਾਤਿ ਜਾਣੈ। ਕਿਤਨੇ, ਯਥਾ- ਕੇਤੇ ਰਤਨ ਸਮੁੰਦ।

**ਕੇਦਾਰਾ** ਦੇ. ਮੇਘ ਰਾਗ ਦਾ ਪੁਤ੍ਰ ਰਾਤ੍ਰੀ ਕੇ ਦੂਜੇ ਪਹਰ ਮੇਂ ਗਾਨਾ। ਨਿ ਸ ਪ ਮ ਗ ਰਿ ਸ ਨਿ ਖਟ ਸ੍ਵਰ ਕਾ ਓੜਵ ਹੈ, ਯਥਾ- ਕੇਦਾਰਾ ਰਾਗਾ ਵਿਚਿ ਜਾਣੀਐ ਭਾਈ।

**ਕੇਦਾਰੁ** ਸੰ. ਹਿਮਾਲੇ ਮੇਂ ਜੋਤਿ ਲਿੰਗ ਔ ਤਿਸ ਵਾਲਾ ਪਰਬਤ, ਯਥਾ- ਕੇਦਾਰੁ ਥਾਪਿਓ ਮਹਸਾਈ। ਭੂਮਿ ਬਿਸੇਖ ; ਆਲਬਾਲ, ਬ੍ਰਿਛ ਕੀ ਜੜ ਮੇਂ ਜਲ ਪੜਨੇ ਕਾ ਕੁੰਡ ; ਖੇਤ।

**ਕੇਨ** ਗੁ. ਕਰਕੇ, ਯਥਾ- ਓਇ ਊਤਮ ਹਰਿ ਹਰਿ ਕੇਨ। ਕਿਸ ਨੇ, ਜੈਸੇ- ਬਾਲੀ ਕੇਨ ਮਾਰਾ ਰਾਮੇਣ। ਰਾਮ ਨੇ ਮਾਰਾ। ਕਿਸ ਕਰ ਕੇ, ਜੈਸੇ- ਕੇਨ ਸਸਤ੍ਰੇਨ ਹਤ: ਬਾਣੇਨ। ਬਾਣ ਕਰਕੇ ਮਾਰਾ।

**ਕੇਰਿਆ** ਗੁ. ਕੇ, ਯਥਾ- ਕਿਸੈ ਨ ਕੇਰਿਆ। ਕਿਸੇ ਕੇ ਨਹੀਂ।

**ਕੇਰੀ** ਗੁ. ਕੀ, ਯਥਾ- ਕਲਰ ਕੇਰੀ ਕੰਧ ਜਿਉ। ਪੁਨਾ- ਜਨਹ ਕੇਰੀ। ਕੇ, ਯਥਾ- ਸਭ ਵਸਗਤਿ ਹੈ ਹਰਿ ਕੇਰੀ। ਪੁਨਾ- ਅਜਬ ਕੰਮ ਕਰਤੇ ਹਰਿ ਕੇਰੇ। ਕਾ, ਯਥਾ- ਕੋਇ ਨ ਕਿਸ ਹੀ ਕੇਰਾ।

**ਕੇਵਡੁ** ਪੰ. ਕੇਤਾ, ਯਥਾ- ਕੇਵਡੁ ਵਡਾ ਡੀਠਾ ਹੋਇ। ਕੇਤਾ ਵਡਾ।

**ਕੇਵਡੁ ਮਟਿਆ** ਵਾ. ਕੇਤਾ ਵੱਡਾ ਮੱਟ ਹੈ ਭਾਵ ਥਾਨ ਹੈ ਤਿਸ ਕਾ। ਮੱਟ ਪੰਜਾਬ ਮੇਂ ਮਿੱਟੀ ਕੇ ਵਡੇ ਘੜੇ ਕਾ ਨਾਮ ਹੈ, ਈਹਾਂ ਬ੍ਰਹਮਾਂਡ ਲੇਨਾ, ਯਤਾ- ਕੋਇ ਨ ਜਾਣੈ ਕੀਮ ਕੇਵਡੁ ਮਟਿਆ।

**ਕੇਲ** ਸੰ. ਪਰੀਹਾਸ ਲੀਲਾ, ਯਥਾ- ਹਰਿ ਮਿਲਿਆ ਕੇਲ ਕੇਲਾਲੀ।

**ਕੇਲ** ਸੰ. ਖੁਸੀਆਂ, ਲੀਲਾ, ਯਥਾ- ਕੇਲ ਕਰੇਦੇ ਹੰਝ ਨੋ। ਕ੍ਰਿਸ੍ਨ ਕੀ ਲੀਲਾ ਸਥਾਨ, ਬ੍ਰਿੰਦਾਬਨ, ਯਥਾ- ਗੰਗਾ ਜਮੁਨਾ ਕੇਲ ਕੇਦਾਰਾ।

**ਕੇਲ ਕਿਲਾਲੀ** ਗੁ. ਪੁਨਾ ਪੁਨਾ ਕੇਲ ਕਰਨੇ ਵਾਲਾ, ਵਾ ਜਲ ਕੇ ਵਾਚਕ ਕੀਲਾਲ ਨਾਮ ਕਾ ਕਿਲਾਲੀ, ਬਨ ਜਲੋਂ ਮੇਂ ਕੇਲ ਕਰਨੇ ਵਾਲਾ ਹਰਿ- ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ।

**ਕੇਲਾ** ਸੰ. ਕਦਲੀ ਬ੍ਰਿਛ, ਯਥਾ- ਕੇਲਾ ਪਾਕਾ। ਖੇਲਾਂ, ਲੀਲਾ, ਯਥਾ- ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।

**ਕੇਲਾ ਪਾਕਾ** ਵਾ. ਪੱਕਾ ਕੇਲਾ ਭਾਵ ਸੇ ਮੁਕਤੀ ਰੂਪ ਫਲ ਵਾਲਾ ਸਤਸੰਗ ਥਾਨ, ਯਥਾ- ਕੇਲਾ ਪਾਕਾ ਝਾਰਿ।

**ਕੇਲਾਲੀ** ਗੁ. ਪੁਨਾ ਪੁਨਾ ਕੇਲ, ਯਥਾ- ਕੇਲ ਕੇਲਾਲੀ। ਵਾ. ਕੀਲਾਲ ਜਲ ਕਾ ਨਾਮ ਹੈ, ਤਿਸ ਮੇਂ ਕੇਲ ਕਰਨੇ ਵਾਲਾ। ਸੰ. ਕੀਲਾਲ।

**ਕੇਵ** ਗੁ. ਕਿਸ ਪ੍ਰਕਾਰ, ਯਥਾ- ਕੇਵ ਰਹਸੀ ਰੰਗੁ। ਕਿਵ ਸੇ ਕੇਵ ਬਨਾ ਹੈ। ਪੁਨਾ- ਤੁਧੁ ਬਾਝੁ ਪਿਆਰੇ ਕੇਵ ਰਹਾ।

**ਕੇਵਲ** ਸੰ. ਸੰਪੂਰਣ ; ਨਿਸ੍ਰਿਤ ; ਗਜਾਨ ਬਿਸੇਖ ; ਸੁੱਧ ; ਏਕ, ਯਥਾ- ਕੇਵਲ ਨਾਮੁ ਜਪਹੁ ਰੇ ਪ੍ਰਾਨੀ।

**ਕੇਵਲ ਨਾਮੁ** ਸੰ. ਏਕ ਨਾਮ, ਯਥਾ- ਕੇਵਲ ਨਾਮੁ ਜਪਹੁ ਰੇ ਪ੍ਰਾਨੀ।

**ਕੇਵੜਾ** ਦੇ. ਕੇਤਕੀ ਜਿਸਕਾ ਫੂਲ ਬਡੀ ਸੁਗੰਧੀ ਵਾਲਾ ਹੋਤਾ ਹੈ, ਸਮੁਦ੍ਰ ਤੀਰੇ ਕੇ ਦੇਸੋਂ ਮੇਂ ਯਹ ਬਹੁਤ ਹੋਤਾ ਹੈ।

**ਕੇੜਾ** ਪੰ. ਕੌਨ ਹੈ।

**ਕੈ** ਦੇ. ਕੇਤੇ, ਜੈਸੇ- ਕੈ ਪੁਰਖ। ਕਿਸ, ਯਥਾ- ਕੈ ਦੋਖੜੈ ਸੜਿਓਹਿ। ਕਿਸ ਦੋਖ ਤੇ ਤੂ ਸੜ ਗਿਆ ਹੈ। ਪੁਨਾ- ਕੈ ਗੁਣਿ ਹਰਿ ਰੰਗੁ ਮਾਣਹੀ। ਕਿਸ ਗੁਣ ਸੇ ਹਰਿ ਕੇ ਆਨੰਦ ਕਾ ਅਨੁਭਵ ਕਰੇਗਾ। ਕਰਕੇ, ਯਥਾ- ਗੁਰ ਮੰਤਨ ਕੈ। ਪੁਨਾ- ਸਾਧੂ ਸੰਤਨ ਸੇਵਿ ਕੈ। ਅਥਵਾ, ਯਥਾ- ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।

**ਕੈ ਸਿਉ** ਦੇ. ਕਿਸ ਪਾਸ, ਯਥਾ- ਕੈ ਸਿਉ ਕਰੀ ਪੁਕਾਰ।

**ਕੈ ਕਰੀ** ਗੁ. ਦੇ. ਕਿੰਕਰਪਨਾ ; ਕਿਸ ਕੋ, ਯਥਾ- ਕੈ ਕਰੀ ਸਲਾਮੁ।

**ਕੈ ਗੁਣਿ** ਗੁ. ਕਿਸ ਗੁਣ ਸੇ, ਯਥਾ- ਕੈ ਗੁਣਿ ਹਰਿ ਰੰਗੁ ਮਾਣਹੀ।

**ਕੈ ਦੋਖੜੈ** ਵਾ. ਕਿਸ ਦੋਖ ਤੇ, ਯਥਾ- ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ।

**ਕੈਂ ਧਰਿ** ਗੁ. ਕਿਸ ਓਰ, ਯਥਾ- ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।

**ਕੈਸਰ** ਅ. ਏਕ ਪਾਤਸਾਹ ਰੂਮ ਕਾ ; ਪਾਤਸਾਹ ਮਾਤ੍ਰ ਇਸ ਲੀਏ ਕੈਸਰ ਬਾਗ ਕਾ ਅਰਥ ਪਾਤਸਾਹੀ ਬਾਗ ਹੈ, ਭੂਲ ਸੇ ਲੋਗ ਕੇਸਰ ਬਾਗ ਬੋਲਤੇ ਹੈਂ ਏਕ ਕੈਸਰ ਬਾਗ ਲਖਣਊ ਮੇ ਹੈ।

**ਕੈਸੇ** ਦੇ. ਕਿਸ ਪ੍ਰਕਾਰ, ਯਥਾ- ਤੂ ਕੈਸੇ ਆੜਿ ਫਾਥੀ ਜਾਲਿ।

**ਕੈਹਾ** ਪੰ. ਕਾਂਸੀ ਧਾਤੁ, ਯਥਾ- ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।

**ਕੈਠੈ** ਦੇ. ਬਾਗੜ। ਕਹਾ, ਯਥਾ- ਬਿਨੁ ਲਹਣੇ ਕੈਠੈ ਪਾਇਓ ਰੇ।

**ਕੈਰਉ** ਦੇ. ਕੁਰੁ ਰਾਜਾ ਕੇ ਬੰਸੀ ਦੁਰਯੋਧਨ ਯੁਧਿਸ੍ਰਾਦਿ ਦੋਨੋਂ ਕਾ ਨਾਮ ਕੈਰਵ ਹੈ, ਪਰੰਤੂ ਲੋਕੋਂ ਮੇਂ ਕੈਰੋਂ ਦੁਰਯੋਧਨ ਕੇ ਭਾਈਯੋਂ ਮੇਂ ਹੀ ਪ੍ਰਸਿਧ ਹੈ। ਯਾਂ ਤੇ ਵਹੀ ਲੇਨੇ ਕੌਰਵ, ਯਥਾ- ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ। ਸੰ. ਕੌਰਵ।

**ਕੈਰਵ** ਦੇ. ਕੁਰੁ ਰਾਜਾ ਕੇ ਬੰਸੀ ਦੁਰਯੋਧਨਾਦਿਕ।

**ਕੈਲੀ** ਪੰ. ਕਪਲਾ ਗਊ, ਯਥਾ- ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ। ਬ੍ਰਹਮ ਗਯਾਨੀ ਕੇ ਘਾਤ ਸੇ, ਪੁਨਾ ਕਪਲਾ ਗਊ ਕੇ ਘਾਤ ਸੇ ਜੋ ਪਾਪ ਹੋਤਾ ਹੈ, ਤਥਾ ਕੰਨਯਾ ਕਾ ਅੰਨ ਗ੍ਰਹਣ ਕਰਨੇ ਸੇ, ਪੁਨਾ ਸਾਸਤ੍ਰ ਮੇ ਕਹੇ ਉਤਮ ਚਾਲ ਚਲਨ ਸੇ ਹੀਨ ਕਾ ਅੰਨ ਗ੍ਰਹਣ ਕਰਨੇ ਸੇ ਜੋ ਦੋਖ ਹੋਤਾ ਹੈ, ਯੇ ਸਭੀ ਪਾਪ ਉਸ ਕੋ ਹੋਤੇ ਹੈ ਜਿਸ ਕੋ ਪ੍ਰਮੇਸ੍ਰਰ ਕਾ ਨਾਮ ਭੂਲ ਜਾਵੇ। ਇਸ ਬਚਨ ਕੀ ਓਰ ਦੇਖੋ ਜਿਨ ਰਾਜਾ ਲੋਗੋ ਕੇ ਰਾਜ ਮੇ ਸੌਦਾਗਰੀ ਕੀ ਚੀਜੋ ਵਤ ਲੜਕੀਯੋ ਕਾ ਮੋਲ ਲੀਆ ਜਾਤਾ ਹੈ, ਵਹੁ ਰਸਮ ਸਰਬਥਾ ਬੰਦ ਹੋਨੀ ਉਚਿਤ ਹੈ। ਪੁਨਾ ਜੋ ਆਦਮੀ ਜਿਸ ਮਤ ਕਾ ਹੈ, ਉਸ ਮਤ ਕੀ ਸਾਧਾਰਣ ਰੀਤਿ ਮੋ ਉਸੇ ਅਵਸਯ ਹੀ ਪ੍ਰਜਾ ਕੇ ਸ੍ਵਾਮੀ ਕੋ ਚਲਾਵਨਾ ਚਾਹੀਏ। ਰਹੋ ਬਿਚਾਰ ਜਿਸ ਕੇ ਰੋਮ ਬਦਾਮੀ ਰੰਗ ਕੇ ਹੋਵੇ ਥਨ ਕਾਲੇ ਹੋਵੇ ਉਸ ਗਊ ਕਾ ਨਾਮ ਕਪਲਾ ਹੈ। ਈਹਾ ਅਜਹਤ ਲਖਣਾ ਸੇ ਗਊ ਮਾਤ੍ਰ ਕਾ ਗ੍ਰਹਣ ਹੈ। ਕਾਹੇ ਤੇ ਵਾਕਯਾਂਤ੍ਰ ਮੇ- ਗਊ ਬਿਰਾਹਮਣ ਕਉ ਕਰੁ ਲਾਵਹੁ, ਗਊ ਮਾਤ੍ਰ ਕੋ ਸ੍ਰੇਸ੍ਰਤਾ ਸੂਚਨ ਕਰੀ ਹੈ। ਯਾ ਤੇ ਕੈਲੀ ਗਊ ਮਾਤ੍ਰ ਕਾ ਨਾ ਦੋਖ ਮਾਨੇ, ਆਨ ਗਊਓ ਕੇ ਘਾਤ ਸੇ ਦੋਖਨਾ ਕਹਨਾ ਹੋਗ।

**ਕੋ** ਦੇ. ਕੋਈ, ਯਥਾ- ਕੋ ਜਾਇਆ। ਕੋਈ ਜਾਵੇ। ਪੁਨਾ- ਹਮਰਾ ਕੋ ਨਹੀ। ਕੌਨ, ਯਥਾ- ਕੋ ਕੋ ਨ ਬੈਕੁੰਠਿ ਗਏ। ਪ੍ਰਸ੍ਨ, ਜੈਸੇ- ਤੁਮ ਕੋ ਹੋ। ਨੂੰ, ਯਥਾ- ਅਵਰਹ ਕਉ ਉਪਦੇਸਤੇ। ਕਾ, ਯਥਾ- ਰਾਮ ਕੋ ਬਲੁ।

**ਕੋ ਸਾਲੁ** ਗੁ. ਕੌਨ ਸ੍ਰੇਸ੍ਰ ਹੈ, ਯਥਾ- ਕੋ ਸਾਲੁ ਜਿਵਾਹੇ ਸਾਲੀ। ਕੌਨ ਸ੍ਰੇਸ੍ਰ ਹੈ ਜਿਵਾਹੇ, ਧ੍ਰਾਸੇ ਔ ਸਾਲੀ, ਚਾਵਲ ਕੇ ਪੇਡ ਮੇਂ, ਚਾਵਲ ਕੇ ਪੇਡ ਹੀ ਸ੍ਰੇਸ੍ਰ ਹੈ ਤੈਸੇ ਆਗਯਾ ਭੰਗ ਕਰਤੇ ਪੁਤ੍ਰੋਂ ਮੇਂ ਔ ਆਗਯਾ ਮਾਨਨੇ ਵਾਲੇ ਸਿਖੋਂ ਮੇਂ ਗੁਰੁ ਅੰਗਦ ਸਿਖ ਹੀ ਸ੍ਰੇਸ੍ਰ ਹੈ।

**ਕੋਊ** ਦੇ. ਕੋਈ, ਯਥਾ- ਕੋਊ ਹਰਿ ਸਮਾਨਿ ਨਹੀ ਰਾਜਾ।

**ਕੋਇ** ਗੁ. ਕੋਈ, ਯਥਾ- ਹੋਰੁ ਆਖਿ ਨ ਸਕੈ ਕੋਇ।

**ਕੋਇਲ** ਪੰ. ਕੋਇਲ ਪੰਛੀ। ਸੰ. ਕੋਕਿਲ।

**ਕੋਇਲਾ** ਦੇ. ਦ. ਕੋਈ, ਯਥਾ- ਮੁਕਤਿ ਨ ਜਾਨੈ ਕੋਇਲਾ। ਪੰ. ਕਾਲਾ ਕੋਲਾ, ਯਥਾ- ਖਿੰਥਾ ਜਲਿ ਕੋਇਲਾ ਭਈ। ਪਰਲੋਕ ਮੇ ਮੁਖ ਕਾਲਾ ਕਰਨੇ ਵਾਲੇ ਪਾਪ, ਯਥਾ- ਕੋਇਲੇ ਪਾਪ ਪੜੇ ਤਿਸੁ ਉਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ।

**ਕੋਈ** ਗੁ. ਕਿਸੇ।

**ਕੋਸ** ਸੰ. ਖਜਾਨਾ ਜੋ ਰਾਜਯ ਕੇ ਸਾਤ ਅੰਗੋ ਮੇ ਕੋਸ ਗਿਨਾ ਹੈ ; ਖੜਗਾਦਿਕੋ ਕਾ ਮਿਆਨ ; ਅੰਨ ਮਯਾਦਿਕ ਪਾਂਚ ਜੈਸੇ ਖੜਗ ਕੋ ਮਿਆਨ ਅਵਰ (ਢਕ) ਲੇਤਾ ਹੈ, ਤੈਸੇ ਦੇਹਾਦਿਕੋ ਨੇ ਆਤਮਾ ਕੋ ਆਛਾਦਨ ਕਰ ਰਖਾ ਹੈ। ਇਸ ਲੀਏ ਵੇਦ ਮੇ ਅੰਨਮਯ, ਪ੍ਰਾਣਮਯ, ਮਨੋਮਯ, ਵਿਗਯਾਨਮਯ, ਆਨੰਦਮਯ ਪਾਂਚ ਕੋਸ ਆਤਮਾ ਕੇ ਸ੍ਵਰੂਪ ਕੇ ਆਛਾਦਨ ਕਰਨੇ ਵਾਲੇ ਕਹੇ ਹੈਂ। ਅੰਨਮਯ ਕੋ ਸਥੂਲ ਦੇਹ ਹੈ, ਪ੍ਰਾਣਮਯ, ਮਨੋਮਯ, ਵਿਗਯਾਨਮਯ ਕੋਸ ਸੂਖਮ ਦੇਹ ਹੈ, ਆਨੰਦਮਯ ਕੋਸ ਅਵਿਦਯਾ ਰੂਪ ਕਾਰਣ ਦੇਹ ਹੈ ; ਨਾਮੋ ਕੇ ਅਰਥੋ ਕਾ ਪ੍ਰਤਿਪਾਦਕ ਗ੍ਰੰਥ ਨਾਮ ਅਪਨੇ ਅਰਥੋਂ ਕੋ ਸ਼ਕਤੀ, ਲਖਣਾ, ਬਯੰਜਨਾ, ਪਰਿਭਾਖਾ ਇਨਚਾਰ ਬ੍ਰਿਤੀਯੋ ਸੇ ਕਹਤੇ ਹੈ, ਪਰਾਚੀਨ ਕੋਸੋ ਮੇ ਕੇਵਲ ਸਕਤੀ ਸੇ ਕਹੇ ਅਰਥ ਹੀ ਲਿਖੇ ਜਾਤੇ ਥੇ। ਅਬ ਕੇ ਕੋਸੋ ਮੇ ਪਰਿਭਾਖਾ ਸੇ ਕਹੇ ਅਰਥ ਭੀ ਲਿਖੇ ਜਾਤੇ ਹੈ। ਲਖਣਾ ਬਯੰਜਨਾ ਸੇ ਕਹੇ ਅਰਥ ਅਬ ਭੀ ਨਹੀਂ ਲਿਖੇ ਜਾਤੇ। ਸਕਤੀ ਆਦਿਕੋ ਕੇ ਅਰਥ ਇਨ ਕੇ ਨਾਮੋ ਮੇ ਲਿਖੇ ਦੇਖੋ।

**ਕੋਸਸ** ਯ. ਯਤਨ।

**ਕੋਸਾ** ਦੇ. ਕੋਸ, ਕੋਹ, ਯਥਾ- ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ। ਜਿਸ ਜਮਪੁਰੀ ਕੇ ਰਸਤੇ ਕੇ ਗਿਨੇ ਨਹੀ ਜਾਤੇ ਕੋਸ।

**ਕੋਹ** ਯ. ਪਰਬਤ।

**ਕੋਹਾਂ** ਗੁ. ਕੋਸੋ ਪੈ, ਯਥਾ- ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।

**ਕੋਟ ਸੋਧਨ** ਵਾ. ਕ੍ਰੋੜੋ ਸੁਧੀਆ।

**ਕੋਟਵਰੀਆ** ਗੁ. ਕੁਤਵਾਲ, ਪੁਲਸਦਾਰ। ਸੰ. ਕੋਟਪਾਲ, ਯਥਾ- ਵਿਚਿ ਮਨ ਕੋਟਵਰੀਆ।

**ਕੋਟਵਾਰ** ਦੇ. ਕ੍ਰੋੜੋਵਾਰ ; ਕੋਤਵਾਲ। ਸੰ. ਕੋਟਯਪਾਲ।

**ਕੁੱਟਵਾਰੀ** ਦੇ. ਕੁਤਵਾਲਪਨਾ, ਯਥਾ- ਪਾਪੁ ਕਰੇ ਕੁੱਟਵਾਰੀ। ਮੰਦ ਕਰਮ ਅਪਨੇ ਕਰਨੇ ਵਾਲੇ ਕੋ [illegible]ਰਲੋਕ ਮੇ ਦੁਖੀ ਕਰੇ ਹੈ. [illegible] ਹੈ- ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ।

**ਕੋਟਿ** ਦੇ. ਕ੍ਰੋੜ, ਯਥਾ- ਕੋਟਿ ਕੋਟਿ ਤੇਤੀਸ ਧਿਆਵਹਿ। ਕ੍ਰੋੜੋ ਵਾਰ ਤੇਤੀ ਪ੍ਰਕਾਰ ਕੇ ਦੇਵਤਾ ਪ੍ਰਮੇਸ੍ਰਰ ਕਾ ਧਿਆਨ ਕਰੇ ਹੈ। ਅਗ੍ਰ ਭਾਗ ਮੇ, ਯਥਾ- ਕੋਟਿ ਜੋਰੇ ਲਾਖ ਕ੍ਰੋਰੇ। ਅਪਨੇ ਅਗ੍ਰ ਭਾਗ ਮੇ ਜੋੜੇ ਲਖਾ ਕਰੋੜਾ। ਕਿਲਜੇ ਮੇ ਉਦਾਹਰਣ ਪਿਛਲਾ ਹੀ ਕੋਟ, ਕਿਲਜੇ ਮੇ ਜੋੜਨੇ ਸੇ ਲਖਾ ਕਰੋੜਾ ਰੁਪਏ ਮਨ ਨਹੀ ਰੁਕਤਾ।

**ਕੋਟਿ** ਸੰ. ਧਨੁਖ ਕੇ ਸਿਰੇ ; ਵਸਤੁ ਮਾਤ੍ਰ ਕਾ ਅਗ੍ਰ ਭਾਗ ; ਸੰਸਿਓ ਕਾ ਠਿਕਾਨਾ ; ਸੌ ਲਖ ਗਿਨਤੀ ; ਸੌ ਲਖ ਗਿਨਤੀ ਵਾਲੀ ਵਸਤੁ ਅਰਥਾਤ ਕ੍ਰੋੜ ; ਪ੍ਰਕਾਰ, ਯਥਾ- ਕੋਟਿ ਕੋਟਿ ਤੇਤੀਸ ਧਿਆਵਹਿ। ਵਾਦ ਚਰਚਾ ਸਮੇ ਨਿਰਣੇ ਹੇਤ ਕੀਆ ਪੂਰਬ ਪਖ ਅਰਥਾਤ ਤਤ੍ਵ ਨਿਰਣਯ ਕੀ ਚਾਹ ਵਾਲੇ ਕੀ ਪ੍ਰਸ੍ਨ ਰੂਪ ਚਰਚਾ।

**ਕੋਠੜੀ** ਦੇ. ਬਡੇ ਮੰਦਰੋਂ ਮੇਂ ਛੋਟਾ ਕੋਠਾ।

**ਕੋਠੀ** ਗੁ. ਕੋਠੜੀ, ਯਥਾ- ਮਨਮੁਖ ਕੋਠੀ ਅਗਿਆਨੁ ਅੰਧੇਰਾ। ਕੋਠੜੇ, ਯਥਾ- ਕੋਠੇ ਮੰਡਪ ਮਾੜੀਆ।

**ਕੋਡ** ਪੰ. ਕ੍ਰੋੜ, ਯਥਾ- ਕਉਤਕ ਕੋਡ ਤਮਾਸਿਆ।

**ਕੋਥਰੀ** ਦੇ. ਥੈਲੀ, ਗੁਥਲੀ, ਯਥਾ- ਰਾਮ ਰਤਨੁ ਮੁਖੁ ਕੋਥਰੀ।

**ਕੋਦਉ ਕੋ** ਦੇ. ਕੋਦਰੇ ਅੰਨ ਕਾ, ਯਥਾ- ਕੋਦਉ ਕੋ ਭੁਸੁ ਖਈਹੈ।

**ਕੋਨੇ** ਦੇ. ਘਰ ਕੇ ਕੂਣੇ ਮੇ, ਯਥਾ- ਕੋਨੇ ਬੈਠੇ ਖਾਈਐ।

**ਕੋਪ ਜਰੀਆ** ਵਾ. ਕ੍ਰੋਧ ਅਗਨੀ ਮੇ ਪੜਾ ਜਲਤਾ ਹੈ, ਯਥਾ- ਮਮ ਮਦ ਮਾਤ ਕੋਪ ਜਰੀਆ।

**ਕੋਪਿਓ** ਗੁ. ਕੋਪ ਵਾਲਾ ਭਯਾ ਵਾ ਕੋ ਪਦ ਕੋ ਪੂਰਬਲੇ ਮੇਲ ਪਿਓ ਰਿਸਾਇ, ਖੜਗ ਕੋ ਨਿਕਾਸ ਕੇ ਪ੍ਰਲਾਦ ਕੋ ਮਾਰਨੇ ਪੜਾ ਕ੍ਰੋਧ ਸੇ, ਜੈਸੇ- ਕਾਢਿ ਖੜਗੁ ਕੋਪਿਓ ਰਿਸਾਇ।

**ਕੋਪੁ** ਸੰ. ਕ੍ਰੋਧ, ਯਥਾ- ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।

**ਕੋਮ** ਦੇ. ਕੁਲ, ਬੰਸ, ਗੋਤ, ਯਥਾ- ਕੋਮਨ ਸਿਰਿ ਕੋਮਾ। ਜਾਤੋ ਮੇ ਬਡੀ ਜਾਤਿ।

**ਕੋਮਲ** ਸੰ. ਨਰਮ, ਯਥਾ- ਕੋਮਲ ਬਾਣੀ ਸਭ ਕਉ ਸੰਤੋਖੈ।

**ਕੋਮਲ ਬਾਣੀ** ਸੰ. ਨਰਮ ਬਚਨ, ਯਥਾ- ਕੋਮਲ ਬਾਣੀ ਸਭ ਕਉ ਸੰਤੋਖੈ। ਯਹ ਨਸੀਹਤ ਹੈ।

**ਕੋਰ** ਗੁ. ਅੰਧਪਨਾ, ਯਥਾ- ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ। ਤੇਰੇ ਤਨ ਭਾਵ ਮਨ ਮੇ ਪਾਪ ਮੈਲ ਰੂਪ ਅੰਧਪਨਾ ਹੈ।

**ਕੋਰੜ** ਪੰ. ਬਹੁਤ ਆਂਚ ਸੇ ਭ੍ਰੀ ਨਾ ਰਿਝਣੇ ਅਰਥਾਤ ਨਾ ਗਲਨੇ ਵਾਲਾ ਮੋਠ ਕਾ ਦਾਣਾ, ਯਥਾ- ਕੋਰੜ ਮੋਠ ਜਿਨੇਹਾ।

**ਕੋਰਾ** ਅਨਭਿਜ, ਯਥਾ- ਮਨੁ ਕੋਰਾ ਹਰਿ ਰੰਗਿ ਭੇਨ। ਅਨਭਿਜ ਮਨ ਸੰਤ ਕ੍ਰਿਪਾ ਸੇ ਹਰਿ ਕੇ ਰਸ ਮੇ ਭੀਗ ਗਯਾ ਹੈ। ਨਾ ਖੁੰਬ ਕੀਆ ਬਸਤ੍ਰ ; ਬੇਲਿਹਾਜ ਮਨੁਖ, ਯਥਾ- ਅਭਿਗ ਆਤਮ ਨਿਕੋਰ।

**ਕੋਰੀ** ਦੇ. ਪ੍ਰ. ਜੁਲਾਹਾ, ਯਥਾ- ਕੋਰੀ ਕੋ ਕਾਹੂ ਮਰਮੁ ਨ ਜਾਨਾਂ। ਨਾ ਖੁੰਬ ਕਰਾਈ ਵਸਤ੍ਰ।

**ਕੋਰੈ** ਦੇ. ਬਿਨਾ ਖੁੰਬ ਕੀਏ, ਯਥਾ- ਕੋਰੈ ਰੰਗੁ ਨ ਸੋਇ। ਬਿਨਾ ਪਾਹੇ।

**ਕੋਰੈ** ਗੁ. ਕ੍ਰੋੜੋ ਹੈ, ਯਥਾ- ਲਾਖ ਲਾਖ ਲਾਖ ਕਈ ਕੋਰੈ।

**ਕੋਲਿ** ਪੰ. ਪਾਸ, ਸਮੀਪ, ਯਥਾ- ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ। ਸੰ. ਸੂਕਰ।

**ਕੋਲੀ** ਪੰ. ਸਮੀਪ, ਕੋਲ ਰੂਪ ਧਾਰਨੇ ਵਾਲਾ ਬਿਸਨੁ, ਯਥਾ- ਨਿਕਟਿ ਵਸੈ ਹਰਿ ਕੋਲੀ।

**ਕੋਲੂ** ਦੇ. ਤੇਲ ਪੀੜਨੇ ਕਾ ਯੰਤ੍ਰ, ਯਥਾ- ਕੋਲੂ ਚਰਖਾ ਚਕੀ ਚਕੁ। ਪੁਨਾ- ਜਿਉ ਤਨੁ ਕੋਲੂ ਪੀੜੀਐ।

**ਕੋੜੀ** ਦੇ. ਕੁਸ੍ਰ ਵਾਲਾ ਪੁਰਖ ; ਕ੍ਰੋੜੋ, ਯਥਾ- ਨਾਨਕ ਕੋੜੀ ਨਰਕ ਬਰਾਬਰੇ। ਬੀਸ ਚੀਜਾਂ, ਜੈਸੇ- ਬਾਂਸ ਕੀ ਕੋੜੀ।

**ਕੋੜੁ** ਦੇ. ਕੁਸ੍ਰ ਰੋਗ ; ਕ੍ਰੋੜ, ਯਥਾ- ਕੋੜੁ ਬਦੀਆ। ਕਰੋੜਾ ਔਰ ਬੁਰੇ ਕਾਮ ਕਰਨੇ।

**ਕੋੜੁ ਬਦੀਆ** ਵਾ. ਅਨੇਕ ਜੂਏ ਚੋਰੀਆਂ ਆਦਿ ਔਰ ਬੁਰਾਈਆ।

**ਕੌਮੁਦੀ** ਸੰ. ਚੰਦ ਕੀ ਚਾਂਦਨੀ ਜੋ ਨਿਖਲ ਜਨੋਂ ਕੇ ਵਾਸ ਸਥਾਨ ਪ੍ਰਿਥਵੀ ਕੋ ਮੋਦ ਦੇਤੀ ਹੈ, ਇਸੀ ਕਾ ਨਾਮਾਂਤ੍ਰ ਚੰਦ੍ਰਕਾ ਹੈ ਜਯੋਤਸਨਾ ਹੈ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਕਕਾਰਾਦਿ ਸਬਦਾਰਥ ਰਚਨੰ ਸਮਾਪਤੰ॥

# ਖ

**ਖ** ਸੰ. ਇੰਦ੍ਰਯ ; ਦੇਹ ; ਪੁਰ ; ਸੁਨਯ ; ਅਭ੍ਰ ; ਬਿੰਦੀ ; ਸ੍ਵਰਗ ; ਸੁਖ ; ਆਕਾਸ।

**ਖਉ** ਪੰ. ਨਾਸ, ਯਥਾ- ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ। ਪੁਨਾ- ਕੋਟਿ ਪਰਾਧ ਖਿਨ ਮਹਿ ਖਉ ਭਈ ਹੈ। ਸੰ. ਖਯ।

**ਖਉਫੁ** ਫਾ. ਡਰ, ਭਯ, ਯਥਾ- ਖਉਫੁ ਨ ਖਤਾ ਨ ਤਰਸੁ ਜਵਾਲ।

**ਖਉਲੀਐ** ਗੁ. ਖੋਲ ਅਰਥਾਤ ਪਤਲਾ ਸਾ ਲੇਪ ਲਗਾਈਏ, ਯਥਾ- ਗਦਹੁ ਚੰਦਨਿ ਖਉਲੀਐ। ਗਧੇ ਕੋ ਚੰਦਨ ਕਾ ਲੇਪ ਝੜਾਈਐ। ਫਾ. ਖੋਲ। ਪੰ. ਕੱੜੀਐ।

**ਖਇਆ** ਪੰ. ਨਾਸ, ਯਥਾ- ਅਹੰ ਰੋਗ ਸਗਲ ਹੀ ਖਇਆ। ਪੁਨਾ- ਦੂਤ ਦੁਸਟ ਸਭਿ ਹੋਏ ਖਇਆ।

**ਖਈ** ਗੁ. ਨਾਸ, ਯਥਾ- ਤਨ ਤੇ ਹੋਏ ਸਗਲ ਖਈ।

**ਖਸਮਾਹੁ** ਗੁ. ਖਸਮ ਕੇ, ਯਥਾ- ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ।

**ਖਸਮਾਨਾ** ਅ. ਗੁਸਾ, ਕੋਪ, ਯਥਾ- ਖੁਰਾਸਾਨ ਖਸਮਾਨਾ ਕੀਆ। ਖਾਵਿੰਦੀ, ਪਤਿਪਨਾ, ਅਪਨੇ ਜਾਨ ਕੇ ਪਖ, ਯਥਾ- ਪ੍ਰਭ ਜੀਉ ਖਸਮਾਨਾ ਕਰਿ ਪਿਆਰੇ। ਪੁਨਾ- ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ।

**ਖਸਮੁ** ਅ. ਮਾਲਕ, ਪਤਿ, ਯਥਾ- ਖਸਮੁ ਪਛਾਨਿ ਤਰਸ ਕਰਿ ਜੀਅ ਮਹਿ। ਗੁਸਾ ਕਰਨ ਕਾ ਅਰ ਪਤਿਪਨਾ ਕਰਨ ਕਾ ਵਾਚਕ ਖਸਮਾਨਾ ਇਨ ਦੋਨੋ ਸੇ ਬਨਾ ਹੈ, ਜੋ ਪੀਛੇ ਲਿਖਾ ਗਯਾ।

**ਖਸਲਤਿ** ਫਾ. ਸੁਭਾਵ, ਪ੍ਰਕ੍ਰਿਤਿ, ਯਥਾ- ਮੁੰਢੈ ਦੀ ਖਸਲਤਿ ਨ ਗਈਆ। ਮੂੜੇ ਆਦਿ ਕਾ ਸੁਭਾਵ।

**ਖਹ** ਗੁ. ਸਹਾਰ।

**ਖਹਦੀ** ਪੰ. ਆਪ ਗੁਰੁ ਖਾਵੇ ਹੈ, ਯਥਾ- ਆਪ ਖਹਦੀ ਖੈਰਿ ਦਬਟੀਐ।

**ਖਹੰਦੇ** ਪੰ. ਲੜ ਘੁਲ ਕੇ ਦੁਖ ਦੇਤੇ, ਯਥਾ- ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ।

**ਖਹੜਾ** ਪੰ. ਰਸਤਾ ; ਪੀਛਾ ਕਰਨਾ ਕਾਹੂ ਵਸਤੁ ਕਾ, ਯਥਾ- ਖੋਇ ਖਹੜਾ।

**ਖਖਾ** ਗੁ. ਇਸੀ ਅਖਰ ਸੇ ਉਪਦੇਸ ਕਰੇ ਹੈਂ, ਯਥਾ- ਖਖਾ ਖਰਾ ਸਰਾਹਉ ਤਾਹੂ।

**ਖਗ** ਸੰ. ਪੰਛੀ ; ਸੂਰਯ ; ਦੇਵਤਾ ; ਸਰ, ਬਾਣ ; ਵਾਯੂ ; ਨਵਗ੍ਰਹ ; ਤਾਰਾਗਣ। ਖ- ਆਕਾਸ ਮੇਂ ਗਮਨ ਕਰਨੇ ਸੇ ਪੰਛੀ ਆਦਿਕੋ ਕਾ ਨਾਮ ਖਗ ਹੈ। ਦੇ. ਤਰਵਾਰ।

**ਖਗ ਤਨ** ਗੁ. ਜਟਾਯੂ, ਗਰੜਾਦਿ ਪੰਖੀਓਂ ਕੇ ਬਚੇ ਵਾ ਜਟਾਯੂ ਆਦਿ ਖਗ ਸਰੀਰ, ਯਥਾ- ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ।

**ਖਚਨਾ** ਗੁ. ਖਚਿਤ ਕਰਨਾ, ਯਥਾ- ਸਤਸੰਗਤਿ ਸੇਤੀ ਮਨੁ ਖਚਨਾ।

**ਖਚੀਐ** ਗੁ. ਖਚਿਤ ਹੋਈਏ ਹਰਿ ਕੇ ਸੰਗੀਓਂ ਕੇ ਸੰਗ ਮੇ, ਯਥਾ- ਹਰਿ ਸੰਗਿ ਸੰਗਿ ਖਚੀਐ।

**ਖੰਜਨ** ਗੁ. ਨਾਸ ਕਰਨੇ ਵਾਲਾ। ਸੰ. ਮਮੋਲਾ ਪੰਖੀ।

**ਖੰਜਰੀਟ** ਸੰ. ਮਮੋਲਾ ਪੰਖੀ, ਜੈਸੇ- ਨੈਨ ਖੰਜਰੀਟ ਨਸੇ।

**ਖਜੂਰੀ** ਦੇ. ਖਜੂਰ ਕਾ ਫਲ, ਯਥਾ- ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ। ਸੰਤੋਂ ਕੇ ਉਪਦੇਸ ਬੈਸਾਖ ਜੇਠ ਕੀ ਪੱਕੀ ਖਜੂਰੋਂ ਤੁਲਯ ਮੀਠੇ ਹੈਂ। ਪੁਨਾ ਸਹਿਤ ਕੀ ਨਦੀਓਂ ਤੁਲਯ ਹੈਂ। ਯਾ ਤੇ ਹੇ ਜੀਵੋ ਤੁਮ ਤਿਨਕੇ ਖਾਨੇ ਪੀਨੇ ਹੇਤ ਸੀਘ੍ਰ ਉਦਮ ਕਰੋ।

**ਖਟ** ਸੰ. ਅੰਧਕੂਪ ; ਕਫ ; ਫੰਕ ; ਤ੍ਰਿਣ ; ਲਾਂਗਲ। ਸੰ. ਖਟ ।

**ਖਟ** ਸੰ. ਖਟ ਸੰਖਯਾ ; ਸੰਖਯਾ ਵਾਲੀ ਵਸਤੁ, ਯਥਾ- ਖਟ ਸਾਸਤ੍ਰ ਊਚੌ ਕਹਹਿ। ਦੇ. ਕਮਾਇ ਕੇ, ਜੈਸੇ- ਖਟ ਘਾਲ ਕਛ ਹਥਹੁ ਦੇਇ। ਧਰਮ ਸੇ ਧਨ ਕਮਾਇ ਕੇ ਜੋ ਹਾਥ ਸੇ ਦਾਨ ਕਰੇ। ਸੰ. ਖ਼ਟ।

**ਖਟ ਕਰਮ** ਸੰ. ੧. ਸਾਂਤਿ ੨. ਬਸੀਕਾਰ ੩. ਸੁੰਭਨ ੪. ਬਿਦ੍ਵੇਖ ੫. ਉਚਾਟਨ ੬. ਮਾਰਨ, ਯਥਾ- ਕਰਿ ਕਿਰਿਆ ਖਟੁ ਕਰਮ ਕਰੰਤਾ। ਯੇ ਮੰਤ੍ਰ ਸਾਸਤ੍ਰ ਕੇ ਗ੍ਰੰਥੋਂ ਮੇਂ ਕਹੇ ਖਟ ਕਰਮ ਹੈਂ। ਗ੍ਰੰਥ ਸਾਹਬ ਜੀ ਕੇ ਪਾਠੋਂ ਮੇ ਇਨ ਕਾ ਗ੍ਰਹਣ ਨਹੀਂ, ਯਜਨਾਦਿਕੋਂ ਕਾ ਹੈ ਸੋ ਯੇ ਹੈਂ ਯਜਨ- ੧. ਯੱਗ ਕਰਨਾ ੨. ਯਾਜਨ- ਜਜਮਾਨ ਕਾ ਯੱਗ ਕਰਾਵਨਾ ੩. ਪਠਨ- ਆਪ ਪੜਨਾ ੪. ਪਾਠਣ- ਨੌਕਰੀ ਲੇ ਪੜਾਵਨਾ ੫. ਦਾਨ- ਆਪ ਪੁੰਨ ਹੇਤ ਦੇਨਾ ੬. ਪ੍ਰਤਿਗ੍ਰਹ- ਦੂਸਰੇ ਸੇ ਲੇਨਾ, ਯੇ ਖਟ ਕਰਮ ਧਰਮ ਸਾਸਤ੍ਰੋਂ ਮੇਂ ਬ੍ਰਾਹਮਣ ਕੇ ਲਿਖੇ ਹੈਂ, ਯਥਾ- ਖਟੁ ਕਰਮ ਕੁਲ ਸੰਜੁਗਤੁ ਹੈ। ਧਰਮ ਸਾਸਤ੍ਰੋਂ ਮੇਂ ਕਹੇ ਕਰਮੋਂ ਮੇਂ ਯਜਨ, ਪਠਨ, ਦਾਨ ਯੇ ਤੀਨ ਬ੍ਰਾਹਮਣ ਕੇ ਧਰਮ ਹੇਤ ਹੈਂ ਯਾਜਨ, ਪਾਠਨ, ਪ੍ਰਤਿਗ੍ਰਹ ਯੇ ਤੀਨ ਕਰਮ ਨਿਰਬਾਹ ਹੇਤ ਹੈਂ ਇਸੀ ਲੀਏ ਬ੍ਰਾਹਮਣ ਲੋਕ ਖਤ੍ਰੀ ਆਦਿਕ ਤੀਨ ਬਰਣ ਕੋ ਇਨ ਕਰਮੋਂ ਕੀ ਬੰਦੀ ਕਰਤੇ ਹੈਂ। ਬ੍ਰਾਹਮਣ ਬਣ ਕੇ ਕਰਨੇ ਵਾਲੇ ਕੋ ਬੰਦ ਨਹੀਂ ਕਰੇ।

ਜੈਸੇ ਬਿਸ੍ਵਾਮਿਤ੍ਰ ਨੇ ਖਤ੍ਰੀ ਸੇ ਬ੍ਰਾਹਮਣ ਬਨਕੇ ਯੇ ਕਰਮ ਕਰੇ। ਬਯਾਸ ਪਰਾਸਰਾਦਿਕ ਮੁਨੀਓਂ ਨੇ ਤਪ ਕੇ ਪ੍ਰਤਾਪ ਸੇ ਬਰਣ ਸੰਕਰੋਂ ਸੇ ਬ੍ਰਾਹਮਣ ਬਨ ਕਰ ਕੀਏ। ਯਹ ਵਾਰਤਾ ਆਪਤ ਵਕਤਾ ਬਯਾਸ ਜੀ ਨੇ ਆਪ ਹੀ ਸਾਂਤੀ ਪਰਬ ਕੇ ਉਤਰਾਰਧ ਮੇਂ ਪ੍ਰਤਿਪਾਦਨ ਕਰੀ ਹੈ। ਪਾਠਨ ਕਰਮ ਖਤ੍ਰੀ ਭੀ ਕਰਤੇ ਰਹੇ। ਵੇਦ ਮੇ ਤਥਾ ਇਤਿਹਾਸ ਪੁਰਾਣੋਂ ਮੇਂ ਖਤ੍ਰੀਯੋਂ ਕੋ ਉਪਦੇਸ੍ਾਪਨਾ ਸਪਸਟ ਲਿਖਾ ਹੈ। ਜੋ ਗੁਰਮਤਿ ਨਿਰਣੇ ਮੇਂ ਤੇਈਸਮੇਂ ਪ੍ਰਸਨ ਕੇ ਉਤ੍ਰ ਮੇਂ ਸਤਾਈਸਮੀ ਉਰਮੀ ਮੇਂ ਸਪਸਟ ਪ੍ਰਤਿਪਾਦਨ ਕੀਆ ਹੈ। ਯਾ ਤੇ ਨੇਮ ਸੇ ਪਾਠਨ ਕਰਮ ਬ੍ਰਾਹਮਣ ਕਾ ਹੈ, ਯਹ ਨੇਮ ਨਹੀਂ। ਯਹੀ ਦਸਾ ਯਾਜਨ ਮੇਂ ਜਾਨੋਂ। ਪ੍ਰਤਿਗ੍ਰਹ ਨੰਗੇ ਭੂਖੇ ਕੋ ਅੰਨ ਬਸਤ੍ਰ ਦੇਨੇ ਕਾ ਕਹੀ ਧਰਮ ਸਾਸਤ੍ਰ ਮੇਂ ਨਿਖੇਧ ਨਹੀਂ। ਇਸ ਤੇ ਖਟ ਕਰਮੋਂ ਮੇਂ ਸਭ ਕਾ ਅਧਿਕਾਰ ਹੈ। ਏਤਾ ਬਿਸੇਖ ਹੈ। ਬ੍ਰਾਹਮ੍ਣ ਕਾ ਪਹਿਲੇ ਹੈ, ਇਤਰੋਂ ਕਾ ਪੀਛੇ ਹੈ। ਵਰਤਮਾਨ ਸਮੇ ਤੋ ਅੰਗਰੇਜ ਰਾਜ ਕੀ ਦਯਾ ਸੇ ਕਾਹੂ ਕਾਮ ਕੀ ਕਿਸੇ ਕੋ ਬੰਦੀ ਨਹੀਂ, ਸਭ ਕੋ ਸਭ ਕਾਮੋਂ ਕਾ ਅਧਿਕਾਰ ਹੈ।

**ਖਟ ਕਾ** ਗੁ. ੧. ਸਿਖ੍ਾ ੨. ਕਲਪ ੩. ਬਯਾਕਰਣ ੪. ਜਯੋਤਿਸ ੫. ਛੰਦ ੬. ਨਿਰੁਕ੍ਤਿ ਕਾ, ਯਥਾ- ਨਵ ਛਿਅ ਖਟ ਕਾ ਕਰੇ ਬੀਚਾਰੁ। ਨੌ ਬਯਾਕਰਣੋ ਕਾ ਛਿਅ ਸਾਸਤ੍ਰੋਂ ਕਾ। ਖਟ ਕਾ, ਵੇਦ ਕੇ ਖਟ ਅੰਗੋਂ ਕਾ ਜੋ ਵਿਚਾਰ ਕਰੇ। ਵੇਦ ਕੇ ਭੀ ਪੁਰਖ ਕੇ ਹਸਤ ਪਾਦਾਦਿ ਅੰਗੋ ਵਤ, ਸਿਖ੍ਾਦਿਕ ਖਟ ਅੰਗ ਹੈਂ, ਜਿਨ ਮੇਂ ਸਿਖ੍ਾ ਅੰਗ ਵੇਦ ਕੀ ਨਾਸਕਾ ਹੈ। ਨਾਸਕਾ ਸੇ ਗੰਧ ਕਾ ਗਯਾਨ ਹੋਤਾ ਹੈ। ਸਿਖ੍ਾ ਅੰਗ ਸੇ ਸੁਗੰਧੀ ਸਮ ਅਖਰੋ ਕੇ ਉਚਾਰਨ ਕੇ ਸਥਾਨ ਔ ਪ੍ਰਯਤਨ ਉਦਾਤਾਦਿ ਸੁਰੋ ਕੇ ਭੇਦ ਪ੍ਰਤੀਤ ਹੋਤੇ ਹੈਂ। ਕਲਪ ਅੰਗ ਵੇਦ ਕੇ ਹਾਥ ਹੈਂ। ਹਾਥ ਸੇ ਪਕੜਨਾ ਹੋਤਾ ਹੈ, ਤੈਸੇ ਕਲਪ ਸੇ ਮੰਤ੍ਰ ਕੇ ਜਾਪ ਕੀ ਸੰਖਯਾ ਜਪਨਯੋਗਯ ਭੂਮੀ ਆਹਾਰ ਯਗਯਾਦਿ ਕਰਮ ਕਰਨੇ ਕੇ ਪਰਕਾਰੋਂ ਕੀ ਪਕੜ ਹੋਤੀ ਹੈ। ਬਯਾਕਰਣ ਵੇਦ ਕਾ ਮੁਖ ਹੈ। ਮੁਖ ਬਿਨਾ ਬੋਲਨਾ ਨਹੀ ਹੋ ਸਕੇ, ਤੈਸੇ ਬਯਾਕਰਣ ਬਿਨਾ ਸੁਧ ਸਬਦੋ ਕਾ ਉਚਾਰਣ ਨਹੀ ਹੋ ਸਕੇ ਯਾ ਤੇ ਵੇਦ ਕਾ ਮੁਖ ਹੈ। ਜਯੋਤਿਸ ਵੇਦ ਕਾ ਨੇਤ੍ਰ ਅੰਗ ਹੈ। ਨੇਤ੍ਰ ਬਿਨਾ ਕੁਛ ਦਿਖਾਈ ਨਹੀ ਪੜੇ, ਤੈਸੇ ਸੰਪੂਰਣ ਭੂਮੀ ਆਕਾਸ ਕੇ ਪਦਾਰਥੋ ਕਾ ਦੇਖਨਾ ਔ ਸੁਭ ਪਲ ਕਾ ਮਹੂਰਤ ਪਹਰ ਦਿਵਸ ਪਖ ਮਾਸ ਬਰਸਾਦਿ ਜਯੋਤਿਸ ਸੇ ਹੀ ਦੇਖੇ ਜਾਤੇ ਹੈਂ। ਯਾ ਤੇ ਵੇਦ ਕਾ ਨੇਤ੍ਰ ਹੈਂ। ਛੰਦ ਵੇਦ ਕੇ ਚਰਣ ਹੈਂ। ਚਰਣੋ ਸੇ ਬਿਨਾ ਪੁਰਖ ਚਲ ਨਹੀ ਸਕੇ, ਤੈਸੇ ਪਿੰਗਲ ਬਿਨਾ ਯਤਿ ਬਿਸ੍ਰਾਮ ਗਣਿ ਆਦਿਕੋ ਕਾ ਗਯਾਨ ਨਾ ਹੋਨੇ ਸੇ ਪਾਠ ਭੀ ਨਹੀ ਕੀਆ ਜਾਤਾ। ਯਾ ਤੇ ਸੰਪੂਰਣ ਗਦਯ ਪਦ ਬੱਧ ਬਾਣੀ ਮੇ ਚਲਨੇ ਕਾ ਸਾਧਨ ਹੈ। ਯਾ ਤੇ ਪਿੰਗਲ ਵੇਦ ਕੇ ਚਰਣ ਹੈ। ਨਿਰੁਕ੍ਤਿ ਵੇਦ ਕੇ ਕਾਨ ਹੈਂ। ਨਿਰੁਕ੍ਤਿ ਸੇ ਹੀ ਸੰਪੂਰਣ ਪਦੋ ਕੇ ਜਾਤਿ ਬਯਕ੍ਤੀਆ ਆਦਿਕ ਅਰਥੋਂ ਕੀ ਸ੍ਰੋਤ ਹੋਤੀ ਹੈ। ਨਿਰੁਕ੍ਤਿ ਬਿਨਾ ਪਦੋਂ ਕੇ ਅਰਥੋ ਕਾ ਸ੍ਰਵਣ ਨਹੀ ਹੋਤਾ। ਯਾ ਤੇ ਨਿਰੁਕ੍ਤਿ ਕੋਸ ਵੇਦ ਕਾ ਸ੍ਰੋਤ੍ਰ ਹੈ। ਜੈਸੇ ਪੁਰਖ ਕੇ ਅੰਗੋਂ ਤੁਲਯ ਵੇਦ ਕਾ ਕਾਰਯ ਸਿੱਧ ਕਰਤੇ ਜਾਨ ਮੁਨੀ ਲੋਗੋ ਨੇ ਸਿਖ੍ਾਦਿ ਖਟ ਅੰਗ ਬਨਾਇ ਕੇ ਉਪਕਾਰ ਹੇਤ ਪ੍ਰਕਾਸ ਕੀਏ। ਤੈਸੇ ਭਾਖਾ ਬਾਣੀ ਸ੍ਵਰੂਪ ਗੁਰੂ ਗ੍ਰੰਥ ਸਾਹਿਬ ਜੀ ਕੇ ਭੀ ਯੇ ਅੰਗ ਹੈ। ਜਿਨ ਮੇ ਕਈ ਪ੍ਰਕਾਸਤ ਹੋ ਗਏ ਕਈ ਜਗਤ ਹਿਤਕਾਰੀ ਮਹਾਤਮਾ ਜਨੋ ਦ੍ਵਾਰਾ ਹੋ ਜਾਵੇਗੇ। ਸੰਖੇਪ ਸੇ ਅੰਗ ਲਿਖਤੇ ਹੈ।

ਦੋਹਰਾ

ਪੱਟੀ ਬਾਵਨ ਅਖਰੀ ਲੌ ਯੇ ਨਾਸਾ ਆਹ।
ਸੁਧ ਪਦ ਅਖਰ ਗੰਧ ਕਾ ਗਯਾਨ
ਇਨੇ ਬਿਨ ਨਾਹ। ਸਿਖ੍ਾ ੧।
ਸੂਧਾ ਪੂਰਕ ਗ੍ਰੰਥ ਹੈ ਹਾਥ ਗੁਰੂ ਕੇ ਨੀਕਾ।
ਯਾ ਤੇ ਸਭ ਹੀ ਕਾਮ ਕੀ ਪਕੜ ਤਾਹ ਸੇ ਠੀਕਾ। ਕਲਪ ੨।
ਬਯਾਕਰਣ ਗੁਰੁ ਗ੍ਰੰਥ ਕੋ ਮੁਖ ਚਿਤ ਮੇ ਲੇ ਜਾਨਾ।
ਯਾ ਤੇ ਸੁਧ ਪਦ ਬੋਲਨੋ
ਬਿਨ ਤਾ ਸੇ ਨਹਿ ਮਾਨਾ। ਬਯਾਕਰਣ ੩।
ਸੁਭ ਘਟ ਸੁਭ ਦਿਨ ਲਗਨ ਕੋ ਬੋਧਕ ਗੁਰੁ ਬਚਨੈਨ।
ਯਾ ਤੇ ਕਾਲ ਗਯਾਨ ਕੋ ਬੋਧ ਤਿਨੋ ਬਿਨ ਹ੍ਵੈਨ। ਜਯੋਤਿਸ ੪।
ਪੌੜੀ ਛੰਦ ਸਲੋਕ ਲੌ ਯੇ ਗੁਰ ਬਚ ਪਗ ਆਹ।
ਯਾ ਤੇ ਚਲਨੇ ਤਿਨੋ ਸੇ ਹੋਵਤ ਹੈ ਸੁਭ ਰਾਹ। ਛੰਦ ੫।
ਗੁਰੁ ਵਪੁ ਸ੍ਰੀ ਗੁਰੁ ਗ੍ਰੰਥ ਕੋ ਕੋਸ ਅੰਗ ਹੈ ਕਾਨਾ।
ਯਾ ਤੇ ਤਾ ਸੇ ਹੋਤ ਹੈ ਅਰਥ ਗਯਾਨ ਕੋ ਭਾਨਾ। ਨਿਰੁਕ੍ਤਿ ੬।

ਯੇ ਖਟ ਅੰਗ ਹੈਂ।

**ਖਟ ਦਰਸਨ** ਸੰ. ਖਟ ਸਾਸਤ੍ਰ, ਯਥਾ- ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ। ੧. ਸਾਂਖਯ ੨. ਪਾਤੰਜਲ ੩. ਨਯਾਯ ੪. ਬੈਸੇਖਿਕ ੫. ਮੀਮਾਂਸਾ ੬. ਬੇਦਾਂਤ, ਯੇ ਖਟ ਸਾਸਤ੍ਰ। ਦੇਖੀਏ ਪ੍ਰਕ੍ਰਿਤੀ ਪੁਰਖਾਦਿ ਵਸਤੁਓਂ ਕੇ ਵਾਸਤਵ ਸ੍ਵਰੂਪੋਂ ਕੋ ਜਿਨਹੁ ਸੇ, ਤਿਨ ਸਾਂਖਯਾਦਿਕੋਂ ਕਾ ਨਾਮ ਦਰਸਨ ਹੈ। ਲੋਗੋਂ ਮੇਂ ਇਨ ਕੋ ਭੀ ਦਰਸਨ ਕਹਤੇ ਹੈਂ- ੧. ਕਨਪਾਟੇ ਜੋਗੀ ੨. ਸਿਵ ਪਾਰਬਤੀ ਕਾ ਬਿਵਾਹ ਗਾਨੇ ਵਾਲੇ ਜੰਗਮ ੩. ਪੂਜ ਔ ਢੂਢੀਏ ਜੈਨੀ ਸਾਧ ੪. ਸੰਕਰਾਚਾਰਯ ਔ ਦਤਾਤ੍ਰੇਯ ਕੇ ਮਤ ਕੇ ਸੰਨਯਾਸੀ ਸਾਧ ੫. ਰਾਮਾਨੁਜ, ਮਧ੍ਵਾਚਾਰਯ, ਬਿਸ੍ਨੁ ਸ੍ਵਾਮੀ, ਨਿੰਬਾਰਕ- ਇਨ ਚਾਰੋ ਕੀ ਸੰਪ੍ਰਦਾਯੋਂ ਕੇ ਬੈਸਨੋ ਸਾਧ, ਜੋ ਬੈਰਾਗੀ ਪ੍ਰਸਿਧ ਹੈ। ਬੈਰਾਗੀਯੋਂ ਕੇ ਮੁਖ ਅਚਾਰਯ ਹੀ ਹੂਏ। ਅਵਾਂਤਰ ਔਰ ਭੀ ਬਹੁਤ ਹੈਂ। ਜੈਸੇ ਰਾਮਾਨੁਜ ਕੇ ਪੜੋਤੇ ਚੇਲੇ ਰਾਮਾਨੰਦ ਸੇ ਰਾਮਾਨੰਦੀ ਬੈਰਾਗੀ। ਰਾਮਾਨੰਦ ਕੇ ਚੇਲੇ ਕਬੀਰ ਸੇ ਕਬੀਰ ਪੰਥੀ ਬੈਰਾਗੀ। ਕਬੀਰ ਕੇ ਚੇਲੇ ਗਰੀਬਦਾਸ ਸੇ ਗਰੀਬਦਾਸੀ ਬੈਰਾਗੀ ਹੂਏ। ਰਾਮਾਨੰਦੀਯੋ ਮੇਂ ਹੀ ਰਾਮਚਰਣ ਬੈਰਾਗੀ ਸੇ ਰਾਮ ਸਨੇਹੀ ਸਾਧ ਹੂਏ । ਰਾਮਾਨੰਦੀਯੋਂ ਮੇਂ ਹਰੀਦਾਸ ਡਿਡਵਾਨੇ ਵਾਲੇ ਬੈਰਾਗੀ ਸੇ ਨਿਰੰਜਨੀ ਸਾਧ ਹੂਏ। ਯੇ

ਮਾਰਵਾੜ ਦੇਸ ਮੇਂ ਰਹਤੇ ਹੈਂ। ਅਮ੍ਰਿਤਧਾਰਾ ਪੰਚਭਾਖਾ ਗ੍ਰੰਥ, ਇਸੀ ਭੇਖ ਕੇ ਮਨੋਹਰ ਦਾਸ ਭਗਵਾਨ ਦਾਸ ਸਾਧੋ ਨੇ ਬਨਾਏ, ਜਿਨ ਕਾ ਪਿਛਲੇ ਦਿਨੋਂ ਮੇਂ ਬਹੁਤ ਪ੍ਰਚਾਰ ਥਾ। ਦਾਦੂ ਜੀ ਕਾ ਗੁਰੂ ਭੀ ਕੋਈ ਬੈਰਾਗੀ ਮਤ ਕਾ ਬ੍ਰਿਹਨ ਦਾਸ ਸਾਧੂ ਹੂਆ। ਉਸ ਸੇ ਚਲੇ ਯੇ ਭੀ ਬੈਰਾਗੀਯੋਂ ਕੇ ਹੀ ਸਮੀਪੀ ਹੈਂ। ਪਰੰਤੂ ਕਬੀਰ ਪੰਥੀ ਸਾਧੂ ਅਰ ਦਾਦੂ ਪੰਥੀ ਸਾਧੂ ਮੂਰਤੀ ਪੂਜਾ ਨਹੀਂ ਕਰਤੇ। ਗਰੀਬਦਾਸੀ ਅਰ ਦਾਦੂ ਪੰਥੀ ਜਨੇਊ ਭੀ ਨਹੀਂ ਰਖਤੇ। ਸਰਜੂਦਾਸ ਰਾਮਾਨੰਦੀ ਸੇ ਨਿਰੀਕਾਰੀਏ ਬੈਰਾਗੀ ਚਲੇ। ਸੁਕਦੇਵ ਜੀ ਕੇ ਚੇਲੇ ਚਰਨਦਾਸ ਬੈਰਾਗੀ ਸੇ ਚਰਨਦਾਸੀਏ ਸਾਧੂ ਚਲੇ, ਯੇ ਕਪੜੇ ਬਸੰਤੀ ਰਖਤੇ ਹੈਂ। ਯੇ ਸਭੀ ਬੈਸਨੋਂ ਪਾਂਚਵਾ ਦਰਸਨ ਹੈਂ। ਗੁਰੁਮਤ ਕੇ ਸੰਤ ਛਠਾ ਦਰਸਨ ਹੈ। ਮੁਸਲਮਾਨ ਫਕੀਰੋਂ ਕੀ ਹਿੰਦੂਯੋਂ ਕੇ ਦਰਸਨੋਂ ਮੇਂ ਗਿਨਤੀ ਅਯੋਗਜ ਹੈ। ਇਸ ਲੀਏ ਮਦਾਰੀ ਦਰਸਨ ਨਹੀਂ ਯਾਂਹੀ ਤੇ। 'ਜੋਗੀ ਦਿਗੰਬਰ ਸੰਨਿਆਸੀ ਖਟ ਦਰਸਨ ਕਰ ਗਏ ਗੋਸਟ ਢੋਆ' ਪਾਠ ਮੇਂ ਗੁਰੂ ਜੀ ਨੇ ਮੁਸਲਮਾਨ ਨਹੀਂ ਲਿਖੇ ਵਾਸਤਵ ਸੇ ਖਟ ਦਰਸਨ ਖਟ ਸਾਸਤ੍ਰ ਹੈਂ। ਖਟ ਦਰਸਨੀ ਖਟ ਸਾਸਤ੍ਰੋਂ ਕੇ ਮਤੋਂ ਵਾਲੇ ਸਾਂਖੀ, ਪਾਤੰਜਲੀ, ਨੈਯਾਯਿਕ, ਬੈਸੇਖਕ, ਮੀਮਾਂਸਕ, ਬੇਦਾਂਤੀ ਲੋਗ ਹੈਂ। ਅਰ ਸਾਸਤ੍ਰੋਂ ਮੇਂ ਹੀ ਖਟ ਦਰਸਨ ਨਾਮ ਗ੍ਰੰਥ ਸਾਹਿਬ ਜੀ ਸੇ ਸਹੀ ਜਾਨ ਪੜਤਾ ਹੈ, ਯਥਾ- ਖਟ ਸਾਸਤ੍ਰ ਊਚੌ ਕਹਹਿ। ਪੂਰਬ ਲਿਖੇ ਬੈਸਨੋ ਦਰਸਨ ਮੇਂ ਗਰੀਬਦਾਸ ਕਬੀਰ ਕਾ ਖਿਆਲੀ ਚੇਲਾ ਹੂਆ ਚਰਨਦਾਸ ਬਜਾਸ ਕੇ ਪੁਤ੍ਰ ਸੁਕਦੇਵ ਕਾ ਖਿਆਲੀ ਚੇਲਾ ਹੂਆ। ਗਰੀਬਦਾਸ ਚਰਨਦਾਸ ਕੋ ਕਬੀਰ ਸੁਕਦੇਵ ਸਾਖ੍ਯਾਤ ਨਹੀਂ ਮਿਲੇ। ਕਿਉਂਕੇ ਏਹ ਦੋਨੋ ਬਾਂਗਰ ਦੇਸ ਛੁਡਿਆਨੀ ਗਾਂਉ ਅਰ ਦਿਲੀ ਸਹਰ ਮੇਂ, ਬਿਕ੍ਰਮਾਜੀਤੀ ਉਨੀਸਵੇ ਸੈਕੜੇ ਮੇਂ ਹੂਏ ਕਬੀਰ ਸੁਕਦੇਵ ਬਹੁਤ ਪਹਲੇ ਗੁਜਰ ਗਏ।

**ਖਟ ਲਖਣ** ਸੰ. ਰਾਮ ਮੰਤ੍ਰ ਕੇ ਸਿਮਰਨ ਸਹਿਤ, ਤਾ ਕੇ ਅਰਥ- ੧. ਰਾਮ ਕਾ ਧ੍ਯਾਨ ਰੂਪ ਉਪਾਸਨਾ ੨. ਗਜਾਨ ਸੇ ਸੁਖ ਦੁਖ ਮੇਂ ਸਮ ਬੁਧੀ ਕਰ ਨਿਰਵੈਰਤਾ ਕੀ ਯੁਕ੍ਤੀ ਸੇ ਵਰਤਨ ਰੂਪ ਜੀਵਨ ਮੁਕ੍ਤੀ ੩. ਸਭ ਜੀਵੋਂ ਮੇ ਦਯਾ ਯੁਤ ਹੋ ਸਮਾਦਿ ਸਾਧਨੋਂ ਸੇ ਕਾਮਾਦਿ ਦੋਖੋਂ ਕਾ ਤਯਾਗ ਰੂਪ ਅਧਿਕਾਰੀਪਨ ੪. ਕੀਰਤਨ ਭਕਤੀ ਸੇ ਤ੍ਰਿਪਤ ਹੋ ਸਰਬ ਪਦਾਰਥੋਂ ਸੇ ਅਲੇਪ ਰਹਨਾ ਰੂਪ ਵੈਰਾਗਯ ੫. ਸਭ ਕੇ ਹਿਤ ਕੀ ਬਾਂਛਾ ਕਰ, ਸਭ ਕੋ ਤੁਲਯ ਉਪਦੇਸ ਦੇਤੇ, ਭਕ੍ਤੀ ਕੋ ਬਡਾ ਸਾਧਨ ਜਾਨ ਤਾ ਮੇਂ ਪ੍ਰੇਮ ਰਖਨਾ ੬. ਸੁਵਣਾਦਿ ਇੰਦ੍ਰਯੋਂ ਸੇ ਨਿੰਦਾਦਿ ਦੋਖੋਂ ਕਾ ਸੁਣਨਾਦਿ ਛੋਡ ਕੇ ਪੁਨਾ ਅਹੰਕਾਰ ਕੇ ਨਾਸ ਹੇਤ ਜਾਤੀ ਧਨਾਦਿਕੋਂ ਕੀ ਬਡਿਆਈ ਤਯਾਗ ਕੇ, ਅਪਨੇ ਕੋ ਸਰਬ ਮਹਾਤਮਾ ਕੇ ਚਰਨੋਂ ਕੀ ਧੂਲੀ ਰੂਪ ਜਾਨਨਾ, ਅਧਿਕਾਰੀ ਕੀ ਪ੍ਰਥਮ ਅਵਸਥਾ, ਯਥਾ- ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ। ਇਤਯਾਦਿ।

**ਖਟਣ** ਪੰ. ਕਮਾਵਨੇ ਕੀ, ਯਥਾ- ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ। ਸੰਸਾਰ ਓਰ ਸੇ ਚਿਤ ਹਟਾਇ ਪ੍ਰਮੇਸੁਰ ਓਰ ਕਰਨੇ ਸੇ ਜੁਵਾਵਸਥਾ ਰੂਪ ਸਮਾ ਥਾ।

**ਖਟਾਂਈ** ਪੰ. ਠਹਰਤੇ, ਯਥਾ- ਏਕ ਗ੍ਰਿਹ ਮਹਿ ਦੁਇ ਨ ਖਟਾਂਈ। ਦੇ. ਪ੍ਰ. ਖਟਾਰਸ।

**ਖਟਾਨਾ** ਗੁ. ਖੜਾ ਹੂਆ, ਸਮਾਯਾ, ਯਥਾ- ਜਿਉ ਜਲ ਮਹਿ ਜਲੁ ਆਇ ਖਟਾਨਾ।

**ਖਟਾਨੀ** ਗੁ. ਸਮਾਈ, ਯਥਾ- ਜਨ ਕੀ ਧੂਰਿ ਮਨ ਮੀਠ ਖਟਾਨੀ।

**ਖਟਿਆ** ਪੰ. ਕਮਾਇਆ, ਜਮਾ ਕੀਆ, ਯਥਾ- ਕਿਆ ਤੈ ਖਟਿਆ ਕਹਾ ਗਵਾਇਆ।

**ਖਟੀਐ** ਪੰ. ਖਟੀ ਦੀ ਤੋਟ ਨਹੀ ਆਵਤੀ, ਯਥਾ- ਹਰਿ ਤੋਟਿ ਨ ਆਵੀ ਖਟੀਐ। ਕਿਸੀ ਪ੍ਰਕਾਰ ਕੀ ਅੰਨ ਧਨ ਜਸ ਬਡਿਆਈ ਆਦਿ ਚੀਜੋਂ ਕੇ ਲਾਭ ਕੀ ਤੋਟ ਨਹੀ ਆਤੀ।

**ਖਟੁ ਦਰਸ** ਗੁ. ਖਟ ਸਾਸਤ੍ਰ, ਯਥਾ- ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ।

**ਖਟੂਆ** ਪੰ. ਖਟ ਕਰਮੋ ਮੇਂ, ਯਥਾ- ਸਾਸਤ੍ਰ ਬਹੁ ਖਟੂਆ।

**ਖਟੇ ਸੋ ਧਣੀ** ਵਾ. ਜੋ ਨਾਮ ਕੋ ਵਾ ਨਾਮੀ ਪ੍ਰਮੇਸੁਰ ਕੋ ਖਟੇ ਸੋ ਪੂਰਾ ਧਨਵਾਨ ਹੈ।

**ਖਟੋਲਾ** ਪੰ. ਖਾਟ, ਮੰਜਾ, ਪਲਘ, ਯਥਾ- ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ। ਬੈਠਕ ਕਾ ਥਾਨ, ਯਥਾ- ਅਤਿ ਨੀਕੀ ਮੇਰੀ ਬਨੀ ਖਟੋਲੀ।

**ਖੰਡ** ਸੰ. ਟੁਕੜਾ, ਯਥਾ- ਖੰਡ ਖੰਡ ਕਰਿ ਹਾਰ। ਚੀਨੀ ਖਾਂਡ, ਯਥਾ- ਸਕਰ ਖੰਡੁ ਨਿਵਾਤ। ਭੇਦ ਖਾਰੀ ਲੂਣ ਕਾ। ਖੰਡੇ।

**ਖਡ** ਦੇ. ਬਿਲ ਮੇਂ, ਮੋਰੀ ਮੇਂ, ਯਥਾ- ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ।

**ਖੰਡਸਿ** ਗੁ. ਦੂਰ ਕਰਤਾ, ਯਥਾ- ਕਾਹੇ ਨ ਖੰਡਸਿ ਅਵਗਨੁ ਮੇਰਾ। ਕਯੁ ਨਹੀਂ ਦੂਰ ਕਰਤਾ।

**ਖੰਡਨ** ਸੰ. ਨਾਸ ਕਰਨੇ ਵਾਲਾ, ਯਥਾ- ਹਮ ਪਾਪੀ ਤੁਮ ਪਾਪ ਖੰਡਨ।

**ਖੰਡਲ** ਸੰ. ਖੰਡੋਂ ਕੋ ਅਪਨੇ ਮੇਂ ਗ੍ਰਹਣ ਕਰਨੇ ਵਾਲਾ, ਯਥਾ- ਖੰਡਲ ਖੰਡਾ ਹੇ।

**ਖੰਡਲੀ** ਗੁ. ਪਾਪੋਂ ਕੋ ਖੰਡਨ ਕਰਨੇ ਵਾਲੀ, ਯਥਾ- ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ।

**ਖੰਡਿਤ** ਸੰ. ਦੋ ਟੁਕੜੇ ਕਰੀ, ਯਥਾ- ਖੰਡਿਤ ਨਿਦ੍ਰਾ ਅਲਪ ਅਹਾਰੰ। ਦੋ ਟੁਕੜੇ ਕਰੀ ਭਾਵ ਦੂਰ ਕਰੀ।

**ਖਤਾ** ਫਾ. ਗੁਨਾਹ, ਦੋਖ, ਯਥਾ- ਖਉਫੁ ਨ ਖਤਾ ਨ ਤਰਸੁ ਜਵਾਲੁ।

**ਖਤੁ** ਅ. ਲਿਖਤ, ਯਥਾ- ਨਾ ਹਰਿ ਭਜਿਓ ਨ ਖਤੁ ਫਟਿਓ। ਰਿਣ ਕੀ ਲਿਖਤ ਉਦਾਹਰਣ ਪਿਛਲਾ ਹੀ ਹੈ। ਪੁਨਾ- ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ।

**ਖਤੇ** ਦੇ. ਖਤਾ, ਯਥਾ- ਅਸੀ ਖਤੇ ਬਹੁਤੁ ਕਮਾਵਦੇ। ਪੁਨਾ- ਅਸੰਖ ਖਤੇ ਕਰਿ ਫੇਰੇ।

**ਖਨਖੰਨੀਐ** ਵਾ. ਟੁਕੜੇ ਟੁਕੜੇ ਹੋਵਾ ਭਾਵ ਬਾਰ ਬਾਰ ਬਲਿਹਾਰੇ ਜਾਵਾਂ।

**ਖਨਖੰਨੀਏ** ਗੁ. ਬਾਰ ਬਾਰ ਬਲਹਾਰ ਜਾਈਏ, ਪੁਨਾ ਪੁਨਾ ਅਪਨਾ ਆਪ ਅਰਪੀਏ।

**ਖੰਨਲੀ** ਪੰ. ਕਾਲੀ ਕੰਬਲ ਕੀ ਲੀਰ ਜੋ ਧੋਨੇ ਉਜਲੀ ਨਹੀਂ ਹੋ ਸਕੇ, ਯਥਾ- ਖੰਨਲੀ ਧੋਤੀ ਉਜਲੀ ਨ। ਸੂਰਦਾਸ ਭੀ ਲਿਖਤੇ ਹੈਂ- ਸੂਰਦਾਸ ਪ੍ਰਭ ਕਾਰੀ ਕੰਬਲੀਆ ਧੋਏ ਹੋਇ ਨਾ ਸੇਤ। ਪਹਲਾ ਸੁਭਾਵ ਨਾ ਦੂਰ ਹੋਨੇ ਸੇ ਦੂਸਰਾ ਸੁਭਾਵ ਭੀ ਨਹੀ ਚੜੇ। ਸੋ ਭੀ ਸੂਰਦਾਸ ਲਿਖਤੇ ਹੈਂ- ਸੂਰਦਾਸ ਪ੍ਰਭ ਕਾਰੀ ਕੰਬਰੀਆ ਚੜਤ ਨ ਦੂਜੋ ਰੰਗ। ਕੋਲੂ ਪੋਚਨੇ ਕੀ ਲੀਰ।

**ਖੰਨਾ** ਪੰ. ਖੰਡਾ, ਯਥਾ- ਖੰਨਾ ਸਗਲ ਰੇਨੁ ਛਾਰੀ।

**ਖਨਿ** ਦੇ. ਪਟ ਕੇ, ਖੋਦ ਕੇ, ਯਥਾ- ਕਾਲੁਖ ਖਨਿ ਉਤਾਰ। ਸੰ. ਖਾਣ, ਆਕਰ।

**ਖੰਨਿਅਹੁ** ਪੰ. ਖੰਡਿਓਂ, ਤਰਵਾਰ ਸੇ, ਯਥਾ- ਖੰਨਿਅਹੁ ਤਿਖੀ ਵਾਲਹੁ ਨਿਕੀ। ਪੁਨਾ- ਖੰਨਿਅਹੁ ਤਿਖੀ ਬਹੁਤੁ ਪਿਈਣੀ।

**ਖੰਨੀਐ** ਪੰ. ਟੁਕੜੇ ਹੋਵਾਂ, ਯਥਾ- ਖੰਨੀਐ ਵੰਞਾ।

**ਖਪਟ** ਗੁ. ਖਟਪਟਿਓਂ ਮੇਂ, ਯਥਾ- ਕਪਟ ਖਪਟ ਖਲ ਗਰਜਤ। ਖਟਪਟਿਓਂ ਮੇਂ ਭਾਵ ਝਗੜਿਓਂ ਮੇਂ ਹੇ ਖਲ ਗਰਜਤਾ ਹੈ।

**ਖਪਤੇ** ਗੁ. ਖਯ ਹੋਤੇ, ਯਥਾ- ਬਿਖੁ ਮਾਇਆ ਮਹਿ ਨਾ ਓਇ ਖਪਤੇ।

**ਖਪਰ** ਦੇ. ਫਲੋਂ ਕੇ ਛਿਲਕੇ, ਜੈਸੇ- ਖਪਰ ਖਾਧੇ ਮਾਰੀਏ।

**ਖਪਰੀ** ਦੇ. ਅਧ ਕਟਾ ਚਿਪੀ ਪਾਤ੍ਰ ਜੋ ਗੁਸਾਈ ਅਲੇਖੀਏ ਰਖਤੇ ਹੈਂ। ਗਲਾ ਕਟਾ ਤੂੰਬਾ ਜੋ ਕੌਡੀਆਂ ਮਾਂਗਨੇ ਵਾਲੇ ਯਵਨ ਫਕੀਰ ਰਖਤੇ ਹੈਂ। ਮਿਟੀ ਕਾ ਕਮੰਡਲ ਜੋ ਜਨੇਊ ਸਮੇ ਪਕੜਾਤੇ ਹੈਂ, ਯਥਾ- ਖਲੜੀ ਖਪਰੀ ਲਕੜੀ ਚਮੜੀ। ਕਾਲੀ ਦੁਰਗਾ ਕਾ ਨਰ ਕਪਾਲ ਕਾ ਖਪਰ ਜਿਸ ਕੇ ਠਿਕਾਨੇ ਚਿਪੀ ਕੇ ਖਪਰ ਮੇਂ ਦੁਰਗਾ ਕੋ ਭੋਗ ਲਗਾ ਕਰ, ਵਾਮ ਮਾਰਗੀ ਲੋਗ ਸਰਾਬ ਭਾਂਗ ਪੀਤੇ ਹੈਂ। ਭਾਂਗ ਕਾ ਮਿਠੀ ਮਾਈ, ਸਰਾਬ ਕਾ ਤੀਰਥ ਮਾਸ ਕਾ ਸੁਧੀ, ਗੱਠੇ ਕਾ ਬਜਾਸ ਲਸਣ ਕਾ ਸੁਕਦੇਵ ਐਸੇ ਨਾਮ ਬੋਲੇ ਹੈਂ ਯਹ ਮਤ ਸਰਬਥਾ ਧਰਮ ਸਾਸਤ੍ਰ ਸੇ ਬਾਹਰ ਹੈ। ਅਰ ਉਤਮ ਗੁਣੋਂ ਰਹਿਤ ਨੀਚ ਸੁਭਾਵੋ ਕਰ ਪੂਰਣ ਹੈ।

**ਖਪਿ** ਦੇ. ਸਮਾਪਤ, ਯਥਾ- ਖਿਮਾ ਵਿਹੂਣੇ ਖਪਿ ਗਏ। ਸਮਾਪਤ ਹੋ ਗਏ। ਪੁਨਾ- ਖਪਿ ਹੋਏ ਖਾਰੁ।

**ਖਪੀਐ** ਪੰ. ਨਾਸ ਹੋਈ/ਹੋਈਏ ਅਰਥਾਤ ਨਾਸ ਹੋਈਤਾ ਹੈ।

**ਖੰਭ** ਪੰ. ਪੰਖ, ਯਥਾ- ਖੰਭ ਵਿਕਾਂਦੜੇ ਜੇ ਲਹਾਂ। ਪਾਂਖ ਬਿਕਤੇ ਜੇਕਰ ਕਹੀ ਸੇ ਪਾਵਾਂ। ਗੁ. ਚਰਨ, ਯਥਾ- ਜਿਨਿ ਤਨੁ ਸਾਜਿ ਦੀਏ ਨਾਲਿ ਖੰਭ।

**ਖਮਿ** ਗੁ. ਬਾਣ, ਯਥਾ- ਬਧਿਕੁ ਉਧਾਰਿਓ ਖਮਿ ਪ੍ਰਹਾਰ। ਕ੍ਰਿਸਨ ਕੋ ਬਾਣ ਕਾ ਪਰਿਹਾਰ ਕਰ ਬਧਿਕ ਤਰਿਆ। ਸੰ. ਖਗ ; ਟੇਢਪਨਾ, ਜੈਸੇ ਲਕੜੀ ਮੇਂ ਖਮ।

**ਖਯ** ਸੰ. ਨਾਸ ; ਖਈ ਰੋਗ ਜਿਸ ਕਾ ਨਾਮ ਦਮਾ ਹੈ ਸ੍ਵਾਸ ਹੈ।

**ਖਰ** ਸੰ. ਗਧਾ, ਯਥਾ- ਖਰ ਕਾ ਪੈਖਰੁ ਤਉ ਛੁਟੈ। ਘੁਲਕਰ, ਜੈਸੇ- ਖਰਕੇ ਗੁੜ ਪਾਨੀ ਮੇਂ ਮਿਲਾ।

**ਖਰ ਤੇ** ਵਾ. ਵਹੁ ਗਧੇ ਹੈ, ਯਥਾ- ਮੂੜ ਮੁਗਧ ਖਲ ਖਰ ਤੇ। ਦੇ. ਖਰ ਦੇ।

**ਖਰਨਾ** ਪੰ. ਲੇ ਜਾਨਾ, ਯਥਾ- ਜੋ ਦੀਸੈ ਸੋ ਕਾਲਹਿ ਖਰਨਾ। ਖਰ ਜਾਨਾ।

**ਖਰਬ** ਸੰ. ਦਸ ਸੌ ਕ੍ਰੋੜ, ਯਥਾ- ਭੰਡਾਰ ਦਰਬ ਅਰਬ ਖਰਬ। ਤੋਸਹਖਾਨੇ ਧਨ ਕੇ ਅਰਬ ਖਰਬ ਸੰਖ੍ਯਾ ਤਾਈ ਭਰੇ ਹੂਏ ਹੈਂ। ਵਾਮਨ, ਬਾਉਨਾ।

**ਖਰਾ** ਦੇ. ਅਛੀ ਤਰਹ, ਯਥਾ- ਖਖਾ ਖਰਾ ਸਰਾਹਉ ਤਾਹੂ। ਖੋਟ ਰਹਿਤ, ਸੁਧ।

**ਖਰਾਜ** ਅ. ਜਮੀਨ ਵਗੈਰਹ ਕਾ ਕਰ।

**ਖਰਾਬੁ** ਅ. ਬੁਰਾ, ਦੁਰਾਚਾਰੀ, ਯਥਾ- ਖੀਨ ਖਰਾਬੁ ਹੋਵੈ ਨਿਤ ਕੰਧੁ।

**ਖਰਿਆ** ਪੰ. ਲਿਆਦਾ, ਲਿਆਣਾ, ਯਥਾ- ਮੀਨਾ ਵਸਗਤਿ ਖਰਿਆ। ਮਛੀ ਪਕੜ ਕੇ ਅਪਨੀ ਅਧੀਨਤਾ ਮੇਂ ਲਿਆਣੀ ; ਵਰਖਾ ਆਦਿਕੋਂ ਕੇ ਪਾਨੀ ਸੇ ਰੁੜ ਗਯਾ, ਜੈਸੇ- ਬਨੇਰਾ ਖਰਿਆ।

**ਖਰੀ** ਦੇ. ਬਹੁਤ, ਯਥਾ- ਖਰੀ ਰੰਞਾਣੀ। ਬਹੁਤ ਦੁਖੀ ਹੂਈ। ਸੰ. ਗਧੀ। ਦੇ. ਖੋਟ ਰਹਿਤ ਸੁਧ, ਜੈਸੇ- ਖਰੀ ਚੀਜ ਹੈ।

**ਖਰੀ ਸਰਸੀ** ਵਾ. ਭਲੀ ਆਨੰਦ ਹੂਈ, ਯਥਾ- ਤਾ ਧਨ ਖਰੀ ਸਰਸੀ ਰਾਮ।

**ਖਲ** ਸੰ. ਕੂਟ ਫਾਟ ਕਰ ਭੁਸ ਸੇ ਅੰਨ ਨਿਕਾਸਨੇ ਕਾ ਥਾਨ, ਖਲਵਾੜਾ ਪ੍ਰਸਿੱਧ ; ਭੂਮੀ ; ਤਿਲੋਂ ਕੀ ਖਲ ; ਨੀਚ ; ਅਧਮ ; ਕ੍ਰੂਰ, ਯਥਾ- ਖਲ ਮੂਰਖ ਤੇ ਪੰਡਿਤੁ ਕਰਿਬੋ। ਖ (ਆਕਾਸ) ਮੇਂ ਲਯ ਹੋਨੇ ਵਾਲਾ ਸੂਰਯ। ਦੇ. ਤੁਚਾ, ਖੱਲ ਪ੍ਰਸਿੱਧ।

**ਖਲ ਮੂਰਖ** ਵਾ. ਮਹਾ ਮੂਰਖ, ਯਥਾ- ਖਲ ਮੂਰਖ ਤੇ ਪੰਡਿਤੁ ਕਰਿਬੋ।

**ਖਲ ਮੂਰਖ ਤੇ** ਵਾ. ਮਹਾ ਮੂਢ ਤੇ, ਯਥਾ- ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ।

**ਖਲਹਲੁ** ਦੇ. ਚਿਤ ਕੀ ਅਨਿਸਥਿਰਤਾ ਹਲਚਾਲ, ਯਥਾ- ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ।

**ਖਲਹਾਨੁ** ਵਾ. ਖਲੋ ਕੀ ਮਹਾਨ ਹਾਨਿ ਕਰ ਹੈ, ਯਥਾ- ਜਮੁ ਮਾਰਿ ਕਰੈ ਖੁਲਹਾਨੁ। ਖਲਵਾੜੇ ਮੇਂ, ਯਥਾ- ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ। ਪੁਨਾ- ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ। ਫਾ. ਖਲਿਆਨ।

**ਖਲਕ** ਅ. ਸ੍ਰਿਸ੍ਰਿ, ਚਰਾਚਰ ਸ੍ਰਰੂਪ ਬਿਸ੍ਰ ਮੇਂ, ਯਥਾ- ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।

**ਖਲਵਾੜੇ** ਪੰ. ਖਲਿਆਨ ਮੇਂ, ਯਥਾ- ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ। ਜਿਨ ਲੋਗੋਂ ਕੀ ਮੁਕਤੀ ਹੇਤ ਜਪ ਕਰਨਾ ਰੂਪ ਖੇਤੀ ਉਜੜ ਗਈ ਹੈ, ਉਨ ਕੋ ਕਰਮ ਫਲੋਂ ਕੇ ਬਿਚਾਰ ਸਮੇ ਪਰਲੋਕ ਮੇਂ ਉਤਮ ਥਾਨ ਨਹੀਂ ਮਿਲੇਗਾ ਅਰਥਾਤ ਨਰਕ ਪੜੇਂਗੇ।

**ਖਲੜੀ** ਦੇ. ਚਮੜਾਮਾਤ੍ਰ, ਮ੍ਰਿਗ ਕਾ ਚਮੜਾ ਜੋ ਜਨੇਊ ਸਮੇ ਲੀਆ ਜਾਤਾ ਹੈ, ਯਥਾ- ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।

**ਖਲਾ** ਗੁ. ਖੜਾ ਥਿਰ ਹੂਆ, ਯਥਾ- ਨਿਤ ਓਜਾੜੀ ਪੂਕਾਰੇ ਖਲਾ।

**ਖਲਾਸ** ਅ. ਛੂਟਾ ; ਬੰਧਨ ਦੂਰ ਹੂਏ ਵਾਲਾ ਨਿਰਬੰਧ, ਯਥਾ- ਕਹਿ ਰਵਿਦਾਸ ਖਲਾਸ ਚਮਾਰਾ। ਨਿਰਬੰਧ ਹੋ ਗਏ, ਯਥਾ- ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ। ਪਰੰਪਰਾ ਸੇ ਸੁਨਨੇ ਮੇਂ ਆਇਆ ਹੈ ਆਗੇ ਇਸ ਤੁਕ ਕਾ ਪਾਠ (ਖਲਾਸੇ) ਐਸਾ ਥਾ। ਜਬ ਦਮਦਮੇ ਸਾਹਿਬ ਮੇਂ ਥਿਰ ਹੋ ਕਰ ਸਾਲ ਸਤਾਰਾ ਸੈ ਤ੍ਰੈਹਟ ਮੇਂ ਗੁਰੂ ਮਹਾਰਾਜ ਦਸਮੇ ਪਾਤਸਾਹ ਜੀ ਨੇ ਨੌਵੇ ਪਾਤਸਾਹ ਕੇ ਸਬਦ ਸਲੋਕ ਮੇਲ ਗ੍ਰੰਥ ਸਾਹਿਬ ਜੀ ਲਿਖਵਾਯਾ। ਉਸ ਸਮੇ ਖਲਾਸੇ ਕੇ ਥਾਨ ਖਾਲਸੇ ਬਦਲ ਦੀਆ ਜਿਸ ਕਾ ਅਰਥ ਆਗੇ ਹੋਗਾ।

**ਖਲਾਸੀ** ਅ. ਛੂਟੀ, ਨਿਰਬੰਧਤਾਈ, ਯਥਾ- ਬੰਦਿ ਖਲਾਸੀ ਭਾਣੈ ਹੋਇ।

**ਖਲਾਵੈ** ਗੁ. ਖੁਲਾਵਤਾ ਹੈ, ਯਥਾ- ਅਪਨੀ ਉਕਤਿ ਖਲਾਵੈ ਭੋਜਨ।

**ਖਲਿਆ** ਦੇ. ਖਲੋਇ ਕੇ।

**ਖਲਿਇ** ਦੇ. ਖੜੋਇ ਕੇ, ਯਥਾ- ਖਲਿਇ ਕੀਚੈ ਅਰਦਾਸਿ।

**ਖਲੋਆ** ਪੰ. ਖੜਾ ਹੂਆ, ਯਥਾ- ਵਿਚਿ ਕਰਤਾ ਪੁਰਖੁ ਖਲੋਆ।

**ਖਵਣੁ** ਪੰ. ਖੋਟਾ ਵਾਕਯ ਸਹਾਰਨਾ ; ਖਿਮਾ ਸੇ ਖਿਵਣ ਹੋ ਖਵਣ ਬਨਾ, ਯਥਾ- ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ। ਸਹਾਰਨੇ, ਯਥਾ- ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।

**ਖਵਣੁ** ਗੁ. ਖਿਮਾ, ਯਥਾ- ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ। ਖਿਮਾ ਕਰਣੀ ਗੁਣ ਹੈ ਵਾ ਖਿਮਾ ਕਰਣੀ ਉਸ ਜੰਤ੍ਰ ਕਾ ਤਾਗਾ ਹੈ।

**ਖਵਤੋ** ਗੁ. ਸਹਾਰਤੇ, ਯਥਾ- ਏਕੁ ਬੋਲੁ ਭੀ ਖਵਤੋ ਨਾਹੀ।

**ਖਵਲਾਵੇਗੋ** ਗੁ. ਖੁਲਾਵੇਗਾ ਜਮ।

**ਖਵਾਸ** ਅ. ਚੌਰ ਮੁੱਠੇ ਆਦਿ ਕਰਨੇ ਵਾਲੇ ਸਮੀਪੀ ਸੇਵਕ।

**ਖਵਾਸੀ** ਅ. ਖਿਦਮਤਗਾਰੀ, ਛਤ੍ਰ ਚਾਮਰ ਕਰਣਾਦਿ ਸੇਵਾ, ਯਥਾ- ਨਾਰਦ ਸਾਰਦ ਕਰਹਿ ਖਵਾਸੀ।

**ਖਵਾਵੇ** ਗੁ. ਖੁਲਾਵਤਾ ਹੈ।

**ਖਵਿ** ਗੁ. ਸਹਾਰਨਾ, ਯਥਾ- ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ।

**ਖਵਿ ਸਕਹਿ** ਗੁ. ਸਹਾਰ ਸਕੇ, ਯਥਾ- ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ।

**ਖਵੇ** ਗੁ. ਸਹਾਰੇ, ਯਥਾ- ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ। ਸਹਾਰੇ ਨਹੀਂ ਜਾਤੇ ਕਠਨ। ਪੁਨਾ- ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।

**ਖਵੇਕਸ** ਵਾ. ਗੁਰੁ ਅੰਗਦ ਜੀ ਨੇ ਸਹਾਰੀ ਹੈ ਕਸ, ਸੇਵਾ ਰੂਪ ਗੁਰੂ ਨਾਨਕ ਜੀ ਕੀ।

**ਖੜਸਨਿ** ਪੰ. ਲੇਜਾਵਗੇ, ਯਥਾ- ਅਵਗਣ ਖੜਸਨਿ ਬੰਨਿ। ਔਗਨਾ ਵਾਲੇ ਜਨਾਂ ਕੋ ਜਮ ਲੇ ਜਾਵੇਗੇ। ਉਕ੍ਰੰਚ- ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ। ਕੀਤੇ ਦੋਖ ਹੀ ਬਾਂਧ ਕੇ ਜਾਵੇਂਗੇ।

**ਖੜਕੁ** ਪੰ. ਅਵਾਜ। ਗੁ. ਦੁਖ, ਖਲਾਲ, ਯਥਾ- ਘੂੰਘਰ ਖੜਕੁ ਤਿਆਗਿ ਵਿਸੂਰੇ।

**ਖੜਗ** ਦੇ. ਗੈਂਡੇ ਕਾ ਸ੍ਰਿੰਗ ; ਗੈਂਡਾ ਪਸੁ ; ਲੋਹੇ ਕੀ ਵਸਤੂ ; ਚੋਰਾ ਨਾਮ ਵਾਲੀ ਬੂਟੀ ; ਤਲਵਾਰ।

**ਖੜੀਅਸਿ** ਪੰ. ਲੇ ਜਾਈਏਗੇ ਬਾਂਧ ਕੇ, ਯਥਾ- ਬਿਨੁ ਬੂਝੇ ਸਭ ਖੜੀਅਸਿ ਬੰਧਿ।

**ਖੜੁ** ਪੰ. ਸੁਕਾ ਘਾਸ, ਯਥਾ- ਖੜੁ ਪਕੀ ਕੁੜਿ ਭਜੈ ਬਿਨਸੈ। ਲੇ ਜਾਕਰ, ਯਥਾ- ਖੜਿ ਦਰਗਹ ਪੈਨਾਈਐ। ਪੁਨਾ- ਏਸੁ ਤਪੇ ਨੋ ਤਿਥੈ ਖੜਿ ਪਾਇਹੁ।

**ਖੜੁ ਖਾਵਹਿ** ਵਾ. ਸੁਕੇ ਕਖ ਖਾਤੇ ਹੈਂ।

**ਖਾਉ** ਪੰ. ਖਾਵੋ।

**ਖਾਇ** ਦੇ. ਭੋਗੇ, ਯਥਾ- ਭੋਗੀ ਹੋਵੈ ਖਾਇ। ਭੋਗੀ ਹੋਵੇ ਤਬ ਭੋਗੋਂ ਕੋ ਭੋਗੇ। ਛਕ ਛਕ ਕੇ, ਯਥਾ- ਖਾਇ ਖਾਇ ਕਰੇ ਬਦਫੈਲੀ।

**ਖਾਇਆ** ਦੇ. ਛਕਿਆ, ਯਥਾ- ਖਾਇਆ ਮੈਲੁ ਵਧਾਇਆ। ਨਾਸ, ਯਥਾ- ਸੋ ਦੀਆ ਨ ਜਾਈ ਖਾਇਆ। ਨਹੀਂ ਜਾਤਾ ਨਾਸ ਹੋ।

**ਖਾਇਕਾ** ਗੁ. ਮੂਰਖੋਂ ਕੋ, ਯਥਾ- ਥਾਉ ਨਾਹੀ ਖਾਇਕਾ।

**ਖਾਇਕੁ** ਦੇ. ਮੂਰਖ, ਯਥਾ- ਜੇ ਕੋ ਖਾਇਕੁ ਆਖਣਿ ਪਾਇ।

**ਖਾਇਣ** ਗੁ. ਭੋਜਨ, ਯਥਾ- ਅੰਮ੍ਰਿਤ ਰਸੁ ਖਾਇਣ।

**ਖਾਈ** ਦੇ. ਕੋਟ ਕੀ ਖਾਈ, ਯਥਾ- ਦੋਵਰ ਕੋਟ ਅਰੁ ਤੇਵਰ ਖਾਈ। ਪੁਨਾ- ਖਾਈ ਕੋਟੁ ਨ ਪਰਲ ਪਗਾਰਾ। ਛਕੀ ਵਸਤੂ, ਯਥਾ- ਬਿਖੈ ਠਗਉਰੀ ਜਿਨਿ ਜਿਨਿ ਖਾਈ।

**ਖਾਸ** ਫਾ. ਮੁਖਯ, ਪ੍ਰਧਾਨ।

**ਖਾਹਿ** ਦੇ. ਖਾਤੇ ਹੈਂ ਭਾਵ ਸਹਾਰੇ ਹੈਂ, ਯਥਾ- ਮੁਹੇ ਮੁਹਿ ਪਾਣਾ ਖਾਇ। ਭੋਗੇ ਹੈ, ਯਥਾ- ਕੇਤੇ ਮੂਰਖ ਖਾਹੀ ਖਾਹਿ। ਅਪਨੇ ਕੋ ਖਾਹੀ, ਖਾਨੇ ਵਾਲੇ ਵਿਖਯੋਂ ਕੋ ਖਾਹ ਭੋਗੇ ਹੈਂ।

**ਖਾਕ** ਫਾ. ਧਰਤੀ ; ਚਰਨ ਧੂੜ, ਯਥਾ- ਤੇਰੇ ਚਾਕਰਾਂ ਪਾ ਖਾਕ। ਤੇਰੇ ਸੇਵਕੋਂ ਕੀ ਚਰਨ ਧੂੜ ਹੂੰ।

**ਖਾਕ ਨੂਰ** ਵਾ. ਪ੍ਰਿਥ੍ਵੀ ਅਗਨੀ ਸੇ, ਯਥਾ- ਖਾਕ ਨੂਰ ਕਰਦੰ ਆਲਮ ਦੁਨੀਆਇ।

**ਖਾਕੂ** ਗੁ. ਖਾਕ ਕੀ ਅਰਥਾਤ ਮਿਟੀ ਕੀ ਵਸਤੁ ਮਿਟੀ ਮੇਂ ਮਿਲੇ ਹੈ, ਯਥਾ- ਖਾਕੂ ਖਾਕੁ ਰਲੈ। ਖਾਕ ਕੀ ਦੇਹ ਖਾਕ ਮੇਂ ਮਿਲ ਜਾਵੇ ਹੈ। ਪੁਨਾ- ਖਾਕੂ ਜੇਡੁ ਨ ਕੋਇ।

**ਖਾਜੀਨਿਆ** ਗੁ. ਖਜਾਨੇ, ਯਥਾ- ਸਚੁ ਤੇਰੇ ਖਾਜੀਨਿਆ।

**ਖਾਜੁ** ਪੰ. ਖਾਨਾ, ਯਥਾ- ਖਾਣਾ ਖਾਜੁ ਅਹਾਜੁ। ਵਹੁ ਖਾਨਾ ਸਰਬਥਾ ਨਾ ਖਾਣੇ ਯੋਗ ਹੈ।

**ਖਾਜੈ** ਪੰ. ਖਾਈਏ, ਯਥਾ- ਦੇ ਖਾਜੈ ਆਖਿ ਗਵਾਈਐ। ਗਰੀਬੋਂ ਕੋ ਅਥਿਤੀਯੋਂ ਕੋ ਦੇ ਕਰ ਭੋਜਨ ਕਰੀਏ ਮਨ ਸੇ ਅਹੰਕਾਰ ਤਿਆਗੀਏ।

**ਖਾਟ** ਦੇ. ਕਾਰ ਸੇ ਨਫਾ ਲੇ, ਕਰਮ ਸੇ ਲਾਭ ਲੇ, ਯਥਾ- ਖਾਟ ਮਾਂਗਉ ਚਉਪਾਈ। ਖੱਟੀ, ਯਥਾ- ਖਾਟਿ ਖਾਟੂਲੀ।

**ਖਾਟੰਗਾ** ਗੁ. ਹ੍ਰਿਦਯਾਦਿ ਖਟ ਅੰਗੋਂ ਮੇਂ ਮੰਤ੍ਰ ਕਾ ਨਯਾਸ ਭਾਵ ਸਥਾਪਨ, ਯਥਾ- ਚਕ੍ਰ ਕਰਮ ਤਿਲਕ ਖਾਟੰਗਾ। ਦੋ ਜੰਘਾਂ, ਦੋ ਬਾਹਾਂ, ਏਕ ਸਿਰ, ਏਕ ਦੇਹ ਕਾ ਮਧਯ ਭਾਗ ਯੇ ਭੀ ਖਟ ਅੰਗ ਹੈਂ ; ਖਟ ਅੰਗੋਂ ਸਮਾਨ ਸਿਖ੍ਯਾਦਿ ਕਾਰਯ ਸਾਧਕ ਜਿਸ ਕੇ ਵਹੁ ਵੇਦ। ਸੰ. ਖੜੰਗ।

**ਖਾਟਿ ਖਾਟੂਲੀ** ਗੁ. ਹਮ ਨੇ ਬੜੀ ਖੱਟੀ ਖਟ ਲਈ ਹੈ, ਐਸੇ ਕਹ ਕੇ ਕਿਆ ਕਰੋਗੇ, ਯਥਾ- ਕਹਾ ਕਰਹਿ ਰੇ ਖਾਟਿ ਖਾਟੂਲੀ।

**ਖਾਂਡੁ** ਦੇ. ਪੂ. ਖੰਡ, ਯਥਾ- ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ। ਛੋਟੀ ਨਹਰ।

**ਖਾਣਾ** ਪੰ. ਭੋਜਨ ਕਰਨਾ, ਯਥਾ- ਹੋਰੁ ਖਾਣਾ ਖੁਸੀ ਖੁਆਰੁ।

**ਖਾਣੂ** ਦੇ. ਆਕਰ ਧਾਤੂ ਆਦਿਕੋਂ ਕੀ ; ਅੰਡਜਾਦਿ ਚਾਰੋ ਖਾਣ। ਸੰ. ਖਨਿ। ਖਾਣੇ ਕੋ, ਯਥਾ- ਦਿਤਾ ਪੈਨਣੁ ਖਾਣੁ।

**ਖਾਤ** ਗੁ. ਖਾਤੇ, ਯਥਾ- ਖਾਤ ਖਰਚਤ ਬਿਲਛਤ ਰਹੇ। ਖਾਤੇ ਖਰਚਤੇ ਕੇ ਸਾਥ ਨਿਭਤਾ ਰਹਤਾ ਹੈ। ਟੋਏ ਮੇਂ, ਗੜੇ ਮੇਂ।

**ਖਾਤੀ** ਗੁ. ਗੜਿਓਂ ਮੇਂ, ਯਥਾ- ਅੰਨ੍ਹੇ ਪਵਣਾ ਖਾਤੀ ਟੋਵੈ। ਦੇ. ਮਾਰ. ਤਖਾਣ ; ਖਤ੍ਰੀ, ਯਥਾ- ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ।

**ਖਾਦ** ਗੁ. ਖਾਏ, ਯਥਾ- ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ।

**ਖਾਦਾ** ਪੰ. ਖਾਤਾ ਹੂਆ, ਯਥਾ- ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ।

**ਖਾਧਾ** ਪੰ. ਖਾਇਆ, ਯਥਾ- ਦੁਰਮਤਿ ਬਾਧਾ ਸਰਪਨਿ ਖਾਧਾ।

**ਖਾਧੈ** ਪੰ. ਖਾਨੇ ਸੇ, ਯਥਾ- ਕਿਆ ਖਾਧੈ ਕਿਆ ਪੈਧੈ ਹੋਇ।

**ਖਾਨ** ਫਾ. ਪਹਲੇ ਯੇ ਨਾਮ ਤੁਰਕਸ੍ਤਾਨ ਕੇ ਪਾਤਸਾਹੋਂ ਕਾ ਥਾ ਅਬ ਸਭ ਅਮੀਰ ਸਰਦਾਰੋਂ ਕਾ ਨਾਮ ਹੈ, ਯਥਾ- ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ।

**ਖਾਨਾ** ਦੇ. ਭੋਜਨ, ਯਥਾ- ਖੂਬੁ ਖਾਨਾ ਖੀਚਰੀ।

**ਖਾਨਾਇ** ਫਾ. ਮੰਦਰ, ਯਥਾ- ਮਿਲਕ ਖਾਨਾਇ। ਫਾ. ਖਾਨਹ।

**ਖਾਨੀ** ਦੇ. ਖਾਣ ਭਾਵ ਆਕਰ, ਜੈਸੇ- ਹਰਿ ਹਰਿ ਅੰਮ੍ਰਿਤ ਰਸ ਖਾਨੀ। ਸੰ. ਖਨਿ।

**ਖਾਪ** ਗੁ. ਨਾਸ ਹੋ ਗਏ, ਯਥਾ- ਸਾਧੂ ਕੈ ਸੰਗਿ ਖਾਪ।

**ਖਾਮ** ਫਾ. ਕੱਚਾ, ਯਥਾ- ਪੂਰਾਬ ਖਾਮ ਕੂਜੈ। ਪੂਰਨ ਹੋ ਰਹਾ ਹੈ ਪ੍ਰਮੇਸ੍ਵਰ ਜਲ ਕੱਚੇ ਕੂਜੇ ਸ੍ਵਰੂਪ ਦੇਹ ਮੇਂ। ਮੁਹ ਬੰਦ ਕੀਯਾ, ਯਥਾ- ਸੋਈ ਸੋਈ ਬਿਨਸਤ ਖਾਮ।

**ਖਾਰ** ਦੇ. ਨਾਸ, ਯਥਾ- ਖਪਿ ਹੋਏ ਖਾਰੁ। ਪੁਨਾ- ਪਾਪ ਹੋਵਤ ਖਾਰ। ਸੰਖੀਏ ਆਦਿਕ ਖਾਰੋਂ ਸੇ, ਯਥਾ- ਆਨ ਰਸ ਸਭਿ ਖਾਰ।

**ਖਾਰ ਸਮੁਦ੍ਰ** ਦੇ. ਖਾਰਾ ਸਮੁੰਦ, ਯਥਾ- ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ।

**ਖਾਰੀ** ਸੰ. ਚਾਰਦ੍ਰੋਣ ਮਾਪ ਕਾ ਟੋਕਰਾ। ਗੁ. ਖੜੇ ਵਾ ਖਰੇ, ਯਥਾ- ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ। ਹੋਤੇ ਹੈ ਅੰਤ ਸਮੇ ਕਹੀਂ ਖੜੇ ਵਾ ਖਰੇ ਅਛੇ ਭਾਵ ਕਬੀ ਨਹੀਂ ਹੋਤੇ ਬਚਨਾਂਤਰ ਮੇਂ- ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ।

**ਖਾਲ** ਦੇ. ਪ੍ਰਾਣੀ ਕੀ ਤ੍ਵਚਾ ਖੱਲ ਪ੍ਰਸਿਧ। ਸੰ. ਖਲੋਂ ਕਾ ਸੁਭਾਵ ; ਖਲੋਂ ਕਾ ਸੁਮਦਾਯ।

**ਖਾਲਸੇ** ਦੇ. ਸੁਧ, ਯਥਾ- ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ। ਜਿਨੋਂ ਨੇ ਉਤਮ ਜਾਨ ਕੇ ਚਿਤ ਮੇਂ ਜਾਨੀਕੀ ਭਾਵ ਲਖਮੀਪਤਿ ਕੀ ਪ੍ਰੇਮ ਭਗਤੀ ਕਰੀ ਹੈ ਵਹੁ ਸੁਧ ਹੋ ਗਏ ਹੈਂ। ਵਾ ਜਿਨੋਂ ਨੇ ਚਿਤ ਚਿਤ ਮੇਂ ਪ੍ਰੇਮਾ ਭਗਤੀ ਕਰਨੇ ਯੋਗਯ ਜਾਨੀ ਹੈ ਵਹੁ ਸੁਧ ਹੋ ਗਏ ਹੈਂ। ਅ. ਖਾਲਸ। ਵਹੁ ਮੁਲਕ ਔ ਜਮੀਨ ਜਿਸ

ਮੋਂ ਪਾਤਸਾਹ ਬਿਨਾ ਔਰ ਕੀ ਬਿਸ੍ਰੇਦਾਰੀ ਨਾ ਹੋਵੇ। ਇਸ ਅਰਥ ਮੋਂ ਜਿਨਹੁ ਨੇ ਜਾਨੀਕੀ ਭਗਤੀ ਕਰੀ ਹੈ ਵਹੁ ਐਸੇ ਹੋ ਗਏ, ਜਿਨ ਮੋਂ ਪ੍ਰਮੇਸ੍ਵਰ ਬਿਨਾ ਆਨ ਕਾਹੂ ਕਾ ਦਾਵਾ ਨਹੀਂ ਰਹਾ। ਸੰ. ਖਾਲਸ ਅਰਥ ਐਸੇ ਹੈ ਖਲੋਂ ਕੀ ਵਸਤੁ ਕਾ ਨਾਮ ਖਾਲ ਹੈ। ਵਹੁ ਵਸਤੁ ਖਲੋਂ ਕਾ ਅਗਜਾਨ ਵਾਲਾ ਸੁਭਾਵ ਲੇਵੇ ਤਬ 'ਖਾਲ' ਖਲੋ ਕੇ ਅਗਜਾਨ ਵਾਲੇ ਸੁਭਾਵ ਕੋ ਉਪਦੇਸ ਸੇ, 'ਸ' ਨਾਸ ਕਰਨੇ ਵਾਲੇ ਗ੍ਯਾਨੀ ਜਨੋਂ ਕਾ ਨਾਮ ਖਾਲਸ ਹੈ। ਪ੍ਰਕਰਣ ਮੋਂ ਜਿਨੋਂ ਨੇ ਪ੍ਰਮੇਸ੍ਵਰ ਕੀ ਪ੍ਰੇਮ ਭਗਤੀ ਜਾਨੀ ਹੈ ਵੇ ਨਾਰਦਾਦੀ ਦੇਵਤਾ, ਭੀਖਮਾਦਿ ਮਨੁਖ, ਪ੍ਰਹਲਾਦ ਆਦਿ ਰਾਖਸ, ਸਭੀ ਖਾਲਸੇ ਗ੍ਯਾਨੀ ਹੋ ਗਏ। ਵਾ 'ਖ' ਨਾਮ ਅਕਾਸ ਕਾ ਹੈ ਤਿਸ ਆਕਾਸ ਵਿਖੇ 'ਆ' ਸਰਬ ਓਰ ਸੇ ਲਸਕਨੇ ਵਾਲਾ ਚੰਦ ਤਿਸ ਚੰਦ ਵਤ ਪ੍ਰਕਾਸ ਵਾਲੇ ਹੋ ਗਏ ਹੈਂ, ਜਿਨੋਂ ਨੇ ਪ੍ਰੇਮ ਭਗਤੀ ਜਾਨੀ ਹੈ। ਗੁਰੂ ਗੋਬਿੰਦ ਸਿੰਘ ਜੀ ਕੇ ਪੰਥ ਮੋਂ ਇਸ ਨਾਮ ਕੀ ਪ੍ਰਸਿੱਧੀ ਹੈ ਅਰ ਤਿਸ ਮਾਰਗ ਮੋਂ ਗ੍ਯਾਨੀ ਤਥਾ ਬੀਰ ਬਹੁਤ ਹੈਂ, ਤਿਨ ਮੋਂ ਪੂਰਬ ਕਹੀ ਰੀਤਿ ਸੇ ਗ੍ਯਾਨੀਯੋਂ ਕਾ ਨਾਮ ਬਤਾਯਾ ਗਯਾ ਹੈ। ਸੂਰਬੀਰੋਂ ਮੇਂ ਖਲ, ਮਲੇਛੋਂ ਕੇ ਸਮੂਹ ਕੋ ਨਾਸ ਕਰੇ, ਸੋ ਖਾਲਸਾ ਅਰਥ ਹੈ। ਦੇ. ਉਜੈਨ ਜਨ ਸੁਮਦਾਯ ਸਾਖੀ ਮੋਂ ਖਲ ਸੇ ਖਾਲਸਾ ਲਿਖਾ ਹੈ। ਸੋਈ ਸੂਰਜ ਪ੍ਰਤਾਪ ਮੋਂ ਲਿਖਾ ਹੈ ਸੋ ਬਚਿਤ੍ਰ ਨਾਟਕ ਸੇ ਮਿਲਤਾ ਨਹੀਂ ਯਾ ਤੇ ਅਰਥ ਅਗ੍ਰਾਹਜ ਹੈ।

**ਖਾਲਕ** ਅ. ਸ੍ਰਿਸ੍ਰਿ ਕਰਤਾ ਪ੍ਰਮੇਸ੍ਵਰ, ਯਥਾ- ਖਾਲਕ ਥਾਵਹੁ ਭੁਲਾ ਮੁਠਾ। ਜੋ ਖਾਲਕ ਥੀ ਭੁਲਾ ਹੈ ਸੋ ਮੁਠਾ ਠਗਜਾ ਗਯਾ ਹੈ।

**ਖਾਲਕਾ** ਅ. ਹੇ ਖਾਲਕ, ਐ ਖਾਲਕ।

**ਖਾਲੀ** ਅ. ਸੁਨਜ, ਜਿਸ ਮੋਂ ਕੁਛ ਭਰਾਨਾ ਹੋਵੇ, ਯਥਾ- ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ।

**ਖਾਵਹੁ** ਪੰ. ਖਾਵੋ, ਯਥਾ- ਰਜਿ ਰਜਿ ਭੋਜਨੁ ਖਾਵਹੁ।

**ਖਾਵਣ ਸੰਦੜੈ** ਗੁ. ਅਹਾਰ ਕੇ ਦੁਖ ਮੋਂ, ਯਥਾ- ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ।

**ਖਾਵਣਾ** ਪੰ. ਖਾਣਾ, ਭੋਜਨ ਕਰਨਾ, ਯਥਾ- ਤੇਰਾ ਦਿਤਾ ਖਾਵਣਾ।

**ਖਾਵਤ** ਪੰ. ਖਾਤੇ ਕੋ, ਯਥਾ- ਭੂਖੇ ਖਾਵਤ ਲਾਜ ਨ ਆਵੈ।

**ਖਿਅਤ** ਸੰ. ਪ੍ਰਗਟ, ਪ੍ਰਸਿਧ, ਯਥਾ- ਨਗਰੀ ਨਗਰੀ ਖਿਅਤ ਅਪਾਰ। ਗੁ. ਖੇਤ।

**ਖਿਆਨ** ਦੇ. ਮਹਾਭਾਰਤ ਆਦਿਕ ਪੁਰਾਤਨ ਕਥਾ ਕੇ ਗ੍ਰੰਥ, ਯਥਾ- ਨਾਨਾ ਖਿਆਨ ਪੁਰਾਨ। ਸੰ. ਆਖ੍ਯਾਨ।

**ਖਿਆਲੁ** ਦੇ. ਚਿੰਤਨ, ਯਥਾ- ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ।

**ਖਿਸੰਦੋ** ਪੰ. ਖਿਸਤਾ, ਯਥਾ- ਜਾਮਿ ਖਿਸੰਦੋ ਪੇਰੁ।

**ਖਿਸਰੇ** ਦੇ. ਬਿਖਰ, ਖਿੰਡ, ਯਥਾ- ਭੂੰਡੀ ਚਾਲ ਚਰਣ ਕਰ ਖਿਸਰੇ।

**ਖਿਸੈ** ਦੇ. ਖਿਸਕੇ ਹੈਂ, ਯਥਾ- ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।

**ਖਿੰਚ** ਦੇ. ਖੈਂਚ ਕੇ, ਯਥਾ- ਐਸੀ ਮਾਧੋ ਖਿੰਚ ਤਨੀ। ਖੈਂਚ ਕੇ ਫੈਲਾਈ।

**ਖਿੰਚੋਤਾਣਿ** ਗੁ. ਖੈਂਚਤਾਨ ਸੇ, ਯਥਾ- ਖਿੰਚੋਤਾਣਿ ਵਿਗੁਚੀਐ। ਅਧਕ ਅਰਥ ਖਿੰਜੋਤਾੜ ਕੇ ਅਰਥ ਮੈ ਦੇਖੋ।

**ਖਿੰਜ** ਪੰ. ਘਸੀਟ, ਖਿੰਚ।

**ਖਿਜਮਤ** ਅ. ਟਹਲ ਵਾਲੀ, ਯਥਾ- ਹਉ ਬੰਦੀ ਪ੍ਰਿਅ ਖਿਜਮਤਦਾਰ। ਅ. ਖਿਦਮਤ।

**ਖਿੰਜੈ** ਪੰ. ਖੈਂਚੇ ਅਰਥਾਤ ਮਨ ਮੋਂ ਅਹੰਕਾਰ ਕਰ ਅਮੁਕੇ ਕੀ ਮੈਂ ਅਵਸਜ ਹਾਨੀ ਕਰੂੰਗਾ ਐਸੇ ਦਾੜੀ ਪੈ ਹਾਥ ਫੇਰ ਕੇ ਕਹੇ, ਯਥਾ- ਗਰੀਬਾ ਉਪਰਿ ਜਿ ਖਿੰਜੈ ਦਾੜੀ।

**ਖਿੰਜੋਤਾੜਾ** ਪੰ. ਟੀਰਾ ਦੇਖਨਾ। ਨੇਤ੍ਰ ਕੀ ਬੀਮਾਰੀ ਕੇ ਪ੍ਰਤਾਪ ਸੇ ਟੇਢਾ ਦੇਖਨਾ। ਗੁ. ਭਲੇ ਬੁਰੇ ਨਾਨਾ ਸੰਕਲਪੋਂ ਕਾ ਉਠਨਾ, ਜੈਸੇ- ਮਨ ਮੇ ਹੋਆ ਖਿੰਜੋਤਾੜਾ। ਖਿੰਜੋਤਾੜਾ ਖਿੰਜੋਤਾਣ ਸੇ ਬਨਾ ਹੈ। ਖਿੰਜੋਤਾਣ ਖੈਂਚਤਾਨ ਸੇ ਬਨਾ ਹੈ। ਖੈਂਚਤਾਨ ਖੈਂਚ ਕਾ ਫੈਲਾਵ ਅਰਥਾਤ ਮਨ ਮੋਂ ਕਈ ਭਾਂਤ ਕੇ ਸੰਕਲਪ ਉਠਾਨੇ ਕਾ ਨਾਮ ਹੈ ਵਾ ਵੈਰ ਸੇ ਅਧਿਕ ਖੈਂਚ ਕਰਨ ਕਾ ਨਾਮ ਹੈ।

**ਖਿੰਡੀਆ** ਪੰ. ਪਸਰੀਆਂ, ਯਥਾ- ਮਨ ਕੀਆ ਮਤੀ ਖਿੰਡੀਆ।

**ਖਿਣ** ਦੇ. ਬਹੁਤ ਅਲਪ ਕਾਲ।

**ਖਿਤਿ** ਸੰ. ਪ੍ਰਿਥ੍ਵੀ।

**ਖਿੰਥੜਿ** ਗੁ. ਦੇਹ ਰੂਪੀ ਗੋਦੜੀ, ਤਾਗੇ ਵਾਲੀ ਗੋਦੜੀ ਮੇਂ, ਯਥਾ- ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ। ਤਾਗੇ ਵਾਲੀ ਗੋਦੜੀ ਮੋਂ ਤਾਗੇ ਰੂਪ ਮੇਖਾ ਬਹੁਤ ਹੈਂ ਪਰੰਤੁ ਜਿੰਦ ਪ੍ਰਾਣੋਂ ਮੇਂ ਤਿਨ ਕੋ ਬਚਾਨੇ ਵਾਲੀ ਕੋਈ ਮੇਖ ਨਹੀਂ।

**ਖਿੰਥਾ** ਦੇ. ਗੋਦੜੀ। ਸੰ. ਕੰਥਾ।

**ਖਿੰਥਾ ਜਲਿ** ਵਾ. ਦੇਹ ਰੂਪੀ ਗੋਦੜੀ ਦਗਧ ਹੋਕਰ, ਯਥਾ- ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ। ਦੇਹ ਰੂਪੀ ਖਿੰਥਾ ਦਗਧ ਹੋ ਗਈ ਜੀਵਾਤਮਾ ਕੋ ਆਚ ਨਹੀਂ ਲਗੀ।

**ਖਿਨ** ਦੇ. ਅਲਪ ਕਾਲ, ਯਥਾ- ਖਿਨ ਮਹਿ ਮੁਏ ਜਾ ਸਬਦੁ ਪਛਾਨਿਆ। ਅਧਿਕਾਰੀ ਜਨ ਮੰਦ ਪਾਸਿਓ ਸੇ ਅਲਪ ਦੇਰ ਮੇ ਹਟ ਗਏ।

**ਖਿਨ ਭੰਗਨ** ਗੁ. ਖਿਨ ਭੰਗਰ, ਯਥਾ- ਖਿਨ ਭੰਗਨ ਦੇਹਾਦਿ। ਅਲਪ ਕਾਲ ਮੇਂ ਨਾਸ ਹੋਨੇ ਵਾਲੇ ਦੇਹਾਦਿਕ ਹੈਂ। ਸੰ. ਖਣ ਭੰਗਰ।

**ਖਿਨ ਵਾਰ** ਦੇ. ਅਲਪ ਸਮਾ ਵਾ ਬਾਰ ਬਾਰ।

**ਖਿਨਾਹੂ** ਗੁ. ਖਿਣ ਮੇਂ, ਯਥਾ- ਦੂਖ ਦਰਦ ਤਿਹ ਮਿਟਹਿ ਖਿਨਾਹੂ।

**ਖਿਨੁ ਕਿੰਚਿਤ** ਵਾ. ਖਿਨ ਮਾਤ੍ਰ ਥੋੜੀ ਸੀ, ਯਥਾ- ਖਿਨੁ ਕਿੰਚਿਤ ਕ੍ਰਿਪਾ ਕਰੀ।

**ਖਿਨੂਆ** ਗੁ. ਖਿਨ ਮਾਤ੍ਰ, ਯਥਾ- ਰਾਮੁ ਨ ਚੀਨੋ ਖਿਨੂਆ।

**ਖਿਧੋਲੜਾ** ਪੰ. ਮਹਾ ਮੈਲਾ ਲੇਫ, ਯਥਾ- ਨੀਲਾ ਕਾਲਾ ਖਿਧੋਲੜਾ। ਸੁਨਨੇ ਮੇਂ ਆਯਾ ਹੈ ਮੁਗਲੋਂ ਕੇ ਰਾਜ ਸਮੇ, ਜਿਸ ਪੈ ਜਬਰੀ ਹੋਈ ਹੋਤੀ ਵਹੁ ਅਦਾਲਤ ਕੇ ਮਕਾਨ ਮੇਂ ਰਖਾ ਮਹਾ ਮੈਲਾ ਨੀਲਾ ਕਾਲਾ ਖਿੰਧੋਲੜਾ ਪਹਰ ਕੇ ਖੜਾ ਹੋਤਾ ਤਬ ਉਸ ਕੀ ਅਰਜ ਸੁਨੀ ਜਾਤੀ।

**ਖਿਮ ਕਾ** ਗੁ. ਖਿਮਾ ਕਾ, ਯਥਾ- ਹਰਿ ਕਾਪੜੁ ਪਹਿਰਹੁ ਖਿਮ ਕਾ।

**ਖਿਮਾ** ਦੇ. ਬਲਹੀਨ ਕਾ ਕਹਜਾ ਦੁਰਬਚਨ ਸਹਾਰਨਾ ਅਰਥਾਤ ਮਾਰਨੇ ਪੀਟਨੇ ਕੋ ਪਕਰਨੇ ਸੇ ਭੀ ਚਿਤ ਮੇਂ ਕ੍ਰੋਧ ਕੀ ਉਤਪਤੀ ਔ ਹਨਨ ਕਰਨੇ ਕਾ ਸੰਕਲਪ ਨਾ ਹੋਨਾ ਐਸੀ ਬ੍ਰਿਤੀ ਕਾ ਨਾਮ ਖਿਮਾ ਹੈ ਜਿਸ ਬਿਨਾ ਅਗਿਣਤ ਨਾਸ ਹੋ ਗਏ, ਯਥਾ- ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ। ਸੰ. ਖ੍ਰਮਾ।

**ਖਿਰਤ** ਦੇ. ਖਰਤੇ, ਯਥਾ- ਖਖਾ ਖਿਰਤ ਖਪਤ ਗਏ ਕੇਤੇ।

**ਖਿਰਾਜੁ** ਅ. ਮੰਡਲੇਸ੍ਵਰੋਂ ਸੇਂ ਜੋ ਨਜਰ ਭੇਟਾ ਮਹਾਰਾਜੇ ਲੇਤੇ ਹੈਂ, ਜੈਸੇ ਭਾਰਤਖੰਡੀ ਰਾਜਾ ਲੋਗਨ ਸੇ ਹਰ ਬਰਸ ਮੇ ਅੰਗਰੇਜ ਲੇਤੇ ਹੈਂ ; ਜਿਮੀਨ ਕਾ ਕਰ ਮਾਤ੍ਰ ; ਮਾਲ ਪੈ ਜਗਾਤ, ਯਥਾ- ਨਾਂ ਤਸਵੀਸ ਖਿਰਾਜੁ ਨ ਮਾਲੁ।

**ਖਿਲ** ਸੰ. ਕਿੰਚਤ, ਥੋੜੇ, ਜੈਸੇ- ਗ੍ਰੰਥੋਂ ਕੇ ਖਿਲ ਪ੍ਰਕਰਣ ਹੋਤੇ ਹੈਂ। ਦੇ. ਸਮੁਦਾਯ ਸਵਾਰੋਂ ਕਾ ਔ ਘੋੜਿਓਂ ਕਾ, ਯਥਾ- ਖਿਲਖਾਨਾ। ਸੰ. ਖੇਲ।

**ਖਿਲਖਾਨਾ** ਗੁ. ਸੇਨਾ ਬਾਹਨ ਸੇਵਕ ਆਦਿ ਸਰਬ ਸਾਮਗ੍ਰੀ, ਯਥਾ- ਖਿਲਖਾਨਾ ਬਿਰਾਦਰ ਹਮੂ ਜੰਜਾਲਾ।

**ਖਿਲਾ** ਗੁ. ਪ੍ਰਕਾਸ ਕੀਆ, ਯਥਾ- ਖੇਲ ਸਭਿ ਖਿਲਾ। ਸੰ. ਨਾ ਵਾਹੀ ਜਮੀਨ।

**ਖਿਲਾ** ਪੰ. ਬਿਕਸੇ, ਫੂਲੇ, ਜੈਸੇ- ਫੂਲ ਖਿੜੇ ਆਕਾਸ। ਦੈਵ ਗੁਣ ਰੂਪ ਪੁਸਪ ਖਿਲੇ ਹੈਂ ਹਿਰਦੇ ਦੇਸ ਮੇਂ।

**ਖਿਵੈ** ਪੰ. ਪ੍ਰਕਾਸਤਾ ਹੈ, ਯਥਾ- ਸਤਿਗੁਰ ਕਾ ਖਿਵੈ ਚੰਦੋਆ। ਨਿਖਲ ਸ੍ਰਿਸ੍ਰਿ ਮੇਂ ਗੁਰੋਂ ਕਾ ਜਸ ਪ੍ਰਕਾਸਤਾ ਹੈ। ਬਿਜਲੀ ਕੀ ਚਮਕ ਕਾ ਨਾਮ ਖਿਉਣਾ ਹੈ ਤਿਸ ਤੁਲਜ ਗੁਰੋਂ ਕਾ ਸਬਾਈ ਜਸ ਚਮਕੇ ਹੈ।

**ਖਿੜਕੀ** ਪੰ. ਡੰਡਿਆਂ ਵਾਲਾ ਕਿਵਾੜਾ। ਦੇ. ਛੋਟਾ ਦਰਵਾਜਾ ; ਦਸਮ ਦ੍ਵਾਰ ਮੇ ਮਾਸ ਕੀ ਬੋਟੀ, ਯਥਾ- ਖਿੜਕੀ ਊਪਰਿ ਦਸਵਾ ਦੁਆਰੁ।

**ਖਿੜਕੀਆ** ਪੰ. ਤਾਕੀਆਂ, ਬਾਰੀਆਂ।

**ਖੀਉ** ਗੁ. ਖਚਿਤ, ਫਸਿਆ ਹੋਇਆ।

**ਖੀਓ** ਪੰ. ਖੀਵਾ, ਅਮਲ ਸੇ ਮਸਤ, ਯਥਾ- ਊਹੀ ਪੀਓ ਊਹੀ ਖੀਓ। ਖੀਣ, ਯਥਾ- ਸਹਜੇ ਬਿਖਿਆ ਭਈ ਖੀਓ।

**ਖੀਚਰੀ** ਦੇ. ਪ੍ਰ. ਮਿਲਾਏ ਚਾਵਲ ਦਾਲ, ਯਥਾ- ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ।

**ਖੀਚਾ** ਗੁ. ਪੜਦਾ ਨਹੀਂ ਖੈਂਚਾ, ਯਥਾ- ਬੀਚੁ ਨ ਖੀਚਾ। ਪੜਦਾ ਨਹੀਂ ਖੈਂਚਾ।

**ਖੀਣੰਤ** ਗੁ. ਖੈ ਹੋ ਜਾਤਾ ਹੈ, ਯਥਾ- ਖੀਣੰਤ ਬਲਨੰ। ਬਲ ਖੈ ਹੋ ਜਾਤਾ ਹੈ।

**ਖੀਣੁ** ਸੰ. ਨਾਸ, ਯਥਾ- ਭਇਆ ਤਨੁ ਖੀਣੁ।

**ਖੀਨ** ਗੁ. ਮਾਨੋ ਖੀਨ ਹੋਤਾ ਹੈ, ਯਥਾ- ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ।

**ਖੀਨਸੂਆ** ਗੁ. ਖੀਣ ਹੂਆ, ਯਥਾ- ਹਾਰਿਓ ਉਕਤੇ ਤਨੁ ਖੀਨਸੂਆ।

**ਖੀਨਾ** ਗੁ. ਖੀਣਤਾ, ਯਥਾ- ਕਾਹੂ ਨ ਕਰਤੇ ਕਛੁ ਖੀਨਾ।

**ਖੀਰਿ** ਦੇ. ਦੂਧ ; ਦੂਧ ਮੇ ਰਿਝਾਏ ਚਾਵਲ, ਯਥਾ- ਰਸੁ ਅੰਮ੍ਰਿਤੁ ਖੀਰਿ ਘਿਆਲੀ। ਖੀਰ ਘੀ ਖੰਡ ਵਾਲੀ।

**ਖੀਰੇ** ਦੇ. ਦੂਧ, ਯਥਾ- ਬਾਲਕ ਲਗਿ ਦੁਧ ਖੀਰੇ।

**ਖੀਵਨਿ** ਗੁ. ਨਾਮ ਕੇ ਅਮਲ ਸੇ ਮਸਤ ਭਏ ਹੈਂ, ਯਥਾ- ਰਾਮ ਨਾਮ ਰਸ ਖੀਵਨਿ।

**ਖੀਵਾ** ਦੇ. ਮਤਵਾਲਾ, ਸਰਾਬ ਆਦਿਕੋਂ ਕੇ ਅਮਲ ਸੇ ਮਸਤ ਹੂਆ, ਯਥਾ- ਤਾ ਮਨੁ ਖੀਵਾ ਜਾਣੀਐ।

**ਖੀਵੀ** ਦੇ. ਪੰ. ਗੁਰੂ ਅੰਗਦ ਸਾਹਬ ਕੇ ਮਹਲ, ਯਥਾ- ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ।

**ਖੁਆਇਓਨੁ** ਪੰ. ਭੁਲਾਇ ਦੀਆ, ਖੋ ਦੀਆ, ਯਥਾ- ਸਚੈ ਆਪਿ ਖੁਆਇਓਨੁ।

**ਖੁਆਇਅਨੁ** ਗੁ. ਭੁਲਾਏ ਹੈਂ, ਯਥਾ- ਇਕਿ ਆਪੇ ਆਪਿ ਖੁਆਇਅਨੁ।

**ਖੁਆਇਆ** ਪੰ. ਭੁਲਾਇਆ, ਯਥਾ- ਇਕਿ ਆਪਹੁ ਤੁਧੁ ਖੁਆਇਆ।

**ਖੁਆਈ** ਦੇ. ਭੁਲਾਇ ਦੀਏ ; ਖੁਆਰ ਕੀਏ।

**ਖੁਆਈਐ** ਪੰ. ਭੁਲਾਈਦੇ ਹੈਂ, ਯਥਾ- ਹਉਮੈ ਗਰਬੈ ਗਰਬੁ ਆਪਿ ਖੁਆਈਐ।

**ਖੁਆਏ** ਗੁ. ਖੋਨਾ ਚਾਹੇ, ਯਥਾ- ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।

**ਖੁਆਰ** ਪੰ. ਦੁਖੀ, ਯਥਾ- ਖੁਸੀ ਖੁਆਰ ਭਏ ਰਸ ਭੋਗਣ। ਰਸ ਭੋਗਣੇ

ਕੀ ਖੁਸੀ ਸਾਦੀ ਅਰਥਾਤ ਉਤਸਾਹ ਮੇਂ ਸਭ ਜੀਵ ਅੰਤ ਕੋ ਦੁਖੀ ਹੋਵੇ ਹੈਂ।

**ਖੁਇ** ਦੇ. ਠਗਿਆ, ਯਥਾ- ਰੋਵੈ ਜਨਮੇਜਾ ਖੁਇ ਗਇਆ।

**ਖੁਸਰੇ** ਦੇ. ਨਪੁੰਸਕ ਕਾ, ਯਥਾ- ਖੁਸਰੇ ਕਿਆ ਘਰ ਵਾਸੁ। ਹੀਜੜੇ ਕਾ ਇਸਤ੍ਰੀ ਸੇ ਕਿਆ ਮੇਲ ਹੈ ਭਾਵ ਕੁਛ ਨਹੀਂ ਬਚਨ ਭੀ ਹੈ- ਜਿਉ ਕਾਪੁਰਖੁ ਪੁਚਾਰੈ ਨਾਰੀ।

**ਖੁਸਿ** ਫਾ. ਰਾਜੀ, ਚੰਗੀ, ਯਥਾ- ਖੁਸਿਖਬਰੀ। ਖੋਸ, ਯਥਾ- ਖੁਸਿ ਲਏ ਚੰਗਿਆਈ।

**ਖੁਸਿ** ਪੰ. ਖੋਹ, ਯਥਾ- ਖੁਸਿ ਲਏ ਚੰਗਿਆਈ। ਪੰਨੀ ਕੀ ਜੜ।

**ਖੁਸਿਖਬਰੀ** ਫਾ. ਆਨੰਦ ਕੀ ਵਾਰਤਾ ਹੈ ਭਾਵ ਆਨੰਦ ਹੈ ਤੂ, ਯਥਾ- ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ।

**ਖੁਸੀ** ਪੰ. ਪਸੰਦ, ਯਥਾ- ਰਹਤ ਕੋ ਖੁਸੀ ਨ ਆਯਉ। ਆਨੰਦਮੈ, ਯਥਾ- ਖੁਸੀ ਖੁਆਰ ਭਏ ਰਸ ਭੋਗਣ। ਰਸੋਂ ਕੇ ਭੋਗਣੇ ਕੀ ਖੁਸੀਆਂ ਸੇ ਸਭੀ ਜੀਵ ਖੁਆਰ ਭਏ ਹੈਂ।

**ਖੁਹਦੀ** ਪੰ. ਬਾਕੀ ਰਹੀ, ਯਥਾ- ਰਹਦੀ ਖੁਹਦੀ ਸਭ ਪਤਿ ਗਵਾਹੀ।

**ਖੁਟਹਰ** ਗੁ. ਖੋਟ ਵਾਲੇ, ਯਥਾ- ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।

**ਖੁੰਢਾ** ਪੰ. ਮੋਟੇ ਲਕੜੋਂ ਮੇਂ ਅਰਥਾਤ ਬੇਲਨੇ ਕੀ ਲਠੋਂ ਮੇਂ, ਯਥਾ- ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।

**ਖੁਥੇ** ਪੰ. ਪੁਟਾਨੇ ਵਾਲੇ, ਯਥਾ- ਭਸੁ ਪਈ ਸਿਰਿ ਖੁਥੈ। ਪੁਨਾ- ਨਾਨਕ ਜੇ ਸਿਰਖੁਥੇ ਨਾਵਨਿ ਨਾਹੀ।

**ਖੁਦ ਬ ਖੁਦੁ** ਫਾ. ਆਪ ਹੀ ਆਪ।

**ਖੁੰਦਕਾਰਾ** ਫਾ. ਹੇ ਸਰਬ ਕੇ ਪਾਤਸਾਹ ਪ੍ਰਮੇਸੁਰ ਖੁਦਾਵੰਦ ਕਾਰਕਾ ਮੁਖੱਫਫ ਅਰਥਾਤ ਲਘੁ ਸ੍ਵਰੂਪ ਹੈ, ਯਥਾ- ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।

**ਖੁਦਾ** ਫਾ. ਮਾਲਕ, ਖੁਦਆਇੰਦਾ, ਖੁਦ ਲਾਨੇ ਵਾਲਾ।

**ਖੁਦਾਇ** ਦੇ. ਖੁਦਾ ਕਾ ਭਾਵ ਮਾਲਕ ਕਾ, ਯਥਾ- ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।

**ਖੁਦਾਇਆ** ਗੁ. ਖੁਦਾ ਕਾ, ਯਥਾ- ਸਚੁ ਖੁਦਾਇਆ। ਪੁਨਾ- ਖੁਨਕ ਨਾਮੁ ਖੁਦਾਇਆ।

**ਖੁਦਾਈ** ਦੇ. ਪਟਾਈ, ਖਨਵਾਈ, ਯਥਾ- ਗਹਰੀ ਕਰਿ ਕੈ ਨੀਵ ਖੁਦਾਈ। ਖੁਦਾ ਕੇ, ਯਥਾ- ਅਲਹ ਅਗਮ ਖੁਦਾਈ ਬੰਦੇ।

**ਖੁਦਾਈ ਬੰਦੇ** ਫਾ. ਹੇ ਭਗਵਾਨ ਕੇ ਦਾਸ, ਯਥਾ- ਅਲਹ ਅਗਮ ਖੁਦਾਈ ਬੰਦੇ।

**ਖੁਦਿ** ਫਾ. ਆਪ, ਯਥਾ- ਖੁਦਿ ਖਸਮੁ ਵਡਾ ਅਤੋਲੁ।

**ਖੁਦਿ ਖਸਮੁ** ਫਾ. ਆਪ ਸ੍ਵਾਮੀ, ਯਥਾ- ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ।

**ਖੁਦਿ ਖੁਦਾਇ** ਦੇ. ਆਪ ਪਤੀ, ਆਪ ਮਾਲਕ, ਯਥਾ- ਖੁਦਿ ਖੁਦਾਇ ਵਡ ਬੇਸੁਮਾਰ।

**ਖੁਦੀ** ਫਾ. ਅਹੰਕਾਰ, ਯਥਾ- ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।

**ਖੁਧਾ** ਸੰ. ਭੁਖ।

**ਖੁਧਿ ਤਾਸੁ** ਵਾ. ਭੁਖ ਤ੍ਰਿਖਾ, ਯਥਾ- ਜਪਿ ਹਰਿ ਚਰਣ ਮਿਟੀ ਖੁਧਿ ਤਾਸੁ।

**ਖੁਧਿਆਰਥ** ਵਾ. ਭੁਖੇ ਕੋ ਭੋਜਨ, ਯਥਾ- ਜਿਉ ਮਹਾ ਖੁਧਿਆਰਥ ਭੋਗੁ।

**ਖੁਨਕ** ਫਾ. ਠੰਢਾ, ਸਰਦ, ਯਥਾ- ਖੁਨਕ ਨਾਮੁ ਖੁਦਾਇਆ।

**ਖੁਨਾਮੀ** ਦੇ. ਗੁਨਹਗਾਰੀ, ਅਪਰਾਧ, ਯਥਾ- ਦੁਹੀ ਸਰਾਈ ਖੁਨਾਮੀ ਕਹਾਏ।

**ਖੁੰਬਿ** ਦੇ. ਧੋਬੀ ਕਾ ਬਰਤਨ ਜਿਸ ਪੈ ਰਖ ਕਪੜੇ ਤਪਾਵਤਾ ਹੈ, ਯਥਾ- ਭੈ ਵਿਚਿ ਖੁੰਬਿ ਚੜਾਈਐ।

**ਖੁਭੜੀ** ਪੰ. ਧਸੀ, ਗਡ ਗਈ, ਯਥਾ- ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ।

**ਖੁੰਭੈ** ਪੰ. ਪਾਉ ਨਹੀ ਧਸੇ, ਯਥਾ- ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ। ਸੰਸਾਰ ਨਦੀ ਪੈ ਤਰਤੇ ਕਾ ਮੇਰਾ ਚਿਤ ਨਹੀਂ ਖਚਿਤ ਹੋਤਾ। ਕਿਉਂਕਿ ਚਿਤ ਮੇਂ ਨਾ ਖਚਿਤ ਹੋਨੇ ਦੇਨੇ ਵਾਲਾ ਆਪ ਕਾ ਪ੍ਰੇਮ ਹੈ।

**ਖੁਮਰ** ਅ. ਸਰਾਬ ਕਾ ਮਟ।

**ਖੁਮਾਰੀ** ਦੇ. ਖੁਮਰ ਸੰਬੰਧੀ ਸਰਾਬ ਕੇ ਪਿਆਲੇ ਸੇ ਮਸਤੀ, ਯਥਾ- ਜੈਸੇ ਖੋਂਦ ਖੁਮਾਰੀ।

**ਖੁਮਾਰੋ** ਦੇ. ਅਮਲ ਪੀਏ ਪੀਛੇ ਹਡ ਫੋੜੀ ; ਅਮਲ ਕੀ ਮਸਤੀ ; ਅਮਲੀ ਹੋ ਗਯਾ, ਯਥਾ- ਹਰਿ ਰਸਿ ਰਪਿਓ ਖੁਮਾਰੋ।

**ਖੁਰ** ਦੇ. ਪਸੂ ਕਾ ਪੈਰ ; ਪੈਰ ਮਾਤ੍ਰ, ਯਥਾ- ਇਕਨ੍ਹਾ ਪੇਰਣ ਸਿਰ ਖੁਰ ਪਾਟੇ।

**ਖੁਰਗੀਰ** ਦੇ. ਕਾਠੀ ਤਲੇ ਕਾ ਨਮਦੇ ਕਾ ਟੁਕੜਾ, ਜੋ ਤਾਰੂ ਸੇ ਊਪਰ ਪੜਤਾ ਹੈ, ਯਥਾ- ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ।

**ਖੁਰਦਨੀ** ਫਾ. ਖਾਨੇ ਯੋਗ ਵਸਤ੍ਰ, ਖਾਨਾ, ਯਥਾ- ਦੁਨੀਆ ਮੁਰਦਾਰ ਖੁਰਦਨੀ। ਦੁਨੀਆ ਮੁਰਦਾਰਖਾਨਾ ਹੈ।

**ਖੁਰਾਸਾਨ** ਅ. ਈਰਾਨ ਕੇ ਭੀਤਰ ਏਕ ਮੁਲਕ, ਜੋ ਪਾਰਸ ਸੇ ਪੂਰਬ ਓਰ ਹੈ, ਯਥਾ- ਖੁਰਾਸਾਨ ਖਸਮਾਨਾ ਕੀਆ।

**ਖੁਲ** ਦੇ. ਛੁਟੀ, ਖੁਲ ਕਰਕੇ।

**ਖੁਲਨੇ** ਗੁ. ਬਹੁਤ ਛੁਟ ਗਏ, ਯਥਾ- ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ।

**ਖੁਲਾਸਾ** ਅ. ਅਸਲ, ਸਾਫ।

**ਖੁਲੀ** ਪੰ. ਛੁਟੀ।

**ਖੁਲ੍ਹੇ** ਦੇ. ਛੁਟੇ, ਜੈਸੇ- ਤਿਨ ਕੇ ਬੰਧਨ ਸਭ ਖੁਲੇ ਹਰ ਨਾਮ ਧਿਆਏ, ਉਘੜੇ, ਯਥਾ- ਖੁਲ੍ਹੇ ਹਟ ਹੋਆ ਵਾਪਾਰੁ।

**ਖੂਹ** ਪੰ. ਕੂਏ, ਯਥਾ- ਤੇ ਬਿਖਿਆ ਕੇ ਖੂਹ।

**ਖੂਹਣਿ** ਦੇ. ਅਖੌਹਣੀ ਸੇਨਾ ਵਾਲੇ ਦੁਰਯੋਧਨਾਦਿ, ਯਥਾ- ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ। ਖਿਮਾ ਵਿਹੂਨੇ ਦੁਰਯੋਧਨ ਰਾਵਣਾਦਿ ਨਾਸ ਹੋ ਗਏ, ਜਿਨ ਕੀ ਕਈ ਖੂਹਨ ਪਰਿਮਾਣ ਸੇਨਾ ਮੇ ਲਖੋਂ ਕੀ ਸੰਖ੍ਯਾ ਨਹੀਂ ਹੋ ਸਕਤੀ ਥੀ। ਸੋਈ ਬਾਰਤਾ ਅਗਲੀ ਤੁਕ ਮੇਂ ਸਪਸਟ ਹੈ 'ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ' ਖੂਹਣ ਕਾ ਮੂਲ ਅਖੌਹਣੀ ਹੈ। ਤਿਸ ਕਾ ਪਰਿਮਾਣ ਯਹ ਹੈ ੨੧੮੭ ਦੋ ਹਜਾਰ ਏਕ ਸੌ ਸਤਾਸੀ ਹਸਤੀ, ੨੧੮੭ ਦੋ ਹਜਾਰ ਏਕ ਸੌ ਸਤਾਸੀ ਰਥ, ੬੫੬੧੦ ਪੈਸਠ ਹਜਾਰ ਛੀ ਸੈ ਦਸ ਘੋੜੇ, ੧੦੯੩੫੦ ਏਕ ਲਾਖ ਨੌ ਹਜਾਰ ਤੀਨ ਸੈ ਪਚਾਸ ਪਿਆਦੇ। ਏਤੀ ਚਤੁਰੰਗਨੀ ਸੇਨਾ ਕਾ ਨਾਮ ਅਖੌਹਣੀ ਹੈ। ਯਾ ਤੇ ਜਿਸ ਫੌਜ ਕੇ ਰਸਤੇ ਚਲਤੇ, ਸਮੀਪ ਕਾ ਕੂਆ ਧੂੜ ਸੇ ਭਰ ਜਾਵੇ, ਉਸ ਕਾ ਨਾਮ ਖੂਹਣ ਹੈ ਯਹ ਨਿਰਮੂਲਕ ਬਾਤ ਹੈ। ਸੰ. ਅਖੌਹਣੀ।

**ਖੂਹੜੀ** ਪੰ. ਕੂਈ, ਛੋਟਾ ਕੂਪ, ਯਥਾ- ਓਹ ਜਿ ਦਿਸੈ ਖੂਹੜੀ।

**ਖੂਹੀ** ਪੰ. ਕੂਈ, ਯਥਾ- ਵਿਧਣ ਖੂਹੀ।

**ਖੂਕ** ਗੁ. ਸੁਰ, ਜੈਸੇ- ਖੂਕ ਮਲਹਾਰੀ।

**ਖੂੰਡਹਿ** ਦੇ. ਚੁੰਜੋ ਸੇ ਮਾਸ ਕਾਟ ਕਾਟ ਖਾਤੇ ਹੈ ਕਉਏ, ਯਥਾ- ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।

**ਖੂੰਡੀ** ਦੇ. ਸਿਰ ਮੁੜੇ ਵਾਲੀ ਸੋਟੀ।

**ਖੂੰਡੀ ਦੀ** ਪੰ. ਖੂੰਡੀ ਕਾ, ਯਥਾ- ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ। ਘੋੜੇ ਪੈ ਅਸਵਾਰ ਹੋ ਕੇ ਹਾਥ ਮੇਂ ਬੰਦੂਕ ਕੋ ਪਕੜੇ ਹੈਂ, ਜੋ ਅਸਵਾਰ ਹੋ ਚਲਾਨੀ ਕਠਨ ਹੈ, ਅਰ ਹੈ ਤਲੇ ਬਿਚਰ ਖੂੰਡੀ ਸੇ ਖੇਲਨੇ ਵਾਲਾ।

**ਖੂਧੇ** ਦੇ. ਭੂਖੇ, ਯਥਾ- ਆਵਤ ਪਹੀਆ ਖੂਧੇ ਜਾਹਿ।

**ਖੂਨ** ਫਾ. ਰੁਧਿਰ, ਲਹੂ ; ਪ੍ਰਾਣੀਯੋ ਕੇ ਬਧ ਕੇ, ਯਥਾ- ਖੂਨ ਕੇ ਸੋਹਿਲੇ ਗਾਵੀਅਹਿ। ਬਾਬਰ ਸਾਥ ਪਠਾਣਾ ਕੀ ਲੜਾਈ ਮੇਂ ਮਾਰੋ ਮਾਰੋ ਐਸੇ ਗੀਤ।

**ਖੂਨਾ** ਗੁ. ਖੋਨਾ, ਯਥਾ- ਖਖਾ ਖੂਨਾ ਕਛੁ ਨਹੀ। ਭਾਵ ਸੇ ਕਿਸੀ ਵਸਤੂ ਕੀ ਕਮਤੀ ਨਹੀਂ ਤਿਸ ਸਮਰਥ ਕੇ ਪਾਸ।

**ਖੂੰਬ** ਪੰ. ਖੁੰਬ, ਯਥਾ- ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ। ਜੈਸੇ ਭਾਦੋਂ ਮੇਂ ਖੂੰਬੋਂ ਕੀ ਰਾਜਾ ਅਰਥਾਤ ਬਡੀ ਖੂੰਬ; ਅਲਪ ਕਾਲ ਮੇਂ ਨਾਸ ਹੋਨੇ ਵਾਲੀ ਹੈ। ਹੇ ਦੇਹ ! ਤੂੰ ਤਿਸ ਸੇ ਸੀਘ੍ਰ ਨਾਸ ਹੋਨੇ ਵਾਲੀ ਹੈ। ਬਚਨਾਂਤਰ ਮੇਂ ਸਪਸਟ ਹੈ- ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ।

**ਖੂਬੁ** ਫਾ. ਅਛਾ, ਬਿਹਤਰ ; ਮਜਬੂਤ, ਤਕੜਾ, ਯਥਾ- ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ।

**ਖੂਲਿ੍** ਦੇ. ਖੁਲ ਕੇ, ਯਥਾ- ਮਨਮੁਖੁ ਖੂਲਿ੍ ਮਹਾ ਬਿਖੁ ਖਾਇ।

**ਖੇ** ਗੁ. ਕਾ, ਯਥਾ- ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ।

**ਖੇਹ** ਦੇ. ਧੂੜ, ਯਥਾ- ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ। ਬਿਸ੍ਯ, ਜੈਸੇ- ਅਮੁਕ ਕੇ ਮੁਖ ਮੇਂ ਖੇਹ ਦੇਵੋ। ਮਟੀ ਮੈ, ਯਥਾ- ਖੇਹੂ ਖੇਹ ਰਲਾਈਐ।

**ਖੇਹੂ** ਦੇ. ਖੇਹ ਕਾ, ਯਥਾ- ਖੇਹੂ ਖੇਹ ਰਲਾਈਐ। ਮਿਟੀ ਕੀ ਦੇਹ ਨਾਸ ਹੋ ਕਰ ਮਿਟੀ ਮੇਂ ਮਿਲ ਜਾਵੇਗੀ।

**ਖੇਚਰ** ਸੰ. ਸਿਵ ; ਸੂਰਯਾਦਿ ਗ੍ਰਹ ; ਵਿਦਯਾਧਰ ਦੇਵਤਾ। ਗੁ. ਖੇਚਰੀ ਮੁਦ੍ਰਾ ਸੇ, ਯਥਾ- ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ। ਜਿਸ ਪ੍ਰਮਾਤਮਾ ਕੀ ਜੋਗੀ ਜਨ ਖੇਚਰੀ ਭੂਚਰੀ ਆਦਿ ਮੁਦ੍ਰਾ ਸੇ ਪ੍ਰਾਣਾਦਿ ਰੋਕ ਪ੍ਰਾਪਤੀ ਚਾਹਤੇ ਹੈਂ। ਬੈਸਨੋ ਤੁਲਸੀ ਕੀ ਮਾਲਾ ਔ ਤਿਲਕਾਦਿ ਸੰਸਕਾਰੋਂ ਸੇ ਜਿਸ ਕੀ ਪ੍ਰਾਪਤੀ ਚਾਹਤੇ ਹੈਂ, ਸੋ ਗੁਰੋਂ ਕੀ ਦਯਾ ਸੇ ਪਾਇਆ। ਭਵਾਂ ਅੰਤਰ ਦ੍ਰਿਸ੍ਟੀ ਕਰਨ ਕਾ ਨਾਮ ਭੂਚਰੀ ਮੁਦ੍ਰਾ ਹੈ ਅਰਥਾਤ ਦੋਨੋਂ ਭਵਾਂ ਕੇ ਮਧ੍ਯ ਦ੍ਰਿਸ੍ਟੀ ਲਾਵਨੀ ਇਸ ਕਾ ਨਾਮ ਭੂਚਰੀ ਮੁਦ੍ਰਾ ਹੈ। ਮੁਖ ਮੇਂ ਉਲਟੀ ਕਰ ਤਾਲੂ ਸਾਥ ਲਗਾਈ ਜਿਹਬਾ ਕੋ ਖੇਚਰੀ ਮੁਦ੍ਰਾ ਕਹਤੇ ਹੈਂ। ਇਸ ਮੁਦ੍ਰਾ ਕਾ ਯਹ ਫਲ ਹੈ ਦਸਮ ਦ੍ਵਾਰ ਮੇਂ ਚੜਾਏ ਪ੍ਰਾਣ ਮੁਖ ਕੇ ਅੰਦਰ ਵਰਤੀ ਨਾਸਾ ਕੇ ਛਿਦ੍ਰ ਸੇ ਨਿਕਸਤੇ ਨਹੀਂ। ਇਸ ਲੀਏ ਜੀਭ ਉਲਟਾਕੇ ਉਸ ਛਿਦ੍ਰ ਕੋ ਬੰਦ ਕਰ ਲੇਤੇ ਹੈਂ।

**ਖੇਡ** ਪੰ. ਖੇਲ ਸੇ, ਯਥਾ- ਚਉਥੈ ਪਿਆਰਿ ਉਪੰਨੀ ਖੇਡ। ਪਿਆਰ ਉਪਜਾ ਖੇਲ ਮੇਲ।

**ਖੇਤ** ਦੇ. ਇਸਤ੍ਰੀ, ਯਥਾ- ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ। ਕਿੰਚਤ ਮਾਤ੍ਰ ਬੀਰਯ ਜੋ ਇਸਤ੍ਰੀ ਕੇ ਤਨ ਮੇਂ ਗਿਰਾ ਹੈ, ਉਸੀ ਸੇ ਪ੍ਰਮੇਸ੍ਵਰ ਨੇ ਮਨੁਖੋਂ ਕੀ ਮਹਾ ਦੁਰਲਭ ਦੇਹ ਸਵਾਰ ਕੇ ਰਖ ਦਈ। ਸੁਧ ਅੰਤਹਕਰਣ ਵਾਲਾ ਅਧਿਕਾਰੀ, ਯਥਾ- ਖੇਤੁ ਪਛਾਣੈ ਬੀਜੈ ਦਾਨੁ। ਸੁਧ ਮਨ ਵਾਲਾ ਅਧਿਕਾਰੀ ਜਾਨ ਕੇ, ਗੁਰੁ ਤਿਸ ਮੇਂ ਬੋਵੇ ਉਪਦੇਸ ਰੂਪ ਬੀਜ। ਮੇਖਾਦਿ ਰਾਸੀਆ ; ਕੇਦਾਰ ; ਕਿਆਰਾ ਅਰਥਾਤ ਖੇਤੀ ਕੀ ਉਤਪਤੀ ਯੋਗ ਭੂਮੀ ਖੇਤ ਪ੍ਰਸਿਧ ; ਦੇਹ ਅੰਤਹਕਰਣ ਇੰਦ੍ਰਯ ਗਯਾਨੇਂਦ੍ਰਿਯੋਂ ਕੇ ਵਿਖਯ ਇਛਾ

ਦ੍ਵੈਖ ਸੁਖ ਦੁਖ ਚੇਤਨਤਾਈ ਧੈਰਯ ਗੀਤਾ ਮੇਂ ਕਹਾ ਏਤਾ ਸਮੁਦਾਯ, ਤੀਰਥ ਮਾਤ੍ਰ। ਸੰ. ਖੇਤ੍ਰ।

**ਖੇਤ ਤਨਿ** ਦੇ. ਇਸਤ੍ਰੀ ਕੀ ਦੇਹ ਮੇਂ, ਯਥਾ- ਰੰਚਕ ਰੇਤ ਖੇਤ ਤਨਿ ਨਿਰਮਿਤ।

**ਖੇਤਾਰੁ** ਗੁ. ਖੇਤ, ਯਥਾ- ਲੁਣਿ ਮਿਣਿਆ ਖੇਤਾਰੁ।

**ਖੇਤੀ** ਦੇ. ਕ੍ਰਿਖੀ, ਸਸ੍ਯ, ਪੈਲੀ, ਯਥਾ- ਖੇਤੀ ਜਿਨ ਕੀ ਉਜੜੈ।

**ਖੇਦ** ਸੰ. ਕਸ੍ਟ, ਯਥਾ- ਖੇਦ ਮਿਟੇ ਸਾਧੂ ਮਿਲਤ।

**ਖੇਪ** ਸੰ. ਵਿਖੇਪ ; ਨਿੰਦਾ ; ਗਰਬ ; ਪ੍ਰੇਰਣਾ ; ਲੰਘਨਾ। ਦੇ. ਮਾਲਕੀ ਭਰਤੀ, ਯਥਾ- ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ।

**ਖੇਮ** ਸੰ. ਮਿਲੀ ਵਸਤੁ ਕੀ ਰਛਿਆ ; ਮੁਕ੍ਤੀ ; ਚੋਰਾਬੂਟੀ ਜੋ ਬਦਰੀ ਕੇਦਾਰ ਕੇ ਸਮੀਪ ਸੁਗੰਧੀ ਵਾਲੀ ਬੂਟੀ ਤੜਕਾ ਲਗਾਨੇ ਕੇ ਕਾਮ ਆਤੀ ਹੈ ; ਕੁਸਲ, ਯਥਾ- ਖੇਮ ਸਾਂਤਿ ਰਿਧਿ ਨਵ ਨਿਧਿ। ਅ. ਜਮਾ ਖੇਮਿਓਂ ਕੀ ; ਖੇਮੇ ਤੰਬੂ। ਫਾ. ਖੁਦ ਆਦਤ, ਅਪਨੀ ਆਦਤ।

**ਖੇਮਾ** ਅ. ਬਡਾ ਤੰਬੂ, ਬਸਤ੍ਰਬੇ ਸਮ, ਯਥਾ- ਸਤਿਗੁਰਿ ਖੇਮਾ ਤਾਣਿਆ। ਯਦਨ, ਮਾਰਨਾ ; ਕਸੀਦਨ, ਖੈਂਚਨਾ ; ਬਰ ਕਰਦਨ, ਊਂਚਾ ਕਰਨਾ ; ਬਰਪਾ ਕਰਦਨ, ਖੜਾ ਕਰਨਾ ; ਨਸਬ ਕਰਦਨ, ਇਸਥਿਤ ਕਰਨਾ, ਅਫਰੀਦਨ, ਡਾਲਨਾ ਡੇਰੇ ਵਗੈਰਹ। ਅ. ਖੇਮਾ।

**ਖੇਲ ਖਾਸੀ** ਦੇ. ਅਪਨੇ ਅਸਵਾਰ ਘੋੜੇ ਆਦਿਕੋਂ ਕਾ ਸਮੁਦਾਯ, ਯਥਾ- ਛਪਨ ਕੋਟਿ ਜਾ ਕੇ ਖੇਲ ਖਾਸੀ।

**ਖੇਲ ਖਾਨਾ** ਫਾ. ਅਨੇਕ ਅਸ੍ਵ ; ਹਸਤੀਸਾਲਾਦਿ ; ਕਾਰਖਾਨੇ ਔ ਸੇਵਕੋਂ ਕੇ ਸਮੂਹ ਅਰਥਾਤ ਪੂਰੀ ਰਾਜ ਸਾਮਗ੍ਰੀ ; ਖਾਨਦਾਨ। ਫਾ. ਖੇਲਖਾਨਹ, ਯਥਾ- ਤੇਤੀਸ ਕਰੋੜੀ ਹੈ ਖੇਲ ਖਾਨਾ।

**ਖੇਲਹਿ** ਦੇ. ਲੀਲਾ ਕਰੇ ਹੈਂ, ਯਥਾ- ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ।

**ਖੇਲਨ** ਦੇ. ਖੇਲਨੇ ਕਾ, ਯਥਾ- ਜਉ ਤਉ ਪ੍ਰੇਮ ਖੇਲਨ ਕਾ ਚਾਉ।

**ਖੇਲਣੁ** ਦੇ. ਲੀਲਾ, ਯਥਾ- ਖੇਲਣੁ ਅਜੁ ਕਿ ਕਲਿ।

**ਖੇਲਤ** ਦੇ. ਨਾਨਾ ਜਨਮੋਂ ਮੇਂ ਲੀਲਾ ਕਰਤਾ, ਯਥਾ- ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ।

**ਖੇਲੁ** ਦੇ. ਲੀਲਾ, ਯਥਾ- ਕੀਆ ਖੇਲੁ ਬਡ ਮੇਲੁ ਤਮਾਸਾ। ਪੁਨਾ- ਖੇਲੁ ਸੰਕੋਚੈ ਤਉ ਨਾਨਕ ਏਕੈ।

**ਖੇਵਟੁ** ਦੇ. ਮਲਾਹ, ਝੀਵਰ ; ਚੱਪਾ, ਯਥਾ- ਖੇਵਟੁ ਸਬਦੁ ਗੁਰੁ ਪਾਰਿ ਲੰਘਈਆ। ਗੁਰੋਂ ਕਾ ਸਬਦ ਚੱਪਾ ਹੈ ਗੁਰੁ ਮਲਾਹ ਹੈ। ਸੰ. ਕੈਵਰਤਕ।

**ਖੇਵਾ** ਪੰ. ਯਤਨ ਸੇ ਸਿਧ ਕਰੇ, ਯਥਾ- ਕਿਨਹੀ ਤੰਤ ਮੰਤ ਬਹੁ ਖੇਵਾ।

**ਖੇਵਾਟੁ** ਦੇ. ਮਲਾਹ, ਯਥਾ- ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ।

**ਖੇਵਿ** ਪੰ. ਚਲਾਇ, ਯਥਾ- ਅਨਿਲ ਬੇੜਾ ਹਉ ਖੇਵਿ ਨ ਸਾਕਉ। ਤੇਰਾ ਪਾਰੁ ਨ ਪਾਇਆ ਬੀਠੁਲਾ।

**ਖੇਵੀਐ** ਗੁ. ਸਹਾਰੀਐ, ਯਥਾ- ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ।

**ਖੇੜਾ** ਪੰ. ਗ੍ਰਾਮ, ਯਥਾ- ਪ੍ਰਥਮੇ ਵਸਿਆ ਸਤ ਕਾ ਖੇੜਾ।

**ਖੈ** ਦੇ. ਬਿਨਾਸ, ਖੀਣ ਹੋਨਾ। ਸੰ. ਖਈ ਰੋਗ ; ਘਰ ; ਹਿੰਸਾ ; ਸਾਠ ਸੰਬਤੋਂ ਮੇਂ ਏਕ ਸੰਬਤ ਜਿਸ ਕਾ ਫਲ ਦੇਸ ਭੰਗ ਦੁਰਭਿਖ ਹੋਕਰ ਪ੍ਰਜਾ ਕਾ ਨਾਸ ਹੋਨਾ ਹੈ ; ਮਲ ਮਾਸ, ਲੌਂਦ ਕਾ ਮਹੀਨਾ, ਅਧਿਕ ਮਾਸ। ਸੰ. ਖਯ।

**ਖੈ ਕਾਲੁ** ਵਾ. ਬਿਨਾਸ ਕਰਨੇ ਵਾਲਾ, ਯਥਾ- ਝੂਠੁ ਬੁਰਾ ਖੈ ਕਾਲੁ। ਸੰ. ਖਯਕਾਰ।

**ਖੈ ਨਸੇ** ਵਾ. ਖਯ ਕਰਨੇ ਵਾਲੀ, ਨਾਸ ਹੋਵੇ। ਸਗਲ ਬਿਆਧਿ ਮਨ ਤੇ ਖੈ ਨਸੇ।

**ਖੈਚੇ** ਦੇ. ਖੀਂਚੇ, ਖਿੱਚੇ।

**ਖੈਰ** ਅ. ਨੇਕੀ, ਭਲਾਈ, ਯਥਾ- ਆਪ ਖਹਦੀ ਖੈਰਿ ਦਬਟੀਐ। ਆਪ ਖਾਤੇ ਹੈਂ ਔਰੋਂ ਕੋ ਦੇਨਾ ਰੂਪ ਨੇਕੀ ਕਰਤੇ ਹੈਂ। ਪੁਨਾ- ਤੀਜਾ ਖੈਰ ਖੁਦਾਇ। ਪ੍ਰਮੇਸ੍ਵਰ ਨਿਮਿਤ ਦਾਨ ਦੇਤੇ ਹੈਂ।

**ਖੋਇ** ਫਾ. ਸੁਭਾਵ, ਆਦਤ, ਯਥਾ- ਅਭਿਮਾਨੁ ਖੋਇ ਖੋਇ ਖੋਇ ਖੋਈ। ਗਵਾਇ।

**ਖੋਇ ਖਹੜਾ** ਵਾ. ਖੋਇ ਕੇ ਰਸਤਾ।

**ਖੋਇਓ** ਦੇ. ਨਾਸ ਕੀਆ, ਜੈਸੇ- ਖੋਇਓ ਮਾਨਸ ਜਨਮ ਦੁਰਲਭ।

**ਖੋਈ** ਦੇ. ਗਵਾਈ, ਯਥਾ- ਅਭਿਮਾਨੁ ਖੋਇ ਖੋਇ ਖੋਇ ਖੋਈ। ਅਹੰਕਾਰ ਕਾ ਜੋ ਸੁਭਾਵ ਤਿਸ ਸੁਭਾਵ ਕੋ ਖੋਯਾ ਹੈ।

**ਖੋਹਿ** ਪੰ. ਖੋਸ, ਲੂਟ, ਯਥਾ- ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।

**ਖੋਜੀ** ਦੇ. ਖੋਜਨੇ ਵਾਲਾ, ਯਥਾ- ਖੋਜੀ ਉਪਜੈ ਬਾਦੀ ਬਿਨਸੈ। ਪ੍ਰਮਾਣ ਸੇ ਅਪਨੀ ਵਸਤੁ ਕੇ ਸਾਧਨ ਕਰਨੇ ਤਰਕ ਸੇ, ਦੂਸਰੇ ਕੇ ਪਖ ਕੇ ਖੰਡਨ ਕਰਨੇ ਰੂਪ ਖੋਜ ਵਾਲੇ ਉਬਰੇ ਹੈਂ, ਵਾਦੀ ਜਲਪ ਬਿਤੰਡਾ ਵਾਲੇ ਬਿਨਸੇਂ ਹੈਂ। ਪੁਨਾ- ਖੋਜੀ ਲਧਮੁ ਖੋਜੁ ਛਡੀਆ ਉਜਾੜਿ। ਮਹਾਤਮਾ ਜਨ ਖੋਜੀਓਂ ਨੇ ਤੇਰੀ ਪ੍ਰਾਪਤੀ ਕੇ ਚਿੰਨ ਪਾਏ ਹੈਂ। ਇਸੀ ਤੇ ਛੋਡੀ ਹੈ ਬਿਸ੍ਵ ਰੂਪ ਉਦਿਆਨ।

**ਖੋਜੁ** ਦੇ. ਢੂੰਡ, ਯਥਾ- ਬੰਦੇ ਖੋਜੁ ਦਿਲ ਹਰ ਰੋਜ। ਪਾਉਂ ਕਾ ਚਿੰਨ, ਯਥਾ- ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ।

**ਖੋਜੁ ਦਸਾਈ** ਵਾ. ਖੋਜ ਨੂੰ ਢੂੰਢੀਐ, ਯਥਾ- ਮਿਲਿ ਸਤਸੰਗਤਿ ਖੋਜੁ ਦਸਾਈ।

**ਖੋਜੈ** ਦੇ. ਢੂੰਡੈ, ਯਥਾ- ਖੋਜੈ ਪਦੁ ਨਿਰਬਾਨਾ।

**ਖੋਟੀ ਰਾਸਿ** ਵਾ. ਮਾੜੀ ਸੂਧਾ, ਯਥਾ- ਮਨਮੁਖ ਖੋਟੀ ਰਾਸਿ।

**ਖੋਟੁ** ਦੇ. ਦੋਸ, ਯਥਾ- ਖੋਟੁ ਵੇ ਜੀਆ ਖੋਟੁ।

**ਖੋਟੇ** ਦੇ. ਖੋਟ ਵਾਲੇ, ਯਥਾ- ਖੋਟੇ ਸੰਗਿ ਖਰੇ। ਸੰਤੋਂ ਕੇ ਸੰਗ ਸੇ ਖੋਟੇ ਭੀ ਖਰੇ ਹੋ ਜਾਤੇ ਹੈਂ।

**ਖੋਤਿ** ਪੰ. ਖੋਤਾ, ਗਧਾ, ਯਥਾ- ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।

**ਖੋਦਿ** ਦੇ. ਪੱਟ ਕੇ, ਯਥਾ- ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ। ਪਿਆਲਾ, ਯਥਾ- ਜੈਸੇ ਖੋਂਦ ਖੁਮਾਰੀ।

**ਖੋਰ** ਯਵ. ਖਾਨੇ ਵਾਲਾ, ਯਥਾ- ਹਰਾਮਖੋਰ। ਦੇ. ਖੋਟ, ਯਥਾ- ਮੋਟੀ ਲਾਗੀ ਖੋਰਿ। ਗਲੀ, ਯਥਾ- ਪ੍ਰੀਤਮ ਬਸਤ ਰਿਦ ਮਹਿ ਖੋਰ। ਪ੍ਰੀਤਮ ਕੇ ਬਿਚਰਨੇ ਹੇਤ ਰਿਦਾ ਹੀ ਗਲੀ ਬਨ ਗਿਯਾ ਹੈ।

**ਖੋਰੀ** ਦੇ. ਗਲੀ, ਯਥਾ- ਮਨ ਬੀਧੋ ਪ੍ਰੇਮ ਕੀ ਖੋਰੀ। ਮਨ ਬੀਧਾ ਗਿਆ ਪ੍ਰੇਮ ਕੀ ਗਲੀ ਮੇਂ। ਪੰ. ਈਖ ਕੇ ਊਪਰ ਕਾ ਫੂਸ।

**ਖੋਲ੍ਹੇ** ਪੰ. ਪ੍ਰਕਾਸ ਕਰ। ਅ. ਛਿਲਕਾ, ਊਪਰ ਕਾ ਗਿਲਾਫ। ਦੇ. ਦੂਰ ਕਰੇ, ਯਥਾ- ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ।

**ਖੋਲ ਖੁਲਨੇ** ਵ. ਬਾਰ ਬਾਰ ਔ ਅਤਿਸੈ ਕਰਕੇ ਖੁਲ ਗਏ।

**ਖੋਵਣਾ** ਦੇ. ਗਵਾਵਣਾ, ਯਥਾ- ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ।

**ਖੋਵਤ** ਦੇ. ਦੂਰ ਕਰਤੇ, ਯਥਾ- ਮਾਨਸ ਜਨਮ ਅਕਾਰਥ ਖੋਵਤ।

**ਖੋੜਸ** ਸੰ. ਖਟਦਸ, ਸੋਲਾ, ਜੈਸੇ- ਜੇ ਓਹ ਖੋੜਸ ਪੂਜ ਕਰਾਵੇ।

**ਖੋੜਸ ਪੂਜਾ** ਸੰ. ਸੋਲਾਂ ਪ੍ਰਕਾਰ ਕੀ ਪੂਜਾ- ੧. ਅਵਾਹਨ ੨. ਆਸਨ ੩. ਪਾਦ੍ਯ ੪. ਅਰਘ ੫. ਆਚਮਨ ੬. ਸਨਾਨ ੭. ਬਸਤ੍ਰ ੮. ਜਨੇਊ ੯. ਗੰਧ ੧੦. ਪੁਸਪ ੧੧. ਧੂਪ ੧੨. ਦੀਪ ੧੩. ਨਈਵੇਦ ੧੪. ਦਖਣਾ ੧੫. ਆਰਤੀ ੧੬. ਵਿਸਰਜਨ, ਯੇ ਪੂਜਾ ਕੇ ਸੋਲਾਂ ਪ੍ਰਕਾਰ ਹੈਂ। ਅਵਾਹਨ ਦੇਵਤਾ ਕੋ ਪ੍ਰੇਮ ਬੁਲਾਵਨਾ, ਆਸਨ ਆਏ ਕੋ ਸਿੰਘਾਸਨ ਦੇਨਾ, ਪਾਦਜ ਚਰਨੋਂ ਕੇ ਪਖਾਲਨ ਹੇਤ ਜਲ ਦੇਨਾ, ਅਰਘ ਮੁਖ ਸੁਧੀ ਹੇਤ ਜਲ ਦੇਨਾ।

**ਖੋੜਾ** ਦੇ. ਬ੍ਰਿਛ ਕਾ ਛਿਦ੍ਰ, ਯਥਾ- ਤੀਨਿ ਖੋੜਾ ਨਿਤ ਕਾਲੁ ਸਾਰੈ।

**ਖੌਲੀਐ** ਗੁ. ਸਨਾਨ ਕਰਾਈਐ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਖਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਗ

**ਗਉ** ਗੁ. ਗਮਨ ਭਾਵ ਮਰਨ, ਯਥਾ- ਗਉ ਚੁਕਿਹਿ। ਪੰ. ਇਛਾ।

**ਗਉ ਕਰੇ** ਗੁ. ਗਮਨ ਕਰੇ, ਜਾਨਾ ਕਰੇ।

**ਗਉਹਰ** ਫਾ. ਮੋਤੀ, ਯਥਾ- ਗੁਰੁ ਗਉਹਰ ਦਰੀਆਉ। ਸੁਭ ਗੁਣ ਰੂਪੀ ਮੋਤੀਯੋਂ ਕਾ ਦਰੀਆਉ ਗੁਰੂ ਹੈ।

**ਗਉਰਾ** ਦੇ. ਭਾਰੇ, ਯਥਾ- ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।

**ਗਉਰਾ** ਦੇ. ਬੋਝਲ, ਭਾਰਾ, ਯਥਾ- ਨਿਵੈ ਸੁ ਗਉਰਾ ਹੋਇ। ਸੰ. ਗੁਰੁ।

**ਗਉੜੀ** ਦੇ. ਮਾਲਕੌਸ ਕੀ ਰਾਗਨੀ ਪਾਂਚ ਸ੍ਵਰ ਕੀ ਓੜਵ ਹੈ ਸਜਾਮ ਸਮੇ ਗਾਨੀ ਧੈਵਤ ਰਿਖਭ ਸ੍ਵਰ ਨਹੀਂ ਲਗਤੇ ਯਾ ਤੇ ਓੜਵ ਹੈ।

**ਗਉੜੀ ਗੁਆਰੇਰੀ** ਸੰਗੀਤ ਸੰਕੇਤ ਖਾੜਵ ਰਾਗ ਹੈ। ਗੰਧਾਰ ਵਰਜਿਤ ਹੈ ਸੁਧ ਗਉੜੀ ਔਰ ਚੇਤੀ ਕੇ ਮੇਲ ਸੇ ਹੈ, ਸਜਾਮ ਸਮੇ ਗਾਨਾ।

**ਗਉੜੀ ਚੇਤੀ** ਦੇ. ਸੰਗੀਤ ਸੰਕੇਤ ਖਟ ਸ੍ਵਰ ਕਾ ਖਾਡਵ ਰਾਗ ਹੈ ਸ ਰ ਨਿ ਧ ਪ ਮ ਸਜਾਮ ਸਮੇ ਗਾਨਾ।

**ਗਉੜੀ ਪੂਰਬੀ** ਸੰਗੀਤ ਸੰਕੇਤ ਸਾਤ ਸ੍ਵਰ ਕੀ ਰਾਗਨੀ ਹੈ। ਮ ਪ ਗ ਰੇ ਨਿ ਸ ਧ ਸਜਾਮ ਸਮੇ ਗਾਨੀ, ਪੂਰੀਆ ਧਨਾਸਰੀ ਔ ਗਉਰੀ ਕੇ ਮੇਲ ਸੇ ਬਨਤੀ ਹੈ।

**ਗਉੜੀ ਬੈਰਾਗਣ** ਦੇ. ਸੰਗੀਤ ਸੰਕੇਤ ਸਾਤ ਸ੍ਵਰ ਕਾ ਹੈ। ਨਾਮਾਂਤਰ ਤ੍ਰਿਬਣ ਹੈ। ਸ੍ਰੀ ਰਾਗ ਬਿਭਾਸ ਗਉੜੀ ਤੀਨ ਕੇ ਮੇਲ ਸੇ ਬਨੇ ਹੈ। ਸਜਾਮ ਸਮੇ ਗਾਨੀ।

**ਗਉੜੀ ਮਾਲਵਾ** ਸੰਗੀਤ ਸੰਕੇਤ ਖਾੜਵ ਹੈ। ਪੰਚਮ ਵਰਜਤ, ਸਜਾਮ ਸਮੇ ਗਾਨਾ। ਧ ਮ ਗ ਰੇ ਸ ਨਿ।

**ਗਊ ਕਉ** ਗੁ. ਗੋ ਸਬਦ ਕੇ ਅਰਥ ਇੰਦਯੋਂ ਕੋ ਬਿਚਰਾਵੇ ਹੈ ਅਪਨੇ ਅਰਥੋਂ ਮੇਂ ਜੀਵ, ਯਥਾ- ਗਊ ਕਉ ਚਾਰੇ ਸਾਰਦੂਲੁ। ਨਿਜ ਸਰੂਪ ਕੇ ਗਜਾਨ ਸੇ ਸਭ ਕੋ ਨਾਸ ਕਰਤਾ ਜੀਵ ਚਾਰੇ ਹੈ।

**ਗਊ ਚਰਿ** ਗੁ. ਗਊ ਚਰਾਨੇ ਵਾਲਾ, ਯਥਾ- ਗਊ ਚਰਿ ਸਿੰਘ ਪਾਛੈ ਪਾਵੈ। ਜੇ ਕਰ ਗਊ ਚਰਾਨੇ ਵਾਲਾ ਤਿਨ ਕੀ ਰਛਾ ਹੇਤ ਉਨ ਕੇ ਪੀਛੇ ਸੇਰ ਕੋ ਪਾਵੈ, ਤਬ ਜੈਸੇ ਉਨ ਕਾ ਮੇਲ ਨਹੀਂ।

**ਗਊਤਮ** ਗੁ. ਗੌਤਮ ਰਿਖੀ ਕੀ, ਯਥਾ- ਗਊਤਮ ਸਤੀ ਸਿਲਾ ਨਿਸਤਰੀ।

**ਗਇਆ** ਦੇ. ਨਾਸ ਹੂਯਾ, ਯਥਾ- ਗਇਆ ਨ ਆਵੈ। ਗ੍ਯਾਨ ਸੇ ਨਾਸ ਹੁਯਾ ਅਗ੍ਯਾਨ ਫੇਰ ਨਹੀਂ ਗ੍ਯਾਨੀ ਕੇ ਮਨ ਮੇਂ ਆਵੇ। ਗਯਾ ਤੀਰਥ, ਯਥਾ- ਗੰਗਾ ਗਇਆ ਗੋਦਾਵਰੀ। ਪ੍ਰਾਪਤ ਹੂਆ, ਯਥਾ- ਅਖੀ ਮੀਟਿ ਪਵਾਰਿ ਗਇਆ।

**ਗਈ** ਦੇ. ਨਾਸ ਹੋਈ, ਯਥਾ- ਗਈ ਬਹੋੜੁ ਬੰਦੀ ਛੋੜੁ। ਚਲੀ ਗਈ, ਯਥਾ- ਗਈ ਬ੍ਰਨਾਵਨ ਮਾਹੇ।

**ਗਸਤਮ** ਫਾ. ਫਿਰਾ ਮੈਂ, ਯਥਾ- ਸਬ ਰੋਜ ਗਸਤਮ ਦਰ ਹਵਾ।

**ਗਹਗਹਾ** ਦੇ. ਸਘਨ ਗੂੜਾ, ਯਥਾ- ਜਿਉ ਉਬਲੀ ਮਜੀਠੈ ਰੰਗੁ ਗਹਗਹਾ।

**ਗਹਗਚਿ** ਪੰ. ਪਕੜ ਮੇਂ ਮਸਾਲੇਦਾਰ ਚੂਨੇ ਵਤ, ਯਥਾ- ਗਹਗਚਿ ਪਰਿਓ ਕੁਟੰਬ ਕੈ। ਮਸਾਲੇਦਾਰ ਚੂਨੇ ਕੀ ਪਕੜ ਵਤ ਕੁਟੰਬ ਕੀ ਪਕੜ ਮੇਂ ਪੜਾ ਭਾਵ ਕੁਟੰਬ ਮੇਂ ਅਤਿ ਖਚਿਤ ਭਯਾ।

**ਗਹਡੜੜਾ** ਗੁ. ਗੜਾ, ਟੋਆ, ਯਥਾ- ਗਹਡੜੜਾ ਤ੍ਰਿਣਿ ਛਾਇਆ।

**ਗਹਡਿਓ** ਗੁ. ਗੜੇ ਮੇਂ ਪੜਾ ਭਾਵ ਸੰਸਾਰ ਰੂਪੀ ਟੋਏ ਮੇਂ ਪੜਾ, ਯਥਾ- ਗਹਡਿਓ ਮੂੜ ਨਰਿ ਹਾਂ। ਨਿਕਸੇਗਾ ਤਬ ਜਬ ਹਰ ਕੀ ਸਰਨ ਪਵੇ। ਗਡਿਆ।

**ਗਹਣਾ** ਦੇ. ਭੂਖਣ, ਯਥਾ- ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ।

**ਗਹਣੇ** ਦੇ. ਕਠਨ ਗਤਿ, ਯਥਾ- ਹਮ ਨਹ ਜਾਣੀ ਹਰਿ ਗਹਣੇ। ਸੰ. ਗਹਨ। ਭੂਖਣ, ਯਥਾ- ਗਹਣੇ ਪਉਣੁ ਪਾਣੀ ਬੈਸੰਤਰੁ।

**ਗਹਨ** ਸੰ. ਕਠਨ ; ਗਹ੍ਵਰ, ਦੁਖ ; ਦੁਰਗਮ, ਦੁਰਪ੍ਰਵੇਸ, ਜਿਸ ਮੇਂ ਪ੍ਰਵੇਸ ਕਰਨਾ ਕਠਨ ਹੋਵੇ ਯਾਹੀ ਭਾਵ ਸੇ ਜਿਲਣ ਦਲਦਲ ਗਡਣ ਭੀ ਗਹਨ ਕੇ ਅਰਥ ਹੈ, ਯਥਾ- ਮਿਥਿਆ ਗਹਨ ਗਹੇ।

**ਗਹਨ ਗਤਿ** ਦੇ. ਕਠਨ ਪ੍ਰਾਪਤਿ, ਜੈਸੇ- ਕਹਿ ਬਿਧ ਮਿਲੀਐ ਗਹਿਨ ਗਤਿ ਤੁਮਰੀ।

**ਗਹਨਈਆ** ਗੁ. ਘੜਿਆ।

**ਗਹਬਰਾ** ਦੇ. ਨਿਕੁੰਜ, ਵੇਲਾਂ ਸਾਥ ਅਛਾਦੀ ਬਨ ਕੀ ਗਲੀ ; ਆਛਾਦਿਆ ਮਾਤ੍ਰ, ਯਥਾ- ਲਾਲੁ ਗੁਲਾਲੁ ਗਹਬਰਾ। ਲਾਲ ਪੋਸਤ ਕੇ ਫੂਲ ਕੀ ਲਾਲੀ ਵਤ ਅਪਨੇ ਆਨੰਦ ਸੇ ਆਛਾਦਾ ਹੂਆ। ਦੰਭ ; ਚਿੰਤਾ ; ਬਨ, ਯਥਾ- ਗਹਬਰ ਬਨ ਘੋਰ। ਰੋਦਨ ; ਬਿਖਮ ਥਾਨ ; ਅਨੇਕ ਅਰਥੋਂ ਕਾ ਥਾਨ ; ਗੁਫਾ। ਸੰ. ਗਹ੍ਵਰ।

**ਗਹਰਾ** ਦੇ. ਡੂਘਾ, ਗੰਭੀਰ। ਸੰ. ਗਹ੍ਵਰ ; ਧੁੰਧ, ਅਨੇਰਾ ; ਸਘਨ, ਜੈਸੇ-ਗਹਰਾ ਬਨ।

**ਗਹਰਿ ਗਹੁ** ਵਾ. ਗੰਭੀਰ ਕਾ ਗ੍ਰਹਣ, ਯਥਾ- ਗਹਰਿ ਗਹੁ ਹਦਰਥਿ ਦੀਓ।

**ਗਹਰੀ** ਪੰ. ਡੂੰਘੀ, ਯਥਾ- ਗਹਰੀ ਕਰਿ ਕੈ ਨੀਵ ਖੁਦਾਈ। ਸੰ. ਗੰਭੀਰ।

**ਗਹਲੜਾ** ਪੰ. ਬਾਵਲਾ, ਗਾਫਲ।

**ਗਹਿ** ਦੇ. ਪਕੜ ਕੇ, ਯਥਾ- ਕਰੁ ਗਹਿ ਲੇਹੁ।

**ਗਹਿਓ** ਗੁ. ਪਕੜਾ, ਯਥਾ- ਗਹਿਓ ਨ ਗੁਰ ਉਪਦੇਸੁ।

**ਗਹਿਰ ਗੰਭੀਰਾ** ਵਾ. ਗੰਭੀਰੋਂ ਸੇ ਗੰਭੀਰ, ਯਥਾ- ਗਹਿਰ ਗੰਭੀਰਾ ਗੁਣੀ ਗਹੀਰਾ। ਹੇ ਗੰਭੀਰ ਆਕਾਸਾਦਿਕੋਂ ਸੇ ਗੰਭੀਰ ਹੇ ਗੁਣੋਂ ਕੇ ਬਨ ਵਾ ਹੇ ਸਰਬ ਕੇ ਵਾਸ ਹੇਤ ਗੁਫਾ ਰੂਪ ਪ੍ਰਮੇਸ੍ਵਰ ਵਾ ਹੇ ਸਰਬ ਕੇ ਬਿਚਰਨੇ ਹੇਤ ਕੁੰਜ ਰੂਪ ਪ੍ਰਮੇਸ੍ਵਰ।

**ਗਹਿਰੀ ਗੰਭੀਰੀ** ਵਾ. ਗੰਭੀਰੋਂ ਸੇ ਗੰਭੀਰ ਭਾਵ ਬਡੇ ਪਤਿਬ੍ਰਤ ਧਰਮ ਵਾਲੀ, ਯਥਾ- ਉਤੰਗੀ ਪੈਓਹਰੀ ਗਹਿਰੀ ਗੰਭੀਰੀ।

**ਗਹਿਲੜੋ** ਦੇ. ਬਾਗੜੀ। ਪਕੜਾ, ਯਥਾ- ਗਰਬਿ ਗਹਿਲੜੋ ਮੂੜੜੋ ਹੀਓ ਰੇ। ਅਹੰਕਾਰ ਪਕੜਾ ਹੂਆ।

**ਗਹਿਲਾ** ਪੰ. ਕਮਲਾ, ਬਾਉਲਾ, ਯਥਾ- ਗਹਿਲਾ ਰੂਹੁ ਨ ਜਾਣਈ।

**ਗਹਿਲਿਆ** ਪੰ. ਬਾਵਲਿਆ ; ਸੁਦਾਈਆ, ਯਥਾ- ਗਾਫਲ ਗਹਿਲਿਆ।

**ਗਹੀ** ਦੇ. ਪਕੜੀ ਹੁਈ, ਯਥਾ- ਟੂਟੈ ਬਾਹ ਦੁਹੂ ਦਿਸ ਗਹੀ। ਸਾਮਨਾ ਕਰਨੇ ਸੇ ਪ੍ਰੇਮ ਐਸਾ ਟੂਟੇ ਹੈ, ਜੈਸੇ ਦੋ ਤਰਫ ਸੇ ਖੈਂਚੀ ਭੁਜਾ ਟੂਟੇ ਹੈ। ਪਾਪ ਗ੍ਰਹੋਂ ਕੇ, ਯਥਾ- ਕੋਟ ਗਹੀ ਕੇ ਪਾਪ ਨਿਵਾਰੇ।

**ਗਹੀ ਕੇ** ਗੁ. ਰਾਹੂ ਛਨਿਛਰਾਦਿ ਪਾਪ ਗ੍ਰਹੀ ਕੇ, ਯਥਾ- ਕੋਟ ਗਹੀ ਕੇ ਪਾਪ ਨਿਵਾਰੇ। ਅਨੇਕ ਪਾਪ ਗ੍ਰਹੋ ਕੇ ਮੇਲ ਕੋ ਦੂਰ ਕਰੇ ਹੈਂ ਭਾਵ ਪਾਪ ਗ੍ਰਹੀ ਅਪਨਾ ਬਲ ਨਹੀਂ ਪਾਇ ਸਕੇ।

**ਗਹੀਜੈ** ਗੁ. ਗ੍ਰਹਣ ਕਰੀਏ, ਯਥਾ- ਛੋਡਿ ਮਾਨੁ ਹਰਿ ਚਰਨ ਗਹੀਜੈ।

**ਗਹੀਰ** ਦੇ. ਗੰਭੀਰ। ਸੰ. ਗਹ੍ਵਰ।

**ਗਹੁ** ਪੰ. ਮੋਹ, ਪ੍ਰੇਮ, ਯਥਾ- ਗਹੁ ਕਿਤਨੋ।

**ਗਹੁ** ਦੇ. ਦ੍ਰਿਢ ਕਰ ਪਕੜੀ, ਯਥਾ- ਗਹੁ ਕਰਿ ਪਕਰੀ ਨ ਆਈ ਹਾਥਿ।

**ਗਹੁ ਕਰਿ** ਵਾ. ਪ੍ਰੇਮ ਕਰ, ਯਥਾ- ਗਹੁ ਕਰਿ ਪਕਰੀ ਨ ਆਈ ਹਾਥਿ।

**ਗਹੁ ਕਿਤਨੋ** ਵਾ. ਮੋਹ ਕਿਤਨਾ ਹੈ, ਯਥਾ- ਰਹਨੁ ਨਹੀ ਗਹੁ ਕਿਤਨੋ।

**ਗਹੇ ਰਹੇ** ਵਾ. ਲਗ ਰਹੇ, ਜੈਸੇ- ਗਹੇ ਰਹੇ ਹਰਿ ਚਰਨਾ।

**ਗਹੋਹੀ** ਗੁ. ਗਹੀ, ਯਥਾ- ਓਟ ਗਹੋਹੀ।

**ਗਹੇਰਾ** ਗੁ. ਗੰਭੀਰ, ਯਥਾ- ਸਾਹਿਬੁ ਗੁਣੀ ਗਹੇਰਾ। ਬਨ, ਯਥਾ- ਮਨ ਰੇ ਸੰਸਾਰੁ ਅੰਧ ਗਹੇਰਾ। ਸੰਸਾਰ ਅੰਧਕਾਰ ਵਾਲਾ ਬਨ ਹੈ, ਜਿਸ ਮੇਂ ਸਬਦਾਦਿ ਵਿਖਯੋਂ ਕੇ ਪ੍ਰਤਾਪ ਸੇ ਕੁਛ ਨਹੀਂ ਦਿਖਾਈ ਪੜੇ।

**ਗਹੇਲੀ** ਪੰ. ਪਕੜੀ ਹੂਈ, ਯਥਾ- ਗਰਬਿ ਗਹੇਲੀ। ਗਰਬ ਕੀ ਗਹੀ ਹੂਈ ਅਰਥ ਮੇਂ ਗਹੇਲੀ ਗਹੀ ਸੇ ਬਨਾ ਹੈ। ਬਾਵਲੀ ਹੂਈ ਇਸ ਅਰਥ ਮੇਂ ਗਹਲੀ ਸੇ ਗਹੇਲੀ ਬਨਾ ਹੈ।

**ਗਹੇਲੀਏ** ਪੰ. ਪਕੜੀ ਹੋਈਏ, ਯਥਾ- ਸੁਣਿ ਸੁਣਿ ਕਾਮ ਗਹੇਲੀਏ। ਸ੍ਰਵਣ ਕਰ ਹੇ ਜਾਤੀ ਧਨਾਦਿਕੋਂ ਕੇ ਅਭਿਮਾਨ ਕੇ ਪਕੜੇ ਜੀਵ।

**ਗੰਗ** ਦੇ. ਗੰਗਾ, ਯਥਾ- ਗੰਗ ਗੁਸਾਇਨਿ ਗਹਿਰ ਗੰਭੀਰ। ਗੁਰੂ ਕਾ ਜਸ ਕਰਤਾ ਭਾਟ।

**ਗਗਨ** ਸੰ. ਆਕਾਸ ; ਦਸਮ ਦ੍ਵਾਰ ਕਾ ਆਕਾਸ, ਯਥਾ- ਊਪਰਿ ਗਗਨੁ ਗਗਨ ਪਰਿ ਗੋਰਖੁ। ਪੁਨਾ- ਗਗਨ ਮੰਡਲ ਮਹਿ ਰੋਪੈ ਥੰਮੁ। ਚਿਦਾਕਾਸ, ਯਥਾ- ਗਗਨੰਤਰਿ ਵਾਸੁ।

**ਗਗਨ ਗੰਭੀਰੁ** ਵਾ. ਚਿਦਾਕਾਸ ਪਰਮਾਤਮਾ ਦੇਸ ਕਾਲ ਸੇ ਰਹਿਤ।

**ਗਗਨ ਪਰਿ ਗੋਰਖੁ** ਵਾ. ਦਸਮ ਦ੍ਵਾਰ ਮੇਂ ਇੰਦ੍ਰੀਯੋਂ ਕਾ ਰਛਕ ਜੀਵ ਵਸੇ ਹੈ, ਯਥਾ- ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ। ਜੀਵ ਮੇਂ ਈਸਰ ਵਾਸ ਕਰੇ ਹੈ ਵੇਦ ਮੇਂ ਸਪਸਟ ਲੇਖ ਹੈ ਈਸਰ ਆਤਮਾ ਮੇਂ ਥਿਤ ਹੋ ਆਤਮਾ ਕੋ ਭੀਤਰ ਪ੍ਰੇਰੇ ਹੈ।

**ਗਗਨ ਮੰਡਲ** ਸੰ. ਦਸਮ ਦ੍ਵਾਰ ਮੇਂ, ਯਥਾ- ਗਗਨ ਮੰਡਲ ਮਹਿ ਰੋਪੈ ਥੰਮੁ।

**ਗਗਨੰਤਰਿ** ਗੁ. ਚਿਦਾਕਾਸ ਮੇਂ, ਯਥਾ- ਗਗਨੰਤਰਿ ਵਾਸਿਆ ਗੁਣ ਪਰਗਾਸਿਆ।

**ਗਗਨੰਤਰਿ ਵਾਸੁ** ਵਾ. ਚਿਦਾਕਾਸ ਮੇਂ ਵਾਸ ਲੀਆ ਗ੍ਯਾਨੀ ਜਨੋ ਨੇ।

**ਗੰਗਾ** ਸੰ. ੧. ਭ੍ਰਿਗੁ ੨. ਅਲਕਾ ੩. ਰਿਖੀ ੪. ਕਾਂਚਨ ੫. ਵਿਸਨੁ ੬. ਗਰੜ ੭. ਪਾਤਾਲ ੮. ਮੰਦਾਕਨੀ ੯. ਬਾਸਕੀ ਆਦਿ ਬਹੁਤ ਹੈ, ਸਭ ਮੈਂ ਮੁਖ ਭਗੀਰਥੀ ਹੈ ਜਿਸ ਕਾ ਕਲੂ ਮੇਂ ਬਡਾ ਪ੍ਰਭਾਵ ਹੈ।

**ਗਗਾ** ਗੁ. ਗਗੇ ਅਖਰ ਸੇ ਕਹੈ, ਯਥਾ- ਗਗਾ ਗੁਰ ਕੇ ਬਚਨ ਪਛਾਨਾ। ਪੁਨਾ- ਗਗਾ ਗੋਬਿਦ ਗੁਣ ਰਵਹੁ।

**ਗੰਗਾ ਕਾ ਨੀਰੁ** ਵਾ. ਗੰਗਾ ਕਾ ਜਲ ਵਤ ਪਵਿਤ੍ਰ, ਯਥਾ- ਸੋ ਗਿਰਹੀ ਗੰਗਾ ਕਾ ਨੀਰੁ।

**ਗੰਗੇਵ** ਗੁ. ਗੰਗਾ ਕਾ ਪੁਤ੍ਰ ਭੀਖਮ। ਸੰ. ਗਾਂਗੇਯ।

**ਗੰਗੇਵ ਪਿਤਾਮਹ** ਦੇ. ਗੰਗਾ ਜੀ ਕਾ ਪੁਤ੍ਰ ਭੀਖਮ ਪਿਤਾਮਹ, ਗੰਗਾ ਕੇ ਪੁਤ੍ਰ ਕਾ ਸੰਸਕ੍ਰਿਤ ਨਾਮ ਗਾਂਗੇਯ ਹੈ। ਪਿਤਾ ਕੇ ਪਿਤਾ ਕਾ ਨਾਮ ਪਿਤਾਮਹ ਹੈ। ਭੀਖਮ ਸੰਤਨੁ ਕੀ ਗੰਗਾ ਨਾਮ ਇਸਤ੍ਰੀ ਕਾ ਪੁਤ੍ਰ ਔ ਕੈਰਵੋਂ ਪਾਂਡਵੋਂ ਕਾ ਦਾਦਾ ਥਾ, ਇਸ ਲੀਏ ਨਾਮ ਗਾਂਗੇਯ ਪਿਤਾਮਹ ਹੈ।

**ਗਚ ਗੀਰੀਆ** ਗੁ. ਚੂਨੇ ਗਜੀਆਂ ਹਵੇਲੀਆਂ, ਕਲੀ ਚੂਨੇ ਸੇ ਲੀਪੇ ਮਹਲ।

**ਗਚੁ** ਦੇ. ਮਸਾਲੇਦਾਰ ਚੂਨਾ, ਯਥਾ- ਗਚੁ ਜਿ ਲਗਾ ਗਿੜਵੜੀ।

**ਗਛੇਣ** ਗੁ. ਜਾਨੇ ਵਾਲੇ ਹੈ, ਯਥਾ- ਗਛੇਣ ਨੈਣ ਭਾਰੇਣ। ਜਾਨੇ ਵਾਲੇ ਹੈ ਨੇਤ੍ਰਾ ਕੇ ਫੁਰਨੇ ਮੇਂ, ਯਹ ਸੰਸਕ੍ਰਿਤ ਜੈਸਾ ਪਦ ਹੈ।

**ਗੰਜ** ਫਾ. ਖਜਾਨਾ, ਜੈਸੇ- ਚਾਲੀ ਗੰਜ ਜੋਰੇ ਨ ਰਾਖਿਓ ਈਮਾਨ। ਦੇ. ਦੂਰ ਕਰ ; ਫੋੜੇ ਹੋ ਕਰ ਸਿਰ ਸੇ ਬਾਲ ਦੂਰ ਹੋਨਾ ਸ੍ਰੂਪ ਰੋਗ।

**ਗਜ** ਸੰ. ਗਜੋਂ ਮੇਂ ਮੁਖ ਹਸਤੀ, ਯਥਾ- ਗਜ ਹਸਤੀ ਕੇ ਪ੍ਰਾਨ ਉਧਾਰੀਅਲੇ। ਗਣੇਸ, ਯਥਾ- ਗੁਰ ਗਜ ਸਿਵ ਸਭੁ ਕੋ ਜਾਨੈ।

**ਗੰਜਨ** ਦੇ. ਨਾਸ ਕਰਨੇ ਵਾਲਾ, ਜੈਸੇ- ਕਾਮ ਕ੍ਰੋਧ ਮਦ ਗੰਜਨ।

**ਗਜਪਤਿ** ਪੰ. ਇੰਦ੍ਰ, ਯਥਾ- ਅਸਪਤਿ ਗਜਪਤਿ ਨਰਹ ਨਰਿੰਦ। ਬਡਾ ਹਸਤੀ।

**ਗਜਿਆ** ਗੁ. ਉਚਾਰਿਆ, ਯਥਾ- ਗੁਰ ਸਬਦੀ ਗੋਵਿਦੁ ਗਜਿਆ।

**ਗਜਿੰਦੁ** ਦੇ. ਮਸਤ ਹਾਥੀ, ਯਥਾ- ਕਰੈ ਗਜਿੰਦੁ ਸੁੰਡ ਕੀ ਚੋਟ। ਸੰ. ਗਜੇਂਦ੍ਰ।

**ਗਜੀ** ਪੰ. ਗਜੋ ਸੇ, ਯਥਾ- ਗਜੀ ਨ ਮਿਨੀਐ ਤੋਲਿ ਨ ਤੁਲੀਐ।

**ਗਟਕ** ਪੰ. ਗਟਗਟ, ਯਥਾ- ਰਸ ਰਸਿਕ ਗਟਕ ਨਿਤ ਪੀਜੈ। ਪ੍ਰੇਮ ਕਰ ਹਰਿ ਰਸ ਕੋ ਗਰਮ ਦੂਧ ਅਰ ਚਾਹ ਕੇ ਘੁੱਟੋਂ ਵਤ ਘੁੱਟ ਘੁੱਟ ਕਰ ਅਰਥਾਤ ਮਨ ਮੇਂ ਅਛੀ ਤਰਹ ਚਿੰਤਨ ਕਰ ਕਰ ਕੇ ਅਨੁਭਵ ਕਰੀਏ। ਗੱਟ ਗੱਟ ਯਹ ਪੀਨੇ ਸਮੇ ਗਲ ਮੇਂ ਹੋਤੀ ਅਵਾਜ ਕੀ ਨਕਲ ਹੈ। ਜੈਸੇ ਝੁਨਕਾਰ ਦਸਮ ਦ੍ਵਾਰ ਕੇ ਸਬਦ ਕੀ ਨਕਲ ਹੈ। ਤ੍ਰਿਣਣ ਤੀਰੰ ਤੀਰ ਕੀ ਅਵਾਜ ਕੀ ਨਕਲ ਹੈ। ਗੱਟ ਗੱਟ ਕੀ ਜਗਹ ਹੀ ਪੰਜਾਬ ਮੇਂ ਗਟਕ ਗਟਕ ਕਹਾ ਜਾਤਾ ਹੈ।

**ਗਟਕਾਰੇ** ਗੁ. ਸ੍ਵਾਦ ਪਾਵੇ ਹੈ, ਯਥਾ- ਕਢਿ ਮਾਖਨ ਕੇ ਗਟਕਾਰੇ। ਜੈਸੇ- ਹਰਿ ਰਸ ਕੇ ਮੁਖ ਗਟਕਾਰੇ।

**ਗਟਕੇ** ਪੰ. ਗਟ ਗਟ ਪੀਵੇ ਹੈ, ਜੈਸੇ- ਹਰਿ ਨਾਮ ਰਸਹਿ ਨਿਤ ਗਟਕੇ।

**ਗਟਾਕ** ਪੰ. ਦੜਪ, ਬਡੇ ਗ੍ਰਾਸ, ਯਥਾ- ਅੰਧੇ ਖਾਵਹਿ ਬਿਸੂ ਕੇ ਗਟਾਕ।

**ਗੰਠਿ** ਦੇ. ਗਾਂਠ, ਗ੍ਰੰਥੀ, ਯਥਾ- ਟੂਟੈ ਗੰਠਿ ਪੜੈ ਵੀਚਾਰਿ। ਜਬ ਵਿਚਾਰ ਮੇਂ ਪੜੇਂਗੇ ਤਬ ਚਿਤ ਜੜ ਗ੍ਰੰਥੀ ਟੂਟ ਜਾਵੇਗੀ। ਗੰਢ ਕੇ, ਯਥਾ- ਲੋਗੁ ਗੰਠਿ ਗੰਠਿ ਖਰਾ ਬਿਗੂਚਾ।

**ਗਠੀਆ** ਗੁ. ਗਾਂਠ ਮੇਂ, ਗੰਢ ਵਿਚ, ਯਥਾ- ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੂ ਲੈ ਜਾਇ। ਦੇ. ਠਗ।

**ਗਡਈ** ਪੰ. ਖੁਭਤਾ, ਧਸਤਾ, ਪ੍ਰਵੇਸ ਕਰਤਾ, ਯਥਾ- ਵਿਚਿ ਸਚੇ ਕੂੜੁ ਨ ਗਡਈ।

**ਗਡਹਾ** ਦੇ. ਟੋਆ, ਯਥਾ- ਦੇ ਕਰਿ ਗਡਹਾ ਗਾਡੀ।

**ਗਡਿ** ਗੁ. ਹਿਰਦੇ ਮੇਂ ਠੋਕ, ਯਥਾ- ਸੋ ਨਿਵਾਹੁ ਗਡਿ ਜੋ ਚਲਾਊ ਨ ਥੀਐ। ਹੇ ਪੁਰਖ ! ਤੂ ਉਸ ਵਸਤ ਕੋ ਪੂਰਾ ਨਿਰਬਾਹ ਕਰਨੇ ਵਾਲੀ ਜਾਨ ਕੇ ਚਿੱਤ ਮੇਂ ਠੋਕ ਭਾਵ ਪ੍ਰਵੇਸ ਕਰ, ਜੋ ਵਸਤੁ ਕਬੀ ਚਲਨੇ ਵਾਲੀ ਨਾ ਹੋਵੇ। ਐਸੀ ਵਸਤੁ ਏਕ ਪ੍ਰਮੇਸ੍ਵਰ ਹੀ ਹੈ, ਯਾ ਤੇ ਉਸ ਕੋ ਧਾਰ। ਪੁਨਾ- ਗਡਿ ਥੰਮੁ ਅਹਲੈ। ਥਿਰ, ਯਥਾ- ਇਹੁ ਤਨੁ ਲਹਰੀ ਗਡੁ ਥਿਆ।

**ਗਡੁ ਥਿਆ** ਵਾ. ਗਡ ਗਿਆ, ਯਥਾ- ਇਹੁ ਤਨੁ ਲਹਰੀ ਗਡੁ ਥਿਆ।

**ਗਢਿ** ਦੇ. ਕਿਲਾ, ਯਥਾ- ਜਿਨਿ ਗੜ ਕੋਟ ਕੀਏ। ਘੜ, ਯਥਾ- ਪਾਖਾਨ ਗਢਿ ਕੈ ਮੂਰਤਿ ਕੀਨ੍ਹੀ।

**ਗਢਿ ਕੈ** ਗੁ. ਘੜ ਕੇ, ਯਥਾ- ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।

**ਗੰਢੁ** ਪੰ. ਗਾਂਠ ; ਮੇਲ ਅਰਥਾਤ ਪ੍ਰੇਮ, ਯਥਾ- ਪੁਤੀਂ ਗੰਢੁ ਪਵੈ ਸੰਸਾਰਿ। ਪੁਤ੍ਰੋਂ ਕੇ ਉਪਜਨੇ ਸੇ ਪ੍ਰੇਮ ਹੋਵੇ ਹੈ, ਸੰਸਾਰੀ ਜਨੋਂ ਕਾ ਔਰਤੋਂ ਸੇ।

**ਗਣ** ਸੰ. ਸਮੂਹ, ਯਥਾ- ਗਣ ਗੰਧਰਬ। ਸਿਵ ਕੇ ਅਨੁਚਰ ਨੰਦੀਆਦਿ ; ਗਿਣਤੀ ; ੨੭ ਸਤਾਈ ਹਾਥੀ ੨੭ ਸਤਾਈ ਰਥ ੮੧ ਇਕਾਸੀ ਘੋੜੇ ੧੩੩ ਏਕ ਸੌ ਤੇਤੀ ਪੈਦਲ ਏਤੀ ਸੈਨਾ ; ਪਿੰਗਲੋਂ ਮੇ ਕਹੇ ਮਗਣਾਦਿ ਆਠ ਬਰਣ ਗਣ, ਟਗਣਾਦਿ ਪਾਚ ਮਾਤ੍ਰਾ ਗਣ ; ਏਕ ਏਕ ਕਿਸਮ ਕੇ ਬਹੁਤੇ ਦੇਵਤਾ ਜੈਸੇ- ਬਾਰਾ ਸੂਰਯ ਆਠ ਬਸੁ ਏਕਾਦਸ ਰੁਦ੍ਰਾਦਿ।

**ਗਣਤ** ਸੰ. ਸੰਖਯਾ ; ਲੇਖਾ, ਯਥਾ- ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ। ਪੁਨਾ- ਗਣਤੀ ਗਣੀ ਨ ਛੂਟੈ ਕਤਹੂ। ਗਣਿਤ ਤੀਨ ਪ੍ਰਕਾਰ ਕੀ ਹੈ। ਏਕ ਅੰਕੋ ਸੇ ਜੈਸੇ ਲੀਲਾਵਤੀ ਗ੍ਰੰਥ ਮੇਂ। ਦੂਸਰੀ ਅਖਰੋ ਸੇ ਜੈਸੇ ਲੀਲਾਵਤੀ ਸੇ ਆਗੇ ਬੀਜ ਗਣਿਤ ਮੇਂ। ਤੀਸਰੀ ਰੇਖਾ ਸੇ ਜਿਸ ਕਾ ਨਾਮ ਸੰਸਕ੍ਰਿਤ ਮੇਂ ਰੇਖਾ ਗਣਿਤ ਹੈ। ਯਵਨ ਭਾਸਾ ਮੇਂ ਤਹਰੀਰ ਅਕੁਲੈਦਸ ਹੈ।

**ਗਣਤੈ** ਗੁ. ਗਿਣਤੀ ਸੈ ਅਰਥਾਤ ਬਿਚਾਰ ਸੈ, ਜੈਸੇ- ਮਿਲੈ ਨ ਕਾਹੂ ਗਣਤੈ।

**ਗਣਾਇਦੇ** ਦੇ. ਗਿਨਤੀ ਕਰਾਤੇ ਹੈਂ।

**ਗਣਾਏ** ਪੰ. ਗਿਣਤੀ ਕਰਾਵੇ।

**ਗਣੀ** ਪੰ. ਗਿਣਤੀ, ਯਥਾ- ਗਣਤ ਨ ਜਾਈ ਗਣੀ।

**ਗਤ** ਸੰ. ਗਯਾਤ, ਜਾਨੀ ਹੁਈ ਵਸਤੁ ; ਪ੍ਰਾਪਤ ਵਸਤੁ, ਯਥਾ- ਮਿਲਿ ਸਾਧੂ ਵਸਗਤਿ ਕਰਿਆ। ਮਿਲ ਕੇ ਸੰਤੋਂ ਕੇ ਸੰਗ ਅਪਨੀ ਅਧੀਨਤਾ ਕੋ ਪ੍ਰਾਪਤ ਕਰ ਲੀਆ ਮਨ ਕੋ। ਲਬਧ ਵਸਤੁ ; ਪਤਿਤ ; ਗਿਰੀ ਵਸਤੁ ; ਸਮਾਪਤ, ਨਾਸ ਹੋਈ ; ਗਮਨ ; ਗਈ ਵਸਤੁ।

**ਗਤਾ** ਗੁ. ਪ੍ਰਾਪਤੀ ਔ ਗ੍ਯਾਨ ਈਸਰ ਕਾ, ਯਥਾ- ਗਹਿ ਨ ਸਕਾਹਿ ਗਤਾ। ਕੈਸੇ ਤੂ ਪ੍ਰਾਪਤ ਹੋਤਾ ਹੈ ਔ ਕੇਤਾ ਵਡਾ ਤੇਰਾ ਗ੍ਯਾਨ ਹੈ, ਯਹ ਕੋਈ ਨਹੀਂ ਕਹ ਸਕਤਾ।

**ਗਤਿ** ਸੰ. ਸੁਰਗ, ਯਥਾ- ਗਤਿ ਅਵਗਤਿ। ਸੁਰਗ ਨਰਕ ਕੀ ਖਬਰ ਨਹੀਂ ਮਾਨੀ। ਦਸਾ, ਯਥਾ- ਰੇ ਮਨ ਕਉਨ ਗਤਿ ਹੋਇ ਹੈ ਤੇਰੀ। ਪੁਨਾ- ਜਰਾ ਮਰਣ ਗਤੁ ਗਰਬੁ ਨਿਵਾਰੇ। ਮੁਕਤਿ, ਯਥਾ- ਜਿਹ ਸਿਮਰਤ ਗਤਿ ਪਾਈਐ। ਪ੍ਰਾਪਤੀ, ਯਥਾ- ਅਪੁਨੀ ਗਤਿ ਮਿਤਿ ਆਪੇ ਜਾਨੈ। ਪਰਮ ਮੁਕ੍ਰੀ ਪ੍ਰਾਪਤੀ ; ਕਰਮਫਲ ; ਉਪਾਯ ; ਗਮਨ ; ਯਾਤ੍ਰਾ।

**ਗਤਿ ਅਵਿਗਤਿ** ਸੰ. ਤੇਰੀ ਪ੍ਰਾਪਤੀ ਕਾ ਸਾਧਨ ਗ੍ਯਾਨ, ਯਥਾ- ਤੇਰੀ ਗਤਿ ਅਵਿਗਤਿ ਨਹੀ ਜਾਣੀਐ। ਗੁ. ਸੁਰਗ ਨਰਕ ਅਰਥਾਤ ਉਤਮ ਗਤੀ ਮੰਦ ਗਤੀ, ਜੈਸੇ- ਗਤਿ ਅਵਗਤਿ ਕੀ ਸਾਰ ਨਾ ਜਾਣੇ। ਸੰ. ਗਤਿ ਅਪਗਤਿ।

**ਗਤਿ ਸਾਰ** ਗੁ. ਪ੍ਰਾਪਤੀ ਕੀ ਖਬਰ, ਯਥਾ- ਮਰਣ ਮੁਕਤਿ ਗਤਿ ਸਾਰ ਨ ਜਾਨੈ। ਮਰਣ ਸੇ ਛੂਟਨੇ ਰੂਪ ਮੁਕਤੀ ਕੀ ਪ੍ਰਾਪਤੀ ਕੀ ਖਬਰ ਨਹੀ ਜਾਨੀ।

**ਗਤਿ ਪਤਿ** ਵਾ. ਮੁਕਤੀ ਔ ਪ੍ਰਤਿਸਟਾ।

**ਗਤਿ ਮਿਤਿ** ਸੰ. ਮੁਕਤੀ ਕਾ ਸਾਧਨ ਆਤਮ ਗ੍ਯਾਨ, ਯਥਾ- ਗਤਿ ਮਿਤਿ ਸਬਦੇ ਪਾਈ।

**ਗਤਿ ਮੁਕਤਿ** ਸੰ. ਪ੍ਰਾਪਤੀ ਮੁਕਤੀ ਕੀ, ਯਥਾ- ਗਤਿ ਮੁਕਤਿ ਘਰੈ ਮਹਿ ਪਾਇ।

**ਗਤੀ** ਗੁ. ਤਰਹ, ਪ੍ਰਕਾਰ ; ਗ੍ਯਾਨ ; ਗਮਨ ; ਪ੍ਰਾਪ੍ਤਿ। ਸੰ. ਗਤਿ।

**ਗਥਈ** ਗੁ. ਗਤ ਹੋ ਗਏ, ਯਥਾ- ਸਭ ਕਿਲਬਿਖ ਪਾਪ ਗਥਈ।

**ਗਥੁ** ਦੇ. ਗਾਥਾ ; ਵਸਤੁ, ਯਥਾ- ਗਥੁ ਗਇਆ ਗਵਾਏ।

**ਗਦ** ਸੰ. ਰੋਗ, ਜੈਸੇ- ਗਦ ਗੰਜਨ ਕੋ ਚਰਕਾਦਿ ਮੁਨੀ।

**ਗਦਹਾ** ਦੇ. ਗਧਾ, ਯਥਾ- ਪਹਿਰਿ ਚੋਲਨਾ ਗਦਹਾ ਨਾਚੈ। ਸੰ. ਗਦ ਰੋਗ ਕੋ ਹਨਨ ਕਰਨੇ ਵਾਲਾ ਵੈਦ, ਔਖਧ।

**ਗਦਹੁ** ਦੇ. ਗਧੇ ਨੂ, ਯਥਾ- ਗਦਹੁ ਚੰਦਨਿ ਖਉਲੀਐ।

**ਗੰਦੇ** ਦੇ. ਦੁਰਗੰਧ ਵਾਲੇ, ਯਥਾ- ਗੰਦੇ ਭੁੰਮਿ ਪਈਆਸ।

**ਗੰਧਈਆ** ਗੁ. ਗੰਧ ਵਾਲਾ ਹੂਆ ਹੂੰ, ਯਥਾ- ਸੁਗੰਧ ਗੰਧਈਆ।

**ਗੰਧਣ** ਪੰ. ਦੁਰਗੰਧਮਈ ਅਰ ਬਾਤ ਵਿਖਯੋਂ ਕੇ ਸੰਬੰਧੀ, ਯਥਾ- ਗੰਧਣ ਵੈਣ ਸੁਣਹਿ।

**ਗੰਧਰਬ** ਸੰ. ਸ੍ਵਰਗ ਕੇ ਗਵਈਏ ; ਮ੍ਰਿਗ ਬਿਸੇਖ ; ਅਸ੍ਵ ; ਕੋਕਿਲ ; ਗਾਯਨ ਮਾਤ੍ਰ।

**ਗੰਧਾਰ** ਸੰ. ਸ੍ਵਰ ਬਿਸੇਖ।

**ਗੰਧਾਰੇ** ਗੁ. ਗੰਧ ਵਾਲੇ।

**ਗੰਧੀਆਇ** ਗੁ. ਝੂਠੇ ਬਚਨੋਂ ਸਾਥ ਬਿਸ੍ਟਾ ਤੁਲਯ ਦੁਰਗੰਧ ਵਾਲੇ ਹੋ ਰਹੇ ਹੈਂ।

**ਗੰਧੁ** ਸੰ. ਸੁਗੰਧ ਦੁਰਗੰਧ, ਖੁਸਬੋ ਬਦਬੋ ; ਖੋਟੇ ਬਚਨ, ਯਥਾ- ਤਿਤੁ ਦਿਨਿ ਬੋਲਨਿ ਗੰਧੁ।

**ਗੰਨਾ** ਦੇ. ਗਿਣਿਆ, ਗਿਣੀਦਾ ਹੈ, ਯਥਾ- ਤੋਇਅਹੁ ਤ੍ਰਿਭਵਣੁ ਗੰਨਾ। ਈਖ ਕਾ ਗੰਨਾ।

**ਗਨਿ** ਗੁ. ਬਿਚਾਰ, ਯਥਾ- ਗਨਿ ਮਿਨਿ ਦੇਖਹੁ। ਸਮੂਹ।

**ਗਨਿ ਮਿਨਿ** ਪੰ. ਵਿਚਾਰ ਕਰ ਮਾਪ ਕੇ, ਯਥਾ- ਗਨਿ ਮਿਨਿ ਦੇਖਹੁ ਮਨੈ ਮਾਹਿ।

**ਗਨੀ** ਫਾ. ਧਨਵਾਨ, ਯਥਾ- ਊਹਾਂ ਗਨੀ ਬਸਹਿ ਮਾਮੂਰ। ਦੇ. ਗਿਣੀਦੇ ਹੈਂ, ਯਥਾ- ਸ੍ਵਾਸੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ। ਪੁਨਾ- ਕਲਿ ਮਹਿ ਸੁਖੀਏ ਸੇ ਗਨੀ।

**ਗਨੀਵ** ਦੇ. ਧਨੀ ਬੇਪ੍ਰਵਾਹ, ਯਥਾ- ਸਦੀਵ ਗਨੀਵ ਸੁਹਾਵਨੇ।

**ਗਨੋ ਨਾਹ** ਵਾ. ਗਿਨਿਓ ਨਹੀਂ, ਜੈਸੇ- ਮੁਝ ਅਵਗਨ ਪ੍ਰਭ ਗਨੋ ਨਾਹ।

**ਗਪ** ਦੇ. ਝੂਠੀ ਬਾਤ।

**ਗਬੁ** ਪ੍ਰ. ਅਹੰਕਾਰ, ਯਥਾ- ਏਤਾ ਗਬੁ ਅਕਾਸਿ ਨ ਮਾਵਤ।

**ਗਭਰੂ** ਪੰ. ਜੁਵਾਨ, ਯਥਾ- ਕਿਆ ਗਭਰੂ ਕਿਆ ਬਿਰਧਿ ਹੈ।

**ਗੰਭੀਰ** ਸੰ. ਨਿਮਨਥਾਨ, ਨੀਚੀ ਜਗਹ ; ਮੰਦ ; ਜੰਬੀਰ ; ਖਟਾ ; ਪਦਮ ; ਰਿਗਵੇਦ ਕਾ ਕੋਈ ਮੰਤ੍ਰ ; ਗਹਨ ; ਦਰਬਾਰ ; ਪ੍ਰਵੇਸ ਹੋਨੇ ਕੋ ਕਠਨ ; ਅਗਾਧ, ਅਥਾਹ।

**ਗੰਮ** ਦੇ. ਗਮਨ ਯੋਗਯ। ਸੰ. ਗਮਯ।

**ਗਮ** ਸੰ. ਗਮਨ, ਯਥਾ- ਦੁਰਗਮ। ਕਾਹੂ ਪ੍ਰਕਾਰ ਕਾ ਜੂਆ ; ਜਯ ਕੀ ਇਛਾ ਵਾਲੇ ਕੀ ਯਾਤ੍ਰਾ। ਫਾ. ਰੰਜ, ਦੁਖ।

**ਗਮਰੁ** ਦੇ. ਪ੍ਰ. ਪ੍ਰਤਾਪ, ਯਥਾ- ਜਾ ਕੈ ਕਾਮਿ ਤੇਰਾ ਵਡ ਗਮਰੁ। ਜਿਸ ਕੀ ਸੇਵਾ ਸੇ ਤੇਰਾ ਬਡਾ ਪ੍ਰਤਾਪ ਹੈ। ਪਟਨਾ ਮੁਜਫਰਪੁਰ ਕੇ ਸਮੀਪ ਕੀ ਬੋਲੀ ਹੈ।

**ਗੰਮਿਤ** ਦੇ. ਪ੍ਰਾਪਤੀ, ਜੈਸੇ- ਗਯਾਨ ਗੁਰ ਗੰਮਿਤ। ਗੁਰਾਂ ਦੇ ਗ੍ਯਾਨ ਦੁਆਰਾ ਸ੍ਵਰੂਪ ਕੀ ਪ੍ਰਾਪਤੀ ਹੋਵੇ ਹੈ।

**ਗਯੰਦ** ਦੇ. ਏਕ ਭਾਟ ਕਵਿ ਕਾ ਨਾਮ ਹੈ, ਯਥਾ- ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ। ਗਜਰਾਜ ਗਜੇਂਦ੍ਰ।

**ਗਰਸ** ਦੇ. ਘੇਰ।

**ਗ੍ਰਸਤ** ਸੰ. ਗ੍ਰਸਿਆ ਹੂਆ, ਯਥਾ- ਜਿਉ ਗ੍ਰਸਤ ਬਿਖਈ ਧੰਧੁ। ਜੈਸੇ ਗ੍ਰਸੇ ਹੂਏ ਹੈਂ ਵਿਖਈ ਜੀਵ ਧੰਧਿਓਂ ਮੇਂ।

**ਗ੍ਰਸਨਾ** ਗੁ. ਗ੍ਰਸੀਤਾ ਹੈ, ਯਥਾ- ਕਾਇਆ ਕਾਕ ਗ੍ਰਸਨਾ।

**ਗਰਹ** ਗੁ. ਵਿਖਯ ਸਰੂਪ ਵਿਖ ਕੋ, ਯਥਾ- ਗਰਹ ਨਿਵਾਰੇ ਸਤਿਗੁਰੂ। ਸੰ. ਗਰ। ਖੋਟੇ ਗ੍ਰਹੋਂ ਕੋ। ਸੰ. ਗ੍ਰਹ। ਗਲ ਮੇਂ, ਜੈਸੇ- ਗਰਹ ਪਰੀ ਫਾਸੀ।

**ਗ੍ਰਹਣ** ਗੁ. ਚੰਦ੍ਰ ਸੂਰਯ ਕੇ ਗ੍ਰਹਣੋਂ ਕੇ ਦਾਨ ਸਨਾਨ ਸੇ, ਯਥਾ- ਕੋਟਿ ਗ੍ਰਹਣ ਪੁੰਨ ਫਲ ਮੂਚੇ।

**ਗਰਜਤ** ਦੇ. ਗਰਜਤਾ ਅਰਥਾਤ ਅਹੰਕਾਰ ਸੇ ਬੋਲਤਾ ਹੈ, ਯਥਾ- ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ।

**ਗਰਜੈ** ਦੇ. ਸਬਦ ਕਰੇ ਹੈ, ਯਥਾ- ਬੋਲੈ ਪਵਨਾ ਗਗਨੁ ਗਰਜੈ।

**ਗਰਠੇ** ਗੁ. ਗ੍ਰਸੇ, ਯਥਾ- ਜਮਕਾਲਿ ਗਰਠੇ ਕਰਹਿ ਪੁਕਾਰਾ।

**ਗਰਤ** ਦੇ. ਟੋਯਾ, ਯਥਾ- ਗਰਤ ਪਰਤ ਗਹਿ ਲੇਹੁ ਅੰਗੁਰੀਆ।

**ਗਰਤਹੁ** ਦੇ. ਸੰਸਾਰ ਟੋਏ ਸੇ, ਯਥਾ- ਗਰਤਹੁ ਉਧਰੁ ਗੋਪਾਲ।

**ਗਰੰਥ** ਦੇ. ਪੁਸਤਕ, ਬਹੁਤ ਬਚਨੋਂ ਕਾ ਸਮੁਦਾਯ, ਯਥਾ- ਅਸੰਖ ਗਰੰਥ ਮੁਖਿ ਵੇਦ ਪਾਠ। ਸੰ. ਗ੍ਰੰਥ।

**ਗ੍ਰੰਥ** ਸੰ. ਨਾਨਾ ਵਾਕਯਨ ਕਾ ਸਮੁਦਾਯ।

**ਗ੍ਰੰਥ ਸਾਹਬ** ਵਾ. ਗੁਰੋਂ ਕੀ ਦੇਹ ਸ੍ਵਰੂਪ ਗ੍ਰੰਥ ਸਾਹਬ। ਗ੍ਰੰਥ ਸਾਹਬ ਜੀ ਮੇਂ ਦੋ ਪ੍ਰਕਾਰ ਕੀ ਰਚਨਾ ਹੈ। ਏਕ ਰਾਗੋਂ ਮੇਂ, ਦੂਸਰੀ ਰਾਗੋਂ ਸੇ ਬਿਨਾ, ਜੈਸੇ ਆਦਿ ਮੇਂ ਜਪ ਬਾਣੀ, ਜੈਜਾਵੰਤੀ ਸੇ ਪੀਛੇ ਸਹਸਕ੍ਰਿਤੀ ਸਲੋਕੋਂ ਸੇ ਮੁਦਾਵਣੀ ਤਾਈ। ਰਾਗਾ ਮੈਂ ਸਭ ਛੋਟੀ ਬਡੀ ਬਾਣੀ ਅਰਥਾਤ ਸਭ ਸੇ ਬਡੀ ਸੁਖਮਨੀ ਅਰ ਸਭ ਸੇ ਛੋਟੇ ਦੋ ਦੋ ਪਦੋਂ ਵਾਲੇ ਮਿਲਾ ਕੇ 'ਮੋਤੀ ਤ ਮੰਦਰ ਊਸਰਹਿ' ਸਿਰੀ ਰਾਗ ਕੇ ਸਬਦ ਸੇ ਲੇ ਜੈਜਾਵੰਤੀ ਕੇ 'ਜਗ ਮਹਿ ਬਿਰਾਜੁ ਰੇ' ਸਬਦ ਪ੍ਰਯੰਤ ੨੯੫੯ ਦੋ ਹਜਾਰ ਨੌ ਸੈ ਅਠਵੰਜਾ ਸਬਦਾਦਿਕ ਹੈਂ, ਜਿਸ ਮੇਂ ੩੫੭ ਤਿੰਨ ਸੈ ਸਤਵੰਜਾ ਭਗਤੋਂ ਕੇ ਨਾਮ ਕੇ ਹੈਂ, ਔਰ ੨੬੦੧ ਦੋ ਹਜਾਰ ਛੇ ਸੈ ਏਕ ਸਾਖਾਤ ਗੁਰੋਂ ਕੇ ਨਾਮ ਕੇ ਹੈਂ। ਇਨ ਹੀ ਮੇਂ ਬਾਈ ਵਾਰਾਂ ਔ ਜਪ ਜੀ ਸੇ ਆਗੇ ਰਹਰਾਸ, ਆਰਤੀ, ਸੋਹਲੇ ਕੇ ਸਬਦ ਹੈਂ। ਬਿਨਾ ਰਾਗ ਬਾਣੀ ਏਕ ਆਦਿ ਮੇਂ ਜਪ ਜੀ ਹੈ ਰਾਗੋਂ ਕੇ ਪਰੇ। 'ਪੜਿ ਪੁਸਤਕ ਸੰਧਿਆ ਬਾਦੰ' ਸੇ ਲੇ 'ਤਨੁ ਮਨੁ ਥੀਵੈ ਹਰਿਆ' ਮੁਦਾਵਣੀ ਕੀ ਸਮਾਪਤੀ ਤਾਈ ੮੫੭ ਆਠ ਸੈ ਸਤਵੰਜਾ ਸਲੋਕ, ਗਾਥਾ, ਫੁਨਹੇ, ਚਉਬੋਲੇ ਹੈਂ। ਰਾਗਮਾਲਾ ਗੁਰੂ ਕੀ ਰਚੀ ਨਹੀਂ। ਇਸ ਮੇਂ ਗ੍ਰੰਥ ਸਾਹਿਬ ਮੇਂ ਲਿਖੇ ਆਠ ਰਾਗੋਂ ਕਾ ਨਾਮ ਨਹੀਂ, ਗੁਰੂ ਕਾ ਨਾਮ ਨਹੀਂ; ਮਹਿਲ ਕਾ ਨਾਮ ਨਹੀਂ, ਈਸ੍ਵਰ ਭਗਤੀ ਕਾ ਬਿਚਾਰ ਨਹੀਂ ਅਧਿਕ ਬਿਚਾਰ ਗੁਰਮਤ ਨਿਰਣੇ ਮੈ ਦੇਖੋ।

**ਗ੍ਰੰਥਿ** ਸੰ. ਗਾਂਠ ਜੈਸੇ ਚਿਦ ਜੜ ਕੀ ਗਾਠ ਕਾ ਨਾਮ ਚਿਤ ਜੜ ਗ੍ਰੰਥੀ ਹੈ ; ਗੰਠੀ ਮਾਤ੍ਰ।

**ਗ੍ਰੰਥੀ** ਸੰ. ਗ੍ਰੰਥ ਸਾਹਬ ਕੋ ਪੜਨੇ ਵਾਲਾ ; ਗ੍ਰੰਥ ਵਾਲਾ।

**ਗਰਦ** ਸੰ. ਜਹਰ ਦੇਨੇ ਵਾਲਾ। ਫਾ. ਬਰੀਕ ਮਿਟੀ।

**ਗਰਬਸੂਆ** ਗੁ. ਗਰਬ, ਯਥਾ- ਸਰਣਿ ਪਰਿਓ ਤਜਿ ਗਰਬਸੂਆ।

**ਗਰਬਹਿ** ਦੇ. ਅਭਿਮਾਨ ਕਰਤੇ ਹੈ, ਜੈਸੇ- ਸਾਕਤ ਮੂੜ ਮਾਇਆ ਮਹਿ ਗਰਬਹ। ਗਰਬ ਕਰਤਾ ਹੈ, ਯਥਾ- ਕਿਆ ਤੂ ਜੋਗੀ ਗਰਬਹਿ ਪਰਿਆ।

**ਗਰਬਹਿ ਪਰਿਆ** ਵਾ. ਪੜਾ ਗਰਬਤਾ ਹੈ, ਯਥਾ- ਕਿਆ ਤੂ ਜੋਗੀ ਗਰਬਹਿ ਪਰਿਆ।

**ਗਰਬਾਈ** ਗੁ. ਅਹੰਕਾਰੀ ਹੋਕਰ, ਯਥਾ- ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ। ਗਰਬ ਕਰਤੇ ਹੋ ਗਰਬ ਵਾਲੇ ਹੋ ਕਰ।

**ਗਰਬਿ** ਸੰ. ੧. ਧਨ ੨. ਜੁਆਨੀ ੩. ਕੁਲ ੪. ਵਿਦ੍ਯਾ ੫. ਬਲ ੬. ਬਾਂਛਤ ਕਾ ਲਾਭ। ਇਨ ਕਹੀ ਬਾਤੋਂ ਕੇ ਪ੍ਰਤਾਪ ਸੇ ਅਹੰਕਾਰ, ਯਥਾ- ਸਖੀ ਸਹੇਲੀ ਗਰਬਿ ਗਹੇਲੀ। ਅਹੰਕਾਰ ਕੀ ਪਕੜੀ ਹੁਈ। ਪੁਨਾ- ਗਰਬਿ ਗਹਿਲੜੋ ਮੂੜੜੋ।

**ਗਰਬਿ ਗੁਬਾਰ** ਦੇ. ਗਰਬ ਕੇ ਗੁਬਾਰ ਵਾਲਾ, ਯਥਾ- ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ। ਅਹੰਕਾਰ ਕੀ ਅੰਧੇਰੀ ਵਾਲਾ ਪਵਨ ਜੈਸੇ ਚਲੇ ਜਾਨੇ ਵਾਲੇ ਬਸਤ੍ਰ ਪਹਰੇ ਹੈਂ ਭਾਵ ਖ੍ਰਣ ਭੰਗਰ ਪਦਾਰਥੋਂ ਮੇਂ ਪ੍ਰੇਮ ਕਰੇ ਹੈ।

**ਗਰਬੇ** ਗੁ. ਗਰਬ ਵਾਲੇ ਹੂਏ, ਯਥਾ- ਇਤਨੇ ਕਉ ਤੁਮ੍ ਕਿਆ ਗਰਬੇ।

**ਗਰਬੇਣ** ਸੰ. ਗਰਬ ਸੇ, ਯਥਾ- ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ। ਜਾਤੀ ਧਨਾਦਿਕੋਂ ਕੋ ਅਹੰਕਾਰ ਸੇ ਜੀਵ ਅਗ੍ਯਾਨ ਮੇਂ ਥਿਤ ਰਹਤੇ ਹੈਂ।

**ਗਰਭ** ਸੰ. ਮਾਸ ਕਾ ਪਿੰਡ ; ਬਾਲਕ ; ਅਪਵਰਕ, ਢਕਨੇ ਵਾਲਾ ; ਅੰਨ ; ਅਗਨਿ ; ਗਰਭ ਥਾਨ ਮੇਂ ਪ੍ਰਾਪਤ ਹੂਏ ਰਕਤ ਬੀਰਯ ; ਭਾਦੋ ਕੇ ਕ੍ਰਿਸ਼੍ਨ ਪਖ ਕੀ ਚੌਦਸ ਕੋ ਜੇਤੇ ਜਲ ਮੇਂ ਪੁਰਖ ਸਨਾਨ ਕਰੇ ਵਹੁ ਜਲ ਕਾ ਥਾਨ ; ਮਾਤਾ ਕੀ ਕੁੱਖ ਮੇਂ, ਯਥਾ- ਗਰਭ ਕੁੰਟ ਮਹਿ ਉਰਧ ਤਪ ਕਰਤੇ। ਭ੍ਰੂਣ, ਉਦਰਗਤ ਬੱਚਾ, ਯਥਾ- ਕਈ ਜਨਮ ਗਰਭ ਹਿਰਿ ਖਰਿਆ। ਭ੍ਰੂਣ ਛਣ ਕੇ ਗਿਰ ਗਯਾ।

**ਗਰਭ ਹਿਰਿ ਖਰਿਆ** ਵਾ. ਗਰਭ ਛਣ ਕੇ ਗਿਰ ਗਯਾ।

**ਗਰਭ ਜੋਨਿ** ਗੁ. ਗਰਭ ਥਾਨ। ਵਾ. ਜੋਨੀ ਕੇ ਰਸਤੇ ਗਰਭ ਮੇਂ, ਜੈਸੇ- ਸੋ ਨਰੁ ਗਰਭ ਜੋਨਿ ਨਹੀ ਆਵੈ।

**ਗਰਭਾਸਿ** ਗੁ. ਗਰਭ ਥਾਨ। ਸੰ. ਗਰਭਾਸਯ, ਯਥਾ- ਫਿਰਿ ਗਰਭਾਸਿ ਨ ਪਰਿਆ ਰੇ।

**ਗਰਮ** ਫਾ. ਤਤਾ।

**ਗਰਲ** ਸੰ. ਅਗ੍ਯਾਨ ਸ੍ਵਰੂਪ ਵਿਖ, ਯਥਾ- ਗਰਲ ਨਾਸੁ ਤਨਿ ਨਠਯੋ। ਗਾਫਲ।

**ਗ੍ਰਾਸ** ਗੁ. ਗ੍ਰਾਸ, ਯਥਾ- ਸਾਸ ਗ੍ਰਾਸ ਕੋ ਦਾਤੋ ਠਾਕੁਰੁ।

**ਗ੍ਰਾਸ** ਸੰ. ਭੋਜਨ ਕੀ ਬੁਰਕੀ।

**ਗ੍ਰਾਹ** ਸੰ. ਮਕਰਮਛ, ਸੰਸਾਰ। ਇਸ ਜੀਵ ਜਾ ਮੁਖ ਬਡਾ ਲੰਬਾ ਹੋਤਾ ਹੈ। ਗੰਗਾ ਜੀ ਕਾ ਬਾਹਨ ਹੈ। ਇਸੀ ਨੇ ਗਜ ਕੋ ਪਕੜਾ ਥਾ, ਯਥਾ- ਗਜ ਗਰਾਹ ਤੇ ਛੂਟਾ।

**ਗ੍ਰਾਹਜੁ** ਗੁ. ਗ੍ਰਹਣ ਕਰਤਾ ਹੈ, ਯਥਾ- ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ। ਪੁਨਾ- ਗ੍ਰਾਹਜਿ ਲਯੋ। ਗ੍ਰਹਣ ਕਰ ਲੀਆ ; ਗ੍ਰਹਿਣ ਕਰ ਲਈ, ਯਥਾ- ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ।

**ਗਰਾਮਨੋ** ਗੁ. ਪਾਰਗਾਮੀ ਗੁਰ ਕੋ, ਯਥਾ- ਗੁਰੁ ਬੋਹਿਥੁ ਪਾਰ ਗਰਾਮਨੋ।

**ਗਰਾਵਉ** ਗੁ. ਗਲ ਥੀਂ ਵਾ ਬੰਧਨੋ ਕਾ ਸਮੁਦਾਯ, ਯਥਾ- ਕਾਟਿਓ ਬੰਧੁ ਗਰਾਵਉ।

**ਗਰਿਸ੍ਰ** ਸੰ. ਅਤਿਸੈ ਬਡਾ, ਯਥਾ- ਗੁਸਾਂਈ ਗਰਿਸ੍ਰ ਰੂਪੇਣ। ਪ੍ਰਮੇਸ੍ਵਰ ਕੋ ਅਤਿ ਬਡਾ ਜਾਨ ਕੇ ਸਭੀ ਸੇਵੇ ਹੈਂ।

**ਗਰੀ** ਦੇ. ਖੋਪਾ ਨਲਾਯੇਰ ਕੀ ਗਿਰੀ, ਯਥਾ- ਗਰੀ ਛੁਹਾਰੇ ਖਾਂਦੀਆ। ਫਟੀ ਹੁਈ, ਗਲੀ ਹੁਈ, ਯਥਾ- ਕਾਹੂ ਗਰੀ ਗੋਦਰੀ ਨਾਹੀ।

**ਗਰੀਬ** ਅ. ਨਿਰਧਨ, ਯਥਾ- ਮੋ ਗਰੀਬ ਕੀ ਕੋ ਗੁਜਰਾਵੈ।

**ਗਰੁੜਾ** ਗੁ. ਨਾਨਾ ਰੰਗੋਂ ਕੇ ਚਾਵਲ, ਯਥਾ- ਗਰੁੜਾ ਖਾਣਾ ਦੁਧ ਸਿਉ ਗਾਡਿ। ਚਾਵਲ ਸਬਜ, ਬਸੰਤੀ, ਸੁਰਖ, ਸੁਪੈਦ, ਨਾਰੰਜੀ ਰਸੋਈ ਮੇਂ ਬਹੁਤ ਰੰਗੋਂ ਸੇ ਬਨਤੇ ਹੈਂ। ਅਰ ਦਹੀ ਕੇ ਸਾਥ ਗਾਡ, ਮਿਲਾ ਕੇ ਖਾਏ ਜਾਤੇ ਹੈ। ਯਾ ਤੇ ਗਰੜਾ ਪਦ ਸੇ ਉਤਮ ਪਦਾਰਥੋਂ ਕੀ ਗਿਨਤੀ ਮੇਂ ਚਾਵਲ ਹੀ ਲੇਨੇ। ਪਰੰਤੂ ਰੰਗੋਂ ਕੇ ਪ੍ਰਤਾਪ ਸੇ ਗਰੜੇ ਕਹੇ ਜਾਵੇਂਗੇ। ਖਾਸ ਚਾਵਲ ਨਾਮ ਵਤ ਗਰੜਾ ਨਾਮ ਚਾਵਲ ਕਾ ਕਹੀ ਪ੍ਰਸਿਧ ਨਹੀਂ। ਵਿਚਿਤ੍ਰ, ਯਥਾ- ਗਰੁੜਾ ਹੋਇ ਸੁਆਉ।

**ਗਰੁੜ** ਸੰ. ਬਿਸਨੁ ਕਾ ਬਾਹਨ, ਪੰਖੀ ਰਾਜ। ਗੁ. ਜਹਰ ਮੁਹਰਾ, ਯਥਾ- ਘਸਿ ਗਰੁੜੁ ਸਬਦੁ ਮੁਖਿ ਲੀਠਾ।

**ਗਰੂ** ਦੇ. ਬਡਾ, ਯਥਾ- ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ। ਸੰ. ਗੁਰੁ।

**ਗਰੂ ਸੁਖੁ** ਸੰ. ਬਡਾ ਸੁਖ, ਯਥਾ- ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ।

**ਗਰੂਅ ਮਤਿ** ਗੁ. ਬਡੀ ਬੁਧੀ ਵਾਲੇ ਆਤਮ ਗ੍ਯਾਨੀ, ਯਥਾ- ਗਰੂਅ ਮਤਿ ਨਿਰਵੈਰਿ ਲੀਣਾ।

**ਗਰੂਆ** ਗੁ. ਬਡਾ, ਯਥਾ- ਸੋਈ ਨਰੁ ਗਰੂਆ।

**ਗਰੂਰੁ** ਅ. ਘਮੰਡ, ਅਹੰਕਾਰ, ਯਥਾ- ਹੋਰੁ ਮੁਚੁ ਗਰੂਰੁ।

**ਗਲ ਫਰੋਸੀ** ਵਾ. ਬਾਤਾਂ ਵੇਚ ਕੇ, ਝੂਠ ਬੋਲ ਕੇ ਨਿਰਬਾਹ ਕਰਨਾ ਅਰਥਾਤ ਛਲ ਕਰਨਾ, ਯਥਾ- ਓਹੁ ਗਲ ਫਰੋਸੀ ਕਰੇ ਬਹੁਤੇਰੀ।

**ਗਲਉਰੇ** ਦੇ. ਪੁ. ਪਾਨਾ ਕੇ ਬੀੜੇ, ਯਥਾ- ਘੀਸ ਗਲਉਰੇ ਲਿਆਵੈ।

**ਗਲਣਿ** ਪੰ. ਖੁਭਣ, ਧਸਣ, ਯਥਾ- ਮਿਠੀ ਗਲਣਿ ਕੁਮੰਤ੍ਰੀਆ।

**ਗਲਤ** ਗੁ. ਗਰਕ, ਯਥਾ- ਤਿਸੁ ਮਹਿ ਪ੍ਰਾਣੀ ਗਲਤੁ ਪਇਆ। ਪੁਨਾ- ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ। ਫਾ. ਅਸੁਧ।

**ਗਲਤ ਰਹੇ** ਵਾ. ਗਲਤਾਨ ਰਹਤਾ ਹੈ, ਜੈਸੇ- ਹਰਿ ਜਨ ਗਲਤ ਰਹੇ ਹਰਿ ਸੰਗੇ।

**ਗਲਤਾਨ** ਫਾ. ਖਚਿਤ, ਅਤਯੰਤ ਆਸਕ੍ਰ, ਜੈਸੇ- ਰਹੇ ਗਲਤਾਨ ਮਾਇਆ ਮੈ ਸਦ ਹੀ।

**ਗਲਤੁ ਗਇਆ** ਵਾ. ਗਲ ਗਯਾ, ਯਥਾ- ਜਿਉ ਮੋਹ ਪਾਪ ਮਹਿ ਗਲਤੁ ਗਇਆ। ਗਯਾ ਹੂਆ ਗਲਤਾ ਹੈ।

**ਗਲਾ** ਫਾ. ਸਮੂਹ, ਯਥਾ- ਫਿਟਾ ਵਤੈ ਗਲਾ। ਜੈਨੀਓਂ ਕਾ ਸਮੁਦਾਯ ਹੀ ਮਨ ਮਾਨੇ ਧਰਮ ਕਰਤਾ ਬਿਗੜਾ ਹੂਆ ਫਿਰਤਾ ਹੈ। ਬਾਤਾਂ, ਯਥਾ- ਗਲਾ ਕਰੇ ਘਣੇਰੀਆ। ਕਪੋਲ, ਯਥਾ- ਗਲ੍ਹਾ ਪਿਟਨਿ ਸਿਰੁ ਖੋਹੇਨਿ। ਗਲ ਕੋ, ਯਥਾ- ਗਲਾ ਬਾਂਧਿ ਦੁਹਿ ਲੇਇ ਅਹੀਰੁ। ਘਾਟ, ਜੈਸੇ- ਖਹਬਰ ਕਾ ਗਲਾ।

**ਗਲਾ ਗੋਈਆ** ਵਾ. ਬਾਤਾਂ ਕਰੀਆਂ।

**ਗਲਾ ਬਾਂਧਿ** ਵਾ. ਬਛਰੇ ਕੇ ਗਲ ਮੇਂ ਰਸੀ ਪਾਇ ਕੇ, ਯਥਾ- ਗਲਾ ਬਾਂਧਿ ਦੁਹਿ ਲੇਇ ਅਹੀਰੁ।

**ਗਲਾਇ** ਦੇ. ਪ. ਕਹੁ।

**ਗਲਾਈ** ਪੰ. ਪ. ਕਹੀ, ਜੈਸੇ- ਗਾਲ ਗਲਾਈ।

**ਗਲਾਟੇ** ਗੁ. ਗਲ ਮੇਂ, ਯਥਾ- ਗੁਰੁ ਮਿਲੈ ਗਲਾਟੇ।

**ਗਲਾਢੇ** ਗੁ. ਗਲਤੇ ਹੈਂ ਪੁਨਾ ਪੁਨਾ, ਯਥਾ- ਮਨਮੁਖ ਗਰਭਿ ਗਲਾਢੇ।

**ਗਲਾਣੇ** ਗੁ. ਗਲ ਮੇਂ, ਯਥਾ- ਤੇ ਤੇ ਬੰਧ ਗਲਾਣੇ।

**ਗਲਾਵੈ** ਪੰ. ਗਲ ਮੇਂ ਰਜੁ, ਯਥਾ- ਜਿਉ ਤਸਕਰੁ ਪਾਇ ਗਲਾਵੈ।

**ਗਲਿ** ਸੰ. ਕੰਠ ਦੇਸ, ਯਥਾ- ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ। ਪਿਆਰੀ ਸਖੀਓ।

**ਗਲਿ ਲਾਵੈ** ਗੁ. ਗਲ ਲਾਵੇਗਾ, ਯਥਾ- ਪ੍ਰੇਮ ਸਹਿਤ ਗਲਿ ਲਾਵੈ।

**ਗਲਿਆ** ਪੰ. ਗਲ ਗਏ, ਯਥਾ- ਹਰਿ ਬਿਸਰਤ ਤੇਰੇ ਗੁਣ ਗਲਿਆ। ਵਾ ਰਸੀ ਤੇਰੇ ਗਲ ਮੈਂ ਪਵੇਗੀ।

**ਗਲੀ** ਦੇ. ਬੀਬੀ, ਯਥਾ- ਗਲੀ ਮੇਰੀ ਆਉ। ਬਾਤੋਂ ਸੇ, ਯਥਾ- ਗਲੀ ਹਉ ਸੋਹਾਗਣਿ ਭੈਣੇ। ਬਾਤੋਂ ਮੇਂ, ਯਥਾ- ਗਲੀ ਮਨੁ ਲਾਵਸਿ। ਗਲ ਗਈ, ਜੈਸੇ- ਗਲੀ ਕਾਨਨ ਕੀ ਗਲੀ। ਪੰ. ਮੋਰੀ।

**ਗਲੀ ਜੋਗੁ** ਵਾ. ਸਾਧਨ ਕੀਏ ਬਿਨਾ ਬਾਤੋਂ ਸੇ ਮਨ ਕਾ ਨਿਰੋਧ, ਯਥਾ- ਗਲੀ ਜੋਗੁ ਨ ਹੋਈ।

**ਗਲੀਆ** ਦੇ. ਗਲ ਗਈਆ, ਜੈਸੇ- ਗਲੀਆ ਸਭ ਸਿਆਣਪਾਂ।

**ਗਲੇ** ਪੰ. ਗਲ ਗਏ, ਯਥਾ- ਨਾਨਕ ਗਰਬਿ ਗਲੇ। ਗਲ ਮੇਂ, ਯਥਾ- ਲਾਗੁ ਗਲੇ ਸੁਨੁ ਬਿਨਤੀ ਮੇਰੀ।

**ਗਲੋਈਐ** ਪੰ. ਕਹੀਏ, ਯਥਾ- ਗਾਲ ਗਲੋਈਐ।

**ਗਲੋਹੀ** ਗੁ. ਕਹੀ ਗਲਾਈ। ਦੇ. ਪਰਬਤੀ, ਯਥਾ- ਸੰਤ ਤੇਰੇ ਸਿਉ ਗਾਲ ਗਲੋਹੀ।

**ਗਲੋਲਾ** ਪੰ. ਗੋਲਾ, ਗੁਲੇਲਾ, ਯਥਾ- ਅਮਲੁ ਗਲੋਲਾ ਕੂੜ ਕਾ। ਨਸੇ ਕੀ ਗੋਲੀ ਝੂਠ ਕੀ।

**ਗਵਣੰ** ਦੇ. ਗਮਨ ਕਰਨਾ।

**ਗਵਨੁ** ਸੰ. ਚਲਨਾ, ਜਾਨਾ, ਯਥਾ- ਗਵਨੁ ਕਰੈਗੋ ਸਗਲੋ ਲੋਗਾ।

**ਗਵਾਇ** ਪੰ. ਖੋ ਕੇ, ਯਥਾ- ਪੰਡਿਤ ਰੋਵਹਿ ਗਿਆਨੁ ਗਵਾਇ। ਸਮਾਪਤੀ ਸਮੇ ਮਾਲ ਨਾ ਚੜੇ, ਕਥਾ ਕੋ ਬਯਰਥ ਕਹੀ ਜਾਨ ਕੇ ਪੰਡਿਤ ਪਛਤਾਵੇ ਹੈ। ਵਾਸੁਦੇਵ ਸੇ ਸਰਸ੍ਵਤੀ ਪੁਤ੍ਰ ਸੇ ਪੜਨੇ ਗਏ। ਆਓ ਪੁਤ੍ਰੋ ਪੜੋ ! ਐਸਾ ਬਾਲਕ ਕਾ ਬਚਨ ਸੁਨ ਦੁਖੀ ਹੂਏ ਰੁਦਨ ਕਰਤੇ ਭਏ।

**ਗਵਾਇਣ** ਪੰ. ਗਵਾਤੇ, ਦੂਰ ਹੂਏ, ਯਥਾ- ਸਭ ਕਿਲਬਿਖ ਪਾਪ ਗਵਾਇਣ।

**ਗਵਾਸ** ਸੰ. ਚੰਡਾਲ। ਫਾ. ਡਬੋਲੀ।

**ਗਵਾਹਾ** ਗੁ. ਗਵਾਇਆ ; ਗਾਏ, ਯਥਾ- ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ।

**ਗਵਾਝਾ** ਗੁ. ਗਵਾਏ, ਯਥਾ- ਸਭਿ ਕਿਲਬਿਖ ਗਏ ਗਵਾਝਾ। ਗਏ ਗਵਾਏ ਭਾਵ ਦੂਰ ਕੀਏ।

**ਗਵਾਪੈ** ਗੁ. ਗਵਾਇ ਦੇਵੇ।

**ਗਵਾਰ** ਦੇ. ਗੁਆਲ। ਗੁ. ਪਸੂਓ ਤੁਲਯ ਮੂਰਖ, ਯਥਾ- ਮੂਰਖ ਮੁਗਧ ਗਵਾਰ। ਹੇ ਗਵਾਰ, ਯਥਾ- ਹਰਿ ਕਾ ਨਾਮੁ ਨ ਜਪਸਿ ਗਵਾਰਾ।

**ਗਵਿਆ** ਗੁ. ਜਾਨਿਆ, ਯਥਾ- ਵਿਰਲੈ ਹੀ ਗਵਿਆ। ਸੰ. ਗਮਿਤ:।

**ਗਵਿਤਾ** ਪੰ. ਗਵਾਇ ਦੀਆ ਹੈ, ਯਥਾ- ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ।

**ਗਵੀਜੈ** ਗੁ. ਗਾਵੀਏ, ਜੈਸੇ- ਹਰਿ ਕੋ ਨਾਮ ਗਵੀਜੈ।

**ਗਵੇ** ਗੁ. ਗਮਨ ਕਰੇ ਹੈ, ਯਥਾ- ਪਾਰਬ੍ਰਹਮ ਕੀ ਦਰਗਹ ਗਵੇ।

**ਗੜ ਕੋਟ** ਦੇ. ਕਿਲਜ਼ੋਂ ਕੇ ਕੋਟ, ਯਥਾ- ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ।

**ਗੜਬੜ** ਦੇ. ਰੌਲਾ, ਯਥਾ- ਗੜਬੜ ਕਰੈ ਕਉਡੀ ਰੰਗੁ ਲਾਇ। ਰੌਲਾ ਕਰਤਾ ਹੈ, ਕੌਡੀ ਸਰੀਖੇ ਬਿਖਯੋਂ ਮੇਂ ਪ੍ਰੀਤ ਲਗਾ ਕੇ।

**ਗੜਿ** ਦੇ. ਕਿਲੇ ਮੇਂ, ਯਥਾ- ਗੜਿ ਦੋਹੀ ਪਾਤਿਸਾਹ ਕੀ। ਕਿਲਾ, ਯਥਾ- ਕਿਉ ਲੀਜੈ ਗਢੁ ਬੰਕਾ ਭਾਈ। ਘੜ ਕੇ, ਯਥਾ- ਪਾਖਾਨ ਗਢਿ ਕੈ ਮੂਰਤਿ ਕੀਨ੍ਹੀ।

**ਗਾ** ਦੇ. ਭਵਿਖਤ ਕਾਲੇ, ਯਥਾ- ਜੀਅਰੋ ਜਾਹਿਗਾ ਮੈ ਜਾਨਾਂ।

**ਗਾਂਉ** ਦੇ. ਗ੍ਰਾਮ, ਪਿੰਡ, ਯਥਾ- ਬਹੁਤੁ ਪ੍ਰਤਾਪੁ ਗਾਂਉ ਸਉ ਪਾਏ।

**ਗਾਉ** ਦੇ. ਗਾਵੋਂ, ਯਥਾ- ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।

**ਗਾਊ** ਦੇ. ਗ੍ਰਾਮ, ਯਥਾ- ਮਾਝ ਬਨਾ ਰਸਿ ਗਾਊਂ ਰੇ। ਬੀਚ ਬਨਾ ਹੂਆ ਹੈ ਆਨੰਦ ਕਾ ਗ੍ਰਾਮ ਬ੍ਰਿੰਦਾਬਨ। ਗਊਆਂ, ਯਥਾ- ਕਾਂਸੀ ਕ੍ਰਿਸਨੁ ਚਰਾਵਤ ਗਾਊ। ਕਾਸੀ ਪਾਠ ਕਾ ਮੇਲ ਕੇਦਾਰੁ ਥਾਪਿਓ ਮਹਸਾਈ ਸਾਥ ਹੈ, ਕਿਉਂਕੇ ਮਹਸਾਈ ਕਾ ਦੇਹਲੀ ਦੀਪ ਨਜਾਯ ਸੇ ਦੋਊ ਓਰ ਮੇਲ ਬਨ ਸਕੇ ਹੈ 'ਕ੍ਰਿਸ੍ਨੁ ਚਰਾਵਤ ਗਾਊ' ਸਾਥ ਬ੍ਰਿੰਦਾਬਨ ਊਪਰ ਸੇ ਮੇਲ ਲੇਨਾ।

**ਗਾਇ** ਦੇ. ਗਊ, ਯਥਾ- ਅਬ ਕੀ ਬਾਰ ਨ ਜੀਵੈ ਗਾਇ ; ਗਾਇਨ ਕਰਕੇ, ਯਥਾ- ਨਾਨਕ ਕਹਤ ਗਾਇ ਕਰੁਨਾ ਮੈ। ਜਗਹ, ਯਥਾ- ਤੁਝੈ ਕਿਨਿ ਫੁਰਮਾਈ ਗਾਇ। ਮਕਾ ਹਜ ਕਰਨੇ ਕੀ ਜਗਹ ਹੈ, ਤੇਰੇ ਕੋ ਕਿਸ ਨੇ ਬਤਾਈ ਹੈ। ਫਾ. ਗਾਹ।

**ਗਾਇਓ** ਦੇ. ਕਹੇ, ਯਥਾ- ਗੁਨ ਗੋਬਿੰਦ ਗਾਇਓ ਨਹੀ।

**ਗਾਇਣ** ਗੁ. ਗਾਵਣੇ ਵਾਲੇ ਗਵਈਏ, ਯਥਾ- ਕਬ ਕੋਊ ਮੇਲੈ ਪੰਚ ਸਤ ਗਾਇਣ। ਗਾਵਣ ਹੋਤ, ਯਥਾ- ਸਾਧ ਮੇਲਿ ਹਰਿ ਗਾਇਣੁ।

**ਗਾਈ** ਦੇ. ਗਊਓਂ ਕੋ, ਯਥਾ- ਗਾਈ ਪੁਤਾ। ਗਾਇਨ ਕਰੀ, ਯਥਾ- ਨਹ ਕੀਰਤਿ ਪ੍ਰਭ ਗਾਈ। ਨਹੀਂ ਜਸ ਪ੍ਰਮੇਸ੍ਰ ਕਾ ਕਥਨ ਕੀਆ। ਪੁਨਾ- ਹਰਿ ਜਸੁ ਕਬਹੂ ਨ ਗਾਈ। ਗਇਆ ਗਤ ਸੰਸਕ੍ਰਿਤ ਹੈ।

**ਗਾਹਕੁ** ਦੇ. ਖਰੀਦਾਰ, ਖਰੀਦਨੇ ਵਾਲਾ, ਯਥਾ- ਗੁਣ ਕਾ ਗਾਹਕੁ ਜੇ ਮਿਲੈ। ਸੰ. ਗ੍ਰਾਹਕ।

**ਗਾਹਾ** ਗੁ. ਗਾਵਤੇ ਹੈਂ, ਯਥਾ- ਹਰਿ ਕੈ ਰੰਗਿ ਸਦਾ ਗੁਣ ਗਾਹਾ।

**ਗਾਹਿ** ਗੁ. ਦਬਾਇ ਕੇ, ਯਥਾ- ਤਸਕਰ ਬੈਸਹਿ ਗਾਹਿ। ਧਰਤੀ ਅੰਤਹਕਰਨ ਸਾਧ ਸੰਤੋਖਾਦਿ ਸ੍ਰੇਸ੍ਰ ਗੁਣੋਂ ਕੀ ਥੀ ਤ੍ਰਿਸਨਾਦਿ, ਮੰਦ ਸੁਭਾਵ ਤਿਸ ਕੋ ਦਬਾਇ ਕਰ ਬੈਠ ਗਏ ਹੈ। ਫਾ. ਜਗਾ।

**ਗਾਹੇ** ਫਾ. ਕਬੀ, ਯਥਾ- ਗਾਹੇ ਨ ਨੇਕੀ ਕਾਰ ਕਰਦਮ।

**ਗਾਖੜੀ** ਦੇ. ਕਠਨ, ਔਖੀ, ਯਥਾ- ਗਾਖੜੀ ਬਿਖਮ ਕਾਰ। ਪੁਨਾ- ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ।

**ਗਾਂਗ** ਸੰ. ਗੰਗਾ ਜਲ, ਜੈਸੇ- ਗਾਂਗੰਬਾਰੀ ਮਨੋਹਾਰੀ।

**ਗਾਗਰਿ** ਦੇ. ਘੜਾ, ਯਥਾ- ਨਿਤ ਉਠਿ ਕੋਰੀ ਗਾਗਰਿ ਆਨੈ। ਪਿਤਲ ਕਾ ਘਟ। ਸੰ. ਗਰਗਰੀ

**ਗਾਛਹੁ** ਦੇ. ਜਾਵੋ ਹਮਾਰੇ ਸਮੀਪ ਤੇ, ਯਥਾ- ਗਾਛਹੁ ਪੁਤ੍ਰੀ ਰਾਜ ਕੁਆਰਿ।

**ਗਾਛੈ** ਦੇ. ਜਾਵੇ ਹੈ ਭਾਵ ਸੇ ਚਲ ਰੂਪ ਝੂਠੇ ਹੈ, ਯਥਾ- ਜੋ ਦਿਸਟੈ ਸੋ ਗਾਛੈ।

**ਗਾਜ** ਗੁ. ਪ੍ਰਗਟ।

**ਗਾਜੀ** ਯਵ. ਬਹਾਦਰ। ਦੇ. ਮਾਂਗਨੇ ਵਾਲਾ।

**ਗਾਜੇ** ਦੇ. ਬੋਲੇ, ਯਥਾ- ਗੋਬਿੰਦੁ ਗਾਜੇ।

**ਗਾਜੋ** ਦੇ. ਬੋਲੋ।

**ਗਾਟ** ਗੁ. ਸ੍ਵਾਦਵੰਤ, ਯਥਾ- ਰਸ ਹਰਿ ਗਾਟ।

**ਗਾਠੜੀਓ** ਦੇ. ਮਾਰ. ਗਠੜੀ ਮੇਂ ਵਾ ਗਾਂਠ ਮੇਂ, ਯਥਾ- ਜਾ ਕੋ ਲਹਣੋ ਮਹਰਾਜਰੀ ਗਾਠੜੀਓ।

**ਗਾਂਠਿ ਨ ਖੋਲ੍ਹ** ਵਾ. ਗਠੜੀ ਨਾ ਖੋਲ ਭਾਵ ਮੁਖ ਸੇ ਕਾਹੂ ਅਨਧਿਕਾਰੀ ਕੋ ਪ੍ਰਕਾਸ ਮਤ ਕਰ, ਯਥਾ- ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ।

**ਗਾਠੀ** ਗੁ. ਗੰਢਾਂ, ਯਥਾ- ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ।

**ਗਾਂਠੁਲੀ** ਗੁ. ਦੇਹ ਸੇ ਪ੍ਰਾਣੋਂ ਕੀ ਗਾਠ, ਯਥਾ- ਆਜੁ ਕਾਲਿ ਖੁਲੈ ਤੇਰੀ ਗਾਂਠੁਲੀ।

**ਗਾਂਠੇ** ਦੇ. ਜੁੜੀ ਗੱਠੇ ਬਿਨਾ, ਯਥਾ- ਹਉ ਬਿਨੁ ਗਾਂਠੇ ਜਾਇ ਪਹੂਚਾ।

**ਗਾਠੇ** ਦੇ. ਚਿਦ ਜੜ ਗ੍ਰੰਥ, ਯਥਾ- ਭੈ ਭਰਮ ਨਾਠੇ ਛੂਟੀ ਗਾਠੇ। ਜਬ ਵਿਵੇਕ ਸੇ ਚੇਤਨ ਜੜ ਕਾ ਅਭੇਦ ਮਾਨਨਾ ਦੂਰ ਹੂਆ ਤਬ ਤੇ ਭ੍ਰਮ ਭੈ ਭਾਗ ਗਏ।

**ਗਾਡਰ** ਦੇ. ਪੁ. ਭੇਡ, ਅਵਿ, ਯਥਾ- ਗਾਡਰ ਲੇ ਕਾਮਧੇਨੁ ਕਰਿ ਪੂਜੀ। ਪੰਨੀ ਘਾਸ, ਜੈਸੇ- ਗਾਡਰ ਤੰਤ ਨ ਬਜੇ ਰਬਾਬ।

**ਗਾਡਿ** ਦੇ. ਮਿਲਾ ਕੇ, ਯਥਾ- ਗਰੁੜਾ ਖਾਣਾ ਦੁਧ ਸਿਉ ਗਾਡਿ।

**ਗਾਡੀ** ਦੇ. ਗੱਡੀ, ਸਕੜੀ, ਯਥਾ- ਧ੍ਰੁੜਿ ਮਣੀ ਗਾਡੀ ਚਾਲਤੀ। ਦਬਾਈ, ਯਥਾ- ਦੇ ਕਰਿ ਗਡਹਾ ਗਾਡੀ।

**ਗਾਡੇ** ਦੇ. ਗੱਡੇ, ਸਕੜੇ, ਯਥਾ- ਗਾਡੇ ਲਾਦੇ ਛਾਰੁ। ਗਾਡੇ ਲੱਦੇ ਹੈਂ ਸ੍ਵਾਹ ਕੇ ਭਾਵ ਅੰਤਹਕਰਣ ਭਰੇ ਨਿਖਿਧ ਕਾਮੋਂ ਮੇਂ।

**ਗਾਡੇਰੜਿ** ਪੰ. ਛੋਟੇ ਗਡੇ ਕਾ ਨਾਮ ਲਹੌਰ ਕੇ ਸਮੀਪ ਗਡੀਰਾ ਕਹਤੇ ਹੈ। ਗਡੀਰੇ ਸੇ ਗਡੀਰੜ ਹੋ ਗਡੇਰੜ ਹੋ ਗਯਾ ਹੈ। ਜਿਸ ਕਾ

ਅਰਥ ਰਥ, ਮਝੋਲੀ ਸਿਧ ਹੋਤਾ ਹੈ। ਜੇਕਰ ਲਾਲ ਕਵਾਈ ਕਾ ਅਰਥ ਸੁਰਖ ਦੁਸਾਲੇ ਮਾਤ੍ਰ ਕਰੇਂ ਤੌ ਗਡੇਰੜ ਨਾਮ ਭੇਡ ਕਾ ਹੈ। ਗਾਡੇਰਡ ਭੇਡੋ ਕੀ ਪਸਮ ਸੇ ਬਨੇ ਸੁਰਖ ਰੰਗ ਕੇ ਦੁਸਾਲਜੋ ਕਾ ਨਾਮ ਗਾਡੇਰੜ ਹੈ, ਯਥਾ- ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ।

**ਗਾਂਡੋ** ਦੇ. ਪ੍ਰ. ਗੰਨਾ, ਯਥਾ- ਰਸ ਕੋ ਗਾਂਡੋ ਚੂਸੀਐ।

**ਗਾਡੋ** ਦੇ. ਪੰ. ਦੇਹ ਰੂਪ ਗਡਾ, ਯਥਾ- ਧਰ ਤੂਟੀ ਗਾਡੋ ਸਿਰ ਭਾਰਿ। ਜਬ ਦੇਹ ਗਡੇ ਕੀ ਪ੍ਰਾਣ ਰੂਪੀ ਧੁਰ ਟੂਟ ਗਈ ਤਬ ਦੇਹ ਗਡਾ ਸਿਰ ਪਰਨੇ ਅਰਥਾਤ ਮਰ ਜਾਵੇ ਹੈ।

**ਗਾਢੇ** ਸੰ. ਦ੍ਰਿੜ, ਜੈਸੇ- ਗਾਢੇ ਗਢਾਨ ਕੇ ਤੋੜਨਹਾਰ। ਦ੍ਰਿਢ ਗੜ੍ਹੋਂ ਕੇ ਤੋੜਨੇ ਵਾਲੇ। ਗੰਢੇ, ਯਥਾ- ਤਿਨ ਕੂਰੇ ਗਾਢਨ ਗਾਢੇ।

**ਗਾਣਵੇ** ਗੁ. ਗਿਣਤੀ ਕੇ, ਯਥਾ- ਜੋ ਦਿਹ ਲਧੇ ਗਾਣਵੇ।

**ਗਾਤੀ** ਗੁ. ਮੁਕਤੀ।

**ਗਾਤੁ** ਦੇ. ਦੇਹ, ਯਥਾ- ਬਿਨਸਿ ਜੈਹੈ ਤੇਰੋ ਗਾਤੁ। ਇੰਦ੍ਰਯ। ਸੰ. ਗਾਤ੍ਰ। ਦੇ. ਪ੍ਰ. ਗਾਵਤਾ ਹੈ, ਜੈਸੇ- ਕੌਨ ਗਾਤ ਹੈ।

**ਗਾਤੇ** ਗੁ. ਮੁਕਤੀ, ਗਤਿ, ਯਥਾ- ਕਰਹੁ ਹਮਾਰੀ ਗਾਤੇ। ਪੁਨਾ- ਹਰਿ ਏਕਸੁ ਤੇ ਮੇਰੀ ਗਾਤੇ।

**ਗਾਥਾ** ਸੰ. ਕਥਾ, ਯਥਾ- ਗਾਥਾ ਗੂੰਫ ਗੋਪਾਲ ਕਥੰ ਮਥੰ ਮਾਨ ਮਰਦਨਹ। ਕਥੰ ਕਥਨ ਯੋਗ੍ਯ ਗੋਪਾਲ ਕੀ ਕਥਾ ਜੋ ਗੁੰਫ ਗੁੰਦੀ ਹੈ। ਸੋ ਮਥੰ ਮਥਨ ਭਾਵ ਬਿਚਾਰਨੇ ਸੇ, ਮਾਨ ਕੋ ਮਲਨੇ ਵਾਲੀ ਹੈ। ਤੀਨ ਖਟ ਨੌ ਆਦਿ ਤੁਕਾਂ ਵਾਲੇ ਛੰਦ ਜਿਨ ਕਾ ਨਾਮ ਲੋਕ ਬਿਸਨ ਪਦੇ ਬੋਲਤੇ ਹੈਂ। ਸਹੀ ਨਾਮ ਬਿਖਮ ਪਦੇ ਹੈਂ। ਸੰਸਕ੍ਰਿਤ ਕੇ ਪਿੰਗਲੋਂ ਮੇਂ ਬਿਖਮ ਪਦ ਅਰਥਾਤ ਤੀਨ ਖਟ ਆਦਿ ਤੁਕਾਂ ਵਾਲੇ ਛੰਦ ਗਾਥਾ ਨਾਮ ਸੇ ਲਿਖੇ ਹੈਂ।

**ਗਾਥੁ** ਗੁ. ਪਦਾਰਥ, ਯਥਾ- ਮਹਰਾਜ ਰੋ ਗਾਥੁ। ਪ੍ਰਮੇਸ੍ਵਰ ਕੇ ਰਚੇ ਪਦਾਰਥ। ਗਾਥ ਕਾ ਮੂਲ ਗ੍ਰਥਿਤ ਹੈ। ਗ੍ਰਥਿਤ ਗੁੰਥਨ ਕੀਏ ਅਰਥਾਤ ਰਚੇ ਜੋ ਪਦਾਰਥ, ਜੀਵ ਉਨਹੀ ਕੇ ਸਾਥ ਲੋਭੀ ਹੋ ਰਹਾ ਹੈ। ਕਥਾ।

**ਗਾਧ** ਸੰ. ਜਲ ਕੀ ਥਾਹ ਜਿਸ ਸੇ ਬਿਰੁਧ ਅਗਾਧ ਹੈ ; ਬਿਸ੍ਵਾ ਮਿਤ੍ਰ ਕਾ ਪਿਤਾ।

**ਗਾਨਾ** ਸੰ. ਗਾਵਨਾ।

**ਗਾਫਲ** ਅ. ਬੇਖਬਰ, ਅਸਾਵਧਾਨ, ਯਥਾ- ਕਹਾ ਗਾਫਲ ਸੋਇਆ।

**ਗਾਮ** ਗੁ. ਗਾਵਣਾ, ਯਥਾ- ਕਾਮਧੇਨ ਹਰਿ ਹਰਿ ਗੁਣ ਗਾਮ।

**ਗਾਮਨੀ** ਗੁ. ਜਾਨੇ ਵਾਲੀ ਮਾਯਾ, ਯਥਾ- ਨਹ ਸੰਗਿ ਗਾਮਨੀ।

**ਗਾਮੀ** ਸੰ. ਗਮਨ ਕਰਨੇ ਵਾਲਾ, ਯਥਾ- ਸੀਸੁ ਧਰਨਿ ਸਹਸ ਭਗ ਗਾਂਮੀ। ਪੁਨਾ- ਸੁਖਹ ਗਾਮੀ। ਸਦਾ ਆਨੰਦ ਮੇਂ ਬਿਚਰਨੇ ਵਾਲਾ।

**ਗਾਰ** ਦੇ. ਗੜਾ ਅਰਥਾਤ ਅਭਿਮਾਨ ਰੂਪ ਗੜਾ, ਯਥਾ- ਕੋਊ ਬਿਖਮ ਗਾਰ ਤੋਰੈ। ਫਾ. ਵਾਲਾ, ਯਥਾ- ਪਰਵਦਗਾਰ। ਪਾਲਨਾ ਕਰਨੇ ਵਾਲਾ।

**ਗਾਰਹੁ** ਗੁ. ਗਰਬੋਗੇ, ਯਥਾ- ਮਾਇਆ ਮਤ ਕਹਾ ਲਉ ਗਾਰਹੁ।

**ਗਾਰਗੀ** ਸੰ. ਬ੍ਰਹਮ ਗ੍ਯਾਨਣ ਅਵਧੂਤਣੀ ਇਸਤ੍ਰੀ। ਜੋ ਜਨਕ ਕੀ ਸਭਾ ਮੇਂ ਸਾਸਤ੍ਰਾਰਥ ਸਮੇ ਬੈਠਤੀ ਥੀ। ਇਸ ਸਮੇ ਕੇ ਲੋਗ ਇਸ ਕ੍ਰਿਯਾ ਕੋ ਨਾ ਪਸੰਦ ਕਰਤੇ ਹੈਂ। ਪਰੰਤੂ ਪੂਰਣ ਵਿਦ੍ਵਾਨ ਜਿਸ ਹਾਲ ਮੇਂ ਬਿਚਰੇ ਸਭਾ ਮੇਂ ਲਿਆਵਨਾ ਚਾਹੀਏ।

**ਗਾਰਬਿ** ਦੇ. ਬਡਆਈ ; ਅਭਿਮਾਨ, ਯਥਾ- ਗਾਰਬਿ ਅਟਿਆ। ਪੁਨਾ- ਕਾਇਤੁ ਗਾਰਬਿ ਹੰਢੀਐ। ਕਿਉ ਧਨਾਦਿਕੋਂ ਕੇ ਅਹੰਕਾਰ ਮੇਂ ਬਿਚਰੀਏ। ਪੁਨਾ- ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ। ਅਭਿਮਾਨ ਕੇ ਬਚਨ ਕਹੇ।

**ਗਾਰਵੁ** ਗੁ. ਗੌਰਵ, ਯਥਾ- ਧਨਹਿ ਕਿਆ ਗਾਰਵੁ ਦਿਜਇ। ਧਨ ਸੇ ਕਿਆ ਬਡਾਈ ਦੇਨੀ ਹੈ ਭਾਵ ਕੁਛ ਨਹੀਂ। ਸੰ. ਗੌਰਵ। ਅਭਿਮਾਨ ਸੇ, ਯਥਾ- ਗਾਰਬਿ ਲਦਿਆ ਜਾਵਹੋ।

**ਗਾਰਾ** ਦੇ. ਗਾਲਾਂ, ਯਥਾ- ਮੁਖ ਤੇ ਸੁਨਿ ਕਰਿ ਗਾਰਾ। ਪੰ. ਚਿਕੜ, ਯਥਾ- ਰਕਤ ਬੂੰਦ ਕਾ ਗਾਰਾ।

**ਗਾਰਿਆ** ਗੁ. ਮਿਲਾਇਆ, ਯਥਾ- ਘਸਿ ਕੁੰਕਮ ਚੰਦਨੁ ਗਾਰਿਆ।

**ਗਾਰੀ** ਦੇ. ਗਾਲੀ ਰੂਪ ਕਲੰਕ, ਯਥਾ- ਤਿਸ ਕੈ ਕੁਲਿ ਲਾਗੀ ਗਾਰੀ।

**ਗਾਰੀਆ** ਦੇ. ਪ੍ਰ. ਗਾਲੀਆਂ, ਜੈਸੇ- ਗਾਰੀਆ ਦੇਦੇ ਲੋਕ। ਗੁ. ਮਿਲਾਈਆ ਚੀਜਾਂ।

**ਗਾਰੁੜੀ** ਦੇ. ਗਰੜ ਮੰਤ੍ਰ ਜਾਨਨੇ ਵਾਲਾ, ਯਥਾ- ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ। ਜੈਸੇ ਦਸਨ (ਕਾਟਨੇ) ਸੇ ਰਹਿਤ ਭੁਜੰਗ ਹੋ ਜਾਤਾ ਹੈ, ਜਿਸ ਕੀ ਬਿਖ ਕੋ ਮੰਤ੍ਰ ਸੇ ਗਾਰੜ੍ਹ ਨਿਵਾਰ ਦੇਤਾ ਹੈ।

**ਗਾਰੁੜੁ** ਗੁ. ਸਰਪ ਕੀ ਬਿਖ ਨਾਸ ਕਰਨੇ ਵਾਲੇ ਗਰੜ ਮੰਤ੍ਰ ਸਮ ਗੁਰ ਮੰਤ੍ਰ ਅਰਥਾਤ ਅਗਜਾਨ ਬਿਖ ਨਾਸਕ ਉਪਦੇਸ, ਯਥਾ- ਤ੍ਰਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ।

**ਗਾਲ** ਪੰ. ਬਾਤਾਂ, ਯਥਾ- ਗਾਲ ਗਲੋਈਐ। ਗਾਲ ਕਰ, ਯਥਾ- ਹਿਵੈ ਗਾਲਿ ਗਾਲਿ ਤਨੁ ਛੀਜੈ। ਹਿਮਾਲੇ ਮੇਂ ਗਲਾ ਗਲਾ ਕਰ ਦੇਹ ਕਾ ਨਾਸ ਕਰੇ। ਗਾਲੀ, ਯਥਾ- ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ।

**ਗਾਲਾਇ** ਪੰ. ਪ੍ਰ. ਬੋਲ, ਯਥਾ- ਇਕੁ ਫਿਕਾ ਨ ਗਾਲਾਇ।

**ਗਾਲਾਇਓ** ਦੇ. ਸਿੰ. ਕਹਯਾ, ਯਥਾ- ਕਿਆ ਗਾਲਾਇਓ ਭੂਛ। ਯਵ. ਦਰੂਸ।

**ਗਾਲੀ** ਦੇ. ਬਾਤਾਂ, ਯਥਾ- ਗਾਲੀ ਰਬ ਕੀਆਂ। ਪੁਨਾ- ਗਾਲੀ ਹਰਿ ਨੀਹੁ ਨ ਹੋਇ। ਪੁਨਾ- ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ। ਪੰ. ਗਾਲਾਂ, ਜੈਸੇ- ਦੇਵੋ ਦੇਵੋ ਗਾਲੀਆ ਗਾਲ ਮਾਲ ਤੁਮ ਪਾਸਾ। ਹਮ ਗਾਲੀ ਨਾ ਹੋ ਸਕੇ ਦੇਨੇ ਮਾਹ ਨਿਰਾਸਾ।੧।

**ਗਾਵਸਿ** ਦੇ. ਗਾਇਨ ਕਰਤੇ, ਯਥਾ- ਜੋ ਸਮਰਥੁ ਸਰਬ ਗੁਣ ਨਾਇਕੁ ਤਿਸ ਕਉ ਕਬਹੁ ਨ ਗਾਵਸਿ ਰੇ।

**ਗਾਵਸੀ** ਗੁ. ਗਾਇ ਲੇਵਾ।

**ਗਾਵਹੀ** ਗੁ. ਗਾਯਨ ਕਰੇ ਹੈਂ, ਯਥਾ- ਮਿਲਿ ਸਹੀਆ ਮੰਗਲੁ ਗਾਵਹੀ।

**ਗਾਵਣਾ** ਦੇ. ਜਪਨਾ ਤੇਰੇ ਨਾਮੋਂ ਕੋ, ਯਥਾ- ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ।

**ਗਾਵਤੇ** ਦੇ. ਗਾਵਤੇ, ਯਥਾ- ਗਾਵਤੇ ਉਧਰਹਿ।

**ਗਾਵਨਹਾਰੀ** ਦੇ. ਗਾਵਨੇ ਵਾਲੇ ਕਥਾ ਕਰ ਲੋਕੋਂ ਕੋਂ ਪਰਬੋਧਨ ਵਾਲੇ ਪੰਡਿਤ, ਯਥਾ- ਗਾਵਨਹਾਰੀ ਗਾਵੈ ਗੀਤ।

**ਗਾਵਨਿ** ਗੁ. ਗਾਵੇ ਹੈਂ, ਯਥਾ- ਗਾਵਨਿ ਤੁਧਨੋ।

**ਗਾਵਨੀ ਨੀਕੀ** ਵਾ. ਗਾਵੇ ਹੈਂ ਗੰਧਰਬ ਅਪਸਰਾ ਸੁੰਦਰ ਗਾਯਨ।

**ਗਾਵਰ** ਗੁ. ਗਵਾਰ, ਯਥਾ- ਉਰਝਿ ਰਹਿਓ ਰੇ ਬਾਵਰ ਗਾਵਰ।

**ਗਾਵਾ** ਦੇ. ਗਾਯਨ ਕਰੋ, ਯਥਾ- ਤਦ ਹੀ ਗਾਵਾ। ਪੁਨਾ- ਜਬ ਦੇਖਾ ਤਬ ਗਾਵਾ। ਗ੍ਰਾਮ ਮੇਂ, ਯਥਾ- ਦੇਹੀ ਗਾਵਾ ਜੀਉ ਧਰ ਮਹਤਉ। ਈਹਾ 'ਆ' ਕਾ 'ਮੇਂ' ਅਰਥ ਹੈ। ਗਾਵ ਗ੍ਰਾਮ ਮੇਂ, ਯਥਾ- ਬਿਖੈ ਬਿਆਧਿ ਕੇ ਗਾਵ ਮਹਿ ਬਾਸੁ। ਬਿਖੇ ਰੂਪ ਅਹੇੜੀ ਕੇ ਗਾਮ ਮੇਂ ਵਾਸਾ ਹੈ।

**ਗਾਵਾਧਾ** ਗੁ. ਗਾਏ ਹੈਂ, ਯਥਾ- ਗੁਣ ਗੋਬਿੰਦ ਗੁਰਮੁਖਿ ਗਾਵਾਧਾ।

**ਗਾਵਿਆ** ਦੇ. ਕਹਿਆ, ਯਥਾ- ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ।

**ਗਾਵੀਤਾ** ਗੁ. ਗਾਵਤੇ ਹੈਂ, ਜੈਸੇ- ਨਾਨਕ ਹਰਿ ਰਸ ਗਾਵੀਤਾ।

**ਗਾਵੈ** ਦੇ. ਗਾਯਨ ਕਰੇ ; ਕਹੇ, ਯਥਾ- ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।

**ਗਾੜਾ** ਦੇ. ਸਘਨਾ, ਦ੍ਰਿਢ, ਯਥਾ- ਤਲਿ ਗਾੜਾ ਮਹਰੇਰੁ।

**ਗਿਆ** ਦੇ. ਪਹੁਚਿਆ।

**ਗਿਆਸ** ਗੁ. ਏਕਾਦਸੀ, ਯਥਾ- ਬ੍ਰਹਮਨ ਗਿਆਸ ਕਰਹਿ ਚਉਬੀਸਾ। ਦੇ. ਗਿਆਰਸ।

**ਗਿਆਤ** ਦੇ. ਸਮਝ। ਸੰ. ਜਾਣੀ ਹੂਈ ਵਸਤੂ।

**ਗਿਆਤਾ** ਦੇ. ਜਾਨਨੇ ਵਾਲਾ ਹੋ, ਯਥਾ- ਕਿਆ ਜਲਿ ਬੋਰਿਓ ਗਿਆਤਾ। ਸੰ. ਗ੍ਯਾਨ।

**ਗਿਆਨ ਅੰਜਨੁ** ਦੇ. ਆਤਮ ਗ੍ਯਾਨ ਰੂਪ ਸੁਰਮਾ, ਯਥਾ- ਗਿਆਨ ਅੰਜਨੁ ਗੁਰਿ ਦੀਆ। ਪੁਨਾ- ਗਿਆਨ ਅੰਜਨੁ ਭੈ ਭੰਜਨਾ।

**ਗਿਆਨੁ** ਦੇ. ਜਾਨਨਾ ਸੋ ਦੋ ਪ੍ਰਕਾਰ ਕਾ ਹੈ ਏਕ ਨਿਰ ਵਿਕਲਪਕ ਦੂਸਰਾ ਸਵਿਕਲਪਕ ; ਕੁਛ ਹੈ ਐਸਾ ਵਸਤ ਕੇ ਸ੍ਵਰੂਪ ਮਾਤ੍ਰ ਕਾ ਗ੍ਯਾਨ, ਨਿਰਵਿਕਲਪਕ ਹੈ। ਵਸਤੁ ਕੇ ਗੁਣ ਕਾ ਕ੍ਰਿਯਾਦਿਕੋਂ ਕਾ ਗ੍ਯਾਨ ਸਵਿਕਲਪਕ ਹੈ। ਸੋ ਸਵਿਕਲਪਕ ਸੰਸਯ, ਬਿਪਰਜੇ, ਸਿਮ੍ਰਿਤੀ, ਸਾਦ੍ਰਿਸ੍ਯ, ਨਿਸਚਯ, ਊਹਾ, ਅਨਧ੍ਯਵਸਾਯ ਅਨੁਭਵਾਦਿ ਭੇਦੋਂ ਸੇ ਅਨੇਕ ਪ੍ਰਕਾਰ ਕਾ ਹੈ। ਸੰ. ਗ੍ਯਾਨ, ਯਥਾ- ਗਿਆਨੁ ਧਿਆਨੁ ਗੁਣ ਸੰਜਮੁ ਨਾਹੀ।

**ਗਿੜਾਇਆ** ਪੰ. ਹਿਲਾਇਆ, ਯਥਾ- ਸਾਧ ਕ੍ਰਿਪਾਲਿ ਹਰਿ ਸੰਗਿ ਗਿੜਾਇਆ।

**ਗਿੜਾਵੇ** ਗੁ. ਮਿਲ ਜਾਤੇ ਹੈਂ।

**ਗਿੰਦ** ਗੁ. ਗੇਂਦ, ਖੁੱਦੋ, ਫਿੰਡ ਸੇ, ਯਥਾ- ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।

**ਗਿਧਾ** ਪੰ. ਗਿੜਿਆ, ਹਿਲ੍ਯਾ, ਜੈਸੇ- ਮੇਰਾ ਮਨ ਹਰਿ ਰਸ ਗਿਧਾ। ਹਾਥੋਂ ਕੀ ਤਾੜੀ ਬਜਾਵਨੀ।

**ਗਿਨ** ਦੇ. ਗਿਨਤੀ ਕਰ ਅਰਥਾਤ ਬਿਚਾਰ, ਜੈਸੇ- ਵੇਦ ਪੁਰਾਨ ਸਭੀ ਗਿਨ ਹਾਰੇ ਇਕ ਤਿਲ ਕੀਮ ਨ ਪਾਈ।

**ਗਿਰਸਤਿ** ਗੁ. ਗ੍ਰਸਿਆ ਹੂਆ, ਯਥਾ- ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ। ਪੁਨਾ- ਜਿਉ ਗ੍ਰਸਤ ਬਿਖਈ ਧੰਧ।

**ਗਿਰਹ** ਪੰ. ਗਾਂਠ, ਯਥਾ- ਮੋਹ ਮਗਨ ਲਪਟਿਓ ਭ੍ਰਮ ਗਿਰਹ। ਗਿਰਸ੍ਤ ਕੇ, ਯਥਾ- ਵਿਚੇ ਗਿਰਹ ਉਦਾਸੁ।

**ਗ੍ਰਿਹ** ਸੰ. ੧. ਸੂਰਯ ੨. ਚੰਦ ੩. ਮੰਗਲ ੪. ਬੁਧ ੫. ਬ੍ਰਿਹਸਪਤਿ ੬. ਸੁਕ੍ਰ ੭. ਛਨਿਛਰ ੮. ਰਾਹੂ ੯. ਕੇਤੂ, ਯੇ ਨਵ ਗ੍ਰਹ ਹੈਂ। ਦੇ. ਘਰ, ਯਥਾ- ਅੰਧ ਕੂਪ ਗ੍ਰਿਹ ਮਹਿ।

**ਗਿਰਹਾ** ਗੁ. ਗਠਾ ਸਾਥ, ਯਥਾ- ਗਿਰਹਾ ਸੇਤੀ ਮਾਲੁ ਧਨੁ। ਵਾ ਇੰਦ੍ਰ ਕੇ ਸਾਥ ਕਾ ਮਾਲ ਧਨ। ਗਿਰ ਪਰਬਤ ਕਾ ਨਾਮ ਹੈ, ਬੱਜ੍ਰ ਸੇ ਤਿਨ ਕੋ ਹਨਨ ਕਰਨੇ ਸੇ ਗਿਰਹਾ ਨਾਮ ਇੰਦ੍ਰ ਕਾ ਹੈ।

**ਗ੍ਰਿਹਾਰਥ ਕਹ** ਗੁ. ਘਰ ਔ ਘਰ ਕੇ ਪਦਾਰਥੋਂ ਕੇ ਸਨੇਹ ਕੋ ਧਿਕਾਰ ਹੈ, ਯਥਾ- ਧ੍ਰਿਗ ਸ੍ਨੇਹੰ ਗ੍ਰਿਹਾਰਥਕਹ।

**ਗਿਰਹੀ** ਗੁ. ਗ੍ਰਿਹ ਵਾਲੇ ਕਾ, ਯਥਾ- ਗਿਰਹੀ ਕਾ ਸਤੁ ਦਾਨੁ।

**ਗਿਰਹੀ ਕਾ** ਗੁ. ਗ੍ਰਿਸਤੀ ਕੀ ਚੂਲੀ, ਯਥਾ- ਗਿਰਹੀ ਕਾ ਸਤੁ ਦਾਨੁ।

**ਗਿਰਹੋ** ਗੁ. ਘਰਵਾਲਾ ਹੀ, ਯਥਾ- ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ। ਐਸੇ ਸੰਨ੍ਯਾਸ ਸੇ ਗ੍ਰਹਸਥ ਹੀ ਚੰਗਾ ਹੈ।

**ਗਿਰੰਤ** ਗੁ. ਗਿਰ ਕੇ ਪਰਬਤ ਸੇ, ਯਥਾ- ਗਿਰੰਤ ਗਿਰਿ ਪਤਿਤ ਪਾਤਾਲੰ। ਗਿਰ ਕੇ ਪਰਬਤ ਸੇ ਜੇਕਰ ਪੜੇ ਪਾਤਾਲ ਮੇਂ ਤਬ ਭੀ ਵੈਸੀ ਚਿੰਤਾ ਨਹੀਂ।

**ਗਿਰਧਰ** ਸੰ. ਗੋਵਰਧਨ ਪਰਬਤ ਧਾਰਨੇ ਵਾਲਾ ਕ੍ਰਿਸ੍ਨ, ਜੈਸੇ- ਮੀਰਾ ਕੇ ਪ੍ਰਭ ਗਿਰਧਰ ਨਾਗਰ।

**ਗਿਰਫਤਹ** ਫਾ. ਪਕੜੇ ਹੈਂ, ਯਥਾ- ਮਮ ਸਰ ਮੁਇ ਅਜਰਾਈਲ ਗਿਰਫਤਹ।

**ਗਿਰੰਬਾਰੀ** ਵਾ. ਪਰਬਤੋਂ ਔ ਸਮੁੰਦ੍ਰੋਂ ਕੀ ਪਾਤਸਾਹੀ, ਯਥਾ- ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ। ਜਿਨ ਕੀ ਪਰਬਤੋਂ ਸਮੁਦ੍ਰੋਂ ਭਾਵ ਜਲੋ ਥਲੋ ਮੇਂ ਬਡੀ ਸਾਹਬੀ ਥੀ ਵਹੁ ਸਭੀ ਸੁਪਨ ਹੋ ਗਏ। ਵਾ ਬਡੇ ਬੋਝ ਵਾਲੀ ਅਰਥਾਤ ਚਕ੍ਰਵਰਤੀ ਜਿਨ ਕੀ ਪਾਤਸਾਹਤ ਥੀ ਸੋ ਸਭ ਸੁਪਨ ਹੋ ਗਏ। ਫਾ. ਗਿਰਾਂਬਾਰੀ।

**ਗਿਰਾਇ** ਦੇ. ਤਲੇ ਫੈਂਕ, ਨੀਚੇ ਗੇਰ।

**ਗਿਰਾਸਿ** ਦੇ. ਖਾਨੇ ਸਮੇ, ਯਥਾ- ਸਾਸਿ ਗਿਰਾਸਿ ਨ ਵਿਸਰੈ।

**ਗਿਰਾਹ** ਦੇ. ਗਿਰਾਸ, ਯਥਾ- ਤੀਜੈ ਮੁਹੀ ਗਿਰਾਹ। ਗਾਠ ਮੇ, ਯਥਾ- ਪਰੰਦਏ ਨ ਗਿਰਾਹ ਜਰ।

**ਗਿਰਿ** ਗੁ. ਪਰਬਤ ਸੇ, ਯਥਾ- ਗਿਰੰਤ ਗਿਰਿ ਪਤਿਤ ਪਾਤਾਲੰ।

**ਗਿਰਿਵਰ** ਸੰ. ਸ੍ਰੇਸ੍ਰ ਪਰਬਤ, ਯਥਾ- ਜਉ ਤੁਮ ਗਿਰਿਵਰ ਤਉ ਹਮ ਮੋਰਾ।

**ਗਿਰੀ** ਦੇ. ਪਰਬਤ, ਯਥਾ- ਕਈ ਕੋਟਿ ਗਿਰੀ ਮੇਰ ਸੁਵਰਨ ਥੀਏ। ਕਈ ਕ੍ਰੋੜ ਪਰਬਤ ਸੁਮੇਰ ਸੁਵਰਣ ਕੇ ਹੋਵੇ ਹੈ। ਯਹ ਬਚਨ ਕਲਪ ਭੇਦ ਸੇ ਵਾ ਪ੍ਰਾਤਿਭਾਸਕ ਸ੍ਰਿਸ੍ਰਿ ਕੇ ਅੰਗੀਕਾਰ ਸੇ ਸਾਰਥਕ ਹੈ।

**ਗਿਰੀ ਮੇਰੁ** ਵਾ. ਪਰਬਤ ਸੁਮੇਰ।

**ਗਿਰੀਵਾਨ** ਦੇ. ਕੁੜਤੇ ਕੇ ਗਲਾਵੇ ਮੇਂ ਮੁਖ ਕਰਕੇ ਭਾਵ ਸੇ ਅਹੰਕਾਰ ਛੋਡ ਅੰਤਰਮੁਖ ਹੋ ਕੇ, ਯਥਾ- ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।

**ਗਿਲ** ਸੰ. ਨਿਗਲ।

**ਗਿਲੀ** ਦੇ. ਭਿਜੀ ਹੂਈ, ਨਮਦਾਰ, ਯਥਾ- ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ। ਜੋ ਗਿਲੀ ਗੁੜ ਕੀ ਰੋਡੜੀ, ਕੰਕਰੀ ਹੈ ਉਸ ਪੈ ਮੱਖੀ ਬਾਰੰਬਾਰ ਫਿਰ ਕੇ ਆਇ ਬੈਠੇ ਹੈ ਅਰ ਜੋ ਬੈਠਤੀ ਹੈ ਸੋ ਪੰਖ ਬੀਸ ਧਸ ਜਾਨੇ ਸੇ ਫਸ ਜਾਤੀ ਹੈ। ਤੈਸੇ ਜੋ ਜਨ ਸੁੰਦ੍ਰ ਪਦਾਰਥੋਂ ਕੇ ਚਮਤਕਾਰ ਦੇਖ ਵਿਖਯੋਂ ਮੇਂ ਫਸੇਂਗੇ, ਵਹੁ ਬਾਰ ਬਾਰ ਉਨ ਕੇ ਪ੍ਰੇਮ ਸੇ ਜਨਮ ਧਾਰੇਂਗੇ। ਉਬਰੇਂਗੇ ਤਬ ਜਬ ਉਪਦੇਸ ਲੇ ਬਿਰਕ੍ਤ ਹੋਵੇਂਗੇ ; ਨਿਗਲੀ, ਜੈਸੇ- ਸਾਪ ਨੇ ਮੇਡਕ ਨਿਗਲੀ। ਮਟੀ ਕਾ, ਜੈਸੇ- ਗਿਲੀ ਬਰਤਨ।

**ਗਿੜਗਿੜ** ਦੇ. ਦੀਨਤਾ ਕੇ ਬਚਨ।

**ਗਿੜਵੜੀ** ਗੁ. ਗਿਰੋਂ ਤੁੱਲਜ ਬਡੀ ਉਚੀ, ਯਥਾ- ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ। ਜਿਨ ਕੇ ਮਸਾਲੇਦਾਰ ਚੂਨਾ ਲਗਾ ਥਾ ਐਸੀ ਪਰਬਤੋਂ ਸਰੀਖੀ ਉਚੀ ਧੌਲਹਰੀ ਹਵੇਲੀਆਂ ਗਿਰਤੀ ਦੇਖੀਂ।

**ਗਿੜਿ** ਪੰ. ਫੇਰੀ ਲੈ ਕੇ ਮੁੜਤੇ ਹੁਏ, ਯਥਾ- ਗਿੜਿ ਮੁੜਿ ਪੂਰਹਿ ਤਾਲ। ਨ੍ਰਿਤ ਸਮੇ ਫਿਰ ਕਰ ਕੇ ਤਾਲ ਕਾਲ ਕ੍ਰਿਆ ਕਾ ਮਾਪ ਪੂਰਾ ਕਰੇ ਹੈਂ ; ਡਿਗ।

**ਗੀਓ** ਗੁ. ਗਇਓ, ਯਥਾ- ਤਾਪੁ ਸੰਤਾਪੁ ਮੇਰਾ ਬੈਰੁ ਗੀਓ।

**ਗੀਅ** ਗੁ. ਗੀਤ, ਯਥਾ- ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ। ਏਕ ਪੁਰਖੋਂ ਕੋ ਨਾਭੀ ਦੇਸ ਸੇ ਉਠ ਬ੍ਰਹਮਰੰਧ੍ਰ ਪ੍ਰਜੰਤ ਪਹੁਚ ਸਬਦ ਕਰਨੇ ਵਾਲੇ ਨਾਦ, ਪ੍ਰਾਣ ਬ੍ਰਿਤੀ ਕਾ ਆਨੰਦ ਨਹੀਂ। ਪੁਨਾ ਬੇਦ ਕੇ ਕਹੇ ਕਰਮਾਦਿਕੋਂ ਕੇ ਸ੍ਵਰੂਪੋਂ ਕੋ ਨਾ ਜਾਨਨੇ ਸੇ ਬੇਦ ਕਾ ਆਨੰਦ ਨਹੀਂ। ਪੁਨਾ ਗੀਅ, ਗੀਤ ਕੇ ਖਰਜਾਦਿ ਸਾਤ ਸ੍ਵਰ ਤੀਨ ਗ੍ਰਾਂਮ ਇਕੀਸ ਮੂਹਛਨਾ ਕਾ ਗ੍ਯਾਨ ਨਾ ਹੋਨੇ ਸੇ ਗੀਤ ਭਾਵ ਰਾਗ ਕਾ ਅਨੰਦ ਨਹੀਂ। ਯਾਹੀ ਤੇ ਅਰਥ ਸਹਿਤ ਅਕਾਰਾਦਿ ਏਕ ਬਰਣ ਮਾਤ੍ਰ ਕਾ ਵਾ ਪੂਰਬ ਕਹੇ ਨਾਦਾਦਿਕੋਂ ਕੇ ਸ੍ਵਰੂਪੋਂ ਕੇ ਨਾ ਜਾਨਨੇ ਵਤ ਅਖਰ ਅਬਿਨਾਸੀ ਪਰਮਾਤਮਾ ਕਾ ਗੁਰੋਂ ਕੇ ਉਪਦੇਸ ਦ੍ਵਾਰਾ ਮਰਮ ਨਹੀਂ ਜਾਨਤੇ ਭਾਵ ਯਹ ਨਾ ਜੋਗਾਭ੍ਯਾਸੀ ਹੈਂ, ਨਾ ਪੰਡਿਤ ਹੈਂ, ਨਾ ਗਵਈਏ ਹੈਂ, ਨਾ ਆਤਮਵੇਤਾ ਹੈਂ, ਵਹੁ ਅਸਲ ਖਰ ਹੈ।

**ਗੀਤ** ਸੰ. ਗਾਯਨ ਯੋਗਜ ਪਦ, ਯਥਾ- ਗਿਆਨ ਵਿਹੂਣਾ ਗਾਵੈ ਗੀਤ।

**ਗੀਤ ਨਾਦ** ਗੁ. ਗਾਵਨ ਸੁੰਦਰ ਪਦੋਂ ਕਾ, ਯਥਾ- ਗੀਤ ਨਾਦ ਅਖਾਰੇ ਸੰਗਾ।

**ਗੀਤਾ** ਸੰ. ਗੁਰੁ ਸਿਖ੍ਯ ਭਾਵ ਕਲਪ ਕੇ, ਤਿਨ ਕੇ ਪ੍ਰਸ਼ੋਤਰ ਰੂਪ ਰਚਨਾ ਕਾ ਨਾਮ ਗੀਤਾ ਹੈ। ਐਸੀ ਰਚਨਾ ਰਾਮ ਗੀਤਾ, ਅਵਧੂਤ ਗੀਤਾ, ਗੁਰੁ ਗੀਤਾ, ਭਗਵਤ ਗੀਤਾ ਆਦਿ ਬਹੁਤ ਹੈ। ਤੌ ਭੀ ਗੀਤਾ ਪਦ ਕੀ ਬਹੁਧਾ ਪ੍ਰਸਿਧੀ ਭਗਵਤ ਗੀਤਾ ਮੇਂ ਹੀ ਹੈ। ਸੋਈ 'ਪ੍ਰਣਵੈ ਨਾਮਾ ਇਉ ਕਹੈ ਗੀਤਾ' ਇਸ ਪਾਠ ਮੇਂ ਕਹੀ ਹੈ।

**ਗੀਧਾ** ਪੰ. ਗਿਝਿਆ, ਹਿਲਿਆ, ਯਥਾ- ਨਾਨਕ ਗੀਧਾ ਹਰਿ ਰਸ ਮਾਹਿ।

**ਗੀਧੇ** ਪੰ. ਗਿਝੇ, ਹਿਲੇ, ਪ੍ਰੇਮ ਸੇ ਉਸ ਓਰ ਕੇ ਪੂਰੇ ਖ੍ਯਾਲ ਵਾਲੇ ਭਏ, ਯਥਾ- ਰਸ ਗੀਧੇ ਹਰਿ ਸਿਉ ਬੀਧੇ।

**ਗੀਰ** ਫਾ. ਪਕੜਨੇ ਵਾਲਾ, ਯਥਾ- ਕਸ ਨੇਸ ਦਸਤੰਗੀਰ। ਸੰ. ਬਾਣੀ।

**ਗੁਆਉ** ਗੁ. ਕਥਨ, ਯਥਾ- ਏਵੈ ਕਰੇ ਗੁਆਉ। ਬਜਰਥ ਹੀ ਕਥਨ ਕਰੇ ਹੈਂ।

**ਗੁਸਲ** ਫਾ. ਇਸਨਾਨ, ਨਾਵਣਾ, ਯਥਾ- ਗੁਸਲ ਕਰਦਨ ਬੂਦ।

**ਗੁਸਾ** ਫਾ. ਕ੍ਰੋਧ, ਯਥਾ- ਗੁਸਾ ਮਨਿ ਨ ਹਢਾਇ। ਕ੍ਰੋਧ ਕੋ ਮਨ ਮੇਂ ਮਤ ਧਾਰਣ ਕਰ।

**ਗੁਸਾਈ** ਦੇ. ਗੋਸ੍ਵਾਮੀ ਗੋ ਸੇ ਗੁ ਸ੍ਵਾਮੀ ਸੇ ਸਾਂਈ ਹੋ ਕਰ ਗੁਸਾਈ ਨਾਮ ਬਨਾ ਹੈ। ਗੋ ਪਦ ਕੇ ਅਰਥ ਬਹੁਤ ਹੈਂ। ਸਭ ਅਰਥੋਂ ਮੇਂ ਸੇ ਬਡੀ ਵਡਿਆਈ ਪ੍ਰਸਿਧ ਕਰਨੇ ਹੇਤ ਭੂਮੀ ਔ ਵੇਦ ਲੇਨੇ। ਯਾ ਤੇ ਗੁਸਾਈ ਪਦ ਕਾ ਅਰਥ ਪ੍ਰਿਥਵੀ ਔ ਵੇਦ ਕਾ ਪਤੀ ਪ੍ਰਮੇਸ੍ਵਰ ਹੈ।

ਅਪਨੇ ਕੋ ਬਡਾ ਕਹਾਨੇ ਵਾਸਤੇ ਸਭ ਸੇ ਪਹਲੇ ਯਹ ਨਾਮ, ਇਨ ਦਿਨੋਂ ਮੇਂ ਜਗਤ ਗੁਰੂ ਕਹਾਵਨੇ ਵਾਲੇ ਵਡ ਸੰਕਰ ਮਤ ਕੇ ਦੰਡੀ ਸੰਨਯਾਸੀਯੋਂ ਨੇ ਅਪਨੇ ਮੇਂ ਪ੍ਰਸਿਧ ਕੀਆ। ਪੀਛੇ ਦੰਡੀਯੋਂ ਕੇ ਪੰਥੀ ਹੋਨੇ ਤੇ ਗਿਰੀ ਪੁਰੀ ਨਾਮੋਂ ਵਾਲੇ ਅਵਧੂਤੋਂ ਨੇ ਅਪਨੇ ਮੇਂ ਪ੍ਰਸਿਧ ਕੀਆ ਜਿਨ ਕਾ ਅਬ ਭੀ ਗੁਸਾਈ ਨਾਮ ਪ੍ਰਸਿਧ ਹੈ। ਸੰਨਯਾਸੀਯੋਂ ਸੇ ਪੀਛੇ ਬੈਰਾਗੀਯੋਂ ਕੇ ਬਡੇ ਆਚਾਰਯੋਂ ਨੇ ਅਪਨੇ ਮੇਂ ਥਾਪਾ। ਸਮਾ ਪਾਇ ਅਨਜਾਨੋਂ ਕੇ ਮੁਖ ਚੜ ਬਿਗੜ ਕੇ ਗੁਸਾਈ ਬਨ ਗਯਾ। ਵਰਤਮਾਨ ਕਾਲ ਮੇਂ ਯਹ ਨਾਮ ਮਠ ਧਾਰੀ ਸੰਨਯਾਸੀ ਔ ਬਿਸਨੁ ਸ੍ਵਾਮੀ ਸੰਪ੍ਰਦਾਯ ਕੇ ਗੋਕਲੀ ਬ੍ਰਾਹਮਣੋਂ ਮੇਂ ਪ੍ਰਸਿਧ ਹੈ। ਜਿਨ ਕੋ ਲੋਕ ਗੋਕਲੀ ਗੁਸਾਂਈ ਬੋਲਤੇ ਹੈਂ। ਮਾਰਵਾੜ ਦੇਸ ਮੇਂ ਸ੍ਵਾਮੀ ਕਾ ਸਾਈ ਬਨੇ ਵਡ ਸਯਾਮੀ ਬੋਲਤੇ ਹੈਂ। ਇਸ ਲੀਏ ਸਾਧ ਮਾਤ੍ਰ ਕੋ ਸਯਾਮੀ ਜੀ ਕਹਤੇ ਹੈਂ। ਸਚਾ ਗੋਸ੍ਵਾਮੀ ਨਾਮ ਪ੍ਰਮੇਸ੍ਵਰ ਕਾ ਹੈ। ਯਾਹੀ ਭਾਵ ਸੇ ਕਹਾ ਹੈ- ਗੁਸਾਂਈ ਪਰਤਾਪ ਤੁਹਾਰੋ ਡੀਠਾ।

**ਗੁਹਜ** ਗੁ. ਗੁਪਤ, ਯਥਾ- ਗੁਹਜ ਕਥਾ ਇਹ ਗੁਰ ਤੇ ਜਾਣੀ। ਸੰ. ਗੁਹਯ।

**ਗੁਹਜ ਕਥਾ** ਦੇ. ਗੁਪਤ ਉਪਦੇਸ, ਯਥਾ- ਗੁਹਜ ਕਥਾ ਇਹ ਗੁਰ ਤੇ ਜਾਣੀ।

**ਗੂੰਗ** ਦੇ. ਗੂੰਗਾ, ਮੂਕ, ਯਥਾ- ਕਹਾ ਬਿਸਨਪਦ ਗਾਵੈ ਗੂੰਗ।

**ਗੁਛ** ਸੰ. ਗੁਛਾ ਪੁਸਪਾਦਿਕੋਂ ਕਾ।

**ਗੁੰਜ** ਸੰ. ਅਵਾਜ ਭ੍ਰਮਰਾਦਿਕੋਂ ਕੀ ; ਰਤਿਕ ਜਿਸ ਕੇ ਸਾਥ ਸੁਨਿਆਰ ਸੁਵਰਣ ਤੋਲਤੇ ਹੈਂ।

**ਗੁਜਰਾਵੈ** ਦੇ. ਬੇਨਤੀ ਸੁਨਾਵੇ ; ਪ੍ਰਾਰਥਨਾ ਪਹੁਚਾਵੇ, ਯਥਾ- ਮੋ ਗਰੀਬ ਕੀ ਕੋ ਗੁਜਰਾਵੈ।

**ਗੁਜਰੀ** ਦੇ. ਅਹੀਰਨੀ, ਮਾਨੋ ਨਾਸ ਹੂਈ, ਜੈਸੇ- ਮੁਰਲੀ ਸੁਨ ਕੇ ਗੁਜਰੀ ਗੁਜਰੀ। ਬਿਤੀਤ ਹੂਈ।

**ਗੁਜਾਰਉ** ਗੁ. ਨਿਵਾਜ ਪੂਰੀ ਕਰੋਗਾ, ਯਥਾ- ਸੁਬਹ ਨਿਵਾਜ ਸਰਾਇ ਗੁਜਾਰਉ।

**ਗੁਝੜਾ** ਪੰ. ਛਪਾ ਹੂਆ, ਯਥਾ- ਗੁਝੜਾ ਲਧਮੁ ਲਾਲੁ।

**ਗੁਝਾ** ਪੰ. ਗੁਪਤ, ਯਥਾ- ਨਾਮੁ ਰਤਨੁ ਲੈ ਗੁਝਾ ਰਖਿਆ। ਲੁਕੀ, ਛਪੀ, ਯਥਾ- ਗੁਝੀ ਛੰਨੀ ਨਾਹੀ ਬਾਤ। ਪੁਨਾ- ਠਗੀ ਗੁਝੀ ਨਾ ਰਹੈ। ਸੰ. ਗੁਹਯ।

**ਗੁਝੀ ਭਾਹਿ** ਗੁ. ਈਰਖਾ ਚਿੰਤਾ ਰੂਪ ਗੁਪਤ ਅਗਨਿ ਮੇ, ਯਥਾ- ਦੁਨੀਆ ਗੁਝੀ ਭਾਹਿ।

**ਗੁਟੇਇ** ਗੁ. ਪੀਤੇ ਹੈ, ਛਕਤੇ ਹੈਂ, ਜੈਸੇ- ਅਮੀਧਾਰ ਗੁਟੇਇ।

**ਗੁਣ** ਸੰ. ਰੱਜੁ, ਰੱਸੀ, ਯਥਾ- ਹਰਿ ਬਿਸਰਤ ਤੇਰੇ ਗੁਣ ਗਲਿਆ। ਹਰਿ ਕੇ ਬਿਸਰਨੇ ਸੇ ਜਮੋਂ ਕੀ ਰਸੀ ਤੇਰੇ ਗਲ ਮੇਂ ਪੜੇਗੀ। ਦਯਾਲੁਤਾਦਿ ਸੁਭਾਵ, ਯਥਾ- ਸਚੇ ਕੇ ਗੁਣ ਸਾਰਿ। ਸਚੇ ਦਯਾਲੁਤਾਦਿ ਗੁਣੋਂ ਕੋ ਸਮਾਲਿਆ ਹੈ। ਧਨੁਖ ਕਾ ਚਿੱਲਾ ; ਗ੍ਯਾਨ, ਯਥਾ- ਗੁਣ ਕਾ ਗਾਹਕੁ ਜੇ ਮਿਲੈ। ਬਿਨਯਾਦਿਕ ਦੈਵ ਗੁਣ ; ਸਾਂਖ੍ਯ ਮਤ ਮੇਂ ਪੁਰਖ ਕੀ ਭੁਗਤਿ ਮੁਕਤਿ ਕੇ ਸਾਧਨ ਰਜ ਸਤ ਤਮ ਗੁਣ ; ਗੌਣ, ਨਾ ਮੁਖ੍ਯ ਵਸਤੂ, ਜੈਸੇ ਪੁਰਖ ਮੇਂ ਉਲੂ ਨਾਮ ਗੌਣ ਹੈ ; ਨਯਾਯ ਮਤ ਮੇਂ ਰੂਪ ਰਸਾਦਿ ਚੌਬੀਸ ; ਅਲੰਕਾਰ ਗ੍ਰੰਥ ਮੇਂ ਕਹੇ ਓਜ ਪ੍ਰਸਾਦ ਮਾਧੁਰਜ ਤੀਨ ; ਉਤਕਰਖ, ਅਧਿਕਰਤਾ ; ਦੂਰਬਾ, ਖੱਬਲ ਘਾਸ ; ਆਬ੍ਰਿਤੀ ; ਫੇਰਨਾ ਜਿਸ ਕਾ ਨਾਮ ਗਣਤ ਮੈ ਗੁਣਨਾ ਪ੍ਰਸਿਧ ਹੈ ; ਬਯਾਕਰਣ ਮੇਂ ਅ ਓ ਏ ਤੀਨ ਅਖਰੋਂ ਕਾ ਨਾਮ ਹੈ। ਬਿਬੇਕਾਦਿ, ਯਥਾ- ਗੁਣ ਵਿਚਾਰੇ ਗਿਆਨੀ ਸੋਇ।

**ਗੁਣ ਅੰਗਾ** ਗੁ. ਅੰਗੋਂ ਕੇ ਗੁਣ ਅਰਥਾਤ ਭਗਵਾਨ ਕੇ ਨਖ ਸਿਖਾਦਿ ਅੰਗੋਂ ਕੀ ਉਸਤਤੀ, ਯਥਾ- ਬਰਨਿ ਨ ਸਾਕਉ ਗੁਣ ਅੰਗਾ।

**ਗੁਣ ਸੰਘਰੈ** ਗੁ. ਅਪਨੇ ਮੇਂ ਗੁਣੋਂ ਸੰਗ੍ਰਹ ਕਰਤੇ ਹੈਂ, ਯਥਾ- ਗੁਣਕਾਰੀ ਗੁਣ ਸੰਘਰੈ।

**ਗੁਣ ਸਾਖੀ** ਵਾ. ਗੁਣੋਂ ਕਾ ਸਾਖ੍ਯਾਤ ਦ੍ਰਸਟਾ, ਯਥਾ- ਧਨੁ ਗੁਪਾਲ ਗੁਣ ਸਾਖੀ।

**ਗੁਣ ਸਾਰਿਆ** ਵਾ. ਸਚੇ ਕੇ ਗੁਣੋਂ ਕੋ ਸਮਾਲਿਆ ਹੈ ਭਾਵ ਯਾਦ ਕੀਏ ਹੈਂ, ਯਥਾ- ਸਾਚੁ ਮਨਿ ਗੁਣ ਸਾਰਿਆ।

**ਗੁਣ ਕਾਮਣ** ਦੇ. ਉਤਮ ਗੁਣੋਂ ਕਾ ਧਰਨ ਸ੍ਵਰੂਪ ਯਾਦੂ ਟੂਣਾ, ਯਥਾ- ਗੁਣ ਕਾਮਣ ਕਾਮਣਿ ਕਰੈ।

**ਗੁਣ ਗਾਇ** ਦੇ. ਪ੍ਰਮੇਸ੍ਵਰ ਕੇ ਜਸ ਕੋ ਕਥਨ ਕਰ, ਯਥਾ- ਗੁਣ ਗਾਇ ਗੁਣੀ ਸਮਝਾਵਣੀ।

**ਗੁਣ ਗਾਮ** ਦੇ. ਗੁਣੋਂ ਕਾ ਸਮੂਹ, ਯਥਾ- ਕਲਿਆਣ ਰੂਪ ਮੰਗਲ ਗੁਣ ਗਾਮ। ਗੁਣੋਂ ਕਾ ਗਾਵਨਾ, ਯਥਾ- ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ।

**ਗੁਣ ਗੀਤ** ਸੰ. ਗੁਣੋਂ ਕਾ ਗਾਨਾ, ਯਥਾ- ਗਾਵਹੁ ਰਾਮ ਕੇ ਗੁਣ ਗੀਤ।

**ਗੁਣ ਬਾਦ** ਸੰ. ਗੁਣੋਂ ਕੀ ਚਰਚਾ, ਯਥਾ- ਰਮਣ ਕਉ ਰਾਮ ਕੇ ਗੁਣ ਬਾਦ।

**ਗੁਣ ਬੋਲੇ** ਵਾ. ਗੁਣ ਕਹੇ, ਜੈਸੇ- ਗੁਣ ਬੋਲੇ ਗੁਣ ਵਿਥਰਹਿ ਸੁਆਮੀ।

**ਗੁਣ ਮਹਿ** ਗੁ. ਬਿਬੇਕਾਦਿ ਗੁਣੋਂ ਮੇਂ, ਯਥਾ- ਗੁਣ ਮਹਿ ਗਿਆਨੁ ਪਰਾਪਤਿ ਹੋਇ।

**ਗੁਣ ਰਾਸਿ** ਸੰ. ਸਤਯ ਸੰਤੋਖਾਦਿ ਗੁਣ ਸ੍ਵਰੂਪ ਪੂੰਜੀ, ਗੁਣੋ ਕਾ ਸਮੂਹ, ਯਥਾ- ਗੁਣ ਰਾਸਿ ਬੰਨ੍ਹਿ ਪਲੈ ਆਨੀ।

**ਗੁਣਕਾਰੀ** ਸੰ. ਗੁਣ ਕਰਨੇ ਵਾਲੇ, ਯਥਾ- ਗੁਣਕਾਰੀ ਗੁਣ ਸੰਘਰੈ। ਪੁਨਾ- ਅਦਲੁ ਕਰੇ ਗੁਣਕਾਰੀ।

**ਗੁਣਗੵ** ਦੇ. ਗੁਣੋਂ ਕੇ ਜਾਨਨੇ ਵਾਲੇ, ਯਥਾ- ਗੁਣਗੵ ਨਾਮ ਕੀਰਤਨਹ। ਦੋਖੋ ਓਰ ਦ੍ਰਿਸ਼ੀ ਤਯਾਗ ਕੇ ਭਗਤੋਂ ਕੇ ਗੁਣੋਂ ਓਰ ਦ੍ਰਿਸ਼ੀ ਕਰਨੇ ਵਾਲੇ ਭਗਤ ਭਗਵਾਨ ਕੇ ਨਾਮ ਕਹਨੇ ਸੇ। ਸੰ. ਗੁਣਗੵ।

**ਗੁਣਗੵ** ਗੁ. ਗੁਣੋਂ ਕੇ ਜਾਨਨੇ ਵਾਲੇ ਭਗਵਾਨ ਕੇ ਨਾਮ ਜਪਨੇ ਸੇ, ਯਥਾ- ਗੁਣਗੵ ਨਾਮ ਕੀਰਤਨਹ।

**ਗੁਣੰਤ** ਦੇ. ਬਿਚਾਰੇ ਹੈਂ, ਯਥਾ- ਗੁਣੰਤ ਗੁਨੀਆ। ਬੁਧੀਮਾਨ ਗ੍ਯਾਨ ਉਪਾਸਨਾ ਕੇ ਲਾਭ ਹੇਤ ਪੁਨਾ ਪੁਨਾ ਬਿਚਾਰੇ ਹੈਂ ਵੇਦੋਂ ਕੋ।

**ਗੁਣਤਾਸਿ** ਗੁ. ਗੁਣੋਂ ਕੇ ਪਾਤ੍ਰ ਬਿਸੇਖ, ਯਥਾ- ਵਿਸਰੁ ਨਾਹੀ ਪੂਰਨ ਗੁਣਤਾਸਿ। ਹੇ ਗੁਣੋਂ ਕੇ ਪਾਤ੍ਰ ਰੂਪ ਪਰਮੇਸੁਰ। ਪੁਰਖ ਗੁਣੋਂ ਕਾ ਪਾਤ੍ਰ ਹੋਤਾ ਹੈ, ਯਥਾ- ਸੰਤ ਮੰਡਲ ਮਹਿ ਹਰਿ ਗੁਣਤਾਸੁ। ਗੁਣ ਤਿਸ ਕੇ, ਜੈਸੇ- ਹਉ ਕਹ ਨ ਸਕੋ ਗੁਣ ਤਾਸ।

**ਗੁਣਨ** ਦੇ. ਬਿਚਾਰਨ।

**ਗੁਣੀ** ਸੰ. ਗੁਣੋ ਵਾਲਾ। ਦੇ. ਗੁਣੋਂ ਸੇ, ਯਥਾ- ਗੁਣੀ ਘਰੁ ਛਾਇਆ। ਗੁਣੋਂ ਸਾਥ ਰਿਦਾ ਛਾਯਾ। ਪੁਨਾ- ਗੁਣ ਗਾਇ ਗੁਣੀ ਸਮਝਾਵਣੀ। ਸੰਤ ਗੁਣੀ ਕੇ ਗੁਣੋਂ ਕੋ ਗਾਤੇ ਮਨ ਕੋ ਸਮਝਾ ਦੇਵੇ ਹੈਂ।

**ਗੁਣੀਆ** ਦੇ. ਸਤ ਸੰਤੋਖਾਦਿਕ ਗੁਣੋ ਵਾਲਾ, ਯਥਾ- ਗੁਣੀਆ ਗੁਣ ਲੇ ਪ੍ਰਭ ਮਿਲੇ।

**ਗੁਥਲੀ** ਗੁ. ਥੈਲੀ।

**ਗੁਦ** ਸੰ. ਗੁਦਾ।

**ਗੁਦਰੀ** ਦੇ. ਗੁਜਰੀ।

**ਗੁਦੜੁ** ਪੰ. ਫਟੇ ਪੁਰਾਨੇ ਬਸਤ੍ਰ, ਯਥਾ- ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।

**ਗੁਦਾਰੇ** ਦੇ. ਤਯਾਗ ਦੀਏ, ਯਥਾ- ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ। ਜਿਸ ਪੁਰਖ ਨੇ ਸਭ ਕੋ ਮਾਰਨੇ ਵਾਲੇ ਕਾਮਾਦਿ ਚਿਤ ਸੇ ਕਾਟ ਦੀਏ ਹੈਂ। ਫਾ. ਗੁਜਾਰੇ। ਗੁਜਾਰਨਾ ਪੂਰਾ ਕਰਨੇ ਤਥਾ ਤਯਾਗਨੇ ਕਾ ਨਾਮ ਹੈ।

**ਗੁਨ ਆਧ** ਦੇ. ਗੁਨ ਥੋੜਾ ਭੀ।

**ਗੁਨ ਬੰਧ** ਸੰ. ਸ੍ਰੇਸ੍ਰ ਗੁਣੋਂ ਕਾ ਸੰਬੰਧੀ ਭਾਵ ਉਤਮ ਗੁਣੋਂ ਵਾਲਯੋਂ ਕਾ ਮੇਲੀ, ਯਥਾ- ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ।

**ਗੁਨਹ** ਗੁ. ਗੁਨਾਹ, ਦੋਖ, ਯਥਾ- ਗੁਨਹ ਉਸ ਕੇ ਸਗਲ ਆਫੂ।

**ਗੁਨਹਗਾਰ** ਫਾ. ਗੁਨਾਹ ਕਰਨੇ ਵਾਲਾ।

**ਗੁਨਹਾਂ** ਗੁ. ਔਗੁਣੋਂ ਕੋ, ਯਥਾ- ਗੁਨਹਾਂ ਬਖਸਣਹਾਰੁ।

**ਗੁਨਹੀ** ਗੁ. ਗੁਨਾਹੋਂ ਸਾਥ, ਯਥਾ- ਗੁਨਹੀ ਭਰਿਆ ਮੈ ਫਿਰਾ।

**ਗੁਨਤ** ਦੇ. ਵਿਚਾਰਤੇ ਹੈਂ ਜੋ ਗੁਰਾਂ ਨੇ ਉਪਦੇਸ ਕੀਆ ਹੈ, ਜੈਸੇ- ਗੁਨੀ ਗੁਨਤ ਰਹੇ ਗੁਨ ਨੀਤ।

**ਗੁਨਤ ਧੁਨਤ** ਗੁ. ਗਿਨਤੀਆ ਧੁਨੋ ਕੀਆ।

**ਗੁਨਾਉ** ਗੁ. ਗੁਣ, ਯਥਾ- ਬ੍ਰਹਮ ਗਿਆਨੀ ਕਾ ਇਹੈ ਗੁਨਾਉ। ਗੁਣ ਹੈ।

**ਗੁਨੀ** ਦੇ. ਗੁਣੋ ਵਾਲਾ, ਯਥਾ- ਗੁਨੀ ਰਹੇ ਗੁਨ ਗਾਈ।

**ਗੁਨੀਆ** ਗੁ. ਗੁਣਵਾਨੋ, ਯਥਾ- ਸੁਨਹੁ ਰੇ ਗੁਨੀਆ।

**ਗੁਨੀਐ** ਦੇ. ਬਿਚਾਰੀਏ, ਯਥਾ- ਪੜੀਐ ਗੁਨੀਐ।

**ਗੁਨੀਤਾ** ਗੁ. ਗੁਣ ਹੈ, ਯਥਾ- ਬੇਅੰਤ ਗੁਨੀਤਾ।

**ਗੁਨੁ** ਦੇ. ਪ੍ਰਮੇਸੁਰ ਕੇ ਦਯਾਲਤਾਦਿ ਸੁਭਾਵ, ਯਥਾ- ਮੀਠੇ ਹਰਿ ਗੁਣ ਗਾਉ। ਲਾਭ, ਯਥਾ- ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।

**ਗੁਪਸਿ** ਗੁ. ਗੁੰਦੀ ਹੈ ਮਾਲਾ, ਯਥਾ- ਨਾਨਕ ਗੁਪਸਿ ਮਾਲ।

**ਗੁਪਤੀ** ਦੇ. ਗੁਹਜ, ਯਥਾ- ਗੁਪਤੀ ਖਾਵਹਿ ਵਟਿਕਾ ਸਾਰੀ।

**ਗੁਪਤੀ ਬਾਣੀ** ਦੇ. ਗੁਰੋਂ ਕੀ ਬ੍ਰਹਮ ਵਿਦਯਾ ਰੂਪ ਗੁਹਜ ਬਾਣੀ ਸੇ ਰਿਦੇ ਮੇਂ ਪਰਮਾਤਮਾ ਪ੍ਰਗਟ ਹੋਤਾ ਹੈ, ਯਥਾ- ਗੁਪਤੀ ਬਾਣੀ ਪਰਗਟੁ ਹੋਇ। ਬ੍ਰਹਮ ਵਿਦਯਾ ਕੋ ਗੁਹਜ ਵਿਦਯਾਪਨਾ 'ਰਾਜ ਬਿਦਯਾ ਰਾਜ ਗੁਹਯੰ ਪਵਿਤ੍ਰ ਮਿਦਮੁਤਮੰ' ਐਸੇ ਗੀਤਾ ਮੇਂ ਸਪਸਟ ਲਿਖਾ ਹੈ।

**ਗੁਪਤੁ** ਦੇ. ਰਖ੍ਯਿਤ, ਬਚਾਯਾ ਗਯਾ ; ਤ੍ਰਾਤ, ਪਾਲਾ ਗਯਾ ; ਗੂਢ, ਢਕਾ ਹੂਆ, ਯਥਾ- ਕਵਨੁ ਸੁ ਗੁਪਤਾ। ਬੈਸ਼ਯ ਕਾ ਨਾਮ ਜੈਸੇ ਬ੍ਰਾਹਮਣ ਕਾ ਸਰਮਾ, ਖਤ੍ਰੀ ਵਰਮਾ, ਸੂਦ੍ਰ ਕਾ ਦਾਸ ਹੈ। ਯਾਹੀ ਤੇ ਕੋਈ ਕੌਨ ਹੋ ਪੂਛੇ ਤਬ ਇਨ ਨਾਮੋਂ ਸੇ ਬਤਾਵੇ ਹੈਂ। ਗੁਹਜ ; ਯਮਰਾਜ ਕਾ ਮੁਨਸੀ, ਯਥਾ- ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ। ਸੰ. ਗੁਪ੍ਤ।

**ਗੁਪਲਾਕ** ਗੁ. ਗੋਪਾਲ, ਯਥਾ- ਰਾਮੁ ਰਵਿਓ ਗੁਪਲਾਕ। ਵਾ ਗੁਪਤ ਸੂਖਮ ਰੂਪ ਹੋਕਰ।

**ਗੁੰਫ** ਸੰ. ਸਬਦ ਔ ਤਿਸ ਕੇ ਅਰਥ ਕੀ ਯਥਾਰਥ ਰਚਨਾ, ਯਥਾ- ਗਾਥਾ ਗੁੰਫ ਗੋਪਾਲ ਕਥੰ। ਬਾਹੋਂ ਕਾ ਭੂਖਣ ; ਸਮਸ੍ਰੁ, ਦਾੜੀ।

**ਗੁਫਤਮ** ਫਾ. ਕਹਤਾ ਹੂ, ਯਥਾ- ਯਕ ਅਰਜ ਗੁਫਤਮ ਪੇਸਿ ਤੋ।

**ਗੁੰਫਿਆ** ਦੇ. ਬੇਸ੍ਰਿਤ ਹੋਏ, ਯਥਾ- ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ। ਅਪਨੀ ਸਫਾਈ ਕੇ ਅਧਿਕ ਮਦ ਮੇਂ ਬੇਸ੍ਰਿਤ ਹੂਏ ਕਮਲ ਕੀਚ ਮੇਂ ਫਸੇ ਹੈਂ, ਯਹੀ ਅਨਯੋਕ੍ਤਿ ਸੇ ਜੀਵੋਂ ਕੀ ਦਸਾ ਹੈ।

**ਗੁਬਾਰ** ਅ. ਪਵਨ ਸੇ ਉਡੀ ਮੱਟੀ ; ਅੰਧਕਾਰ, ਅੰਧੇਰਾ, ਯਥਾ- ਭਰਮ ਗੁਬਾਰ ਮੋਹ ਬੰਧਿ ਪਰੇ। ਜੁਲਮ, ਅਨਯਾਯ।

**ਗੁਬਾਰੀ** ਅ. ਗੁਬਾਰ, ਜੈਸੇ- ਬਿਨ ਗੁਰ ਅੰਧ ਗੁਬਾਰੀ।

**ਗੁਮਰ** ਦੇ. ਪੁ. ਦਬਾਉ ; ਪ੍ਰਤਾਪ।

**ਗੁਮਾਨੀ** ਗੁ. ਅਹੰਕਾਰ ਕੋ, ਯਥਾ- ਤਿਆਗਹੁ ਮਨਹੁ ਗੁਮਾਨੀ।

**ਗੁਮਾਨੁ** ਅ. ਅਹੰਕਾਰ, ਯਥਾ- ਕਿਆ ਥੋੜੜੀ ਬਾਤ ਗੁਮਾਨੁ।

**ਗੁਰ ਸੰਤ** ਵਾ. ਸ੍ਰੇਸ੍ਟ ਗੁਰੁ।

**ਗੁਰ ਸਤਿਗੁਰ** ਵਾ. ਬਡੇ ਸ੍ਰੇਸ੍ਟ ਗੁਰੁ, ਯਥਾ- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ।

**ਗੁਰ ਸਤਿਗੁਰ ਕਾ** ਦੇ. ਬਡੇ ਸ੍ਰੇਸ੍ਟ ਗੁਰੋਂ ਕਾ, ਯਥਾ- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ।

**ਗੁਰ ਸਬਦਿ** ਗੁ. ਬਡੇ ਉਪਦੇਸ ਸੇ, ਯਥਾ- ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ। ਬਡੇ ਉਪਦੇਸ ਸੇ ਗੁਰੁ, ਬਡੇ ਗੁਰੋਂ ਕੇ।

**ਗੁਰ ਸਬਦੀ** ਗੁ. ਗੁਰੋਂ ਕੇ ਉਪਦੇਸ ਸੇ, ਯਥਾ- ਗੁਰ ਸਬਦੀ ਰੰਗੁ ਮਾਣੀਐ।

**ਗੁਰ ਸਰਾ** ਗੁ. ਗੁਰੂ ਸ੍ਰੂਪ ਤੀਰਥ ਮੇਂ, ਯਥਾ- ਤੇ ਨ੍ਹਾਏ ਸੰਤੋਖ ਗੁਰ ਸਰਾ।

**ਗੁਰ ਸਾਧੂ** ਸੰ. ਬਡਾ ਪਰਉਪਕਾਰੀ, ਯਥਾ- ਹਰਿ ਕਾ ਸੰਤੁ ਮਿਲੈ ਗੁਰ ਸਾਧੂ।

**ਗੁਰ ਕਰਣੀ ਬਿਨੁ** ਵਾ. ਗਜਾਨ ਰੂਪੀ ਬਡੇ ਕਰਤਤ੍ਰ ਬਿਨਾ।

**ਗੁਰ ਕੀ ਕਰਣੀ** ਵਾ. ਅਪਨੀ ਮੁਕਤੀ ਹੇਤ ਗੁਰੋਂ ਕੇ ਜਪ ਤਪ ਮੈਂ ਕਿਆ ਦੌੜਤੇ ਹੋ। ਜੋ ਹਮਾਰੇ ਗੁਰ ਬਡੇ ਜਪੀ ਤਪੀ ਹੈਂ। ਹਮ ਕੋ ਮੁਕਤ ਹੋਨੇ ਮੇਂ ਕਿਆ ਬਿਲੰਬ ਹੈ ਭਾਵ 'ਜੋ ਮੈ ਕੀਆ ਸੋ ਮੈ ਪਾਇਆ' ਬਚਨ ਸੇ ਉਨ ਕੀ ਕਰਣੀ ਪੈ ਤਰਨੇ ਕਾ ਭਰੋਸਾ ਮਤ ਰਖੋ। ਵਾ ਗੁਰੋਂ ਕੀ ਅਪਨੇ ਸਮਾਨ ਖਾਨ ਪਾਨਾਦਿ ਕ੍ਰਿਯਾ ਪੈ ਕਿਆ ਧਜਾਨ ਦੇਤੇ ਹੋ। ਜੋ ਗੁਰੋਂ ਨੇ ਮੁਕਤੀ ਹੇਤ ਯਤਨ ਬਤਾਏ, ਉਨ ਪੈ ਧਜਾਨ ਦੇਵੋ ਯਾਹੀ ਭਾਵ ਸੇ ਬਚਨ ਹੈ- ਗੁਰਿ ਕਹਿਆ ਸਾ ਕਾਰ ਕਮਾਵਹੁ। ਗੁਰ ਕੀ ਕਰਣੀ ਕਾਹੇ ਧਾਵਹੁ।

**ਗੁਰ ਕੇ ਭਾਉ** ਵਾ. ਪਿਆਰੇ ਗੁਰੋਂ ਕੇ ਅਨੁਸਾਰ।

**ਗੁਰ ਕੇ ਲਾਲੇ ਗੋਲੇ** ਵਾ. ਗੁਰੋਂ ਕੇ ਦਾਸੋਂ ਕੇ ਦਾਸ, ਯਥਾ- ਜਨ ਨਾਨਕ ਗੁਰ ਕੇ ਲਾਲੇ ਗੋਲੇ।

**ਗੁਰ ਗਮ** ਗੁ. ਗੁਰੋਂ ਸੇ ਪ੍ਰਾਪਤ ਹੋਨੇ ਯੋਗਜ ਉਪਦੇਸ ਸੇ, ਯਥਾ- ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ। ਗੁਰੋਂ ਦ੍ਵਾਰੇ ਸੇ ਪ੍ਰਾਪਤ ਹੋਨੇ ਯੋਗਜ ਗਜਾਨ ਸੇ ਪੁਰਖੋਂ ਕੋ ਨਹੀਂ ਰਹਤਾ ਭਯ ਜਮੋਂ ਕਾ।

**ਗੁਰ ਜੋਤਿ** ਦੇ. ਮਹਾਨ ਉਪਦੇਸ ਸੇ ਮਹਾਨ ਗਜਾਨ ਰੂਪ ਜੋਤਿ, ਯਥਾ- ਗੁਰ ਜੋਤਿ ਅਰਜੁਨ ਮਾਹਿ ਧਰੀ।

**ਗੁਰ ਤੁਠੇ** ਵਾ. ਗੁਰੋਂ ਕੇ ਪ੍ਰਸੰਨ ਹੋਏ, ਯਥਾ- ਗੁਰ ਤੁਠੇ ਤੇ ਪਾਈਐ।

**ਗੁਰ ਤੇ** ਦੇ. ਗੁਰੋਂ ਸੇ, ਯਥਾ- ਗੁਰ ਤੇ ਉਪਜੈ ਸਬਦੁ ਵੀਚਾਰਾ। ਗੁਰੋਂ ਸੇ ਸਬਦ ਕਾ ਬੀਚਾਰ ਉਪਜੇ ਹੈ। ਵਾ ਗੁਰੋਂ ਕੇ ਸਬਦ ਤੇ ਬੀਚਾਰ ਉਪਜੇ ਹੈ।

**ਗੁਰ ਪ੍ਰਸਾਦਿ** ਸੰ. ਗੁਰੋਂ ਕੀ ਦਯਾ ਸੇ, ਯਥਾ- ਗੁਰ ਪ੍ਰਸਾਦਿ ਕੋ ਵਿਰਲਾ ਪਾਵੈ। ਗੁਰੋਂ ਕੀ ਪ੍ਰਸੰਨਤਾ ਸੇ।

**ਗੁਰ ਪਰਸਾਦੀ** ਸੰ. ਗੁਰੋਂ ਕੀ ਦਯਾ ਵਾਲਾ। ਦੇ. ਗੁਰੋਂ ਕੀ ਦਯਾ ਸੇ, ਯਥਾ- ਗੁਰ ਪਰਸਾਦੀ ਪਾਇਆ।

**ਗੁਰ ਪਾਸਿ** ਪੰ. ਗੁਰੋਂ ਕੇ ਸਮੀਪ, ਯਥਾ- ਬਿਨਉ ਕਰਉ ਗੁਰ ਪਾਸਿ।

**ਗੁਰ ਪਾਗਿਓ** ਵਾ. ਗੁਰੋਂ ਕੇ ਪਗੋਂ ਮੇਂ ਮਥਾ ਧਰਾ ਹੈ।

**ਗੁਰ ਮੰਤੁ** ਦੇ. ਗੁਰੋਂ ਕਾ ਉਪਦੇਸ ਮੰਤ੍ਰ, ਯਥਾ- ਕਿਨ ਜਪਿਓ ਗੁਰ ਮੰਤੁ।

**ਗੁਰ ਮਨਾਇ** ਵਾ. ਗੁਰੋਂ ਕੋ ਮਨਾਇ ਕੇ ਭਾਵ ਪੂਜ ਕੇ।

**ਗੁਰ ਰਸੁ ਗੀਤ ਬਾਦ** ਵਾ. ਗੁਰਾਂ ਕੇ ਉਪਦੇਸ ਕਾ ਰਸ ਅਰ ਗੁਰੋਂ ਕੇ ਗਾਏ ਬਚਨ ਜਿਸ ਕੋ ਸੁਣੇ ਹਛੇ ਨਹੀਂ ਲਗੇ, ਉਸ ਨੇ ਗਹਿਰ ਗੰਭੀਰ ਪ੍ਰਮੇਸ੍ਵਰ ਕੋ ਗਵਾਇ ਲੀਆ, ਯਥਾ- ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ।

**ਗੁਰ ਵਾਹੁ** ਗੁ. ਵਾਹਗੁਰੁ, ਯਥਾ- ਨਾਨਕ ਦਾਸ ਕਹਹੁ ਗੁਰ ਵਾਹੁ। ਆਸਾ ਮ: ੫ ਸ. ੨੧ ਸਾਰੇ ਗ੍ਰੰਥ ਸਾਹਬ ਮੇਂ ਗੁਰੂ ਬਾਣੀ ਮੇਂ ਯਹੀ ਉਲਟੇ ਪਾਠ ਵਾਲਾ ਏਕ ਥਾਨ ਮਿਲਾ ਵਾਹਗੁਰੁ ਨਾਮ ਹੈ ਸੀਧੇ ਵਾਲਾ ਭਟ ਬਾਣੀ ਬਿਨਾ ਔਰ ਕਹੀ ਨਹੀਂ।

**ਗੁਰ ਵਾਕੁ** ਦੇ. ਗੁਰੋਂ ਕੇ ਬਚਨ, ਯਥਾ- ਗੁਰ ਵਾਕੁ ਨਿਰਮਲੁ ਸਦਾ ਚਾਨਣੁ। ਸੰ. ਗੁਰਵਾਕਜ।

**ਗੁਰ ਵਿਚੁ ਦੇ** ਵਾ. ਗੁਰੁ ਬਕੀਲ ਦੇਕਰ, ਗੁਰ ਵਿਚਿਦੀ ਅਰਥਾਤ ਗੁਰੋਂ ਦ੍ਵਾਰਾ, ਯਥਾ- ਆਪੇ ਗੁਰ ਵਿਚੁ ਦੇ ਤੁਝਹਿ ਧਿਆਈ।

**ਗੁਰਏ** ਗੁ. ਗੁਰੋਂ ਕੇ ਤਾਈ ਨਮਸਕਾਰ ਹੈ, ਯਥਾ- ਆਦਿ ਗੁਰਏ ਨਮਹ। ਆਦਿ ਸਭ ਸੇ ਪਹਲੇ ਪਰਮ ਗੁਰੂ ਨਾਨਕ ਜੀ ਕੇ ਤਾਈ ਨਮਸਕਾਰ ਹੈ। ਏ ਸੰਸਕ੍ਰਿਤ ਕੇ ਬਜਾਕਰਣੋ ਅਨੁਸਾਰ ਚੌਥੀ ਬਿਭਗਤੀ ਕਾ ਬਚਨ ਹੈ। ਤਿਸ ਕਾ ਅਰਥ ਤਾਈ ਹੈ, ਯਥਾ- ਭੋ ਭਗਵਾਨਏ ਨਮਹ। ਹੇ ਭਗਵਾਨ ਤੇਰੇ ਤਾਈ ਨਮਸਕਾਰ ਹੈ।

**ਗੁਰਹਿ ਗਾਰਿ** ਮਿ. ਗੁਰਹਿ- ਵਡਿਆਈ, ਗਾਰਿ- ਕਰਨੇ ਵਾਲਾ ਭਾਵ ਅਪਨੇ ਜਪਨੇ ਵਾਲੇ ਭਗਤੋਂ ਕੀ ਵਡਿਆਈ ਕਰਨੇ ਵਾਲਾ ਵਾ ਮੇਰੇ ਗੁਰੂ ਕੋ ਗਾਰ ਗਾਲ ਅਰਥਾਤ ਉਪਾਲੰਭ ਰੂਪ ਕਲੰਕ ਲਗਤਾ ਹੈ ਜੋ ਕੈਸਾ ਬਿਸ੍ਵਾਸਹੀਨ ਚੇਲਾ ਬਨਾਯਾ ਹੈ ਸੋਈ ਲਿਖਾ ਹੈ ਆਨ ਥਾਨ ਮੇਂ- ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ਵਾ ਮੈ ਗੁਨਹਗਾਰ ਠਹਰਤਾ ਹੂੰ ਯਾ ਤੇ ਰਾਮ ਨਾਮ ਜਪਨਾ ਨਹੀਂ ਛੋਡੋਗਾ, ਯਥਾ- ਇਕੁ ਰਾਮੁ ਨ ਛੋਡਉ ਗੁਰਹਿ ਗਾਰਿ।

**ਗੁਰਜ** ਫਾ. ਗਦਾ, ਯਥਾ- ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ।

**ਗੁਰਝੀ** ਪੰ. ਉਲਝੀ ਹੋਈ ਗਠੋਂ ਸੇ, ਯਥਾ- ਸਾਕਤ ਸੂਤੁ ਬਹੁ ਗੁਰਝੀ ਭਰਿਆ। ਸਾਕਤ ਪੁਰਖ ਕਾ ਬਜਵਹਾਰ ਨਾਨਾ ਪ੍ਰਕਾਰ ਕੇ ਕਪਟੋਂ ਸੇ ਪੂਰਿਤ ਹੈ।

**ਗੁਰਦੇਵ** ਸੰ. ਪ੍ਰਕਾਸ ਰੂਪ ਉਪਦੇਸ ਦਾਤਾ, ਯਥਾ- ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ। ਪ੍ਰਕਾਸ ਰੂਪ ਬਡਾ ਪਰਮਾਤਮਾ।

**ਗੁਰਮਤਿ** ਸੰ. ਗੁਰੋਂ ਕੇ ਉਪਦੇਸ ਸੇ, ਯਥਾ- ਗੁਰਮਤਿ ਮਨੁ ਸਮਝਾਇਆ।

**ਗੁਰਮਤਿ ਨਗਰੀ** ਵਾ. ਗੁਰੋਂ ਕੇ ਉਪਦੇਸ ਦ੍ਵਾਰਾ ਦੇਹੀ ਵਿਖੇ ਪ੍ਰਮੇਸ੍ਰੁਰ ਕੇ ਖੋਜ ਨੂੰ ਖੋਜਾਂ, ਯਥਾ- ਗੁਰਮਤਿ ਨਗਰੀ ਖੋਜਿ ਖੋਜਾਈ।

**ਗੁਰਮਤਿ ਬੈਨੀ** ਵਾ. ਗੁਰੋਂ ਕੇ ਬਚਨੋਂ ਸੇ ਪਾਈ ਮਤਿ ਸੇ, ਯਥਾ- ਹਰਿ ਬੋਲਹੁ ਗੁਰਮਤਿ ਬੈਨੀ।

**ਗੁਰਮਤੀ** ਦੇ. ਉਪਦੇਸ, ਯਥਾ- ਗੁਰਮਤੀ ਦਧਿ ਮਥੀਐ। ਗੁਰੋਂ ਕੀ ਉਪਦੇਸ ਬਿਧਿ ਹੀ ਦਹੀ ਹੈ।

**ਗੁਰਮਤੀ ਦਧਿ** ਦੇ. ਗੁਰੋਂ ਕੇ ਉਪਦੇਸ ਰੂਪ ਦਹੀ।

**ਗੁਰਮੁਖ** ਸੰ. ਗੁਰੋਂ ਕਾ ਮੁਖ, ਯਥਾ- ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ। ਗੁਰੋਂ ਕੇ ਮੁਖ ਕਾ ਭਾਵ ਉਪਦੇਸ ਕਾ, ਯਥਾ- ਗੁਰਮੁਖਿ ਚਲਤੁ, ਗੁਰੋਂ ਕੇ ਮੁਖ ਕੇ ਉਪਦੇਸ ਕਾ ਤਮਾਸਾ ਹੈ। ਗੁਰੋਂ ਕੇ ਮੁਖ ਮੇਂ, ਯਥਾ- ਗੁਰਮੁਖਿ ਨਾਦੰ। ਗੁਰੋਂ ਕੇ ਮੁਖ ਮੇਂ ਨਾਦ ਹੈਂ ਤਥਾ ਵੇਦ ਹੈਂ। ਗੁਰੋਂ ਕੇ ਮੁਖ ਸੇ, ਯਥਾ- ਗੁਰਮੁਖਿ ਸਦਾ ਸਲਾਹੀਐ। ਗੁਰੋਂ ਕੇ ਮੁਖ ਸੇ ਉਪਦੇਸ ਸ੍ਰਵਣ ਕਰਕੇ ਸਦਾ ਪ੍ਰਮੇਸ੍ਰੁਰ ਕੀ ਉਸਤਤੀ ਕਰੀਏ। ਪੁਨਾ- ਗੁਰਮੁਖਿ ਗਾਵੈ। ਗੁਰੋਂ ਕੇ ਮੁਖ ਸੇ ਸੁਨੇ ਉਪਦੇਸ ਕੋ ਸਦਾ ਮੁਖ ਸੇ ਕਥਨ ਕਰੇ। ਪੁਨਾ- ਗੁਰਮੁਖਿ ਹਰਿ ਹਰਿ। ਗੁਰੋਂ ਕੇ ਮੁਖ ਸੇ ਸੁਨ ਕੇ ਹਰਿ ਹਰਿ ਯਹ ਪਾਠ ਪੜਤਾ ਹੋ। ਪੁਨਾ- ਗੁਰਮੁਖਿ ਗ੍ਯਾਨਿ। ਗੁਰੋਂ ਕੇ ਮੁਖ ਸੇ ਉਪਦੇਸ ਦ੍ਵਾਰਾ ਹਰਿ ਕਾ ਗਜਾਨ ਹੋਤਾ ਹੈ। ਗੁਰਮੁਖੋਂ ਨੇ, ਯਥਾ- ਗੁਰਮੁਖਿ ਕੀਤੋ ਥਾਟੁ। ਗੁਰਮੁਖੋਂ ਨੇ ਇਕਠ ਕੀਆ ਹੈ। ਗੁਰੂ ਹੀ ਜੋ ਹੋਵੇ ਮੁਖ ਸੇ ਕਹਾਵੇ ਗੁਰਮੁਖ ਅਰਥਾਤ ਮੁਖ ਗੁਰੂ, ਯਥਾ- ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ। ਬ੍ਰਹਮਗ੍ਯਾਨੀ ਮੁਖ ਗੁਰੁ ਜਿਸ ਪੈ ਕ੍ਰਿਪਾ ਕਰੇਂ ਸੋ ਭਗਤਿ ਕਰਤਾ ਹੈ। ਪੁਨਾ- ਗੁਰਮੁਖਿ ਰਹਿਆ ਸਮਾਈ। ਸਰਬ ਮੇਂ ਮੁਖ ਪ੍ਰਧਾਨ ਸ੍ਵਰੂਪ ਗੁਰੂ ਹੀ ਸਮਾਇ ਰਹਾ ਹੈ। ਈਹਾਂ ਗੁਰੁ ਪਦ ਸੇ ਗੁਰੁ ਨਾਨਕ ਜੀ ਕੇ ਉਪਦੇਸਕ ਪਰਮਾਤਮਾ ਕਾ ਗ੍ਰਹਣ ਹੈ। ਗੁਰੂ ਮੁਖ ਪ੍ਰਧਾਨ ਹੋਵੈ ਜਿਸ ਕੇ ਤਿਸ ਉਤਮ ਸੇਵਕ ਕਾ ਨਾਮ ਭੀ ਗੁਰਮੁਖ ਹੈ, ਯਥਾ- ਗੁਰਮੁਖਾ ਨੋ ਪੰਥੁ ਪਰਗਟਾ। ਜਿਨਹੁ ਨੇ ਨਿਖਲ ਸੰਸਾਰ ਮੇ ਉਪਦੇਸ ਸੇ ਅਜਰ ਅਮਰ ਸਰੀਰ ਦਾਤਾ ਗੁਰੋਂ ਕੋ ਹੀ ਮੁਖ ਮਾਨਾ ਹੈ। ਤਿਨ ਅਧਿਕਾਰੀ ਜਨੋਂ ਕੋਂ ਪ੍ਰਮੇਸ੍ਰੁਰ ਕਾ ਮਾਰਗ ਪ੍ਰਸਿਧ ਪ੍ਰਾਪਤ ਹੋਤਾ ਹੈ। ਦਰ ਠਾਕ ਕੋਈ ਪਾਇ ਤਿਸ ਮੇਂ ਜਾਨੇ ਸੇ ਕੋਈ ਦੇਵਤਾ ਪਿਤਰ ਪਰੋਹਤਾਦਿ ਵਿਘਨ ਨਹੀ ਕਰ ਸਕੇ। ਪੁਨਾ- ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ। ਮੁਖ ਗੁਰੂ ਪਰਮਾਤਮਾ ਨੇ ਕੇਤੀ ਸਿਸ੍ਰਿ ਅਪਨੇ ਵੇਦਾਦਿ ਰੂਪ ਉਪਦੇਸ ਸੇ ਉਧਾਰੀ ਹੈ। ਤਨ ਮਨ ਅਰਪ ਸੇਵਾ ਕਰ ਪੂਰਣ ਆਗ੍ਯਾ ਮਾਨਤੇ ਗੁਰੋਂ ਕੇ ਜੋ ਹੋ ਗਏ ਹੋਵੇ। ਮੁਖ ਗੁਰੁ ਨਾਨਕ ਜੀ ਕੇ ਅੰਗਦ ਜੀ ਵਤ ਪ੍ਰਧਾਨ ਸੇਵਕ, ਸੋ ਕਹਾਵੇ ਗੁਰਮੁਖ, ਯਥਾ- ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ। ਕੌਨ ਸੋ ਸਨਮੁਖ ਪ੍ਰਸ੍ਨ ਕੇ ਉਤਰ ਮੇਂ ਲਿਖਾ ਹੈ। ਗੁਰੋਂ ਕੇ ਪ੍ਰਧਾਨ ਸੇਵਕ ਸਨਮੁਖ ਹੈ। ਗੁਰੋਂ ਕੀ ਸੇਵਾ ਸੇ ਹੀਨ ਮਨ ਕੀ ਸਲਾਹਾ ਓਰ ਮਨ ਵਾਲੇ ਬੇਮੁਖ ਹੈਂ।

**ਗੁਰਮੁਖ ਪ੍ਰੀਤ** ਵਾ. ਗੁਰਮੁਖੋਂ ਕਾ ਪ੍ਰੇਮ, ਜੈਸੇ- ਗੁਰਮੁਖ ਪ੍ਰੀਤ ਗੁਰੂ ਪਗ ਚਾਟੇ।

**ਗੁਰਮੁਖਿ ਜਿੰਦੂ** ਵਾ. ਹੇ ਪ੍ਰਾਣੋਂ ਵਤ ਪਿਆਰੇ ਗੁਰਮੁਖ।

**ਗੁਰਾਹਾ** ਗ. ਗੁਰੋਂ ਕੇ, ਯਥਾ- ਮਿਲਿ ਸਤਸੰਗਤਿ ਸੰਗਿ ਗੁਰਾਹਾ। ਗੁਰੋਂ ਕੇ ਸੰਗ ਪੀਛੈ ਸਤਸੰਗ ਮੇ ਮਿਲੇ।

**ਗੁਰਿ ਕਾਟੇ ਕਟਿਤ ਕਟੀਤਿ** ਵਾ. ਕਟਿਤ, ਕਟਨੇ ਵਾਲੇ ਗੁਰੋਂ ਨੇ ਕਟੀਤ, ਕਾਟਨੇ ਯੋਗਜ ਦੋਖ ਪਾਪ ਸਭ ਕਾਟ ਦੀਏ।

**ਗੁਰੀਆ** ਗ. ਬਡੀ, ਯਥਾ- ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ। ਪ੍ਰੀਤੋਂ ਮੇਂ ਪ੍ਰੀਤਿ ਬਡੀ ਹੈ ਮੋਹਨ ਪਿਆਰੇ ਕੀ। ਸੰ. ਗੁਰਵੀ।

**ਗੁਰੂ** ਸੰ. ਪੁਖਜਨਖਤ੍ਰ ; ਦੋ ਮਾਤ੍ਰਾ ਵਾਲਾ ਦੀਰਘ ਅਖਰ ; ਸੰਯੁਕ੍ਤ ਵਰਣ ਸੇ ਪੂਰਬ ਥਿਤ ਅਖਰ ; ਬਿੰਦੁ ਬਿਸਰਗ ਵਾਲਾ ਅਖਰ ; ਦ੍ਰੋਣਾਚਾਰਯ ; ਬ੍ਰਿਹਸਪਤਿ ; ਬਲਵਾਨ, ਯਥਾ- ਗੁਰ ਸਬਦਿ ਗੁਰੂ ਗੁਰ ਕੇ। ਬਲਵਾਨ ਉਪਦੇਸ ਮਹਾਨ ਗੁਰੋਂ ਕੇ ਸਾਥ। ਮਹਾਂਨ ਅਰਥਾਤ ਬਡੇ ਕਾ, ਯਥਾ- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ। ਪੁਨਾ- ਗੁਰੂ ਗੁਰ ਸੁਨੇ। ਬਡੇ ਗੁਰੋਂ ਸੇ ਸ੍ਰਵਣ ਕਰੇ। ਪੁਨਾ- ਕਉਨੁ ਨਾਮੁ ਗੁਰ ਜਾ ਕੈ ਸਿਮਰੈ। ਪੂਜਜ, ਯਥਾ- ਬਾਮਨੁ ਗੁਰੂ ਹੈ ਜਗਤ ਕਾ। ਬ੍ਰਾਹਮਣ ਪੂਜਜ ਹੈ ਆਨ ਲੋਗੋਂ ਕਾ ਭਕਤੋਂ ਕਾ ਨਹੀਂ। ਦੁਰਜਰ, ਜੋ ਵਸਤੂ ਕਠਨਾਈ ਸੇ ਪਚੇ ; ਬੋਝ ਵਾਲੀ ਵਸਤੂ। ਜਨੇਊ ਪਹਰਾਯ ਕੇ ਵੇਦ ਪੜਾਨੇ ਵਾਲਾ ਜਿਸ ਕਾ ਨਾਮ ਉਪਾਧਯਾਯ ਹੈ ; ਅੰਮ੍ਰਿਤ ਛਕਾ ਕੇ ਗ੍ਰੰਥ ਸਾਹਿਬ ਪੜਾਨੇ ਵਾਲਾ ; ਰੁਦ੍ਰਯਾਮਲਾਦਿ ਤੰਤ੍ਰ ਮੰਤ੍ਰੋਂ ਕਾ ਉਪਦੇਸ ਕਰਨੇ ਵਾਲਾ ; ਸਾਸਤ੍ਰ ਵਿਦਜਾ ਕਾ ਉਪਦੇਸ ਕਰਨੇ ਵਾਲਾ ; ਚੌਹਟ ਕਲਾ ਵਿਦਜਾ ਕਾ ਉਪਦੇਸ ਕਰਨੇ ਵਾਲਾ ; ਮਾਤਾ ਪਿਤਾ ਬਡਾ ਭ੍ਰਾਤਾ ਰਾਜਾ ; ਬੈਰਾਗ੍ਯਾਦਿ ਸਾਧਨੋ ਵਾਲੇ ਅਧਿਕਾਰੀ ਕੋ ਉਪਦੇਸ ਕਰਨ ਯੋਗਜ ਬ੍ਰਹਮਨਿਸ੍ਰ ਬ੍ਰਹਮ ਸ੍ਰੋਤੀ ਮਹਾਤਮਾ ਜਿਸ ਕਾ ਨਾਮ ਕਾਚੇ ਗੁਰ ਤੇ ਮੁਕਤਿ ਨ ਹੂਆ ਪਾਠ ਸੇ ਪੱਕਾ ਗੁਰੂ ਸੂਚਨ ਕੀਆ ਹੈ। ਬ੍ਰਹਮ ਨਾਮ ਵੇਦ ਕਾ ਔ ਪਰਮਾਤਮਾ ਕਾ ਹੈ। ਬ੍ਰਹਮ ਨਿਸਠ, ਪਰਮਾਤਮਾ ਮੇਂ ਚਿਤ ਕੀ ਬਿਰਤਾ ਵਾਲਾ ; ਬ੍ਰਹਮ ਸ੍ਰੋਤ੍ਰਿਯ ਵੇਦਾਦਿ ਸਾਸਤ੍ਰੋਂ ਕਾ ਯਥਾਰਥ ਅਰਥ ਜਾਨਨੇ ਵਾਲਾ ਅਰਥਾਤ ਵੇਦਾਦਿ ਗ੍ਰੰਥੋਂ ਦ੍ਵਾਰਾ

ਸਿਖ੍ਯ ਕੇ ਸੰਸਯ ਛੇਦਨ ਕਰਨੇ ਵਾਲਾ ਔ ਪਰਮਾਤਮਾ ਕੇ ਸ੍ਵਰੂਪ ਕੀ ਚਿਤ ਮੇਂ ਪੂਰਨ ਧਾਰਨਾ ਵਾਲਾ। ਯਵਨ ਭਾਸਾ ਮੇਂ ਜਿਸ ਕੋ ਆਲਮ ਆਮਲ ਬੋਲਤੇ ਹੈ, ਗ੍ਰੰਥ ਸਾਹਬ ਜੀ ਮੇਂ ਗੁਰਦੇਵ ਮਾਤਾ ਗੁਰਦੇਵ ਪਿਤਾ ਇਤ੍ਯਾਦਿ ਅਨੰਤ ਪਾਠੋਂ ਮੇਂ ਇਸੀ ਗੁਰੂ ਕੀ ਪ੍ਰਸੰਸਾ ਹੈ। ਇਸ ਗੁਰੂ ਸੇ ਆਨ ਗੁਰੋਂ ਕੀ ਨਿੰਦਾ ਹੈ, ਯਥਾ- ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ। ਪੁਨਾ- ਕਾਚੇ ਗੁਰ ਤੇ ਮੁਕਤਿ ਨ ਹੂਆ। ਨਿਖਲ ਜੀਵੋਂ ਸੇ ਪ੍ਰਥਮ ਬ੍ਰਹਮਾ ਕੋ ਉਪਦੇਸ ਕਰਤਾ ਪ੍ਰਮੇਸ੍ਵਰ, ਜਿਸ ਕਾ ਬਰਣਨ ਵੇਦ ਵਿਖੇ ਸ੍ਵੇਤਾ ਅਸ੍ਵਤਰ ਉਪਨਿਖਦ ਮੇਂ ਹੈ, ਯੋ ਬ੍ਰਹਮਾਣੰ ਵਿਦਧਾਤਿ ਪੂਰਵੰ ਯੋ ਵੈ ਵੇਦਾਂਸ੍ਚ ਪ੍ਰਹਿਣੋਤਿ ਤਸ੍ਮੈ। ਜੋ ਬ੍ਰਹਮਾ ਕੋ ਰਚਤਾ ਭਯਾ ਸਭ ਸੇ ਪੂਰਬ ਜੋ ਤਿਸ ਕੋ ਰਚ ਕੇ ਵੇਦੋਂ ਕਾ ਉਪਦੇਸ ਕਰਤਾ ਹੂਆ ਤਿਸਕੇ ਤਾਈ। ਪਾਤੰਜਲੀ ਮੁਨੀ ਭੀ ਸ: ਸਰਬੇਖਾਂ ਗੁਰੁ ਕਾਲੇਨਾ ਨਵਛੇਦਾਤ। ਵਹੁ ਪਰਮਾਤਮਾ ਸਰਬ ਬ੍ਰਹਮਾਦਿਕੋਂ ਕਾ ਗੁਰੂ ਹੈ। ਜਿਸ ਕਾਰਣ ਤੇ ਕਾਲ ਕੇ ਕੀਏ ਆਦਿ ਅੰਤ ਰੂਪ ਪਰਿਛੇਦੋਂ ਸੇ ਰਹਿਤ ਅਨਾਦ੍ਯਨੰਤ ਹੈ। ਐਸੇ ਅਪਨੇ ਸੂਤ੍ਰੋਂ ਮੇਂ ਲਿਖਤੇ ਹੈਂ। ਗੀਤਾ ਸਿਮ੍ਰਿਤੀ ਮੇਂ ਅਰਜਨ ਪ੍ਰਤੀ ਕ੍ਰਿਸ੍ਨ ਕਹਤੇ ਹੈਂ- ਅਹਮੇਵਗੁਰੁਰਗੀਰੀਯਾਨ, ਜੋ ਪ੍ਰਮਾਤਮਾ ਨਿਖਲ ਬ੍ਰਹਮਾਦਿ ਗੁਰੋਂ ਸੇ, ਸਰਬ ਸੰਪ੍ਰਦਾਯੋਂ ਵਾਲੇ ਆਚਾਰਯੋਂ ਕੋ ਉਪਦੇਸ ਕਰਨੇ ਸੇ, ਬਡਾ ਗੁਰੂ ਹੈ ਸੋ ਮੈ ਹੂੰ। ਵਹੀ ਪ੍ਰਮਾਤਮਾ ਪਰਮ ਗੁਰੂ ਨਾਨਕ ਜੀ ਕਾ ਉਪਦੇਸ੍ਟਾ ਗੁਰੂ ਹੈ। ਜਿਸ ਕੇ ਕੀਏ ਉਪਦੇਸ ਕੀ ਮੈ ਆਪਨਾ ਗੁਰੂ ਪੂਛ ਦੇਖਿਆ ਪਾਠ ਸੇ ਗੁਰੋਂ ਨੇ ਆਪ ਖਬਰ ਦਈ ਹੈ। ਪੁਨਾ- ਗੁਰੂ ਗੁਰੂ ਗੁਰੁ ਕਰਿ ਮਨ ਮੋਰ। ਗੁਰੂ ਬਿਨਾ ਮੈ ਨਾਹੀ ਹੋਰ। ਇਤ੍ਯਾਦਿ ਪਾਠੋਂ ਸੇ ਤਿਸੀ ਕਾ ਗ੍ਰਹਣ ਹੈ। ਗੁਰੂ ਜੀ ਕੇ ਗੁਰੂ ਕਾ ਅਧਿਕ ਬਿਚਾਰ ਗੁਰਮਤ ਨਿਰਣੇ ਮੇਂ। ਔ ਗੁਰੁ ਸਬਦ ਕੇ ਅਰਥ ਕਾ ਬਿਚਾਰ ਵਾਹਗੁਰੁ ਸਬਦਾਰਥ ਬਿਚਾਰ ਮੇਂ ਸਪਸਟ ਲਿਖਾ ਹੈ। ਸੋ ਊਹਾ ਸੇ ਦੇਖਨੇ ਵਾਲੇ ਉਤਮ ਦੇਖ ਲੇਵੇ।

**ਗੁਰੁ ਅੰਦਰ ਵਾੜਾ** ਵਾ. ਗੁਰੋਂ ਨੇ ਕ੍ਰਿਪਾ ਕਰ ਅੰਤਰਮੁਖ ਕੀਏ।

**ਗੁਰੁ ਸੂਰਯ ਪ੍ਰਤਾਪ** ਸੰ. ਸ੍ਰੀ ਗੁਰੁ ਅੰਗਦ ਸਾਹਬ ਸੇ ਲੇ, ਸ੍ਰੀ ਗੁਰੂ ਮਹਾਰਾਜ ਗੋਬਿੰਦ ਸਿੰਘ ਜੀ ਪ੍ਰਯੰਤ, ਨਵ ਗੁਰੋਂ ਕੀ ਜਨਮਾਦਿ ਨਿਖਲ ਕਥਾ ਕਾ ਇਤਿਹਾਸ। ਅਰਥ ਇਸ ਨਾਮ ਕਾ ਗੁਰੁ ਨਾਨਕ ਜੀ ਕੀ ਜੋਤਿ ਕੇ ਪ੍ਰਵੇਸ ਵਾਲੇ ਅੰਗਦਾਦਿ ਨਵ ਗੁਰੁ ਸ੍ਵਰੂਪ ਸੂਰਜ ਕੇ ਬਾਰਾਂ ਰਾਸਿ ਖਟ ਰਿਤੁ ਦੋ ਆਯਨ ਰਚਨਾ ਸੇ ਅਦਭੁਤ ਚਰਿਤ੍ਰੋਂ ਕੇ ਤੇਜ ਵਾਲਾ ਗ੍ਰੰਥ। ਅਕਾਰ ਇਸ ਕਾ ਚਾਰ ਗ੍ਰੰਥ ਸਾਹਬ ਜੇਤਾ ਹੈ। ਸੰਪੂਰਣ ਗੁਰੁ ਜੀ ਕੀ ਕਥਾ ਕੀ ਸਾਖੀਓਂ ਕਾ ਇਸ ਮੇਂ ਸੰਗ੍ਰਹਿ ਹੈ। ਅਨਜਾਨੋਂ ਕੇ ਮੁਖ ਚੜ੍ਹ ਇਸੀ ਕਾ ਨਾਮ ਸੂਰਜ ਪ੍ਰਕਾਸ ਸਿਧ ਹੋ ਗਯਾ ਹੈ।

**ਗੁਰੁ ਹਾਈ** ਦੇ. ਹਾ ਪਦ ਫਾਰਸੀ ਮੇਂ ਬਹੁਤੇ ਕਾ ਵਾਚਕ ਹੈ, ਜੈਸੇ ਸੈਕੜੈ ਕੇ ਠਿਕਾਨੇ ਸਦਹਾ, ਹਜਾਰ ਕੇ ਠਿਕਾਨੇ ਹਜਾਰਹਾ, ਤੈਸੇ ਗੁਰੁਓਂ ਕੇ ਠਿਕਾਨੇ ਗੁਰੁਹਾ ਬਨ ਤਾ ਸੇ ਗੁਰੁਹਾਈ ਬਨ ਗਯਾ ਹੈ। ਜਿਸ ਕਾ ਅਰਥ ਗੁਰੁ ਗੁਰੁ ਹਾਈ ਬਡੇ ਬਹੁਤੇ ਗੁਰੋਂ ਸੇ। ਵਾ ਸੰਸਕ੍ਰਿਤ ਮੇਂ ਹਾ ਪਦ ਹਨਨ ਕਰਨੇ ਵਾਲੇ ਕਾ। ਗੁਰੁ ਸਬਦ ਬਡੇ ਰਿਖਿ ਮੁਨੀਓਂ ਕਾ ਬਾਚਕ ਹੈ। ਯਾ ਤੇ ਤਿਨ ਰਿਖਿ ਮੁਨੀਓਂ ਕੇ ਹਨਨ ਕਰਨੇ ਵਾਲੇ ਰਾਖਸੋਂ ਕਾ ਨਾਮ ਗੁਰੁਹਾ ਹੈ। ਗੁਰੁਹਾ ਸੇ ਗੁਰੁਹਾਈ ਬਨਾ ਹੈ। ਪ੍ਰਕਰਣ ਮੇਂ ਬਿਭੀਖਣ ਬਲਿ ਪ੍ਰਹਲਾਦ ਗ੍ਰਹਣ ਕਰ। ਪ੍ਰਹਲਾਦ ਆਦਿਕ ਰਾਖਸ ਭਕਤੋਂ ਸੇ ਭੀ ਆਪ ਕੀ ਬਡਿਆਈ ਨਹੀਂ ਕਹੀ ਜਾਤੀ। ਵਾ ਭਕੇ ਕੋ ਹਾਹਾ ਹੋ ਗੁਰੁਭਾਈ ਸੇ ਗੁਰੁਹਾਈ ਬਨ ਗਯਾ ਹੈ। ਯਾ ਤੇ ਗ੍ਯਾਨੀਓਂ ਸੇ ਧ੍ਯਾਨੀਯੋਂ ਸੇ ਗੁਰੋਂ ਸੇ ਗੁਰੋਂ ਕੇ ਉਪਦੇਸੇ ਭਾਈਓਂ ਸੇ ਭਾਵ ਗੁਰ ਕੇ ਚੇਲਿਓਂ ਸੇ ਕਹੀ ਨਹੀਂ ਜਾਤੀ ਰੰਚਕ ਮਾਤ੍ਰ ਹੇ ਪ੍ਰਮੇਸ੍ਵਰ ਤੇਰੀ ਬਡਿਆਈ।

**ਗੁਰੁ ਕਾਰ ਕਮਾਵੈ** ਵਾ. ਹਮਾਰਾ ਦੇਹ ਗੁਰੁ ਅਮਰ ਜੀ ਕੀ ਸੇਵਾ ਕਰੇ, ਜੈਸੇ- ਸੋ ਦਿਵਸ ਭਲਾ ਸੁਹਾਵੜਾ ਗੁਰੁ ਕਾਰ ਕਮਾਵੈ।

**ਗੁਰੁ ਕੋਮਦੀ** ਸੰ. ਸ੍ਰੀ ਗੁਰੁ ਨਾਨਕ ਜੀ ਸੇ ਲੇ ਦਸਮੀ ਪਾਤਸਾਹੀ ਪ੍ਰਯੰਤ ਦਸ ਗੁਰੂ ਸ੍ਵਰੂਪ ਚੰਦ੍ਰਮਾ ਕੀ ਚਾਦਨੀ ਕੇ ਬਰਨਨ ਕਾ ਗ੍ਰੰਥ। ਇਸ ਗ੍ਰੰਥ ਮੈਂ ਪਰ ਮਤੋਂ ਵਾਲਿਓਂ ਕੀ ਜੋ ਗੁਰੁਮਤ ਪੈ ਆਸੰਕਾ, ਤਿਨ ਕਾ ਖੂਬ ਖੰਡਨ ਕੀਆ ਹੈ।

**ਗੁਰੁ ਗਹਿਰ ਗੰਭੀਰੇ** ਵਾ. ਗੰਭੀਰੋਂ ਸੇ ਗੰਭੀਰ ਗੁਰੋਂ ਤੇ, ਜੈਸੇ- ਹਰਿ ਹਰਿ ਨਾਮ ਵਿਹਾਝਿਆ ਗੁਰ ਗਹਿਰ ਗੰਭੀਰੇ। ਹਰਿ ਕਾ ਹਰਿ ਯਹ ਨਾਮ ਹਮ ਖਰੀਦਿਆ ਹੈ, ਗੰਭੀਰੋਂ ਗੰਭੀਰ ਗੁਰੋਂ ਤੇ।

**ਗੁਰੁ ਗ੍ਰੰਥ** ਸੰ. ਗੁਰੋਂ ਦ੍ਵਾਰਾ ਪ੍ਰਗਟ ਹੂਆ ਨਾਨਾ ਭਾਤ ਕੇ ਵਾਕ੍ਯਨ ਕਾ ਸਮੁਦਾਯ। ਬਚਨ ਹੈ- ਜੈਸੀ ਮੈ ਆਵੈ ਖਸਮ ਕੀ ਬਾਣੀ ਇਤ੍ਯਾਦਿ ; ਗੁਰੋਂ ਕੀ ਦੇਹ ਸ੍ਵਰੂਪ ਜੈਸੇ ਮਾਰਗ ਮੇਂ ਪ੍ਰਸਿਧ ਹੈ- ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ ਗੁਰੁ ਸਰਬ ਕੋ ਉਪਦੇਸ ਕਰਨੇ ਵਾਲਾ ਪਰਮਾਤਮਾ ਤਿਸ ਕੇ ਜਸ ਗੁਣ ਸ੍ਵਰੂਪ ਪ੍ਰਤਿਪਾਦਕ ਗ੍ਰੰਥ।

**ਗੁਰੁ ਗੁਰ** ਸੰ. ਬਡੇ ਗੁਰੁ ਸੇ, ਯਥਾ- ਜਨ ਨਾਨਕ ਹਰਿ ਗੁਰੁ ਗੁਰ ਮਿਲਾਉ। ਗੁਰੁ ਬਡੇ ਹਰਿ ਸੇ ਮਿਲਾਵੇ ਹੈਂ।

**ਗੁਰੁ ਗੁਰੁ ਸੁਨੇ** ਵਾ. ਬਡੇ ਗੁਰੋਂ ਸੇ ਸੁਨੇ।

**ਗੁਰੁ ਚੰਦ੍ਰੋਦਯ** ਸੰ. ਆਦਿ ਪਾਤਸਾਹੀ ਕੀ ਜਨਮਾਦਿ ਕਥਾ ਕਾ ਸੰਸਕ੍ਰਿਤ ਰਚਨਾ ਮੇਂ ਬਰਨਨ। ਜੋ ਸੰਤੋਖ ਸਿੰਘ ਨੇ ਗੁਰੁ ਸੂਰਯ ਪ੍ਰਤਾਪ ਸੇ ਪਹਲੇ ਨਾਨਕ ਪ੍ਰਕਾਸ ਮੇਂ ਖੂਬ ਤਰਾਂ ਸੇ ਲਿਖਾ ਹੈ। ਕਿੰਚਤ ਮਾਤ੍ਰ ਔ ਗੁਰੋਂ ਕੀ ਕਥਾ ਕਾ ਬਰਨਨ।

**ਗੁਰੁ ਪਉੜੀ** ਦੇ. ਗੁਰੋਂ ਕਾ ਉਪਦੇਸ ਰੂਪ ਪਉੜੀ।

**ਗੁਰੁ ਪੁਰਖੁ ਅਜਨਮਾ** ਵਾ. ਪ੍ਰਮਾਤਮਾ ਪੁਰਖ ਅਜਨਮਾ ਹੈ।

**ਗੁਰੁ ਬਡ ਦਾਨਾ** ਵਾ. ਗੁਰੁ ਬਡੇ ਬੁਧਿਮਾਨ ਹੈਂ, ਜੈਸੇ- ਇਸ ਜਗ ਮੈ ਗੁਰ ਬਡ ਦਾਨਾ।

**ਗੁਰੁ ਬਿਲਾਸ** ਸੰ. ਗੁਰੁ ਹਰਿਗੋਬਿੰਦ ਸਾਹਿਬ ਕੇ ਔ ਗੁਰੂ ਗੋਬਿੰਦ

ਸਿੰਘ ਮਹਾਰਾਜ ਜੀ ਕੇ ਦੇਸਾਟਨ ਔ ਜੁੱਧਾਦਿਕੋਂ ਕੇ ਬਿਲਾਸ ਸੰਖੇਪ ਸੇ ਇਨ ਗੁਰੁ ਬਿਲਾਸੋਂ ਮੇਂ ਗੁਰੋਂ ਕੀ ਕਥਾ ਕੋ ਬਰਨਨ ਹੈਂ। ਮੁਖਜ ਕਰ ਛਠੇ ਗੁਰੋਂ ਕੀ ਔ ਦਸਮ ਗੁਰੂ ਜੀ ਕੀ ਕਥਾ ਹੈ।

**ਗੁਰੁ ਭਾਈ** ਦੇ. ਏਕ ਗੁਰ ਕੇ ਚੇਲੇ।

**ਗੁਰਸਿਖ** ਦੇ. ਗੁਰੋਂ ਕਾ ਉਪਦੇਸ ਲੈ, ਯਥਾ- ਗੁਰਸਿਖ ਲੈ ਮਨੁ ਜਿਣਤਿਆ।

**ਗੁਰੁ ਲਿਵੈ** ਵਾ. ਇਕ ਰਸ ਬ੍ਰਿਤੀ ਗੁਰੋਂ ਓਰ ਲਗਨੀ, ਯਥਾ- ਨਾਨਕ ਗੁਰੁ ਲਿਵੈ।

**ਗੁਲ** ਫਾ. ਫੂਲ।

**ਗੁਲ ਗੋਲੇ** ਦੇ. ਗੋਲਜ਼ੋਂ ਕੇ ਗੋਲੇ, ਦਾਸੋਂ ਕੇ ਦਾਸ, ਯਥਾ- ਗੁਰ ਸਤਿਗੁਰ ਕੇ ਗੁਲ ਗੋਲੇ।

**ਗੁਲਾਲੁ** ਦੇ. ਲਾਲ ਪੋਸਤ ਕਾ ਫੂਲ, ਯਥਾ- ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ। ਫਾ. ਗੁਲਲਾਲਾ।

**ਗੁੜਣਾ** ਦੇ. ਪੁਨਾ ਪੁਨਾ ਬਿਚਾਰਨਾ, ਯਥਾ- ਪੜਣਾ ਗੁੜਣਾ ਸੰਸਾਰ ਕੀ ਕਾਰ। ਸੰ. ਗੁਣਨ।

**ਗੁੜੁ** ਸੰ. ਗੁੜ ਪ੍ਰਸਿਧ, ਯਥਾ- ਗੁੜੁ ਵਾਤਿ।

**ਗੁੜੁ ਵਾਤਿ** ਗੁ. ਗੁੜ ਤੁਲਜ ਮੀਠੀ ਬਾਤਾਂ, ਯਥਾ- ਦਿਲਿ ਕਾਤੀ ਗੁੜੁ ਵਾਤਿ। ਚਿਤ ਮੇਂ ਕਪਟ ਊਪਰ ਸੇ ਪ੍ਰੇਮ।

**ਗੂਹ** ਦੇ. ਬਿਸ੍ਟਾ, ਪੁਰੀਖ, ਯਥਾ- ਗੂਹ ਪੜਿ ਸਗਵੀ ਮਲੁ। ਸੰ. ਗੂਥ।

**ਗੂੰਜ** ਦੇ. ਅਵਾਜ ਭ੍ਰਮਰਾਦਿਕੋਂ ਕੀ।

**ਗੂਜਰੀ** ਦੇ. ਮੇਘ ਰਾਗ ਕੀ ਰਾਗਨੀ ਰਿ ਗ ਮ ਪ ਧ ਨਿ ਸ ਰਿ ਸਾਤ ਸ੍ਵਰ ਕੀ ਹੈ ; ਅਹੀਰਨੀ।

**ਗੂਢਾਰਥ ਦੀਪਕਾ** ਸੰ. ਜਪ ਬਾਣੀ ਪੈ ਬਣਾਈ ਸੰਸਕ੍ਰਿਤ ਟੀਕਾ ਜਿਸ ਮੇਂ ਗੁਰੁ ਨਾਨਕ ਜੀ ਕੇ ਸਥਾਪਨ ਕੀਏ ਗੂਢ ਅਰਥੋਂ ਕਾ ਪ੍ਰਕਾਸ ਕੀਆ ਹੈ ਪੰਡਿਤ ਨਿਹਾਲ ਸਿੰਘ ਜੀ ਨੇ।

**ਗੂਣ** ਦੇ. ਬੈਲ ਗਧੇ ਪੈ ਲੱਦਣੇ ਕੀ ਬੋਰੀ।

**ਗੂੰਦ** ਦੇ. ਪੂ. ਗੂੰਦ ਕੇ, ਜੈਸੇ- ਸਿਹਰਾ ਗੂੰਦ ਗੂੰਦ ਕੇ ਲਾਓ ; ਬ੍ਰਿਛੋਂ ਕਾ ਗੂੰਦ।

**ਗੂਨ** ਫਾ. ਰੰਗ ਨੀਲ ਪੀਤਾਦਿ, ਜੈਸੇ- ਬੇਗੂਨ ਬੇਚੂਨ ਚੂੰ ਬੇਨਮੂਨ।

**ਗੂੜ** ਸੰ. ਗੁਹਜ ਵਸਤੁ।

**ਗੂੜਾ** ਦੇ. ਸਘਨ ਅਰਥਾਤ ਬਡਾ, ਯਥਾ- ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ। ਸ੍ਰਵਣ ਕਰ ਹੇ ਮੁਗਧੇ ਹਰਣ ਕੀ ਅੱਖਾਂ ਸਮਾਨ ਅੱਖਾਂ ਵਾਲੀਏ ਭਾਵ ਸੁਧ ਬੁਧੀ ਵਾਲੇ ਪ੍ਰੇਮੀ ਗੂੜਾ ਵੈਣ ਉਤਮ ਉਪਦੇਸ ਬਚਨ ਜਿਸ ਕਾ ਅਪਾਰ (ਬੇਅੰਤ) ਫਲ ਹੈ ਸੋਖ।

**ਗੇਹ** ਦੇ. ਘਰ, ਗ੍ਰਿਹ। ਸੰ. ਗ੍ਰਿਹ, ਯਥਾ- ਦੇਹ ਨ ਗੇਹ ਨ ਨੇਹ ਨ ਨੀਤਾ।

**ਗੇਹਨਿ** ਦੇ. ਇਸਤਰੀ, ਯਥਾ- ਘਰ ਕੀ ਗੀਹਨਿ ਚੰਗੀ। ਪੁਨਾ- ਪੁਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ। ਸੰ. ਗ੍ਰਿਹਣੀ।

**ਗੇਰਿਓ** ਦੇ. ਸਟਿਆ।

**ਗੇਰੀ** ਦੇ. ਗੇਰੂ ਕੇ ਰੰਗੇ, ਯਥਾ- ਪੂੰਅਰ ਤਾਪ ਗੇਰੀ ਕੇ ਬਸਤ੍ਰਾ।

**ਗੇੜਾ** ਪੰ. ਵਾਰੀ, ਫੇਰੀ, ਯਥਾ- ਲਖੁ ਲਖੁ ਗੇੜਾ ਆਖੀਅਹਿ। ਪੁਨਾ- ਸਉ ਗੇੜਾ ਆਵਉ ਜਾਉ।

**ਗੈਣਾਰੇ** ਪੰ. ਆਕਾਸ ਮੇਂ, ਯਥਾ- ਹੰਸੁ ਗਇਆ ਗੈਣਾਰੇ।

**ਗੈਣਿ** ਦੇ. ਅਕਾਸ, ਯਥਾ- ਗੈਣਿ ਚੜੀ ਬਿਲਲਾਇ। ਸੰ. ਗਗਨ।

**ਗੈਨ** ਦੇ. ਆਕਾਸ, ਗਗਨ, ਯਥਾ- ਉਰਧ ਤਾਪ ਲੈ ਗੈਨ।

**ਗੈਬਾਨ** ਦੇ. ਭੂਤ ਪ੍ਰੇਤ ਦੇਵਤਾਦਿ ਪ੍ਰੋਖ ਸ੍ਰਿਸ੍ਟਿ, ਯਥਾ- ਗੈਬਾਨ ਹੈਵਾਨ। ਅ. ਗਾਯਬਾਨਹ।

**ਗੈਬੀ** ਦੇ. ਛਿਪਾ ਹੂਆ, ਪਾਚ ਕੋਸੋਂ ਮੇਂ ਢਕਾ ਹੂਆ ਜੀਵ, ਜੈਸੇ- ਖੇਲੇ ਗੈਬੀ ਮਾਹ।

**ਗੈਬੁ** ਦੇ. ਅੰਧੇਰਾ ; ਬੇਵਕੂਫ ; ਗੜਾ ; ਛਿਪਾ ਹੂਆ, ਯਥਾ- ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ। ਅ. ਗਾਯਬ।

**ਗੈਰ** ਅ. ਬਿਨਾ, ਯਥਾ- ਡਾਨੁ ਸਗਲ ਗੈਰ ਵਜਹਿ ਭਰਿਆ।

**ਗੈਰ ਮਹਲੁ** ਵਾ. ਗੁਪਤ ਸ੍ਵਰੂਪ ਕੋ ਪਾਵੇ ਹੈਂ, ਯਥਾ- ਗੈਰ ਮਹਲੁ ਪਾਏ।

**ਗੈਰ ਵਜਹਿ** ਫਾ. ਬਿਨਾ ਰੀਤੀ ਸੇ, ਯਥਾ- ਡਾਨੁ ਸਗਲ ਗੈਰ ਵਜਹਿ ਭਰਿਆ।

**ਗੈਰਤਿ** ਅ. ਸ੍ਵਾਮੀ ਕੇ ਮਨ ਮੇਂ ਗਲਾਨੀ ਪਾਤਾ, ਯਥਾ- ਫਿਰਿ ਗੈਰਤਿ ਅੰਦਰਿ ਪਾਇ।

**ਗੈਲਿ** ਪੰ. ਪੀਛੇ, ਯਥਾ- ਉਨ ਕੀ ਗੈਲਿ ਤੋਹਿ ਜਿਨਿ ਲਾਗੈ।

**ਗੈਵਰ** ਦੇ. ਸ੍ਰੇਸ੍ਟ ਹਾਥੀ। ਸੰ. ਗਜੇਂਦ੍ਰਵਰ, ਯਥਾ- ਹੈਵਰ ਗੈਵਰ ਰਾਜ ਰੰਗ।

**ਗੋ** ਸੰ. ਬੈਲ ; ਕਿਰਣ ; ਬਜ੍ਰ ; ਜਲ ; ਪਸੂ ; ਚੰਦ੍ਰਮਾ ; ਵਾਯੂ ; ਸੂਰਜ ; ਰਿਖਭ ਨਾਮਵਾਲੀ ਬੂਟੀ ; ਬਾਣ ; ਦਿਸਾ ; ਮਾਤਾ ; ਬਾਣੀ ; ਭੂਮੀ ; ਸ੍ਵਰਗ। ਗੁ. ਗਾ, ਯਥਾ- ਬੈਰਾਗੀ ਰਾਮਹਿ ਗਾਵਉਗੋ।

**ਗੋ ਯਗ** ਸੰ. ਗੋ ਮੇਧ ਯਗ ; ਗਊਓਂ ਕੀ ਬ੍ਰਿਧੀ ਹੇਤ ਯੱਗ ਜੋ ਗੋਵਰਧਨ ਮੇਂ ਕ੍ਰਿਸਨ ਜੀ ਨੇ ਕਰਾਯਾ।

**ਗੋਆਲੀਆ** ਗੁ. ਗੁਆਲੇ, ਯਥਾ- ਗੋਪੀ ਨੈ ਗੋਆਲੀਆ।

**ਗੋਇ** ਫਾ. ਕਹੁ ਤੂ ; ਗੇਂਦ, ਖੁਦੋ, ਯਥਾ- ਸੀਸੁ ਕਾਟਿ ਕਰਿ ਗੋਇ।

ਗੁ. ਪ੍ਰਿਥ੍ਵੀ, ਯਥਾ- ਗੋਰਖੁ ਸੋ ਜਿਨਿ ਗੋਇ ਉਠਾਲੀ। ਪੁਨਾ- ਤੁਧੁ ਆਪੇ ਗੋਇ ਉਠਾਲੀਆ। ਵਰਾਹ ਰੂਪ ਸੇ ਵਾ ਸੇਸ ਰੂਪ ਸੇ।

**ਗੋਇਲਿ** ਦੇ. ਦੁਰਭਿਖਾਦਿਕੋਂ ਕੇ ਨਿਮਿਤ ਸੇ ਬਿਦੇਸ ਗਤ ਪਸੂਯੋਂ ਕਾ ਸਮੁਦਾਯ, ਯਥਾ- ਗੋਇਲਿ ਆਇਆ ਗੋਇਲੀ।

**ਗੋਇਲੀ** ਦੇ. ਗੋਇਲ ਵਾਲਾ ਪੁਰਖ, ਯਥਾ- ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ।

**ਗੋਈ** ਫਾ. ਕਹੁ ਤੂ। ਦੇ. ਪਾਲਨ ਕਰੀ, ਯਥਾ- ਤੁਧੁ ਆਪੇ ਸਿਰਜੀ ਆਪੇ ਗੋਈ। ਪੁਨਾ- ਆਪੇ ਫੁਨਿ ਗੋਈ। ਸੰ. ਗੋਪਿਤਾ। ਪੰ. ਮਿਠੀ ਕੜੀ।

**ਗੋਈਆ** ਦੇ. ਕਹੀਆਂ, ਯਥਾ- ਮਨਿ ਮੁਖਿ ਗਲਾ ਗੋਈਆ। ਫਾ. ਗੋ।

**ਗੋਸ** ਫਾ. ਕਾਨ, ਯਥਾ- ਦਰ ਗੋਸ ਕੁਨ ਕਰਤਾਰ।

**ਗੋਹੇ** ਪੰ. ਗੋਬਰ ਬੀਚ, ਯਥਾ- ਗੋਹੇ ਅਤੈ ਲਕੜੀ। ਪੁਨਾ- ਵਿਸਟਾ ਖਾਇ ਮੁਖਿ ਗੋਹੈ। ਕਊਆ ਵਿਸ੍ਟਾ ਤਥਾ ਗੋਬਰ ਖਾਇ ਕੇ ਰਜੇ ਹੈ।

**ਗੋਚਰ** ਸੰ. ਗੋ ਇੰਦ੍ਰੇ ਵਿਚਰੇਂ ਜਿਨ ਮੇਂ ਐਸੇ ਸਬਦਾਦਿ ਵਿਖਯ ; ਗਊਆਂ ਬਿਚਰੇਂ ਜਿਸ ਮੇਂ ਵਹੁ ਥਾਨ ; ਦੇਸਮਾਤ੍ਰ ; ਜਨਮਰਾਸਿ ਸੇ ਅਧਿਕ ਰਾਸੀਓਂ ਮੇਂ ਸੂਰਯਾਦਿ ਗ੍ਰਹੋਂ ਕਾ ਗਮਨ। ਪੰ. ਅਧੀਨ, ਯਥਾ- ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ।

**ਗੋਚੀ** ਸੰ. ਹਿਮਾਲੇ ਕੀ ਪਤਨੀ ; ਮਛੀ ਬਿਸੇਖ।

**ਗੋਜ** ਸੰ. ਛੱਤ੍ਰਾਣੀ ਮੇਂ ਛੱਤ੍ਰੀ ਕੇ ਸੰਬੰਧ ਸੇ ਪ੍ਰਮਾਦ ਸੇ ਗੁਢ ਜਾਤ ਪੁਤ੍ਰ ; ਗੋ ਜਾਤ ਮਾਤ੍ਰ, ਗਊ ਸੇ ਉਪਜੇ ਦੁਗਧਾਦਿ।

**ਗੋਡਹੁ** ਪੰ. ਗੋਡੋ, ਜਮੀਨ ਪੋਲੀ ਕਰੋ, ਯਥਾ- ਕਾਮੁ ਕ੍ਰੋਧਿ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ। ਸੁਭ ਕਰਮੋਂ ਕੀ ਕਾਮਨਾ ਔ ਮੰਦ ਕਰਮੋਂ ਪੈ ਕੋਪ ਕਰਨਾ ਯੇ ਦੋਨੋ ਮਟੀ ਖੋਦਨੇ ਵਾਲੇ ਬਸੋਲੇ ਬਨਾ ਕਰ ਅਪਨੀ ਅੰਤਾਕਰਣ ਪ੍ਰਿਥ੍ਵੀ ਕੋ ਪੋਲੀ ਕਰੋ ਅਰਥਾਤ ਸੁਧ ਕੋਮਲ ਕਰੋ। ਈਹਾ ਕਹੇ ਕਾਮ ਕ੍ਰੋਧ ਬਿਨਾ ਪ੍ਰਸਿਧੋਂ ਕਾ ਗ੍ਰਹਣ ਨਹੀਂ, ਕਾਹੇ ਤੇ 'ਕਾਮ ਕ੍ਰੋਧ ਕਿਨੇ ਨ ਪਾਇਓ' ਐਸੇ ਪ੍ਰਸਿਧ ਕਾਮ ਕ੍ਰੋਧ ਕੋ ਪ੍ਰਮੇਸ੍ਰ ਪ੍ਰਾਪਤੀ ਕਾ ਪ੍ਰਤਬੰਧਕ ਕਹਿਆ ਹੈ, ਪੁਨਾ-ਕਾਮ ਕ੍ਰੋਧ ਅਰੁ ਲੋਭ ਮੋਹ ਇਤਯਾਦਿ ਪਾਠ ਸੇ ਗੁਰੂ ਕਿਰਪਾ ਸੇ ਪ੍ਰਸਿਧੋਂ ਕਾ ਨਾਸ ਹੋਨਾ ਕਹਯਾ ਹੈ।

**ਗੋਤ** ਦੇ. ਕੁਲ।

**ਗੋਤਮ** ਸੰ. ਅਹਲਯਾ ਕਾ ਪਤਿ ; ਨਯਾਯ ਸਾਸਤ੍ਰ ਕਾ ਕਰਤਾਮੁਨਿ। ਸੰ. ਗੌਤਮ।

**ਗੋਤਮ ਨਾਰਿ** ਸੰ. ਅਹਲਯਾ, ਯਥਾ- ਗੋਤਮ ਨਾਰਿ ਅਹਲਿਆ ਤਾਰੀ।

**ਗੋਤ੍ਰ** ਸੰ. ਪਰਬਤ ; ਕਾਨਨ ; ਖੇਤ੍ਰ ; ਮਾਰਗ ; ਸੰਘ ; ਬ੍ਰਿਧੀ ; ਬਿੱਤ ; ਮੁਨੀਸ੍ਰੋਂ ਕੇ ਪੁਤ੍ਰ ਪੌਤ੍ਰਾਦਿ ਬੰਸ ਜਿਨ ਕੇ ਨਾਮ ਸੇ ਗੋਤ ਹੈ ਵਹੁ- ੧. ਬਿਸ੍ਵਾਮਿਤ੍ਰ ੨. ਜਮਦਗਨਿ ੩. ਭਾਰਦ੍ਵਾਜ ੪. ਗੋਤਮ ੫. ਅਤ੍ਰਿ ੬. ਬਸਿਸ੍ਟ ੭. ਕਸਯਪ ੮. ਅਗਸ੍ਤਿ, ਯੇ ਆਠ ਲਿਖੇ ਹੈਂ। ਇਨ ਕੇ ਪੁਤ੍ਰ ਪੌਤ੍ਰਾਦਿਕੋਂ ਕਾ ਨਾਮ ਗੋਤ੍ਰ ਹੈ, ਯਹ ਬੋਧਾਯਨ ਨੇ ਲਿਖਾ ਹੈ। ਧਰਮ ਪ੍ਰਦੀਪ ਗ੍ਰੰਥ ਮੇਂ ਸਾਂਡਿਲਯ, ਮੋਦਗਲਯਾਦਿ ਚੌਬੀਸ ਗੋਤ੍ਰਕਾਰ ਲਿਖੇ ਹੈ, ਸੋ ਸਭ ਬ੍ਰਾਹਮਣ ਜਾਤਿ ਕੇ ਗੋਤ੍ਰਕਾਰ ਹੈ। ਇਨ ਹੀ ਨਾਮੋਂ ਸੇ ਛਤ੍ਰੀਯੋਂ ਕੇ ਗੋਤ੍ਰ ਹੈ। ਯਾ ਤੇ ਜਾਨ ਪੜਤਾ ਹੈ ਪਹਲੇ ਸਭੀ ਬ੍ਰਾਹਮਣ ਥੇ। ਬੀਚ ਮੇ ਜੁਦੇ ਜੁਦੇ ਕਾਮੋਂ ਸੇ ਪ੍ਰਿਥਕ ਪ੍ਰਿਥਕ ਨਾਮ ਪਾਇ। ਜੋ ਜੋ ਪੁਰਖ ਆਨ ਬਰਣੋਂ ਕੇ ਪ੍ਰਸਿਧ ਹੋ ਗਏ, ਉਨ ਕੇ ਪੁਤ੍ਰ ਪੋਤ੍ਰੇ ਉਨ ਕੇ ਨਾਮੋ ਸੇ ਉਨ ਕੇ ਗੋਤ੍ਰੋ ਵਾਲੇ ਪ੍ਰਸਿਧ ਹੋ ਗਏ। ਦਾਨ ਸ੍ਨਾਨਾਦਿ ਸਮੇਂ ਮੇਂ ਸੰਕਲਪ ਮੇਂ ਗੋਤ੍ਰ ਕਾ ਨਾਮ ਲੇਨਾ ਪੜਤਾ ਹੈ। ਬਿਵਾਹ ਸਮੇ ਪਿਤਾ ਕੇ ਗੋਤ੍ਰ ਸੇ ਬਦਲ ਕੇ ਇਸਤ੍ਰੀ ਪਤਿ ਕੇ ਗੋਤਥ ਵਾਲੀ ਹੋ ਜਾਤੀ ਹੈ। ਗੋਤ੍ਰ ਬਦਲਾਨਾ ਮੰਤ੍ਰੋਂ ਕੇ ਅਧੀਨ ਹੈ। ਜਿਨ ਮੰਤ੍ਰੋਂ ਸੇ ਬਦਲ ਕੇ ਗੁਰੂ ਜੀ ਨੇ ਬ੍ਰਾਹਮਣਾਦਿ ਜਨੋਂ ਕੋ ਖਤ੍ਰੀ ਧਰਮ ਕੀਯਾ ਹੈ। ਜੋ ਮੰਤ੍ਰ ਪ੍ਰਭਾਵ ਸੇ ਖਤ੍ਰੀ ਧਰਮ ਨਾ ਮਾਨੇ, ਸੋ ਮੰਤ੍ਰ ਬਲ ਸੇ ਇਸਤ੍ਰੀ ਕੋ ਪਿਤਾ ਕੇ ਗੋਤ੍ਰ ਸੇ ਬਦਲੀ ਨਾ ਮਾਨੇ।

**ਗੋਨਿ** ਦੇ. ਗੂਣ, ਯਥਾ- ਬਾਹਰਿ ਬੈਲੁ ਗੋਨਿ ਘਰਿ ਆਈ।

**ਗੋਪ** ਸੰ. ਗਊਓਂ ਕੀ ਪਾਲਨਾ ਕਰਨੇ ਵਾਲੇ ਅਹੀਰ ਗੁਜਰ ; ਉਪਕਾਰਕ ; ਗ੍ਰਾਮ ਕਾ ਚੌਧਰੀ। ਦੇ. ਗੁਹਜ ਵਸਤੁ। ਸੰ. ਗੋਪਯ।

**ਗੋਪਾਲੁ** ਸੰ. ਬਾਰਾਹ ਰੂਪ ਸੇ ਗੋ ਭੂਮੀ ਕੀ ਮਤ ਸਰੂਪ ਸੇ ਬੇਦ ਬਾਣੀ ਕੀ ਕ੍ਰਿਸ੍ਨ ਰੂਪ ਸੇ ਗਊਓਂ ਕੀ ਰਛਾ ਕਰਤਾ ਪ੍ਰਮੇਸ੍ਰ, ਯਥਾ- ਜਗੰਨਾਥੁ ਗੋਪਾਲੁ ਮੁਖਿ ਭਣੀ। ਗੋਪਾਲ ਕਾ ਗੁਆਲ ਹੋ ਤਾ ਕਾ ਬਿਗੜ ਕੇ ਗੁਆਲਾ ਬਨ ਗਯਾ ਹੈ ; ਅਹੀਰ ; ਗੁਜਰ।

**ਗੋਪਿਆ** ਪੰ. ਛਿਪਾਇਆ ਨਿੰਦਿਆ, ਯਥਾ- ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ।

**ਗੋਪੀ** ਸੰ. ਗੁਜਰੀ, ਅਹੀਰਨੀ। ਗੁ. ਇੰਦ੍ਰੀਆਂ, ਯਥਾ- ਨਾਚੰਤੀ ਗੋਪੀ ਜੰਨਾ।

**ਗੋਪੀ ਖੋਜੀ** ਵਾ. ਕ੍ਰਿਸ੍ਨ ਰੂਪ ਮੇਂ ਗੋਪੀ ਖੋਜੀ, ਯਥਾ- ਹਰਿ ਆਪੇ ਗੋਪੀ ਖੋਜੀ ਜੀਉ।

**ਗੋਪੀ ਚੰਦਨ** ਸੰ. ਦ੍ਵਾਰਕਾ ਕੇ ਸਮੀਪੀ ਗੋਪੀ ਤਲਾਈ ਕੀ ਪਾਂਡੂ ਮੱਟੀ, ਜਿਸ ਕੋ ਬੈਰਾਗੀ ਸਾਧ ਮਥੇ ਮੇਂ ਲਗਾਤੇ ਹੈਂ, ਯਥਾ- ਕਿਨਹੀ ਤਿਲਕੁ ਗੋਪੀ ਚੰਦਨ ਲਾਇਆ।

**ਗੋਪੀ ਜੰਨਾ** ਗੁ. ਇੰਦ੍ਰੀਯਾਂ ਰੂਪ ਇਸਤਰੀਆ, ਯਥਾ- ਨਾਚੰਤੀ ਗੋਪੀ ਜੰਨਾ।

**ਗੋਪੀ ਨਾਥੁ** ਸੰ. ਇੰਦ੍ਰੀਯੋਂ ਕਾ ਪਤਿ ਪਰਮਾਤਮਾ ; ਗੋਪੀਯੋਂ ਕਾ ਪਤਿ ਕ੍ਰਿਸ੍ਨ, ਯਥਾ- ਗੋਪੀ ਨਾਥੁ ਸਗਲ ਹੈ ਸਾਥੇ।

**ਗੋਪੀ ਨੈ** ਗੁ. ਗੋਪੀਯੋਂ ਕੇ, ਯਥਾ- ਗੋਪੀ ਨੈ ਗੋਆਲੀਆ। ਗੋਪੀਓਂ ਗੁਆਲਿਯੋਂ ਕੇ ਵਾਸਤੇ ਪ੍ਰਿਥ੍ਵੀ ਕਾ ਟੁਕੜਾ ਗੋਵਰਧਨ ਉਠਾਯਾ ਵਾ

ਗੁਆਲੇ ਜੀਵੋ ਕੇ ਇੰਦ੍ਰਯੋਂ ਸੇ ਵਿਖੇ ਭੋਗਨੇ ਹੇਤ ਹੇ ਹਰੇ ਤੈਨੇ ਮਹਦਾਦਿ ਕ੍ਰਮ ਸੇ ਸ੍ਰਿਸ੍ਰਿ ਰਚੀ ਹੈ।

**ਗੋਪੀਆ** ਦੇ. ਗੁਜਰੀਆਂ, ਯਥਾ- ਘੜੀਆ ਸਭੇ ਗੋਪੀਆ।

**ਗੋਪੂਛ** ਸੰ. ਗਊ ਜੈਸੀ ਲੰਮੀ ਪੂਛ ਵਾਲਾ ਬੰਦਰ ; ਗਊ ਕੀ ਪੂਛ।

**ਗੋਪੇ** ਦੇ. ਛਪਾਵੇ ; ਨਿੰਦੇ, ਯਥਾ- ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ।

**ਗੋਬਰਿ** ਦੇ. ਗੋਹਾ, ਗੋ ਮਲ, ਯਥਾ- ਗੋਬਰਿ ਤਰਣੁ ਨ ਜਾਈ।

**ਗੋਬਿੰਦ** ਸੰ. ਵੇਦ ਬਾਣੀ ਕਰ ਜਿਸ ਕਾ ਲਾਭ ਹੋਵੇ ਵਹੁ ਪਰਮਾਤਮਾ ; ਵੇਦ ਬਾਣੀ ਸੇ ਜਿਸ ਕਾ ਹੋਨਾ ਸਰਬ ਮੇ ਜਾਣੀਏ ਵਹੁ ਪਰਮਾਤਮਾ ; ਕ੍ਰਿਸ੍ਨ ਰੂਪ ਮੇਂ ਗਊਯੋਂ ਕੋ ਬਰਾਹ ਰੂਪ ਮੇਂ ਧਰਣੀ ਕੋ ਲਭਤਾ ਫਿਰਾ ਹੋਵੇ ਸੋ ਪ੍ਰਮੇਸ੍ਰ, ਯਥਾ- ਗੋਬਿੰਦ ਗੋਬਿੰਦ ਗੋਬਿੰਦ ਮਈ।

**ਗੋਬਿੰਦ ਸਿੰਘ** ਸੰ. ਗੋਬਿੰਦ ਹੀ ਜੋ ਹੋਵੇ ਅਪਨੇ ਪ੍ਰੇਮੀ ਭਗਤੋਂ ਕੇ ਅੰਦਰ ਬਾਹਰ ਕੇ ਸਤ੍ਰੂਓਂ ਕੋ ਹਨਨ ਕਰਨੇ ਵਾਲਾ ਪਰਮਾਤਮਾ ਤਿਸ ਕਾ ਨਾਮ ਗੋਬਿੰਦ ਸਿੰਘ ਹੈ।

**ਗੋਬਿੰਦ ਗਤਿ** ਸੰ. ਦਸਾ, ਯਥਾ- ਗੋਬਿੰਦ ਗਤਿ ਨਹੀ ਜਾਨੀ।

**ਗੋਬਿੰਦ ਪੁਰੀ** ਸੰ. ਬੈਕੁੰਠ ਥਾਨ ਤੁਲਜ, ਯਥਾ- ਗੋਬਿੰਦ ਵਾਲੁ ਗੋਬਿੰਦ ਪੁਰੀ ਸਮ।

**ਗੋਬਿੰਦ ਲੋਕ** ਸੰ. ਭਗਤ ਜਨ, ਯਥਾ- ਗੋਬਿੰਦ ਲੋਕ ਨਹੀ ਜਨਮਿ ਮਰਹਿ।

**ਗੋਬਿੰਦ ਵਾਲੁ** ਦੇ. ਤੀਸਰੀ ਪਾਤਸਾਹੀ ਕਾ ਬਾਂਧਾ ਨਗਰ ਜਿਸ ਮੇਂ ਬਾਵਲੀ ਤੀਰਥ ਹੈ, ਯਥਾ- ਗੋਬਿੰਦ ਵਾਲੁ ਗੋਬਿੰਦ ਪੁਰੀ।

**ਗੋਮਤੀ** ਸੰ. ਦ੍ਵਾਰਕਾ ਕੇ ਸਮੀਪ ਨਦੀ ਹੈ, ਜਿਸ ਮੇਂ ਲੋਕ ਸੁਧੀ ਹੇਤ ਅਸਨਾਨ ਕਰਤੇ ਹੈਂ, ਯਥਾ- ਹਜ ਹਮਾਰੀ ਗੋਮਤੀ ਤੀਰ। ਯਾਤ੍ਰਾ ਹਮਾਰੀ ਗੋਮਤੀ ਕਿਨਾਰੇ ਹੈ, ਜਹਾ ਪੀਤਾਂਬਰ ਧਾਰੀ ਕ੍ਰਿਸ੍ਨ ਬਸੇ ਹੈ।

**ਗੋਮ੍ਰਿਗ** ਸੰ. ਗਵੇ ਰੋਝ ਪ੍ਰਸਿਧ।

**ਗੋਰ** ਫਾ. ਕਬਰ, ਯਥਾ- ਗੋਰ ਸਦੇਈ। ਪੁਨਾ- ਗੋਰ ਨਿਮਾਣੀ ਸਡੁ ਕਰੇ। ਕਬਰਾ, ਯਥਾ- ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।

**ਗੋਰਖੁ** ਸੰ. ਮਤਸ ਬਰਾਹਾਦਿ ਰੂਪੋਂ ਸੇ ਗੋ ਪਦ ਕੇ ਅਰਥ ਵੇਦ ਧਰਾਦਿਕੋਂ ਕੀ ਰਖ੍ਯਾ ਕਰਨੇ ਵਾਲਾ ਬਿਸਨੁ, ਯਥਾ- ਗੋਰਖੁ ਸੋ ਜਿਨਿ ਗੋਇ ਉਠਾਲੀ। ਪੁਨਾ- ਬਾਬਾ ਗੋਰਖੁ ਜਾਗੈ। ਵੇਦਾਦਿਕੋਂ ਕੀ ਰਛਾ ਕਰਨੇ ਵਾਲਾ ਜਾਗਤਾ ਹੈ। ਜੋਗੀ ਪੰਥ ਕਾ ਪ੍ਰਵਰਤਕ ਗੋਰਖਨਾਥ, ਯਥਾ- ਗੋਰਖ ਪੂਤੁ ਲੋਹਾਰੀਪਾ ਬੋਲੈ। ਨਾਗਰੰਗ ਨਾਰੰਗੀ ਪ੍ਰਸਿਧ ; ਰਿਖਭ ਬੂਟੀ ; ਗੁਆਲਾ ; ਗਊਓ ਕੀ ਰਖ੍ਯਾ।

**ਗੋਰੀ** ਪੰ. ਇਸਤਰੀ, ਯਥਾ- ਗੋਰੀ ਸੇਤੀ ਤੁਟੈ ਭਤਾਰੁ। ਲਾਲ ਰੰਗ ਵਾਲੀ ਵਸਤੁ ਜੈਸੇ ਗੋਰੀ ਗਊ। ਅਧਕਾਰੀ ਜਨ, ਯਥਾ- ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ। ਵਾਸਤਵ ਸੇ ਈਹਾਂ ਭੀ ਸਖੀ ਭਾਵ ਸੂਚਕ ਬਚਨ ਮੇਂ ਗੋਰੀ ਪਦ ਸੇ ਇਸਤਰੀ ਕਾ ਹੀ ਗ੍ਰਹਣ ਹੈ। ਗੋਰੋਂ (ਕਬਰੋਂ) ਮੇਂ, ਯਥਾ- ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ।

**ਗੋਰੂ** ਦੇ. ਪੂ. ਗਊਆ, ਯਥਾ- ਹਮ ਗੋਰੂ ਤੁਮ ਗੁਆਰ ਗੁਸਾਈ।

**ਗੋਲ ਅਮੋਲੀ** ਵਾ. ਬਿਨਾ ਮੋਲ ਹੀ ਜਗਤ ਦਾਸ ਕਰ ਦੀਆ।

**ਗੋਲਾ** ਦੇ. ਦਾਮ ਸੇ ਖਰੀਦਾ ਹੂਆ ਗੁਲਾਮ, ਮੋਲ ਲੀਆ ਦਾਸ, ਯਥਾ- ਮੁਲ ਖਰੀਦੀ ਲਾਲਾ ਗੋਲਾ। ਪੁਨਾ- ਗੋਲੇ ਸਿਰ ਮੀਰਾ। ਗੋਲੇ ਕੇ ਸਿਰ ਪੈ ਤੁਮ ਪਾਤਸਾਹ ਹੋ ਅਰਥਾਤ ਮੇਰੇ ਪਾਤਸਾਹ ਹੋ।

**ਗੋਲਾ ਲਾਲਾ** ਵਾ. ਦਾਸੋਂ ਕਾ ਦਾਸ, ਯਥਾ- ਹਉ ਗੋਲਾ ਲਾਲਾ ਤੁਧੁ।

**ਗੋਵਰਧਨ** ਸੰ. ਜੋ ਬ੍ਰਜ ਵਾਸੀ ਜਨੋਂ ਕੀ ਰਛਾ ਹੇਤ ਕ੍ਰਿਸ੍ਨ ਜੀ ਨੇ ਉਠਾਯਾ ਪਰਬਤ ਤਿਸ ਕਾ ਨਾਮ ਹੈ। ਤ੍ਰਿਣਾਦਿ ਦ੍ਵਾਰਾ ਗਊਓਂ ਕੀ ਬ੍ਰਿਧੀ ਕਰਨੇ ਸੇ ਨਾਮ ਗੋਵਰਧਨ ਹੈ, ਯਥਾ- ਰਿਖੀਕੇਸ ਗੋਵਰਧਨ ਧਾਰੀ।

**ਗੋਵਰਧਨ ਧਾਰੀ** ਸੰ. ਗੁਆਲਿਓਂ ਕੀ ਰਛਾ ਹੇਤ ਗੋਵਰਧਨ ਧਾਰਨੇ ਵਾਲਾ ਕ੍ਰਿਸ੍ਨ, ਯਥਾ- ਰਿਖੀਕੇਸ ਗੋਵਰਧਨ ਧਾਰੀ।

**ਗੌਡ** ਦੇ. ਮੇਘ ਰਾਗ ਕਾ ਪੁਤ੍ਰ ਹੈ ਸ ਰਿ ਗ ਮ ਪ ਧ ਖਟ ਸ੍ਰ ਕਾ ਖਾੜਵ ਹੈ।

**ਗੌਨ** ਦੇ. ਗਮਨ।

**ਗੌਰਵ** ਸੰ. ਵਡਿਆਈ।

**ਗੌਰੀ** ਸੰ. ਪਾਰਬਤੀ। ਗੌਰ ਮਹਾਦੇਵ ਕਾ ਨਾਮ ਹੈ ਤਿਸ ਕੀ ਇਸਤ੍ਰੀ ਕਾ ਨਾਮ ਗੌਰੀ ਹੈ। ਮਹਾਦੇਵ ਕਾ ਰੰਗ ਸੁਪੈਦ ਹੈ, ਇਸ ਵਾਸਤੇ ਮਹਾਦੇਵ ਕੋ ਗੌਰ ਕਹਤੇ ਹੈਂ ਲੋਕ ਮੇਂ ਲਾਲ ਕਾ ਨਾਮ ਗੋਰਾ ਹੈ।

**ਗੌੜੀ** ਸੰ. ਗੁੜ ਕੀ ਸਰਾਬ ; ਅਲੰਕਾਰ ਗ੍ਰੰਥੋਂ ਮੇਂ ਕਹੀ ਕਾਬ ਕੀ ਰੀਤਿ ਬਿਸੇਖ ; ਗੌੜ ਦੇਸ ਮੇ ਹੋਨੇ ਵਾਲੀ ਵਸਤੁ ਮਾਤ੍ਰ, ਬੰਗਾਲੇ ਸੇ ਉਡੀਸੇ ਕੇ ਭੁਵਨੇਸ ਮਹਾਦੇਵ ਪ੍ਰਯੰਤ ਦੇਸ ਕਾ ਨਾਮ ਗੌੜ ਹੈ, ਜਗੰਨਾਥ ਸੇ ਤੇਰਾਂ ਕੋਸ ਉਰੇ ਭੁਵਨੇਸ ਕਾ ਮੰਦਰ ਹੈ ; ਗੌੜ ਦੇਸ ਮੇਂ ਵਸਨੇ ਵਾਲਾ ਪੁਰਖ ਮਾਤ੍ਰ ; ੧. ਸਾਰਸ੍ਵਤ ੨. ਕਾਨਜਕੁਬਜ ੩. ਗੌੜ ੪. ਮੈਥਲ ੫. ਉਤਕਲ ਯੇ ਬਿੰਧ੍ਯ ਸੇ ਉਤਰ ਓਰ ਵਸਨੇ ਵਾਲੇ ਪਾਂਚ ਪ੍ਰਕਾਰ ਕੇ ਬ੍ਰਾਹਮਣ ਜਿਨ ਮੇਂ ਪੰਜਾਬ ਮੇਂ ਸਾਰਸ੍ਵਤ ਹੈ। ਬਾਂਗਰ (ਬਾਗੜ) ਜਮਨਾ ਪਾਰ ਮੇਰਟ ਸਮੀਪੀ ਦੇਸੋਂ ਮੇ ਗੌੜ ਹੈਂ। ਕਨੌਜ ਕਾਨਪੁਰ ਲਖਨਊ ਕੇ ਸਮੀਪ ਕਾਨਜਕੁਬਜ ਹੈਂ। ਪਟਨਾ ਕੇ ਸਮੀਪ ਮਿਥਲਾ ਦੇਸ ਮੇਂ ਮੈਥਲ ਹੈਂ। ਉੜੀਸਾ ਬੰਗਲਾ ਮੈਂ ਉਤਕਲ ਹੈਂ। ਯੇ ਪੰਚ ਗੌੜ ਕਹਾਵੇ ਹੈ, ਇਨ ਮੇਂ ਪ੍ਰਸਿਧ ਗੌੜ ਨਾਮ ਵਾਲੇ ਆਦਿ ਗੌੜ ਕਹਾਵੇ ਹੈਂ ਔਰ ਅਪਨੇ ਅਪਨੇ ਪ੍ਰਸਿਧ ਨਾਮੋਂ ਸੇ ਕਹੇ ਜਾਤੇ ਹੈਂ ; ਗੌੜੀ ਰਾਗਣੀ, ਯਥਾ- ਗਉੜੀ ਰਾਗਿ ਸੁਲਖਣੀ।

॥ਇਤਿ ਸ੍ਰੀ ਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਗਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਘ

**ਘਸ੍ਮਰ** ਸੰ. ਭਖਣ ਕਰਨੇ ਵਾਲਾ।

**ਘਸਿ** ਪੰ. ਘਸਣਾ, ਯਥਾ- ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ। ਝੜਾਵੇਂ।

**ਘਸੀਐ** ਪੰ. ਹਰਿ ਨਾਮ ਚੰਦਨ ਕੋ ਜਿਹਬਾ ਰੂਪ ਉਰਸੇ ਪੈ ਸਾਂਤੀ ਹੇਤ ਘਸਾਈਏ, ਯਥਾ- ਘਸਿ ਚੰਦਨੁ ਹਰਿ ਜਸੁ ਘਸੀਐ। ਘਸੇ ਚੰਦਨ ਵਤ ਸੀਤ ਕਰਨੇ ਵਾਲਾ ਹਰਿ ਕਾ ਜਸ ਜਿਹਬਾ ਪੈ ਘਸਾਈਏ ਬਾਰ ਬਾਰ ਕਹੀਏ।

**ਘਘੈ** ਪੰ. ਘਘੇ ਅਖਰ ਸੇ ਉਪਦੇਸ ਕਰੇ ਹੈਂ, ਯਥਾ- ਘਘੈ ਘਰਿ ਘਰਿ ਫਿਰਹਿ ਤੂੰ ਮੂੜੇ।

**ਘਟ** ਸੰ. ਘੜਾ ; ਸਮਾਧੀ ; ਪਰਿਣਾਮ ਬਿਸੇਖ ; ਹਿਰਦਾ, ਯਥਾ- ਘਟ ਮਹਿ ਸਿੰਧੁ ਕੀਓ ਪਰਗਾਸੁ। ਛੋਟੇ ਸੇ ਰਿਦੇ ਦੇਸ ਮੇਂ ਸਮੁਦ੍ਰ ਸ੍ਰੂਪ ਪਰਮਾਤਮਾ ਨੇ ਪ੍ਰਕਾਸ ਕੀਆ ਹੈ। ਦੇਹ, ਯਥਾ- ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ। ਇੰਦ੍ਰੇ ਪ੍ਰਾਣ ਅੰਤਹਕਰਣ, ਯਥਾ- ਘਟ ਘਟ ਘਟਿ ਸਭ ਘਟ ਆਧਾਰੁ ਇਤਿਯਾਦਿ ਪਾਠੋਂ ਮੇਂ ਦੇਹਾਦਿਕੋਂ ਕੇ ਆਸਰੇਪਨ ਕਾ ਬਰਨਨ ਹੈ। ਦੇ. ਕਮ, ਯਥਾ- ਘਟਿ ਨ ਕੋਈ ਆਖੈ। ਘਾਟ, ਯਥਾ- ਘਟ ਅਵਘਟ ਡੂਗਰ ਘਣਾ। ਘਾਟ ਕਠਨ ਹੈ ਜਿਸ ਕਾਰਨ ਤੇ ਤਹਾਂ ਪਰਬਤ ਬਹੁਤ ਹੈਂ। ਸਮੁਦਾਯ, ਯਥਾ- ਦਹ ਦਿਸ ਛਤ੍ਰ ਮੇਘ ਘਟਾ ਘਟ। ਸਰੀਰ ਸਰੀਰ ਮੇਂ, ਯਥਾ- ਘਟਿ ਘਟਿ ਬਿਆਪਿ ਰਹਿਆ ਭਗਵੰਤ।

**ਘਟ ਹਰਿ ਘਾਟ** ਵਾ. ਘੜ ਹੋ ਰਹੀ ਹੈ ਹੇ ਹਰੇ ਘੜਤੀ ਤੇਰੀ ਭਾਵ ਤੇਰੇ ਸ੍ਰੂਪ ਕਾ ਜੋ ਵਿਚਾਰ ਸੋ ਵਿਦ੍ਵਾਨ ਕਰ ਰਹੇ ਹੈਂ।

**ਘਟ ਕੇ ਘਾਟ** ਵਾ. ਚਿਤ ਕੇ ਸੰਕਲਪ ਘਟਾਵਣੇ, ਯਥਾ- ਤਾਲ ਮਦੀਰੇ ਘਟ ਕੇ ਘਾਟ।

**ਘਟ ਘਟ ਵਾਸੀ** ਵਾ. ਸਰੀਰ ਸਰੀਰ ਮੇਂ ਵਸਨੇ ਵਾਲਾ, ਯਥਾ- ਘਟ ਘਟ ਵਾਸੀ ਸਰਬ ਨਿਵਾਸੀ।

**ਘਟ ਘਟੇ** ਘਟ ਘਟ ਵਿਖੇ।

**ਘਟ ਘਾਟ** ਗੁ. ਸਰਬ ਥਾਨੋ ਮੇਂ ਘਾੜਤ ਘੜੀਦੀ ਹੈ।

**ਘਟਤੇ** ਦੇ. ਕਮ ਹੋਤੇ।

**ਘੰਟਾ** ਦੇ. ਘੜਿਆਲ ਵਾਜਾ, ਯਥਾ- ਘੰਟਾ ਜਾ ਕਾ ਸੁਨੀਐ ਚਹੁ ਕੁੰਟ।

**ਘਟਾ** ਸੰ. ਮੇਘੋਂ ਕਾ ਸਮੁਦਾਯ, ਬਦਲੋਂ ਕਾ ਸਮੁਦਾਯ ; ਸਭਾ ; ਸਮੂਹ ; ਗਜੋਂ ਕਾ ਸਮੂਹ। ਗੁ. ਘਟ ਗਿਆ, ਯਥਾ- ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ।

**ਘਟਾਊ** ਗੁ. ਘੜੀ ਕਾ, ਯਥਾ- ਸੁਖ ਘਟਾਊ ਡੂਇ। ਘੜਿਓਂ ਮੇਂ, ਯਥਾ- ਜਿਉ ਜਲ ਘਟਾਊ ਚੰਦ੍ਰਮਾ। ਜਲ ਘਟੋਂ ਮੇਂ ਚੰਦ੍ਰ ਕੇ ਆਭਾਸ ਵਤ ਸਭ ਕੇ ਰਿਦੇ ਮੇਂ ਪ੍ਰਮੇਸ੍ਵਰ ਪ੍ਰਵੇਸ ਕਰ ਰਹਿਆ ਹੈ। ਬਚਨਾਂਤਰ ਭੀ ਹੈ- ਪੁਹਪ ਮਧਿ ਜਿਉ ਬਾਸੁ ਬਸਤੁ ਹੈ।

**ਘਟਾਣੇ** ਗੁ. ਘਟ ਘਟ ਮੇਂ, ਯਥਾ- ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ।

**ਘਟਿਆ** ਪੰ. ਦੂਰ ਹੂਆ, ਜੈਸੇ- ਦੁਖ ਅੰਧੇਰਾ ਘਟਿਆ।

**ਘਠਾ** ਗੁ. ਘਟ ਗਿਆ, ਯਥਾ- ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ।

**ਘੰਡਾ** ਪੰ. ਲੁਚੇ। ਘੰਟੇ ਸਾਹੀ ਪ੍ਰਸਿਧ, ਯਥਾ- ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ।

**ਘਣੋ** ਦੇ. ਮਾਰ. ਬਹੁਤ, ਯਥਾ- ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ। ਪੁਨਾ- ਦੂਖੁ ਘਨੇ ਜਬ ਹੋਤੇ ਦੂਰਿ।

**ਘਤਿ** ਪੰ. ਫੈਕ ਕੇ, ਯਥਾ- ਕਿਥੈ ਵੰਞਾ ਘਤਿ। ਕਹਾ ਜਾਵਾ ਗੇਰ ਕੇ। ਪਾਇ ਕੇ, ਯਥਾ- ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।

**ਘਤਿਆ** ਜੰ. ਗੇਰਿਆ, ਪਾਇਆ, ਯਥਾ- ਤਿਨ ਡਰੁ ਸਟਿ ਘਤਿਆ।

**ਘਤੇ** ਦੇ. ਜੰਗਲ ; ਗੇਰੇ ; ਪਾਏ, ਯਥਾ- ਪੈਰੀ ਆਣਿ ਸਭਿ ਘਤੇ।

**ਘਨ** ਸੰ. ਮੇਘ, ਬਦਲ ; ਮੋਥਾ ਬੂਟੀ ; ਓਘ, ਸਮੁਦਾਯ ; ਦ੍ਰਿਢਤਾਈ ; ਕਠਨਾਈ ; ਬਿਸਤਾਰ ; ਦੇਹ ; ਲੋਹੇ ਕਾ ਮੁਦਗਰ, ਬਦਾਣ ; ਕਫ ; ਅਭ੍ਰਕ ਧਾਤੁ ; ਏਕ ਜਾਤਿ ਵਾਲੇ ਤੀਨ ਅੰਕੋ ਕਾ ਗੁਣਨ, ਜਰਬ ; ਸਘਨ ; ਅੰਧਕਾਰ ; ਪੂਰਣ ; ਕਾਂਸੀ ਧਾਤੁ ਕੇ ਤਾਲ ਵਾਜੇ ; ਮਧਜਮ ਨ੍ਰਿਤਜ।

**ਘਨ ਸਾਥ** ਦੇ. ਬਹੁਤ ਸਾਥ, ਯਥਾ- ਜਹ ਆਵਟੇ ਬਹੁਤ ਘਨ ਸਾਥ।

**ਘਨ ਤਾਲ** ਗੁ. ਤਾਲਾਦਿ ਬਹੁਤ ਵਾਜੇ, ਯਥਾ- ਘਨ ਤਾਲ ਸਿ ਕੂਰੇ। ਸਭੀ ਬਿਲਾਸ।

**ਘਨਹਰ** ਗੁ. ਬਦਲ, ਯਥਾ- ਘਨਹਰ ਬੂੰਦ ਬਸੁਅ ਰੋਮਾਵਲਿ।

**ਘਨਹਾਰੇ** ਦੇ. ਬਿਸਤਾਰ ਵਾਲੇ, ਯਥਾ- ਘਨ ਘਨਹਾਰੇ।

**ਘਨਘੋਰ** ਦੇ. ਬਦਲ ਕੀ ਗੂਜ।

**ਘਨੇਰੀ** ਪੰ. ਬਹੁਤੀ, ਯਥਾ- ਤਿਨ ਪਿਛੈ ਹੋਰ ਖਾਇ ਘਨੇਰੀ।

**ਘਨੇਰੇ** ਪੰ. ਬਹੁਤੇ, ਯਥਾ- ਬਿਨਸਹਿ ਪਾਪ ਘਨੇਰੇ।

**ਘਬੁ** ਗੁ. ਘਰ, ਯਥਾ- ਘਬੁ ਦਬੁ ਜਬ ਜਾਰੀਐ। ਘਰ ਔ ਦ੍ਰਬਜ ਪੁਨਾ- ਦਿਹੁ ਦੀਵੀ ਅੰਧ ਘੋਰ ਘਬ ਮੁਹਾਈ।

**ਘਮ** ਪੰ. ਘਮਸਾਨ, ਡੰਡਰੌਲਾ, ਉਧਮ ਮਚਾਇਆ।

**ਘਰ** ਦੇ. ਮੁਝ ਘਰ ਮੇਂ, ਯਥਾ- ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ। ਇਸਤ੍ਰੀ, ਯਥਾ- ਘਰ ਕਾ ਮਾਸੁ ਚੰਗੇਰਾ। ਘਰ ਮੇਂ, ਯਥਾ- ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ। ਚੜੀ ਉਤਰੀ ਸੁਰੋਂ ਕੇ ਭੇਦ ਸੇ ਰਾਗੋਂ ਕੀ ਤਰਹ, ਯਥਾ- ਘਰ ਪਹਿਲਾ, ਘਰ ਦੂਜਾ, ਘਰ ਤੀਜਾ। ਅਧਿਕ ਬਿਚਾਰ ਇਸ ਕਾ ਗੁਰਮਤ ਨਿਰਣੈਂ ਮੇਂ ਹੈ।

**ਘਰ ਕਾ** ਗੁ. ਇਸਤਰੀ, ਯਥਾ- ਘਰ ਕਾ ਮਾਸੁ ਚੰਗੇਰਾ। ਮੈਥਨ ਸਮੇ ਮੁਖ ਚੁੰਬਨ ਸਵਰੂਪ। ਨਿਜ ਕਾ, ਯਥਾ- ਘਰ ਕਾ ਕਾਜੁ ਨ ਜਾਣੀ ਰੂੜਾ।

**ਘਰ ਕੈ** ਗੁ. ਅਪਨੀ ਮੁਕਤੀ ਕੇ, ਯਥਾ- ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ। ਪੁਨਾ- ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ।

**ਘਰ ਕੈ ਕੰਮਿ** ਵਾ. ਹਰਿ ਨੇ ਅਪਨਾ ਬੈਕੁੰਠ ਧਾਮ ਦੇਨੇ ਵਾਲੇ ਕਾਮੋਂ ਮੇਂ ਵਹੁ ਲਾਇਆ ਹੈ, ਯਥਾ- ਘਰ ਕੈ ਕੰਮਿ ਹਰਿ ਲਾਇਆ। ਵਾਸਤਵ ਨਿਜ ਰੂਪ ਕੇ ਵਿਚਾਰ ਰੂਪ ਕਰਮ ਮੇਂ।

**ਘਰ ਦਰ** ਵਾ. ਘਰਾਂ ਦੇ ਅੰਦ੍ਰ ਅਰਥਾਤ ਸਰੀਰਾਂ ਦੇ ਅੰਦਰ, ਯਥਾ- ਘਰ ਦਰ ਫਿਰਿ ਥਾਕੀ ਬਹੁਤੇਰੇ।

**ਘਰ ਬਾਰ** ਗੁ. ਮੰਦਰ, ਦਰਵਾਜਾ ਮੰਦਰ ਕਾ ਭਾਵ ਸੇ ਗ੍ਰਿਹ ਕੀ ਸਮਗ੍ਰ ਵਸਤੁ, ਯਥਾ- ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।

**ਘਰ ਮਹਿ** ਗੁ. ਹਿਰਦੇ ਵਾਸੀ, ਯਥਾ- ਘਰ ਮਹਿ ਠਾਕੁਰੁ ਨਦਰਿ ਨ ਆਵੈ। ਹਿਰਦੇ ਦੇਸ ਵਿਚ ਪ੍ਰਮੇਸ੍ਵਰ।

**ਘਰ ਮੰਦਰ** ਗੁ. ਹਿਰਦੇ ਔ ਦੇਹ ਮੇਂ, ਯਥਾ- ਘਰ ਮੰਦਰ ਖੁਸੀਆ ਤਹੀ।

**ਘਰ ਵਾਸੁ** ਗੁ. ਇਸਤਰੀ ਕਾ ਸੰਗ, ਯਥਾ- ਖੁਸਰੇ ਕਿਆ ਘਰ ਵਾਸੁ।

**ਘਰਰਿ** ਪੰ. ਰਗੜ ਕੇ, ਯਥਾ- ਭਾਵੈ ਘਰਰਿ ਮੁਡਾਇ।

**ਘ੍ਰਾਉ** ਗੁ. ਵਾਸਨਾ, ਯਥਾ- ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ। ਕਿਸੇ ਨੇ ਸੁਗੰਧੀ ਨਹੀਂ ਲਈ।

**ਘਰਾਹੁ** ਦੇ. ਘਰ ਸੇ ਭਾਵ ਰਿਦੇ ਸੇ, ਯਥਾ- ਹਉਮੈ ਮੁਈ ਘਰਾਹੁ।

**ਘਰੀ ਮੀਕ** ਗੁ. ਘੜੀ ਏਕ, ਯਥਾ- ਗੁਰ ਬਚਨ ਧਿਆਇਓ ਘਰੀ ਮੀਕ।

**ਘਰੁ ਉਚਾ** ਵਾ. ਉਚੇ ਸਥਾਨ ਵਾਲੇ ਬਦਲ ਕਾ, ਯਥਾ- ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ। ਦ੍ਰਿਸਟਾਂਤ ਮੇਂ ਜਿਨ ਕ੍ਰਿਖੀਕ ਰੋਕੇ ਖੇਤੋਂ ਕੀ ਮਿਆਲਾ ਵਟਾਂ ਉਚੀਆਂ ਹੈਂ ਭਾਵ ਜਲ ਰੋਕਨੇ ਕੋ ਸਮਰਥ ਹੋਂ ਵਹੁ ਘਰ ਉਚਾ। ਉਚੇ ਥਾਨ ਵਾਲੇ ਬਦਲ ਕਾ ਨਿਰਨਉ ਕਥਨ ਕਰੇ ਹੈਂ। ਜੋ ਅੱਛਾ ਬਦਲ ਹੈ ਬਰਸ ਕੇ ਹਮਾਰੇ ਖੇਤੋਂ ਕੋ ਭਰ ਦੇਵੇਗਾ ਤੈਸੇ ਜਿਨ ਕੇ ਅੰਤਾਕਰਣ ਮੇਂ ਸਾਧਨ ਪੂਰੇ ਹੈਂ, ਵਹੁ ਗੁਰੂ ਰੂਪ ਬੱਦਲ ਕਾ ਬਿਚਾਰ ਕਰੇ ਹੈਂ, ਜੋ ਗੁਰੂ ਪੂਰੇ ਹੈਂ, ਇਨ ਸੇ ਉਪਦੇਸ ਮਿਲੇਗਾ। ਪੁਨਾ ਵਹੀ ਚਿਤ ਮੇ ਭਗਤੀ ਰੂਪ ਨਾਰੀ ਕੇ ਹੋਨੇ ਸੇ ਸਜਨੋ ਕਾ ਆਉਨਾ ਚਾਹਤੇ, ਉਪਦੇਸ ਹੇਤ ਗੁਰੋ ਪਾਸ ਪ੍ਰਾਰਥਨਾ ਕਰੇ ਹੈ, ਬਰਸਨਾ ਹੈ ਤਬ ਅਬੀ ਬਰਸੋ।

**ਘਰੁ ਬਾਲੂ ਕਾ** ਵਾ. ਘਰ ਰੇਤ ਕਾ, ਯਥਾ- ਘਰੁ ਬਾਲੂ ਕਾ ਘੂਮਨ ਘੇਰਿ। ਪਵਨ ਕੇ ਘੂਮਨ ਘੇਰ ਆਗੇ ਬਾਲੂ ਕੇ ਘਰ ਵਤ ਕਾਲ ਕੀ ਘੁੰਮਨਾ ਘੇਰੀ ਮੈਂ ਦੇਹ ਠਹਰਨੇ ਵਾਲੀ ਨਹੀਂ।

**ਘਲੇ** ਪੰ. ਭੇਜੇ, ਯਥਾ- ਘਲੇ ਆਵਹਿ ਨਾਨਕਾ। ਪੁਨਾ- ਜਾ ਆਪਿ ਹਰਿ ਘਲੈ। ਪੁਨਾ- ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ।

**ਘੜ** ਗੁ. ਘੜਯੋਂ ਕਾ ਠਿਕਾਨਾ, ਯਥਾ- ਸਪਤ ਸਮੁੰਦ ਜਾਂ ਚੈ ਘੜਥਲੀ। ਬਨ ਕੇ, ਯਥਾ- ਘੜਿ ਘੜਿ ਭਜੈ। ਸਵਾਰੇ ਗਏ ਹੈਂ, ਯਥਾ- ਗੁਰਮੁਖਿ ਘੜਿ ਟਕਸਾਲ। ਗੁਰਮੁਖ ਸਵਾਰੇ ਗਏ ਹੈਂ, ਸਤਸੰਗ ਰੂਪ ਸਾਲਾ ਮੇਂ। ਸੰ. ਘਟ ਸ੍ਥਲੀ।

**ਘੜਥਲੀ** ਦੇ. ਘੜੇ ਰਖਨੇ ਕੀ ਜਗਹ, ਪਾਨੀਸਾਲਾ, ਯਥਾ- ਸਪਤ ਸਮੁੰਦ ਜਾਂ ਚੈ ਘੜਥਲੀ।

**ਘੜੀ** ਦੇ. ਸਾਠ ਪਲ ਰੂਪ ਕਾਲ ; ਬਹੋਲੇ ਸੇ ਘੜੀ ਲਕੜੀ ; ਛੋਟਾ ਘੜਾ, ਯਥਾ- ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ।

**ਘੜੀਆਲੁ** ਦੇ. ਘੜਿਆਲ ਵਾਜਾ ਜੋ ਪੱਕੇ ਘੰਟੇ ਬਨਨੇ ਸੇ ਪਹਿਲੇ ਕਚੀ ਘੜੀਆਂ ਕਾ ਵਾਜਾ ਥਾ ਜਿਸ ਕੋ ਦੇਖ ਬਚਨ ਹੈ- ਘੜੀਏ ਘੜੀਏ ਮਾਰੀਐ, ਯਥਾ- ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ। ਸੰ. ਘਟੀਕਾਲ।

**ਘੜੀਐ** ਗੁ. ਘੜੀਦੇ ਹੈਂ, ਯਥਾ- ਭੈ ਭਉ ਘੜੀਐ ਸਬਦਿ ਸਵਾਰਿ।

**ਘੜੂਅਲੋ** ਦੇ. ਬਾਗੜੀ। ਘੜਾ, ਯਥਾ- ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ।

**ਘਾ** ਦੇ. ਪਰਬਤੀ। ਗਾ, ਯਥਾ- ਸਭਿ ਬਿਨਸੇ ਦਾਲਦ ਦਲਘਾ। ਦਰਿਦ੍ਰ ਦੂਰ ਕਰੇਗਾ।

**ਘਾਉ** ਦੇ. ਜਖਮ, ਯਥਾ- ਨਹ ਘਾਉ ਕਟਾਰਾ ਕਰਿ ਸਕੈ। ਚੋਟ, ਯਥਾ- ਪਰਿਓ ਨੀਸਾਨੈ ਘਾਓ। ਲਗੀ ਨਗਾਰੇ ਪੈ ਚੋਟ।

**ਘਾਇ** ਪੰ. ਮਛੀਆ ਕੋ ਮਾਰੇ ਹੈਂ ਪੂਰਬ ਮੇਂ, ਯਥਾ- ਬ੍ਰਾਹਮਣੁ ਨਾਵੈ ਜੀਆ ਘਾਇ। ਮਾਰੇ ਹੈ ਅਠਾਰਾ ਕੁਲ ਸਰਪੋਂ ਨਾਗੋਂ ਕੇ, ਯਥਾ- ਤਿਨਿ ਕਰਿ ਜਗ ਅਠਾਰਹ ਘਾਏ। ਅਠਾਰਾ ਕੁਲ ਸਰਪੋਂ ਨਾਗੋਂ ਕੋ

ਯੇ ਹੈਂ- ੧. ਸੁਬੁਧਿ ੨. ਨੰਦਸਾਰੀ ੩. ਕਰਕੋਟਕ ੪. ਪ੍ਰਿਥੁਸ੍ਰਵਾ ੫. ਬਾਸੁਕਿ ੬. ਤਖਕ ੭. ਕੰਬਲ ੮. ਅਸ੍ਵਤਰ ੯. ਹੇਮਮਾਲੀ ੧੦. ਨਰੇਂਦ੍ਰ ੧੧. ਬਜ੍ਰਦੰਸ੍ਰ ੧੨. ਬ੍ਰਿਖ ੧੩. ਅਨੰਤ ੧੪. ਪਦਮ ੧੫. ਮਹਾ ਪਦਮ ੧੬. ਕੁਲੀਰ ੧੭. ਸੰਖ।

**ਘਾਸੀ** ਗੁ. ਘਾਸ ਖੋਦਨੇ ਵਾਲੇ ਕੇ ਮੁਖ ਸੇ, ਯਥਾ- ਘਾਸੀ ਕਉ ਹਰਿ ਨਾਮੁ ਕਢਾਈ। ਪ੍ਰਮੇਸ੍ਰਰ ਮੁਝ ਘਸਹਾਰੇ ਭਾਵ ਦਾਸ ਕੇ ਮੁਖ ਸੇ ਸਦਾ ਅਪਨਾ ਹਰਿ ਨਾਮ ਕਢਾਇਓ ਵਾ ਕਹਾਇਓ।

**ਘਾਹੁ** ਪੰ. ਹਰੇ ਸੁਕੇ ਤ੍ਰਿਣ, ਯਥਾ- ਘਾਹੁ ਖਾਨਿ ਤਿਨਾ ਮਾਸੁ ਖਵਾਲੇ। ਘਸਹਾਰੇ, ਯਥਾ- ਸੁਲਤਾਨਾ ਘਾਹੁ ਕਰਾਇਦਾ। ਚਕ੍ਰਵਰਤੀ ਕੋ ਘਸਹਾਰੇ ਕਰਤਾ ਹੈ ਭਾਵ ਘਾਹ ਫੂਸ ਵਤ ਨਕਾਰੇ ਕਰਤਾ ਹੈ। ਅਪਵਾਦ ਦ੍ਰਿਸ੍ਰਿ ਸਮੇ ਹਿਰਨਯਗਰਭਾਦਿ ਪਾਤਸਾਹੋ ਕੋ ਅਕਿੰਚਤ ਕਰ ਕਰਤਾ ਹੈ।

**ਘਾਘਰੈ** ਦੇ. ਜਾਮੇ ਰੂਪ ਦੇਹ ਕੋ, ਯਥਾ- ਪਰਦੇਸੀ ਕੈ ਘਾਘਰੈ। ਆਤਮ ਦੇਸ ਹੀਨ ਜੀਵ ਕੀ ਦੇਹ ਕੋ। ਦੇ. ਸਰਜੂ ਨਦੀ ਘਾਘਰਾ ਪ੍ਰਸਿੱਧ ; ਇਸਤ੍ਰੀਯੋਂ ਕਾ ਲਹਗਾ ਬਸਤ੍ਰ ਜਿਸ ਸਮ ਫੈਲਾ ਜਾਨ ਕੇ ਜਾਮੇ ਕੋ ਘਾਘਰੇ ਕਹਿਆ ਹੈ।

**ਘਾਟ** ਦੇ. ਨਦੀ ਪਰਬਤਾਦਿਕੋਂ ਕੇ ਰੁਕ ਕਰ ਲਖਨੇ ਯੋਗਯ ਕਠਨ ਰਸਤੇ, ਯਥਾ-ਜਾਂਉ ਨ ਜਮ ਕੈ ਘਾਟ। ਸੰਕਲਪ, ਯਥਾ- ਘਟ ਕੇ ਘਾਟ।

**ਘਾਟੀ** ਦੇ. ਚੜਾਈ ਉਤਰਾਈ ਵਾਲਾ ਕਠਨ ਰਸਤਾ, ਯਥਾ- ਘਾਟੀ ਚਢਤ ਬੈਲੁ ਇਕੁ ਥਾਕਾ। ਪੰ. ਘਾਟੀ ਬਸਤ੍ਰ।

**ਘਾਣਿ** ਪੰ. ਸਮੂਹ, ਯਥਾ- ਜਿਤੁ ਵੰਞੈ ਰੋਗਾ ਘਾਣਿ। ਪੁਨਾ- ਰੋਗਾ ਘਾਣਿ ਮਿਟਾਈ।

**ਘਾਣੀ** ਪੰ. ਪੀੜਨੇ ਹੇਤ ਕੋਲੂ ਮੇਂ ਪਾਏ ਤਿਲ ਸਰਸੋਂ ਆਦਿ, ਯਥਾ- ਘਾਣੀ ਪੀੜਤੇ ਸਤਿਗੁਰ ਲੀਏ ਛਡਾਇ।

**ਘਾਤੀ** ਸੰ. ਘਾਤ ਕਰਨੇ ਵਾਲਾ, ਯਥਾ- ਆਤਮ ਘਾਤੀ ਹੈ ਜਗਤ ਕਸਾਈ।

**ਘਾਤੁ** ਸੰ. ਹਿੰਸਾ, ਪ੍ਰਾਣ ਨਿਕਾਸਨੇ, ਯਥਾ- ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ। ਪਰਿਹਾਰ ; ਅੰਗੋਂ ਕਾ ਗੁਣਨਾ ; ਇਸ ਅਰਥ ਮੇਂ ਘਾਤ ਕਰੀਏ ਜਿਸ ਸੇ ਵਹੁ ਵਸਤੁ।

**ਘਾਮ** ਦੇ. ਧੁਪ। ਸੰ. ਘਰਮ। ਇਸੀ ਕੀ ਫਾਰਸੀ ਗਰਮ ਬਦਲ ਹੈ, ਯਥਾ- ਤਪਤਿ ਬਹੁ ਘਾਮ।

**ਘਾਮ ਤੇ** ਦੇ. ਤਪਤ ਸੇ ਭਾਵ ਅਤੀ ਦੁਖ ਸੇ, ਯਥਾ- ਘਾਮ ਤੇ ਕਾਢੈ।

**ਘਾਲ** ਗੁ. ਸੇਵਾ, ਯਥਾ- ਜਿ ਘਾਲ ਨ ਭਾਨੈ। ਪੁਨਾ- ਸੇਵ ਸਫਲ ਹਰਿ ਘਾਲ। ਨਿਖਲ ਟਹਿਲੋਂ ਮੇ ਸੇ ਹਰਿ ਕੀ ਟਹਲ ਕਰਨੀ ਸਫਲ ਹੈ। ਦੇ. ਮਾਰ. ਪਾਓ, ਜੈਸੇ- ਇਸ ਕੋ ਦਹੀ ਔਰ ਘਾਲ।

**ਘਾਲ ਖਾਟ** ਵਾ. ਸੇਵਾ ਕਰ ਖਟ ਕੇ ਅਰਥਾਤ ਧਰਮ ਕੀ ਕਮਾਈ ਸੇ ਜਮ ਕਰ ਕੇ।

**ਘਾਲਹਿ** ਗੁ. ਸੇਵਾ ਕਰਤੇ, ਯਥਾ- ਕਈ ਕੋਟਿ ਘਾਲਹਿ ਥਕਿ ਪਾਹਿ।

**ਘਾਲਹੁ** ਦੇ. ਮਾਰੋ, ਯਥਾ- ਇਸਹਿ ਤੁਰਾਵਹੁ ਘਾਲਹੁ ਸਾਂਟਿ। ਨਾਮਦੇਵ ਕੋ ਹਾਥੀ ਸੇ ਤੁੜਾਵੋ ਮਾਰ ਕੇ ਸਾਂਟਾ ਜੈਸੇ ਘੋੜੇ ਕੇ ਡਰਾਨੇ ਹੇਤ ਔਘੀ ਹੋਤੀ ਹੈ, ਐਸੇ ਹਾਥੀ ਵਾਸਤੇ ਸਾਂਟ ਹੋਤੀ ਹੈ, ਜਿਸ ਸੇ ਹਾਥੀਓਂ ਕੀ ਸਾਂਟ ਮਾਰੀ ਖੇਲ ਹੋਤੀ ਹੈ। ਜਬ ਕਾਹੂ ਪੈ ਛੋਡਨਾ ਹੋਵੇ ਤਬ ਭੀ ਉਸ ਸੇ ਡਰਾ ਕਰ ਚਲਾਤੇ ਹੈ।

**ਘਾਲਣਾ** ਗੁ. ਸੇਵਾ, ਯਥਾ- ਇਹ ਭਗਤਾ ਕੀ ਘਾਲਣਾ।

**ਘਾਲਤ** ਪੰ. ਪਾਵਤਾ ਹੈ, ਯਥਾ- ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ।

**ਘਾਲਿਆ** ਪੰ. ਸੇਵਿਆ, ਯਥਾ- ਜੋ ਤੇਰਾ ਘਾਲਿਆ ਸਭੁ ਥਾਇ ਪਾਈ। ਪੁਨਾ- ਤਿਲੁ ਨਹੀ ਭੰਨੈ ਘਾਲਿਆ।

**ਘਾਲੀਅਨ** ਗੁ. ਭੇਜੀਦੇ ਹੈਂ, ਜੈਸੇ- ਫੜ ਜਮਪੁਰ ਅੰਦਰ ਘਾਲੀਅਨ।

**ਘਾਲੈ** ਗੁ. ਕਰੇ, ਯਥਾ- ਘਘੈ ਘਾਲ ਸੇਵਕੁ ਜੇ ਘਾਲੈ। ਸੇਵਾ ਜੇਕਰ ਸੇਵਕ ਕਰੇ।

**ਘਾੜਤ** ਪੰ. ਕਟ ਛਿਲ ਕੇ ਬਨਾਨਾ ; ਬਨਾਨਾ ਮਾਤ੍ਰ, ਯਥਾ- ਘਾੜਤ ਘੜੀ ਨ ਜਾਇ। ਸਵਾਰ ਕੇ ਬਨਾਨਾ ਚਾਹੇ ਤਬ ਬਨਾਯਾ ਨਹੀਂ ਜਾਤਾ ਕਾਲ ਕਾ ਬਿਗਾੜਾ ਦੇਹ।

**ਘਿਉ** ਪੰ. ਘ੍ਰਿਤ, ਯਥਾ- ਘਿਉ ਮੈਦਾ ਖਾਣੁ। ਮੀਠੇ ਮਿਲੇ ਘੀ ਮੈਦੇ ਵਾਲਾ ਕੜਾਹ ਪ੍ਰਸਾਦ ਹੈ ਭੋਗ ਜਿਨੋਂ ਕਾ।

**ਘਿਅ** ਗੁ. ਘੀ, ਘ੍ਰਿਤ, ਯਥਾ- ਘਿਅ ਪਟ ਭਾਂਡਾ ਕਹੈ ਨ ਕੋਇ। ਘੀ ਕੋ ਔ ਪਟ ਰੇਸਮ ਕੋ ਭਾਂਡਾ ਭੰਡੀ ਲਾਇਕ ਅਰਥਾਤ ਨੀਚ ਕੋਈ ਨਹੀਂ ਕਹੇ, ਭਾਵ ਕੁਪੇ ਆਦਿ ਮੰਦ ਪਾਤ੍ਰੋਂ ਮੇਂ ਪੜੇ ਘੀ ਕੋ ਅਰ ਕੀੜੇ ਗਲਾਇ ਕੇ ਬਨਾਏ ਰੇਸਮ ਕੋ ਮਾੜਾ ਕੋਈ ਨਹੀਂ ਕਹਤਾ, ਉਲਟੇ ਹੋਮਾਦੀ ਕਾਰਯੋਂ ਹੇਤ ਘੀ ਕੋ ਔ ਭੋਜਨ ਪੂਜਨ ਥਾਨੋਂ ਮੇਂ ਰੇਸਮ ਕੋ ਪਹਰੇ ਹੈਂ, ਐਸੀ ਹੀ ਭਗਤੋਂ ਕੇ ਵਰਣ ਕੀ ਦਸਾ ਹੈ।

**ਘਿਣਾ** ਦੇ. ਦਯਾ। ਸੰ. ਘ੍ਰਿਣਾ।

**ਘਿਣਾਵਣੇ** ਦੇ. ਦਾਂਤ ਕਾਢ ਰੋ ਰੋ ਮਿੰਨਤਾ ਕਰਨੇ ਸੇ, ਬਡੇ ਗਰੀਬ ਬਨ ਪ੍ਰਾਰਥਨਾ ਕਰਨੇ ਸੇ, ਯਥਾ- ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ।

**ਘਿਧਾ** ਪੰ. ਲਿਆਦਾ, ਲੀਆ, ਯਥਾ- ਮੂਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ।

**ਘਿਧੀ** ਪੰ. ਲਯਾਦੀ, ਲਈ, ਯਥਾ- ਬਾਂਹ ਪਕੜਿ ਠਾਕੁਰਿ ਹਉ ਘਿਧੀ।

**ਘਿੰਨਹਿ** ਪੰ. ਮੁ. ਲਯਾਵੇ, ਯਥਾ- ਸਸਤ ਵਖਰੁ ਤੂੰ ਘਿੰਨਹਿ ਨਾਹੀ।

**ਘਿੰਨਾਂ** ਪੰ. ਪੋ. ਲੇ ਲੇਵਾਂ, ਯਥਾ- ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ। ਬ੍ਰਾਬਰ ਰਤਨਾਦਿ ਧਾਤੂਓਂ ਸੇ ਤੋਲ ਕੇ ਲੇ ਲਵਾਂ।

**ਘ੍ਰਿਤ ਸੰਗੇ** ਵਾ. ਘ੍ਰਿਤ ਭੀਗੇ ਹੂਏ, ਯਥਾ- ਕਾਗਦੁ ਲੂਣੁ ਰਹੈ ਘ੍ਰਿਤ ਸੰਗੇ। ਘੀ ਸਾਥ ਭੀਗੇ ਲੂਣ ਕਾਗਦ ਪਾਨੀ ਮੇਂ ਗਲਨੇ ਸੇ ਰਹ ਜਾਵੇ ਹੈ।

**ਘਿਰੀਆ** ਗੁ. ਬਿਖਯੋਂ ਕੇ ਘੇਰੇ, ਯਥਾ- ਬਿਖਨਾ ਘਿਰੀਆ।

**ਘੀਉ** ਦੇ. ਘ੍ਰਿਤ, ਯਥਾ- ਦਾਲਿ ਸੀਧਾ ਮਾਗਉ ਘੀਉ।

**ਘੀਆ** ਦੇ. ਘ੍ਰਿਤ, ਯਥਾ- ਸਗਲ ਦੂਧ ਮਹਿ ਘੀਆ। ਪੰ. ਘੀਆ ਕੀ ਤਰਕਾਰੀ।

**ਘੀਜਈ** ਪੰ. ਲੇ ਲੇਤੇ ਹੈਂ, ਘਿੰਨਤੇ।

**ਘੁਸ** ਦੇ. ਪ੍ਰਵੇਸ ਕਰ, ਜੈਸੇ- ਬਿਲ ਮੇਂ ਸਰਪ ਘੁਸ ਗਯਾ। ਭੂਲ, ਜੈਸੇ- ਮੇਰੇ ਕੋ ਅਮਕਾ ਕਾਮ ਘੁਸ ਗਿਆ।

**ਘੁਸਰਿ** ਪੰ. ਘੁਸੜ, ਦਬਕ, ਲਜਿਤ ਹੋ ਕੇ ਛਿਪ ਜਾਨੇ ਕਾ ਨਾਮ ਘੁਸਰਨ ਹੈ। ਈਹਾ ਘੁਸਰ ਲਜਿਤ ਹੋ ਕੇ, ਯਥਾ- ਬਹਿ ਜਾਹਿ ਘੁਸਰਿ ਬਗੁਲਾਰੇ।

**ਘੁਸੀਏ** ਪੰ. ਭੁਲੀਏ।

**ਘੁੰਘਟ** ਪੰ. ਬਡੇ ਪੁਰਖ ਸੇ ਲਜਾ ਕਰ ਇਸਤ੍ਰੀ ਨੇ ਮੁਖ ਢਕ ਲੇਨਾ, ਯਹ ਰਸਮ ਦਖਣ ਮੇਂ ਨਹੀਂ ਤਹਾਂ ਬਡੇ ਕੇ ਨੇਤ੍ਰ ਕਾ ਨਾ ਸਨਮੁਖ ਕਰਨਾ ਹੀ ਪੜਦਾ ਹੈ।

**ਘੁਘਨਾ** ਗੁ. ਉੱਲੂ, ਘੁਘੂ, ਯਥਾ- ਮਾਇਆ ਮਗਨ ਭ੍ਰਮਤ ਘੁਘਨਾ।

**ਘੁਘਿ** ਪੰ. ਗਲ ਕੀ ਨਾੜੀਆਂ, ਕੰਠ ਕੀ ਰਗਾਂ, ਜੈਸੇ- ਘੁਘਾਂ ਬੈਠ ਗਈਆਂ। ਸਘਨ, ਯਥਾ- ਵੁਠਾ ਘੁਘਿ ਗਿਰਾਉ ਜੀਉ।

**ਘੁਟਿ** ਪੰ. ਮਾਰ ਕੇ ਅਰਥਾਤ ਗਲਾ ਘੁਟ ਕੇ, ਯਥਾ- ਘੁਟਿ ਘੁਟਿ ਜੀਆ ਖਾਵਣੇ। ਜਲ ਕਾ ਘੁਟ।

**ਘੁੰਡੀ** ਪੰ. ਕੁੜਤੀ ਕੁੜਤੇ ਕੇ ਗਲਾਵੇ ਮੇਂ ਡੋਡੀ ਫਸਾਨੇ ਕਾ ਤਾਗਾ, ਯਥਾ- ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ।

**ਘੁਣ** ਪੰ. ਲਕੜੀ ਖਾਣ ਵਾਲਾ ਕੀੜਾ, ਜੈਸੇ- ਜਿਉ ਘੁਣ ਖਾਧੀ ਲਕੜੀ।

**ਘੁਥਾ** ਪੰ. ਭੁਲਾ, ਯਥਾ- ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।

**ਘੁਥਿਆ** ਪੰ. ਭੁਲਿਆ, ਚੁਕ ਗਯਾ।

**ਘੁਥੀਆ** ਪੰ. ਭੁਲੀਆਂ, ਯਥਾ- ਖਸਮਹੁ ਘੁਥੀਆ ਫਿਰਹਿ ਨਿਮਾਣੀਆ।

**ਘੁਪ** ਪੰ. ਬੜਾ ਅੰਧਕਾਰ।

**ਘੁਮ ਵਾਰਿਆ** ਪੰ. ਪ੍ਰਕਰਮਾ ਦੇ ਦੇ ਅਪਨਾ ਆਪ ਅਰਪਨ ਕਰਤਾ ਹੂੰ।

**ਘੁਮਘਾ** ਸੰ. ਪ੍ਰਕਰਮਾਂ ਦੇ ਦੇ ਬਲਹਾਰ ਹੋਵੋਂਗਾ, ਯਥਾ- ਹਮ ਨਾਮ ਵਿਟਹੁ ਸਦ ਘੁਮਘਾ।

**ਘੁੰਮਣਵਾਣੀ** ਪੰ. ਜਲ ਕਾ ਚਕ੍ਰ, ਯਥਾ- ਘਰ ਘੁੰਮਣਵਾਣੀ ਭਾਈ। ਘਰ ਪੁਰਖੋਂ ਕੋ ਅਪਨੀ ਮੁਕਤੀ ਕੇ ਉਪਾਯੋਂ ਸੇ ਰੋਕ ਕੇ, ਸੰਸਾਰ ਮੇਂ ਗਾਰਤ ਕਰਨੇ ਵਾਲੇ ਜਲ ਕੇ ਚਕ੍ਰ ਸਮ ਚਕ੍ਰ ਹੈ, ਜਹਾਂ ਸੇ ਮਿਤ੍ਰ ਹੋ ਕਰ ਹੀ ਘਰਬਾਰੀ ਸਮਸਾਨੋਂ ਓਰ ਨਿਕਸੇ ਹੈਂ। ਜੀਵਨ ਸਮੇਂ ਤੋ ਸਾਢੇ ਤੀਨ ਹਾਥ ਕੇ ਆਦਮੀ ਕੋ ਚਾਰ ਹਾਥ ਕੇ ਕਾਮ ਬਨੇ ਹੀ ਰਹਤੇ ਹੈਂ। ਜਿਨ ਕੋ ਸੋਨੇ ਸਮੇ ਯਾਦ ਕਰਤੇ ਹੈਂ ਵਹੁ ਕਾਮ ਆਜ ਰਹ ਗਯਾ ਕੱਲ ਜਰੂਰ ਕਰੇਂਗੇ।

**ਘੁਮਨ** ਪੰ. ਘੁਮਨੇ, ਫਿਰਨੇ ਕੋ।

**ਘੁਮਾਇਆ** ਪੰ. ਮੁ. ਅਰਪਨ ਕੀਆ ਗਯਾ, ਯਥਾ- ਹਉ ਸਤਿਗੁਰ ਵਿਟਹੁ ਘੁਮਾਇਆ।

**ਘੁਮਾਈ** ਪੰ. ਮੁ. ਫਿਰ ਫਿਰ ਕੁਰਬਾਨ ਹੋਵਾਂ, ਯਥਾ- ਘੋਲਿ ਘੁਮਾਈ ਲਾਲਨਾ।

**ਘੁਮਿ** ਦੇ. ਸਿੰ. ਫਿਰ ਕੇ ਅਰਥਾਤ ਪ੍ਰਕਰਮਾ ਕਰ ਕੇ, ਯਥਾ- ਘੁਮਿ ਵਾਰਿਆ। ਬਦਲ ਕੇ, ਯਥਾ- ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।

**ਘੁਰੈ** ਪੰ. ਜੰਗਲੀ ਮ੍ਰਿਗੋਂ ਕੇ ਘਰ, ਯਥਾ- ਹੋਇ ਸਤਾਣਾ ਘੁਰੈ ਨ ਮਾਵੈ। ਵਜੇ, ਜੈਸੇ- ਘੁਰੇ ਨਗਾਰੇ।

**ਘੁਲਮਿਲ** ਪੰ. ਖਰ ਕੇ ਪਾਨੀ ਮੈ ਮਿਲ ਜਾਨਾ।

**ਘੁਲਾਵੈਗੋ** ਗੁ. ਫੇਰੇਗੀ ਮਾਇਆ, ਯਥਾ- ਘਰੁ ਘੂਮਨਿ ਘੇਰਿ ਘੁਲਾਵੈਗੋ। ਗ੍ਰਿਹ ਰੂਪ ਚਕ੍ਰ ਕੇ ਫੇਰ ਮੇਂ ਫੇਰੇਗੀ ਮਾਇਆ।

**ਘੁਲਿ** ਪੰ. ਖੁਰ ਜੈਸੇ ਖਾਡ ਬੂਰੇ ਆਦਿ ਪਾਨੀ ਮੇਂ ਖਰੇ ਹੈਂ, ਯਥਾ- ਲਬੈ ਮਾਲੈ ਘੁਲਿ ਮਿਲਿ। ਕੁਸਤੀ, ਜੈਸੇ- ਮਤ ਘੁਲ ਗਿਰ ਪੜੇਗਾ।

**ਘੁਲਿ ਮਿਲਿ ਮਿਚਲਿ** ਵਾ. ਖਰ ਕੇ ਰਲ ਕੇ ਮਿਚਲ ਏਕ ਰੂਪ ਹੋ ਜਾਤੇ ਹੈਂ। ਲੋਭ ਔ ਧਨ ਜੈਸੇ ਪਾਨੀ ਮੇਂ ਗੁੜਾਦਿ ਹੋ ਜਾਤੇ ਹੈਂ, ਯਥਾ- ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘ।

**ਘੁਲੀਏ** ਪੰ. ਪ. ਤ੍ਰਿਪਤ ਹੋਈਏ, ਜੈਸੇ- ਮਿਲ ਸੰਗਤਿ ਹਰਿ ਰਸ ਘੁਲੀਏ।

**ਘੂਕ** ਪੰ. ਬੇਖਬਰ ਹੋ ਗਾਢੀ ਨੀਂਦ ਮੇਂ।

**ਘੂੰਘਟੁ** ਦੇ. ਬਡੇ ਪੁਰਖ ਸੇ ਲਜਾ ਕਰ ਇਸਤ੍ਰੀ ਨੇ ਮੁਖ ਢਕ ਲੇਨਾ, ਯਥਾ- ਘੂੰਘਟੁ ਕਾਢਿ ਗਈ।

**ਘੂਪ** ਪੰ. ਗਾਢ ਅੰਧੇਰੇ ਵਾਲੇ, ਯਥਾ- ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ।

**ਘੂਮਨ** ਪੰ. ਘੂਮਨੇ ਫਿਰਨੇ ਕੇ, ਯਥਾ- ਵਿਚਿ ਘੂਮਨ ਘਿਰੀਆ।

**ਘੂਮਨ ਘੇਰ** ਵਾ. ਜਲ ਕੇ ਚਕ੍ਰ ਸਮ ਘੂਮਤੀ ਭੌਰੀ ਮੇਂ, ਯਥਾ- ਘੂਮਨ ਘੇਰ ਪਰੇ ਬਿਖੁ ਬਿਖਿਆ। ਬਿਖ ਰੂਪ ਬਿਖਯੋਂ ਕੀ ਘੂਮਤੀ ਭੌਰੀ ਮੇਂ ਜੀਵ ਪੜ ਰਹੇ ਹੈ।

**ਘੂਮਰਿ** ਪੰ. ਨਾਚ, ਲੁੱਡੀ, ਮਹਾਨ ਮੂਰਖੋਂ ਕੇ ਨਾਚ ਕਾ ਨਾਮ ਲੁਡੀ ਹੈ, ਜੋ ਉੂਟਾ ਵਾਲੇ ਮੁਲਤਾਨੀ ਔ ਬਾਗੜੀ ਲੋਗ ਪਾਤੇ ਹੈਂ, ਮੁਖ ਸੇ ਹੰਬੇ ਲੁਡੀ ਬੋਲਤੇ ਹੈਂ, ਯਥਾ- ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਓੁਮਾਹਾ।

**ਘੂਰਮ** ਦੇ. ਮਸਤ ਹਾਲ।

**ਘੂਲਹਿ** ਪੰ. ਪ. ਤ੍ਰਿਪਤ ਹੋਵੇ, ਰਜੇ, ਯਥਾ- ਘੂਲਹਿ ਤਉ ਮਨ ਜਉ ਆਵਹਿ ਸਰਨਾ। ਘੂਲ ਜ੍ਵਾਲਾਮੁਖੀ ਸਮੀਪ ਤ੍ਰਿਪਤ ਹੋਨੇ ਕਾ ਨਾਮ ਹੈ, ਇਸੀ ਕਾ ਅਕ੍ਰਿਤਘਨ ਵਤ ਅਘੁਲੀਏ ਬਨਾ ਹੈ, ਯਥਾ- ਤਿਨ ਕੀ ਧੂੜਿ ਅਘੁਲੀਐ ਸੰਗਤਿ।

**ਘੇਰ** ਦੇ. ਚਕ੍ਰਾਕਾਰ ਗੋਲ ਮਾਪ, ਪ੍ਰਸਿਧੀ, ਮੁਦੱਬਰ ; ਘੁਮਣ ਵਾਲੀ ਭਾਵ ਚੱਕ੍ਰ, ਯਥਾ- ਤੀਨਿ ਆਵਰਤ ਕੀ ਚੂਕੀ ਘੇਰ। ਤੀਨ ਗੁਣੋਂ ਕੀ ਅਪਨੇ ਮੇਂ ਡੋਬਨੇ ਵਾਲੀ ਚੁਕ ਗਈ ਹੈ ਭੂਮਰੀ।

**ਘੇਵਰ** ਦੇ. ਗੌੜੋਂ ਕੇ ਬਿਵਾਹ ਕੀ ਸੀਰਨੀ।

**ਘੈਰ** ਪੰ. ਗਹਰ।

**ਘੋਖਿ ਕੈ** ਦੇ. ਅੰਗਦ ਜੀ ਕੋ ਗਦੀ ਦੇਨੇ ਸਮੇਂ ਲੋਗੋਂ ਮੇਂ ਪ੍ਰਗਟ ਕਰਨੇ ਹੇਤ ਉੱਚਾ ਸਬਦ ਕਰਕੇ, ਯਥਾ- ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ।

**ਘੋਖੇ** ਸੰ. ਮੁਖ ਸੇ ਬਾਰ ਬਾਰ ਉਚੇ ਪੜੇ, ਯਥਾ- ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ। ਪੁਨਾ- ਚਾਰੇ ਕੁੰਟਾ ਘੋਖਾ। ਕੂਕਰ ਸਮਾਨ ਭੌਕਤਾ ਹੂਆ ਚਾਰੋ ਕੁੰਟਾ ਮੇਂ ਫਿਰੇ ਹੈਂ।

**ਘੋਗੇ** ਪੰ. ਸੰਖ ਕੇ ਆਕਾਰ ਜਲ ਜੀਵੋਂ ਕੇ ਛੋਟੇ ਛੋਟੇ ਘਰ, ਕੱਦ ਮੇਂ ਕੌਡੀ ਕੇ ਬਰਾਬਰ. ਰੰਗ ਮੈ ਸੁਪੈਦ ਹੋਤੇ ਹੈਂ।

**ਘੋਟਿਮ** ਗੁ. ਘੋਟਨੇ ਸੇ, ਯਥਾ- ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ। ਘੋਟਨੇ ਸੇ ਕਾਸੀ ਧਾਤ ਸੇ ਕਾਲੀ ਸਜਾਹੀ ਨਿਕਸੇ ਹੈਂ।

**ਘੋਰ** ਸੰ. ਸਿਵ ; ਬਿਖ ; ਦਾਰਣ ; ਭਯਾਨਕ, ਯਥਾ- ਗੁਰ ਬਿਨੁ ਘੋਰ ਅੰਧਾਰ। ਸਾਂਖ੍ਯ ਸਾਸਤ੍ਰ ਮੇਂ ਕਹੇ ਅਕਾਸਾਦਿ ਤਤ੍ਵੋਂ ਕੇ ਬਿਸੇਖ ਸੁਭਾਵ, ਜੈਸੇ ਆਕਾਸ ਕਾ ਸਾਂਤ ਸੁਭਾਵ ਹੈ ਪਵਨ ਕਾ ਚਲਨ ਸੁਭਾਵ ਹੈ। ਪੰ. ਬਦਲ ਕੀ ਗਰਜ, ਯਥਾ- ਘਨ ਘੋਰ। ਗੁ. ਘੋੜੇ, ਯਥਾ- ਮ੍ਰਿਗ ਪਕਰੇ ਬਿਨੁ ਘੋਰ ਹਥੀਆਰ।

**ਘੋਰ ਅੰਧਾਰ** ਸੰ. ਭਯੰਕਰ ਅੰਧਕਾਰ, ਯਥਾ- ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।

**ਘੋਰ ਮਹਲ** ਵਾ. ਘੋੜੇ ਔ ਮਹਲ।

**ਘੋਰੈ** ਦੇ. ਘੋੜੇ, ਯਥਾ- ਘੋਰੈ ਚਰਿ ਭੈਸ ਚਰਾਵਨ ਜਾਈ।

**ਘੋਲਿ** ਪੰ. ਘੋਰ ਕੇ, ਯਥਾ- ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ। ਬਲਹਾਰ, ਯਥਾ- ਘੋਲਿ ਘੁਮਾਈ ਲਾਲਨਾ। ਸੰ. ਤੱਕ੍ਰ। ਗਾੜ੍ਹੀ ਲੱਸੀ।

**ਘੋਲਿ ਘੁਮਾਈ** ਪੰ. ਬਾਰ ਬਾਰ ਬਲਹਾਰ ਜਾਤਾ ਹੂੰ, ਯਥਾ- ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ।

**ਘੋਲੀ** ਪੰ. ਕੁਰਬਾਨ, ਯਥਾ- ਹਉ ਘੋਲੀ ਜੀਉ ਘੋਲਿ ਘੁਮਾਈ।

**ਘੋਲੀਆ** ਪੰ. ਬਲਹਾਰ, ਯਥਾ- ਹਉ ਤਿਨ ਵਿਟਹੁ ਸਦ ਘੁਮਿ ਘੋਲੀਆ।

**ਘੋੜੜੈ** ਦੇ. ਅਸ੍ਵ, ਤੁਰੰਗ ਪੈ, ਯਥਾ- ਚੜਿ ਕੈ ਘੋੜੜੈ ਕੁੰਦੇ ਪਕੜਹਿ।

**ਘੋੜੀਆ** ਪੰ. ਬਿਆਹ ਸਮੇ ਦੂਲੋ ਕੋ ਘੋੜੀ ਪੈ ਅਸਵਾਰ ਕਰਨੇ ਕੇ ਗੀਤ, ਯਥਾ- ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ।

॥ਇਤਿ ਸ੍ਰੀ ਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਘਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

## ਞ

**ਞੰਞਾ** ਗੁ. ਇਸ ਨਾਮ ਵਾਲੇ ਅਖਰ ਸੇ ਗੁਰੂ ਉਪਦੇਸ ਕਰੇ ਹੈਂ, ਯਥਾ- ਞੰਞਾ ਞਾਸੈ ਕਾਲੁ ਤਿਹ। ਪੁਨਾ- ਞੰਞਾ ਞਿਆਨੁ ਨਹੀ ਮੁਖ ਬਾਤਉ।

**ਞਣਤੀ** ਗੁ. ਗਿਨਤੀ।

**ਞਣਿ** ਗੁ. ਗਿਨ ਕੇ, ਯਥਾ- ਞਣਿ ਘਾਲੇ ਸਭ ਦਿਵਸ ਸਾਸ।

**ਞਣੀ** ਗੁ. ਗਿਣੀ, ਯਥਾ- ਞਣਤੀ ਞਣੀ ਨਹੀ ਕੋਊ ਛੂਟੈ।

**ਞਾਸੈ** ਗੁ. ਗ੍ਰਸੇ ਹੈਂ, ਯਥਾ- ਞੰਞਾ ਞਾਸੈ ਕਾਲੁ ਤਿਹ।

**ਞਿਆਤਾ** ਗੁ. ਜਾਨਨੇ ਵਾਲਾ। ਸੰ. ਗ੍ਯਾਤਾ।

**ਞਿਆਨੀ** ਦੇ. ਗ੍ਯਾਨ ਵਾਲਾ ; ਤਤ੍ਵ ਗ੍ਯਾਨ ਵਾਲਾ, ਯਥਾ- ਞਿਆਨੀ ਸੋਇ ਜਾ ਕੈ ਦ੍ਰਿੜ ਸੋਊ।

**ਞਿਆਨੁ** ਗੁ. ਗ੍ਯਾਨ, ਯਥਾ- ਞੰਞਾ ਞਿਆਨੁ ਨਹੀ ਮੁਖ ਬਾਤਉ। ਞੰਞੇ ਅਖਰ ਸੇ ਉਪਦੇਸ।

॥ਇਤਿ ਸ੍ਰੀ ਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਞਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

## ਚ

**ਚ** ਸੰ. ਪੁਨਾ, ਯਥਾ- ਨ ਚ ਰਾਜ ਸੁਖ ਮਿਸਟੰ। ਨਹੀਂ ਪੁਨਾ ਰਾਜ ਕਾ ਸੁਖ ਮੀਠਾ। ਦੇ. ਦ. ਕਾ, ਯਥਾ- ਸੰਤ ਚ ਓਲ੍ਹਗ ਓਲ੍ਹਗਣੀ। ਪੁਨਾ- ਸਿੰਘ ਚ ਭੋਜਨੁ।

**ਚਉ** ਪੰ. ਮੁ. ਕਹੁ, ਬੋਲ, ਯਥਾ- ਤੂ ਚਉ ਸਜਣ ਮੈਡਿਆ। ਬੋਲਤਾ ਹੈ, ਯਥਾ- ਸੇਖਾ ਚਉਚਕਿਆ ਚਉਵਾਇਆ। ਜੋ ਤੌ ਬੋਲਤਾ ਹੈ ਚਕ ਕੇ ਅਰਥਾਤ ਸਿਖਾ ਕਰ ਬੁਲਾਇਆ ਹੂਆ। ਚਾਰੋ, ਯਥਾ- ਚਉਕੀ ਚਉਗਿਰਦ ਹਮਾਰੇ। ਚਾਰ ਓਰ। ਪੰ. ਹਲ ਮੁਨੇ ਕੀ ਫਾਲ ਰਖਨੇ ਕੀ ਲਕੜੀ।

**ਚਉ ਖੰਨੀਐ** ਪੰ. ਮੁ. ਚਾਰ ਟੂਕੜੇ ਹੋਈਏ ਭਾਵ ਅਪਣਾ ਸਰੀਰ ਅਰਪਣ ਕਰੀਏ, ਯਥਾ- ਹਉ ਤਿਸੁ ਵਿਟਹੁ ਚਉ ਖੰਨੀਐ।

**ਚਉਕੜਿ** ਪੰ. ਚਾਰ ਦਮੜੀ ਕਾ ਅਰਥਾਤ ਏਕ ਪੈਸੇ ਕਾ ਜਨੇਊ, ਯਥਾ- ਚਉਕੜਿ ਮੁਲਿ ਅਣਾਇਆ।

**ਚਉਕਾ** ਦੇ. ਭੰਡਾਰ ਕੀ ਜਗਾ ਲਿਪ ਕੇ, ਯਥਾ- ਦੇ ਕੈ ਚਉਕਾ ਕਢੀ ਕਾਰ।

**ਚਉਕੀ** ਦੇ. ਗੁਰੋਂ ਕੀ ਸਕਤੀ ਕਾ ਪਹਰਾ, ਯਥਾ- ਚਉਕੀ ਚਉਗਿਰਦ ਹਮਾਰੇ। ਕਾਠ ਪਥਰਾਦਿਕੋਂ ਕੀ ਚੌਕੀ।

**ਚਉਕੈ** ਗੁ. ਭੋਜਨ ਥਾਨ ਮੇਂ ਛੂਹੇ ਕੋਈ ਨਹੀਂ, ਯਥਾ- ਚਉਕੈ ਭਿਟੈ ਨ ਕੋਇ। ਸਚ ਬਿਨਾ ਕੋਈ ਪੁਰਖ ਕੇ ਸਮੀਪ ਨਹੀਂ ਆਵੇ। ਬੇਦੀ ਪੈ, ਯਥਾ- ਬਹਿ ਚਉਕੈ ਪਾਇਆ।

**ਚਉਗਿਰਦ** ਮਿ. ਚਾਰੋਂ ਤਰਫ, ਚਾਰੋ ਓਰ, ਯਥਾ- ਚਉਕੀ ਚਉਗਿਰਦ ਹਮਾਰੇ।

**ਚਉਣੀ** ਪੰ. ਚਉਗਣੀ, ਯਥਾ- ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ।

**ਚਉਣੇ** ਪੰ. ਪਸੂਓਂ ਕੇ ਸਮੁਦਾਯ ਕੋ, ਯਥਾ- ਚਉਣੇ ਸੁਇਨਾ ਪਾਈਐ।

**ਚਉਤੀਸ ਅਛਰ** ਦੇ. ਚਾਰ ਊਪਰ ਤੀਸ ਅਖਰੋਂ ਮੇਂ ਸੰਸਕ੍ਰਿਤ ਮੇਂ- ਏ ਐ ਓ ਔ ਚਾਰ ਅਖਰ ਪਿਛਲੇ ਅਖਰੋਂ ਕੇ ਮੇਲ ਸੇ ਬਨੇ ਹੈਂ, ਅੰਅ: ਮੁਕ੍ਰੇ ਐੜੇ ਪਰੇ ਬਿੰਦੁ ਬਿਸਰਗ ਲਗਾਵਨੇ ਸੇ ਬਨੇ ਹੈਂ ਸੋ ਭੀ ਜੁਦੇ ਨਹੀਂ, ਖ੍ਰ ਗ੍ਰ ਕਕੇ ਖਖੇ ਔ ਜਜੇ ਵਵੇ ਕੇ ਮੇਲ ਸੇ ਬਨੇ ਹੈਂ।

ਅਸਲ ਮੇਂ ਅ ਏ ਓ ਰ੍ਰੀ ਲ੍ਰੀ ਪੰਜ ਕਕੇ ਸੇ ਵਾਵੇ ਤਾਈਂ ਉਣਤੀ ਸ ਐਂ ਸ਼ ਖ਼ ਸ ਹ ਯੇ ਚਾਰ ਮਿਲਾਇ ਅਠਤਾਲੀਸ ਬਨਤੇ ਹੈਂ। ਸੋਈ ਚਉ ਚਉ ਦੋ ਮਾਨ ਕੇ ਅਰਥ ਸਮੇ ਚਉਤੀਸ ਹੈਂ, ਯਥਾ- ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ।

**ਚਉਥਿ** ਦੇ. ਚੌਥੀ ਥਿਤ, ਯਥਾ- ਚਉਥਿ ਉਪਾਏ ਚਾਰੇ ਬੇਦਾ।

**ਚਉਥੇ** ਗੁ. ਤੁਰੀਆ ਥਾਨ ਮੇਂ, ਯਥਾ- ਚਉਥੇ ਪਦ ਮਹਿ ਜਨ ਕੀ ਜਿੰਦੁ। ਤੁਰੀਆ ਥਾਨ ਮੇਂ ਗ੍ਯਾਨੀ ਕਾ ਆਤਮਾ ਹੈ ਭਾਵ ਗ੍ਯਾਨੀ ਤੁਰੀਆ ਥਾਨ ਰੂਪ ਹੈ। ਪੁਨਾ- ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ। ਜੋ ਗ੍ਯਾਨੀ ਜਨ ਜਾਗ੍ਰਤ ਆਦਿ ਤੀਨ ਅਵਸਥਾ ਪਰੇ ਅਫੁਰ ਥਾਨ ਤੁਰੀਆ ਕੋ ਅਪਰੋਖ ਜਾਨਤੇ ਹੈਂ।

**ਚਉਥੇ ਸੁੰਨੈ** ਗੁ. ਤੁਰੀਆ ਸ੍ਵਰੂਪ ਅਫੁਰ ਥਾਨ ਮੇਂ, ਯਥਾ- ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।

**ਚਉਥੇ ਪਦ** ਗੁ. ਕਾਰਣ ਸੁਖਮ ਥੂਲ ਤੀਨੋਂ ਕੇ ਪਰੇ ਬ੍ਰਹਮ ਥਾਨ ਮੇਂ।

**ਚਉਥੈ ਖੈਰੀ** ਵਾ. ਚਉਥੀ ਨਮਾਜ ਭਲਿਆਈ ਧਾਰਨੀ ਹੈ, ਯਥਾ- ਤੀਜੈ ਹਲੇਮੀ ਚਉਥੈ ਖੈਰੀ।

**ਚਉਥੈ ਵਾਸਾ** ਵਾ. ਤੁਰੀਆ ਪਦ ਮੇਂ ਨਿਵਾਸ, ਯਥਾ- ਤੀਨਿ ਸਮਾਵੈ ਚਉਥੈ ਵਾਸਾ।

**ਚਉਦਹ** ਗੁ. ਚਤੁਰ ਦਸ, ਯਥਾ- ਦੁਇ ਦੀਵੇ ਚਉਦਹ ਹਟਨਾਲੇ।

**ਚਉਦਿਆ** ਗੁ. ਉਚਾਰਤਿਆ, ਯਥਾ- ਹਰਿ ਜਨ ਹਰਿ ਹਰਿ ਚਉਦਿਆ।

**ਚਉਦੋ** ਗੁ. ਕਹਾਂ, ਯਥਾ- ਚਉਦੋ ਮੁਖਿ ਅਲਾਇ। ਕਹਾਂ ਮੁਖ ਸੇ ਉਚਾਰਤਾ ਤੈਨੂ ਵਾ ਜੋ ਕਹਤੇ ਹੈ ਤਿਨ ਪੀਛੇ ਲਗ ਮੈ ਭੀ ਮੁਖੋਂ ਕਹਾ।

**ਚਉਧਰੀ** ਦੇ. ਲੰਬਰਦਾਰ, ਪੈਂਚ, ਯਥਾ- ਇਲਤਿ ਕਾ ਨਾਉ ਚਉਧਰੀ। ਮੁਖੀਆ, ਪਟੇਲ ; ਚਉ ਹਲਕੇ ਮੁਖ ਕਾ ਨਾਮ ਹੈ, ਤਿਸ ਕੋ ਧਾਰਨੇ ਵਾਲਾ ਚਉਧਰੀ ਸਿੱਧ ਹੋਤਾ ਹੈ। ਇਸ ਸੇ ਜਾਨ ਪੜਤਾ ਹੈ ਪਹਲੇ ਯਹ ਦਰਜਾ ਜਿਮੀਂਦਾਰੋਂ ਕੇ ਮੁਖੀਓਂ ਮੇਂ ਥਾ ਸਮਾ ਪਾਇ ਕੇ ਆਨ ਮੁਖੀਯੋਂ ਮੇ ਭੀ ਪ੍ਰਸਿਧ ਹੂਆ।

**ਚਉਪਦੇ** ਗੁ. ਚਾਰ ਚਾਰ ਪੌੜੀਆਂ ਵਾਲੇ ਸਬਦ।

**ਚਉਪਦੇ ਦੁਪਦੇ** ਵਾ. ਦੋ ਦੋ ਤੁਕ ਕੀ ਚਾਰ ਪੌੜੀਆਂ ਵਾਲੇ ਸਬਦ।

**ਚਉਪੜਿ** ਦੇ. ਚਉਪੜ ਖੇਲ, ਯਥਾ- ਚਉਪੜਿ ਏਕਾ ਸਾਰੀ। ਇਸ ਸੰਸਾਰ ਚੌਪਟ ਮੇਂ ਏਕ ਮਨੁਖ ਜਨਮ ਹੀ ਪੂਰੀ ਬਾਜੀ ਹੈ, ਚਾਹੋ ਹਾਰੋ ਚਾਹੇ ਜੀਤੋ।

**ਚਉਬਾਰੇ** ਦੇ. ਚੌਬਾਰਿਓਂ ਮੇਂ ਝਾੜੂ ਬਰਦਾਰ, ਯਥਾ- ਪਵਨ ਕੋਟਿ ਚਉਬਾਰੇ ਫਿਰਹਿ। ਬਚਨਾਂਤਰ ਮੇਂ ਚਾਰ ਕੂੰਟ ਚਉਬਾਰਾ ਲਿਖਾ ਹੈ ਸੋਈ ਲੇਨਾ ; ਊਪਰ ਕੇ ਮਕਾਨ, ਯਥਾ- ਸੇ ਅਸਥਲ ਸੋਇਨ ਚਉਬਾਰੇ।

**ਚਉਰਾਸੀਹ ਸਿਧ** ਦੇ. ੧. ਭੰਗੂ ੨. ਸੰਗੂ ੩. ਸੰਘੂ ੪. ਦੰਘੂ ੫. ਊਰਮ ੬. ਧੂਰਮ ੭. ਕਨੀਫਾ ੮. ਹਨੀਫਾ ੯. ਲਹੂਰੂਪਾ ੧੦. ਮੰਘੂ ੧੧. ਲੰਘੂ ੧੨. ਹਾਜੀ ਰਤਨ ੧੩. ਪੂਰਨ ੧੪. ਨਾਸਨ ੧੫. ਬਿਬਾਬਿਲਕਾ ੧੬. ਜਾਲਕਾ ੧੭. ਖਿੰਥੜਾ ੧੮. ਸੁਰਤ ਸਿਧ ੧੯. ਨ੍ਰਿਤ ਸਿਧ, ੨੦. ਕੇਵਲ ਕਰਮ ੨੧. ਸਮਰਤ ੨੨. ਗੌਨਗਲ ੨੩. ਅਮਰਨਿਧ ੨੪. ਤਹਰ ਬੈਨ ੨੫. ਰਾਇਐਨ ੨੬. ਸੇਵਲ ਕਰਨ ੨੭. ਅਉਘੜ ੨੮. ਪਰਬਤ ਈਸਰ ੨੯. ਭਰਥਰ ੩੦. ਭਤਵੈ ੩੧. ਕਨਕਾ ੩੨. ਸੰਭ ੩੩. ਅਛਾਦੈਨ ੩੪. ਖਲਕ ਨਿਧ ੩੫. ਪਿਪਲਕਾ ੩੬. ਸਰਜ ੩੭. ਗਿਰਬੋਧ ੩੮. ਸਾਬਿਸ ੩੯. ਕੋਸਕਰਨ ੪੦. ਗੈਲਸਾ ੪੧. ਗੈਲਧਾਰ ੪੨. ਮੁਕਤੀਸਰ ੪੩. ਚਲਨਿਲ ੪੪. ਚੁਨਬੋ ੪੫. ਸੁਰਐਨ ੪੬. ਸੰਧਸੈਨ ੪੭. ਗਿਰਵੀਰ ੪੮. ਜੋਤਲਗਨ ੪੯. ਜੋਤਮਗਨ ੫੦. ਬਿਮਲਜੋਤ ੫੧. ਸੀਤਲ ਜਲ ੫੨. ਅਘਰਘਨ ੫੩. ਤੁਲਸਜੋਗ ੫੪. ਪ੍ਰਤਪੂਨ ੫੫. ਅਕਾਲਨਿਰ ੫੬. ਭੋਲਸਰ ੫੭. ਰਾਮ ਕੁਵਰ ੫੮. ਕਿਸਨਕੁਵਰ ੫੯. ਬਿਸਨਪਤ ੬੦. ਸੰਕਰਜੋਗ ੬੧. ਬਰਮਜੋਗ ੬੨. ਮੀਰ ਹੁਸੈਨੀ ੬੩. ਮੀਰ ਜੰਬਾਲ ਕੰਧਾਰੀ ੬੪. ਕਵਲ ਨੈਨ ੬੫. ਨਲਵ ਨੈਨ ੬੬. ਸੁਰਸਤੀ ੬੭. ਗੁਰਧਨ ਸੈਨ ੬੮. ਗੁਫਾਬਾਸੀ ੬੯. ਅਬਨਾਸੀ ੭੦. ਕਲਕਸੰਗੀ ੭੧. ਏਕਸੰਗੀ ੭੨. ਕੇਵਲ ਕਰਮੀ ੭੩. ਕਰਮਨਾਸੀ ੭੪. ਕਲ ਬਿਲਾਸੀ ੭੫. ਮੂਲਮੰਤ੍ਰੀ ੭੬. ਜੋਗਵੰਤੀ ੭੭. ਜੋਗਿਰਹਰੰ ੭੮. ਦੀਸ ਪਰੰਗੀ ੭੯. ਕਲੇਸਧੂਪੀ ੮੦. ਬਹਰੀਮ ਜੋਗੀ ੮੧. ਪਲਾਸ ਮੁਗਲ ਭੋਗੀ ੮੨. ਕੰਦਲ ਜੋਗੀ ੮੩. ਸੰਤਾਲਕਾ ਕਹੀਏ ੮੪. ਜੋਗੀ ਬਚਿਤ੍ਰ ਗਹੀਏ, ਯਥਾ- ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ।

**ਚਉਵਾਇਆ** ਗੁ. ਬੁਲਵਾਇਆ, ਯਥਾ- ਸੇਖਾ ਚਉਚਕਿਆ ਚਉਵਾਇਆ।

**ਚਉੜਿ** ਪੰ. ਲਾਡ, ਮਾਤਾ ਪਿਤਾਦਿਕੋਂ ਸਾਥ ਪਿਆਰ ਕਰਨਾ ; ਬਰਬਾਦ ਹੋਨਾ, ਜੈਸੇ- ਅਮੁਕਾ ਧੰਧਾ ਚਉੜ ਹੋ ਗਯਾ। ਦੇਹ ਕੇ ਪਾਲਣ ਮੇਂ, ਯਥਾ- ਰੇ ਨਰ ਨਾਵ ਚਉੜਿ ਕਤ ਬੋੜੀ। ਦੇਹ ਕੇ ਲਡਾਵਨੇ ਮੇਂ ਹੀ ਤੈਨੇ ਤਰਨੇ ਕਾ ਸਾਧਨ ਨੌਕਾ ਕੈਸੇ ਡੋਬ ਲਈ।

**ਚਈਆ** ਪੰ. ਚਾਉ, ਯਥਾ- ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ।

**ਚਸਮ** ਫਾ. ਨੇਤ੍ਰ, ਯਥਾ- ਚਸਮ ਦੀਦੰ ਫਨਾਇ।

**ਚਸਮ ਦੀਦੰ** ਫਾ. ਜੋ ਵਸਤ ਨੇਤ੍ਰੋਂ ਸੇ ਦੇਖੀ ਜਾਵੇ, ਯਥਾ- ਬੰਦੇ ਚਸਮ ਦੀਦੰ ਫਨਾਇ।

**ਚਸਾ** ਦੇ. ੧੫ ਨਿਮਖੋ ਕਾ ੧ ਬਿਸ੍ਵਾ, ੧੫ ਬਿਸ੍ਵੇ ਕਾ ੧ ਚਸਾ, ੩੦ ਚਸਿਓਂ ਕਾ ਏਕ ਪਲ, ੬੦ ਪਲੋਂ ਕੀ ਏਕ ਘੜੀ, ੭ ਘੜੀ ਕਾ ੧ ਪਹਰ. ੮ ਪਹਰੋਂ ਕਾ ਰਾਤ ਦਿਨ, ੩੦ ਦਿਨੋਂ ਕਾ ਮਹੀਨਾ, ੧੨ ਮਹੀਨਿਓਂ ਕਾ ੧ ਬਰਸ, ਯਥਾ- ਸੇਵ ਕਰੀ ਪਲੁ ਚਸਾ ਨ ਵਿਛੁੜਾ।

**ਚਸਿਅਹੁ ਚੁਖ ਬਿੰਦ** ਵਾ. ਚਸੇ ਕਾ ਤੀਸਵਾ ਹਿੱਸਾ ਚੁਖ, ਤਾਕਾ ਆਧਾ ਬਿੰਦ, ਈਹਾਂ ਪ੍ਰਯੰਤ ਕਹਾਂ ਇਸ ਸੇ ਪਰੇ ਕਿਆ ਕਹੂੰ, ਯਥਾ- ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ।

**ਚਸਿਆ** ਗੁ. ਚਸੇ ੨੨੫ ਨਿਮੇਖ, ਯਥਾ- ਵਿਸੁਏ ਚਸਿਆ ਘੜੀਆ ਪਹਰਾ।

**ਚਸੁਆ** ਗੁ. ਚਸਾ, ਯਥਾ- ਉਸ ਤੇ ਘਟੈ ਨਾਹੀ ਰੁਚ ਚਸੁਆ।

**ਚਹਾਰ** ਫਾ. ਚਾਰ।

**ਚਹੁ** ਦੇ. ਚਾਰੋਂ ਕੋ, ਯਥਾ- ਚਹੁ ਓਮਾਹਾ ਹੋਇ।

**ਚਹੁ ਚਕੀ** ਵਾ. ਚਾਰੌਂ ਦਿਸਾ ਮੇਂ, ਯਥਾ- ਚਹੁ ਚਕੀ ਕੀਅਨੁ ਲੋਆ।

**ਚਹੁ ਪੀੜੀ** ਗੁ. ਚਾਰ ਗਦੀਓਂ ਮੇਂ ਪੁਤ੍ਰੋਂ ਨੇ, ਯਥਾ- ਚਹੁ ਪੀੜੀ ਆਦਿ ਜੁਗਾਦਿ ਬਖੀਲੀ।

**ਚਹੁ ਵੇਛੋੜਾ** ਵਾ. ਮਨੁਖ ਜਨਮ ਸਮੇ ਗੁਰੋਂ ਕੇ ਉਪਦੇਸ ਓਰੋ ਚਾਰੋਂ ਕੋ ਵਿਜੋਗ ਹੋਵੇ ਹੈ, ਏਕ ਤੋ ਗਾਈ ਪੁਤ੍ਰਾ, ਬੈਲੋਂ ਸਰੀਖੇ ਮੂਰਖੋਂ ਕੋ। ਦੂਜੇ ਨਿਰਧਨਾ, ਪ੍ਰਮੇਸ੍ਵਰ ਕੇ ਪ੍ਰੇਮ ਧਨ ਸੇ ਰਹਤ ਗਰੀਬੋਂ ਕੋ। ਤੀਜੇ ਪੰਥੀ, ਮਾਰਗੋਂ ਮੇਂ ਜਾਤੇ ਮੁਸਾਫਰੋਂ ਵਤ, ਪੰਥੋਂ ਮੇਂ ਪੜੇ ਭੇਖ ਧਾਰੀਯੋਂ ਕੋ। ਚੌਥੇ ਚਾਕਰ, ਪਰਾਧੀਨ ਰਹਨੇ ਵਾਲੇ ਨੌਕਰੋਂ ਵਤ, ਦੇਵੀ ਦੇਵਨ ਕੇ ਅਧੀਨ ਰਹਨੇ ਵਾਲੇ ਦੇਵ ਪੂਜਕੋਂ ਕੋ, ਯਥਾ- ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ।

**ਚਕ** ਦੇ. ਦਿਸਾ, ਜੈਸੇ- ਚਾਰੋ ਚੱਕ ਭਾਵ ਚਾਰੋ ਦਿਸਾ ; ਉਠਾਉ, ਜੈਸੇ- ਬੋਝ ਚਕ ; ਕੁਲਾਲ ਕਾ ਚੱਕ, ਯਥਾ- ਕੋਲੂ ਚਰਖਾ ਚਕੀ ਚਕੁ। ਸੰ. ਚਕ੍ਰ।

**ਚਕ੍ਰ** ਸੰ. ਚਕਵਾ ਪੰਛੀ ; ਰਥਾਦਿਕੋਂ ਕਾ ਪਹੀਆ ; ਸੇਨਾ ; ਸਮੁਦਾਯ ; ਘੁਮਾਰ ਕਾ ਚਕ ; ਕਲਸ ; ਪੁਟ ਬਿਸੇਖ, ਕੋਈ ਤਰਹ ਕੀ ਪੁਟ ; ਜਲ ਕੀ ਭੌਰੀ ; ਸੇਨਾ ਬਿਸੇਖ ; ਤੰਤ੍ਰ ਗ੍ਰੰਥੋਂ ਮੇਂ ਕਹੇ ਅਧਾਰਾਦਿਕ ਖਟ ; ਦੇਵ ਪੂਜਾ ਕੇ ਯੰਤ੍ਰ ; ਵਾਮ ਮਤ ਕੇ ਬੀਰਾਦਿ ਚਕ੍ਰ ਜਿਨ ਮੇਂ ਲਿਖਾ ਹੈ ਭੈਰਵੀ ਚਕ੍ਰ ਮੇਂ ਸਭੀ ਬਰਣ ਬ੍ਰਾਹਮਣ ਬਨ ਜਾਤੇ ਹੈਂ ; ਬਿਸਨੁ ਕਾ ਸੁਦਰਸਨ ਚਕ੍ਰ, ਯਥਾ- ਕਰ ਧਰੇ ਚਕ੍ਰ ਬੈਕੁੰਠ ਤੇ ਆਏ। ਬਾਹੋਂ ਮੇਂ ਚਕ੍ਰਾਦਿਕੋਂ ਕੇ ਚਿੰਨ, ਯਥਾ- ਚਕ੍ਰ ਬਣਾਇ ਕਰੈ ਪਾਖੰਡ। ਸੰਖ ਚਕ੍ਰਾਦਿ ਚਿੰਨ ਧਾਰ ਕੇ ਜੋ ਆਪ ਕੋ ਬੈਸਨੋ ਕਹਾਨਾ ਰੂਪ ਪਖੰਡ ਕਰਤਾ ਹੈ ਵਾ ਪੂਰਬ ਕਹੇ ਵਾਮ ਮਤਿ ਕੇ ਬੀਰਾਦਿ ਚਕ੍ਰ ਬਨਾਇ ਕਰ ਜੋ ਮੰਦ ਵਸਤੁਯੋਂ ਕਾ ਪਵਿਤ੍ਰ ਮਾਨ ਸੇਵਨਾ ਰੂਪ ਪਖੰਡ ਕਰੇ ਹੈ।

**ਚਕ੍ਰਧਰ** ਸੰ. ਸੁਦਰਸਨ ਚਕ੍ਰ ਧਾਰਨੇ ਵਾਲੇ ਬਿਸਨੁ ਕੀ, ਯਥਾ- ਭਜੁ ਚਕ੍ਰਧਰ ਸਰਣੰ।

**ਚਕ੍ਰਪਾਣਿ** ਸੰ. ਸੁਦਰਸਨ ਚਕ੍ਰ ਜਿਸ ਕੇ ਹਾਥ ਮੇਂ ਹੈ ਵਹੁ ਵਿਸਨੁ, ਯਥਾ- ਚਕ੍ਰਪਾਣਿ ਦਰਸਿ ਅਨੂਪਿਆ।

**ਚਕ੍ਰਵੈ** ਗੁ. ਚਕ੍ਰਵਰਤੀ, ਯਥਾ- ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ।

**ਚਕਵਾ** ਦੇ. ਚਕਵਾ ਪੰਛੀ ਚਕਵੀ।

**ਚਕਿਆ** ਪੰ. ਉਠਾਇਆ ਅਰਥਾਤ ਖੋਟੀ ਸਲਾਹ ਦੇ ਬਿਵਾਦ ਕੋ ਸਨਮੁਖ ਕੀਆ, ਯਥਾ- ਸੇਖਾ ਚਉਚਕਿਆ ਚਉਵਾਇਆ।

**ਚਕੀ** ਦੇ. ਉਠਾਈ ਵਸਤੁ ; ਆਟਾ ਪੀਸਨੇ ਕੀ ਚੱਕੀ, ਜੈਸੇ- ਚਕੀ ਚਲਤੀ ਦੇਖ ਕੇ।

**ਚਕੁ ਫੇਰਿ** ਗੁ. ਕੁਲਾਲ ਕੇ ਚੱਕ ਕੇ ਭ੍ਰਮਣ ਸੇ, ਯਥਾ- ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ। ਜੈਸੇ ਬਰਤਨ ਪੈ ਸਫਾਈ ਹੇਤ ਲਾਈ ਬੂੰਦ ਮਾਤ੍ਰ ਕੁਲਾਲ ਚਕ੍ਰ ਕੇ ਫੇਰ ਸੇ ਗਿਰ ਕਰ ਸੋਖਤ ਹੋਤੀ ਹੈ, ਧਰਾ ਮੇਂ ਤੈਸੇ ਪ੍ਰਾਣ ਰੂਪ ਬੂੰਦ ਭੀ ਕਾਲ ਚਕ੍ਰ ਕੇ ਫੇਰ ਸੇ, ਦੇਹ ਸੇ ਨਾਸ ਹੋ ਜਾਵੇਗੀ।

**ਚਖ** ਪੰ. ਥੋੜਾ ਸਾ ਖਾਇ ਕੇ, ਜੈਸੇ- ਆਨ ਰਸਾ ਸਭ ਫੀਕਿਆ ਚਖ ਨਿਰਨਉ ਡੀਠਾ।

**ਚੰਗ ਚੰਗਨਾ** ਗੁ. ਉਤਮੋਂ ਸੇ ਉਤਮ ਹੈ।

**ਚੰਗੜੀਆ** ਪੰ. ਚੰਗੀ, ਅਛੀ, ਯਥਾ- ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ।

**ਚੰਗਾ** ਪੰ. ਉਤਮ, ਅਛਾ, ਜੈਸੇ- ਚੰਗਾ ਕਰਕੇ ਖਾਇਆ ਤਿਨ ਤਨ ਕੀਤਾ।

**ਚੰਚਰੀਕ** ਸੰ. ਭ੍ਰਮਰ, ਜੈਸੇ- ਚੰਚਰੀਕ ਜਿਮ ਚੰਪਕ ਬਾਗਾ।

**ਚੰਚਲ** ਸੰ. ਵਾਯੁ ; ਕਾਮੁਕ, ਮੈਥਨ ਕੀ ਅਧਿਕ ਇਛਾ ਵਾਲਾ ; ਚਪਲ ; ਨਾ ਥਿਰ, ਯਥਾ- ਚੰਚਲ ਮਨੁ ਦਹ ਦਿਸਿ ਕਉ ਧਾਵਤ। ਗੁ. ਮਾਯਾ, ਯਥਾ- ਤਾ ਕੈ ਸੰਗਿ ਨ ਚੰਚਲਿ ਚਲੀਆ। ਪਾਰਾ।

**ਚੰਚਲਾ** ਸੰ. ਲਖਮੀ ; ਬਿਜਲੀ। ਗੁ. ਹੇ ਚੰਚਲ ਮਨ, ਯਥਾ- ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।

**ਚਚਾ** ਗੁ. ਚੂਘਨਾ, ਯਥਾ- ਮੇਰ ਚਚਾ ਗੁਨ ਰੇ।

**ਚਜ** ਦੇ. ਗੁਰੋਂ ਕੇ ਉਪਦੇਸ ਸੇ ਉਤਮ ਕਾਮੋਂ ਕਾ ਕਰਨਾ ; ਨਿਯਮ ਕਾ ਤਯਾਗ ਨਾ ਕਰਨਾ। ਸੰ. ਚਰਯਾ।

**ਚਜ ਅਚਾਰ** ਦੇ. ਆਚਰਣ ਕਾ ਨਿਯਮ, ਯਥਾ- ਚਜ ਅਚਾਰ ਕਿਛੁ ਬਿਧਿ ਨਹੀ ਜਾਨੀ। ਪੁਨਾ- ਕਿਆ ਤਿਸੁ ਚਜੁ ਅਚਾਰੁ।

**ਚਟਕ** ਪੰ. ਪ੍ਰੇਮ।

**ਚਟਕੀ** ਪੰ. ਹਮ ਸੰਤੋਂ ਕੀ ਚਰਨ ਧੂੜ ਲੇਨੇ ਕੇ ਪ੍ਰੇਮੀ ਹੈ, ਜੈਸੇ- ਹਮ ਸਾਧ ਜਨਾ ਪਗ ਚਟਕੀ।

**ਚਟਾਰਾ** ਗੁ. ਚਿੜਾ ਪੰਖੀ, ਯਥਾ- ਚਿਰਗਟ ਫਾਰਿ ਚਟਾਰਾ ਲੈ ਗਇਓ। ਸੰ. ਚਾਟਕੈਰ:।

**ਚਟੀ** ਪੰ. ਦੰਡ, ਜਰਮਾਨਾ, ਯਥਾ- ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ। ਰੋਗਾਦਿਕੋਂ ਕਾ ਗ੍ਰਸਿਆ ਜੋ ਦਾਨ ਕੀ ਇਛਾ ਕਰੇ ਹੈ, ਤਿਸ ਕੀ ਦ੍ਰਿਸ੍ਟਾਂਤ ਵਾਲੀ ਦਸਾ ਹੈ।

**ਚਟੀਆ** ਗੁ. ਚੇਲੇ, ਯਥਾ- ਚਟੀਆ ਸਭੈ ਬਿਗਾਰੇ।

**ਚਟੀਐ** ਪੰ. ਚਟੀਤੀ ਹੈ, ਯਥਾ- ਸਿਲ ਜੋਗੁ ਅਲੂਣੀ ਚਟੀਐ। ਸਬਦਾਦਿ ਵਿਖਯ ਰੂਪ ਲਵਣਹੀਨ ਅਲੂਣੀਂ ਸਿਲਾ, ਗ੍ਯਾਨ ਜੋਗ ਰੂਪ ਵਾ ਗ੍ਯਾਨ ਸਾਧਨੋਂ ਕਾ ਸਮੁਦਾਯ ਰੂਪ ਗੁਰੂ ਅੰਗਦ ਜੀ ਨੇ ਚਟੀ ਹੈ ਭਾਵ ਧਾਰਨ ਕਰੀ ਹੈ।

**ਚਟੇ** ਪੰ. ਬੁੱਕ, ਯਥਾ- ਸਤ ਚਟੇ ਸਿਰਿ ਛਾਈ। ਜੁਬਾਂਨ ਸੇ ਪ੍ਰੇਮ ਕਰੇ ਜੈਸੇ ਗਊ ਬਛੇ ਸੇ ਕਰੇ ਹੈ, ਚੱਟਦੀ ਹੈ ਪ੍ਰਸਿਧ। ਦੇ. ਲਕੜੀਓਂ ਕੇ ਸਮੁਦਾਯ।

**ਚੰਡ** ਸੰ. ਤੀਖਣ ; ਰਾਖਸ ਮੁੰਡ ਕਾ ਭਾਈ ਜਿਸ ਕਾ ਦੇਵੀ ਨੇ ਬਧ ਕੀਆ, ਜੈਸੇ- ਮੁੰਡ ਕੋ ਮੁੰਡ ਉਤਾਰ ਦੀਓ ਅਬ ਚੰਡ ਕੋ ਹਾਥ ਲਗਾਵਤ ਚੰਡੀ।

**ਚੰਡਈਆ** ਪੰ. ਸਾਹਸੀ, ਯਥਾ- ਚੰਡਾਲੁ ਚੰਡਈਆ। ਚੰਡਾਲੋਂ ਕੇ ਚੰਡਾਲ ਸਾਹਸੀ।

**ਚਡਾ** ਗੁ. ਚਾਹ ਵਾ ਐਸਾਨ, ਯਥਾ- ਤਿਨਾ ਨਾਹੀ ਕਿਸੈ ਦੀ ਕਿਛੁ ਚਡਾ। ਪੰ. ਲੱਤਾਂ ਕਾ ਪਿਛਲਾ ਪਾਸਾ, ਜੈਸੇ ਪੁਰਾਨੀ ਸਾਖੀ ਮੇਂ ਮਰਦਾਨੇ ਕਹਾ ਗੁਰੂ ਜੀ ਕਹੋ ਤਾ ਸਿੱਧਾਂ ਨੂੰ ਚਡੇ ਗਾਟੇ ਕਰ ਦੇਵਾ।

**ਚੰਡਾਲੁ** ਸੰ. ਚੂਹੜਾ, ਭੰਗੀ ; ਕੋਪ, ਯਥਾ- ਅੰਤਰਿ ਕ੍ਰੋਧੁ ਚੰਡਾਲੁ। ਕ੍ਰੋਧ ਸਰੀਰ ਮੇ ਚੰਡਾਲ ਵਾਸ ਕਰਤਾ ਹੈ।

**ਚੰਡੀ** ਸੰ. ਦੁਰਗਾ ; ਕੋਪ ਵਾਲੀ ਇਸਤ੍ਰੀ।

**ਚੰਡੂਰੁ** ਸੰ. ਕ੍ਰਿਸਨ ਕੇ ਮਾਰਨੇ ਹੇਤ ਛੋਡਾ ਕੰਸ ਕਾ ਪਹਲਵਾਂਨ, ਯਥਾ- ਚੰਡੂਰੁ ਕੰਸੁ ਕੇਸੁ ਮਾਰਾਹਾ।

**ਚਢੇ** ਪੰ. ਚੜ ਰਹੇ ਜਨੋਂ ਕੋ, ਯਥਾ- ਚਢੇ ਆਕਾਸਿ ਗਿਰਾਵੈ। ਅਹੰਕਾਰ ਰੂਪ ਆਕਾਸ ਮੇਂ ਚੜੇ ਜਨੋਂ ਕੋ ਤਲੇ ਗੇਰੇ ਹੈ।

**ਚਤ੍ਵਰ** ਸੰ. ਚੌਤਰਾ।

**ਚਤੁਰ** ਸੰ. ਬੁਧੀਮਾਨ, ਯਥਾ- ਜਾਨਹੁ ਚਤੁਰ ਸੁਜਾਨ। ਜਾਨੋ ਚਤੁਰੋਂ ਸੇ ਚਤੁਰੋ।

**ਚਤੁਰ ਬਕੀਤਾ** ਵਾ. ਚਤਰ ਬਕਤਾ ਹੋ ਜਾਵੇ ਹੈ, ਯਥਾ- ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।

**ਚਤੁਰਸ੍ਰ** ਸੰ. ਚਾਰ ਕੋਣੋ ਵਾਲੀ ਵਸਤੁ।

**ਚਤੁਰਗੁਣ** ਦੇ. ਚੌਗੁਣੀ।

**ਚਤੁਰਭੁਜੁ** ਸੰ. ਚਾਰ ਬਾਹਾਂ ਵਾਲਾ ਪ੍ਰਮੇਸ੍ਵਰ, ਯਥਾ- ਧਾਰਿ ਖੇਲੁ ਚਤੁਰਭੁਜੁ ਕਹਾਇਆ। ਧਰਮਾਦਿ ਚਾਰੋਂ ਕੀ ਪਾਲਨਾ ਕਰਨੇ ਵਾਲਾ ਭੁਜ ਪਦ ਕਾ ਅਰਥ ਖਾਨੇ ਵਤ ਪਾਲਨਾ ਭੀ ਹੈ।

**ਚਤੁਰਾਂਗਾ** ਗੁ. ਚਾਰ ਅੰਗੋਂ ਵਾਲੀ ਸੇਨਾ- ੧. ਹਸਤੀ ੨. ਰਥ ੩. ਅਸ੍ਵ ੪. ਪਜਾਦੇ, ਯੇ ਸੇਨਾ ਕੇ ਚਾਰ ਅੰਗ ਹੈ, ਯਥਾ- ਭ੍ਰਮਨ ਚਤੁਰਾਂਗਾ।

**ਚੰਦ ਸਤ** ਗੁ. ਸ੍ਰੇਸਟ ਚੰਦ੍ਰਮਾਂ ਕਾ ਸ੍ਵਰ, ਯਥਾ- ਚੰਦ ਸਤ ਭੇਦਿਆ ਨਾਦ ਸਤ ਪੂਰਿਆ।

**ਚੰਦਨ** ਸੰ. ਚੰਨਣ, ਯਥਾ- ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।

**ਚੰਦਨ ਧੇਨੁ** ਸੰ. ਪਤੀ, ਪੁਤ੍ਰ ਵਾਲੀ ਮਰੀ ਇਸਤ੍ਰੀ ਕੇ ਨਾਮ ਚੰਦਨ ਲਿਪਤ ਧੇਨੁ ਕਾ ਦਾਨ ਕਰਨਾ।

**ਚੰਦਨਾਗਿਰਿ** ਸੰ. ਚੰਦਨ ਕਾ ਉਤਪੱਤੀ ਥਾਨ।

**ਚੰਦਨਾਚਲ** ਸੰ. ਮਲਯਾਚਲ।

**ਚੰਦਨਾਦਿ** ਸੰ. ਚੰਦਨ, ਉਸੀਰ, ਕਪੂਰ, ਗੰਧ, ਬਾ ਕੁਚੀ, ਏਲਾ, ਕਚੂਰ ਯੇ ਸਾਤ ਚੰਦਨਾਦਿ।

**ਚੰਦਨੀਯ** ਸੰ. ਗੋਰੋਚਨ।

**ਚੰਦਾਕੀ** ਗੁ. ਚੰਦ੍ਰਿਕਾ, ਚਾਂਦਨੀ, ਯਥਾ- ਸਿਵ ਚਰਿਓ ਚੰਦੁ ਚੰਦਾਕੀ। ਕਲਜਾਣ ਰੂਪ ਨਾਮ ਚੰਦ ਕੀ ਚਾਦਨੀ ਭਗਤ ਕੇ ਰਿਦੇ ਮੇ ਚੜੀ ਹੈ।

**ਚੰਦਾਯਨ ਦੇਖੇ** ਵਾ. ਘੰਡਾ ਹੇੜੇ ਕਾ ਚਾਦਨਾ ਜੋ ਰਾਤ ਕੋ ਦੇਖੀਤਾ ਹੈ। ਵਾਜਾ ਵਜਾ ਕਰ ਸਿਕਾਰ ਕਰਨੇ ਕਾ ਨਾਮ ਘੰਡਾ ਹੇੜਾ ਹੈ। ਮ੍ਰਿਗ ਸੁੰਦਰ ਸਬਦ ਪ੍ਰੇਮ ਸੇ ਸੁਨ ਕਰ ਖੜਾ ਰਹਤਾ ਹੈ। ਸਿਕਾਰੀ ਉਸੇ ਮਾਰ ਲੇਤੇ ਹੈ। ਸੰ. ਘੰਟਾ ਆਖੇਰ।

**ਚੰਦ੍ਰਹੜਾ** ਦੇ. ਜਾਤਿ ਕਾ ਸੁਹੀਆ ਇਸ ਨਾਮ ਵਾਲਾ ਏਕ ਰਜਪੂਤ ਥਾ।

**ਚੰਦ੍ਰਹਾਂਸੁ** ਸੰ. ਖੜਗ ; ਰੁੱਪਾ ; ਧ੍ਰਿਸ੍ਟਬੁਧੀ ਰਾਜਾ ਕਾ ਜਾਮਾਤਾ ਪ੍ਰਮੇਸ੍ਵਰ ਕਾ ਭਗਤ ਰਾਜਾ, ਯਥਾ- ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।

**ਚੰਦ੍ਰਮਾ** ਸੰ. ਜੋ ਅਪਨੇ ਉਦੇ ਸੇ ਨਿਖਲ ਔਖਧੀਓਂ ਕੋ ਰਸ ਡਾਲਨੇ ਤਾਪ ਦੂਰ ਕਰਨੇ ਸੇ ਆਨੰਦ ਕਰੇ ਤਿਸ ਕਾ ਨਾਮ ਚੰਦ ਔ ਚੰਦ੍ਰਮਾ ਹੈ, ਯਥਾ- ਜਿਉ ਜਲ ਘਟਾਊ ਚੰਦ੍ਰਮਾ।

**ਚੰਦ੍ਰਾਇਣਾ** ਦੇ. ਚੰਦ ਕੀ ਕਲਾ ਵਤ ਆਹਾਰ ਕੀ ਅਧਿਕਤਾ ਨ੍ਯੂਨਤਾ ਵਾਲਾ ਬ੍ਰਤ ਚਾਂਦ੍ਰਾਯਨ ਬ੍ਰਤ ਪਿਪੀਲਕਾ ਮਧਜ ਯਵਮਧਜ ਯਤੀ ਸਿਸੁ ਕ੍ਰਿਛ੍ਰ ਭੇਦ ਸੇ ਬਹੁਤ ਪ੍ਰਕਾਰ ਕਾ ਹੈ। ਜਿਨ ਮੇਂ ਪਪੀਲਕਾ ਮਧਜ ਚੰਦ੍ਰਾਣ ਕਾ ਕ੍ਰਿਸਨ ਪਖ ਕੀ ਏਕਮ ਸੇ ਆਰੰਭ ਹੈ। ਕ੍ਰਿਸਨ ਪਖ ਕੀ ਏਕਮ ਕੋ ਚੌਦਾ ਗ੍ਰਾਸ ਭੋਜਨ ਦੂਜ ਕੋ ਤੇਰਾ ਤੀਜ ਕੋ ਬਾਰਾ ਐਸੇ ਕਰਤੇ ਅਮਾਵਸ ਕੋ ਉਪਵਾਸ। ਆਗੇ ਸੁਕਲ ਪਖ ਕੀ ਏਕਮ ਕੋ ਏਕ ਗ੍ਰਾਸ

ਦੂਜ ਕੋ ਦੋ ਤੀਜ ਕੋ ਤੀਨ ਐਸੇ ਪ੍ਰਤਿਦਿਨ ਬਢਾਤੇ ਪੂਨਜਾ ਕੋ ਪੰਦ੍ਰਾ ਗ੍ਰਾਸ ਪੂਰੇ ਯਹ ਬ੍ਰਤ ਮਧਯ ਮੇਂ ਸੂਖਮ ਕਿਨਾਰਯੋਂ ਮੇ ਥੂਲ ਆਹਾਰ ਵਾਲਾ ਹੈ। ਇਸ ਲੀਏ ਕੀੜੀ ਤੁਲਯ ਆਕਾਰ ਵਾਲਾ ਜਾਨ ਕੇ ਇਸ ਕਾ ਨਾਮ ਪਿਪੀਲਕਾ ਮਧਯ ਚੰਦ੍ਰਾਇਣ ਹੈ। ਦੂਜਾ ਚੰਦ੍ਰਾਇਣ ਜੌਂ ਵਤ ਮਧਯ ਮੇਂ ਥੂਲ ਹੋਤਾ ਹੈ, ਯਾ ਤੇ ਨਾਮ ਯਵਮਧਯ ਚਾਂਦ੍ਰਾਯਣ ਹੈ। ਸੁਕਲ ਪਖ ਸੇ ਇਸ ਕਾ ਆਰੰਭ ਹੋਤਾ ਹੈ, ਸੁਕਲ ਪਖ ਕੀ ਏਕਮ ਕੋ ਏਕ ਗ੍ਰਾਸ, ਦੂਜ ਕੋ ਦੋ, ਤੀਜ ਕੋ ਤੀਨ, ਐਸੇ ਕਰਤੇ ਪੂਰਨਮਾ ਮੇਂ ਪੰਦ੍ਰਾ ਗ੍ਰਾਸ, ਅਗਲੇ ਦਿਨ ਕ੍ਰਿਸਨ ਪਖ ਕੀ ਏਕਮ ਕੋ ਚੌਦਾ, ਦੂਜ ਕੋ ਤੇਰਾਂ, ਤੀਜ ਕੋ ਬਾਰਾਂ, ਐਸੇ ਕਰਤੇ ਅਮਾਵਸ ਕੋ ਉਪਵਾਸ। ਇਸ ਕਾ ਨਾ ਯਵਮਧਯ ਚਾਂਦ੍ਰਾਯਣ ਹੈ। ਇਨ ਚੰਦ੍ਰਾਯਣੋਂ ਮੇਂ ਮਹੀਨੇ ਕੇ ਦੋ ਸੈ ਪਚੀਸ ਗ੍ਰਾਸ ਹੋਤੇ ਹੈਂ- ਦਿਨ ਦਿਨ ਕੇ ਮਧਯਾਨ ਸਮੇਂ, ਮਹੀਨਾ ਭਰ ਆਠ ਗ੍ਰਾਸ ਭੋਜਨ ਕਰਨਾ। ਇਸ ਕਾ ਨਾਮ ਯਤੀ ਚੰਦ੍ਰਾਯਣ ਹੈ। ਯਤੀ ਸਾਧੂਓਂ ਕਾ ਨਾਮ ਹੈ ਤਿਨ ਕੇ ਬ੍ਰਤ ਕਾ ਨਾਮ ਯਤੀ ਚੰਦ੍ਰਾਯਣ ਹੈ- ਚਾਰ ਗ੍ਰਾਸ ਸੰਧ੍ਯਾ ਕੋ ਚਾਰ ਪ੍ਰਾਤਾਕਾਲ ਮਹੀਨਾ ਭਰ ਕਰਨੇ, ਇਸ ਬ੍ਰਤ ਕਾ ਨਾਮ ਸਿਸੁ ਚੰਦ੍ਰਾਯਣ ਹੈ। ਕਬੀ ਦੋ ਕਬੀ ਚਾਰ ਕਬੀ ਨਿਰਾਹਾਰ ਐਸੇ ਮਹੀਨੇ ਭਰਮੇਂ ਤਿਰਾਸੀ ਗ੍ਰਾਸ ਭੋਜਨ ਕਰਨਾ ਸਰਬੋਤਮ ਚੰਦ੍ਰਾਯਣ ਹੈ, ਗ੍ਰਾਸ ਕਾ ਪਰਿਮਾਣ ਇਸ ਬ੍ਰਤ ਮੇਂ, ਮੋਰ ਕੇ ਆਂਡੇ ਬਰਾਬਰ ਹੈ। ਖੀਰਾਦਿਕ ਪਤਲੀ ਵਸਤੂ ਕਾ ਆਂਡੇ ਤੁਲਯ ਵਜਨ ਢਕ ਕੇ ਪੱਤ੍ਰੋਂ ਮੇਂ ਪਾ ਕਰ ਕਰ ਲੇਨਾ, ਕਹੀ ਕਹੀ ਆਂਵਲੇ ਵਾ ਕੁਰਕਟ ਕੇ ਆਂਡੇ ਤੁਲਯ ਗ੍ਰਾਸ ਲਿਖਾ ਹੈ। ਸੋ ਬਾਲਕੋਂ ਤਥਾ ਅਸਮਰਥ ਰੋਗੀਯੋਂ ਕੇ ਭਾਵ ਸੇ ਲਿਖਾ ਹੈ। ਚੰਦ੍ਰ ਕੇ ਅਯਨ ਕਲਾ ਵਤ, ਅਯਨ ਗ੍ਰਾਸੋਂ ਕਾ ਆਚਰਣ ਹੋਵੇ, ਜਿਸ ਬ੍ਰਤ ਰੂਪ ਕਰਮ ਮੇਂ ਤਿਸਕਾ ਨਾਮ ਚੰਦ੍ਰਾਯਣ ਹੈ। ਚੰਦ੍ਰ ਲੋਕ ਕੀ ਪ੍ਰਾਪਤੀ ਇਸ ਕਾ ਫਲ ਹੈ। ਪਰੰਤੂ ਨਾਮ ਬਿਨਾ ਯੇ ਕਰਮ ਹਿਸਾਬ ਮੇਂ ਨਾ ਗਿਨੇ ਜਾਵੇਗੇ, ਯਥਾ- ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੈ।

**ਚੰਦ੍ਰਾਵਲਿ** ਦੇ. ਚੰਦ੍ਰ ਬੰਸੀਯੋਂ ਕੀ ਪੰਕ੍ਤੀ ਮੇ, ਯਥਾ- ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ। ਜੋਰ ਵਾਲਾ ਛਲੀਆ ਚੰਦ੍ਰ ਬੰਸੀਯੋ ਕੀ ਪੰਕ੍ਤੀ ਮੇਂ ਪ੍ਰਸਿਧ ਕਾਨ ਨਾਮ ਵਾਲਾ ਕ੍ਰਿਸ੍ਨ ਯਾਦਵ ਹੂਆ। ਕ੍ਰਿਸ੍ਨ ਕੀ ਸਖੀ ਬਿਸੇਖ।

**ਚੰਦ੍ਰੋਦਯ** ਸੰ. ਚੰਦ੍ਰਮਾ ਕਾ ਉਦੇ ਥਾਨ ; ਏਕ ਤੋਲਾ ਸੋਇਨੇ ਕੇ ਵਰਕ ਆਠ ਤੋਲੇ ਸੁਧ ਪਾਰਾ ਸੋਲਾ ਤੋਲੇ ਗੰਧਕ, ਕਪਾਸ ਕੇ ਲਾਲ ਫੂਲੋ ਸਾਥ ਤਥਾ ਕੁਆਰ ਕੇ ਰਸ ਸਾਥ ਖਰਲ ਕਰ ਕਚ ਕੀ ਸੀਸੀ ਮੇਂ ਪਾ ਕਰ ਬਜ੍ਰ ਸੰਪੁਟ ਕਰ, ਬਾਲੂ ਯੰਤ੍ਰ ਮੇਂ ਪਕਾਵੇ ਬਹੁਤ ਸੁੰਦਰ ਲਾਲ ਹੂਆ ਏਕ ਤੋਲਾ ਲੇ ਕਰ ਚਾਰ ਤੋਲੇ ਭੀਮ ਸੈਨੀ ਕਪੂਰ ਮਿਲਾਵੇ ਜਾਯਫਲ ਕਸਤੂਰੀ ਸਾਣ ਪ੍ਰਮਾਣ ਮੇਲ ਇਸ ਰਸ ਕਾ ਨਾਮ ਚੰਦ੍ਰੋਦਯ ਹੈ। ਏਕ ਮਾਸਾ ਖਾਯਾ ਸਰੀਰ ਮੇਂ ਬਲ ਬਹੁਤ ਕਰੇ ਹੈ, ਜੁਰੜੀਆਂ ਕੋ ਅਰ ਸੁਪੈਦ ਕੇਸੋਂ ਕੋ ਦੂਰ ਕਰੇ ਹੈ।

**ਚੰਦਿਰ** ਸੰ. ਹਸ੍ਤੀ।

**ਚੰਦੰ** ਫਾ. ਕੇਤੇ, ਬਹੁਤੇ, ਯਥਾ- ਚੰਦੰ ਹਜਾਰ ਆਲਮ।

**ਚੰਦੁ** ਕਪੂਰ ; ਮਛੀ ਬਿਸੇਖ ; ਚੰਦ੍ਰਮਾ ਕਾ ਸ੍ਵਰ ; ਚੰਦ੍ਰਮਾ, ਯਥਾ- ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਅਪਨੇ ਦਰਸਨ ਸੇ ਪ੍ਰਸੰਨ ਕਰੇ ਹੈ, ਇਸ ਲੀਏ ਨਾਮ ਚੰਦ ਹੈ। ਪਰਮਾਤਮਾ, ਯਥਾ- ਚੰਦੁ ਸੂਰਜੁ ਗੈਣਾਰੇ। ਚੰਦ੍ਰਮਾ ਗੁਪਤ ਹੈ ਗਗਨ ਮੇਂ ਭਾਵ ਸੇ ਪਰਮਾਤਮਾ ਗੁਪਤ ਹੈ, ਦਸਮ ਦ੍ਵਾਰ ਮੇਂ।

**ਚੰਦੁ ਚੜਿਆ** ਵਾ. ਗ੍ਯਾਨ ਹੂਆ, ਯਥਾ- ਮਿਟਿਆ ਅੰਧੇਰਾ ਚੰਦੁ ਚੜਿਆ।

**ਚਨੇ** ਦੇ. ਛੋਲੇ, ਬੂਟ, ਨਖੂਦ, ਯਥਾ- ਕਬਹੂ ਕੂਰਨੁ ਚਨੇ ਬਿਨਾਵੈ।

**ਚੰਪਕ** ਸੰ. ਚੰਬਾ।

**ਚਪਲ** ਸੰ. ਪਾਰਦ, ਪਾਰਾ ਧਾਤੁ ; ਮੀਨ ; ਚੋਰਾਬੂਟੀ ; ਪਥਰ ਬਿਸੇਖ੍ ; ਬਡੇ ਉੜਦ ; ਚੰਚਲ ; ਖ੍ਯਣਿਕ, ਖਿਣਮਾਤ੍ਰ ਮੇਂ ਹੋਨੇ ਵਾਲੀ ਵਸਤੁ, ਯਥਾ- ਚੰਚਲ ਚਪਲ ਬੁਧਿ ਕਾ ਖੇਲੁ। ਬਿਕਲ ; ਬਯਾਕੁਲ ; ਅਨਮ੍ਰ, ਢੀਠ।

**ਚਪਲਾ** ਸੰ. ਲਛਮੀ ; ਬਿਜਲੀ ; ਬਯਭਿਚਾਰਨੀ ਇਸਤ੍ਰੀ ; ਪਿਪਲੀ ; ਮਦਿਰਾ ; ਜਿਹਬਾ ; ਆਰਯਾ ਛੰਦ ਕਾ ਏਕ ਭੇਦ।

**ਚਬਣ** ਦੇ. ਦਾੱਤੋਂ ਸੇ ਚੂਰਨ ਕਰਨਾ। ਸੰ. ਚਰਬਣ। ਗੁ. ਦੰਦ।

**ਚੰਬਾ** ਦੇ. ਚੰਬਾ ਬਿਰਛ ਜਿਸ ਪੈ ਭੌਰਾ ਨਹੀਂ ਬੈਠਤਾ ਫੂਲ ਬਸੰਤੀ ਹੋਤਾ ਹੈ।

**ਚਮਈਆ** ਗੁ. ਚਾਂਬੜ ਯੇ ਲੋਕ ਚਮੜੇ ਕਾ ਕਾਮ ਛੋਡ ਖੇਤੀ ਕਰਤੇ ਹੈਂ, ਹਰਿਦ੍ਵਾਰ ਸਮੀਪ ਬਸਤੇ ਹੈਂ। ਨਿਰਜਲਾ ਇਕਾਦਸੀ ਕੇ ਸਮੇ ਇਨ ਕੇ ਮੇਲੇ ਕਾ ਭਾਰੀ ਜੋਰ ਹੋਤਾ ਹੈ, ਯਥਾ- ਰਵਿਦਾਸੁ ਚਮਿਆਰੁ ਚਮਈਆ।

**ਚਮਕੰਨਿ** ਪੰ. ਚਮਕਤੀਆਂ ਹੈ ਭਾਵ ਪਦਾਰਥੋਂ ਕੇ ਸੁਖ ਬਿਜਲੀ ਕੇ ਚਮਕਾਵਤ ਹੈਂ, ਯਥਾ- ਬਿਜੁਲੀਆ ਚਮਕੰਨਿ।

**ਚਮਕਿ** ਦੇ. ਚਮਤਕਾਰ ਕਰ, ਲਸਕ ਕੇ, ਯਥਾ- ਦਾਮਨਿ ਚਮਕਿ ਡਰਾਏ।

**ਚਮਚਾ** ਫਾ. ਕੜਛੀ।

**ਚਮਰ** ਸੰ. ਭੈਸ ਜੈਸੀ ਗਊ ਜਿਸ ਕੀ ਪੂਛ ਕੇ ਚੌਰ ਬਨਤੇ ਹੈਂ ; ਕੋਈ ਦੈਤ ; ਚੋਰ ; ਕਚਨਾਰ ਕਾ ਬ੍ਰਿਛ।

**ਚਮਰਟਾ** ਦੇ. ਰਵਦਾਸ ਚਮਾਰ, ਯਥਾ- ਚਮਰਟਾ ਗਾਂਠਿ ਨ ਜਨਈ।

**ਚਮਰਪੋਸ** ਵਾ. ਮਿ. ਚਮੜੇ ਕੀ ਪੋਸਤੀਨ ਕਾ ਅਰਥਾਤ ਕੁੜਤੀ ਕਾ, ਯਥਾ- ਚਮਰ ਪੋਸ ਕਾ ਮੰਦਰੁ ਤੇਰਾ। ਵਲਾਯਤੀ ਮੁਗਲੋਂ ਕਾ ਮਾਨੋ ਦੁੰਬੇ ਕੇ ਚਮੜੇ ਕਾ ਹੀ ਮੰਦਰ ਬਨਾ ਹੋਤਾ ਹੈ।

**ਚਮਰੇ** ਪੰ. ਚਮੜੇ ਹੁਏ, ਯਥਾ- ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ। ਗੁ. ਰਵਦਾਸ ਚਮਾਰ ਕੇ, ਯਥਾ- ਸਭਿ

ਦੇਖ ਗਏ ਚਮਰੇ।

**ਚਮੜ** ਦੇ. ਮਿਰਗਾਨ, ਯਥਾ- ਕਾਪੜ ਛੋਡੇ ਚਮੜ ਲੀਏ।

**ਚਮੜੀ** ਪੰ. ਚਿਮਟੀ ਹੂਈ, ਯਥਾ- ਗਲਿ ਚਮੜੀ ਜਉ ਛੋਡੈ ਨਾਹੀ। ਮਿਰਗਾਨ, ਯਥਾ- ਖਲੜੀ ਖਪਰੀ ਲਕੜੀ ਚਮੜੀ। ਚਮੜਾਮਾਤ੍ਰ।

**ਚਮੁ** ਦੇ. ਚਮੜੇ ਕੋ, ਯਥਾ- ਚਮੁ ਚਮਰੇ।

**ਚਰ** ਸੰ. ਜੰਗਮ ਸ੍ਰਿਸ੍ਰਿ।

**ਚਰਖਾ** ਪੰ. ਸੂਤ ਕਾਤਨੇ ਕਾ ਯੰਤ੍ਰ, ਯਥਾ- ਕੋਲੂ ਚਰਖਾ ਚਕੀ ਚਕੁ।

**ਚਰਗਾ** ਫਾ. ਸਿਕਾਰੀ ਪੰਛੀ, ਯਥਾ- ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।

**ਚਰਚ** ਦੇ. ਛਿੜਕਨਾ।

**ਚਰਚਰੀ** ਸੰ. ਗੀਤਿ ਬਿਸੇਖ, ਕਾਹੂ ਰੀਤਿ ਕਾ ਗਾਯਨ ; ਕੁਟਿਲ ਕੇਸ ; ਹਰਖ ਵਾਲੀ ਲੀਲਾ ; ਛੰਦ ਬਿਸੇਖ। ਦੇ. ਸ੍ਵਾਦ ਵਾਲੀ ਵਸਤੁ ਚਰਪਰੀ ਪ੍ਰਸਿਧ।

**ਚਰਚਾ** ਸੰ. ਪ੍ਰਸ੍ਨੋਤਰ ਸੇ ਬਿਚਾਰ ; ਚਿੰਤਾ ; ਚਰਚਨ ਚੰਦਨਾਦਿਕੋਂ ਕਾ।

**ਚਰਚਾ ਚਰਚ** ਵਾ. ਭਗਤ ਜਨ ਬਾਰੰਬਾਰ ਚਰਚਾ ਹੀ ਕਰੇ ਹੈਂ।

**ਚਰਣ** ਸੰ. ਵੇਦ ਕੇ ਸਾਖਾ ਰੂਪ ਗ੍ਰੰਥ, ਜੈਸੇ- ਤੈਤਰੀ ਸਾਖਾ, ਵਾਜਸਨੇਈ ਸਾਖਾ ; ਸਾਖਾ ਕੇ ਪੜਨੇ ਵਾਲਾ ; ਗੋਤ੍ਰ ; ਗਮਨ ; ਭਖਣ ; ਆਚਾਰ ; ਸੀਲ ; ਪਾਂਉ, ਯਥਾ- ਚਰਨ ਸਾਧ ਕੇ ਧੋਇ ਧੋਇ ਪੀਉ। ਆਚਰਣ, ਯਥਾ- ਮਾਈ ਰੀ ਮਾਤੀ ਚਰਣ ਸਮੂਹ। ਆਪ ਕੇ ਜਨਮ ਕਰਮਾਦਿ ਆਚਰਣੋਂ ਕੇ ਸਮੁਦਾਯ ਮੈਂ।

**ਚਰਣ** ਦੇ. ਆਚਰਨ ; ਪਾਂਉ, ਯਥਾ- ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ।

**ਚਰਣ ਸਮੂਹ** ਗੁ. ਆਚਰਣੋਂ ਕੇ ਪੁੰਜ ਮੇਂ, ਯਥਾ- ਮਾਤੀ ਚਰਣ ਸਮੂਹ। ਪ੍ਰਮੇਸ੍ਵਰ ਕੇ ਅਦਭੁਤ ਆਚਰਣ ਕੇ ਸੰਬੂਹ ਮੇਂ।

**ਚਰਣੀ** ਦੇ. ਪ੍ਰਮੇਸ੍ਵਰ ਕੇ ਚਰਣੋਂ ਵਾ ਆਚਰਣੋਂ ਕੋ, ਯਥਾ- ਪੇਖਿ ਜੀਵਾ ਪ੍ਰਭ ਚਰਣੀ।

**ਚਰੰਨ** ਦੇ. ਚਰਨੋਂ ਮੇਂ, ਯਥਾ- ਜੁ ਚਰੰਨ ਗੁਰੂ ਚਿਤੁ ਲਾਵਤ ਹੈ।

**ਚਰਨਨ** ਗੁ. ਚਰਨੋਂ ਮੇਂ।

**ਚਰਨਾ ਪਾਸ** ਗੁ. ਚਰਨੋਂ ਓਰ।

**ਚਰਨਾਰਬਿੰਦ** ਸੰ. ਪ੍ਰਮੇਸ੍ਵਰ ਕੇ ਚਰਨ ਕਮਲੋਂ ਕੀ, ਯਥਾ- ਚਰਨਾਰਬਿੰਦ ਨ ਕਥਾ ਭਾਵੈ। ਪੁਨਾ- ਚਰਣਾਰਬਿੰਦ ਭਜਨੰ। ਚਰਨ ਕਮਲੋਂ ਕੀ ਸੇਵਾ ਕਰਨੀ।

**ਚਰਨਾਰੈ** ਗੁ. ਚਰਨ।

**ਚਰਨਾਵੈ** ਗੁ. ਪੁਨਾ ਪੁਨਾ ਚਰਨਾ ਕੇ ਹੀ, ਯਥਾ- ਚਰਨਾਵੈ ਚਰਨਾਵੈ।

**ਚਰਨੀ** ਦੇ. ਚਰਨੋਂ ਮੇਂ, ਯਥਾ- ਪ੍ਰਾਤਹਕਾਲ ਲਾਗਉ ਜਨ ਚਰਨੀ।

**ਚਰਨੇਰੇ** ਗੁ. ਚਰਨੋਂ ਕੋ।

**ਚਰਾਨੈ** ਗੁ. ਹਰਿ ਕੇ ਚਰਨ, ਯਥਾ- ਬਸਹਿ ਰਿਦੈ ਮੋਹਿ ਹਰਿ ਚਰਾਨੈ।

**ਚਰਪਟੁ** ਸੰ. ਏਕ ਸਿਧ ਕਾ ਨਾਮ ਹੈ ਜੋ ਗੋਰਖ ਕੀ ਮੰਡਲੀ ਮੇਂ ਹੂਆ, ਯਥਾ- ਚਰਪਟੁ ਬੋਲੈ ਅਉਧੂ ਨਾਨਕ।

**ਚਰਮ** ਸੰ. ਚਮੜੇ ਕਾ।

**ਚਰਮਣਹ** ਦੇ. ਢਾਲ, ਸਿਪਰ, ਯਥਾ- ਓਟ ਗੁਰ ਸਬਦ ਕਰ ਚਰਮਣਹ। ਢਾਲ ਹਥ ਮੇਂ ਗੁਰੋਂ ਕਾ ਉਪਦੇਸ ਹੈ ਸੂਰਮੇਂ ਸੰਤੋਂ ਕਾ।

**ਚਰਾਕ** ਗੁ. ਦੀਵਾ। ਫਾ. ਚਰਾਗ।

**ਚਰਾਗੁ** ਫਾ. ਦੀਵਾ, ਯਥਾ- ਗੁਰ ਚਾਨਣੁ ਗਿਆਨੁ ਚਰਾਗੁ। ਗੁਰੋਂ ਨੇ ਗਯਾਨ ਦੀਵੇ ਕਾ ਉਜਾਲਾ ਕੀਆ।

**ਚਰਾਵਹਿ** ਦੇ. ਪ੍ਰ. ਚੁਲੇ ਚੜਾਤੇ ਹੈਂ, ਯਥਾ- ਬਾਸਨ ਮਾਂਜਿ ਚਰਾਵਹਿ ਊਪਰਿ।

**ਚਰਿਤ** ਦੇ. ਚਰਿਤ੍ਰ।

**ਚਰੈ** ਦੇ. ਬਿਚਰੇ, ਯਥਾ- ਕੂਦਿ ਕੂਦਿ ਚਰੈ ਰਸਾਤਲਿ ਪਾਇ।

**ਚਲ ਚਿਤ** ਸੰ. ਅਨਿਸਥਿਰ ਚਿਤ ਹੈ, ਯਥਾ- ਚਲ ਚਿਤ ਵਿਤ ਭ੍ਰਮਾ ਭ੍ਰਮੰ।

**ਚਲ ਭਰਮਿਆ** ਵਾ. ਚੰਚਲ ਹੋ ਕਰ ਭ੍ਰਮਤਾ ਫਿਰਾ।

**ਚਲਣ** ਦੇ. ਜਾਨਾ ਅਰਥਾਤ ਮਰਣਾ, ਯਥਾ- ਜਿਨੀ ਚਲਣੁ ਜਾਣਿਆ। ਪਾਦ, ਚਰਣ, ਯਥਾ- ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ। ਦਾਂਤ ਪੈਰ।

**ਚਲੰਤ** ਗੁ. ਚਲਨੇ ਵਾਲੇ, ਜੈਸੇ- ਚਲੰਤ ਸਸੀਅਰ ਨਖਤ੍ਰ ਭਵਨੰ।

**ਚਲਤ** ਦੇ. ਚਲਿਤ੍ਰ, ਯਥਾ- ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ। ਪੁਨਾ- ਚਲਤੁ ਹੋਆ ਚਲਤੁ ਨਦਰੀ ਆਇਆ। ਸੰ. ਚਰਿਤ੍ਰ। ਹਿਸਾਬ ਮੇਂ ਬਾਕੀ, ਜੈਸੇ- ਵਹੀ ਮੇਂ ਤੁਮਾਰੀ ਓਰ ਯਹ ਚਲਤ ਹੈ।

**ਚਲਤੌ** ਦੇ. ਬਿਚਰਤਾ ਹੂਆ, ਯਥਾ- ਇਹੁ ਮਨੁ ਚਲਤਉ ਸਚ ਘਰਿ ਬੈਸੈ। ਪੁਨਾ- ਚਲਤੌ ਭਇਓ ਅਰੂੜਾ।

**ਚਲਨਹਾਰ** ਦੇ. ਚਲਨੇ ਵਾਲੇ, ਯਥਾ- ਚਲੇ ਚਲਣਹਾਰ ਵਿਚਾਰਾ ਲੇਇ ਮਨੋ।

**ਚਲਾ** ਦੇ. ਜਾਵਾਂ, ਯਥਾ- ਚਲਾ ਤ ਭਿਜੈ ਕੰਬਲੀ।

**ਚਲਾਇਆ** ਗੁ. ਦੂਰ ਕੀਆ, ਯਥਾ- ਕਿਰਤੁ ਨ ਚਲੈ ਚਲਾਇਆ। ਕੀਆ ਕਰਮ ਨਹੀਂ ਦੂਰ ਹੋਵੇ, ਦੂਰ ਕੀਆ। ਤੋਰਿਆ।

**ਚਲਿ** ਸੰ. ਤਰਲ ; ਚੰਚਲ ; ਕੰਪ ਯੁਕ੍ਤ ; ਕੰਪ, ਕੰਬਣਾ। ਪੰ. ਤੁਰ,

ਯਥਾ- ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ। ਗਈਆਂ ਆਗੇ ਪੰਖੀਆਂ ਕੀਆ ਡਾਰਾਂ ਸੋਖ।

**ਚਲੂਲਾ** ਗੁ. ਗੂੜ੍ਹਾ ਲਾਲ, ਯਥਾ- ਗੁਰਮੁਖਿ ਰੰਗੁ ਚਲੂਲਾ ਪਾਵੈ।

**ਚਲੂਲੈ** ਗੁ. ਗੂੜ੍ਹੇ ਲਾਲ ਮੇਂ, ਯਥਾ- ਰੰਗਿ ਚਲੂਲੈ ਰਾਤੀ।

**ਚਲੇ** ਗੁ. ਜਾਵੇ ਹੈ, ਯਥਾ- ਚਲੇ ਚਲਣਹਾਰ ਵਿਚਾਰਾ ਲੇਇ ਮਨੋ।

**ਚਲੈ ਚਲੈ** ਗੁ. ਪੁਨਾ ਪੁਨਾ ਚਲੇ ਹੈਂ, ਯਥਾ- ਚਲਤੌ ਚਲੈ ਚਲੈ। ਚਲਨੇ ਵਾਲਾ ਚੰਚਲ ਮਨ ਚਲੇ ਹੈ।

**ਚਵਗਣ** ਦੇ. ਚੌਗੁਣਾ, ਯਥਾ- ਚੜੈ ਚਵਗਣ ਵੰਨੁ। ਚੌਗੁਣਾ ਰੰਗ ਚੜੇ ਹੈ।

**ਚਵਰਾਸੀਹ ਲਖ** ਵਾ. ਨੌ ਲਖ ਜਲ ਜੀਵ, ੧੦ ਦਸ ਲਖ ਅੰਡਜ, ੨੦ ਬੀਸ ਲਖ ਸਥਾਵਰ, ੧੧ ਗਜਾਰਾ ਲਖ ਕਿਰਮ, ੩੦ ਤੀਸ ਲਖ ਪਸੁ, ੪ ਚਾਰ ਲਖ ਮਾਨਵ, ਯਥਾ- ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ।

**ਚਵਰੁ** ਦੇ. ਬਾਲੋਂ ਕਾ ਚੌਰ, ਯਥਾ- ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ।

**ਚਵਰੋ** ਦੇ. ਚਮਰ, ਯਥਾ- ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।

**ਚਵਾ** ਗੁ. ਉਚਾਰਤੇ ਭਏ, ਯਥਾ- ਗੁਰਬਾਣੀ ਨਿਤ ਨਿਤ ਚਵਾ।

**ਚਵਾਈ** ਪੰ. ਉਚਾਰਤੇ ਭਏ।

**ਚਵਾਈਐ** ਗੁ. ਬੁਲਾਈਏ।

**ਚਵਾਵੈ** ਦੇ. ਭਖਣ ਕਰੇ, ਯਥਾ- ਕੁਬੁਧਿ ਚਵਾਵੈ ਸੋ ਕਿਤੁ ਠਾਇ। ਉਚਾਰੇ।

**ਚਵੈ** ਗੁ. ਉਚਾਰਤੀ ਹੈ, ਯਥਾ- ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ। ਕੋਇਲ ਕੀ ਅੰਬ ਸਾਥ ਪ੍ਰੀਤਿ ਹੈ ਇਸ ਲੀਏ ਅੰਬ ਪੈ ਬੈਠ ਸੁੰਦ੍ਰ ਬਚਨ ਬੋਲਤੀ ਹੈ। ਉਚਾਰਨ ਕਰਾ, ਯਥਾ- ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ।

**ਚੜ੍ਹੂ** ਪੰ. ਚੜੇਗਾ, ਯਥਾ- ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।

**ਚੜਾਉ** ਪੰ. ਅਰਪਣ ਕਰ, ਯਥਾ- ਸੇਵਕ ਸੇਵਹਿ ਕਰਮਿ ਚੜਾਉ। ਵਹੁ ਸੇਵਕ ਸੇਵਤੇ ਹੈਂ ਪ੍ਰਮੇਸ੍ਵਰ ਕੋ ਅਪਨੇ ਜੱਗ ਤਪਾਦਿ ਕਰਮ ਅਰਪਨ ਕਰ। ਆਗਮਨ, ਜੈਸੇ- ਕੁੰਭ ਕਾ ਚੜਾਉ।

**ਚੜਾਵੈ** ਦੇ. ਸੂਰ ਸੇ ਪਵਨ ਕੋ ਖੈਂਚੇ।

**ਚੜਾਵੈ ਸੂਰੁ** ਵਾ. ਸਜੇ ਸ੍ਵਰ ਸੇ ਦਸਮ ਦ੍ਵਾਰ ਮੇਂ ਚੜਾਵੇ, ਯਥਾ- ਪਛਿਮ ਫੇਰਿ ਚੜਾਵੈ ਸੂਰੁ।

**ਚੜਿ** ਪੰ. ਚੜ ਕੇ, ਯਥਾ- ਚੜਿ ਨਾਵ ਸੰਤ। ਚੜ ਕੇ ਸੰਤੋਂ ਕੀ ਉਪਦੇਸ ਨੌਕਾ ਪੈ।

**ਚੜੀ** ਗੁ. ਚੜੇਗਾ, ਯਥਾ- ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ।

**ਚੜੀਐ** ਪੰ. ਸੰਪੂਰਣ ਸੂਰਯਾਦਿਕੋਂ ਸੇ ਤੂ ਉਦੇ ਹੋ ਰਹਾ ਹੈ, ਯਥਾ- ਸਭ ਦੂ ਤੂ ਚੜੀਐ।

**ਚਾਉ** ਦੇ. ਖੁਸੀ, ਉਤਸਾਹ, ਯਥਾ- ਮਨਿ ਚਾਉ ਘਨੇਰਾ ਰਾਮ।

**ਚਾਉ** ਪੰ. ਉਤਸਾਹ ; ਆਨੰਦ, ਖੁਸੀ, ਯਥਾ- ਸਤਿ ਸੁਹਾਣੁ ਸਦਾ ਮਨਿ ਚਾਉ। ਪੁਨਾ- ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ। ਪੰ. ਮੁ. ਬੋਝ ਉਠਾਉ, ਜੈਸੇ- ਬੋਝਾ ਚਾਉ ; ਉਤਸਾਹ ਵਾਲੇ ਕੋ, ਯਥਾ- ਤੂ ਦੇਵਹਿ ਮੰਗਤ ਜਨ ਚਾਉ। ਦੇਤਾ ਹੈ ਉਤਸਾਹ ਵਾਲੇ ਯਾਚਕ ਕੋ।

**ਚਾਇ** ਪੰ. ਚਾਉ ; ਉਠਾਇ, ਜੈਸੇ- ਬੋਝ ਚਾਇ ਲੈ।

**ਚਾਈਆ** ਗੁ. ਚਾਉ ਵਾਲਾ।

**ਚਾਹ** ਦੇ. ਇਛਾ ; ਚਾਹ ਬੂਟੀ। ਫਾ. ਕੂਆ।

**ਚਾਹਕੁ** ਗੁ. ਵਾਂਛਾ ਕਰਨੇ ਵਾਲੇ, ਯਥਾ- ਚਾਹਕੁ ਤਤ ਸਮਤ ਸਰੇ। ਚਾਹਨੇ ਵਾਲੇ ਏਕ ਪ੍ਰਮੇਸ੍ਵਰ ਕੇ ਔ ਸਮ ਤਾ ਕੇ ਸਰੋਵਰ।

**ਚਾਹਤ** ਦੇ. ਚਾਹਤੇ ਹੈਂ।

**ਚਾਹਨ** ਗੁ. ਦੇਖਨੇ ਮੇਂ, ਯਥਾ- ਟੂਕੁ ਚਾਹਨ ਮਾਹਿ ਬਿਡਾਨੁ।

**ਚਾਹੇ** ਦੇ. ਇਛਾ ਕਰੇ।

**ਚਾਕ** ਫਾ. ਕਟਨਾ ; ਸਨਦ ਬਾਗ ਕੀ ਵਾ ਮਕਾਨ ਕੀ।

**ਚਾਕਰੁ** ਦੇ. ਨੌਕਰ, ਖਿਦਮਤਗਾਰ, ਯਥਾ- ਚਾਕਰੁ ਕਹੀਐ ਖਸਮ ਕਾ।

**ਚਾਕੀ** ਦੇ. ਚੱਕੀ ਆਟਾ ਪੀਸਨੇ ਕੀ। ਗੁ. ਜੀਵੋਂ ਕੋ ਜਨਮ ਜਨਮਾਂਤਰੋਂ ਮੇਂ ਪੀਸਨੇ ਵਾਲੀ ਮਾਯਾ, ਯਥਾ- ਚਾਕੀ ਚਾਟਹਿ ਚੂਨੁ ਖਾਹਿ। ਆਨੰਦ ਹੇਤ ਮਾਯਕ ਵਿਖਯੋਂ ਕੋ ਪ੍ਰੇਮ ਸੇ ਭੋਗਤਾ ਵਿਖਯੋਂ ਕੇ ਆਨੰਦੋਂ ਕੇ ਅਨੁਭਵ ਕਰਤਾ ਹੈਂ।

**ਚਾਕੀ ਕਾ** ਗੁ. ਮਹਦਾਦੀ (ਮਹਤ+ਆਦਿ) ਕ੍ਰਮ ਸੇ ਉਪਜੇ ਮਾਯਕ ਦੇਹ ਕੋ, ਯਥਾ- ਚਾਕੀ ਕਾ ਚੀਥਰਾ ਕਹਾਂ ਲੈ ਜਾਹਿ।

**ਚਾਖਤ** ਦੇ. ਚਖਨੇ ਸੇ।

**ਚਾਖਿਬਾ** ਗੁ. ਚਾਖਿਯਾ ਹੈ, ਯਥਾ- ਹਰਿ ਰਸੁ ਚਾਖਿਬਾ।

**ਚਾਖੁ** ਗੁ. ਬੁਰੀ ਦ੍ਰਿਸ੍ਟਿ, ਨਿਗਾਹ, ਯਥਾ- ਤਿਤੁ ਚਾਖੁ ਨ ਲਾਗੈ। ਪੁਨਾ- ਹਰਿ ਸਿਮਰਤ ਕਿਛੁ ਚਾਖੁ ਨ ਜੋਹੈ। ਮਾਯਾ ਡਾਇਨ ਕੇ ਚਖੁ ਨਹੀਂ ਲਗਤੀ। ਪਾਨ ਕਰ, ਯਥਾ- ਹਰਿ ਹਰਿ ਨਾਮ ਰਸੁ ਚਾਖੁ।

**ਚਾਂਗੇਦਿਆ** ਪੰ. ਮੁ. ਉਚੇ ਪੁਕਾਰਤਿਆ, ਯਥਾ- ਫਰੀਦਾ ਕੂਕੇਦਿਆ ਚਾਂਗੇਦਿਆ।

**ਚਾਟ** ਦੇ. ਜਿਸ ਵਸਤੁ ਸੇ ਪੁਰਖ ਪਸੁ ਪੰਖੀ ਵਸ ਹੋ ਜਾਵੇ, ਤਿਸ ਕਾ

ਨਾਮ ਹੈ। ਸੰ. ਪਹਲੇ ਅਪਨੇ ਮੇਂ ਬਿਸ੍ਵਾਸ ਕਰਾਇ ਪੀਛੇ ਸੇ ਧਨ ਹਿਰ ਲੇਨੇ ਵਾਲਾ ਚੋਰ, ਐਸੇ ਪੁਰਖ ਕੋ ਦੇਨਾ ਸਿਮ੍ਰਿਤੀ ਮੇਂ ਨਿਸਫਲ ਲਿਖਾ ਹੈ ਜੈਸੇ- ਚਾਟ ਚਾਰਣ ਦਾਸੇ ਖੁ ਦਤੰ ਭਵਤਿ ਨਿਸਫਲੰ। ਗੁ. ਚਟਨੇ ਯੋਗੁ ਧੂੜ, ਯਥਾ- ਚਾਟਉ ਪਗ ਚਾਟ। ਮੈ ਚਾਟੋ ਸਤਿਗੁਰੋਂ ਕੇ ਚਰਨੋਂ ਕੀ ਚਟਨੇ ਯੋਗਯ ਧੂੜ ਕੋ।

**ਚਾਟਸਾਲ** ਦੇ. ਪਾਠਸਾਲਾ ਮੇਂ, ਯਥਾ- ਆਪੇ ਚਾਟਸਾਲ ਆਪਿ ਹੈ ਪਾਧਾ।

**ਚਾਟੜਿਆ** ਦੇ. ਚੇਲਿਆ ਕੋ, ਯਥਾ- ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ। ਚਾਟੜਾ ਬੋਲੀ ਇਸੀ ਸੇ ਨਿਕਸੀ ਹੈ।

**ਚਾਟੜੇ** ਦੇ. ਵਿਦਯਾਰਥੀ, ਯਥਾ- ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ। ਯਹ ਨਾਉ ਵਿਦਯਾਰਥੀ ਕਾ ਵਾਚਕ ਇਉ ਸਿਧ ਹੋਤਾ ਹੈ। ਏਕ ਥਾਨ ਪਾਠ ਹੈ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ। ਦੂਜੇ ਗ੍ਰੰਥ ਸਾਹਬ ਮੇਂ ਲਿਖਾ ਹੈ ਚਟਸਾਰ ਪੜੇ ਜਿਮ ਬਾਰਕ ਸੰਥਾ। ਇਨ ਬਚਨੋਂ ਮੇਂ ਚਟਸਾਰ ਪੜ੍ਹਨਸਾਲਾ ਕਾ ਨਾਮ ਹੈ, ਚਾਟੜਾ ਚਟਸਾਰ ਮੇਂ ਪੜਨ ਵਾਲੇ ਵਿਦਯਾਰਥੀ ਕਾ ਨਾਮ ਹੈ। ਯਾ ਤੇ ਵਿਦਯਾਰਥੀ ਚੇਲੇ ਬਿਨਾ ਸਭ ਕੋ ਚਾਟੜਾ ਗਲਤੀ ਸੇ ਕਹੇ ਹੈਂ।

**ਚਾਟੀ** ਪੰ. ਮਟੀ ਕਾ ਬਰਤਨ।

**ਚਾਤ੍ਰਿਕ** ਸੰ. ਪਪੀਹਾ, ਬੰਬੀਹਾ, ਯਥਾ- ਚਾਤ੍ਰਿਕ ਜਿਵੈ ਤਿਸੰਤੀਆ।

**ਚਾਤੁਰ** ਦੇ. ਚਤੁਰ। ਗੁ. ਮੀਠਾ, ਯਥਾ- ਤੂਬ ਨ ਚਾਤੁਰ ਰੇ। ਤੂੰਬਾ ਕੌੜਾ ਨਹੀਂ ਹੋਤਾ ਮੀਠਾ ਵਾ ਤੂ ਬਨ ਕਾ ਚਾਤਰ ਹੈ ਭਾਵ ਮਰਕਟ ਹੈ।

**ਚਾਦਰ** ਦੇ. ਚਦਰ ਬਸਤ੍ਰ।

**ਚਾਨਣਾ** ਦੇ. ਵਸਤੂਓਂ ਕੇ ਸ੍ਵਰੂਪ ਕਾ ਅਗ੍ਯਾਨ ਨਾਸ ਕਰਨੇ ਵਾਲਾ। ਪੁਨਾ ਸੰਸੇ ਬਿਪਰਯੇ ਦੂਰ ਕਰਨੇ ਵਾਲਾ। ਤਥਾ ਹੋਨਾ ਨਾ ਹੋਨਾ ਸਿਧ ਕਰਨੇ ਵਾਲਾ ਪ੍ਰਕਾਸ ਹੋਵੇ ਹੈ, ਯਥਾ- ਸਭ ਮਹਿ ਚਾਨਣੁ। ਗ੍ਯਾਨ ਕੀ ਬਾਤੋਂ ਸੇ ਦਿਲ ਮੇਂ ਉਜਾਲਾ, ਯਥਾ- ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।

**ਚਾਨਣੁ** ਦੇ. ਪ੍ਰਕਾਸ ਸੇ, ਯਥਾ- ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ। ਪਰਮਾਤਮਾ ਕੇ ਨਿਜ ਸ੍ਵਰੂਪ ਉਜਾਲੇ ਸੇ। ਜਗਤ ਕੇ ਪ੍ਰਕਾਸਕ ਚੰਦ੍ਰ ਸੂਰਯਾਦਿਕੋਂ ਮੇਂ ਭੀ ਪ੍ਰਕਾਸ ਹੋਵੇ ਹੈ। ਤਥਾ ਨਿਖਲ ਦੇਹ ਇੰਦ੍ਰਯਾਦਿਕੋਂ ਮੇਂ ਪ੍ਰਕਾਸ ਹੋਵੇ ਹੈ।

**ਚਾਨਾਣੁ** ਗੁ. ਗਯਾਨ ਰੂਪ ਉਜਾਲਾ, ਯਥਾ- ਕਰਿ ਸੂਰਜੁ ਚੰਦੁ ਚਾਨਾਣੁ।

**ਚਾਪੈ** ਗੁ. ਦਬਾਵੇ, ਯਥਾ- ਕਾਲੁ ਨ ਚਾਪੈ ਦੁਖੁ ਨ ਸੰਤਾਪੈ। ਪੁਨਾ- ਇਤ ਉਤ ਜਾਹਿ ਕਾਲ ਕੇ ਚਾਪੇ।

**ਚਾਬਨੁ** ਦੇ. ਚਬੀਨਾ, ਯਥਾ- ਹਮ ਕਉ ਚਾਬਨੁ ਉਨ ਕਉ ਰੋਟੀ।

**ਚਾਬੁਕ** ਫਾ. ਚੁਸਤ, ਚਾਲਾਕ ; ਕੋਰੜਾ, ਯਥਾ- ਹਿਰਹਿ ਤ ਪ੍ਰੇਮ ਕੈ ਚਾਬੁਕ ਮਾਰਉ।

**ਚਾਮ** ਦੇ. ਚਮੜੇ ਸਾਥ, ਯਥਾ- ਬਿਸਟਾ ਅਸਤ ਰਕਤੁ ਪਰੇਟੇ ਚਾਮ।

**ਚਾਮਰ** ਸੰ. ਚਉਰ।

**ਚਾਮਰੋ** ਗੁ. ਚਮੜਾ, ਯਥਾ- ਪਵਨਿ ਅਫਾਰ ਤੋਰ ਚਾਮਰੋ। ਪਵਨ ਸੇ ਅਫਰਿਆ ਭਾਵ ਫੂਲ ਰਹਿਆ ਹੈ ਤੇਰਾ ਚਮੜਾ। ਚਉਰ।

**ਚਾਰ ਬਿਚਾਰ** ਗੁ. ਸੁੰਦ੍ਰ ਬਿਚਾਰ ਸੇ, ਯਥਾ- ਚਾਰ ਬਿਚਾਰ ਬਿਨਸਿਓ ਸਭ ਦੂਆ। ਸੁੰਦ੍ਰ ਬਿਚਾਰ ਸੇ ਨਾਸ ਹੋ ਗਏ ਹੈਂ ਸੰਸੇ ਬਿਪਰਯੇ ਰੂਪ ਦ੍ਵੈਤ।

**ਚਾਰ ਮੁਕਤਿ** ਦੇ. ੧. ਸਾਲੋਕਯ ੨. ਸਾਰੂਪਯ ੩. ਸਾਮੀਪਯ ੪. ਸਾਯੁਜਯ। ਸਾਲੋਕਯ ਵਿਸਨੁ ਕੇ ਲੋਕ ਮੇਂ ਵਸਨਾ। ਸਾਰਰੂਪਯ ਵਿਸਨੁ ਕੇ ਸਮਾਨ ਚਤੁਰਭੁਜ ਸ੍ਵਰੂਪ ਹੋਨਾ। ਸਾਮੀਪਯ ਵਿਸਨੁ ਕਾ ਸਮੀਪ ਵਰਤੀ ਸੇਵਕ ਹੋਨਾ। ਜਿਨ ਕਾ ਨਾਮ ਪਾਰਖਦ ਹੈ, ਪਰਿਖਦ ਬਿਸਨੁ ਕੀ ਸਭਾ ਕਾ ਨਾਮ ਹੈ, ਤਿਸ ਪਰਿਖਦ ਮੇਂ ਹੋਨੇ ਵਾਲੇ ਪਾਰਖਦ ਕਹਾਵੇ ਹੈਂ। ਮੁਖਯ ਜਿਨ ਮੇਂ ਜਯ ਬਿਜਯ ਨੰਦ ਸੁਨੰਦਾਦਿ ਹੈ। ਸਾਯੁਜਯ ਸਾਥ ਜੁੜਨੇ ਕਾ ਨਾਮ ਹੈ, ਯਾ ਤੇ ਸਾਯੁਜਯ ਮੁਕਤੀ ਬਿਸਨੁ ਸਾਥ ਏਕ ਰੂਪ ਹੋ ਜਾਨਾ ਹੈ। ਅਦ੍ਵੈਤਵਾਦੀ ਬੇਦਾਂਤੀਓਂ ਕੇ ਮਤ ਮੇਂ ਯਹ ਏਕ ਰੂਪ ਹੋਨਾ ਜਲ ਮੇਂ ਜਲਵਤ ਭੇਦ ਰਹਿਤ ਹੋ ਜਾਨਾ ਰੂਪ ਹੈ ਅਰਥਾਤ ਸਜਾਤੀ ਵਿਜਾਤੀ ਭੇਦੋਂ ਸੇ ਰਹਿਤ ਹੋ ਸਮਾਵਨਾ ਰੂਪ ਹੈ। ਬਚਨ ਹੈ- ਜਿਉ ਜਲ ਮਹਿ ਜਲੁ ਆਇ ਖਟਾਨਾ। ਤਿਉ ਜੋਤੀ ਸੰਗਿ ਜੋਤਿ ਸਮਾਨਾ। ਐਸੇ ਸਮਾਏ ਕਾ ਫੇਰ ਕਬੀ ਭੀ ਸੰਸਾਰ ਮੇਂ ਆਵਨਾ ਨਹੀਂ ਹੋਵੇ ਸੋਈ ਕਹਾ ਹੈ। ਮਿਟਿ ਗਏ ਗਵਨ ਪਾਏ ਬਿਸ੍ਰਾਮ। ਭੇਦਵਾਦੀ ਬੇਦਾਂਤੀ ਜਨੋਂ ਕੇ ਮਤ ਮੇਂ ਪਾਨੀ ਮੇਂ ਮਛੀ ਵਤ ਭਗਵਾਨ ਕੇ ਭੀਤਰ ਹੋ ਜਾਨਾ ਰੂਪ ਹੈ। ਜੈਸੇ ਮਛੀ ਔਰ ਲੋਗੋਂ ਕੀ ਦ੍ਰਿਸ੍ਟਿ ਮੇਂ ਪਾਨੀ ਮੇਂ ਮਿਲ ਜਾਤੀ ਹੈ। ਆਪ ਜੁਦੀ ਰਹਤੀ ਹੈ ਐਸੇ ਭਗਤ ਜਨ ਬਿਸਨੁ ਕੇ ਸਾਥ ਮਿਲੇ ਭੀ, ਤਾ ਸੇ ਜੁਦੇ ਰਹਤੇ ਹੈ। ਯਾਹੀ ਭਾਵ ਕਾ ਸਾਧਨ ਬਚਨ ਹੈ- ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ। ਪੁਨਾ- ਜਿਨਿ ਜਾਤਾ ਸੋ ਤਿਸ ਹੀ ਜੇਹਾ। ਜੇਹਾ ਪਦ ਤੁਲਯ ਕਾ ਬੋਧਕ ਹੈ, ਤਿਸ ਸੇ ਭਿੰਨ ਹੋ ਤਿਸ ਜੈਸੇ ਧਰਮ ਵਾਲਾ ਹੋਨਾ ਤੁਲਯਪਨਾ ਹੈ, ਜੈਸੇ ਕਮਲ ਸੇ ਭਿੰਨ ਚਰਨੋਂ ਮੇਂ ਕਮਲ ਤੁਲਯ ਕੋਮਲਤਾ ਤੁਲਯਪਨਾ ਹੈ। ਤਿਸ ਕੋਮਲਤਾ ਵਾਲੇ ਚਰਨ ਕਮਲ ਤੁਲਯ ਕਹਾਵੇ ਹੈ। ਤੈਸੇ ਭਗਵਾਨ ਮੇਂ ਹੋਨੇ ਵਾਲੇ ਸਰਬਗਤਾ ਆਦਿ ਪ੍ਰੇਰਕਤਾ ਪ੍ਰਕਾਸਕਤਾ ਮੁਕਤਤਾ ਆਦਿ ਧਰਮੋਂ ਕੀ ਤੁਲਯਤਾ ਦੇਖ ਭਗਤ ਮੇਂ 'ਜਿਨ ਜਾਨਿਆ ਸੋ ਤਿਸ ਹੀ ਜੇਹਾ' ਕਹਯਾ ਹੈ। ਐਸੇ ਵੇਦ ਮੇਂ ਨਿਰੰਜਨ ਕੀ ਪਰਮ ਤੁਲਯਤਾ ਲਿਖੀ ਹੈ। ਯਾ ਤੇ ਮੁਕਤ ਹੂਆ ਭਗਤ ਪ੍ਰਮੇਸੁਰ ਕੇ ਤੁਲਯ ਹੋਤਾ ਹੈ। ਤਿਸ ਕਾ ਸ੍ਵਰੂਪ ਨਹੀਂ ਬਨ ਜਾਤਾ ਪਰੰਤੂ ਭਗਵਾਨ ਕੇ ਧਾਮ ਮੇਂ ਗਯਾ, ਫੇਰ ਕਬੀ

ਸੰਸਾਰ ਮੇਂ ਨਹੀਂ ਆਤਾ। ਬਚਨ ਭੀ ਹੈ-ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ। ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ। ਇਨ ਦਿਨੋਂ ਕੇ ਭੇਦਵਾਦੀ ਇਸ ਮੁਕਤੀ ਕੋ ਕਾਲਾ ਪਾਨੀ ਔ ਸਦਾ ਕੀ ਕੈਦ ਬਤਾ ਕਰ ਦੇਸਾਂਤਰ ਕੀ ਸੈਰ ਵਤ ਕੁਛ ਕਾਲ ਈਹਾਂ ਸੇ ਅਲਗ ਹੋ ਸ੍ਵਰਗਾਦਿ ਮੇਂ ਰਹ ਕਰ, ਫੇਰ ਇਸ ਸੰਸਾਰ ਮੇਂ ਆਨਾ ਐਸੇ ਹੀ ਫੇਰ ਕਬੀ ਮੁਕਤ ਹੋ ਜਾਨਾ ਐਸੇ ਮਾਨਤੇ ਹੈਂ। ਸੋ ਨਸ ਪੁਨਰਾ ਵਰਤਤੇ- ਨਹੀਂ ਵਹੁ ਮੁਕਤ ਹੂਆ ਪੁਨਾ ਆਤਾ। ਇਸ ਸ੍ਰੁਤੀ ਸੇ- ਯਦ ਗਤ੍ਵਾਨ ਨਿਵਰਤੰਤੇ ਤੱਧਾਮ ਪਰਮੰ ਮਮ। ਜਿਸ ਮੇਂ ਜਾਕਰ ਨਹੀਂ ਜਟ ਕਰ ਆਤੇ ਵਹੁ ਪਰਮ ਧਾਮ ਮੇਰਾ ਹੈ। ਇਸ ਸਿਮ੍ਰਿਤੀ ਸੇ- ਮਿਟਿ ਗਏ ਗਵਨ ਪਾਏ ਬਿਸ੍ਰਾਮ ਗੁਰ ਬਚਨ ਸੇ ਬਿਰੁਧ ਕਹਨੇ ਸੇ ਕੇਵਲ ਮਨ ਕੇ ਸੰਕਲਪਾਨੁਸਾਰੀ ਹੈਂ। ਸਾਸਤ੍ਰੋਂ ਕੇ ਅਨਸਾਰੀ ਨਹੀਂ। ਤੌ ਭੀ ਪਰਮਾਤਮਾ ਸੇ ਆਤਮਾ ਕਾ ਭੇਦ ਮਾਨਨੇ ਸੇ ਔ ਮੁਕਤੀ ਕਾਲ ਮੇਂ ਪਰਮਾਤਮਾ ਕੇ ਤੁਲ੍ਯ ਮਾਨਨੇ ਸੇ ਭੇਦਵਾਦੀਯੋਂ ਕੇ ਭਾਈ ਹੈਂ। ਜਲ ਮੇਂ ਜਲ ਵਤ ਮਿਲ ਜਾਨਾ ਰੂਪ ਮੁਕਤੀ ਮਾਨਨੇ ਵਾਲੇ ਜੇਹਾ ਪਦ ਕੋ ਆਪ ਜੇਹੇ ਆਪ ਹੋ। ਅਮੁਕੇ ਜੇਹਾ ਅਮੁਕਾ ਹੈ ਇਤਯਾਦਿ ਥਾਨੋਂ ਮੇਂ ਏਕ ਮੇਂ ਦੇਖਨੇ ਸੇ' ਜਿਨਿ ਜਾਤਾ ਸੋ ਤਿਸ ਹੀ ਜੇਹਾ'। ਈਹਾ ਭੀ ਜੇਹਾ ਪਦ ਤਿਸ ਕਾ ਸ੍ਵਰੂਪ ਹੋਵੇ ਹੈ। ਇਸ ਅਰਥ ਕੋ ਸਿਧ ਕਰੇ ਹੈਂ। ਭੇਦ ਕੋ ਨਹੀਂ ਸਿਧ ਕਰੇ। ਰਹੋ ਬਿਚਾਰ ਕੁਛ ਔਰ ਭੀ ਸੁਨੋ ਜੈਸੇ ਚਾਰ ਮੁਕਤੀ ਬੈਸ੍ਨਵੋਂ ਨੇ ਮਾਨੀ ਹੈ ਐਸੇ ਹੀ ਔਰ ਦੇਵਨ ਕੇ ਉਪਾਸਕ ਆਨ ਦੇਵਨ ਕੇ ਲੋਗੋਂ ਮੇਂ ਪ੍ਰਾਪਤ ਹੁਏ। ਉਨ ਦੇਵਨ ਭਗਤੋਂ ਕੀ ਮਾਨੇ ਹੈਂ। ਉਨ ਭਾਈਯੋਂ ਤੁਲ੍ਯ ਗੁਰਮਤੀ ਲੋਗ ਭੀ ਮਰੇ ਕੇ ਨਿਮਿਤ ਗ੍ਰੰਥ ਜੀ ਕਾ ਪਾਠ ਕਰਾ ਅਰਦਾਸ ਸਮੇ ਸਿਖ ਕਾ ਗੁਰੁ ਕੇ ਲੋਕ ਮੇਂ ਵਾਸ ਹੋਵੇ ਕਹਤੇ। ਯੇ ਹੀ ਚਾਰੋ ਮੁਕਤੀ ਮਾਨੇ ਹੈਂ। ਗੁਰੂ ਅਕਾਲ ਪੁਰਖ ਪਰਮਾਤਮਾ ਕਾ ਨਾਮ ਹੈ, ਤਿਸ ਕਾ ਲੋਕ ਗੁਰੂ ਲੋਕ ਹੈ ਅਧਿਕ ਬਿਚਾਰ ਇਸ ਕਾ ਗੁਰਮਤ ਨਿਰਣੇ ਮੇਂ ਲਿਖਾ ਹੈ ਸੋ ਤਹਾ ਸੇ ਦੇਖ ਲੇਨਾ।

**ਚਾਰਣੋ** ਗੁ. ਚਰਨੋਂ ਕਾ, ਯਥਾ- ਬਿਰਹੀ ਚਾਰਣੋ।

**ਚਾਰਵਾਕ** ਸੰ. ਦੇਹ ਭਿੰਨ ਆਤਮਾ ਨਾ ਮਾਨਨੇ ਵਾਲੇ ਜਨ ਜੋ ਚਾਰ ਭੂਤੋਂ ਸੇ ਜਗਤ ਰਚਨਾ ਮਾਨਤੇ ਹੈਂ। ਜਗਤ ਕਰਤਾ ਈਸ੍ਵਰ ਨਹੀਂ ਮਾਨਤੇ, ਨਾ ਸਵਰਗ ਨਰਕ ਰੂਪ ਪਰਲੋਕ ਮਾਨਤੇ ਹੈਂ। ਕੇਵਲ ਲੋਕ ਪ੍ਰਸਿਧ ਰਾਜਾ 'ਈਸ੍ਵਰ', ਕੰਟਕਾਦਿਕੋਂ ਕੀ ਪੀੜਾ 'ਨਰਕ', ਖਾਨ ਪਾਨ ਕਾ ਸੁਖ 'ਸ੍ਵਰਗ', ਦੇਹ ਨਾਸ ਹੋਨਾ 'ਮੁਕਤੀ' ਮਾਨਤੇ ਹੈਂ। ਪਾਰਸੀ ਮੇਂ ਇਸ ਮਤ ਕਾ ਨਾਮ ਦਹਰੀਆ ਮਜਬ ਹੈ, ਕਲਜੁਗੀ ਜੀਵ ਬਹੁਤ ਇਸੀ ਮਤ ਕੇ ਹੈਂ।

**ਚਾਰਾ** ਦੇ. ਇਲਾਜ ; ਮਦਦ ; ਤਤਬੀਰ, ਉਪਾਯ। ਫਾ. ਚਾਰਹ। ਜੈਸੇ- ਕੁਛ ਨਹੀਂ ਹਮਾਰਾ ਚਾਰਾ ਰਾਮ।

**ਚਾਰਿ** ਦੇ. ਚਾਰ ਗਿਨਤੀ ; ਚਾਰ ਚੀਜਾ। ਫਾ. ਚਹਾਰ। ਸੁੰਦ੍ਰ, ਯਥਾ- ਮਾਲਾ ਮੇਲੀਂ ਚਾਰਿ। ਸੰ. ਚਾਰੁ।

**ਚਾਰਿ ਛਿਅ** ਗੁ. ਦਸ ਦਿਨ ਅਰਥਾਤ ਅਲਪ ਕਾਲ, ਯਥਾ- ਇਹ ਬਿਖਿਆ ਦਿਨ ਚਾਰਿ ਛਿਅ।

**ਚਾਰਿ ਪਦਾਰਥ** ਦੇ. ੧. ਧਰਮ ੨. ਅਰਥ ੩. ਕਾਮ ੪. ਮੁਕਤੀ। ਜੋ ਜੋ ਵੇਦਾਦਿ ਗ੍ਰੰਥੋਂ ਮੇਂ ਕਰਨੇ ਯੋਗ੍ਯ ਕਾਮ ਕਹੇ ਹੈਂ, ਤਿਨ ਕੇ ਕਰਨੇ ਸੇ ਪੁਨਾ ਜੋ ਜੋ ਤ੍ਯਾਗਨੇ ਯੋਗ੍ਯ ਕਹੇ ਹੈਂ, ਤਿਨ ਕੇ ਨਾ ਕਰਨੇ ਸੇ, ਉਪਜਾ ਜੋ ਪੁਨ੍ਯ ਹੈ ਤਿਸ ਕਾ ਨਾਮ ਧਰਮ ਹੈ। ਜੋ ਪੁਰਖ ਵੇਦਾਦਿ ਗ੍ਰੰਥੋਂ ਕੋ ਨਹੀਂ ਮਾਨਤੇ, ਉਨ ਕੇ ਮਤੋਂ ਮੇਂ ਜੋ ਉਨ ਕੇ ਬਡੇ ਪੁਰਖੋਂ ਨੇ ਕਰਨੇ ਯੋਗ੍ਯ ਕਾਮ ਕਹੇ ਹੈਂ, ਉਨ ਸੇ ਜਨ੍ਯ ਪੁਨ ਕਾ ਨਾਮ ਧਰਮ ਹੈ। ਅਰਥ- ਗ੍ਰਿਹ, ਖੇਤ੍ਰ, ਦਾਸ, ਦਾਸੀ, ਪਸ਼ੂ, ਅੰਨ, ਰਤਨ, ਮੋਹਰ, ਰੁਪਯੇ ਪੈਸੇ ਕਾ ਨਾਮ ਹੈ। ਕਾਮ- ਖਾਨ, ਪਾਨ, ਪਹਰਾਨ, ਗੀਤ, ਵਾਦਤ੍ਯਾਦਿ ਵਿਖਯੋਂ ਕੇ ਭੋਗੋਂ ਕਾ ਨਾਮ ਹੈ। ਮੁਕਤੀ- ਬੰਧਨੋਂ ਸੇ ਛੂਟ ਜਾਨੇ ਕਾ ਨਾਮ ਹੈ, ਉਤਮ ਜਨੋਂ ਕੀ ਸੇਵਾ ਸੇ ਇਨ ਸਭ ਕਾ ਲਾਭ ਹੋਤਾ ਹੈ, ਯਥਾ- ਚਾਰਿ ਪਦਾਰਥ ਜੇ ਕੋ ਮਾਗੈ। ਸਾਧ ਜਨਾ ਕੀ ਸੇਵਾ ਲਾਗੈ।

**ਚਾਰੇ** ਦੇ. ਚਾਰੋ, ਯਥਾ- ਚਾਰੇ ਬੇਦ ਮੁਖਾਗਰ ਪਾਠਿ। ਚੜਾਵੇ ਹੈ, ਜੈਸੇ- ਨਾਮ ਲੇਤ ਤੁਝਹਿ ਕਉ ਚਾਰੇ। ਚੁਗਾਵੇ। ਗੁ. ਚਰਤੀ ਹੈ, ਯਥਾ- ਚਾਰਿ ਨਦੀਆ ਅਗਨੀ ਤਨਿ ਚਾਰੇ। ਚਾਰੋ ਆਗ ਕੀ ਨਦੀਆਂ ਮਨ ਕੇ ਸੁਭ ਗੁਣੋਂ ਕੋ ਚਰਤੀ ਹੈਂ ਅਰਥਾਤ ਹਿੰਸਾ ਦਯਾਲੁਤਾ ਕੋ, ਹੇਤ ਬੈਰਾਗ੍ਯ ਕੋ, ਕੋਪ ਖਿਮਾ ਕੋ, ਲੋਭ ਸੰਤੋਖ ਕੋ ਦੂਰ ਕਰੇ ਹੈ।

**ਚਾਰੇ ਅਗਨਿ** ਗੁ. ਹਿੰਸਾਦਿ ਚਾਰੇ ਨਦੀਆ, ਯਥਾ- ਚਾਰੇ ਅਗਨਿ ਨਿਵਾਰਿ ਮਰੁ।

**ਚਾਰੇ ਕਿਲਵਿਖ** ਵਾ. ੧. ਸੁਵਰਣ ਕੀ ਚੋਰੀ ੨. ਸੁਰਾਪਾਨ ੩. ਗੁਰ ਪਤਨੀ ਗਮਨ ੪. ਆਤਮ ਵੇਤਾ ਕੀ ਹਿੰਸਾ, ਯੇ ਚਾਰੋਂ ਮਹਾਪਾਪ, ਯਥਾ- ਚਾਰੇ ਕਿਲਵਿਖ ਉਨਿ ਅਘ ਕੀਏ। ਬਿਨਾ ਆਗ੍ਯਾ ਲੀਏ ਕਾਹੂ ਕੇ ਕਖ ਕਾ ਉਠਾਨਾ ਲਖ ਕੇ ਸਮਾਨ ਪਾਪ ਹੈ। ਤੌ ਭੀ ਆਨ ਵਸਤੁਓਂ ਕੇ ਉਠਾਨੇ ਸੇ ਸਭ ਧਾਤੁਯੋਂ ਮੇਂ ਮੁਖ੍ਯ ਸੁਵਰਣ ਕੀ ਚੋਰੀ ਅਧਿਕ ਪਾਪ ਕਾ ਹੇਤੁ ਹੋਨੇ ਤੇ ਮਹਾ ਪਾਪ ਹੈ। ਅਮਲ ਮਾਤ੍ਰ ਕਾ ਖਾਨਾ ਪ੍ਰਮਾਦ ਕਾ ਜਨਕ ਹੋਨੇ ਸੇ ਪਾਪ ਹੈ। ਤਾ ਮੇਂ ਭੀ ਮਾਤਾ ਹੈ ਵਾ ਪਤਨੀ ਹੈ ਏਤੀ ਖਬਰ ਨਾ ਰਹਨ ਦੇਨੇ ਸੇ, ਸਰਾਬ ਕਾ ਪੀਨਾ ਮਹਾ ਪਾਪ ਹੈ। ਇਸ ਕੇ ਪੀਨੇ ਸੇ ਸਭ ਸੁਭ ਕਰਮ ਨਾਸ ਹੋ ਜਾਤਾ ਹੈ, ਯਥਾ- ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ। ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ। ਸੰਕਾ ਜੋ ਪੀਤੇ ਹੈਂ ਸਭੀ ਪਾਪੀ ਹੈਂ। ਉਤਰ ਵਾਮ ਮਤ ਬਿਨਾ ਜਿਨ ਜਿਨ ਮਤੋਂ ਕੇ ਹੈਂ, ਉਨ ਮਤੋਂ ਕੇ ਬਡੇ ਪੁਰਖੋਂ ਕੇ ਬਚਨੋਂ ਓਰ ਦੇਖ ਸੁਨ ਕੇ ਜਾਨ ਲੇਵੋ। ਜੈਸੇ ਹੈਂ ਅਸੰਕਾ ਕਨ ਪਾਟੇ ਜੋਗੀ ਔ ਗੁਸਾਈ ਸਾਧ ਪੀਤੇ ਹੈਂ, ਵਹੁ ਕਿਆ ਪਾਪੀ ਹੈਂ ? ਉਤਰ ਵੇਦ ਔ ਵੇਦਾਨੁਸਾਰੀ ਸਿਮ੍ਰਿਤੀਓਂ ਮੇਂ ਸਰਾਬ ਪੀਨੇ ਕਾ ਨਿਖੇਧ ਹੈ। ਵਾਮ ਮਤ ਕੇ ਗ੍ਰੰਥੋਂ ਮੇਂ ਵਿਧਾਨ ਹੈ। ਸੋ ਵੇਦ

ਵੇਦਾਨੁਸਾਰੀ ਗ੍ਰੰਥੋਂ ਸੇ ਵਿਰੁਧ ਹੈਂ। ਤਿਨ ਮੇਂ ਲਿਖੇ ਮੰਦ ਕਾਮੋਂ ਕੇ ਕਰਨੇ ਵਾਲੇ ਲੋਕ ਭੀ ਉਤਮ ਮਾਰਗ ਸੇ ਵਿਰੁਧ ਹੈਂ। ਯਾ ਤੇ ਪੀਨੇ ਵਾਲੇ ਸਾਧੋਂ ਕੇ ਪਾਪੀ ਹੋਨੇ ਮੇਂ ਸੰਦੇਹ ਨਹੀਂ, ਪੂਰੇ ਪਾਪੀ ਹੈਂ। ਯਾਹੀ ਭਾਵ ਸੇ ਗੁਰੂ ਜੀ ਨੇ ਉਨ ਕੀ ਸਭਾਓਂ ਕੀ ਨਿੰਦਾ ਕਰੀ ਹੈ- ਚਕ੍ਰ ਬਨਾਇ ਕਰੈ ਪਾਖੰਡ। ਪੁਨਾ- ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ। ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ। ਅਰਥ ਇਸ ਕਾ ਟੀਕਾ ਮੇਂ ਦੇਖੋ। ਰਿਤੁ ਕਾਲ ਬਿਨਾ ਅਪਨੀ ਇਸਤ੍ਰੀ ਸੇ ਭੀ ਸੰਗ ਕਾ ਨਿਖੇਧ ਹੈ। ਔ ਪਰਾਈ ਇਸਤ੍ਰੀ ਕੇ ਸੰਗ ਕਾ ਤੋ ਗੁਰੂ ਜੀ ਨਾਨਾ ਥਾਨੋਂ ਮੇ ਨਿਖੇਧ ਕਰਾ ਹੈ, ਯਥਾ- ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ। ਪੁਨਾ- ਪਰ ਧਨ ਪਰ ਦਾਰਾ ਪਰਹਰੀ। ਤੌ ਭੀ ਰਾਜ ਪਤਨੀ ਗੁਰੂ ਪਤਨੀ ਮਾਤਾ ਤੁਲ੍ਯ ਹੈ। ਔ ਮਾਤਾ ਸੇ ਮੈਥੁਨ ਕਾ ਕਾਹੂ ਮਤ ਮੇਂ ਵਿਧਾਨ ਨਹੀਂ। ਇਸ ਲੀਏ ਗੁਰ ਪਤਨੀ ਗਮਨ ਕੀ ਮਹਾ ਪਾਪੋਂ ਮੇਂ ਗਿਨਤੀ ਹੈ। ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ।.. ਜੀਆਂ ਕੁਹਤ ਨ ਸੰਗੈ ਪਰਾਣੀ।... ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ। ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ। ਇਨ ਬਚਨੋਂ ਮੇਂ ਜੀ ਬਧ ਕੇ ਨਿਖੇਧ ਸੇ ਜੀ ਮਾਤ੍ਰ ਕੀ ਹਿੰਸਾ ਪਾਪ ਕਹੀ ਹੈ ਤੋ ਭੀ 'ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ' ਇਸ ਬਚਨ ਮੇਂ ਆਤਮ ਵੇਤਾ ਬ੍ਰਾਹਮਣ ਕੇ ਘਾਤ ਕੋ ਮਹਾ ਪਾਪ ਕਹਿਆ ਹੈ। ਆਸੰਕਾ ਜੇਕਰ ਪੀਛੇ ਕਹੇ ਬਚਨੋਂ ਮੇਂ ਹਿੰਸਾ ਕਾ ਨਿਖੇਧ ਕਰਨੇ ਸੇ, ਹਿੰਸਾ ਕਰੇ ਬਿਨਾ ਨਾ ਮਿਲਨੇ ਵਾਲਾ ਜੀਵੋਂ ਕਾ ਮਾਸ ਖਾਨਾ ਬੁਰਾ ਹੈ। ਤਬ ਗ੍ਰੰਥ ਸਾਹਬ ਜੀ ਮੇਂ ਗੈਂਡਾ ਮਾਰਿ ਹੋਮ ਜਗ ਕੀਏ। ਇਤਯਾਦਿ ਪਾਠ ਸੇ ਮਾਸ ਖਾਣੇ ਕੀ ਵਿਧਿ ਕਿਉ ਲਿਖੀ ਹੈ। ਉਤਰ ਜੋ ਪੁਰਖ ਪ੍ਰਮੇਸ੍ਵਰ ਕੇ ਜਾਨਨੇ ਕੀ ਔ ਪ੍ਰਮੇਸਵਰ ਕੇ ਧ੍ਯਾਨ ਕੀ ਰੀਤਿ ਨਹੀਂ ਸਮਝਤੇ, ਵਹੁ ਉਨ ਸਾਧਨੋਂ ਮੇਂ ਗਿਨੇ ਏਕ ਅਹਿੰਸਾ ਸਾਧਨ ਸੇ ਹੀ ਜੈਨ ਮਤ ਵਤ ਅਪਨਾ ਕ੍ਰਿਤਾਰਥ ਹੋਨਾ ਸਮਝਤੇ ਹੈਂ। ਉਨ ਕੋ ਅਹਿੰਸਾ ਕੇ ਫਲ ਰੂਪ ਗ੍ਯਾਨ ਧ੍ਯਾਨ ਮੇਂ ਪਹੁਚਾਨੇ ਹੇਤ ਗੁਰੋਂ ਨੇ ਲਿਖਾ ਹੈ। ਮਾਸ ਖਾਣੇ ਕੀ ਵਿਧਿ ਨਹੀਂ ਕਰੀ। ਵਿਧਿ ਕਰੀ ਮਾਨੇ ਤਬ ਪੀਛੇ ਕਹੇ ਜੀਉ ਜੋ ਮਾਰਹ ਆਦਿ ਬਚਨ ਬਯਰਥ ਹੋ ਜਾਵੇਂਗੇ। ਆਸੰਕਾ ਕ੍ਰੂਰ ਸੁਭਾਵ ਬਿਨਾ ਸਤ੍ਰੂਓ ਸਾਥ ਜੰਗ ਨਹੀਂ ਹੋ ਸਕੇ। ਯਾ ਤੇ ਸਸਤ੍ਰਧਾਰੀਓਂ ਹੇਤ ਬਚਨ ਨਹੀਂ, ਵਹੁ ਬਚਨ ਬ੍ਰਹਮ ਧਰਮ ਵਾਲੇ ਗ੍ਰੰਥੀ ਪੁਜਾਰੀ ਸਾਧੋਂ ਹੇਤ ਹੈ। ਉਤਰ ਆਦਿ ਗ੍ਰੰਥ ਸਾਹਬ ਜੀ ਮੇਂ ਨਿਰਣੇ ਹੀ ਕਮਰ ਬਾਂਧ ਕੇ ਬ੍ਰਹਮ ਧਰਮ ਕਾ ਹੈ, ਜੈਸੇ ਦਸਮੇ ਪਾਤਸਾਹੀ ਕੇ ਗ੍ਰੰਥ ਸਾਹਬ ਜੀ ਮੇਂ ਖਤ੍ਰੀ ਧਰਮ ਕਾ ਹੈ। ਯਾ ਤੇ ਅਹਿੰਸਾ ਧਰਮ ਕੀ ਹੀ ਪ੍ਰਧਾਨਤਾ ਹੈ, ਹਿੰਸਾ ਧਰਮ ਕੀ ਨਹੀਂ। ਯਾਹੀ ਤੇ 'ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ। ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ' ਐਸੇ ਯਗਾਦਿਕੋਂ ਮੇਂ ਪਸੂ ਹਿੰਸਾ ਕੋ ਧਰਮ ਸਿਧ ਕਰਨੇ ਵਾਲੇ ਬ੍ਰਾਹਮਣੋਂ ਕੋ ਉਪਾਲੰਭ ਦੇਨਾ ਸਾਂਖ ਮਤ ਕੀ ਰੀਤ ਸੇ ਸਮਜਕ ਬਨੇ ਹੈ। ਪੁਨਾ ਜੋ ਇਨ ਕੋ ਪੜ ਕੇ ਆਜੀਵਕਾ ਕਰੇ ਹੈਂ ਵਹੁ ਆਦਿ ਗ੍ਰੰਥ ਸਾਹਬ ਜੀ ਕੇ ਬਚਨੋਂ ਸੇ ਬਿਰੁਧ ਸਮਝ ਕੇ ਮਾਸ ਖਾਣਾ ਸਰਬਥਾ ਨਾ ਕਰੇ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਬ ਕੇ ਬਚਨ ਮਨਸੁਖ ਨਹੀਂ ਕੀਏ, ਕੀਏ ਜਾਤੇ ਤੋ ਸਤਨਾਮ ਮੰਤ੍ਰ ਕਾ ਉਪਦੇਸ ਨਾ ਦੇਤੇ।

**ਚਾਰੇ ਕੁੰਡਾ** ਵਾ. ਪੂਰਬਾਦਿ ਦਿਸਾ, ਯਥਾ- ਚਾਰੇ ਕੁੰਡਾ ਸੋਧੀਆ। ਖੋਜੀਆਂ।

**ਚਾਰੇ ਜਾਗੇ** ਵਾ. ਸੁਖਮਨੀ ਕੇ ਆਦਿ ਮੇਂ ਜਿਨ ਚਾਰੋ ਗੁਰੋਂ ਕੋ ਨਮਸਕਾਰ ਕਰੀ ਹੈ ਵਹੁ ਆਦਿ ਸ੍ਰੀ ਗੁਰੂ ਨਾਨਕ ਜੀ ਸੇ ਲੇ ਅੰਗਦ ਅਮਰ ਰਾਮਦਾਸ ਗੁਰੋਂ ਪ੍ਰਯੰਤ ਸੇਵਕੋਂ ਕੇ ਉਦੇਸ ਹੇਤ ਜਾਗਤੇ ਰਹੇ। ਚਹੁਜੁਗੀ, ਅਪਨੇ ਅਪਨੇ ਚਾਰੋ ਸਮਿਓਂ ਮੇਂ, ਇਸ ਸਮੇਂ ਵਹੀ ਚਾਰੋ ਪੰਚਾਇਨ, ਪਾਂਚਵਾ ਮਹਲ ਗੁਰੂ ਅਰਜਨ ਸ੍ਵਰੂਪ ਆਪ ਧਾਰਤੇ ਭਏ ਹੈਂ। ਵਾ- ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ। ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ। ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ। ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ। ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ। ਆਦਿ ਪਾਠ ਮੇਂ ਕਹੇ ਬਾਵਨ ਰਾਮ ਕ੍ਰਿਸਨ ਕ੍ਰਮ ਸੇ ਸਤ ਤ੍ਰੇਤਾ ਦ੍ਵਾਪਰ ਤੀਨ ਜੁਗੋਂ ਮੇਂ ਜਾਗੇ। ਗੁਰੂ ਨਾਨਕ ਜੀ ਕੇ ਸ੍ਵਰੂਪ ਚਾਰੋਂ ਗੁਰੂ ਕਲਿ ਮੇਂ ਜਾਗੇ, ਵਹੀ ਸਭੀ ਪੰਚਾਯਨ, ਪਾਂਚਵਾਂ ਮਹਲ ਗੁਰੁ ਅਰਜਨ ਸ੍ਵਰੂਪ ਹੁਏ। ਕੋਈ ਕਹਤੇ ਹੈਂ ਆਸਾ ਵਾਰ ਮੇਂ 'ਸਾਮ ਕਹੈ ਸੇਤੰਬਰ' ਸੇ ਲੇ 'ਕਲਿ ਮਹਿ ਵੇਦ ਅਥਰਬਣ ਹੂਆ' ਆਦਿ ਪਾਠ ਸੇ ਕਹੇ ਸਾਮਾਦਿ ਚਾਰੋ ਵੇਦ ਲੋਗੋਂ ਕੋ ਜੈਸੇ ਪੂਰਬ ਯੁਗੋਂ ਮੇਂ ਉਪਦੇਸ ਦੇਤੇ ਰਹੇ ਹੈਂ, ਤੈਸੇ ਤਿਨ ਚਾਰੋਂ ਕਾ ਪਰਮ ਸਾਰ ਸ੍ਵਰੂਪ ਸ੍ਰੀ ਗੁਰੂ ਗ੍ਰੰਥ ਸਾਹਬ ਗੁਰੁ ਵੇਦ, ਪੰਚਾਯਨ ਪਾਚਵਾ ਗੁਰੋਂ ਦ੍ਵਾਰਾ ਉਪਦੇਸ ਹੇਤ ਕਲਿ ਮੇਂ ਪ੍ਰਗਟ ਭਯਾ ਹੈ, ਅਰਥ ਤੋ ਯਹ ਬਹੁਤ ਅਛਾ ਹੈ। ਪਰੰਤੂ ਪੰਚਾਯਨ ਪਾਠ ਕਾ ਯਹ ਅਰਥ ਤਬ ਹੋਤਾ ਹੈ ਜਬ ਵਾਰ ਗ੍ਰੰਥ ਸਾਹਬ ਜੀ ਕੀ ਬੀੜ ਸੇ ਪੀਛੇ ਬਨੀ ਹੋਤੀ। ਵਾਰ ਤੋ ਪਹਲੇ ਬਨੀ ਹੈ, ਇਸ ਲੀਏ ਯਹ ਅਰਥ ਨਹੀਂ।

**ਚਾਰੇ ਦੀਵੇ** ਵਾ. ਬਰਣੋ ਆਸ੍ਰਮੋਂ ਕੇ ਧਰਮ ਪ੍ਰਕਾਸਨੇ ਹੇਤ ਚਾਰੋ ਵੇਦ, ਯਥਾ- ਚਾਰੇ ਦੀਵੇ ਚਹੁ ਹਥਿ ਦੀਏ। ਚਾਰੋਂ ਵੇਦ ਰੂਪ ਦੀਵੇ ਕ੍ਰਮ ਸੇ ਚਾਰੋਂ ਜੋਗੋਂ ਕੇ ਹਾਥ ਮੇਂ।

**ਚਾਰੇ ਨਦੀਆ** ਦੇ. ੧. ਹਿੰਸਾ ੨. ਹੇਤ ੩. ਲੋਭ ੪. ਕੋਪ, ਯਥਾ- ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ। ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ। ੧. ਹਿੰਸਾ ਐਸੇ ਆਗ ਹੈ ਜਿਸ ਜੀਵ ਕੀ ਕੋਈ ਹਿੰਸਾ ਕਰਨੀ ਚਾਹਤਾ ਹੈ, ਵਹੁ ਚਿਤ ਮੇਂ ਅਤਯੰਤ ਦੁਖੀ ਹੋਤਾ ਹੈ। ਸਰੀਰ ਸੇ ਸਮਰਥ ਹੋਵੇ ਤਬ ਉਸੀ ਸਮੇਂ ਅਪਨੇ ਘਾਤ ਕਰਨੇ ਵਾਲੇ ਸੇ ਬਦਲਾ ਲੇਤਾ ਹੈ। ਨਾ ਸਮਰਥ ਹੋਵੇ ਤਬ ਜੋ ਪਰਮੇਸ੍ਵਰ ਉਸ

ਕਾ ਸੁਾਮੀ ਹੈ। ਵਹੁ ਘਾਤ ਕਰਨੇ ਵਾਲੇ ਕੋ ਨਰਕਾਦਿ ਦੁਖ ਫਲ ਦੇਤਾ ਹੈ। ਇਸ ਲੀਏ ਪੁਰਖ ਕੋ ਤਪਾਵਨ ਸੇ ਹਿੰਸਾ ਆਗ ਕੀ ਨਦੀ ਹੈ। ਯਾ ਤੇ ਮਨ ਸੇ ਹਿੰਸਾ ਕਾ ਚਿੰਤਨ, ਬਾਣੀ ਸੇ ਹਿੰਸਾ ਕਾ ਉਪਦੇਸ, ਸਰੀਰ ਸੇ ਹਿੰਸਾ ਕਾ ਕਰਨਾ ਤਯਾਗਨਾ ਚਾਹੀਏ ਅਰਥਾਤ ਆਪ ਹਿੰਸਾ ਨਾ ਕਰੇ ਔਰ ਸੇ ਉਪਦੇਸ ਕਰ, ਨਾ ਕਰਾਵੇ। ਕਰਤੇ ਕੋ ਦੇਖ ਕੇ ਪ੍ਰਸੰਨ ਨਾ ਹੋਵੇ। ਜੀਵ ਕੇ ਪ੍ਰਾਣ ਨਿਕਾਸਨੇ ਯੋਗਯ ਕ੍ਰਿਯਾ ਕਾ ਕਾਮ ਹਿੰਸਾ ਹੈ। ੨. ਜੇਤੇ ਜੀਵੋਂ ਸਾਥ ਜੀਵ ਹੇਤ ਭਾਵ ਸਨੇਹ ਕਰਤੇ ਹੈਂ, ਓਤੇ ਹੀ ਅਪਨੇ ਚਿਤ ਮੇਂ ਸੋਗ ਕੇ ਕੀਲੇ ਗਾਡਤੇ ਹੈਂ। ਕਾਹੇ ਤੇ ਨਿਖਲ ਜੀਵੋਂ ਕੇ ਕਰਮ ਵਿਚਿਤ੍ਰ ਹੈਂ। ਜਬ ਕਾਹੂ ਕੋ ਪਾਪ ਕਰਮ ਕਾ ਫਲ ਦੁਖ ਹੋਤਾ ਹੈ। ਤਬ ਤਾ ਕੇ ਸਨੇਹੀ ਕੇ ਮਨ ਮੇਂ ਸੋਕ ਕਾ ਕੀਲਾ ਰੜਕਤਾ ਹੈ। ਯਾ ਤੇ ਇਸਤ੍ਰੀ ਪੁਤ੍ਰਾਦਿਕੋਂ ਕੀ ਪਾਲਨਾ ਬਿਨਾ ਤਿਨ ਸਾਥ ਅਧਿਕ ਪ੍ਰੇਮ ਕਰਨਾ ਛੋਡ, ਪ੍ਰਮੇਸ੍ਵਰ ਸਾਥ ਕਰੇ। ਪ੍ਰਮੇਸ੍ਵਰ ਬਿਨਾ ਬਿਰਕ੍ਤ ਜੜ ਭਰਥ ਮ੍ਰਿਗ ਕੇ ਬਚੇ ਕੇ ਪ੍ਰੇਮ ਸੇ ਜਨਮ ਕੇ ਦੁਖ ਮੇਂ ਪੜਾ, ਅਧਿਕ ਸਨੇਹ ਵਾਲਯੋਂ ਕੀ ਦਸਾ ਤੋ ਕਿਆ ਕਹੇਂ। ਯਾਹੀ ਤੇ ਨਿਖਲ ਕੇ ਸਨੇਹ ਕੋ ਗੁਰੂ ਜੀ ਨੇ ਧਿਕਾਰਾ ਹੈ, ਯਥਾ- ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ। ੩. ਲੋਭ ਪਦਾਰਥ ਕੇ ਪਾਉਨੇ ਕੀ ਅਧਿਕ ਇਛਾ ਕਾ ਨਾਮ ਹੈ। ਜਬ ਯਹ ਬ੍ਰਿਤੀ ਪੁਰਖ ਕੇ ਚਿਤ ਮੇਂ ਉਦੇ ਹੋਵੇ ਹੈ, ਤਬ ਪਰਮ ਸੁਖਦਾਈ ਤ੍ਰਿਪਤੀ ਕੇ ਹੇਤੁ ਸੰਤੋਖ ਕੋ ਚਿਤ ਸੇ ਨਿਕਾਸ ਦੇਵੇ ਹੈ। ਨਿਕਾਸ ਕੇ ਜਿਸ ਯਤਨ ਸੇ ਕਾਹੂ ਕਾ ਪਦਾਰਥ ਮਿਲੇ ਲੇ ਲੇਵੇ ਹੈ। ਯਾ ਤੇ ਜਿਸ ਕੇ ਚਿਤ ਮੇਂ ਹੋਵੇ ਉਸ ਕੋ ਲੰਪਟੋ ਕਾ ਸਰਦਾਰ ਬਨਾ ਕਰ ਸਦਾ ਤਪਾਵੇ ਹੈ। ੪. ਕੋਪ ਐਸੀ ਬੁਰੀ ਅਗਨਿ ਹੈ, ਪ੍ਰਬਲ ਸਤ੍ਰੂ ਕੇ ਸਾਮਨੇ ਜਗੀ ਹੂਈ ਤਤਕਾਲ ਅਪਨੇ ਆਸ੍ਰੇ ਦੇਹ ਕੋ ਹਾਥ ਸੇ ਨਾਸ ਕਰੇ ਹੈ। ਅਰ ਜਗਨਾ ਇਸ ਆਗ ਕਾ ਬਾਂਛਿਤ ਵਸਤੁ ਕੇ ਬਿਗਾੜਨੇ ਵਾਲੇ ਪੈ ਹੋਵੇ ਹੈ। ਇਸ ਮੇਂ ਯਹ ਨਿਮਿਤ ਹੈ ਜਬ ਪੁਰਖ ਕੇ ਚਿਤ ਮੇਂ ਕਾਹੂ ਵਸਤੁ ਕੀ ਪ੍ਰਾਪਤੀ ਕੀ ਇਛਾ ਰੂਪ ਕਾਮ ਜਗੇ ਹੈ, ਤਬ ਪੁਰਖ ਤਾ ਕੇ ਲਾਭ ਹੇਤ ਯਤਨ ਕਰੇ ਹੈ। ਕਰਤੇ ਕੇ ਯਤਨ ਕੋ ਜੋ ਬਿਗਾੜੇ ਤਤਕਾਲ ਕਾਮ ਬ੍ਰਿਤੀ ਕੋਪ ਰੂਪ ਹੋ ਕਰ ਤਾ ਕਾ ਨਾਸਕ ਬਨ ਜਾਵੇ ਹੈ। ਉਸ ਕਾ ਨਾਸ ਹੋ ਗਯਾ ਤੌ ਪਾਪ ਜਨਨ ਸੇ ਕੋਪ ਅਗਨਿ ਨਾਸ ਕਰੇ ਹੈ। ਨਾ ਹੂਯਾ ਤੋ ਉਸ ਕੇ ਹਾਥ ਸੇ ਅਪਨੀ ਦੇਹ ਕਾ ਨਾਸ ਕਰਤੀ ਦਾਹ ਕਰੇ ਹੈ। ਯਾ ਤੇ ਆਗ ਕੀ ਨਦੀ ਹੈ।

**ਚਾਰੇ ਬੇਦ** ਦੇ. ੧. ਸਾਮਵੇਦ ੨. ਰਿਗਵੇਦ ੩. ਜਜੁਰਵੇਦ ੪. ਅਥਰਵਣ ਵੇਦ, ਯਥਾ- ਚਾਰੇ ਬੇਦ ਮੁਖਾਗਰ ਪਾਠਿ।

**ਚਾਲ** ਦੇ. ਗਤਿ, ਜੈਸੇ- ਘੋੜੇ ਕੀ ਚਾਲ। ਰੀਤਿ, ਯਥਾ- ਗੁਰਿ ਚਾਲ ਦਿਖਾਈ ਹਰਿ ਚਾਲ। ਗੁਰੋਂ ਨੇ ਸਿਖਯ ਕੋ ਰੀਤਿ ਦਿਖਾਈ ਹੈ ਆਪ ਭਗਤਿ ਮਾਰਗ ਮੇਂ ਹਰਿ ਓਰ ਤੁਰ ਕੇ।

**ਚਾਲਸਉ** ਪੰ. ਚਲੋਂਗਾ।

**ਚਾਲਸਿ** ਦੇ. ਚਲੇਗਾ, ਯਥਾ- ਸੰਗਿ ਨ ਚਾਲਸਿ ਤੇਰੈ ਧਨਾ।

**ਚਾਲਤ** ਦੇ. ਚਲਤੇ, ਫਿਰਤੇ।

**ਚਾਵਲ** ਦੇ. ਤੰਦਲ, ਯਥਾ- ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ।

**ਚਾੜਿ** ਪੰ. ਚੜਾ ਕਰ, ਯਥਾ- ਸੂਐ ਚਾੜਿ ਭਵਾਈਅਹਿ ਜੰਤ। ਦੇ. ਪੂ. ਚਉੜ, ਉਤਸਾਹ, ਜੈਸੇ- ਤੋੜੇ ਧਨਖ ਚਾੜ ਨਹ ਸਰਹੀ।

**ਚਾੜੀ** ਗੁ. ਚੁਗਲੀ, ਯਥਾ- ਲਾੜੀ ਚਾੜੀ ਲਾਇਤਬਾਰੁ।

**ਚਿ** ਗੁ. ਕਿਆ। ਫਾ. ਚਿਹ, ਯਥਾ- ਚਿ ਕਾਰੇ ਬਿਦਾਇ।

**ਚਿਹ** ਦੇ. ਚਿਖਾ ਪੈ, ਯਥਾ- ਸਤੀ ਪੁਕਾਰੈ ਚਿਹ ਚੜੀ। ਪੰ. ਜਿਦ, ਹਠ, ਜੈਸੇ- ਕਿਆ ਉਸ ਕੋ ਚਿਹ ਚੜੀ ਹੈ।

**ਚਿਹਚੜੀ** ਦੇ. ਚਿਖਾ ਪੈ ਚੜੀ, ਯਥਾ- ਸਤੀ ਪੁਕਾਰੈ ਚਿਹ ਚੜੀ।

**ਚਿਹਨੁ** ਦੇ. ਲਖਣ, ਨਿਸਾਨੀ, ਯਥਾ- ਹਰਿ ਕਾ ਚਿਹਨੁ ਸੋਈ ਹਰਿ ਜਨ ਕਾ। ਸੰ. ਚਿਨ੍ਹ।

**ਚਿਕੜਿ** ਪੰ. ਕੀਚ, ਗਾਰਾ, ਪੰਕ, ਯਥਾ- ਚਿਕੜਿ ਪਥਰ ਬੰਧੁ।

**ਚਿਕਾਰੇ** ਗੁ. ਕਿਆ ਕਾਮ ਆਵੇਗੀ। ਫਾ. ਚਿਹਕਾਰੇ, ਯਥਾ- ਤਬ ਚਿਕਾਰੇ ਬਿਦਾਇ।

**ਚਿਖ** ਦੇ. ਚਿਖਾ।

**ਚਿਛੇ** ਗੁ. ਚਿਤ੍ਰੇ ਹੂਏ।

**ਚਿੰਜੁ** ਗੁ. ਚੁੰਜਾ, ਯਥਾ- ਚਿੰਜੁ ਬੋੜਨਿ੍ ਨਾ ਪੀਵਹਿ।

**ਚਿਟਵੀਆਹ** ਗੁ. ਸੁਕਲ, ਯਥਾ- ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।

**ਚਿਟੇ** ਪੰ. ਸੁਪੇਦ, ਯਥਾ- ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ।

**ਚਿਣ** ਪੰ. ਬਨਾਇ।

**ਚਿਤ** ਸੰ. ਅੰਤਹਕਰਣ ਕੀ ਚਿੰਤਨ ਰੂਪ ਬ੍ਰਿਤਿ ; ਮਨ, ਯਥਾ- ਰੇ ਚਿਤ ਚੇਤਿ ਚੇਤ ਅਚੇਤ।

**ਚਿਤ** ਸੰ. ਚੈਤਨਯ ; ਚੇਤਨਾ, ਬੁਧੀ।

**ਚਿਤਚਾਰ** ਗੁ. ਚਿਤ ਕੋ ਸੁੰਦਰ ਲਗਨੇ ਵਾਲੇ। ਸੰ. ਚਿੱਤਚਾਰੁ।

**ਚਿੰਤਤ** ਸੰ. ਚਿੰਤਨ ਕਰਤਾ, ਯਥਾ- ਚਿੰਤਤ ਹੀ ਦੀਸੈ ਸਭੁ ਕੋਇ।

**ਚਿੰਤਤ ਹੀ** ਦੇ. ਵਿਖਯੋਂ ਕੋ ਚਿੰਤਨ ਕਰਤਾ ਹੀ, ਯਥਾ- ਚਿੰਤਤ ਹੀ ਦੀਸੈ ਸਭੁ ਕੋਇ।

**ਚਿਤ੍ਰ ਸਾਲ** ਸੰ. ਬਿਚਿਤ੍ਰ ਮੰਦਰ, ਯਥਾ- ਚਿਤ੍ਰ ਸਾਲ ਸੁੰਦਰ ਬਾਗ ਮੰਦਰ।

**ਚਿਤਵਉ** ਦੇ. ਚਿੰਤਨ ਕਰਉ, ਯਥਾ- ਚਿਤਿ ਚਿਤਵਉ ਚਰਣਾਰਬਿੰਦ।

**ਚਿਤਵਹਿ** ਦੇ. ਸੰਕਲਪ ਕਰੇ ਹੈ, ਯਥਾ- ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।

**ਚਿਤਵਤ** ਗੁ. ਚਿਤਵਤਾ ਹੂਆ, ਯਥਾ- ਮੰਦਾ ਚਿਤਵਤ ਚਿਤਵਤ ਪਚਿਆ। ਪੁਨਾ- ਚਿਤਵਤ ਪਾਪ ਨ ਆਲਕੁ ਆਵੈ।

**ਚਿਤਵਨੀ** ਦੇ. ਚਿੰਤਨ, ਫਿਕਰ, ਯਥਾ- ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ।

**ਚਿਤਵੈ** ਦੇ. ਸੰਕਲਪ ਕਰੇ ਹੈਂ।

**ਚਿੰਤਾ** ਸੰ. ਫਿਕਰ, ਕੈਸੇ ਕਰੇ ਕਿਆ ਕਰੇ ਐਸਾ ਚਿੰਤਨ, ਯਥਾ- ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।

**ਚਿਤਾ** ਸੰ. ਚਿਖਾ।

**ਚਿਤਾਸਾ** ਗੁ. ਚਿਤ ਮੇਂ, ਯਥਾ- ਜਿਨ੍ ਹਰਿ ਪ੍ਰੀਤਿ ਚਿਤਾਸਾ।

**ਚਿੰਤਾਮਣਿ** ਸੰ. ਚਿੰਤਨ ਕਰਨੇ ਮਾਤ੍ਰ ਸੇ ਬਾਂਛਿਤ ਵਸਤੁ ਕੇ ਦੇਨੇ ਵਾਲੀ ਮਣਿ ਪਾਰਸ ਪਥਰ ਵਤ ਇਸ ਕਾ ਭੀ ਨਾਉ ਹੀ ਪ੍ਰਸਿਧ ਹੈ, ਦੇਖੀ ਕਾਹੂ ਨੇ ਹੀ ਹੋਗੀ, ਯਥਾ- ਚਿੰਤਾਮਣਿ ਕਰੁਣਾ ਮਏ।

**ਚਿਤਾਰਾ** ਦੇ. ਯਾਦ ਕੀਆ, ਯਥਾ- ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ।

**ਚਿਤੇਹੀਆ** ਪੰ. ਯਾਦਹਾ।

**ਚਿਤੇਰੇ** ਗੁ. ਸਿਮਰਨ ਕੀਆ, ਯਾਦ ਕੀਆ, ਯਥਾ- ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ। ਮੂਰਤਾਂ ਲਿਖਨੇ ਵਾਲੇ, ਯਥਾ- ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ।

**ਚਿਤੈ** ਦੇ. ਈਸ ਕੇ ਸੰਕਲਪ ਕੇ, ਯਥਾ- ਚਿਤੈ ਅੰਦਰਿ ਸਭੁ ਕੋ। ਈਸ ਕੇ ਸੰਕਲਪ ਕੇ ਅੰਦਰ ਸਭ ਕਰਮਾਦਿਕ ਹੈਂ, ਜਿਨ ਕਾ ਫਲ ਦੇਨੇ ਹੇਤ ਸਭ ਕੋ ਈਸ ਅਪਨੀ ਦ੍ਰਿਸ਼ਟੀ ਤਲੇ ਲਖਾਵੇ ਹੈ। ਚਿਤ੍ਰੇ ਹੂਏ, ਯਥਾ- ਚਿਤੇ ਦਿਸਹਿ ਧਉਲਹਰ।

**ਚਿਤੈਨੀ** ਗੁ. ਚਿਤਵੀ, ਯਥਾ- ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ। ਜੋ ਮੇਰੇ ਚਿਤ ਨੇ ਨਹੀਂ ਚਿਤਵੀ।

**ਚਿਥਿਆ** ਪੰ. ਕੁਟ ਫਾਟ ਕੇ ਟੁਕੜੇ ਕੀਆ, ਯਥਾ- ਸਣੁ ਕੀਸਾਰਾ ਚਿਥਿਆ।

**ਚਿੰਦ** ਗੁ. ਨਿੰਦਾ ਕਾ ਚਿੰਤਨ, ਖਿਆਲ ਕਰਨਾ, ਯਥਾ- ਨਿੰਦ ਚਿੰਦ ਕਉ ਬਹੁਤੁ ਉਮਾਹਿਓ। ਚਿੰਤਾ, ਯਥਾ- ਜਿਸਹਿ ਹਮਾਰੀ ਚਿੰਦ।

**ਚਿੰਦਿਅੜਾ** ਪੰ. ਮਨ ਬਾਂਛਿਤ, ਯਥਾ- ਮਨਿ ਚਿੰਦਿਅੜਾ ਫਲੁ ਪਾਇਆ।

**ਚਿੰਦਿਆ** ਗੁ. ਬਾਂਛਿਤ, ਚਾਹਿਆ, ਯਥਾ- ਮਨ ਚਿੰਦਿਆ ਸਤਿਗੁਰੂ ਦਿਵਾਇਆ। ਸੰ. ਚਿੰਤਤ।

**ਚਿੰਦੇ** ਗੁ. ਚਿੰਤਤ, ਬਾਂਛਿਤ, ਯਥਾ- ਮਨ ਚਿੰਦੇ ਫਲ ਪਾਈਅਹਿ। ਮਨ ਬਾਂਛਿਤ ਫਲ ਪਾਵਤਾ ਹੈ।

**ਚਿਨਾਰ** ਦੇ. ਪੂ. ਪਹਚਾਨ, ਜੈਸੇ- ਇਕ ਬਿਨ ਦੂਸਰ ਸੋ ਨ ਚਿਨਾਰ।

**ਚਿਨੀ** ਫਾ. ਐਸੇ, ਯਥਾ- ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ।

**ਚਿਰਗਟ** ਗੁ. ਪਿੰਜਰਾ, ਯਥਾ- ਚਿਰਗਟ ਫਾਰਿ ਚਟਾਰਾ ਲੈ ਗਇਓ। ਚਿੜੀ ਗ੍ਰਹ।

**ਚਿਰੰਕਾਲ** ਸੰ. ਬਹੁਤ ਕਾਲ, ਯਥਾ- ਚਿਰੰਕਾਲ ਇਹ ਦੇਹ ਸੰਜਰੀਆ।

**ਚਿਰਾਣੇ** ਦੇ. ਪੁਰਾਣੇ, ਚਿਰਕਾਲ ਕੇ, ਜੈਸੇ- ਨਾਸੇ ਪਾਪ ਚਿਰਾਣੇ। ਪੁਨਾ- ਮਿਲੇ ਪੁਰਖ ਚਿਰਾਣੇ। ਚਿਰੰਕਾਲ ਕਾ, ਯਥਾ- ਸਾਚਾ ਮਹਲੁ ਚਿਰਾਣਾ।

**ਚਿਰਾਨੋ** ਗੁ. ਚਿਰੰਕਾਲ ਕਾ।

**ਚਿਰਾਂਮੰ** ਗੁ. ਚਿਰੰਕਾਲ, ਯਥਾ- ਭਗਵਤ ਬੰਦ ਚਿਰਾਂਮੰ।

**ਚਿਰੀਆ** ਗੁ. ਦਾਸੀ ਹਾਂ, ਯਥਾ- ਭੂਲ ਚੂਕ ਤੇਰੀ ਪ੍ਰਿਅ ਚਿਰੀਆ। ਦੇ. ਚਿੜੀਆਂ।

**ਚਿਰੁ ਜੀਵਨੁ** ਦੇ. ਚਿਰੰਜੀਵੀ ਪੁਤ੍ਰ, ਯਥਾ- ਚਿਰੁ ਜੀਵਨੁ ਉਪਜਿਆ ਸੰਜੋਗਿ।

**ਚਿਲਕਿਓਨੁ** ਗੁ. ਅਪਨੀ ਕਿਰਣੋਂ ਸਾਥ ਆਵਾਗਵਨ ਸੰਸਾਰ ਵਿਖੇ ਪ੍ਰਕਾਸ ਕੀਏ, ਯਥਾ- ਕਰਿ ਆਵਾ ਗਉਣੁ ਚਿਲਕਿਓਨੁ।

**ਚਿਲਿਮਿਲਿ** ਗੁ. ਜਲਾਦਿਕੋਂ ਮੇਂ ਪੜ ਭੀਤਾਦਿਕੋਂ ਪੈ ਪ੍ਰਤੀਤ ਹੋਤਾ ਚੰਚਲ ਪ੍ਰਕਾਸ, ਯਥਾ- ਚਿਲਿਮਿਲਿ ਬਿਸੀਆਰ ਦੁਨੀਆ ਫਾਨੀ। ਦੇ. ਝਿਲਮਿਲ।

**ਚਿੜੀ** ਦੇ. ਚਿੜੀ ਨਾਮ ਸੇ ਪ੍ਰਸਿਧ ਪੰਖੀ, ਯਥਾ- ਚਿੜੀ ਚੁਹਕੀ। ਚਿੜੀ ਬੋਲੀ।

**ਚੀਕੜ** ਦੇ. ਕੀਚ, ਪੰਕ ਅਰਥਾਤ ਦੇਹ ਕੇ ਨਾਸ ਭਏ, ਯਥਾ- ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ।

**ਚੀਸਾ** ਗੁ. ਚੀਕਾਂ, ਉੱਚੀਆਂ ਅਵਾਜਾਂ, ਯਥਾ- ਹਸਤਿ ਭਾਗਿ ਕੈ ਚੀਸਾ ਮਾਰੈ।

**ਚੀਜ** ਪੰ. ਵਸਤੁ, ਯਥਾ- ਚੀਜ ਕਰਨਿ ਮਨਿ ਭਾਵਦੇ। ਪੁਨਾ- ਏਕੁ ਚੀਜੁ ਮੁਝੈ ਦੇਹਿ।

**ਚੀਜੀ** ਪੰ. ਸੁਵਰਣ ਚਾਂਦੀ ਰਤਨਾ ਦੀ ਪਦਾਰਥੋਂ ਸੇ, ਯਥਾ- ਧਰਤੀ ਚੀਜੀ ਕਿ ਕਰੇ।

**ਚੀਟੀ** ਦੇ. ਕੀੜੀ, ਯਥਾ- ਚੀਟੀ ਹੋਇ ਚੁਨਿ ਖਾਈ।

**ਚੀਟੀ ਹੋ** ਗੁ. ਸੇਵਕ ਹੋ ਕੇ ਅਰਥਾਤ ਨਿਮ੍ਰਤਾ ਵਾਲਾ ਹੋ ਕੇ, ਜੈਸੇ- ਚੀਟੀ ਹੋ ਚੁਨ ਖਾਹ।

**ਚੀਤਾ** ਦੇ. ਚਿਤਾ ਸਿਕਾਰੀ ਪਸੁ, ਜੈਸੇ- ਮਾਯਾ ਮਹਬੰਤਰ ਅਰ ਚੀਤਾ। ਚਿਤ, ਜੈਸੇ- ਪੜੇ ਲਾਇ ਚੀਤਾ। ਸਿੰਘ ਸੰਕੇਤ ਮੁਤ੍ਰ, ਜੈਸੇ- ਚੀਤਾ ਭਜਾਇ ਆਵਾਂ।

**ਚੀਤਿ** ਦੇ. ਯਾਦ, ਯਥਾ- ਚੀਤਿ ਆਵੈ ਤਾਂ ਸਭਿ ਦੁਖ ਭੰਜ। ਚਿੱਤ,

ਯਥਾ- ਨਿਰਮਲ ਹੋਇ ਤੁਮ੍ਹਾਰਾ ਚੀਤ। ਯਮਰਾਜ ਕਾ ਮੁਨਸੀ, ਯਥਾ- ਅਨਿਕ ਗੁਪਤ ਪ੍ਰਗਟੇ ਤਹ ਚੀਤ। ਅਨੇਕ ਹੀ ਤਹਾ ਚਿੱਤ੍ਰ ਗੁਪਤ ਪ੍ਰਗਟ ਹੁਏ। ਚਿਤਵਤਾ, ਯਥਾ- ਮਨੂਆ ਡੋਲੈ ਚੀਤਿ ਅਨੀਤਿ। ਚਿੰਤਨ ਕਰਤਾ ਹੂਆ ਅਨਜਾਯ ਕੋ।

**ਚੀਥਰਾ** ਪੰ. ਲੀਰ ਅਰਥਾਤ ਮਾਯਕ ਸਰੀਰ, ਯਥਾ- ਚਾਕੀ ਕਾ ਚੀਥਰਾ। ਮਾਯਾ ਰਚਿਤ ਸਰੀਰ ਕੋ।

**ਚੀਨ** ਸੰ. ਚੀਨ ਦੇਸ ; ਚੀਨ ਦੇਸ ਕੇ ਮਨੁਖ ; ਚੀਨ ਕਾ ਬਸਤ੍ਰ ; ਚੀਣਾ ਅੰਨ ; ਸੂਤ੍ਰ ; ਮ੍ਰਿਗ ਬਿਸੇਖ ; ਪਤਾਕਾ ; ਸਿਕਾ ਧਾਤੁ। ਦੇ. ਪਹਚਾਨ, ਜੈਸੇ- ਆਤਮ ਚੀਨ ਭਏ ਨਿਰੰਕਾਰੀ।

**ਚੀਨਸਿ** ਦੇ. ਜਾਣਤੇ, ਯਥਾ- ਜਬ ਨਹੀ ਚੀਨਸਿ ਆਤਮ ਰਾਮ।

**ਚੀਨਤ** ਦੇ. ਪਹਚਾਨਤੇ, ਯਥਾ- ਚੀਨਤ ਨਾਹੀ ਸੰਤ।

**ਚੀਨ੍ਹਿਆ** ਦੇ. ਜਾਨਿਆ, ਯਥਾ- ਜਿਨਿ ਆਤਮ ਤਤੁ ਨ ਚੀਨ੍ਹਿਆ।

**ਚੀਰ** ਸੰ. ਬਸਤ੍ਰ ਕਾ ਟੁਕੜਾ ; ਸੀਸਾ ਧਾਤੁ ; ਬ੍ਰਿਛ ਕਾ ਛਿਲਕਾ ; ਬਸਤ੍ਰ, ਯਥਾ- ਫਾਟੇ ਚੀਰ ਸੀਗਾਰ।

**ਚੀਰਾ** ਗੁ. ਬ੍ਰਹਮਾਂਡ ਰੂਪ ਬਸਤ੍ਰ ਕੇਤਾ ਬਡਾ ਹੈ, ਯਥਾ- ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ। ਦੇ. ਜਖਮ ; ਪ੍ਰਮੇਸ੍ਵਰ ਕੇ ਹੁਕਮੋ ਵਾਲਾ ਦਫਤਰ।

**ਚੀਰੀ** ਦੇ. ਚਿਠੀ, ਖਤ, ਯਥਾ- ਚੀਰੀ ਆਈ ਢਿਲ ਨ ਕਾਊ।

**ਚੀਰੀਆ** ਦੇ. ਚਿਠੀਆਂ।

**ਚੀਰੈ** ਗੁ. ਦਫਤਰ, ਯਥਾ- ਧੁਰਿ ਫਾਟੇ ਚੀਰੈ। ਕੱਟੇ, ਯਥਾ- ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ।

**ਚੀਲ** ਦੇ. ਇੱਲ ਪੰਛੀ।

**ਚੁਈਜੈ** ਗੁ. ਚੁਆਈਤੀ ਹੈ, ਯਥਾ- ਅੰਮ੍ਰਿਤੁ ਦਸਵੇ ਚੁਈਜੈ।

**ਚੁਹ ਚੁਹਾ** ਗੁ. ਗਹਰਾ ਸੁਰਖ।

**ਚੁਹਕੀ** ਪੰ. ਬੋਲੀ ਪੰਛੀਯੋਂ ਕੇ ਬੋਲਨੇ ਮੇਂ ਚੁਹਕਨਾ ਪ੍ਰਸਿਧ ਹੈ, ਯਥਾ- ਚਿੜੀ ਚੁਹਕੀ ਪਹੁ ਫੁਟੀ।

**ਚੁਕਈ** ਗੁ. ਦੂਰ ਨਹੀਂ ਹੋਤਾ, ਯਥਾ- ਆਵਣੁ ਜਾਣੁ ਨ ਚੁਕਈ।

**ਚੁਕੀ** ਗੁ. ਉਸ ਵਸਤੁ ਕੇ ਗ੍ਯਾਨ ਸੇ ਖਾਲੀ ਰਹਿ ਗਈ, ਯਥਾ- ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ।

**ਚੁਕੇ** ਪੰ. ਦੂਰ ਹੋਵੇ, ਜੈਸੇ- ਚੁਕੇ ਨ ਭੰਗਾ। ਚੁਕਤਾ ਨਹੀਂ ਸੰਸਾਰ ਮੇਂ ਜਨਮ ਲੇਨਾ ਔ ਨਾਸ ਹੋਨਾ।

**ਚੁਖ** ਪੰ. ਰੰਚਕ, ਅਲਪ ਕਾਲ, ਯਥਾ- ਬਿੰਦ ਬਿੰਦ ਚੁਖ ਚੁਖ ਹੋਇ। ਪੁਨਾ- ਜੇ ਗਲੁ ਕਪਹਿ ਚੁਖ। ਸਜਾਹ ਰਗ ਪਾਸੋ ਕਿੰਚਤ ਗਲਾ ਕਾਟ ਦੇਤੀ ਦਾਈ।

**ਚੁਖਾ** ਪੰ. ਰੰਚਕ, ਅਲਪ, ਜੈਸੇ- ਅਵਰੀ ਦੇ ਚਿਤ ਚਾਉਨ ਚੁਖਾ।

**ਚੁਗਿ** ਪੰ. ਚੁਗਤੇ ਹੁਏ, ਯਥਾ- ਚੁਗੈ ਚੁਗਿ ਚੁਗਿ ਚਿਤਾਰੇ।

**ਚੁਗੈ** ਗੁ. ਮਧੁਰਾਦਿ ਰਸੋਂ ਕੋ ਚੁਗਦੇ ਹੈਂ, ਯਥਾ- ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ।

**ਚੁੰਙਿਆ** ਗੁ. ਚੁਣਨਾ ਦੈਵ ਗੁਣੋਂ ਕੋ ਇਕਤ੍ਰ ਕਰਨਾ, ਯਥਾ- ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ।

**ਚੁਤ** ਦੇ. ਖਰਨੇ ਵਾਲਾ ਨਾਸ ਹੋਨੇ ਵਾਲਾ। ਸੰ. ਚਜੁਤ।

**ਚੁਨਾ** ਫਾ. ਐਸਾ ਤੁਲਜ ਉਸ ਕੀ।

**ਚੁਨਿ** ਦੇ. ਚੁਗ, ਬੀਨ, ਯਥਾ- ਕੰਦ ਮੂਲੁ ਚੁਨਿ ਖਾਇਆ।

**ਚੁਨੀ** ਫਾ. ਐਸੇ।

**ਚੁਪ** ਪੰ. ਮੌਨ, ਜੈਸੇ- ਚੁਪ ਕਰਾ ਤਾ ਆਖੀਐ ਇਤ ਘਟ ਨਾਹੀ।

**ਚੁਪੈ** ਗੁ. ਨਾ ਬੋਲਨੇ ਸੇ, ਯਥਾ- ਚੁਪੈ ਚੁਪ ਨ ਹੋਵਈ।

**ਚੁੱਭਾ** ਪੰ. ਗੋਤਾ ਮਾਰਨਾ, ਮਗਨ ਹੋਨਾ।

**ਚੁਭੈ** ਪੰ. ਧਸੇ, ਯਥਾ- ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ।

**ਚੁੰਮਾ** ਦੇ. ਚੁੰਬਨ ਕਰਾਂ, ਯਥਾ- ਚੁੰਮਾ ਪੈਰ ਮੂੰ। ਚੁੰਮੇ, ਯਥਾ- ਪੈਰ ਤਿਨ੍ਹਾ ਦੇ ਚੁੰਮਿ। ਮੁਸਲਮਾਨੋ ਕੇ ਮਤ ਮੇਂ ਚੁੰਮਨੇ ਕਾ ਮਹਾਤਮ ਹੈ, ਜੈਸੇ ਹਿੰਦੂ ਮਤ ਮੇਂ ਚਰਨ ਧੂਲੀ ਲੇਨੇ ਕਾ ਮਹਾਤਮ ਹੈ, ਇਸ ਲੀਏ ਸੇਖ ਕੇ ਬਚਨ ਮੇਂ ਚੁਮਨਾ ਲਿਖਾ ਹੈ।

**ਚੁਲੰਭੁ** ਗੁ. ਅਤਿ ਲਾਲ ਅਰਥਾਤ ਪਰਮਾਨੰਦ, ਯਥਾ- ਮਨੁ ਤਨੁ ਹੋਇ ਚੁਲੰਭੁ।

**ਚੁਲੀਆ** ਦੇ. ਮੁਖ ਕੀ ਸੁਧੀ ਹੇਤ ਮੁਖ ਮੇਂ ਜਲ ਪਾਵਨਾ, ਯਥਾ- ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ। ਪਵਿਤ੍ਰ ਕਰਨੇ ਵਾਲੀ ਅਰਥਾਤ ਮਨ ਕੋ ਪਵਿਤ੍ਰ ਕਰਨੇ ਵਾਲੀ ਵਹੁ ਚੁਲੀਆ ਹੈ। ਜੋ ਉਸ ਸਬਦ ਮੇਂ ਸੁਰਤੇ ਚੁਲੀ ਗਿਆਨ ਕੀ ਆਦਿ ਲਿਖੀਆ ਹੈ ; ਸੰਧਯਾਦਿਕੋਂ ਵਾਸਤੇ ਹਾਥ ਮੇਂ ਜਲ ਲੇਨਾ।

**ਚੂੰ** ਫਾ. ਮਾਨਿੰਦ, ਤੁਲਜ, ਯਥਾ- ਚੂੰ ਸਵਦ ਤਕਬੀਰ।

**ਚੂਹੜੀ** ਪੰ. ਚੰਡਾਲੀ, ਯਥਾ- ਪਰ ਨਿੰਦਾ ਘਟ ਚੂਹੜੀ।

**ਚੂਹਾ** ਪੰ. ਮੂਸਾ, ਯਥਾ- ਜਮੁ ਚੂਹਾ ਕਿਰਸ ਨਿਤ ਕੁਰਕਦਾ।

**ਚੂਕ** ਦੇ. ਭੂਲੀ, ਯਥਾ- ਭੂਲ ਚੂਕ ਤੇਰੀ ਪ੍ਰਿਅ ਚਿਰੀਆ।

**ਚੂਕਈ** ਦੇ. ਹਟਤਾ, ਜੈਸੇ- ਆਵਾ ਗਵਣ ਨ ਚੂਕਈ।

**ਚੂਕਹਿ** ਦੇ. ਹਮ ਬਾਰ ਬਾਰ ਭੂਲਤੇ ਹੈਂ, ਯਥਾ- ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ।

**ਚੂਕਿਆ** ਗੁ. ਚੁਕੇ ਹੈਂ।

**ਚੂਕੈ** ਦੇ. ਭੂਲੇ ; ਬੀਤ ਜਾਵੇਗੀ, ਯਥਾ- ਜਬ ਚੂਕੈਗੀ ਸਾਰੀ। ਜਬ ਸਭ ਅਵਸਥਾ ਬੀਤ ਜਾਵੇਗੀ। ਪੁਨਾ- ਜਬ ਚੂਕੈ ਪੰਚ ਧਾਤੁ ਕੀ ਰਚਨਾ।

**ਚੂਕੈਗੀ ਸਾਰੀ** ਵਾ. ਸਮਗ੍ਰ ਉਮਰ ਬੀਤ ਜਾਵੇਗੀ।

**ਚੂਗਹਿ** ਗੁ. ਜੀਵ ਪੰਖੀ ਮਧੁਰਾਦੀ ਰਸੋਂ ਕੋ ਪ੍ਰੇਮ ਸੇ ਚੁਗਤੇ ਹੈਂ, ਯਥਾ- ਚੂਗਹਿ ਚੋਗ ਅਨੰਦ ਸਿਉ ਜੁਗਤਾ।

**ਚੂਨਰੀ** ਦੇ. ਚੁੰਨੀ ਅਰਥਾਤ ਬੁਧੀ, ਜੈਸੇ- ਰੰਗ ਭਰੀ ਚੂਨਰੀ। ਪ੍ਰਭੂ ਪ੍ਰਮੇਸ੍ਰ ਕੇ ਆਨੰਦ ਮੇਂ ਭੀਗੀ ਹੈ ਬੁਧੀ।

**ਚੂਨੜੀ** ਦੇ. ਇਸਤ੍ਰੀ ਕਾ ਦੁਪਟਾ।

**ਚੂਨਾ** ਦੇ. ਆਟਾ, ਯਥਾ- ਦੁਇ ਸੇਰ ਮਾਂਗਉ ਚੂਨਾ। ਪਥਰ ਕਾ ਚੂਨਾ।

**ਚੂਨੁ** ਦੇ. ਚੂਨਾ, ਆਟਾ, ਯਥਾ- ਚਾਕੀ ਚਾਟਹਿ ਚੂਨੁ ਖਾਹਿ।

**ਚੂਪ** ਪੰ. ਚੂਸ, ਜੈਸੇ- ਤੂੰ ਆਂਬ ਚੂਪ। ਦੇ. ਪ੍ਰ. ਚੁਪ।

**ਚੂਰਨ** ਦੇ. ਆਟਾ ; ਚੂਰਨ ਦਵਾਈ।

**ਚੂਰਿਆ** ਪੰ. ਚੂਰਣ ਕੀਤਾ।

**ਚੂਰੇ** ਦੇ. ਚੂਰਨ ਕਰੇ, ਯਥਾ- ਪੰਚ ਜੋ ਚੂਰੇ। ਕਾਮਾਦਿ ਪਾਂਚੋਂ ਕੋ ਜੋ ਚੂਰਨ ਕਰੇ।

**ਚੂਲ੍ਹੇ** ਦੇ. ਚੁੱਲੇ, ਯਥਾ- ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ। ਪੰ. ਤਖਤਿਓਂ ਕੇ ਚੂਲੇ।

**ਚੂੜਾ** ਸੰ. ਮੋਰ ਕੀ ਸਿਖਾ ; ਸਿਖਾ ਮਾਤ੍ਰ ; ਇਸਤ੍ਰੀਯੋਂ ਕੀ ਬਾਹ ਕਾ ਚੂੜਾ ਭੂਖਣ, ਯਥਾ- ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ। ਭੂਖਣ ਮਾਤ੍ਰ ; ਕੂਪ ; ਬਾਲਕੋਂ ਕਾ ਭੱਦਣ, ਸੂਤਕ ਕੇ ਬਾਲੋ ਕਾ ਮੁੰਡਾਨਾ ਪਹਲੇ ਬਰਸ ਮੇਂ ਵਾ ਤੀਸਰੇ ਬਰਸ ਮੇਂ, ਯਹ ਸੰਸਕਾਰ ਕਰਨਾ ਮਨੁ ਲਿਖਤੇ ਹੈਂ। ਗੁਰੂ ਦਸਮ ਜੀ ਕੇ ਮਤ ਮੇਂ ਇਸ ਸੰਸਕਾਰ ਕੇ ਸਥਾਨ ਮੰਤ੍ਰੇ ਹੂਏ ਜਲ ਸਾਥ ਕੇਸੋਂ ਕਾ ਸਨਾਨ ਕਰਾਨਾ ਚਾਹੀਏ ; ਸੂਤਕ ਕੇ ਬਾਲ ਮੁੰਡਾਨੇ ਸੇ ਹੀ ਸੁਭ ਹੋਵੇ, ਤਬ ਸੂਤਕ ਕਾ ਸਰੀਰ ਭੀ ਨਾ ਰਖਨਾ ਚਾਹੀਏ ਇਸ ਲੀਏ ਕੇਸ ਸਨਾਨ ਹੀ ਸਾਰ ਹੈ।

**ਚੇਟਕ** ਦੇ. ਇੰਦ੍ਰਜਾਲ ਕੀ ਵਿਦਯਾ ਤੁਲ ਸਿਧਾਈਆਂ, ਯਥਾ- ਕਿਨਹੀ ਸਿਧ ਬਹੁ ਚੇਟਕ ਲਾਏ।

**ਚੇਟਕਈਆ** ਗੁ. ਚੇਟਕੀ ਕੇ, ਯਥਾ- ਚੇਟਕ ਚੇਟਕਈਆ।

**ਚੇਟਕੀ** ਇੰਦ੍ਰ ਜਾਲੀਆ।

**ਚੇਤਉ** ਗੁ. ਯਾਦ ਕਰੋ।

**ਚੇਤਹੁ** ਗੁ. ਯਾਦ ਕਰੋ, ਯਥਾ- ਚੇਤਹੁ ਬਾਸੁਦੇਉ ਬਨਵਾਲੀ।

**ਚੇਤਨ** ਸੰ. ਜੀਵ ; ਪ੍ਰਮੇਸ੍ਰ ; ਚੇਤਨਾ ਵਾਲੇ ਕਾ ਨਾਮ ਚੇਤਨ ਹੈ, ਨਯਾਯ ਮਤ ਮੇਂ ਜੀਵ ਮੇਂ ਅਨਿਤ੍ਯ ਬੁਧੀ ਹੈ। ਈਸ੍ਰ ਮੇਂ ਨਿਤ੍ਯ ਬੁਧੀ ਹੈ। ਬੁਧੀ ਗ੍ਯਾਨ ਕਾ ਨਾਮ ਹੈ। ਜੀਵ ਮੇਂ ਗ੍ਯਾਨ ਪ੍ਰਤਖ੍ਯਾਦਿ ਪ੍ਰਮਾਣੋਂ ਸੇ ਉਪਜੇ ਹੈ ਯਾ ਤੇ ਅਨਿਤ੍ਯ ਹੈ। ਪ੍ਰਮੇਸ੍ਰ ਕਾ ਗ੍ਯਾਨ ਸ੍ਵਤ: ਸਿਧ ਹੈ, ਯਾ ਤੇ ਨਿਤ੍ਯ ਹੈ। ਜੀਵ ਸੁਖੁਪਤੀ ਔ ਮੁਕਤੀ ਸਮੇਂ ਜੜ ਹੋਤਾ ਹੈ। ਆਨ ਕਾਲੋਂ ਮੇਂ ਚੇਤਨ ਹੋਤਾ ਹੈ। ਈਸ੍ਰ ਸਦਾ ਚੇਤਨ ਹੈ। ਬੇਦਾਂਤ ਮਤ ਮੇਂ ਗ੍ਯਾਨ ਦੋ ਪ੍ਰਕਾਰ ਕਾ ਹੈ। ਏਕ ਮਾਯਿਕ, ਦੂਸਰਾ ਸ੍ਵਰੂਪ। ਮਾਯਿਕ ਗ੍ਯਾਨ ਜੀਵੋਂ ਮੇਂ ਅੰਤਹ ਕਰਣ ਕੀ ਬ੍ਰਿਤੀ ਰੂਪ ਹੈ। ਈਸ੍ਰ ਮੇਂ ਮਾਯਾ ਕੀ ਬ੍ਰਿਤੀ ਰੂਪ ਹੈ। ਸੁਖੁਪਤੀ ਕਾਲ ਮੇਂ ਬ੍ਰਿਤੀ ਰੂਪ ਗ੍ਯਾਨ ਜੀਵ ਮੇਂ ਨਹੀਂ ਰਹੇ। ਸ੍ਵਰੂਪ ਗ੍ਯਾਨ ਸਦਾ ਬਨਾ ਰਹੇ ਹੈ। ਤਿਸੀ ਕੇ ਪ੍ਰਭਾਵ ਸੇ ਸੁਖੁਪਤੀ ਕਾਲ ਸੇ ਉਠ ਕਰ ਮੈਂ ਸੁਖੀ ਸੋਯਾ ਕੁਛ ਨ ਜਾਨਤਾ ਭਯਾ। ਐਸੇ ਜੀਵ ਸੁਖ ਕਾ ਅਰ ਅਗ੍ਯਾਨ ਕਾ ਸਿਮਰਨ ਕਰੇ ਹੈ। ਵਹੀ ਸ੍ਵਰੂਪ ਗ੍ਯਾਨ ਮੁਕਤੀ ਕਾਲ ਮੇਂ ਬਨਾ ਰਹੇ ਹੈ।

**ਚੇਤਨਾ** ਸੰ. ਬੁਧਿ ; ਗ੍ਯਾਨ। ਦੇ. ਯਾਦ ਕਰਨਾ, ਯਥਾ- ਚੇਤਨਾ ਹੈ ਤਉ ਚੇਤ ਲੈ। ਯਾਦ ਕਰਨਾ ਹੈ, ਤੋ ਯਾਦ ਕਰ ਲੈ ਵਾ ਤੇਰੇ ਘਟ ਮੇਂ ਕੁਛ ਬੁਧੀ ਹੈ, ਤੋ ਯਾਦ ਕਰ ਲੈ।

**ਚੇਤਨੀ** ਗੁ. ਯਾਦ ਕਰਤੇ, ਯਥਾ- ਨਾਨਕ ਨਾਮੁ ਨ ਚੇਤਨੀ। ਪੁਨਾ- ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ। ਜੋ ਮੈਂਨੇ ਅਪਨੇ ਮਨ ਮੇਂ ਯਾਦ ਭੀ ਨਹੀਂ ਕਰੀਯਾਂ, ਯੇ ਬਾਤਾਂ ਕਰੋ ਵਾ ਨਾ ਕਰੋ। ਅੰਤਰਯਾਮੀ ਪ੍ਰਮੇਸ੍ਰ ਨੇ ਵਹੀ ਕਰ ਦਈਆ।

**ਚੇਤਾ** ਗੁ. ਚਿੰਤਨ, ਯਥਾ- ਚੇਤਾ ਵਤ੍ਰੁ। ਪ੍ਰਮੇਸ੍ਰ ਕਾ ਚਿੰਤਨ ਕਰਨਾ ਵਤ੍ਰੁ ਹੈ। ਪੰ. ਯਾਦ, ਜੈਸੇ- ਅਮੁਕ ਬਾਤ ਕਾ ਚੇਤਾ ਹੈ ਯਾ ਨਹੀਂ।

**ਚੇਤਾ ਈ** ਗੁ. ਚੇਤਨਤਾਈ ਹੈ ਅਰਥਾਤ ਬੁਧੀ ਹੈ ਤਬ, ਯਥਾ- ਚੇਤਾ ਈ ਤਾਂ ਚੇਤਿ। ਜੇਕਰ ਬੁਧੀ ਹੈ ਤਬ ਯਾਦ ਕਰ ਵਾ ਗਰਭ ਸੇ ਨਿਕਸ ਭਜਨ ਕਰੂੰਗਾ, ਇਸ ਕਹੇ ਕਾ ਚੇਤਾ ਹੈ ਤਬ ਯਾਦ ਕਰ ਵਾ ਜੇਕਰ ਹੇ ਜੀਵ ਤੇਰੇ ਕੋ ਤਾਰਨੇ ਹੇਤ ਪ੍ਰਮੇਸ੍ਰ ਯਾਦ ਕਰਾਵੇ ਤਬ ਯਾਦ ਕਰ।

**ਚੇਤਾਵਤ੍ਰੁ** ਦੇ. ਸਰਬਦਾ ਹਰਿ ਨਾਮ ਯਾਦ ਕਰਨਾ, ਯਹ ਨਾਮ ਬੀਜ ਬੋਨੇ ਕੀ ਵਤ੍ਰੁ ਸਮਾ ਹੈ, ਯਥਾ- ਚੇਤਾ ਵਤ੍ਰੁ ਵਖਤ ਸੰਜੋਗੁ।

**ਚੇਤਾਵਨੀ** ਗੁ. ਚਿਤਵਨੀ ਚਿੰਤਾ, ਯਥਾ- ਇਹ ਚੇਤਾਵਨੀ ਮਤ ਸਹਸਾ ਰਹਿ ਜਾਇ।

**ਚੇਤਾਵੇ** ਗੁ. ਚਿੰਤਨ ਕਰਾਵੇ।

**ਚੇਤਿ** ਦੇ. ਸਿਮਰਨ ਕਰ, ਯਾਦ ਕਰ, ਯਥਾ- ਹਰਿ ਨਾਮੁ ਚੇਤਿ। ਚੇਤ੍ਰ ਮਹੀਨਾ, ਯਥਾ- ਚੇਤਿ ਗੋਵਿੰਦੁ ਅਰਾਧੀਐ। ਚਿਤ੍ਰਾ ਨਛਤ੍ਰ ਸੰਯੁਕ੍ਤ ਪੁਨ੍ਯਾ ਵਾਲੇ ਮਹੀਨੇ ਕਾ ਨਾਮ ਚੈਤ੍ਰ ਹੈ। ਚੈਤ੍ਰ ਸੇ ਚੇਤ ਬਨਾ ਹੈ। ਸੰ. ਯਦੀ, ਜੇਕਰ।

**ਚੇਤੀਐ** ਦੇ. ਪ੍ਰਮੇਸ੍ਰ ਕੋ ਯਾਦ ਕਰੀਏ, ਯਥਾ- ਅਗੋ ਦੇ ਜੇ ਚੇਤੀਐ।

**ਚੇਤੁ** ਗੁ. ਚਿਤ੍ਰ ਗੁਪਤ, ਯਥਾ- ਕਾਇਥੁ ਚੇਤੁ ਨਾਉ।

**ਚੇਤੋ** ਦੇ. ਯਾਦ ਕਰੋ।

**ਚੇਰਿ** ਦੇ. ਸੇਵਕ, ਯਥਾ- ਸਰਬ ਜੋਤਿ ਨਾਮੈ ਕੀ ਚੇਰਿ। ਸਭੀ ਪ੍ਰਤਾਪ ਨਾਮ ਕੇ ਦਾਸ ਹੈਂ ਭਾਵ ਨਾਮ ਸੇ ਹੋਤੇ ਹੈਂ। ਦਾਸੀ, ਯਥਾ- ਮੈ ਜੇਹੀ ਘਣ ਚੇਰੀ ਰਾਮ।

**ਚੇਰੀ ਸਕਤਿ** ਵਾ. ਲਛਮੀ ਇਸਤ੍ਰੀ ਨੇ, ਯਥਾ- ਚੇਰੀ ਸਕਤਿ ਜੀਤਿ ਲੇ ਭਵਨੁ।

**ਚੇਰੀਆ** ਦੇ. ਇਸਤ੍ਰੀਆਂ।

**ਚੇਰੁਲੀ** ਗੁ. ਦਾਸੀ, ਯਥਾ- ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ।

**ਚੇਲਾ** ਦੇ. ਸਿਖ੍ਯ, ਜੈਸੇ- ਜੋ ਗੁਰ ਗੋਪੇ ਆਪਣਾ ਕਿਉ ਸਿਝੇ ਚੇਲਾ।

**ਚੈਤ੍ਰ** ਸੰ. ਚਿਤ੍ਰ ਨਛਤ੍ਰ ਯੁਤ ਪੁਨ੍ਯ ਵਾਲਾ ਮਹੀਨਾ।

**ਚੈਨ** ਦੇ. ਸਾਂਤਿ, ਯਥਾ- ਗੁਨ ਗਾਵਤ ਸੁਖ ਚੈਨ।

**ਚੈਲ** ਸੰ. ਬਸਤ੍ਰ।

**ਚੋ** ਦੇ. ਦ. ਕਾ, ਯਥਾ- ਸੰਤ ਚੋ ਮਾਰਗੁ।

**ਚੋਆ** ਗੁ. ਚੰਦਨ ਕਾ ਅਤਰ, ਸੰਦਲ ਕਾ ਤੇਲ। ਚੰਦਨ ਕਾ ਅਤਰ ਬਡੀ ਸੁਗੰਧੀ ਵਾਲਾ ਹੋਤਾ ਹੈ। ਉਸੀ ਅਤਰ ਮੇਂ ਜਿਸ ਫੂਲ ਕੇ ਦੁਬਾਰੇ ਤਿਬਾਰੇ ਨਿਕਾਸੇ ਅਰਕ ਕੀ ਭਾਵਨਾ ਦਈ ਜਾਵੇ, ਉਸੀ ਵਸਤੁ ਕਾ ਅਤਰ ਬਨ ਜਾਤਾ ਹੈ। ਕਾਹੂ ਆਨ ਵਸਤੁ ਕੀ ਸੁਗੰਧੀ ਨਾ ਮਿਲਾਈ ਜਾਵੇ, ਤਬ ਕੇਵਲ ਚੰਦਨ ਕਾ ਚੋਆ ਬਨਾ ਰਹਤਾ ਹੈ। ਲਗਾਨੇ ਸੇ ਸਰੀਰ ਕੋ ਆਨੰਦ ਕਰਤਾ ਹੈ। ਇਸੀ ਲੀਏ ਰਸੀਏ ਪੁਰਖ ਸੇਵਨ ਕਰਤੇ ਹੈਂ, ਯਥਾ- ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ। ਦੇ. ਛੋਟੀ ਸੀ ਨਦੀ।

**ਚੋਗ** ਦੇ. ਪੰਖੀਓਂ ਕੇ ਚੁਣਨੇ ਯੋਗ੍ਯ ਦਾਣਾ, ਯਥਾ- ਚੋਗ ਬਿਸਥਾਰੀ। ਜੀਵ ਪੰਖੀਓਂ ਕੇ ਫਸਾਨੇ ਹੇਤ ਸਬਦਾਦਿ ਵਿਖ੍ਯ ਰੂਪ ਚੋਗ ਫੈਲਾਈ ਹੈ ਪ੍ਰਮੇਸ੍ਵਰ ਨੇ।

**ਚੋਜ** ਪੰ. ਤਮਾਸਾ, ਕੌਤਕ।

**ਚੋਜੀ** ਪੰ. ਚੋਜ ਵਾਲਾ, ਯਥਾ- ਚੋਜੀ ਮੇਰੇ ਗੋਵਿੰਦਾ।

**ਚੋਟ** ਦੇ. ਸਟ, ਯਥਾ- ਚੋਟ ਸਹਾਰੈ ਸਬਦ ਕੀ। ਗੁਰੋਂ ਕੀ ਤਾੜਨਾ ਹੇਤ ਕਹੀ ਬਾਣੀ ਕੀ ਜੋ ਸੇਵਕ ਤਾੜਨਾ ਸਹਾਰੇ।

**ਚੋਟਾਂ** ਗੁ. ਸੱਟਾਂ, ਯਥਾ- ਚੋਟਾਂ ਖਾਸੀ ਕਉਣੁ।

**ਚੋਰ** ਸੰ. ਚੋਰਾਬੂਟੀ ; ਕਾਲੀ ਸਠੀ ਕੇ ਚਾਵਲ। ਦੇ. ਚੋਰੀ ਕਰਨੇ ਵਾਲਾ। ਚੋਰ ਤੀਨ ਪ੍ਰਕਾਰ ਕੇ ਹੋਤੇ ਹੈਂ, ਏਕ ਬਿਨਾ ਸੰਨ੍ਹ ਵਸਤ ਚੁਰਾਨੇ ਵਾਲੇ, ਦੂਸਰੇ ਸੰਧਿ ਚੋਰ ਜੋ ਪਾੜ ਦੇ ਕਰ ਚੁਰਾਤੇ ਹੈਂ, ਤੀਜੇ ਪ੍ਰਸਹ੍ਯ ਚੋਰ ਜੋ ਜੋਰਾਵਰੀ ਲੂਟ ਲੇਤੇ ਹੈ, ਧਾੜਵੀ ਬਟਵਾਰੇ ਉਨਕੇ ਨਾਮ ਹੈਂ, ਯਥਾ- ਅਸੰਖ ਚੋਰ ਹਰਾਮਖੋਰ।

**ਚੋਰੀ** ਦੇ. ਬਿਨਾ ਖਬਰ ਕਰੇ, ਬਿਨਾ ਆਗ੍ਯਾ ਲੀਏ, ਯਥਾ- ਚੋਰੀ ਮਿਰਗੁ ਅੰਗੂਰੀ ਖਾਇ।

**ਚੋਲ੍ਹਾ** ਪੰ. ਆਨੰਦਦਾਈ ਭੋਜਨ ਜੋ ਪਤੀ ਪੁਤ੍ਰੋਂ ਕੇ ਸਨਮੁਖ ਵਾ ਤਿਨ ਸੇ ਚੋਰੀ ਇਸਤ੍ਰੀਆਂ ਬਨਾਤੀ ਹੈਂ, ਯਥਾ- ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ। ਗ੍ਯਾਨ ਰੂਪ ਭੋਜਨ, ਯਥਾ- ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ। ਲੰਬਾ ਕੁੜਤਾ ; ਬੁਧੀ, ਯਥਾ- ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ।

**ਚੋਲੀਐ** ਪੰ. ਚੋਲੀ ਇਸਤ੍ਰੀਯੋਂ ਕੀ ਛਾਤੀ ਢਕਨੇ ਹੇਤ ਛੋਟਾ ਸਾ ਬਸਤ੍ਰ। ਗੁ. ਸੁਧ ਬੁਧੀ, ਯਥਾ- ਹਰਿ ਪ੍ਰੇਮ ਭੀਨੀ ਚੋਲੀਐ।

**ਚੋਲੇ** ਦੇ. ਲੰਬੇ ਕੁੜਤੇ। ਗੁ. ਸੁਧ ਅੰਤਹਕਰਣ, ਯਥਾ- ਜਿਨ ਕੇ ਚੋਲੇ ਰਤੜੇ ਪਿਆਰੇ। ਸੁਧ ਅੰਤਹਕਰਣ ਜਿਨ ਕੇ ਨਾਮ ਕੇ ਰੰਗ ਮੇਂ ਰੰਗੇ ਗਏ ਹੈ। ਨਿਜ ਦੇਹ ਮੇਂ, ਯਥਾ- ਪ੍ਰਗਟਿਓ ਇਹ ਚੋਲੈ।

**ਚੌਗੁਣ** ਦੇ. ਚਾਰ ਗੁਣਾ।

**ਚੌਤੁਕੇ** ਗੁ. ਪਦ ਪਦ ਮੇਂ ਰਹਾਉ ਕੀ ਤੁਕਾਂ ਬਿਨਾ ਚਾਰ ਚਾਰ ਤੁਕੋਂ ਵਾਲੇ ਸਬਦ, ਯਥਾ- ਗੁਰੁ ਗੋਵਿੰਦੁ ਸਲਾਹੀਐ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੁ ਗਿਰਾਰਥ ਕੋਸੇ ਚਕਾਰਾਦਿ ਸਬਦਾਰਥ ਰਚਨਾ ਸਮਾਪ੍ਤ ॥

# ਛ

**ਛ** ਪੰ. ਖਟ, ਯਥਾ- ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ। ਜਿਸ ਪ੍ਰਮੇਸ੍ਵਰ ਕੀ ਦਯਾ ਸੇ 'ਛ' (ਖਟ) ਤੀਹ (ਤੀਸ) ਅੰਮ੍ਰਿਤ ਵਤ ਜਿਵਾਨੇ ਕੇ ਸਾਧਨ ਭੋਜਨ ਖਾਤੇ ਹੋ। ਪੁਨਾ- ਜੁਗ ਛਤੀਹ ਗੁਬਾਰੁ ਕਰਿ ਵਰਤਿਆ।

**ਛਉੜ** ਪੰ. ਨੇਤ੍ਰੋ ਮੇ ਫੋਲੇ, ਯਥਾ- ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ।

**ਛਹਬਰ** ਪੰ. ਅਖੰਡ ਬਰਖਾ, ਝੜੀ ਪ੍ਰਸਿਧ, ਯਥਾ- ਮੀਹੁ ਵੁਠਾ ਛਹਬਰ ਲਾਇ। ਬਰਸਿਆ ਹੈ ਝੜੀ ਲਾਯ ਕੇ ਉਪਦੇਸ ਕੀਆ ਹੈ ਗੁਰੋ ਨੇ ਅਨੰਤ ਯੁਕਤੀ ਉਕਤੀਓ ਸੇ।

**ਛਹੂੰ** ਊਰਧ ਅਧੋ ਔ ਪੂਰਬਾਦਿ ਚਾਰ ਦਿਸਾਓ ਮੇਂ, ਯਥਾ- ਛਠਿ ਖਟੁ ਚਕ੍ਰ ਛਹੂੰ ਦਿਸ ਧਾਇ। ਖਟ ਚਕ੍ਰੋ ਵਾਲਾ ਦੇਹ ਖਟ ਦਿਸਾਓ ਮੇ ਬਿਚਰੇ ਹੈ।

**ਛਕ** ਪੰ. ਪੀ ਕਰ।

**ਛਕਾ** ਗੁ. ਖਟ ਸਬਦੋ ਕਾ ਸਮੁਦਾਯ।

**ਛਕੇ** ਪੰ. ਮਸਤ ਭਏ, ਯਥਾ- ਛਕਿ ਛਕੇ। ਪੀ ਕਰ ਮਸਤ ਭਏ ਭਾਵ ਬਿਰਾਜ ਗਏ।

**ਛਛਾ** ਗੁ. ਛਛੇ ਅਖਰ ਸੁ ਉਪਦੇਸ ਕਰੇ, ਯਥਾ- ਛਛਾ ਛੋਹਰੇ ਦਾਸ ਤੁਮਾਰੇ।

**ਛੰਛਾਰਾ** ਗੁ. ਛੰ- ਛੈ ਕਰਨੇ ਵਾਲਾ, ਛਾਰਾ- ਜਹਰ ਰੂਪ ਅਵਿਦਯਾ ਕੋ, ਯਥਾ- ਤਹ ਦੀਪਕ ਜਲੈ ਛੰਛਾਰਾ।

**ਛਜ** ਪੰ. ਫਬ ਕੇ, ਛਹਬਰ ਲਾਇ ਕੇ, ਯਥਾ- ਅਮਿਉ ਵੁਠਉ ਛਜਿ। ਸੂਰਪ, ਯਥਾ- ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ। ਦਾਣੇ ਛਟਨੇ ਕਾ ਛਜ ਪ੍ਰਸਿਧ।

**ਛਟੀ** ਦੇ. ਪਤਲੀ ਲਾਠੀ ; ਬਦਮਾਸ, ਜੈਸੇ- ਛਟੀ ਹੂਈ ਔਰਤ।

**ਛਟੀਐ** ਪੰ. ਗੁਣ, ਯਥਾ- ਬੰਨ੍ਹ ਭਾਰੁ ਉਚਾਇਨ੍ਹਿ ਛਟੀਐ। ਪੁਤ੍ਰਪਨੇ ਕੇ ਅਭਿਮਾਨ ਕਾ ਬੋਝਾ ਬਾਧ ਉਸੀ ਕੀ ਗੁਣ ਉਠਾਤੇ ਭਏ, ਗੁਣ ਔ ਛਟ ਪੰਜਾਬ ਮੇ ਬੈਲ ਔ ਗਧੇ ਕੀ ਬੋਰੀਓ ਕੇ ਨਾਮ ਹੈ।

**ਛਠਿ** ਦੇ. ਛਠ ਤਿਥੀ, ਖਸ੍ਟੀ ਤਿਥਿ, ਯਥਾ- ਛਠਿ ਖਟੁ ਚਕ੍ਰ ਛਹੂੰ ਦਿਸ ਧਾਇ।

**ਛਠੇ** ਦੇ. ਖਟ ਕਰਮ ਕਰ ਭਾਵ ਤੰਤ੍ਰ ਗ੍ਰੰਥੋ ਮੇ ਕਹੇ- ੧. ਸਾਂਤੀ ੨. ਬਸੀਕਾਰ ੩. ਸ੍ਤੰਭਨ ੪. ਬਿਦ੍ਵੇਖ ੫. ਉਚਾਟਨ ੬. ਮਾਰਨ, ਰੂਪ ਕਰਮ ਕਰ ਵਾ ਅਧਯਯਨ ਅਧਯਾਪਨ ਆਦਿ ਰੂਪ ਖਟ ਬਿਪ੍ਰੋ ਕੇ ਕਰਮ ਕਰ ਵਾ ੧. ਧੋਤੀ, ੨. ਬਸਤੀ, ੩. ਨੇਤੀ, ੪. ਨੌਲਕੀ, ੫. ਤ੍ਰਾਟਕ, ੬. ਕਪਾਲ ਭਾਤੀ, ਰੂਪ ਨਟੋਂ ਵਤ ਦਿਖਾਵਾ ਪਾਤ੍ਰ ਜੋਗੀ ਜਨੋ ਕੇ ਕਰਮ ਕਰ ਸਿਧ ਕਹਾਵੇ ਹੈ, ਜੈਸੇ- ਛਠੇ ਕਰਮ ਕਰ ਸਿਧ ਕਹਾਵੇ।

**ਛਡਿ** ਸੰ. ਤਯਾਗ ਕੇ, ਯਥਾ- ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ। ਆਪ ਕੋ ਤਯਾਗ ਕੋ ਆਨ ਥਾਨ ਮੇ ਨਾ ਦੇਵਾਗਾ ਚਿਤ। ਪੁਨਾ- ਛਡਿ ਖੜੋਤੇ ਖਿਨੈ ਮਾਹਿ।

**ਛੰਤ** ਗੁ. ਇਛਾਨੁਸਾਰ ਖੁਸ ਹੋ ਕੇ, ਯਥਾ- ਛੰਤ ਗੋਬਿਦ ਗੁਨ ਗਾਇ। ਛੰਤ ਸਬਦੋ ਕੀ ਏਕ ਜਾਤਿ ਹੈ। ਜੋ ਗ੍ਰੰਥ ਸਾਹਬ ਜੀ ਮੇ ਛੇ ਤੁਕੇ ਲਿਖੇ ਹੈ ; ਜਸ ; ਸਲੋਕ। ਸੰ. ਛੰਦ।

**ਛਤੜੇ** ਦੇ. ਛਤੇ ਹੂਏ, ਯਥਾ- ਛਤੜੇ ਬਾਜਾਰ। ਸੰਤ ਸੀਤ ਆਤਪ ਨਾਸ ਕਰਤੇ ਛਤੇ ਬਜਾਰੋ ਸਮ ਹੈ। ਜਿਨ ਮੇ ਜਗਯਾਸੂ ਵਾਪਾਰੀ ਉਪਦੇਸ ਗ੍ਰਹਣ ਕਾ ਸੌਦਾ ਕਰਤੇ ਸੋਭਤੇ ਹੈ। ਸੀਤ ਆਤਪ ਕੇ ਨਾਸ ਹੇਤ ਛਤੇ ਬਜਾਰ ਸਿਕਾਰਪੁਰ ਮੇ, ਕਾਬਲ ਮੇ, ਕਲਕਤਾ ਮੇ ਸਿੰਘ ਪਟੀ ਜੈਸੇ ਹੈ।

**ਛਤ੍ਰ** ਦੇ. ਬਡੀ ਛਤਰੀ, ਯਥਾ- ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ। ਗੁ. ਤੇਜ, ਪ੍ਰਤਾਪ।

**ਛੰਤਾ** ਗੁ. ਜਸ ; ਪਦ ਬਧਯ ਕਵਿਤਾ। ਕਵਿਤਾ ਦੋ ਪ੍ਰਕਾਰ ਕੀ ਹੋਤੀ ਹੈ- ਏਕ ਪਦ ਬਧਯ, ਦੂਸਰੀ ਖੁਲੀ। ਸੰਸਕ੍ਰਿਤ ਮੇ ਛੰਦੋ ਵਾਲੀ ਕਾ ਨਾਮ ਪਦਯ ਹੈ, ਦੂਸਰੀ ਕਾ ਨਾਮ ਗਦਯ ਹੈ। ਫਾਰਸੀ ਮੇ ਛੰਦੋ ਵਾਲੀ ਕਾ ਨਾਮ ਨਜਮ ਹੈ, ਦੂਸਰੀ ਕਾ ਨਾਮ ਨਸਰ ਹੈ।

**ਛਤਾਰਾ** ਗੁ. ਛਤਰੇ ਕੇ, ਮੀਡੇ ਕੇ, ਯਥਾ- ਬਿਨੁ ਸਿਮਰਨ ਜੈਸੇ ਸੀਙ ਛਤਾਰਾ। ਬਿਨਾ ਸਿਮਰਤ ਪੁਰਖ ਐਸੇ ਬਜਰਥ ਟਕਰਾ ਮਾਰਨ ਲਾਇਕ ਹੈ। ਜੈਸੇ ਮੀਢੇ ਕੇ ਸ੍ਰਿੰਗ ਹੈ। ਇਸ ਅੰਸ ਮੇ ਦ੍ਰਿਸ੍ਟਾਂਤ ਹੈ।

**ਛਤੀ** ਪੰ. ਛਤੀਹ, ਤੀਸ ਅਰ ਖਟ ਸੋ ਯੇ ਹੈ- ੧. ਸਰਬ ਭਾਂਤ ਕੀ ਰੋਟੀ ੨. ਸਭ ਭਾਂਤ ਕੇ ਪੂੜੈ ੩. ਹਰ ਤਰਹ ਕੀ ਪੂਰੀ ੪. ਨਾਨਾ ਤਰਹ ਕੀ ਕਚੌਰੀ ੫. ਬਹੁਤ ਭਾਂਤ ਕੇ ਚਾਵਲ ੬. ਭਾਂਤ ਭਾਂਤ ਕੀ ਦਾਲ ੭. ਸਭ ਪ੍ਰਕਾਰ ਕੇ ਸਾਗ ਤਰਕਾਰੀ ਭੁਰਜੀ ੮. ਸਭ ਭਾਂਤ ਕੀ ਕੜੀ ੯. ਨਾਨਾ ਪ੍ਰਕਾਰ ਕੀ ਬੜੀ ੧੦. ਸਭ ਭਾਂਤ ਕੀ ਖਿਚੜੀ ੧੧. ਸੇਵੀਆ ਅਨੇਕ ਰੀਤਿ ਕੀ ੧੨. ਅਨੇਕ ਪ੍ਰਕਾਰ ਕੇ ਵੜੇ ਪਕੌੜੇ ਸੇਂਵ ਚਨੇ ਆਦਿ ਸਲੂਣੀ ਚੀਜਾਂ ੧੩. ਅਨੰਤ ਭਾਂਤ ਕੀ ਚਟਨੀਆ ੧੪. ਸਭ ਭਾਂਤ ਕੇ ਆਚਾਰ ੧੫. ਨਿਖਲ ਭਾਤੋ ਕੇ ਮੁਰਬੇ ੧੬. ਦਹੀ ਕੇ ਬੂੰਦੀ ਵੜੇ ੧੭. ਸਭ ਭਾਂਤ ਕੇ ਰਾਯਤੇ ੧੮. ਪਾਪੜ ੧੯. ਕੜਾਹ

ਨਾਨਾ ਬਿਧ ੨੦. ਪੰਜੀਰੀ ਕਸਾਰ ਸਤੂ ਚੂਰਮੇ ੨੧. ਨਾਨਾ ਭਾਤ ਕੀ ਖੀਰ ੨੨. ਸੀਰਨੀ ਮਿਠਾਈ ਹਰ ਭਾਂਤ ਕੀ ੨੩. ਲਾਪਸੀਆ ੨੪. ਰਾਬੜੀਆ ੨੫. ਮਲਾਈ ਪਨੀਰ ੨੬. ਮਿਸਰੀ ਮਖਣੀ ਆਦਿ ੨੭. ਸਿਖਰਣੀ ੨੮. ਦੂਧ ਮਿਸ੍ਰਿਤ ਆਂਬਰਸਾਦਿ ੨੯. ਹਾਜਮੇ ਕੇ ਪਾਨੀ ਕਾਂਜੀ ੩੦. ਨਾਨਾ ਰੀਤਿ ਕੇ ਦਧਿਤਕ੍ਰ ੩੧. ਖੁਸਕ ਤਰ ਸਭ ਪ੍ਰਕਾਰ ਕੇ ਫਲ ੩੨. ਬਹੁ ਬਿਧ ਤਾਰੀ ੩੩. ਮੱਠੀ ਮੱਠੇ ੩੪. ਫੇਨੀਆ ੩੫. ਸ੍ਵਾਦੂ ਚੂਰਣ ਬਟਕਾਏਲਾ ਫਲਾਦਿ ੩੬. ਘੇਵਰ, ਯੇ ਭੋਜਨ ਬੈਸਨਵੋ ਗਿਨੇ ਹੈ। ਵਾਮੀਓ ਕੇ ਮਾਸ ਮਤਸੀ ਸਰਾਬ ਆਦਿ ਔਰ ਬਹੁਤ ਹੈ। ਸੋ ਪਾਕ ਸਾਸਤ੍ਰ ਮੇ ਲਿਖੇ ਹੈ। ਵਾਸਤਵ ਸੇ ਛਤੀ ਪਦ ਅਨੇਕੋ ਕਾ ਬੋਧਕ ਹੈ। ਯਾ ਤੇ ਜਿਸ ਕੀ ਕ੍ਰਿਪਾ ਸੇ ਅਨੇਕ ਪ੍ਰਕਾਰ ਕੇ ਭੋਜਨ ਖਾਤੇ ਹੋ ਤਿਸ ਕੋ ਮਨ ਮੇ ਰਖੋ।

**ਛਤੀਹ** ਪੰ. ਖਟ ਔ ਤੀਸ, ਯਥਾ- ਜੁਗ ਛਤੀਹ ਗੁਬਾਰੁ ਕਰਿ ਵਰਤਿਆ।

**ਛਤੁ** ਦੇ. ਮੰਦਰ ਕੀ ਛਤ ਪ੍ਰਸਿਧ ; ਛਤ੍ਰ, ਯਥਾ- ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ। ਬਿਨਾਸ, ਯਥਾ- ਅਛਤ ਰਾਜ ਬਿਛੁਰਤ ਦੁਖੁ ਪਾਇਆ। ਬਿਨਾ ਸਰ ਹਿਤ ਰਾਜ ਕੇ ਹੋਤੇ ਹੀ। ਘਾਵ, ਜਖਮ, ਜੈਸੇ- ਨਖਛਤ।

**ਛੰਦ** ਮਾਤ੍ਰਾ ਬਰਣ ਭੇਦ ਸੇ ਦੋ ਪ੍ਰਕਾਰ ਕੇ ਪਿੰਗਲੋ ਮੇ ਲਿਖੇ ਹੈ। ਬਰਣ ਛੰਦੋ ਮੇ। ਏਕ ਸੇ ਲੇ ਸਤਾਈ ਅਖਰ ਤਾਈ ਛੰਦੋ ਕੀ ਜਾਤੀਓ ਕੀ ਗਿਨਤੀ ਹੈ। ਏਕ ਅਖਰੇ ਪਾਦ ਵਾਲੇ ਕਾ ਨਾਮ ਉਕ੍ਤਾ ਹੈ। ਦੁਅਖਰੇ ਪਾਦ ਵਾਲੇ ਕਾ ਨਾਮ ਅਤਯੁਕ੍ਤਾ ਹੈ। ਤੀਨ ਅਖਰੇ ਪਾਦ ਵਾਲੇ ਕਾ ਨਾਮ ਮਧਜਾ ਹੈ। ਚੁਅਖਰੇ ਪਾਦ ਵਾਲਾ ਪ੍ਰਤਿਸ੍ਟਾ ਹੈ। ਪਾਂਚ ਅਖਰੇ ਪਾਦ ਵਾਲਾ ਸੁਪ੍ਰਤਿਸ੍ਟਾ ਹੈ। ਛੀ ਅਖਰੋ ਪਾਦ ਵਾਲਾ ਗਾਯਤ੍ਰੀ ਹੈ। ਸਾਤ ਅਖਰੋ ਪਾਦ ਵਾਲਾ ਉਸ੍ਨਿਕ ਹੈ। ਆਠ ਅਖਰੇ ਪਾਦ ਵਾਲਾ ਅਨੁਸ੍ਟੁਪ ਹੈ। ਐਸੇ ਔਰੋ ਕੇ ਨਾਮ ਹੈ। ਬਰਣ ਛੰਦੋ ਮੇ ਤੀਨ ਤੀਨ ਅਖਰ ਕੇ ਆਠ ਗਣ ਹੋਤੇ ਹੈਂ। ਨਾਮ ਉਨ ਕੇ ਮਗਣਾਦਿਕ ਹੈ। ਮਾਤ੍ਰਾ ਛੰਦੋ ਮੇ ਆਰਯਾਦਿ ਅਨੇਕ ਛੰਦ ਹੈ। ਗਣ ਜਿਨ ਕੇ ਖਟ ਪਾਂਚ ਆਦਿ ਮਾਤ੍ਰਾ ਵਾਲੇ ਪਾਚ ਹੈਂ ਨਾਮ ਉਨ ਕੇ ਟਗਣ ਠਗਣਾਦਿਕ ਹੈ। ਸ੍ਵੈਚਾਰ, ਖੁਸੀ ਅਨੁਸਾਰ ਬਿਚਰਨਾ ; ਇਛਾ। ਸੰ. ਛੰਦਸ੍।

**ਛਦਮ** ਸੰ. ਛਲ ਅਰਥਾਤ ਛਪਾਨਾ, ਯਥਾ- ਆਪਿ ਆਪੁ ਕੀਓ ਛਦਮ। ਆਪ ਕੋ ਅਪਣੇ ਵਿਖੇ ਛਪਾਵਨਾ ਕੀਆ ਹੈ।

**ਛੰਦਾ** ਗੁ. ਇਛਾ, ਜੈਸੇ- ਨਹੀ ਕਿਸੇ ਕੀ ਛੰਦਾ ਜੀਉ। ਯਥਾ- ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ।

**ਛੰਦੇ** ਗੁ. ਅਪਨੀ ਇਛਾ ਸੇ ਹਮ ਕੋ ਪਕੜ ਲੇ ਜਾਨਾ, ਯਥਾ- ਸਭਿ ਚੂਕੇ ਜਮ ਕੇ ਛੰਦੇ। ਛਾਂਦਜੋ ਮੇ ਅਰਥਾਤ ਹਿਸਜੋ ਮੇ, ਯਥਾ- ਤੀਨਿ ਛੰਦੇ ਖੇਲੁ ਆਛੈ। ਤੁਲਜ ਤੁਕਾਂਤ ਵਾਲੇ ਤੀਨ ਹਿਸਜੇ ਮੇ ਰਚਨਾ ਕਾ ਖੇਲ। ਹਿਸੇ ਕਾ ਨਾਮ ਛੰਦੇ। ਜੈਨ ਮਤ ਕੇ ਸਾਧੋ ਕੀ ਬੋਲੀ ਮੇ ਪ੍ਰਸਿਧ ਹੈ। ਆਨ ਲੋਕੋ ਮੇ ਛਾਂਦਾ ਪ੍ਰਸਿਧ ਹੈ। ਬੇਦ।

**ਛੰਦੋ ਭਾਖਾ** ਸੰ. ਛੰਦ ਸੇ ਕਥਨ, ਛੰਦ ਸੇ ਹੋਨੇ ਵਾਲੇ ਇਸ ਕੇ ਬ੍ਯਾਖ੍ਯਾਨ।

**ਛਨਹਰੀ** ਗੁ. ਛਨ ਛਨ ਕਰੇ ਹੈ, ਯਥਾ- ਛਨਕ ਛਨਹਰੀ।

**ਛਨਿਛਰ** ਦੇ. ਸੂਰਯ ਸੁਤ ਛਨਿਛਰ ਪ੍ਰਸਿਧ। ਸੰ. ਸਨੈਸ੍ਚਰ। ਏਕ ਰਾਸੀ ਮੇ ਢਾਈ ਢਾਈ ਬਰਸ ਰਹ ਕਰ। ਸਹਜ ਸਹਜ ਬਿਚਰਨੇ ਸੇ ਨਾਮ ਸਨੈਚਰ ਹੈ, ਯਥਾ- ਛਨਿਛਰਵਾਰਿ ਸਉਣ ਸਾਸਤ ਬੀਚਾਰੁ।

**ਛੰਨੀ** ਪੰ. ਛਿਪੀ ਹੂਈ ਅਰਥਾਤ ਗੁਪਤ, ਯਥਾ- ਗੁਝੀ ਛੰਨੀ ਨਾਹੀ ਬਾਤ।

**ਛੰਨੀ** ਦੇ. ਛਾਨੀ, ਗੁਪਤ, ਯਥਾ- ਗੁਝੀ ਛੰਨੀ ਨਾਹੀ ਬਾਤ। ਛਪਿਆ ਹੂਆ ਨਹੀ ਬ੍ਰਿਤਾਤ।

**ਛਪਨ** ਦੇ. ਪ੍ਰ. ਛਪੰਜਾ, ਪਚਾਸ ਅਰ ਛਹ, ਯਥਾ- ਛਪਨ ਕੋਟਿ ਜਾ ਕੇ ਖੇਲ ਖਾਸੀ।

**ਛਪਰਿ** ਦੇ. ਛਪਰ ਪ੍ਰਸਿਧ, ਯਥਾ- ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।

**ਛਪੜਿ** ਪੰ. ਕਚਾ ਤਲਾਵ, ਯਥਾ- ਛਪੜਿ ਨਾਤੈ ਸਗਵੀ ਮਲੁ ਲਾਏ।

**ਛਪੜੀ** ਪੰ. ਛੋਟੀ ਤਲਾਵੜੀ, ਟੋਭੜੀ, ਯਥਾ- ਕਲਰ ਕੇਰੀ ਛਪੜੀ ਆਇ ਉਲਥੇ ਹੰਝ।

**ਛਪਿ** ਪੰ. ਲੁਕ ਕੇ, ਯਥਾ- ਬਲਬੰਚ ਛਪਿ ਕਰਤ ਉਪਾਵਾ।

**ਛਪਿਆ** ਦੇ. ਲੁਕਿਆ, ਯਥਾ- ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।

**ਛਪੈ** ਪੰ. ਲੁਕੇ, ਯਥਾ- ਕਹੈ ਨਾਨਕੁ ਛਪੈ ਕਿਉ ਛਪਿਆ।

**ਛਬਿ** ਸੰ. ਸੋਭਾ ; ਕ੍ਰਾਤਿ।

**ਛਬੀਲਾ** ਪੰ. ਛਬਿ ਵਾਲਾ ਸੁੰਦ੍ਰ, ਯਥਾ- ਛੈਲੁ ਛਬੀਲਾ ਛਡਿ ਗਵਾਇਓ। ਸੁੰਦ੍ਰ ਛਬ ਵਾਲਾ ਪ੍ਰਮੇਸੁਰ ਤਜਾਗ ਕੇ ਗਵਾਇ ਦੀਆ ਹੈ।

**ਛਮਿਛਰੀ** ਜੈਨ ਸੰਕੇਤ। ਭਾਦੋ ਕੇ ਦਿਨੋ ਮੇ ਜੈਨ ਮਤ ਮੇ ਏਕ ਬ੍ਰਤ ਆਤਾ ਹੈ। ਉਸ ਬਰਤ ਕੇ ਸਮੀਪ ਦਿਨੋ ਮੇ ਸ੍ਰਾਵਗ ਲੋਗ ਸਭ ਬਜਵਹਾਰ ਛੋਡ ਭਜਨ ਕਰਤੇ ਹੈਂ। ਬਰਸ ਰੋਜ ਕੇ ਲੜਾਈ ਝਗੜੇ ਕੀ ਇਸ ਦਿਨ ਮੇ ਸਮਸ੍ਯਾ ਕਰਾਈ ਜਾਤੀ ਹੈ। ਇਸ ਲੀਏ ਇਸ ਕਾ ਨਾਮ ਸਮਕਰੀ ਵਾ ਸਮਚਰਯਾ ਜਾਨ ਪੜਤਾ ਹੈ। ਤਾ ਕਾ ਬਿਗਾੜਾ ਛਮਛਰੀ ਹੈ। ਗੁ. ਯਥਾ-ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ। 'ਲੋਕੀ' ਸਾਸਤ੍ਰੰ ਕ੍ਰਿਆ ਹੈ, ਜਿਸ ਕੋ ਕਰਾਇ ਕੇ ਬ੍ਰਹਮਣ ਪਿੰਡ ਵਟਵਾਇ ਭਰਵਾਇ ਕੇ, ਪੀਛੇ ਸੇ ਭੋਜਨ ਖਾਤੇ ਹੈ। ਦੂਸ੍ਰੀ ਕ੍ਰਿਆ ਜੈਨ ਮਤ ਕੀ ਛਮਛਰੀ ਹੈ।

**ਛਰਿਆ** ਗੁ. ਛੋਡਿਆ, ਯਥਾ- ਤਿਸੁ ਪਾਛੈ ਬਚਰੇ ਛਰਿਆ। ਪੰ. ਦਥਕਾ ਹੂਆ।

**ਛਲ** ਸੰ. ਸਠਪਨਾ, ਠਗੀ, ਯਥਾ- ਧਰਤ ਧੋਹ ਅਨਿਕ ਛਲ ਜਾਨੈ। ਸ੍ਵਰੂਪ ਕਾ ਆਛਾਦਨ ਅਰਥਾਤ ਸਚਾ ਸ੍ਵਰੂਪ ਛਿਪਾ ਲੇਨਾ ; ਰੂਹ ਪੋਸੀ ; ਕਰਨਾ ਔਰ ਕਹਨਾ ਔਰ, ਤਥਾ ਔਰ ਭਾਂਤ ਕੀ ਵਸਤੁ ਕੋ ਔਰ ਭਾਂਤ ਬਤਾਵਨਾ ; ਵਾਦੀ ਕੇ ਆਨ ਅਰਥ ਮੇ ਕਹੇ ਸਬਦ ਕੋ ਪ੍ਰਤਿਵਾਦੀ ਨੇ ਔਰ ਅਰਥ ਮੇ ਲਗਾ ਦੇਨਾ, ਜੈਸੇ ਵਾਦੀ ਨੇ ਬਹੁਤ ਬਕਤਾ ਹੈ ਕਿਆ ਸੁਰਾ ਪੀਤ ਅਰਥਾਤ ਸਰਾਬ ਪੀਤੀ ਹੈ। ਪ੍ਰਤਿਵਾਦੀ ਨੇ ਪੀਤਾ ਪਦ ਕੋ ਪੀਲੇ ਅਰਥ ਪੈ ਥਾਪ ਕੇ ਕਹਾ ਸੁਰਾ ਸ੍ਵੇਤਾ ਭਾਵ ਸਰਾਬ ਸੁਪੇਦ ਹੋਤੀ ਹੈ, ਤੁਮ ਨੇ ਪੀਤਾ ਕੈਸੇ ਕਹੀ ਐਸੇ ਹਾਸੀ ਮੇ ਬਾਤ ਪਾ ਦੇਨੀ ਇਸ ਕਾ ਨਾਮ ਭੀ ਛਲ ਹੈ।

**ਛਲ ਨਾਗਨਿ** ਗੁ. ਅਪਨੇ ਰਚੇ ਪਦਾਰਥੋ ਕੀ ਆਨੰਦ ਰੂਪ ਬਿਖ ਸੇ ਜੀਵੋ ਕੋ ਪ੍ਰਮਾਦੀ ਕਰ ਮਾਰਨੇ ਵਾਲੀ ਮਾਯਾ ਨਾਗਨੀ, ਯਥਾ- ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ। ਲਛਮੀ ਕੋ ਨਾਗਨੀ ਕਥਨ- ਸਰਪਨੀ ਤੇ ਊਪਰਿ ਨਹੀ ਬਲੀਆ। ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ। ਪੁਨਾ- ਸੁਪਨੀ ਸੁਪਨੀ ਕਿਆ ਕਹਉ ਭਾਈ। ਇਨ ਸਬਦੋ ਕੇ ਅਨੁਸਾਰ ਹੈ। ਗ੍ਰੰਥ ਜੀ ਕੇ ਬਚਨ ਸੇ ਗ੍ਰੰਥ ਜੀ ਕੋ ਪ੍ਰਮਾਣਤਾ ਸਾਧਨ ਮੇ ਦ੍ਰਿਸ੍ਰਾਂਤ ਹੈ। ਪੁਨਾ ਛਲ ਵਾਲੀ ਨਾਗਨੀ ਰੂਪ ਜੋ ਮਾਇਆ ਹੈ ਤਿਸ ਸੈ ਮੇਰੀ ਪ੍ਰੀਤ ਟੂਟ ਗਈ ਹੈ।

**ਛਲਨਾ** ਦੇ. ਦੂਸਰੇ ਕੋ ਠਗਨਾ। ਸੰ. ਪਰਤਾਰਨ ।

**ਛਲਿਓ** ਦੇ. ਛਲਿਆ, ਯਥਾ- ਛਲਿਓ ਬਲਿ ਬਾਵਨ ਭਾਇਓ।

**ਛਵਾਈ** ਦੇ. ਬਨਵਾਈ, ਯਥਾ- ਕਾ ਪਹਿ ਛਾਨਿ ਛਵਾਈ ਹੋ।

**ਛਾਉ** ਪੰ. ਛਾਇਆ ; ਪ੍ਰਤਾਪ, ਯਥਾ- ਜਿਸੁ ਬਹੁਤੀ ਛਾਉ ਪਤ੍ਰਾਲੀ। ਜਿਸ ਕਾ ਬਡਾ ਪ੍ਰਤਾਪ ਹੈ। ਅਧਿਕ ਸੇਵਕ ਹੈ।

**ਛਾਇਆ** ਦੇ. ਮਾਯਾ, ਯਥਾ- ਛਾਇਆ ਛੂਛੀ ਜਗਤੁ ਭੁਲਾਨਾ। ਆਛਾਦਿਆ, ਯਥਾ- ਗਹਡੜੜਾ ਤ੍ਰਿਣਿ ਛਾਇਆ। ਪਾਲਨਾ, ਯਥਾ- ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ। ਪਾਲਨਾ ਹਮਾਰੀ ਆਪ ਪ੍ਰਮੇਸ੍ਵਰ ਛਤ੍ਰਪਤਿ ਨੇ ਕਰੀ ਹੈ। ਪ੍ਰਤਿਬਿੰਬ ; ਕਾਂਤਿ ; ਪੰਕਤੀ ; ਸੂਰਯ ਕੀ ਇਸਤ੍ਰੀ ; ਏਕ ਏਕ ਤੁਕ ਮੇ ਉਨੀ ਉਨੀ ਅਖਰੋ ਵਾਲਾ ਪਿੰਗਲੋ ਮੇ ਕਹਾ ਛੰਦ ; ਬ੍ਰਿਛ ਸੰਬੰਧੀ ਪਤਲਾ ਅੰਧੇਰਾ, ਯਥਾ- ਬਿਰਖ ਕੀ ਛਾਇਆ ਸਿਉ ਰੰਗੁ ਲਾਵੈ। ਸੰ. ਛਾਯਾ। ਫਬ ਰਹਿਆ, ਯਥਾ- ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ।

**ਛਾਇਲੈ** ਦੇ. ਇਸਤ੍ਰੀਯੋ ਕੇ ਓਢਨੇ ਯੋਗ ਬੂਟੀਆ ਵਾਲੇ ਬਸਤ੍ਰ, ਯਥਾ- ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ।

**ਛਾਈ** ਦੇ. ਮੈਲਾ ਦਾਗ, ਯਥਾ- ਲਥੀ ਸਭ ਛਾਈ। ਪ੍ਰਤਿਬਿੰਬ, ਯਥਾ- ਮੁਕਰ ਮਾਹਿ ਜੈਸੇ ਛਾਈ। ਛਾਰ, ਸ੍ਵਾਹ, ਯਥਾ- ਅਲੁ ਮਲੁ ਖਾਈ ਸਿਰਿ ਛਾਈ ਪਾਈ। ਪੁਨਾ- ਜਬ ਖਿੰਚੈ ਤਬ ਛਾਈ। ਜਬ ਪ੍ਰਮੇਸ੍ਵਰ ਦੇਹ ਮੇ ਸੇ ਅਪਨੀ ਸਕਤੀ ਕੋ ਖੈਚੇ ਹੈ, ਤਬੀ ਦੇਹ ਖਾਕ ਹੋ ਜਾਵੇ ਹੈ। ਪੁਨਾ- ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ। ਭਾਵ ਕੁਛ ਨਹੀ ਪਾਵੇ। ਪੁਨਾ- ਨਾਮ ਬਿਹੂਣੈ ਮਾਥੇ ਛਾਈ। ਛਾਇਆ, ਯਥਾ- ਜਿਉ ਬਾਦਰ ਕੀ ਛਾਈ।

**ਛਾਈ ਮਾਈ** ਪੰ. ਛਾਯਾਮਯ ਅਰਥਾਤ ਛਾਯਾ ਵਤ ਸੀਘ੍ਰ ਦੂਰ ਹੋ ਜਾਨੇ ਵਾਲੀਆ, ਛਿਪ ਗਈਆ, ਲੁਕ ਗਈਆ, ਯਥਾ- ਹੋਈਆ ਛਾਈ ਮਾਈ। ਦਿਵਾਨੀ ਕੇ ਪ੍ਰਯਾਯ ਆਵਲ ਬਾਵਲ ਵਤ ਸੀਘ੍ਰ ਕਾ ਨਾਮਾਤ੍ਰ ਪੰਜਾਬ ਮੇ ਛਾਈ ਮਾਈ ਹੈ।

**ਛਾਹ** ਪੰ. ਛਾਇਆ, ਯਥਾ- ਛਾਹ ਨਹੀ ਧੁਪ। ਛਾਛ।

**ਛਾਹੀ** ਗੁ. ਛਾਇਆ।

**ਛਾਕ** ਗੁ. ਤ੍ਰਿਪਤ ਹੋ, ਜੈਸੇ- ਅੰਮ੍ਰਿਤ ਰਸ ਛਾਕ।

**ਛਾਛਿ** ਦੇ. ਖੱਟੀ ਲੱਸੀ ਭਾਵ ਸੇ ਅਨਾਤਮ ਪਦਾਰਥ, ਯਥਾ- ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ। ਸੰਤੋ ਨੇ ਆਤਮ ਵਸਤੁ ਗ੍ਰਹਣ ਕਰੀ ਹੈ ਆਨ ਜਨ ਅਨਾਤਮ ਵਸਤ ਗ੍ਰਹਣ ਕਰੇ ਹੈ। ਪੁਨਾ- ਕਿਉ ਮੇਟੈ ਗੋ ਛਾਛਿ ਤੁਹਾਰੀ। ਕਿਉ ਹਟਾਵੇਗਾ ਅਰਥਾਤ ਕਾਮ ਕਾ ਦੇਨਾ ਤੁਮਾਰਾ ਭਾਵ ਨਹੀ ਮੇਟੇਗਾ। ਕਿੰਤੁ ਕਾਮਨਾ ਸੇ ਜਪੋਗੇ ਤੌ ਧਰਮ ਅਰਥ ਕਾਮ ਤੁਮੇ ਅਵਸਯ ਹੀ ਦੇਵੇਗਾ।

**ਛਾਜਾ** ਦੇ. ਸਜਿਆ ਫਬਿਆ ਸੋਭਾ ਵਾਲਾ ਹੂਆ, ਯਥਾ- ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ। ਤੀਨੋ ਭਵਨੋ ਪਰ ਸੋਭਾ ਵਾਲਾ ਹੂਆ। ਛਪਰ ਕਾ ਛਾਵਨਾ, ਜੈਸੇ- ਵਾਜਾ ਛਾਜਾ ਕੇਸ ਯਹੀ ਬੰਗਾਲਾ ਦੇਸ।

**ਛਾਜੀ** ਦੇ. ਬਣੀ।

**ਛਾਜੈ** ਦੇ. ਫਬ ਰਹੇ ਹੈ, ਯਥਾ- ਰਹੇ ਪ੍ਰਭ ਛਾਜੈ। ਪ੍ਰਭੁ ਫਬ ਰਹੇ ਹੈ ਸੋਭਾ ਪਾ ਰਹੇ ਹੈ।

**ਛਾਂਟਿ** ਦੇ. ਚੁਨਕੇ, ਯਥਾ- ਕਿਲਬਿਖ ਕਾਢੇ ਹੈ ਛਾਂਟਿ। ਪੁਨਾ- ਕਬਹੁ ਨ ਸਾਕਹਿ ਛਾਂਟਿ। ਕਬੀ ਸੁਭੋ ਕੋ ਧਾਰਨ ਕਰ ਅਸੁਭ ਕੋ ਛਾਟ ਨਹੀ ਸਕਤੇ ਭਾਵ ਚੁਨ ਨਹੀ ਸਕੇ।

**ਛਾਡਿ** ਦੇ. ਤਯਾਗ ਕੇ, ਯਥਾ- ਛਾਡਿ ਸਿਆਨਪ ਬਹੁ ਚਤੁਰਾਈ। ਤਯਾਗ, ਯਥਾ- ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।

**ਛਾਣੀ** ਪੰ. ਸਾਫ ਕਰੀ, ਯਥਾ- ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ। ਸਾਫ ਕਰ ਛਾਂਟ ਕੇ, ਯਥਾ- ਦੂਸਟ ਦੂਤ ਹਰਿ ਕਾਢੇ ਛਾਣਿ।

**ਛਾਤੀ** ਦੇ. ਹਿਰਦਾ, ਉਰ ਸਥਾਨ, ਯਥਾ- ਛਾਤੀ ਸੀਤਲ ਮਨੁ ਸੁਖੀ।

**ਛਾਦਨ** ਸੰ. ਬਸਤ੍ਰ, ਯਥਾ- ਪਨ੍ਹੀਆ ਛਾਦਨੁ ਨੀਕਾ। ਪੁਨਾ- ਛਾਦਨ ਭੋਜਨ ਕੀ ਆਸ।

**ਛਾਨਾ** ਦੇ. ਛਪਿਆ, ਛਿਪਿਆ, ਯਥਾ- ਜਾਨਾ ਜਾਨਣਹਾਰੁ ਨ ਛਾਨਾ ਰੇ। ਸੰ. ਛੰਨ।

**ਛਾਪਣ** ਗੁ. ਛਿਪਨਾ ਭਾਵ ਜਨਮੋ ਮੇ ਜਾਨਾ ਵਾ ਦਾਗੀ ਹੋਨਾ, ਯਥਾ-

ਬਾਹੁੜਿ ਜਨਮ ਨ ਛਾਪਣ। ਜਨਮੋ ਮੇ ਛਿਪਨਾ ਪ੍ਰਵੇਸ ਕਰਨਾ ਵਾ ਜਨਮੋ ਮੇ ਦਾਗੀ ਹੋਨਾ ਨਹੀ ਪੜਤਾ।

**ਛਾਪਰੀ** ਦੇ. ਫੂਸ ਕੀ ਕੁਟੀਆ, ਯਥਾ- ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ। ਪੁਨਾ- ਨਾ ਮੋੁਹਿ ਛਾਨਿ ਨ ਛਾਪਰੀ। ਗੋਇੰਦਵਾਲ ਕੇ ਸਮੀਪ ਛਾਪਰੀ ਨਾਮ ਗੁਰਦੁਆਰਾ ਹੈ।

**ਛਾਪੈ** ਦੇ. ਅਗਜਾਨ ਕੇ ਅਵਰਣ ਸੇ, ਯਥਾ- ਸਭੁ ਜਗੁ ਦਬਿਆ ਛਾਪੈ। ਪੰ. ਕੰਡਿਆ ਵਾਲੇ ਬ੍ਰਿਛੋ ਕੀ ਡਾਲੀਆ।

**ਛਾਬਾ** ਪੰ. ਤਕੜੀ ਕਾ ਛਾਬਾ, ਯਥਾ- ਜਿਹਵਾ ਡੰਡੀ ਇਹੁ ਘਟੁ ਛਾਬਾ।

**ਛਾਮ** ਦੇ. ਛਾਇਆ ਹੋਤੀ ਹੈ, ਯਥਾ- ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।

**ਛਾਮਨੀ** ਬ੍ਰਿਛ ਕੀ ਛਾਯਾ ਤੁਲੁ ਧਨ ਕਾ ਨਿਵਾਸ ਹੈ, ਯਥਾ- ਬਿਰਖ ਛਾਮਨੀ।

**ਛਾਂਰਹੁ** ਗੁ. ਛਾਯਾ, ਯਥਾ- ਉਲਟਤ ਜਾਤ ਬਿਰਖ ਕੀ ਛਾਂਰਹੁ।

**ਛਾਰੁ** ਦੇ. ਸੁਆਹ, ਜੈਸੇ- ਛਾਰ ਗਯਾ ਸਿਰ ਘਤ। ਮਟੀ ਕੀ ਅਰਥਾਤ ਪਾਚ ਤਤੋਂ ਮੇ ਮੁੱਖ ਮੱਟੀ ਕੀ ਦੇਹ ਮੋ ਵਸ, ਯਥਾ- ਛਾਰੁ ਕੀ ਪੁਤਰੀ ਪਰਮ ਗਤਿ ਪਾਈ। ਧੂਆ, ਯਥਾ- ਮੁਖਿ ਦੀਨੀ ਛਾਰੁ।

**ਛਾਰੁ ਹੋਤ** ਗੁ. ਚਰਨੋ ਕੀ ਰਜ ਹੋਨਾ ਚਾਹਤਾ ਹੂ, ਯਥਾ- ਛਛਾ ਛਾਰੁ ਹੋਤ ਤੇਰੇ ਸੰਤਾ।

**ਛਾਲਾ** ਪੰ. ਕੂਦ ਕਰ ਏਕ ਥਾਨ ਸੇ ਪਾਉ ਉਠਾਇ ਆਗੇ ਜਾ ਪੜਨਾ ਅਰਥਾਤ ਅਪਨੇ ਅਪਨੇ ਮਤੋਂ ਮੇ ਸਿਧਾਈਆ ਕੇ ਔ ਪ੍ਰਮੇਸੁਰ ਪਾਸ ਪਹੁਚ ਸੇਵਕੋ ਕੇ ਗੁਨਾਹ ਬਖਸ ਮੁਕਤ ਕਰਾਨੇ ਕੇ ਵਾਇਦੇ ਕੀਏ, ਯਥਾ- ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ।

**ਛਾਵ** ਦੇ. ਛਾਇਆ, ਯਥਾ- ਛਾਵ ਘਣੀ ਚੂਕਾ ਮਨ ਅਭਿਮਾਨੁ।

**ਛਾਵ ਘਣੀ** ਗੁ. ਸਾਂਤੀ ਅਧਿਕ ; ਛਾਯਾ ਬਹੁਤ।

**ਛਾਵਨੀ** ਗੁ. ਛਾਯਾ ਵਾ ਪ੍ਰਮੇਸੁਰ ਕੀ ਸੋਭਾ ਕੀ ਛਾਵਨੀ ਪੜ ਰਹੀ ਹੈ ਸੁੰਦਰ, ਯਥਾ- ਛਾਵਨੀ ਨੀਕੀ।

**ਛਾਵਾਣੁ** ਪੰ. ਗੁਰੁ ਨਾਨਕ ਜੀ ਕੇ ਸਿਰ ਪੈ ਸਤ ਕੇ ਪ੍ਰਤਾਪ ਸੇ ਸਰਪ ਨੇ ਛਾਯਾ ਕਰੀ ਹੈ, ਯਥਾ- ਸਤਹੁ ਛਾਵਾਣੁ। ਗੁ. ਸਾਯਾਵਾਨ, ਯਥਾ- ਸੇਜ ਸਧਾ ਸਹਜੁ ਛਾਵਾਣੁ।

**ਛਿਅ** ਪੰ. ਖਟ, ਯਥਾ- ਛਿਅ ਘਰ ਛਿਅ ਗੁਰ। ਪੁਨਾ- ਇਹ ਬਿਖਿਆ ਦਿਨ ਚਾਰਿ ਛਿਅ। ਦਸ ਦਿਨ ਭਾਵ ਸੇ ਅਲਪ ਦਿਨ।

**ਛਿਅ ਉਪਦੇਸ** ਵਾ. ਖਟ ਸਾਸਤ੍ਰੋ ਮੇ ਭਿੰਨ ਭਿੰਨ ਪਦਾਰਥੋ ਕੀ ਸਿਖ੍ਯਾ ਜੈਸੇ ਸਾਂਖਯ ਮਤ ਮੋ ਪ੍ਰਕਿਰਤੀ ਪੁਰਖ ਦੋ ਤਤ੍ਵ ਮਾਨ ਕੇ ਪ੍ਰਕ੍ਰਿਤੀ ਸੇ ਮਹਤਤ੍ਵ ਤ੍ਰਿਧਾ ਅਹੰਕਾਰ ਪੰਚ ਤਨ ਮਾਤ੍ਰ ਪਾਚ ਸਥੂਲ ਤਤ੍ਵ ਏਕਾ ਦਸ ਇੰਦ੍ਰਯ ਐਸੇ ਕਾਰਜ ਕਾਰਣ ਰੂਪ ਚੌਬੀਸ ਤਤ੍ਵ ਮਾਨ ਕੇ ਚਾਰ ਖਾਣੀ ਚਤਰ ਦਸ ਭੁਵਨੋ ਕੀ ਕੇਵਲ ਪ੍ਰਕ੍ਰਿਤੀ ਸੇ ਰਚਨਾ ਕਹੀ ਹੈ। ਈਸ੍ਵਰ ਕਰਤਾ ਕਾ ਇਸ ਮਤ ਮੇ ਅੰਗੀਕਾਰ ਨਹੀ। ਪੁਰਖ ਨਾਮ ਸੇ ਜੀਵ ਮਾਨਾ ਹੈ। ਸੋ ਅਸੰਗ ਹੋਨੇ ਸੇ ਨਾ ਕਾਹੂ ਕਾ ਕਾਰਨ ਹੈ ਨ ਕਾਰਜ ਹੈ। ਤਾ ਕੋ ਪ੍ਰਕ੍ਰਿਤੀ ਕੇ ਗੁਣੋ ਸਾਥ ਅਪਨੇ ਸਰੂਪ ਕੇ ਅਬਿਬੇਕ ਸੇ ਬੰਧ ਹੈ। ਬਿਬੇਕ ਸੇ ਮੁਕਤੀ ਹੈ। ਪੁਰਖ ਭੋਗੇ ਹੈ ਪ੍ਰਕ੍ਰਿਤੀ ਕਰੇ ਹੈ। ਇਤਯਾਦਿ ਸਾਂਖਯ ਮਤ ਕਤ ਉਪਦੇਸ ਹੈ। ਪਾਤੰਜਲ ਮਤ ਮੇ ਪ੍ਰਕ੍ਰਿਤਿ ਪੁਰਖ ਈਸ੍ਵਰ ਤੀਨ ਤਤ੍ਵੋ ਕਾ ਅੰਗੀਕਾਰ ਹੈ। ਪ੍ਰਕ੍ਰਿਤੀ ਪੂਰਬ ਕਹੇ ਚੌਬੀਸ ਤਤ੍ਵ ਰੂਪ ਹੋ ਕਰ ਜਗਤ ਰਚੇ ਹੈ। ਈਸਰ ਕਰਤਾ ਪ੍ਰੇਰੇ ਹੈ। ਯਾ ਤੇ ਪ੍ਰਕ੍ਰਿਤੀ ਮ੍ਰਿਤਕਾ ਵਤ ਜਗਤ ਕਾ ਉਪਾਦਾਨ ਹੈ। ਈਸਰ ਕੁਲਾਲ ਵਤ ਨਿਮਿਤ ਕਾਰਣ ਹੈ। ਜੀਵੋ ਕੇ ਭੋਗ ਹੇਤ ਜਗਤ ਰਚਨਾ ਹੈ। ਅਪਨੇ ਸ੍ਵਰੂਪ ਕੋ ਜਾਨ ਈਸ ਕੀ ਉਪਾਸਨਾ ਸੇ ਜੀਵ ਮੁਕਤ ਹੋਵੇ ਹੈ। ਬਿਨਾ ਉਪਾਸਨਾ ਸੇ ਬੰਧੇ ਰਹੇ ਹੈ। ਉਪਾਸਨਾ ਈਸ ਕੀ ਯਮ ਨਿਯਮਾਦਿ ਆਠ ਅੰਗੋ ਸੇ ਸਮਾਧੀ ਧਾਰ ਕੇ ਕਰਨੀ ਇਤਯਾਦਿ ਪਤੰਜਲ ਮਤ ਕਾ ਉਪਦੇਸ ਹੈ। ਨਯਾਯ ਮਤ ਮੇ ਦ੍ਰਬਯ ਗੁਣ ਕਰਮ ਸਾਮਾਨਯ ਬਿਸੇਖ ਸਮਵਾਯ ਅਭਾਵ ਸਾਤ ਪਦਾਰਥ ਅੰਗੀਕਾਰ ਕਰੇ ਹੈ। ਔ ਸਾਤੋ ਮੈ ਜੈਸੇ- ੧. ਖਿਤਿ ੨. ਅਪ ੩. ਤੇਜ, ੪. ਵਾਯੁ ੫. ਆਕਾਸ ੬. ਕਾਲ ੭. ਦਿਸਾ ੮. ਆਤਮਾ ੯. ਮਨ, ਯੇ ਨੌ ਭੇਦ ਦ੍ਰਬਯ ਕੇ ਮਾਨੇ ਹੈ। ਤੈਸੇ ਰੂਪ ਰਸ ਗੰਧਾਦਿਕ ਚੌਬੀਸ ਭੇਦ ਗੁਣ ਕੇ ; ਉਤਖੇਪਣ ਅਪਖੇਪਣ ਅਰਥਾਤ ਊਪਰ ਫੈਕਨਾ ਤਲੇ ਫੈਕਨਾਦਿ। ਪਾਚ ਭੇਦ ਕਰਮ ਕੇ। ਸਤਾ ਜਾਤੀ ਦੋ ਭੇਦ ਸਾਮਾਨਯ ਕੇ। ਅਨੰਤ ਭੇਦ ਬਿਸੇਖ ਕੇ। ਏਕ ਭੇਦ ਸਮਵਾਯ ਕਾ। ਚਾਰ ਭੇਦ ਅਭਾਵ ਕੇ। ਸ੍ਵੀਕਾਰ ਕਰ ਆਗੇ ਇਨ ਸਭ ਕੇ ੧. ਨਾਮ ੨. ਲਖਣ ੩. ਪਰੀਖ੍ਯਾ ਕਰ ਸਭ ਕੋ ਜਾਨ ਕੇ ਇਨ ਸਭ ਸੇ ਆਤਮਾ ਕੋ ਜੁਦਾ ਸਮਝ ਦੋ ਪ੍ਰਕਾਰ ਕੇ ਆਤਮਾ ਮੋ ਈਸ੍ਵਰ ਆਤਮਾ ਕੀ ਭਕਤੀ ਕਰ ਜੀਵ ਆਤਮਾ ਮੁਕਤੀ ਪਾਵੇ ਹੈ। ਬਿਨਾ ਭਗਤੀ ਕੀਏ ਬੰਧਾ ਰਹੇ ਹੈ। ਇਸੀ ਮਤ ਮੋ ਬ੍ਰਹਮਵਾਦੀਯੋ ਕੀ ਕੈਵਲਯ ਮੁਕਤੀ ਸੇ ਬ੍ਰਿੰਦਾਬਨ ਕਾ ਗਿਦੜ ਹੋਨਾ ਭਲਾ ਮਾਨ ਕੇ ਮਿਸਰੀ ਮੇ ਮਿਸਰੀ ਬਨ ਮਿਲ ਜਾਨਾ ਠੀਕ ਨਹੀ। ਮਿਸਰੀ ਕੇ ਸਮੀਪ ਚੀਟੀ ਹੋ ਸ੍ਵਾਦ ਲੇਨਾ ਬਹੁਤ ਅਛਾ ਹੈ ਇਤਯਾਦਿ ਦ੍ਰਿਸ੍ਟਾਤੋ ਸੇ ਬ੍ਰਹਮ ਰੂਪ ਹੋਨਾ ਮੁਕ੍ਤੀ ਬੁਰੀ ਮਾਨੀ ਹੈ। ਇਤਯਾਦਿ ਨਯਾਯ ਮਤ ਕਾ ਉਦੇਸ ਹੈ। - ਨਯਾਯ ਵਾਲਾ ਹੀ ਵੈਸੇ ਸਿਕ ਮਤ ਕਾ ਉਪਦੇਸ ਹੈ। ਅਭਾਵ ਕੋ ਨਯਾਯ ਵਾਲੇ ਪਦਾਰਥ ਮਾਨਤੇ ਹੈ। ਬੈਸੇਖਕ ਨਹੀ ਮਾਨਤੇ। ਐਸੇ ਕਈ ਔਰ ਬਾਤੋ ਕੇ ਮਾਨਨੇ ਨਾ ਮਾਨਨੇ ਮੇ ਮਤੋ ਕਾ ਭੇਦ ਹੈ। ਯਾ ਤੇ ਦੋਨੋ ਮਤੋ ਕਾ ਮੁਕਤੀ ਬੰਧ ਮੋ ਸਮ ਉਪਦੇਸ ਹੈ। ਮੀਮਾਸਾ ਮਤ ਮੋ ਅਦ੍ਰਿਸ੍ਟ ਪ੍ਰਮਾਣੂਯੋ ਸੇ ਜਗਤ ਰਚਨਾ ਕਹੀ ਹੈ। ਜੈਸੇ ਅਬ ਭਕ੍ਤੀ ਕਰ ਬੈਕੁੰਠ ਮੇ ਪਹੁਚ ਚਤੁਰਭੁਜ ਬਨੇ ਹੈ। ਤੈਸੇ ਅਦ੍ਰਿਸ੍ਟੋ ਕੇ ਪ੍ਰਤਾਪ ਸੇ ਕੋਈ ਜੀਵ ਬ੍ਰਹਮਾ ਬਿਸਨੁ ਰੁਦ੍ਰ ਬਨ ਰਹੇ ਹੈ। ਯਾ ਤੇ ਈਸਰ ਕੋਈ ਨਹੀ ਸਭੀ ਜੀਵ ਹੈ। ਬਿਸਨੁ ਸਿਵਾਦਿਕ ਔ ਤਿਨ ਕੇ ਅਵਤਾਰ

ਰਾਮ ਕ੍ਰਿਸ੍ਨਦਿਕ ਆਨ ਪੂਜਾ ਮੇ ਰਾਜਾ ਵਤ ਬਡੇ ਜੀਵ ਹੈ ਔਰ ਅਲਪ ਹੈ। ਬੇਦ ਕੇ ਲਿਖੇ ਅਨੁਸਾਰ ਨਿਖਿਧ ਕਰਮ ਛੋਡ ਬੇਦ ਬਿਹਤ ਯਗਜਾਦਿ ਕਰਮੋ ਕੇ ਕਰਨੇ ਸੇ ਜੀਵ ਉਤਮ ਥਾਨੋ ਕੋ ਪਾਵੇ ਹੈ। ਫਲ ਦੇਨੇ ਵਾਲਾ ਕਰਮੋ ਬਿਨਾ ਈਸਰ ਕੋਈ ਨਹੀ। ਨਿਖਿਧ ਕਾਮ ਕਰਨੇ ਸੇ ਜੀਵ ਬੰਧੇ ਰਹੇ ਹੈ। ਉਤਮ ਕਰਮ ਕਰਨੇ ਸੇ ਸ੍ਵਰਗ ਮੇ ਪਹੁਚ ਉਤਮ ਭੋਗ ਭੋਗੇ ਹੈ। ਯਹੀ ਇਸ ਮਤ ਮੇ ਮੁਕ੍ਤੀ ਹੈ। ਪੂਰਬ ਕਹੇ ਮਤੋ ਮੇ ਸਾਂਖਯ ਮੀਮਾਸਾ ਦੋ ਮਤੋ ਮੇ ਈਸਰ ਕਾ ਅੰਗੀਕਾਰ ਨਹੀ। ਪਤੰਜਲ ਨਯਾਯ ਬੈਸੇਖਿਕ ਤੀਨ ਮਤੋ ਮੇ ਈਸਰ ਕਾ ਅੰਗੀਕਾਰ ਹੈ, ਪਰੰਤੂ ਜੀਵੋ ਕਾ ਈਸ ਸੇ ਅਰ ਆਪਸ ਮੈ ਸਦਾ ਭੇਦ ਮਾਨੇ ਹੈ। ਸਾਂਖੀ ਮੀਮਾਸਕ ਈਸ੍ਵਰ ਨਾ ਮਾਨਨੇ ਸੇ। ਇਸ ਅਨ ਹੂਏ ਈਸਰ ਸੇ ਜੀਵੋ ਕਾ ਭੇਦ ਨਾ ਮਾਨਤੇ ਭੀ ਇਤਰ ਪਦਾਰਥੋ ਸੇ ਅਰ ਆਪਸ ਮੇ, ਜੀਵੋ ਕਾ ਸਦਾ ਭੇਦ ਮਾਨੇ ਹੈ। ਮੁਕ੍ਤੀ ਕੀ ਰੀਤਿ ਜੈਸੇ ਪੀਛੇ ਲਿਖੀ ਵੈਸੇ ਮਾਨੇ ਹੈ। ਵੇਦਾਂਤ ਸਾਸਤ੍ਰ ਮੇ ਦੋ ਮਤ ਹੈ। ਏਕ ਚਾਰ ਸੰਪ੍ਰਦਾਯ ਵਾਲੇ ਬੈਸਨਵੋ ਕਾ, ਦੂਸਰਾ ਦੱਤ ਕਪਲ ਸੰਕਰ ਮਤ ਕੇ ਸਨਯਾਸੀਓ ਕਾ। ਬੈਸਨੋ ਪਾਚ ਸਾਸਤ੍ਰੋ ਸੇ ਮਨ ਵਾਂਛਤ ਪਦਾਰਥ ਛਾਂਟ ਕੇ ਜੀਵ ਪ੍ਰਕ੍ਰਿਤਿ ਈਸ੍ਵਰ ਤੀਨ ਪਦਾਰਥ ਮਾਨ ਕਰ ਈਸ ਸੇ ਔ ਆਪਸ ਮੇ ਜੀਵੋ ਕਾ ਸਦਾ ਭੇਦ ਮਾਨੇ ਹੈ। ਜੀਵ ਈਸ ਕੋ ਸੁਧ ਬ੍ਰਹਮ ਕੇ ਪ੍ਰਤਿਬਿੰਬ ਰੂਪ ਵਾ ਘਟਾਕਾਸ ਮਠਾਕਾਸ ਵਤ ਅਵਛੇਦਾਦਿ ਰੂਪ ਨਹੀ ਮਾਨੇ। ਕਿੰਤੂ ਪਾਂਚ ਸਾਸਤ੍ਰੋ ਕੇ ਅਨੁਸਾਰ ਈਸ ਸੇ ਪ੍ਰਥਕ ਜੀਵ ਕੋ ਸੁਤੰਤ੍ਰ ਤਤ੍ਵ ਮਾਨੇ ਹੈ। ਈਸ ਕੋ ਪਰਬ੍ਰਹਮ ਮਾਨੇ ਹੈ। ੧. ਨਾਮ ਜੀਵ ਕਾ ਚਿਤ ੨. ਪ੍ਰਕ੍ਰਿਤੀ ਕਾ ਅਚਿਤ, ਜਗਤ ਕਰਤਾ ਕਾ ਈਸ ਕਹੇ ਹੈ। ਇਨ ਕੇ ਤੁੱਲਯ ਹੀ ਈਸਾਈ ਔ ਮੁਸਲਮਾਨ ਭੀ ਈਸਰ ਸੇ ਜੀਵੋ ਕਾ ਅਰ ਆਪਸ ਮੇ ਭੇਦ ਮਾਨੇ ਹੈ। ਅਰ ਬੇਗੂਨ ਬੇਚੂਨ ਪ੍ਰਮੇਸ੍ਵਰ ਕਾ ਕੋਈ ਅਵਤਾਰ ਨਹੀ ਮਾਨੇ। ਅਵਤਾਰੋ ਕੇ ਥਾਨ ਮਾਨੇ ਪੈਯੰਬਰੋ ਕੋ ਭੀ ਜੀਵ ਮਾਨਤੇ ਹੈ। ਅਰੁ ਆਪਨੇ ਕੋ ਸਦਾ ਪ੍ਰਮੇਸ੍ਵਰ ਕਾ ਦਾਸ ਮਾਨਤੇ ਹੈ। ਜੀਵ ਈਸ ਕਾ ਅਭੇਦ ਕਹਨੇ ਵਾਲੇ ਮਤੋ ਕੋ ਅਤਯੰਤ ਬੁਰਾ ਜਾਨਤੇ ਹੈ। ਅਰ ਅਭੇਦ ਕਹਨੇ ਵਾਲਯੋ ਕੋ ਫਾਸੀ ਸੂਲੀ ਦੇਤੇ ਹੈ। ਅਰ ਅਪਨੇ ਨਿਸਚੇ ਅਨੁਸਾਰ ਅਭੇਦ ਪ੍ਰਤਪਾਦਕ ਬਚਨੋ ਕੇ ਅਰਥ ਪਲਟਤੇ ਹੈ। ਜਿਸ ਬਾਤ ਕੋ ਦੇਖ ਸੁਨ ਇਨ ਦਿਨੋ ਮੇ ਆਰਯ ਮਤ ਕਾ ਪ੍ਰਵਰਤਕ ਦਯਾਨੰਦ ਭੀ ਬੇਦਾਂਤੀ ਧ੍ਵਾਂਤ ਨਿਵਾਰਣ ਪ੍ਰਭ੍ਰਿਤਿ ਪ੍ਰਕਰਣ ਬਨਾਇ। ਭੇਦਵਾਦੀਯੋ ਕੀ ਮੰਡਲੀ ਕਾ ਅੰਗ ਬਨ ਪਰਲੋਕ ਪਧਾਰਾ। ਸੰਨਯਾਸੀਓ ਕੇ ਸ੍ਵੀਕਾਰ ਕਰੇ ਬੇਦਾਂਤ ਮਤ ਮੇ ਦ੍ਰਿਸ੍ਰਾ ਦ੍ਰਿਸਯ ਦੋ ਪਦਾਰਥ ਕਾ ਅੰਗੀਕਾਰ ਹੈ ਦ੍ਰਿਸ੍ਰਾ ਬ੍ਰਹਮ ਕਾ ਨਾਮ ਹੈ। ਦ੍ਰਿਸਯ ਮਾਯਾ ਕਾ ਨਾਮ ਹੈ। ਤਿਸ ਦ੍ਰਿਸਯ ਰੂਪ ਮਾਯਾ ਕੇ ਸੁਧ ਮਲਨ ਦੋ ਭੇਦ ਹੈ। ਸੁਧ ਮਾਯਾ ਮੇ ਬ੍ਰਹਮ ਕੇ ਪ੍ਰਤਿਬਿੰਬ ਕਾ ਨਾਮ ਈਸ ਹੈ। ਮਲਨ ਮੇ ਪੜੇ ਪ੍ਰਤਿਬਿੰਬ ਕਾ ਨਾਮ ਜੀਵ ਹੈ। ਵਾ ਮਠਾਕਾਸ ਘਟਾਕਾਸ ਵਤ ਮਾਯਾ ਅਵਛਿੰਨ ਕਾ ਨਾਮ ਈਸ ਹੈ। ਅਵਿਦਿਆ ਅਵਛਿੰਨ ਕਾ ਨਾਮ ਜੀਵ ਹੈ। ਯਾ ਤੇ ਜੀਵ ਈਸ ਬ੍ਰਹਮ ਕੇ ਹੀ ਅੰਸ ਹੈ। ਸ੍ਵਰੂਪ ਸੇ ਜੁਦੇ ਨਹੀ। ਤਾਤੇ ਏਕ ਹੀ ਦ੍ਰਿਸ੍ਰ ਸੁਧ ਜੀਵ ਈਸ ਐਸੇ ਮਾਯਾ ਅਵਿਦਯਾ ਭੇਦ ਸੇ ਤੀਨ ਪ੍ਰਕਾਰ ਕਾ ਬਨ ਰਹਾ ਹੈ। ਵੈਸ੍ਨਵੋ ਵਤ ਸ੍ਵਰੂਪ ਸੇ, ਜੀਵ ਸੇ ਈਸ ਜੁਦੇ ਨਹੀ। ਯਾਹੀ ਤੇ ਮਾਯਾ ਅਵਿਦਯਾ ਕੋ ਗਯਾਨ ਸੇ ਦੂਰ ਹੋਨੇ ਕਰ। ਘਟੋ ਕਾ ਪਾਨੀ ਗਿਰੇ ਪ੍ਰਤਿਬਿੰਬ ਕੋ ਬਿੰਬ ਮੇ ਮਿਲ ਜਾਨੇ ਵਤ। ਵਾ ਘਟ ਮਠ ਫੂਟੇ। ਘਟਾਕਾਸ ਮਠਾਕਾਸ ਕੋ ਅਕਾਸ ਮੇ ਮਿਲ ਜਾਨੇ ਵਤ ਜੀਵ ਈਸ ਦੋਨੋ ਕੋ ਜੁਦਾ ਕਰਨੇ ਵਾਲੀ। ਮਾਯਾ ਅਵਿਦਯਾ ਕੇ ਬਿਨਾਸ ਭਏ ਸੁਧ ਸ੍ਵਰੂਪ ਮੇ ਮਿਲ ਏਕ ਰੂਪ ਹੋਵੇ ਹੈ। ਜੁਦੇ ਨਹੀ ਰਹੇ। ਯਹੀ ਵਾਰਤਾ ਅਲੰਕਾਰ ਮਿਲਿ ਥੈਲੀ ਹੋਈ ਹੈ।.. ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ।... ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ।... ਜਿਉ ਪ੍ਰਤਿਬਿੰਬ ਬਿੰਬ ਕਉ ਮਿਲੀ ਹੈ ਉਦਕ ਕੁੰਭ ਬਿਗਰਨਾ।.. ਇਤਯਾਦਿ ਗੁਰੂ ਬਚਨ ਔ ਅਨੇਕ ਹੀ ਬੇਦ ਸਿੰਮ੍ਰਿਤਿ ਇਤਿਹਾਸ ਪੁਰਾਣੋ ਕੇ ਬਚਨ ਕਹੇ ਹੈ। ਪੂਰਬ ਕਹੇ ਬਚਨੋ ਕੋ ਭੇਦਵਾਦੀ ਮਨਮਾਨੀ ਰੀਤਿ ਸੇ ਭੇਦ ਮੇਲ ਗਾਵੇ ਹੈ। ਅਰ ਮੂਰਖ ਗੁਆਲਿਓ ਕੇ ਨਿਸ੍ਰੇ ਸਾਥ ਅਪਨਾ ਨਿਸ੍ਰਾ ਮਿਲਾਵੇ ਹੈ। ਪ੍ਰਮੇਸ੍ਵਰ ਹਮ ਸੇ ਜੁਦਾ ਆਕਾਸ ਮੇ ਬੈਠਾ ਹੈ। ਯਹ ਵਾਰਤਾ ਗੁਆਲੇ ਮੂਢ ਬਾਲਕ ਭੀ ਜਾਨੇ ਹੈ। ਉਨ ਹੀ ਕੇ ਭਾਈ ਭੇਦਵਾਦੀ ਹੈ। ਇਨ ਕੇ ਮਤ ਮੇ ਸੁਧ ਅਕ੍ਰਿਯ ਨਿਰੰਜਨਾਦਿਕ ਸਬਦ ਈਸ ਮੇ ਵਰਤੇ ਹੈ। ਈਸ ਕੀ ਭਕ੍ਤੀ ਜੀਵ ਕੀ ਮੁਕ੍ਤਿ ਹੋਵੈ ਹੈ। ਬਿਨਾ ਭਕ੍ਤੀ ਬੰਧਾ ਰਹੇ ਹੈ, ਦ੍ਰਿਸ੍ਰਾ ਈਸ ਹੈ। ਈਸ ਭਿੰਨ ਸੁਧ ਕੋਈ ਵਸਤੁ ਨਹੀ। ਐਸੇ ਬਤਾਵੇ ਹੈ ਬਿਸੇਖ ਬਿਚਾਰ ਦ੍ਰਿਸ੍ਰਾ ਕਾ ਆਨ ਬੇਦਾਂਤ ਗ੍ਰੰਥੋ ਮੇ ਦੇਖਨੇ ਯੋਗਯ ਹੈ। ਦ੍ਰਿਸਯ ਮਾਯਾ ਕਾ ਨਾਮ ਹੀ ਪ੍ਰਕ੍ਰਿਤਿ ਹੈ। ਤਾਂ ਸੇ ਸਾਂਖ ਮਤ ਵਤ ਮਹਤਤ੍ਵ ਅਹੰਕਾਰ ਪੰਚ ਤਨ ਮਾਤ੍ਰਾ ਸਥੂਲ ਭੂਤ ਬਨ। ਤਿਨ ਕੇ ਪੰਚੀਕਰਣ ਸੇ, ਚਾਰ ਪ੍ਰਕਾਰ ਕੇ ਸਥੂਲ ਦੇਹ ਬਨੇ ਹੈ। ਗਯਾਨ ਸੇ ਸਭ ਕਾ ਬਾਧ ਹੋਵੇ ਹੈ। ਗਯਾਨ ਬਿਨਾ ਭ੍ਰਮ ਭਯ ਕਾ ਨਾਸ ਨਹੀ ਹੋਵੇ ਇਤਯਾਦਿ ਉਪਦੇਸ ਬੇਦਾਂਤ ਮਤ ਕਾ ਹੈ। ਸੋਈ ਪੂਰਬ ਅਲੰਕਾਰ ਮਿਲਿ ਥੈਲੀ ਹੂਈ ਹੈ ਆਦਿ ਵਾਕਯਨ ਸੇ। ਏਕ ਰੂਪਤਾ ਬੋਧਨ ਕਰਤੇ ਗੁਰੋ ਕੋ ਅਭਿਮਤ ਹੈ। ੬।

**ਛਿਅ ਗੁਰੁ** ਗੁ. ਖਟ ਸਾਸਤ੍ਰੋ ਦ੍ਵਾਰਾ ਸਿਖ੍ਯਾ ਕਰਤੇ ਖਟ ਰਿਖੀ। ਖਟੋ ਮੇ ਸਾਂਖਯ ਸਾਸਤ੍ਰ ਕਰਤਾ ਕਪਲ ਰਿਖਿ ਹੈ। ਯਹ ਕਪਲ ਦੇਵਹੂਤੀ ਕਰਦਮ ਰਿਖੀ ਕੇ ਪੁਤ੍ਰ। ਭਗਵਤ ਅਵਤਾਰ ਸੇ ਜੁਦਾ ਹੈ। ਵਹੀ ਕਪਲ ਹੋਤਾ ਤੌ ਈਸ੍ਵਰ ਕਾ ਖੰਡਨ ਨਾ ਕਰਤਾ। ਇਸ ਨੇ ਕੀਆ ਯਾ ਤੇ ਆਨ ਹੈ। ਪਾਤੰਜਲ ਸਾਸਤ੍ਰ ਕਾ ਕਰਤਾ ਪਤੰਜਲੀ ਮੁਨਿ। ਸੰਧਯਾ ਕਰਤੇ ਏਕ ਮੁਨਿ ਕੀ ਅੰਜਲੀ ਮੇ ਪੜਾ। ਇਸ ਲੀਏ ਅੰਜਲੌ ਪਤਿਤ: ਪਾਤੰਜਲਿ ਅਰਥ ਜਾਨ ਪਤੰਜਲੀ ਨਾਮ ਲਿਖਾ ਹੈ। ਵਾ ਪੜੇ ਅੰਜਲੀਆਂ ਨਮਸਕਾਰ ਹੇਤ ਜਿਸ ਮੇ। ਤਿਸ ਸੇਖ ਨਾਗ ਕੇ ਅਵਤਾਰ ਕਾ ਨਾਮ ਪਤੰਜਲੀ ਹੈ। ਨਯਾਯ ਸਾਸਤ੍ਰ ਕਾ ਕਰਤਾ ਗੋਤਮ ਮੁਨਿ ਹੈ' ਗੋਤਮ ਬ੍ਰਹਮਾ ਕਾ ਪੁਤ੍ਰ ਥਾ। ਤਿਸ ਕੇ ਸਿਖਯ ਕਾ ਤਥਾ ਪੁਤ੍ਰ ਕਾ

ਨਾਮ ਗੌਤਮ ਹੈ। ਨਯਾਯ ਸਾਸਤ੍ਰ ਅਹਲਾ ਪਤਿ ਮੁਨੀ ਕਾ ਬਨਾਯਾ ਨਹੀ। ਕਾਹੂ ਆਨ ਕਾ ਹੈ। ਜਿਸ ਨੇ ਵੇਦ ਮੇਂ ਨਾ ਮਾਨੀ। ਪਰਮਾਣੂਯੋ ਸੇ ਜਗਤ ਕੀ ਉਤਪਤੀ ਮਾਨੀ ਹੈ। ਬੈਸੇਖਕ ਸਾਸਤ੍ਰ ਕਾ ਕਰਤਾ ਕਣਾਦ ਮੁਨਿ ਹੈ। ਯਹ ਮੁਨਿ ਮਾਰਗੋ ਸੇ ਕਣਕੇ ਚੁਗ, ਅਦਨ ਖਾਨਾ ਕਰਤਾ ਥਾ। ਇਸ ਲੀਏ ਇਸ ਕਾ ਨਾਮ ਕਣਾਦ ਹੈ। ਦ੍ਰਬਯਾਦਿ ਪਦਾਰਥੋ ਕੇ ਪਰਸਪਰ ਭੇਦੋ ਕਾ ਨਾਮ ਬਿਸੇਖ ਹੈ। ਲਖਣ ਪ੍ਰਮਾਣੋ ਸੇ ਤਿਨ ਭੇਦੋ ਕੋ ਲੇ ਕਰ ਕੀਏ ਗ੍ਰੰਥ ਕਾ ਨਾਮ ਬੈਸੇਖਕ ਹੈ। ਤਾ ਕੇ ਪੜਨੇ ਵਾਲੇ ਜਨੋ ਕਾ ਨਾਮ ਭੀ ਬੈਸੇਖਿਕ ਹੈ। ਮੀਮਾਸਾ ਸਾਸਤ੍ਰ ਕਾ ਕਰਤਾ ਬਯਾਸ ਰਿਖੀ ਕਾ ਸਿਖਯ ਜੈਮੁਨਿ ਰਿਖਿ ਹੈ। ਮੀਮਾਸਾ ਬਿਚਾਰ ਕਾ ਨਾਮ ਹੈ। ਜੈਮੁਨਿ ਰਿਖਿ ਨੇ ਸੰਪੂਰਣ ਕਰਮਕਾਂਡ ਰੂਪ ਵੇਦ ਕਾ ਬਿਚਾਰ ਕਰਕੇ ਸੂਤ੍ਰ ਬਨਾਏ। ਮਹਾਨ ਬਿਚਾਰ ਕੀਆ ਇਸ ਲੀਏ ਇਸ ਕੇ ਬਨਾਏ ਸਾਸਤ੍ਰ ਕਾ ਨਾਮ ਪੂਰਬ ਮੀਮਾਸਾ ਹੈ। ਬੇਦਾਂਤ ਸਾਸਤ੍ਰ ਕਾ ਕਰਤਾ ਬਯਾਸ ਮੁਨਿ ਹੈ। ਬਯਾਸ ਰਿਖਿ ਨੇ ਅਪਨੇ ਸੂਤ੍ਰੋ ਮੇ, ਸਮਗ੍ਰ ਗਯਾਨ ਕਾਂਡ ਰੂਪ ਬੇਦ ਕਾ ਬਿਚਾਰ ਕੀਆ ਹੈ। ਇਸ ਲੀਏ ਸਾਸਤ੍ਰ ਕਾ ਨਾਮ, ਉਤਰ ਮੀਮਾਸਾ ਹੈ। ਬ੍ਰਹਮ ਸੂਤ੍ਰ ਹੈ। ਸਾਰੀਰਕ ਮੀਮਾਂਸਾ ਹੈ। ਬੇਦਾਂਤ ਸਾਸਤ੍ਰ ਹੈ।

**ਛਿਅ ਘਰ** ਗੁ. ਨਾਨਾ ਪਦਾਰਥ ਨਿਰਣਯ ਕੇ ਥਾਨ। ਸਾਂਖਯਾਦਿ ਖਟ ਸਾਸਤ੍ਰ।

**ਛਿਅ ਜਤੀ** ਵਾ. ੧. ਹਨੂਮਾਨ ਜਤੀ ੨. ਭੀਖਮ ਪਿਤਾਮਾ ਯਤੀ ੩. ਲਛਮਨ ਜਤੀ ੪. ਭੈਰੋ ਜਤੀ ੫. ਗੋਰਖ ਜਤੀ ੬. ਦੱਤਾਤ੍ਰੇਯ ਜਤੀ। ਸਰਬਥਾ ਭਯਭਿਚਾਰਹੀਨ ਕਾ ਨਾਮ ਯਤੀ ਹੈ। ਯੇ ਭੀ ਅਪਨੀ ਪ੍ਰਸਿਧੀ ਚਾਹਨੇ ਸੇ ਮਾਯਾ ਕੇ ਦਾਸ ਹੈ, ਯਥਾ- ਛਿਅ ਜਤੀ ਮਾਇਆ ਕੇ ਬੰਦਾ।

**ਛਿਅ ਵਰਤਾਰੇ** ਵਾ. ਸੰਸਾਰ ਮੇਂ ਖਟ ਦਰਸਨ ਰੂਪ। ਜੋ ਮਨੁਖਯ ਸ੍ਰਿਸ੍ਰਿ ਕੇ ਖਟ ਹਿੱਸੇ ਹੈ। ਤਿਨ ਹਿਸਯੋ ਮੇ ਗ੍ਯਾਨੀ ਜਨ ਵਰਤੇ ਹੈ ਪਵਿਤ੍ਰ ਹੂਏ ਅਰਥਾਤ ਕਾਹੂ ਭੇਖ ਕਾ ਆਵੇਸ ਨਹੀ ਕਰਤੇ। ਜਿਸ ਥਾਨ ਮੇਂ ਪ੍ਰਾਪਤ ਹੋ ਸਦਾ ਬਿਚਾਰ ਕੋ ਪ੍ਰਾਪਤ ਭਏ ਹੈ, ਤਹਾ ਪਵਿਤ੍ਰ ਹੂਏ ਵਰਤੇ ਹੈ। ਯਾਹੀ ਭਾਵ ਸੇ ਆਗੇ ਕਹਾ ਹੈ- ਨਾ ਓਇ ਜੋਗੀ ਨਾ ਅਵਧੂਤ। ਨਾ ਗੋਰਖ ਮਤ ਕੇ ਆਵੇਸੀ ਨਾ ਦੱਤਾਤ੍ਰੇਯ ਮਤ ਕੇ ਗੁਸਾਈਪਨ ਕੇ ਹਠ ਵਾਲੇ ਹੈ। ਵਾ ਸੰਸਾਰ ਮੇਂ ਖਟ ਸਾਸਤ੍ਰੋਂ ਕੇ ਮਤੋ ਮੇ ਸਾਰਾ ਸਾਰ ਬਿਚਾਰ ਕਰਤੇ ਪਵਿਤ੍ਰ ਹੂਏ ਵਰਤੇ ਹੈ। ਵਾ ਵੇਦ ਕੇ ਖਟ ਅੰਗੋ ਮੇ ਕਹੇ ਪਦਾਰਥੋ ਕਾ ਬਿਚਾਰ ਕਰਤੇ ਪਵਿਤ੍ਰ ਹੂਏ ਵਰਤੇ ਹੈ। ਵਾ ਪਾਚ ਗਯਾਨ ਇੰਦ੍ਰੇ ਏਕ ਮਨ ਇਨ ਖਟੋ ਕੇ। ਸਾਸਤ੍ਰ ਅਨੁਕੂਲ ਵਿਖਯੋ ਮੇ ਵਰਤੇ ਹੈ ਪਵਿਤ੍ਰ ਹੂਏ। ਸਾਸਤ੍ਰ ਅਨੁਕੂਲ ਸ੍ਰੋਤ ਕਾ ਵਿਖਯ ਪ੍ਰਮੇਸ੍ਰ ਕੇ ਜਸ ਗੁਣ ਸਰੂਪ ਪ੍ਰਤਿਪਾਦਕ ਬਚਨੋ ਕਾ ਸ੍ਰਵਣ ਕਰਨਾ ਹੈ। ਤੁਚਾ ਸੇ ਮਹਾਤਮਾ ਕੇ ਚਰਣੋ ਕਾ ਸਪਰਸ ਕਰਨਾ, ਨੇਤ੍ਰੋ ਸੇ ਦਰਸਨ ਕਰਨਾ, ਰਸਨਾ ਸੇ ਗੁਣ ਗਾਵਣੇ। ਘ੍ਰਾਣ ਸੇ ਭਗਵਤ ਕੇ ਉਛਿਸ੍ਰ ਗੰਧਾਦਿ ਗ੍ਰਹਣ ਕਰਨੇ। ਮਨ ਸੇ ਪ੍ਰਮੇਸ੍ਰ ਕਾ ਚਿੰਤਨ ਕਰਨਾ। ਯੇ ਸਾਸਤ੍ਰ ਕੇ ਅਨੁਕੂਲ ਵਿਖਯ ਹੈ, ਯਥਾ- ਛਿਅ ਵਰਤਾਰੇ ਵਰਤਹਿ ਪੂਤ।

**ਛਿਕਿ** ਪੰ. ਪੋ. ਖੈਚ ਕੇ, ਕਸ ਕੇ, ਯਥਾ- ਹਰਿ ਮੈ ਪਲੈ ਬਧਾ ਛਿਕਿ ਜੀਉ। ਛੀਕ। ਸੰ. ਛਿਕ੍ਰ।

**ਛਿਕੇ** ਪੰ. ਖੈਚ ਕੇ, ਯਥਾ- ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ। ਛਿਕ ਮਾਰੇ।

**ਛਿੰਗਾ** ਪੰ. ਦਾਂਤ ਕਰੇਲਨੀਆ, ਖਿਲਾਲਾਂ, ਯਥਾ- ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ। ਛਿੰਗਾ ਦੇਨੇ ਕੀ ਰਸਮ ਪੂਰਬ ਮੇ ਹੈ। ਜਹਾਂ ਪਾਨ ਦੇਨੇ ਕੀ ਹੈ।

**ਛਿਜ** ਪੰ. ਦੂਰ ਹੋ, ਟੂਟ।

**ਛਿਜਈ** ਪੰ. ਉਜੜੇਗਾ, ਯਥਾ- ਨਾਨਕ ਖੇਤੁ ਨ ਛਿਜਈ। ਦੈਵ ਗੁਣ ਰੂਪ ਖੇਤ ਨਹੀ ਛੀਜੇਗਾ।

**ਛਿਜਣਾ** ਪੰ. ਖੁਲ ਜਾਣੇ ਵਾਲਾ, ਯਥਾ- ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ।

**ਛਿਜੰਤ** ਗੁ. ਦੂਰ ਹੋਤੀ, ਨਾਸ ਹੋਤੀ, ਯਥਾ- ਛਿਜੰਤ ਮਹਾ ਸੁੰਦਰੀ ਕਾਂਇਆ।

**ਛਿਜੜਾ** ਪੰ. ਖੁਲ ਜਾਨੇ ਵਾਲਾ।

**ਛਿਜਹਿ** ਪੰ. ਟੂਟੇ, ਯਥਾ- ਇਕੁ ਛਿਜਹਿ ਬਿਆ ਲਤਾੜੀਅਹਿ। ਛਿਜੇ, ਸੇਵਾ ਧਰਮ ਸੇ ਤਨ ਕੋ ਖੀਣ ਕਰੇ। ਦੂਸਰੇ ਮਹਾਤਮਾ ਕੇ ਬਚਨੋ ਕੀ ਤਾੜ ਨਾ ਸਹਾਰੇ। ਪੁਨਾ- ਛਿਜੈ ਨ ਜਾਇ ਕਿਛੁ ਭਉ ਨ ਬਿਆਪੇ।

**ਛਿੰਝ** ਪੰ. ਪਹਲਵਾਨੋ ਕੇ ਘੋਲ ਸਮੇ ਜਨ ਸਮੁਦਾਯ, ਮਲ ਯੁਧ ਕੇ ਦੇਖਨੇ ਵਾਲਾ ਜਨ ਸਮੁਦਾਯ, ਯਥਾ- ਹਉ ਬਾਹੁੜਿ ਛਿੰਝ ਨ ਨਚਊ।

**ਛਿਟ** ਪੰ. ਪਾਨੀ ਕਾ ਕਣਕਾ।

**ਛਿਟਕੀ** ਦੇ. ਛੁਟੀ, ਜੈਸੇ- ਸਾਧ ਸੰਗ ਮਿਲ ਛਿਟਕੀ।

**ਛਿਟਿੜਿ** ਪੰ. ਛਿਟਯਾ ਵਾਲਾ ਅਰਥਾਤ ਦਾਗੀ ਕਲੰਕੀ, ਯਥਾ- ਵੇਖੇ ਛਿਟਿੜਿ ਥੀਵਦੋ ਜਾਮਿ ਖਿਸੰਦੋ ਪੇਰੁ।

**ਛਿਟੀ ਛਿਟੀ** ਪੰ. ਕਣਕਾ ਕਣਕਾ, ਯਥਾ- ਛਿਟੀ ਛਿਟੀ ਸਿਰ ਝਾਰੈ। ਸਿਰ ਪਰਨੇ ਗਿਰਤਾ ਕਣਕਾ ਕਣਕਾ ਹੋ ਜਾਵੇਗਾ।

**ਛਿਤ** ਦੇ. ਪ੍ਰਿਥਵੀ, ਖਿਤੀ।

**ਛਿਥਾ** ਪੰ. ਲੱਜਤ।

**ਛਿਦ੍ਰੰ** ਸੰ. ਦੂਖਣ, ਯਥਾ- ਛਲੰ ਛਿਦ੍ਰੰ ਕੋਟਿ ਬਿਘਨੰ।

**ਛਿਦ੍ਰ** ਗੁ. ਦੋਖ, ਯਥਾ- ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ। ੨. ਗਰਤ, ਟੋਏ, ਯਥਾ- ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ। ੩. ਅਵਕਾਸ। ੪. ਜੋਤਸ ਮੇ ਕਹਯਾ ਲਗਨ ਸੇ ਆਠਵਾ ਸਥਾਨ।

**ਛਿਦਿਰ** ਸੰ. ਕੁਠਾਰ ; ਪਾਵਕ ; ਰਜੁ ਬਿਸੇਖ।

**ਛਿਦੁਰ** ਸੰ. ਵੈਰੀ ੨. ਧੂਰਤ ੩. ਛੇਦਨ ਕਰਤਾ ੪. ਆਪ ਹੀ ਕਟਾ ਹੂਆ।

**ਛਿਨਵੈ** ਪੰ. ਨਬੇ ਊਪਰ ਛੀ, ਯਥਾ- ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ।

**ਛਿੰਨਾ** ਸੰ. ਫਟੇ ਹੁਏ, ਯਥਾ- ਚੀਰ ਸਭਿ ਛਿੰਨਾ।

**ਛਿਨੁ** ਦੇ. ਖਿਣ, ਯਥਾ- ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ। ਸੰ. ਖ੍ਸ਼ਣ।

**ਛਿਨੁ ਛਿਨੁ** ਵਾ. ਖਿਣ ਖਿਣ ਮੇ, ਯਥਾ- ਛਿਨੁ ਛਿਨੁ ਅਉਧ ਬਿਹਾਤੁ ਹੈ। ਟੁਕੜੇ ਟੁਕੜੇ, ਯਥਾ- ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ।

**ਛਿਪ੍ਰ** ਦੇ. ਸੀਘ੍ਰ। ਸੰ. ਖ੍ਸ਼ਿਪ੍ਰ।

**ਛਿਮਾ** ਦੇ. ਖਿਮਾ। ਸੰ. ਖ੍ਸ਼ਮਾ।

**ਛਿਲਕ** ਪੰ. ਤੁਚਾ ਫਲਾਦਿਕੋ ਕੀ।

**ਛਿੜਕ** ਦੇ. ਜਲ ਕੇ ਕਣਕੇ ਗੇਰ।

**ਛੀਕਿ** ਪੰ. ਖੈਚ ਕੇ, ਯਥਾ- ਮੈ ਛੀਕਿ ਗਾਂਠਰੀ ਬਾਧਾ। ਦੇ. ਛਿੱਕ।

**ਛੀਕੇ** ਪੰ. ਵਸਤੂ ਰਖਨੇ ਹੇਤ ਛਤ ਸੇ ਬਾਂਧੇ ਛਿਕੇ ਪੈ। ਅਨਜੋਕ੍ਰੀ ਸੇ ਤਾ ਕੇ ਤੁੱਲ ਊਪਰ ਕੇ ਸ੍ਵਰਗ ਪੈ, ਯਥਾ- ਛੀਕੇ ਪਰ ਤੇਰੀ ਬਹੁਤੁ ਡੀਠਿ।

**ਛੀਜੈ** ਦੇ. ਬਿਨਸੇ ਹੈ, ਯਥਾ- ਛੀਜੈ ਜੋਬਨੁ ਜਰੂਆ ਸਿਰਿ ਕਾਲੁ।

**ਛੀਨ** ਦੇ. ਖੋਸ ; ਖੀਣ।

**ਛੀਨ ਖਰੇ** ਵਾ. ਖੋਸ ਲੀਏ।

**ਛੀਪਹੁ** ਦੇ. ਛਾਪਤੇ ਹੋ, ਯਥਾ- ਕਾਹੇ ਛੀਪਹੁ ਛਾਇਲੈ।

**ਛੀਪੇ** ਦੇ. ਛੀਬਾ, ਧੋਬੀ, ਯਥਾ- ਛੀਪੇ ਕੇ ਘਰਿ ਜਨਮੁ ਦੈਲਾ।

**ਛੀਪੋ** ਪੰ. ਛਾਪਤੇ ਹੋ।

**ਛੀਬਾ** ਪੰ. ਕਪੜੇ ਰੰਗਨੇ ਧੋਨੇ ਵਾਲਾ, ਯਥਾ- ਨਾਮਾ ਛੀਬਾ ਕਬੀਰੁ ਜੋਲਾਹਾ।

**ਛੀਰ** ਦੇ. ਦੂਧ। ਸੰ. ਖ੍ਸ਼ੀਰ।

**ਛੁਹਨ** ਦੇ. ਸਪਰਸ ਕਰ, ਜੈਸੇ- ਛੁਹਨ ਸਕਤ ਤਿਹ ਛਾਹ ਕੋ।

**ਛੁਛੰਦਰੀ** ਸੰ. ਮੁਖ ਸੇ ਦੁਰਗੰਧ ਵਾਲੀ ਮੂਸੇ ਕੀ ਜਾਤੀ। ਜੋ ਚਲਤੀ ਮੁਖੋਂ ਛੂੰ ਛੂੰ ਅਵਾਜ ਕਰਤੀ ਹੈ। ਚਕਚੂੰਦਰ ਪ੍ਰਸਿਧ।

**ਛੁਟਕੰਤ** ਗੁ. ਛੂਟਤਾ ਹੈ।

**ਛੁਟਕਤ** ਗੁ. ਅਨੇਕ ਛਿਦ੍ਰ ਸਰੀਰ ਬੇੜੇ ਕੇ ਖੁਲ ਗਏ, ਯਥਾ- ਛੁਟਕਤ ਬਜਰ ਕਪਾਟ। ਬਜ੍ਰ ਕੇ ਕਿਵਾੜੇ ਜੈਸੇ ਅਛੇਦਜ ਪਾਂਚ ਕੋ ਸਰੂਪ ਕਿਵਾੜੇ ਖੁਲ ਗਏ ਹੈ।

**ਛੁਟਕਨ** ਦੇ. ਛੂਟ ਜਾਨੇ ਕੋ, ਜੈਸੇ- ਛੁਟਕਨ ਕੋ ਜੀਅਰਾ ਲਲਚਾਵੇ।

**ਛੁਟਕਾਕੀ** ਗੁ. ਛੂਟਨੇ ਕੀ ਇਛਾ ਵਾਲੇ, ਯਥਾ- ਕਿਵ ਛੂਟਹ ਹਮ ਛੁਟਕਾਕੀ। ਕੈਸੇ ਛੂਟੇ ਹਮ ਛੂਟਨੇ ਕੀ ਇਛਾ ਵਾਲੇ। ਸੰ. ਛੁਟਨਾਕਾਂਖ੍ਯੀ।

**ਛੁਟਕਾਰਾ** ਦੇ. ਮੁਕਤੀ, ਯਥਾ- ਬਿਨੁ ਹਰ ਭਜਨ ਨਹੀ ਛੁਟਕਾਰਾ।

**ਛੁਟਕੀ** ਦੇ. ਛੂਟੀ, ਯਥਾ- ਪਉੜੀ ਛੁੜਕੀ ਫਿਰਿ। ਪੁਨਾ- ਗੁਰ ਮਿਲਿ ਛੁਟਕੀ। ਪੁਨਾ- ਛੁਟਕੀ ਰੋਲਿ। ਸੰਤੋ ਕਾ ਸੰਗ ਕਰ ਰੁਲਨੇ ਸੇ ਛੁਟ ਗਈ।

**ਛੁਟਕੇ** ਗੁ. ਛੂਟੇ।

**ਛੁਟੜਿ** ਪੰ. ਲਾਵਾਰਸ, ਸ੍ਵਾਮੀ ਹੀਨ ਖਰਾਬੜ, ਯਥਾ- ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ।

**ਛੁਟਾਰਾ** ਛੂਟਨਾ, ਯਥਾ- ਯਾਹੂ ਜਤਨ ਕਰਿ ਹੋਤ ਛੁਟਾਰਾ। ਛੂਟਨਾ ਅਰਥਾਤ ਮੁਕਤੀ ਵਹੁ ਯਤਨ ਸੰਤੋ ਕਾ ਸੰਗ ਹੈ। ਬਚਨਾਂਤਰ ਮੇ ਕਹਤਾ ਹੈ- ਸਾਧ ਸੰਗਤ ਬਿਨ ਤਰਿਓ ਨਾ ਕੋਇ।

**ਛੁਟੀ** ਦੇ. ਨੌਕਰ ਹੋ ਘਰ ਜਾਨੇ ਕੀ ਆਗ੍ਯਾ ; ਬੰਦਖਲਾਸ।

**ਛੁਟੀਵੇ** ਗੁ. ਛੂਟੇ ਹੈ, ਯਥਾ- ਤਿਨ ਪਿਛੈ ਸਭੁ ਜਗਤੁ ਛੁਟੀਵੇ। ਛੂਟੇ ਹੈ, ਮੁਕਤ ਹੋਵੇ ਹੈ।

**ਛੁਦ੍ਰ** ਸੰ. ਕ੍ਰਿਪਣ ; ਅਧਮ ; ਕ੍ਰੂਰ ; ਅਲਪ ; ਦਰਿਦ੍ਰ ; ਮਛਰ ; ਮੱਖੀ।

**ਛੁਧਾ** ਦੇ. ਭੂਖ। ਸੰ. ਖ੍ਸ਼ੁਧਾ।

**ਛੁਰਾ** ਸੰ. ਚੂਨਾ, ਕਲੀ। ਦੇ. ਛੁਰਾ ਸਸਤ੍ਰ।

**ਛੁਰਿਤ** ਸੰ. ਖਚਿਤ। ਲਿਪ੍ਤ ਛਿੰਨ।

**ਛੁਰੀ** ਦੇ. ਫਾ. ਕਾਤੀ, ਯਥਾ- ਹਥਿ ਛੁਰੀ ਜਗਤ ਕਾਸਾਈ।

**ਛੁਰੀ ਕਾਢਿ** ਵਾ. ਛੁਰੀ ਕਾਢ ਕੇ ਭਾਵ ਮਰਨੇ ਮਵਾਲੇ ਬਨ ਕੇ, ਯਥਾ- ਛੁਰੀ ਕਾਢਿ ਲੇਵੈ ਹਥਿ ਦਾਨਾ।

**ਛੁੜਕੀ** ਪੰ. ਛੂਟੀ, ਯਥਾ- ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ।

**ਛੂਛਾ** ਦੇ. ਊਣਾ, ਕਮ ਭਰਾ, ਯਥਾ- ਛੂਛਾ ਘਟੁ ਬੋਲੈ।

**ਛੂਛੀ** ਦੇ. ਤੁੱਛ, ਅਲਪ, ਯਥਾ- ਛਾਇਆ ਛੂਛੀ ਜਗਤੁ ਭੁਲਾਨਾ। ਰਗੜਾ ਚੰਦਨ ਰਖਨੇ ਕਾ ਅਲਪ ਪਾਤ੍ਰ।

**ਛੂਟਈ** ਪੰ. ਛੂਟਤਾ।

**ਛੂਟਸਿ** ਗੁ. ਛੂਟੇਗਾ, ਯਥਾ- ਛੂਟਸਿ ਮੂੜੇ ਕਵਨ ਗੁਣੀ।

**ਛੂਟਤ** ਦੇ. ਛੂਟਦੇ ਹੈ।

**ਛੂਟਨ** ਦੇ. ਬੰਧਨ ਸੇ ਮੁਕਤ ਹੋਨੇ ਕੀ, ਯਥਾ- ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ।

**ਛੂਟਲਾ** ਗੁ. ਛੂਟਾ ਹੂਆ, ਯਥਾ- ਜੈਸੇ ਗਾਇ ਕਾ ਬਾਛਾ ਛੂਟਲਾ।

**ਛੂਟਿ** ਦੇ. ਦੇਹ ਸੇ ਅਲਗ ਹੋ, ਯਥਾ- ਪ੍ਰਾਨ ਜਾਹਿੰਗੇ ਛੂਟਿ।

**ਛੂਟਿ ਗਈ** ਦੇ. ਤਿਆਗੀ ਗਈ, ਯਥਾ- ਛੂਟਿ ਗਈ ਸੰਸਾਰੀ।

**ਛੂਤ** ਦੇ. ਅਪਵਿਤ੍ਰ ਅਰਥਾਤ ਛੂਹ ਕਰ ਅਪਵਿਤ੍ਰ ਕਰ ਦੇਨਾ।

**ਛੇਆਨਿਤ** ਗੁ. ਨਾਸੀ, ਯਥਾ- ਛੇਆ ਨਿਤ ਦੇਖਹੁ ਜਗਿ ਹੰਢਿ। ਸਾਰਾ ਜਗਤ ਨਾਸੀ ਹੈ। ਅਛੀ ਤਰਹ ਫਿਰ ਦੇਖੋ।

**ਛੇਕ** ਪੰ. ਛਿਦ੍ਰ, ਮੋਰੀਆਂ, ਯਥਾ- ਫੂਟੇ ਛੇਂਕ ਹਜਾਰ। ਦੇਹ ਬੇੜੇ ਮੇ ਰੋਗ ਸ੍ਰੂਪ ਹਜਾਰਾ ਛਿਦ੍ਰ ਫੂਟ ਰਹੇ ਹੈ। ਸੰ. ਘਰ ਮੇ ਰਹਨੇ ਵਾਲੇ ਮ੍ਰਿਗ ਪੰਖੀ ; ਨਾਗਰ, ਵਿਦਗਧ ; ਮਸ੍ਰ ਇਸਤ੍ਰੀ।

**ਛੇਕਲ** ਸੰ. ਬਕਰਾ, ਬਕਰੀ।

**ਛੇਦ** ਸੰ. ਮਾਯਾ ਸਰਪਨੀ ਕੀ ਬਿਖ ਕੋ ਕਾਟ ਕੇ ਵਾ ਸ੍ਰੋਤਾਦਿਕ ਇੰਦ੍ਰਯੋ ਸੇ ਸਬਦਾਦਿ ਵਿਖਯੋ ਕੋ ਕਾਟ ਕੇ, ਜੈਸੇ- ਬਿਖਯਾ ਬਿਖ ਛੇਦ। ਕਟੇ ਸਤ੍ਰੂਓ ਕੋ, ਯਥਾ- ਕਿਉ ਛੇਦੇ ਬੈਰਾਈਐ।

**ਛੇਦਨ** ਸੰ. ਦੋ ਟੁਕੜੇ ਕਰਨਾ ; ਛੇਦਨ ਕਾ ਸਾਧਨ ; ਛੇਦਕ।

**ਛੇਦਨੀਯ** ਸੰ. ਜਲ ਕੀ ਮਲ ਛੇਦਨ ਕਰਨੇ ਕੋ ਹਿਤ ਵਸਤੁ। ਜੈਸੇ ਕਤਕ ਬੂਟੀ ਤਥਾ ਬਦਾਮ ਕੀ ਗਿਰੀ।

**ਛੇਦਯ** ਸੰ. ਛੇਦਨ ਕਰਨੇਯੋਗ।

**ਛੇਪ** ਗੁ. ਸੀਘ੍ਰ, ਯਥਾ- ਲੇਪ ਛੇਪ ਨ ਲਿਪ੍ਰਤੇ। ਨਾਮ ਜਪਤਾ ਪੁਰਖ ਇਤਰ ਜਨੋ ਵਤ। ਕਾਹੂ ਪਾਪ ਕੇ ਸੀਘ੍ਰ ਲੇਪ ਸੇ ਲਿਪਤ ਨਹੀ ਹੋਤਾ। ਵਾ ਕਾਹੂ ਤਰੇ ਕੇ ਛੇਪ, ਵਿਖੇਪ ਕੇ ਲੇਪ ਸੇ ਲਿਪਤ ਨਹੀ ਹੋਤਾ।

**ਛੇਮੰਡ** ਸੰ. ਮਾਤਾ ਪਿਤਾ ਰਹਿਤ ਬਾਲਕ, ਜਿਸ ਕੋ ਯਵਨ ਯਤੀਮ ਕਹਤੇ ਹੈ।

**ਛੇਰਾਂ** ਪੰ. ਛਿਦ੍ਰ, ਜੈਸੇ- ਦੰਦੀ ਛੇਰਾਂ ਪਈਆ। ਸੰ. ਛਿਦ੍ਰ।

**ਛੇਰੀਂ** ਪੰ. ਪਿੰਜਰੇ ਕੇ ਛਿਦ੍ਰੋਂ ਮੇ, ਯਥਾ- ਛੇਰੀਂ ਭਰਮੈ ਮੁਕਤਿ ਨ ਹੋਇ। ਪਿੰਜਰੇ ਮੇ ਬਾਂਧਾ ਪੰਖੀ ਛੂਟਨੇ ਹੇਤ ਪਿੰਜਰੇ ਕੇ ਛਿਦ੍ਰੋਂ ਮੇ ਬਿਚਰੇ ਤਬ ਛੂਟ ਨਹੀ ਸਕੇ ਐਵੇਂ ਦੇਹ ਪਿੰਜਰੇ ਮੇ ਬਾਧਾ ਜੀਵ ਦੰਭਾਰਥ ਕੀਏ ਜਪ ਤਪਾਦਿਕੋਂ ਸੇ ਮੁਕਤ ਨਹੀ ਹੋ ਸਕੇ।

**ਛੇਵਾ** ਪੰ. ਛਠਾ, ਯਥਾ- ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ। ਯਹ ਬਚਨ ਆਨ ਈਸ੍ਰਰ ਕੇ ਨਿਖੇਧ ਹੇਤ ਹੈ। ਯਾ ਤੇ ਸ੍ਰਿਸ੍ਰਿ ਕਰਤਾ ਬਿਨਾ ਆਨ ਕਾ ਪੂਜਨ ਨਾ ਕਰਨਾ ਚਾਹੀਏ। ਆਨ ਕੇ ਪੂਜਨ ਵਾਲੇ ਪੈ ਈਸ੍ਰਰ ਕਾ ਕੋਪ ਹੋਤਾ ਹੈ।

**ਛੇਲ** ਪੰ. ਬਕਰੀ ; ਬਕਰੀ ਕਾ ਬਚਾ, ਯਥਾ- ਕੂਦਮ ਕਰੈ ਗਾਡਰ ਜਿਉ ਛੇਲ।

**ਛੇੜ** ਪੰ. ਅੱਲ, ਖਿਜਣ ਵਾਲਾ ਨਾਮ।

**ਛੈ** ਦੇ. ਮਾਰ. ਹੈ, ਜੈਸੇ- ਕਾਹੀ ਛੈ। ਕਿਆ ਹੈ। ਪੁਨਾ ਮਹਾ ਕਠਨ ਮਾਯਾ ਛੈ। ਨਾਸ, ਜੈਸੇ- ਸਤ੍ਰ ਛੈ ਹੋ ਗਏ।

**ਛੈਲ** ਦੇ. ਸੁੰਦ੍ਰ ਭਾਵ ਗਯਾਨਵਾਨ, ਯਥਾ- ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ। ਗ੍ਯਾਨਵਾਨੋ ਕੋ ਸੰਸਾਰ ਫਾਸ ਸੇ ਛੂਟਤੇ ਦੇਖ ਕਰ ਜਿਗ੍ਯਾਸੂਯੋ ਕੇ ਮਨ ਮੇ ਧੀਰਜ ਹੋਵੇ ਹੈ, ਜੋ ਹਮ ਭੀ ਪਾਰ ਹੋਵੇਂਗੇ। ਪੰ. ਇਸਤ੍ਰੀਆ ਕੀ ਛਾਪੀ ਚਾਦਰ।

**ਛੈਲੁ ਛਬੀਲਾ** ਵਾ. ਸੁੰਦ੍ਰ, ਯਥਾ- ਪਿਰੁ ਛੈਲੁ ਛਬੀਲਾ ਛਡਿ ਗਵਾਇਓ। ਸੁੰਦਰ ਛਬ ਵਾਲਾ।

**ਛੋਹਤ** ਦੇ. ਸਪਰਸ ਕਰਤੇ, ਜੈਸੇ- ਛੋਹਤ ਚਰਨ ਮਿਟੇ ਸਭ ਪਾਪ੍ਰ।

**ਛੋਹਰੇ** ਦੇ. ਲੜਕੇ, ਯਥਾ- ਛਛਾ ਛੋਹਰੇ ਦਾਸ ਤੁਮਾਰੇ।

**ਛੋਹਾ** ਦੇ. ਕੋਪ।

**ਛੋਹਾਇਆ** ਗੁ. ਕ੍ਰੋਧੀ ਹੂਆ, ਯਥਾ- ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ।

**ਛੋਹਾਰਾ** ਸੰ. ਅਰਬ ਕੀ ਖਜੂਰ।

**ਛੋਹੋ** ਪੰ. ਗੁੱਸਾ, ਕ੍ਰੋਧ, ਯਥਾ- ਸਚੁ ਕਹੈ ਤਾ ਛੋਹੋ ਆਵੈ।

**ਛੋਕ** ਗੁ. ਅਪਵਿਤ੍ਰ, ਯਥਾ- ਬਿਦਰ ਦਾਸੀ ਸੁਤੁ ਛੋਕ ਛੋਹਰਾ। ਬਿਦਰ ਦਾਸੀ ਕਾ ਪੁਤ੍ਰ ਅਪਵਿਤ੍ਰ ਦਾਸ ਵਾ ਛੋਕ ਛੋਟਾ ਛੋਹਰਾ ਦਾਸ ਅਰਥਾਤ ਅਤਸੈ ਅਲਪ ਦਾਸ।

**ਛੋਕ ਛੋਹਰਾ** ਵਾ. ਛੂਤ ਵਾਲਾ ਦਾਸ, ਯਥਾ- ਦਾਸੀ ਸੁਤੁ ਛੋਕ ਛੋਹਰਾ।

**ਛੋਛਾ** ਪੰ. ਤੁਛ, ਯਥਾ- ਛੋਛਾ ਇਸ ਦਾ ਮੁਲੁ।

**ਛੋਛੀ** ਪੰ. ਖਾਲੀ, ਯਥਾ- ਛੋਛੀ ਨਲੀ ਤੰਤੁ ਨਹੀ ਨਿਕਸੈ।

**ਛੋਟ** ਦੇ. ਮੁਕਤੀ, ਯਥਾ- ਕਤਹਿ ਨਾਹੀ ਛੋਟ। ਕਾਹੂ ਉਪਾਯ ਸੇ ਨਹੀ ਹੋਤੀ ਮੁਕਤੀ। ਕਮ ਕਰਨਾ, ਜੈਸੇ- ਬਜਾਜ ਕੀ ਛੋਟ।

**ਛੋਟਾ** ਦੇ. ਅਲਪ।

**ਛੋਡਿ** ਦੇ. ਤਯਾਗ, ਯਥਾ- ਛੋਡਿ ਖਿਆਲ ਦੁਨੀਆ ਕੇ ਧੰਧੇ। ਹੇ ਨਰ ਤੂ ਖੁਦਾ ਕਾ ਬੰਦਾ ਹੈ। ਯਾ ਤੇ ਦੁਨੀਆ ਕੇ ਕਾਮੋ ਓਰ ਤੇ ਚਿਤ ਬ੍ਰਿਤੀ ਕੋ ਹਟਾਓ।

**ਛੋਡਿ** ਗੁ. ਛੋਡੇ, ਯਥਾ- ਦੁਬਿਧਾ ਛੋਡਿ ਕੁਵਾਟੜੀ।

**ਛੋਤਿ** ਦੇ. ਛੂਤ, ਛੋਹ ਕੇ ਸਨਾਨ ਯੋਗਯ ਹੋ ਜਾਨਾ ਰੂਪ ਅਪਵਿਤ੍ਰਤਾ, ਯਥਾ- ਜਾ ਕੀ ਛੋਤਿ ਜਗਤ ਕਉ ਲਾਗੈ। ਆਬ, ਸੋਭਾ, ਜੈਸੇ- ਅਮੁਕ ਕੀ ਛੋਤ ਝੜ ਗਈ।

**ਛੋਰੂ** ਦੇ. ਬਾਲਕ, ਯਥਾ- ਹਮ ਛੋਰੂ ਥਾਰੇ।

।ਇਤਿ ਸ੍ਰੀ. ਛਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਜ

**ਜਉ** ਦੇ. ਜਬ, ਯਥਾ- ਜਉ ਤੁਮ ਗਿਰਿਵਰ ਤਉ ਹਮ ਮੋਰਾ।

**ਜਉ ਤ** ਗੁ. ਜਬ ਤੁਮ, ਯਥਾ- ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ।

**ਜਉ ਲਉ** ਵਾ. ਜਬ ਪ੍ਰਯੰਤ, ਯਥਾ- ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ।

**ਜਉਲਾ** ਗੁ. ਜੁਦਾ, ਯਥਾ- ਜਬ ਇਸ ਤੇ ਇਹੁ ਹੋਇਓ ਜਉਲਾ। ਪੁਨਾ- ਹਰਿ ਵਸੈ ਨਿਕਟਿ ਸਭ ਜਉਲਾ। ਪੁਨਾ- ਬਹੁੜਿ ਨ ਹੋਈਐ ਜਉਲਾ ਜੀਉ। ਪੁਨਾ- ਇਸ ਮਾਰੀ ਬਿਨੁ ਸਭੁ ਕਿਛੁ ਜਉਲਾ।

**ਜਇਅੰਪਹਿ** ਗੁ. ਜਪਤੇ ਹੈ, ਯਥਾ- ਜੈ ਜੈ ਜਇਅੰਪਹਿ ਸਗਲ ਜਾ ਕਉ।

**ਜਇਆ** ਗੁ. ਜਯ, ਫਤਹ, ਯਥਾ- ਉਚਰੈ ਹਰਿ ਕੀ ਜਇਆ। ਪੈਦਾ ਹੂਆ, ਯਥਾ- ਸਾਧਸੰਗਤਿ ਬਿਨੁ ਬਾਦਿ ਜਇਆ। ਬਜਰਥ ਹੀ ਉਪਜਿਆ ਹੈ।

**ਜਸੁ** ਦੇ. ਜਿਸ ਕੇ, ਯਥਾ- ਜਸੁ ਸਿਮਰਣ ਰਿਦੰਤਰਹ। ਰਿਦੇ ਮੇ ਜਿਸ ਕੇ ਸਿਮਰਣ ਸੇ।

**ਜਸ ਹੰਦਾ** ਪੰ. ਜਸ ਕਾ, ਯਥਾ- ਜਸ ਹੰਦਾ ਬਾਣੁ।

**ਜਸ ਜਾਚਉ** ਵਾ. ਮਾਗਉ, ਯਥਾ- ਜਸੁ ਜਾਚਉ ਦੇਵੈ ਪਤਿ ਸਾਖੁ।

**ਜਸ ਜਾਚੋ** ਵਾ. ਹੇ ਜਨੋ ਪ੍ਰਮੇਸੁਰ ਕਾ ਜਸ ਕਰਨਾ ਮਾਗੋ।

**ਜਸ ਪੁਰ ਅਘਾਵੇ** ਵਾ. ਪੂਰਨ ਜਸ ਸਾਥ ਤ੍ਰਿਪਤ ਹੋਵੇ ਹੈ।

**ਜਸੁ ਰਖੇਣ** ਗੁ. ਜਿਸ ਕਾ ਰਛਕ ਗੋਪਾਲ ਹੈ, ਯਥਾ- ਅਹੋ ਜਸੁ ਰਖੇਣ ਗੋਪਾਲਹ।

**ਜਸੁ** ਦੇ. ਕੀਰਤਿ, ਯਥਾ- ਜਸੁ ਕੀਰਤਿ ਜਗਿ ਲੇਇ। ਲੋਕੋ ਕੀ ਜਿਹਬਾ ਸੇ ਅਪਨੇ ਜਸ ਕਾ ਕਹਨਾ ਲੇਵੇ ਹੈ। ਸੰ. ਜਸ। ਜਿਸ ਕੀ, ਯਥਾ- ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ। ਜਿਸ ਕੀ ਰਛਾ ਕਰਨੇ ਵਾਲੇ ਹੈ ਗੋਪਾਲ। ਜਿਸ ਕੇ, ਯਥਾ- ਨ ਦਨੋਤਿ ਜਸਮਰਣੇਨ। ਨਹੀ ਖੇਦ ਕੋ ਪ੍ਰਾਪਤ ਹੋਤਾ ਪੁਰਖ ਜਿਸ ਕੇ ਸਿਮਰਨ ਸੇ। ਸੰ. ਯਸਜ। ਜੈਸੇ, ਯਥਾ- ਖਰ ਚੰਦਨ ਜਸ ਭਾਰਾ। ਪੁਨਾ- ਹਮ ਬਪੁਰੇ ਜਸ ਕੀਰਾ।

**ਜਸੂਆ** ਗੁ. ਜਸ, ਯਥਾ- ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ। ਦ੍ਰਿੜ ਕਰੀ ਹੈ ਭਗਤੀ ਹਰਿ ਜਸੁ ਕਰਨਾ ਰੂਪ।

**ਜਸੋਦ** ਸੰ. ਕ੍ਰਿਸ੍ਨ ਕੀ ਮਾਤਾ, ਯਥਾ- ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ। ਸੰ. ਯਸੋਧਾ।

**ਜਹ** ਦੇ. ਜਹਾਂ, ਯਥਾ- ਜਹ ਸਾਧੂ ਗੋਬਿਦ ਭਜਨੁ।

**ਜਹਰ** ਫਾ. ਬਿਖ।

**ਜਹਰ ਚੀਜ** ਮਿ. ਵਾ. ਬਿਖ ਤੁਲਜ ਵਸਤੁ, ਯਥਾ- ਅਵਰ ਜਹਰ ਚੀਜ ਨ ਭਾਇਆ।

**ਜਹਾ** ਦੇ. ਜਿਸ ਥਾਨ ਮੇ, ਯਥਾ- ਜਹਾ ਜਹਾ ਇਹ ਦੇਹੀ ਧਾਰੀ।

**ਜਹਾ ਕਹਾਂ** ਵਾ. ਸਰਬ ਥਾਨੋ ਮੇ, ਯਥਾ- ਜਹਾ ਕਹਾਂ ਪ੍ਰਭੁ ਤੂੰ ਵਰਤੰਤਾ। ਜਿਸ ਕਿਸ ਥਾਨ ਮੇ ਭਾਵ ਸਭ ਥਾਨੋ ਮੇ।

**ਜਹਾਨੁ** ਫਾ. ਸੰਸਾਰ, ਯਥਾ- ਤਾਰਿਆ ਜਹਾਨੁ।

**ਜਹਾਨੈ** ਗੁ. ਸਗਲ ਜਹਾਨ ਕੋ ਉਪਦੇਸ, ਯਥਾ- ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।

**ਜਹੀ** ਦੇ. ਜਹਾਂ।

**ਜਹੀਰ** ਫਾ. ਲਾਚਾਰ, ਅਸਮਰਥ।

**ਜਕੀੜਾ** ਗੁ. ਪ੍ਰੇਮ ਰੂਪ ਜਕੜਬੰਦ ਪਾਇ ਕੇ, ਯਥਾ- ਬਿਖੁ ਸੰਚਹਿ ਲਾਇ ਜਕੀੜਾ। ਚਿਤ ਕਾ ਪੂਰਾ ਪ੍ਰੇਮ ਲਗਾਇ ਕੇ ਬਿਖਯੋ ਕੋ ਸੰਚਨ ਕਰੇ ਹੈ।

**ਜਖੵ** ਦੇ. ਦੇਵਤਾ ਬਿਸੇਖ ਜਿਨ ਕਾ ਰਾਜਾ ਕੁਬੇਰ ਹੈ, ਯਥਾ- ਕਈ ਕੋਟਿ ਜਖੵ ਕਿੰਨਰ ਪਿਸਾਚ। ਪ੍ਰਜਜ।

**ਜਖਮ** ਅ. ਘਾਉ, ਬ੍ਰਣ।

**ਜੰਗ** ਫਾ. ਯੁਧ ; ਗਡੀ ਕਾ ਔ ਉਠ ਕਾ ਟੱਲ।

**ਜਗ** ਦੇ. ਜਗਤ, ਯਥਾ- ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ। ਅਸ੍ਵਮੇਧਾਦਿ ਯਗ, ਯਥਾ- ਗੈਂਡਾ ਮਾਰਿ ਹੋਮ ਜਗ ਕੀਏ। ਗੈਂਡਾ ਮਾਰ ਕੇ ਹਵਨ ਜਗ ਮੇ ਕਰੀਤਾ ਹੈ। ਪੁਨਾ- ਤਿਨਿ ਕਰਿ ਜਗ ਅਠਾਰਹ ਘਾਏ।

**ਜਗ ਬੰਦਨ** ਗੁ. ਹੇ ਜਗਤ ਕੇ ਬੰਦਨੀਯ।

**ਜਗਈਏ** ਗੁ. ਸਾਵਧਾਨ ਰਹਤੇ ਹੈ।

**ਜਗਜੀਵਨ** ਸੰ. ਪ੍ਰਾਣ ਰੂਪ ਸੇ ਜਗਤ ਕੇ ਜੀਵਾਨੇ ਵਾਲਾ। ਵਾ ਪ੍ਰਾਣ ਸਰੀਰ ਕਾ ਯੋਗ ਕਰ। ਜਗਤ ਕੇ ਜੀਵਾਨੇ ਵਾਲਾ ਈਸ੍ਰ। ਵੇਦ ਮੇ ਕਹਤਾ ਹੈ ਪ੍ਰਾਣ ਅਪਾਨ ਸੇ ਕੋਈ ਜੀਵ ਨਹੀ ਜੀਤਾ, ਸਭੀ ਜੀਵ ਉਸ ਸੇ ਜੀਵੇ ਹੈ ਜਿਸ ਮੇ ਯੇ ਦੋਨੋ ਥਿਤ ਹੈ, ਯਥਾ- ਜਗਜੀਵਨ ਅਬਿਨਾਸੀ ਠਾਕੁਰ।

**ਜਗਤ** ਸੰ. ਵਾਯੁ ; ਜੰਗਮ ; ਬਿਸ੍ਵ, ਮਾਯਾਮਯ ਸੰਸਾਰ ਚਕ੍ਰ। ਨਿਰੂਪਣ

ਕਰਣੇ ਕੋ ਕਠਨ ਹੁਈ, ਜੋ ਸਪਸਟ ਭਾਸੇ ਤਿਸ ਕਾ ਨਾਮ ਮਾਯਾ ਹੈ ਜੈਸੇ ਇੰਦ੍ਰਜਾਲ ਕੀ ਵਸਤੁ ਮਾਯਾ ਹੈ।

**ਜਗਤ ਉਧਾਰਣੁ** ਦੇ. ਜਗਤ ਕੋ ਉਧਾਰ ਕਰਨੇ ਵਾਲਾ ਪ੍ਰਮੇਸ੍ਰ, ਯਥਾ- ਜਗਤ ਉਧਾਰਣੁ ਪਾਇਅਉ।

**ਜਗਤ ਸੇਤੁ** ਸੰ. ਸੇਤੁ ਕੇ ਸਮਾਨ ਜਗਤ ਕੀ ਮਰਯਾਦਾ ਕੇ ਧਾਰਨੇ ਵਾਲਾ।

**ਜਗਤ ਕਰਤਾ** ਦੇ. ਈਸ੍ਵਰ ਤਾ ਕੇ ਸਾਥ ਅਭੇਦ ਸੇ ਬ੍ਰਹਮਾਦਿਕ ਭੀ ਜਗਤ ਕਰਤਾ ਹੈ। ਸੰ. ਜਗਤਕਰ੍ਤਾ।

**ਜਗਤ ਧਾਤਾ** ਸੰ. ਪ੍ਰਮੇਸ੍ਰ।

**ਜਗਤ ਪਤਿ** ਸੰ. ਈਸ੍ਰ ਤਾ ਕੇ ਸਾਥ ਅਭੇਦ ਸੇ ਸਿਵ ਬਿਸਨੁ ਆਦਿਕ ਭੀ ਜਗਤ ਪਤੀ ਕਹੇ ਜਾਵੇ ਹੈ।

**ਜਗਤ ਪ੍ਰਾਣ** ਸੰ. ਪਵਣ।

**ਜਗਤ ਪਿਤਾ** ਸੰ. ਜਗਤ ਕੀ ਉਤਪਤਿ ਕਰਨੇ ਵਾਲਾ, ਯਥਾ- ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ।

**ਜਗਤੁ** ਗੁ. ਜਗਤ ਪੈ, ਯਥਾ- ਜਸੁ ਜਗਤ੍ਰ ਪਰਿ ਛਾਇਯਉ।

**ਜਗਤੁ ਸੰਸਾਰੁ** ਗੁ. ਜੇਤੇ ਜੀਵ ਸੰਸਾਰ ਮੇ, ਯਥਾ- ਜੇਤਾ ਜਗਤੁ ਸੰਸਾਰੁ।

**ਜਗਦ ਗੁਰ** ਸੰ. ਪ੍ਰਮੇਸ੍ਰ ਜਗਤ ਕਾ ਉਪਦੇਸ ਦਾਤਾ।

**ਜਗਦੀਸ** ਸੰ. ਜਗਤ ਕਾ ਸ੍ਵਾਮੀ ਪ੍ਰਮੇਸ੍ਰ।

**ਜਗਦੀਸ ਈਸ** ਸੰ. ਜਗਤ ਕੇ ਈਸ੍ਰੋ ਕਾ ਈਸ੍ਰ ਭਾਵ ਸੇ ਬ੍ਰਹਮਾਦਿਕੋ ਕਾ ਸ੍ਵਾਮੀ ਪ੍ਰਮੇਸ੍ਰ।

**ਜਗਦੀਸਰੁ** ਸੰ. ਜਗਤ ਕਾ ਸ੍ਵਾਮੀ, ਯਥਾ- ਜਗਦੀਸਰੁ ਹਰਿ ਜੀਉ।

**ਜਗਧ** ਸੰ. ਭੋਜਨ ; ਭੁਕ੍ਤ ਵਸਤੂ।

**ਜਗਧਿ** ਸੰ. ਮਿਲ ਕੇ ਖਾਨਾ, ਸਹ ਭੋਜਨ, ਗੋਤਕੁਨਾਲਾ ਪ੍ਰਸਿਧ।

**ਜਗੰਨਥਈ** ਗੁ. ਜਗਨਨਾਥ ਇਸ ਨਾਮ ਕੋ, ਯਥਾ- ਹਰਿ ਜਪਿਓ ਜਗੰਨਥਈ।

**ਜਗੰਨਾਥ** ਸੰ. ਜਗਤ ਕਾ ਸ੍ਵਾਮੀ ਪ੍ਰਮੇਸ੍ਰ ; ਉੜੀਸਾ ਮੇ ਏਕ ਬਿਸਨੁ ਕੀ ਕਾਸ੍ਰ ਕੀ ਮੂਰਤਿ ਹੈ, ਤਿਸ ਮੇ ਇਸ ਨਾਮ ਕੀ ਪ੍ਰਸਿਧੀ ਹੈ।

**ਜੰਗਲੁ** ਫਾ. ਬਨ ; ਉਜਾੜ, ਯਥਾ- ਜੰਗਲੁ ਜੰਗਲੁ ਕਿਆ ਭਵਹਿ।

**ਜਗਾਤਿ** ਦੇ. ਮਹਸੂਲ। ਯਵ. ਭਾ. ਯਕਾਤ, ਯਥਾ- ਜੇਜੀਆ ਡੰਨੁ ਕੋ ਲਏ ਨ ਜਗਾਤਿ।

**ਜੰਗਾਲ** ਦੇ. ਜੰਗਾਲ ਨਾਮ ਸੇ ਪ੍ਰਸਿਧ ਔਖਧਿ ; ਲੋਹੇ ਕਾ ਸ੍ਰੂਪ ਬਿਗਾੜਨ ਵਾਲੀ ਜਰ।

**ਜੰਗਾਲੀ** ਦੇ. ਜੰਗਾਲ ਸਮ ਪਾਪ ਮਲ ਸੇ ਅਸੁਧ ਭਈ ਜੀਵੋ ਕੀ ਬੁਧੀ।

**ਜਗਾਵੇ** ਦੇ. ਨਿੰਦ੍ਰਾ ਸੇ ਉਠਾਵੇ।

**ਜੰਗੀਲਾ** ਗੁ. ਜੰਗਾਲ ਜੋ ਮਨ ਰੂਪ ਲੋਹੇ ਕੋ ਲਗਾ ਹੈ, ਯਥਾ- ਉਤਰੈ ਮਨਹੁ ਜੰਗੀਲਾ।

**ਜਗੁ ਸਾਰੀ** ਗੁ. ਜਗਤ ਸਮਗ੍ਰ, ਯਥਾ- ਮਨੁ ਜੀਤੇ ਜਗੁ ਸਾਰੀ। ਮਨ ਜਯ ਕਰਨੇ ਸੇ ਸਭ ਜਗਤ ਜੀਤਾ ਜਾਤਾ ਹੈ, ਉਕਤੰਚ- ਮਨਿ ਜੀਤੈ ਜਗੁ ਜੀਤੁ।

**ਜਗੋਟਾ** ਗੁ. ਲਕ ਮੇ ਬਾਧਨੇ ਕਾ ਊਨ ਕਾ ਰਸਾ, ਯਥਾ- ਸਹਜ ਜਗੋਟਾ ਬੰਧਨ ਤੇ ਛੂਟਾ।

**ਜਘਨ** ਸੰ. ਚਿਤੜੋ ਕਾ ਮੋਹਰਲਾ ਪਾਸਾ ; ਸ੍ਰੋਣਿ, ਚੂਤੜ।

**ਜਘਨਜ** ਸੰ. ਚਰਮ, ਅੰਤਿਮ ; ਗਹਿੰਤ ; ਲਖਣ ਯੁਕ੍ਤ ਨਰ ; ਅਲਪ ; ਸੂਦ੍ਰ।

**ਜੰਘੀਐ** ਗੁ. ਜੰਘੋ ਸੇ, ਯਥਾ- ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ।

**ਜਚਨਾ** ਗੁ. ਸੁਧ ਨਿਰਮਲ, ਯਥਾ- ਜਾ ਉਹੁ ਨਿਰਮਲੁ ਤਾਂ ਹਮ ਜਚਨਾ। ਜਚਤੇ ਹੈਂ, ਯਥਾ- ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ। ਨਾਮ ਜਾਪ ਸੇ ਜੋ ਫਲ ਚਾਹੇ ਸੋ ਪ੍ਰਾਪਤ ਹੋਤੇ ਜਚਤੇ ਹੈ, ਕਿਉਂਕੇ ਆਤਮ ਲਾਭ ਸੇ ਪਰੇ ਕੋਈ ਲਾਭ ਨਹੀ ਰਹਤਾ।

**ਜਛ** ਦੇ. ਜਖ੍ਹ। ਸੰ. ਯਖ੍ਹ।

**ਜਜ ਕਾਜ** ਦੇਵ ਪੂਜਾ ਕੇ ਕਾਮ ਮੇ।

**ਜਜਮਾਨੁ** ਦੇ. ਹਵਨਾਦਿਕੋ ਕੀ ਆਗ੍ਯਾ ਦੇਨੇ ਵਾਲਾ ; ਪ੍ਰਧਾਨ ਕਰਮ ਕੇ ਫਲ ਵਾਲਾ, ਯਥਾ- ਕਰਤਾ ਤੂ ਮੇਰਾ ਜਜਮਾਨੁ।

**ਜਜਮਾਲਿਆ** ਗੁ. ਚਾਹ ਕੇ ਦਬਾਏ ਹੁਏ, ਯਥਾ- ਚੁਣਿ ਵਖਿ ਕਢੇ ਜਜਮਾਲਿਆ। ਚਾਹ ਕਾ ਦਬਾਇਆ, ਯਥਾ- ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।

**ਜਜਰੀ** ਦੇ. ਜੀਰਣ ਹੈ, ਯਥਾ- ਇਹੁ ਸਰੀਰੁ ਜਜਰੀ ਹੈ ਇਸੁ ਨੋ ਜਰੁ। ਸੰ. ਜਰੀ।

**ਜੰਜਾਰ** ਪੰ. ਜੰਜਾਲ, ਬੰਧਨ।

**ਜੰਜਾਲ** ਦੇ. ਬੰਧਨ, ਯਥਾ- ਆਲ ਜਾਲ ਮਾਇਆ ਜੰਜਾਲ। ਗ੍ਰਿਹ ਕੇ ਕਾਮ ਰੂਪ ਜਾਲ, ਜੀਵੋ ਕੇ ਬਾਂਧਨੇ ਹੇਤ ਮਾਯਾ ਕ੍ਰਿਤ ਜਮ ਕੇ ਫਾਹੇ ਹੈ ; ਜੰਜਾਲ ਕਾ ਮੂਲ 'ਜੀਉੜਿਆ ਪਰਦੇਸੀਆ ਕਿਤ ਪਇਆ ਜਮ ਜਾਲੇ' ਮੇ ਲਿਖਾ ਜਮ ਜਾਲ ਹੈ।

**ਜੰਜਾਲ ਪਰਾਲ** ਵਾ. ਬੰਧਨ ਰੂਪ ਫੂਸ ਭਾਵ ਬਜਰਥ ਬੰਧ।

**ਜੰਜਾਲੀ** ਦੇ. ਬੰਧਨੋ ਮੇ, ਯਥਾ- ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ।

**ਜਜਿ** ਦੇ. ਪੂਜਾ, ਯਥਾ- ਜਜਿ ਕਾਜਿ ਪਰਥਾਇ ਸੁਹਾਈ। ਪੂਜਨ ਕੇ

ਕਾਮ ਮੇ।

**ਜੰਜੀਰ** ਫਾ. ਸੰਗਲ, ਯਥਾ- ਜੰਜੀਰ ਬਾਂਧਿ ਕਰਿ ਖਰੇ ਕਬੀਰ।

**ਜੰਜੀਰੀ** ਗੁ. ਬੇੜੀਆਂ, ਯਥਾ- ਜਾ ਸਿਕਦਾਰੈ ਪਵੈ ਜੰਜੀਰੀ। ਜਬ ਸਰਦਾਰ ਕੋ ਪਾਤਸਾਹ ਕੇ ਕੋਪ ਸੇ ਪੜਤੀਆ ਹੈ ਬੇੜੀਆ, ਤਬ ਨੌਕਰੋ ਕੇ ਹਾਥ ਸੇ ਉਸ ਕਾ ਮਰਨਾ ਹੋਤਾ ਹੈ। ਅ. ਟਾਪੂ, ਦੀਪ।

**ਜੰਞ** ਪੰ. ਮਾਂਞਾ ਬਰਾਤ, ਜਨੇਤ, ਯਥਾ- ਪਾਪ ਕੀ ਜੰਞ ਲੈ ਕਾਬਲਹੁ ਧਾਇਆ। ਬਾਬਰ ਪਾਤਸਾਹ ਪਾਪੀ ਮੁਗਲੋ ਕੀ ਬਰਾਤ ਬਨਾ ਕਰ ਕਾਬਲ ਸੇ ਆਵਤਾ ਹੂਆ ਜੋਰੀ ਲੋਗੋ ਕੀ ਜੋਰੂਆ ਕਾ ਹੀ ਹਮ ਕੋ ਔਰਤਾ ਦੇਵੋਂ ਦਾਨ ਮੰਗੇਗਾ।

**ਜਟਨ** ਦੇ. ਜਟਾ ਕਾ ਧਾਰਨ।

**ਜਟਾ** ਸੰ. ਪਰਸਪਰ ਜੁੜੇ ਕੇਸ, ਯਥਾ- ਜਟਾ ਧਾਰਿ ਧਾਰਿ ਜੋਗੀ ਮੁਏ। ਬ੍ਰਤੀਯੋ ਕੀ ਸਿਖਾ ; ਸਿੰਘਾਦਿਕੋ ਕੇ ਗਰਦਨ ਕੇ ਰੋਮ ; ਬ੍ਰਿਛ ਵੇਲਾਦਿਕੋ ਕਾ ਮੂਲ ਜੜ ਪ੍ਰਸਿਧ ; ਲਤਾ ; ਜਟਾਮਾਸੀ ਬੂਟੀ ਛੜ ਪ੍ਰਸਿਧ ; ਵੇਦ ਕਾ ਪਾਠ ਬਿਸੇਖ ਜਿਸ ਕਾ ਨਾਮ ਜਟਾ ਪਾਠ ਹੈ ; ਜੈਸੇ ਪਦਕ੍ਰਮ ਜਟਾ ਅਪੂਰਬ ਥਾਰੀ।

**ਜਟਾ ਮੁਕਟੁ** ਸੰ. ਜਟਾ ਕਾ ਤਾਜ, ਯਥਾ- ਜਟਾ ਮੁਕਟੁ ਤਨਿ ਭਸਮ ਲਗਾਈ।

**ਜਟੀ** ਜਟਾ ਵਾਲਾ ; ਦੇ. ਜੱਟ ਕੀ ਇਸਤ੍ਰੀ।

**ਜਟੁ** ਜੁੜੇ ਹੁਏ ਕੇਸ ; ਜਟ ਜਾਤਿ ਵਾਲਾ, ਯਥਾ- ਧੰਨਾ ਜਟੁ ਬਾਲਮੀਕੁ ਬਟਵਾਰਾ।

**ਜਟੂਆ** ਗੁ. ਜਟਾ, ਯਥਾ- ਦੇਹ ਬੰਧਹਿ ਬਹੁ ਜਟੂਆ।

**ਜਠਰ** ਸੰ. ਪੇਟ, ਯਥਾ- ਨਹ ਛੇਦੰਤ ਜਠਰ ਰੋਗਣਹ। ਪੁਨਾ- ਕਰਿ ਦੇਖ ਜਠਰ ਕਉ ਭਰਤੇ। ਬ੍ਰਿਧ, ਜੈਸੇ- ਜਠਰ ਕੁਰੰਗ ਕਰੇ ਸ੍ਰਿੰਗੋ ਸਾਥ ਕੰਡੂ ਮੋਹਿ।

**ਜਣ ਜਣ** ਵਾ. ਏਕ ਏਕ ਜਨ ਸਾਥ, ਯਥਾ- ਜਣ ਜਣ ਸਿਉ ਛਾਡੁ ਧੋਹੁ।

**ਜਣਾ** ਗੁ. ਜਨੋ ਕਾ, ਯਥਾ- ਬਿਰਥਾ ਜਨਮੁ ਜਣਾ।

**ਜਣਿ** ਪੰ. ਪੈਦਾ ਕਰ, ਯਥਾ- ਜਿਉ ਜਨਨੀ ਸੁਤੁ ਜਣਿ ਪਾਲਤੀ। ਮਾਨੋ, ਯਥਾ- ਤਿਸੁ ਲਾਖ ਬੇਦਨ ਜਣੁ ਆਈ। ਜਨ, ਯਥਾ- ਜਣ ਜਣ ਸਿਉ ਛਾਡੁ ਧੋਹੁ।

**ਜਣੀ** ਗੁ. ਮਤ, ਨਾ, ਯਥਾ- ਜਣੀ ਲਖਾਵਹੁ ਅਸੰਤ ਪਾਪੀ ਸਣਿ।

**ਜਣੇਦੀ** ਪੰ. ਜਨਨੇ ਵਾਲੀ, ਯਥਾ- ਧੰਨੁ ਜਣੇਦੀ ਮਾਇ। ਜਾਨਨੇ ਵਾਲਾ, ਯਥਾ- ਅਉਤੁ ਜਣੇਦਾ ਜਾਇ।

**ਜਤ** ਦੇ. ਜਹਾਂ, ਯਥਾ- ਜਤ ਕਤ ਤਤ ਗੋਸਾਈ। ਇੰਦ੍ਰੀਓ ਕਾ ਸੰਯਮ, ਯਥਾ- ਜੋਗੀ ਕਾ ਜਤੁ ਹੋਇ। ਚਿਤ ਬ੍ਰਿਤੀ ਰੋਕਨੇ ਵਾਲੇ ਪੁਰਖੋ ਕੀ ਚੁਲੀ ਇੰਦ੍ਰਯੋ ਕਾ ਸੰਜਮ ਕਰਨਾ ਰੂਪ ਯਤ ਹੈ। ਸੰ. ਯਤ।

**ਜਤ ਕਤ** ਵਾ. ਜਹਾ ਕਹਾ, ਯਥਾ- ਜਤ ਕਤ ਤਤ ਗੋਸਾਈ। ਯਤੂ ਕੁਤੂ ਤਤੂ ਪ੍ਰਮੇਸੂਰ ਰਹੇ।

**ਜੰਤ ਜਨਾ** ਵਾ. ਜੰਤ੍ਰ ਰੂਪ ਅਰਥਾਤ ਵਾਜਾ ਰੂਪ ਜਨ, ਯਥਾ- ਤਿਉ ਵਾਜਹਿ ਜੰਤ ਜਨਾ।

**ਜੰਤ ਭੇਖ** ਵਾ. ਜੀਵ ਵੇਖ।

**ਜਤਨ** ਦੇ. ਉਦਯਮ, ਯਥਾ- ਅਨਿਕ ਉਪਾਵ ਜਤਨ ਕਰਿ ਥਾਕੇ। ਪੁਨਾ- ਯਯਾ ਜਤਨ ਕਰਤ ਬਹੁ ਬਿਧੀਆ। ਉਪਾਯ, ਪ੍ਰਬੰਧ, ਤਦਬੀਰ।

**ਜੰਤਨਾ** ਦੇ. ਜੀਵ, ਜੈਸੇ- ਸਗਲ ਜਾਚੇ ਜੰਤਨਾ।

**ਜੰਤਰੀਆ** ਗੁ. ਜੰਤ, ਯਥਾ- ਹਮ ਕਿਆ ਬਪੁਰੇ ਜੰਤਰੀਆ।

**ਜੰਤੀ** ਗੁ. ਜੰਤ੍ਰ ਅਰਥਾਤ ਬਾਜਾ ਬਜਾਨੇ ਵਾਲਾ।

**ਜਤੀ** ਦੇ. ਇੰਦ੍ਰੀਯੋ ਕੇ ਸੰਜਮ ਵਾਲੇ ਮਹਾਤਮਾ ; ਸਾਧੂ ਨਾਮ ਵਾਲੇ ਪੁਰਖ, ਯਥਾ- ਜਤੀ ਸਦਾਵਹਿ ਜੁਗਤਿ ਨ ਜਾਣਹਿ। ਸਾਧੂ ਕਹਾਵਤੇ ਹੈ, ਸਾਧੁਪਨੇ ਕੀ ਯੁਕਤੀ ਨਹੀ ਜਾਨਤੇ। ਜੈਨ ਮਤ ਕੇ ਸਾਧੂ ਇਸੀ ਨਾਮ ਸੇ ਬੋਲੇ ਜਾਤੇ ਹੈਂ। ਉਨ ਕੇ ਨਾਮ ਕੇ ਅੰਤ ਮੇ ਰਿਖਿ ਪਦ ਹੋਤਾ ਹੈ। ਸਰਬਥਾ ਬਯਭਿਚਾਰ ਰਹਤ ਭੀਖਮਾਦਿ, ਯਥਾ- ਛਿਅ ਜਤੀ ਮਾਇਆ ਕੇ ਬੰਦਾ। ਸੰ. ਯਤੀ।

**ਜੰਤੁ** ਗੁ. ਬੀਨਾਦਿ ਵਾਜੇ, ਯਥਾ- ਜਿਉ ਜੰਤੀ ਕੈ ਵਸਿ ਜੰਤੁ। ਪੁਨਾ- ਜੰਤੁ ਬਿਚਾਰਾ ਕਿਆ ਕਰੈ। ਪੰਧਰੇ ਆਦਿਕ ਜੰਤ੍ਰ ਯੇ ਜੰਤ੍ਰ ਅੰਗੋ ਸੇ ਭਰੇ ਜਾਤੇ ਹੈ ; ਮੰਤ੍ਰ ਬੋਲ ਕਰ ਲਿਖੇ ਜਾਤੇ ਹੈਂ, ਤਬ ਸਿਧ ਹੋਤੇ ਹੈਂ। ਪੀਛੇ ਜਿਨ ਕਾਰਯੋ ਹੇਤ ਕਹੇ ਹੈ। ਵਹੁ ਕਾਰਜ ਦੇਤੇ ਹੈਂ। ਸੰ. ਯੰਤ੍ਰ। ਸੁਖਮਜੀਵ। ਸੰ. ਜੰਤੁ।

**ਜੰਤੁ** ਸੰ. ਅਵਿਦਯਾ ਕੇ ਪ੍ਰਭਾਵ ਸੇ ਦੇਹਾਦਿਕੋ ਮੇ ਆਤਮ ਪਨੇ ਕਾ ਅਭਿਮਾਨੀ ਜੀਵ।

**ਜਤੈ ਕਾ** ਗੁ. ਬ੍ਰਹਮਚਰਯ ਕਾ, ਯਥਾ- ਤ੍ਰੁਟੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।

**ਜੰਤੈਨੀ** ਗੁ. ਵਾਜੇ ਵਾਲੇ, ਜੰਤ੍ਰ ਵਾਲੇ, ਜੈਸੇ- ਵਾਜੇ ਜੰਤ ਜੰਤੈਨੀ। ਵਾਜੇ ਵਾਲੇ ਸੇ ਵਜੇ ਹੈ ਵਾਜਾ।

**ਜਥ ਕਥ** ਵਾ. ਜਹਾ ਕਹਾ, ਯਥਾ- ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ।

**ਜਥਾ** ਪੰ. ਸਮੁਦਾਯ। ਸੰ. ਯੂਥ। ਦੇ. ਜੈਸੇ।

**ਜਥਾਰਥ** ਦੇ. ਸੱਚਾ। ਸੰ. ਯਥਾਰਥ।

**ਜਦਹੁ** ਪੰ. ਜਬ, ਯਥਾ- ਜਦਹੁ ਸੀਆ ਵੀਆਹੀਆ।

**ਜੰਦਾਰਾ** ਗੁ. ਜੰਦਾਲ ਕ੍ਰੂਰ ਸੁਭਾਵ ਵਾਲਾ, ਯਥਾ- ਸਿਰਿ ਠਾਢੇ ਜਮ ਜੰਦਾਰਾ।

**ਜਦਿ** ਪੰ. ਜਬ ; ਜੋ, ਯਥਾ- ਜਦਿਚਿੰਤਿ ਸਰਬ ਗਤੰ। ਜੋ ਪਰਮਾਤਮਾ ਅਚਿੰਤ ਹੈ ਸਰਬ ਮੇ ਬ੍ਯਾਪਕ ਹੈ।

**ਜਨ** ਸੰ. ਪੁਰਖ ; ਲੋਕ ; ਪਾਮਰ ਲੋਕ ; ਪ੍ਰਿਥ੍ਵੀ ਸੇ ਊਪਰ ਕਾ ਲੋਕ। ਦੇ. ਦਾਸ, ਯਥਾ- ਅਪੁਨੇ ਜਨ ਕਾ ਪਰਦਾ ਢਾਕੈ। ਪੁਨਾ- ਜਨ ਪ੍ਰਭ ਕੇ ਪ੍ਰਾਨ। ਦਾਸ ਹਰਿ ਕੇ ਪ੍ਰਾਣ ਹੈ। ਫ਼ਾ. ਇਸਤ੍ਰੀ, ਯਥਾ- ਜਨ ਪਿਸਰ ਪਦਰ ਬਿਰਾਦਰਾਂ। ਮਾਨੋ, ਯਥਾ- ਜਨਕ ਮੋਤੀ। ਮਤ, ਜੈਸੇ- ਕੁਸੰਗ ਮੇ ਜਨ ਜਾਨਾ।

**ਜਨ ਸਾਥ** ਵ੍ਾ. ਭਗਤੋ ਸਾਥ।

**ਜਨ ਕੇ** ਗੁ. ਭਗਤੋ ਕੇ, ਯਥਾ- ਜਨ ਕੇ ਪੂਰਨ ਹੋਏ ਕਾਮ।

**ਜਨ ਕੋ** ਗੁ. ਭਗਤੋ ਕੋ, ਯਥਾ- ਜਨ ਕੋ ਪ੍ਰਭੁ ਸੰਗੇ ਅਸਨੇਹੁ।

**ਜਨ ਪਗੇ** ਗੁ. ਭਗਤੋ ਕੇ ਚਰਨ, ਯਥਾ- ਹਮ ਸੇਵਹ ਤੁਮ ਜਨ ਪਗੇ।

**ਜਨਕ** ਦੇ. ਮਾਨੋ, ਯਥਾ- ਤਾਰਿਕਾ ਮੰਡਲ ਜਨਕ ਮੋਤੀ। ਸੰ. ਜਨਕ ਰਾਜਾ ਤੁਲ੍ਯ, ਯਥਾ- ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ। ਬ੍ਯਵਹਾਰ ਮੇ ਰਹ ਕਰ ਭੀ ਚਿਤ ਸੇ ਉਦਾਸ ਰਹਨਾ ਰੂਪ ਜਨਕ ਰਾਜਾ ਸਰੀਖਾ ਬ੍ਯਵਹਾਰ ਕਰਨਾ ਹੇ ਗੁਰੁ ਰਾਮਦਾਸ ਜੀ ਆਪ ਕੋ ਹੀ ਬਨ ਆਵਤਾ ਹੈ। ਸਭ ਕੋ ਨਹੀ ਬਨੇ। ਇਸ ਬਚਨ ਵਿਖੇ ਜੋ ਜਨਕ ਕੀ ਭਟੋਂ ਨੇ ਗੁਰੋ ਕੋ ਉਪਮਾ ਦਈ। ਤਿਸ ਕਾ ਅਰਥ ਨਾ ਸਮਝਨੇ ਵਾਲੇ ਪ੍ਰੇਮੀ ਸਿਖੋ ਨੇ ਦੂਸਰੀ ਪਾਤਸਾਹੀ ਕੇ ਸਵੈਯੋ ਮੇ ਤੂ ਤੋ ਜਨਕ ਰਾਜ ਅਉਤਾਰ ਪਾਠ ਦੇਖ ਹੇ ਗੁਰੁ ਨਾਨਕ ਜੀ ਤੁਮ ਜਨਕ ਰਾਜਾ ਕੇ ਅਵਤਾਰ ਹੋ। ਐਸੇ ਅਰਥ ਲਿਖ ਦੀਆ। ਜਿਸ ਕੋ ਦੇਖ ਕਰ ਆਮ ਆਦਮੀ, ਗੁਰੂ ਨਾਨਕ ਜੀ ਕੋ ਜਨਕ ਰਾਜਾ ਕਾ ਅਵਤਾਰ ਕਹਨੇ ਲਿਖਨੇ ਸੁਨਾਨੇ ਲਗੇ। ਵਾਸਤਵ ਸੇ ਪਾਠ ਕਾ ਅਰਥ ਯਹ ਹੈ, ਹੇ ਗੁਰੁ ਅੰਗਦ ਜੀ ਤੁਮ ਗੁਰੁ ਨਾਨਕ ਜੀ ਕਾ ਸ੍ਵਰੂਪ ਹੋਨੇ ਸੇ, ਜਨਕ- ਸਰਬ ਕਾ ਪਿਤਾ ਜੋ ਰਾਜਾ ਦੀਪਤੀਮਾਨ ਪ੍ਰਮੇਸੁਰ ਤਿਸ ਕਾ ਅਵਤਾਰ ਹੋ। ਕਾਰਣ। ਗੁ. ਜਾਨਨੇ ਵਾਲਾ, ਯਥਾ- ਜਨਕੁ ਸੋਇ ਜਿਨਿ ਜਾਣਿਆ। ਜਾਨਨੇ ਵਾਲਾ ਪੂਰਾ ਵਹੀ ਹੈ, ਜਿਸ ਨੇ ਜਾਣ੍ਯਾ ਹੈ।

**ਜਨਕ ਰਾਜੁ** ਸੰ. ਜਨਕ ਬਿਦੇਹੀ ਤੁਲ੍ਯ ਰਾਜ, ਯਥਾ- ਜਨਕ ਰਾਜੁ ਬਰਤਾਇਆ।

**ਜਨਕਹ** ਗੁ. ਜਨੋ ਕੇ, ਯਥਾ- ਜਨਕਹ ਕਲਸੁ ਦੀਪਾਇਅਉ। ਜਨੋ ਕੇ ਮਨ ਮੰਦਰ ਪੈ ਗ੍ਯਾਨ ਰੂਪੀ ਕਲਸ ਪ੍ਰਕਾਸ ਕੀਆ ਹੈ। ਭਾਵ ਕਾਚ ਕਾ ਘੜਾ ਰੂਪ ਲੰਪ ਜਗਾਇਆ ਹੈ।

**ਜਨਖੇ** ਗੁ. ਭਗਤੋ ਕੇ, ਯਥਾ- ਹਰਿ ਤਾਰੇ ਸੰਗਿ ਜਨਖੇ।

**ਜਨਗੇ** ਗੁ. ਭਗਤੋ ਕੀ, ਯਥਾ- ਰਾਖੀ ਪੈਜ ਜਨਗੇ।

**ਜਨਨਿ** ਦੇ. ਮਾਤਾ, ਯਥਾ- ਜਨਨਿ ਪਿਤਾ ਲੋਕ ਸੁਤ ਬਨਿਤਾ।

**ਜਨਨੀ** ਸੰ. ਮਾਤਾ, ਯਥਾ- ਜਿਉ ਜਨਨੀ ਸੁਤੁ ਜਣਿ ਪਾਲਤੀ।

**ਜਨਮ** ਸੰ. ਉਤਪਤੀ ; ਵਸਤੁ ਕਾ ਆਦਿ ਖਣ ਸੇ ਸੰਬੰਧ ; ਜਨਮ ਕਾ ਲਗਨ ; ਜੀਵ ਕੋ ਨਈ ਦੇਹ ਕਾ ਲਾਭ, ਯਥਾ- ਧੰਨਿ ਜਨਮੁ ਸਕਯਥੁ।

**ਜਨਮੜੀਆਹ** ਗੁ. ਜਨਮੀਆ, ਯਥਾ- ਬਹੁੜਿ ਨ ਜਨਮੜੀਆਹ।

**ਜਨਮਾਸੀ** ਗੁ. ਜਨਮ ਕੀ ਹੈ, ਯਥਾ- ਅਸਟਮ ਥੀਤਿ ਗੋਵਿੰਦ ਜਨਮਾਸੀ। ਆਨ ਸਭ ਤਿਥੀਆ ਹਰਿ ਭਜਨ ਓਰ ਸੇ ਪੁਰਖੋ ਨੇ ਕਿਨਾਰੇ ਕਰ ਰਖੀ ਹੈ। ਕੇਵਲ ਅਸ੍ਟਮੀ ਤਿਥਿ ਗੋਬਿੰਦ ਜਨਮ ਕੀ ਮਾਨ ਕੇ ਉਤਸਾਹ ਕਰੇ ਹੈ। ਸੋ ਅਨੁਚਿਤ ਹੈ। ਕਿਉਕਿ- ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ। ਵਹੁ ਮੁਖ ਕਹਨੇ ਵਾਲੇ ਕਾ ਜਲ ਜਾਵੇ, ਜਿਸ ਸੇ ਕਹਤਾ ਹੈ ਠਾਕੁਰ ਜੋਨੀ, ਮਾਤਾ ਕੀ ਭਗ ਮੇ ਆਵੇ ਹੈ। ਅਰਥਾਤ ਆਨ ਜੀਵੋ ਵਤ ਮਾਤਾ ਕੀ ਭਗ ਸੇ ਜੰਮੇ ਹੈ। ਇਸ ਬਚਨ ਕੇ ਮਰਮ ਓਰ ਚਿਤ ਦੇ ਕਰ ਦੇਖੇ ਤਬ ਨਿਸਚੇ ਹੋਤਾ ਹੈ। ਜਬ ਅਜਨਮੇ ਪਰਮਾਤਮਾ ਕਾ ਜਨਮ ਕਹਨਾ ਔ ਮਾਨਨਾ। ਅਜ ਕਹਨੇ ਵਾਲੇ ਵੇਦਾਦਿ ਗ੍ਰੰਥੋ ਸੇ ਵਿਰੁਧ ਹੈ। ਤਬ ਖੁਦ੍ ਜੀਵੋ ਵਤ ਖੀਰੇ ਫਲ ਕੋ ਪ੍ਰਮੇਸ੍ਰਰ ਕੀ ਮਾਤਾ ਬਨਾਨਾ ਔ ਤਿਸ ਕੇ ਵਾਸਤੇ ਪਜੀਰੀ ਬਨਾਨੀ। ਪੁਨਾ ਸਾਲ ਗ੍ਰਾਮ ਕੋ ਖੀਰੇ ਕੇ ਪੇਟ ਸੇ ਨਿਕਾਸ ਕੇ ਲੋਰੀ ਦੇਨੀ। ਯੇ ਬੈਰਾਗੀ ਲੋਗੋ ਕੀ ਰੀਤਿ ਕਬ ਵੇਦਾਦਿ ਗ੍ਰੰਥੋ ਕੇ ਅਨਕੂਲ ਹੈ। ਭਾਵ ਕਬੀ ਨਹੀ। ਯਾਂ ਤੇ ਪ੍ਰਮੇਸ੍ਰਰ ਕੇ ਜਨਮ ਕੀ ਤਿਥਿ ਔ ਤਿਥਿ ਕੇ ਬ੍ਰਤਾਦਿਕ ਕਰਨੇ ਸਮਯਕ ਨਹੀ ਜਾਨ ਪੜਤੇ।

**ਜਨਮਿ ਮੁਏ** ਵਾ. ਭ੍ਰਮੀ ਪੁਰਖ ਜਨਮਦੇ ਹੀ ਮਰਿਓ ਤੁਲ੍ਯ ਹੈ, ਯਥਾ- ਜਨਮਿ ਮੁਏ ਨਹੀ ਜੀਵਣ ਆਸਾ।

**ਜਨਮੇਜਾ** ਦੇ. ਪਰੀਖਿਤ ਕਾ ਪੁਤ੍ਰ, ਅਭਿਮਨ੍ਯੁ ਕਾ ਪੋਤਾ, ਅਰਜਨ ਕਾ ਪੜੋਤਾ, ਯਥਾ- ਰੋਵੈ ਜਨਮੇਜਾ ਖੁਇ ਗਇਆ। ਰੁਦਨ ਕਰਤਾ ਹੂਆ ਜਨਮੇਜਾ ਜਬ ਬ੍ਯਾਸ ਜੀ ਕੀ ਕਹੀ ਬਾਤੋ ਕੋ ਭੂਲ ਗਯਾ। ਪੁਨਾ- ਜਨਮੇਜੈ ਗੁਰ ਸਬਦੁ ਨ ਜਾਨਿਆ। ਜਨੋ ਕੇ ਏਜ ਕੰਬਾਨੇ ਸੇ ਨਾਮ ਜਨਮੇਜਾ ਹੈ। ਸੰ. ਜਨਮੇਜਯ।

**ਜਨਾਕ** ਗੁ. ਜਾਨਨੇ ਵਾਲੇ ਹੈ, ਯਥਾ- ਤੇ ਜਨ ਉਤਮ ਜਨਕ ਜਨਾਕ। ਵਹੁ ਪੁਰਖ ਉਤਮ ਹੈ ਜਾਨਨੇ ਵਾਲਿਓ ਮੇ ਜਾਨਨੇ ਵਾਲੇ।

**ਜਨਾਰਦਨ** ਸੰ. ਭਕ੍ਤੋ ਕੇ ਬਿਰੋਧੀ ਦੁਸ੍ਟ ਜਨੋ ਕੇ ਅਰਦਨ, ਨਾਸ ਕਰਨੇ ਵਾਲਾ ਬਿਸਨੁ।

**ਜਨੀ** ਜਨੋ ਨੇ। ਸੰ. ਉਤਪਤੀ ; ਮਾਤਾ।

**ਜਨੁ ਤੁਰਾ** ਮਿ. ਦਾਸ ਤੇਰਾ, ਯਥਾ- ਨਾਨਕ ਬੁਗੋਯਦ ਜਨੁ ਤੁਰਾ।

**ਜਨੁ ਤੁਮਘਾ** ਗੁ. ਦਾਸ ਤੁਮਾਰਾ ਹੈ, ਯਥਾ- ਪ੍ਰਭ ਲੋਚ ਪੂਰਿ ਜਨੁ ਤੁਮਘਾ।

**ਜਪ** ਸੰ. ਮੰਤ੍ਰਾਦਿਕੋ ਕਾ ਉਚਾਰਨ ਅਰਥਾਤ ਧ੍ਯੇਯ ਵਸਤੁ ਕੋ ਸਨਮੁਖ ਕਰਨੇ ਹੇਤ ਤਿਸ ਕੇ ਨਾ ਉਚਾਰਣ ; ਜਪਨੇ ਕੀ ਆਗ੍ਯਾ,

ਯਥਾ- ਸਤਿਨਾਮੁ ਸੇ ਗੁਰ ਪ੍ਰਸਾਦਾਂਤ। ਪ੍ਰਮੇਸ੍ਵਰ ਨੇ ਉਪਦੇਸ ਮੰਤ੍ਰ ਦੇ ਕਰ, ਗੁਰੋ ਕੋ ਕਹਾ ਇਸ ਕੋ ਜਪ।

**ਜਪ ਜਪਨੇ** ਵਾ. ਜਪ ਜੋ ਹੈ ਜਪਨੇ ਯੋਗ੍ਯ।

**ਜਪਈ** ਗੁ. ਜਪਤਾ, ਯਥਾ- ਨਾਮੁ ਨ ਜਪਈ ਕਿਉ ਸੁਖੁ ਪਾਵੈ।

**ਜਪਸ** ਗੁ. ਜਪਤਾ, ਯਥਾ- ਨਾਮੁ ਨ ਜਪਸਿ ਗਵਾਰਾ।

**ਜੰਪਹ** ਗੁ. ਜਪੇ ਹੈ।

**ਜੰਪਹੁ** ਗੁ. ਜਪੋ, ਯਥਾ- ਰਾਮੁ ਜੰਪਹੁ ਨਿਤ ਭਾਈ।

**ਜਪਹੁ** ਗੁ. ਜਪਤੇ, ਯਥਾ- ਹਰਿ ਹਰਿ ਨਾਮੁ ਜਪਹੁ ਜਪੁ ਰਸਨਾ। ਹਰਿ ਹਰਿ ਯਹ ਨਾਮ ਜਪਤੇ ਹੈ ਜਪ ਰਸਨਾ ਕਰ।

**ਜਪਹੁ** ਗੁ. ਜਪਤੇ, ਜੈਸੇ- ਕਿਉ ਨ ਜਪਹੁ ਤਾ ਕਉ ਤੁਮ ਭਾਈ।

**ਜਪਤ** ਦੇ. ਜਪ ਕਰਤੇ, ਯਥਾ- ਜਪਤ ਰਹਹਿ ਗੁਣਤਾਸ। ਪੁਨਾ- ਜਸੁ ਜਪਤ ਜਪੰਤ ਜਨ। ਜਪਣੇ ਯੋਗ੍ਯ ਜਸ ਵਾਲੇ ਨੂ। ਤੈਨੂ ਜਪਤੇ ਹੈ ਭਗਤ। ਦੇ. ਖੋਸ ਲੇਨਾ। ਯਵ. ਭਾਖਾ ਯੁਪਤ। ।

**ਜਪੰਥਿ** ਗੁ. ਜਪਤੇ ਹੈ, ਯਥਾ- ਜੈ ਜੈ ਕਾਰੁ ਜਪੰਥਿ ਨਰਾ।

**ਜਪੰਦੜੀ** ਗੁ. ਨਾਮ ਜਪਤੇ, ਯਥਾ- ਨਾਮੁ ਜਪੰਦੜੀ ਲਾਲੀ। ਨਾਮ ਜਪਤੇ ਸੁੰਦਰ ਰੰਗ ਚੜ ਗਯਾ ਹੈ।

**ਜਪੰਨਾ** ਗੁ. ਜਪ, ਜੈਸੇ- ਮਨ ਹਰ ਨਾਮ ਜਪੰਨਾ।

**ਜਪਨਾ** ਦੇ. ਜਪ ਕਰਨਾ, ਯਥਾ- ਜਾਪੁ ਜਪਨਾ।

**ਜਪਨੀ** ਗੁ. ਮਾਲਾ, ਯਥਾ- ਜਪਨੀ ਕਾਠ ਕੀ ਕਿਆ।

**ਜਪਨੁ** ਗੁ. ਜਾਪ, ਯਥਾ- ਹਰਿ ਹਰਿ ਜਪਨੁ ਜਪਾਵਹੁ।

**ਜਪਮਾਲੀ** ਵਾ. ਜਪ ਕਰਨੇ ਕੀ ਮਾਲਾ ਸੇ, ਯਥਾ- ਕੋਈ ਨਾਮੁ ਜਪੈ ਜਪਮਾਲੀ।

**ਜਪਲਾ** ਗੁ. ਜਪਤਾ ਹੈ, ਯਥਾ- ਹਰਿ ਹਰਿ ਜਾਪੁ ਜਪਲਾ।

**ਜਪਾਹਾ** ਗੁ. ਜਪੀਏ, ਯਥਾ- ਹਰਿ ਹਰਿ ਨਾਮੁ ਜਪਾਹਾ।

**ਜਪਾਤ** ਦੇ. ਜਪਤੇ ਹੈ, ਯਥਾ- ਜੋ ਹਰਿ ਨਾਮੁ ਜਪਾਤ।

**ਜਪਾਨੀ** ਗੁ. ਜਪਨੀਯ, ਯਥਾ- ਤਿਨ ਹਰਿ ਜਪਿਓ ਜਪਾਨੀ।

**ਜਪਾਵੇ** ਦੇ. ਜਪਾਵਤਾ ਹੈ।

**ਜਪਿਆ** ਦੇ. ਨਾਮ ਜਪਿਆ ਹੈ, ਯਥਾ- ਸੋ ਜੀਵਤ ਜਿਹ ਜੀਵਤ ਜਪਿਆ। ਵਹੁ ਪੁਰਖ ਸੰਸਾਰ ਮੇ ਜੀਵਤਾ ਹੈ। ਜਿਸ ਨੇ ਮ੍ਰਿਤਕ ਰੂਪ ਮੂਰਤੀ ਕਾ ਪੂਜਨਾ ਛੋਡ ਕੇ ਜੀਵਤੇ ਪ੍ਰਮੇਸ੍ਵਰ ਕੇ ਨਾਮੋ ਕੋ ਜਪਿਆ ਹੈ। ਜਪੇ ਨਾਮੋ ਸੇ, ਯਥਾ- ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ। ਜਿਨ ਕੇ ਜਪੇ ਹੁਏ ਨਾਮੋ ਕੇ ਜਪਨੇ ਸੇ ਹਮਾਰੀ ਮੁਕ੍ਤੀ ਹੋਵੇ। ਵਾ ਜਿਨ ਸੇ ਉਪਦੇਸ ਲੇ ਨਾਮ ਜਪਿਆ ਹਮਾਰੀ ਮੁਕਤੀ ਹੋਵੇ।

**ਜਪਿਭਾ** ਗੁ. ਜਪ ਕੇ, ਯਥਾ- ਮੁਏ ਜੀਵੇ ਹਰਿ ਜਪਿਭਾ। ਮ੍ਰਿਤ ਤੁਲ੍ਯ ਹੁਏ ਹਮ ਜੀਤੇ ਭਏ ਹੈ ਹਰਿ ਨਾਮ ਕੋ ਜਪ ਕੇ।

**ਜਪੀ** ਸੰ. ਜਪ ਵਾਲਾ ; ਜਪੇਗਾ, ਯਥਾ- ਜਪੀ ਨਾਉ ਤੇਰਾ।

**ਜਪੀਸ** ਗੁ. ਜਪਨੇ ਯੋਗ੍ਯ, ਯਥਾ- ਹਰਿ ਹਰਿ ਸਬਦਿ ਜਪੀਸ। ਹਰਿ ਹਰਿ ਐਸੇ ਜਪਨੇ ਯੋਗ੍ ਸਬਦ ਕੋ ਵਾ ਸਭ ਜਪੇ ਕੇ ਈਸਰ ਹਰਿ ਹਰਿ ਨਾਮ ਕੋ।

**ਜਪੀਜੈ** ਗੁ. ਜਪੀਏ, ਯਥਾ- ਹਰਿ ਤਾ ਕੋ ਨਾਮੁ ਜਪੀਜੈ ਰੇ।

**ਜਪੁ ਜਪੇਉ** ਗੁ. ਜਪ ਜਪੋ, ਯਥਾ- ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ। ਗੁਰੋ ਨੇ ਹਮ ਕੋ ਦਿਵਾਯਾ ਹੈ। ਨਾਮ ਕਾ ਜਪ ਜਪੋ।

**ਜਪੇਨ** ਗੁ. ਜਪਤੇ ਹੈ, ਜੈਸੇ- ਅਨਦਿਨ ਨਾਮ ਜਪੇਨ। ਜਪ, ਯਥਾ- ਹਰਿ ਹਰਿ ਨਾਮੁ ਜਪੇਨ। ਸੰ. ਜਪ ਸੇ, ਜੈਸੇ- ਜਪੇਨ ਧਰਮ ਲਾਭ:।

**ਜਪੈਨੀ** ਗੁ. ਜਪਨੇ ਯੋਗ੍ਯ, ਯਥਾ- ਕੋ ਜਾਪੈ ਹਰਿ ਮੰਤ੍ਰੁ ਜਪੈਨੀ। ਸੰ. ਜਪਨੀਯ।

**ਜਬ** ਦੇ. ਜਿਸ ਸਮੇ, ਯਥਾ- ਜਬ ਜਮੁ ਆਇ ਕੇਸ ਤੇ ਪਕਰੈ। ਸੰ. ਯਦਾ।

**ਜਬਾਬੁ** ਅ. ਉਤਰ, ਯਥਾ- ਤਊ ਫੁਨਿ ਮੋ ਪੈ ਜਬਾਬੁ ਨ ਹੋਇ। ਪੁਨਾ- ਸਲਾਮੁ ਜਬਾਬੁ ਦੋਵੈ ਕਰੇ।

**ਜੰਬੁਕੁ** ਸੰ. ਸ੍ਰਿੰਗਾਲ, ਗਿਦੜ, ਯਥਾ- ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ।

**ਜੰਬੂਰ** ਦੇ. ਦੰਦ ਉਖਾੜਨੇ ਯੋਗ੍ਯ ਲੋਹੇ ਕਾ ਸੰਦ, ਯਥਾ- ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ। ਵਿਛੋੜੇ ਰੂਪ ਜੰਬੂਰ ਸਹਾਰੇ ਨਹੀ ਜਾਤੇ ਬਡੇ ਕਠਨ ਹੈ। ਫਾ. ਪੀਲੇ ਰੰਗ ਕਾ ਭੂੰਡ, ਭ੍ਰਿੰਡ ਬਰਰਈ।

**ਜਮ** ਦੇ. ਧਰਮਰਾਜ ; ਜੌੜੇ ਭਾਈ ; ਕਾਕ ; ਛਨਿਛਰ ਗ੍ਰਹ ; ਦੋ ਸੰਖ੍ਯਾ ; ਇੰਦ੍ਰਯੋ ਕਾ ਸੰਯਮ ਅਰਥਾਤ ਵਿਘਨਕਾਰੀ ਵਿਖਯੋ ਸੇ ਇੰਦ੍ਰਯ ਰੋਕਨੇ ; ਜੋਗ ਸਾਸਤ੍ਰ ਮੇ ਕਹੇ ਅਹਿੰਸਾ, ਸਤ੍ਯਭਾਖਣ ਬ੍ਰਹਮਚਰਯ, ਅਚੋਰਪਨਾ, ਅਪਰਿਗ੍ਰਹ ਗ੍ਰੰਥਾਂਤਰ ਮੇ ਦਸ ਭੀ ਲਿਖੇ ਹੈ- ੧. ਅਹਿੰਸਾ ੨. ਸਤ੍ਯ ੩. ਅਸ੍ਤੇਯ ੪. ਬ੍ਰਹਮਚਰਯ ੫. ਦਯਾ ੬. ਆਰਜਵ ੭. ਖ੍ਯਮਾ ੮. ਧ੍ਰਿਤਿ ੯. ਮਿਤਾਹਾਰ ੧੦. ਸੌਚ। ਸੰ. ਯਮ।

**ਜਮ ਕੈ** ਗੁ. ਜਮੋ ਕੇ, ਯਥਾ- ਜਾਂਉ ਨ ਜਮ ਕੈ ਘਾਟ।

**ਜਮ ਜੰਦਾਰੁ** ਗੁ. ਜਮ ਚੰਡਾਲ ਅਰਥਾਤ ਮਹਾ ਨੀਚ। ਨੀਚ ਕਾ ਨਾਮ ਜੰਦਾਲ ਹੈ ਤਾ ਸੇ ਜੰਦਾਰ ਬਨਾ ਹੈ, ਯਥਾ- ਜਮ ਜੰਦਾਰੁ ਨ ਆਵੈ ਨੇੜੇ।

**ਜਮ ਜਾਲਿ** ਗੁ. ਝੀਵਰ ਕੇ ਜਾਲ ਮੇ, ਯਥਾ- ਜਿਉ ਮਛੁਲੀ ਫਾਥੀ ਜਮ ਜਾਲਿ।

**ਜਮਈਆ** ਗੁ. ਜਮਾ ਦਈ ਹੈ, ਯਥਾ- ਹਰਿ ਹਰਿ ਹਰਿ ਹਰਿ ਭਗਤਿ ਜਮਈਆ।

**ਜੰਮਹਿ** ਗੁ. ਪ੍ਰਗਟ ਹੂਏ ਹੈ, ਯਥਾ- ਜੰਮਹਿ ਜੀਅ ਜਾਣੈ ਜੇ ਥਾਉ। ਜਿਸ ਸੇ ਜੀਵ ਪ੍ਰਗਟ ਹੂਏ ਹੈ ਜੇਕਰ ਉਸ ਅਪਨੇ ਮੂਲ ਪਰਮਾਤਮਾ ਕੋ ਜਾਨੇ।

**ਜਮਕੰਕਰੁ** ਗੁ. ਧਰਮ ਰਾਜ ਕੇ ਦੋਸ, ਯਥਾ- ਜਮਕੰਕਰੁ ਨੇੜਿ ਨ ਆਵਈ।

**ਜੰਮਣੁ** ਪੰ. ਜਨਮ, ਯਥਾ- ਨਾ ਤਿਸੁ ਜੰਮਣੁ ਮਰਣਾ।

**ਜਮਤਨਤ੍ਰਾਸ** ਗੁ. ਜਨਮਤਾ ਨਹੀ ਚਿਤ ਮੇ ਭਯ।

**ਜਮਦਗਨਿ** ਦੇ. ਪਰਸੁਰਾਮ ਕਾ ਪਿਤਾ, ਯਥਾ- ਗਾਵੈ ਜਾਮਦਗਨਿ ਪਰਸਰਾਮੇਸੁਰ। ਸੰ. ਜਮਦਗ੍ਨਿ।

**ਜਮਧਰਾ** ਗੁ. ਜਮੋ ਕੀ ਧਾੜ।

**ਜਮਰਾ** ਗੁ. ਜਮ, ਯਥਾ- ਕਹਾ ਕਰੈ ਜਮਰਾ।

**ਜਮਲ** ਗੁ. ਪੈਦਾ ਹੂਏ, ਜਨਮੇ। ਸੰ. ਜੌੜੇ ਭਾਈ।

**ਜਮਾਣੀ** ਗੁ. ਜਮ ਕੀ, ਯਥਾ- ਚੂਕੀ ਕਾਂਣਿ ਜਮਾਣੀ।

**ਜਮਾਤ** ਦੇ. ਮੰਡਲੀ।

**ਜਮਾਤੀ** ਦੇ. ਜਮਾਤ ਮੇ ਮਿਲੇ, ਯਥਾ- ਆਈ ਪੰਥੀ ਸਗਲ ਜਮਾਤੀ।

**ਜਮਾਨੈ** ਗੁ. ਜਮੋ ਕਾ, ਯਥਾ- ਦੁਖੁ ਨ ਜਮਾਨੈ। ਸਮੇ ਕੀ, ਜੈਸੇ- ਜਮਾਨੇ ਕੀ ਬਦਲ ਹੈ।

**ਜਮਾਲ** ਫਾ. ਦਰਸਨ, ਯਥਾ- ਕਰਨੀ ਕਮਲ ਜਮਾਲ।

**ਜੰਮਿਆ** ਪੰ. ਉਪਜਿਆ, ਯਥਾ- ਜੰਮਿਆ ਪੂਤੁ ਭਗਤੁ ਗੋਵਿੰਦ ਕਾ।

**ਜਮੀ** ਦੇ. ਪੈਦਾ ਹੂਈ।

**ਜਮੁਨ** ਗੁ. ਜਮੁਨਾ ਨਦੀ, ਯਥਾ- ਦੁਤੀਆ ਜਮੁਨ ਗਏ। ਪਹਲੇ ਕੁਰੁ ਛੇਤ੍ਰ ਯਾਤ੍ਰਾ ਕਰ। ਫੇਰ ਜਮਨਾ ਗਏ।

**ਜਮੁਨਾ** ਦੇ. ਜਮਨਾ ਨਦੀ, ਯਥਾ- ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ। ਸੰ. ਯਮੁਨਾ, ਜਮ। ਜਮ, ਜੈਸੇ- ਕਹਾ ਕਰੇ ਜਮਨਾ। ਸੰ. ਯਮ।

**ਜਮੂਆ** ਗੁ. ਜਮ, ਯਥਾ- ਜਮੂਆ ਤਾ ਕੈ ਨਿਕਟਿ ਨ ਜਾਏ।

**ਜੰਮੇ** ਪੰ. ਜਨਮੇ।

**ਜਮੇਸਣ** ਵਾ. ਧਰਮਰਾਜ ਕੇ ਸਹਿਤ।

**ਜਯ** ਸੰ. ਫਤਹ, ਯਥਾ- ਸ੍ਰੀ ਗੁਰ ਰਾਮਦਾਸ ਜਯੋ ਜਯ।

**ਜਯ ਜਯ** ਸੰ. ਵਾਰ ਵਾਰ ਵਾ ਪੁਨਾ ਪੁਨਾ ਜਯ ਹੋ ਤੇਰੀ, ਯਥਾ- ਤੋਹਿ ਜਸੁ ਜਯ ਜਯ ਜੰਪਹਿ।

**ਜਰ** ਦੇ. ਬ੍ਰਿਧ ਅਵਸਥਾ ; ਦਾਹ, ਜੈਸੇ- ਬਿਨ ਹਰਿ ਨਾਵੇ ਜਰ ਬਰਤਾਤਾ। ਬ੍ਰਿਯ ਕੀ ਜੜ। ਫਾ. ਸੋਨੇ ਚਾਂਦੀ ਆਦਿ ਧਨ, ਯਥਾ- ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ। ਪੁਨਾ- ਪਰੰਦਏ ਨ ਗਿਰਾਹ ਜਰ। ਪੰਖੀਓ ਕੀ ਗਾਠ ਮੇ ਨਹੀ ਧਨ।

**ਜਰ ਜਰਵਾਣਾ** ਬੁਢੇਪਾ ਜੋਰਾਵਰ।

**ਜਰੰਗਾ** ਗੁ. ਜਲਤੇ ਹੈ, ਯਥਾ- ਅਤਿ ਤ੍ਰਿਸਨ ਜਰੰਗਾ।

**ਜਰਜਰਾ** ਦੇ. ਪੁਰਾਨਾ, ਯਥਾ- ਜਬ ਦੇਖਿਓ ਬੇੜਾ ਜਰਜਰਾ।

**ਜਰਣੀ** ਗੁ. ਜਰਾ ਅਵਸਥਾ, ਯਥਾ- ਗ੍ਰਸਤ ਜਾਤ ਬਲੁ ਜਰਣੀ।

**ਜਰਣੈ** ਦੇ. ਸਹਾਰਨਾ, ਯਥਾ- ਤਿਸੈ ਹੀ ਜਰਣੇ। ਜੀਰਣ ਹੋਨਾ।

**ਜਰਤ** ਦੇ. ਜਲਤੇ ਹੁਏ ਨੇ।

**ਜਰਦ** ਫਾ. ਪੀਲਾ, ਯਥਾ- ਜਰਦ ਰੂ ਬਾਨੀ। ਸੰ. ਬੂਢਾ, ਜੈਸੇ- ਜਰਦਗਵ:।

**ਜਰਦ ਰੂ** ਫਾ. ਪੀਲਾ ਮੁਖ ਅਰਥਾਤ ਲਜਾਵਾਨ, ਯਥਾ- ਜਰਦ ਰੂ ਬਾਨੀ।

**ਜਰਨਾ** ਗੁ. ਜਰਾ ; ਸਹਾਰਨਾ।

**ਜਰਮ** ਪੰ. ਜਨਮ।

**ਜਰਵਾਣਾ** ਗੁ. ਜਰਾ ਅਵਸਥਾ ਕਾ ਬਾਣਾ ਵੇਸ ਅਰਥਾਤ ਬ੍ਰਿਧਤਾ ਕੇ ਵੇਸ ਧੌਲੇ ਕੇਸ, ਯਥਾ- ਜੋ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ।

**ਜਰਾ** ਸੰ. ਬ੍ਰਿਧ ਅਵਸਥਾ, ਯਥਾ- ਜਰਾ ਮਰਾ ਤਾਪੁ ਸਿਰਤਿ ਸਾਪੁ। ਬ੍ਰਿਧਪਨਾ ਮੌਤ, ਤਾਪ, ਬੁਖਾਰ, ਸਿਰਤਿ, ਛਿਲਤ, ਸਾਪ, ਸਰਾਪ। ਪੁਨਾ- ਜਰਾ ਜੀਵਨ ਜੋਬਨੁ ਗਇਆ। ਜਰਾ ਕੇ ਆਨੇ ਸੇ ਜੋਬਨ ਕਾ ਜੀਵਨਾ ਗਯਾ ਵਾ ਜਰਾ ਆਨੇ ਸੇ ਜੀਵਨਾ ਔ ਜੋਬਨ ਦੋਨੋ ਗਏ। ਦੇ. ਥੋੜੀ ਵਸਤੂ।

**ਜਰਾ ਹਾਕ ਦੀ** ਵਾ. ਜਬ ਬ੍ਰਿਧਪਨੇ ਨੇ ਅਵਾਜ ਦਈ, ਯਥਾ- ਜਰਾ ਹਾਕ ਦੀ ਸਭ ਮਤਿ ਥਾਕੀ।

**ਜਰੀਐ** ਗੁ. ਜਲਾਈਐ, ਯਥਾ- ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ।

**ਜਰੀਨਾ** ਗੁ. ਜਰ, ਧਨ, ਯਥਾ- ਤੁਮਹਿ ਖਜੀਨਾ ਤੁਮਹਿ ਜਰੀਨਾ। ਆਪ ਹੀ ਖਜਾਨਾ ਹੋ ਆਪ ਹੀ ਤਿਸ ਮੇ ਜਰ ਹੋ।

**ਜਰੂਆ** ਗੁ. ਜਰਾਪਨਾ, ਬੁਢੇਪਾ, ਯਥਾ- ਛੀਜੈ ਜੋਬਨੁ ਜਰੂਆ ਸਿਰਿ ਕਾਲੁ।

**ਜਰੂਰਤਿ** ਫਾ. ਅਵਸਯਕਤਾ, ਯਥਾ- ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ। ਜੈਸੇ ਸੁਭਾ ਸੁਭ ਕਾਮ ਕਰੇ, ਤੈਸਾ ਅਪਨੇ ਕੋ ਖੋਟਾ

ਖਰਾ ਕਹਾਵੇ। ਮਹਾਤਮਾ ਜਨੋ ਪਾਸ ਪੂਰੀ ਜਰੂਰਤ ਬਨੇ। ਜਰੂਰਤ ਬਿਨਾ ਨਾ ਕਹਾਵੇ ਯਹ ਨੀਤੀ ਮਿਸ੍ਰਿਤ ਬਚਨ ਹੈ।

**ਜਰੇ** ਦੇ. ਸਹਾਰੇ ; ਜੜੇ ; ਜਲੇ।

**ਜਲ** ਸੰ. ਪਾਣੀ, ਯਥਾ- ਜਿਉ ਜਲ ਬਿਹੂਨ ਮਛੁਲੀ ਤੜਫੜਾਇ। ਗੁ. ਤ੍ਰਿਸ੍ਨਾ ਰੂਪ, ਯਥਾ- ਜਲ ਤੇ ਥਲ ਕਰਿ। ਹੇ ਹਰੇ ਜਹਾ ਤ੍ਰਿਸ੍ਨਾ ਨਦੀ ਵਹਤੀ ਹੋ ਤਹਾ ਤੂ ਮਹਾਤਮਾ ਕੇ ਮੇਲ ਸੇ, ਜਨੋ ਕੇ ਚਿੱਤ ਮੇ ਵੈਰਾਗ੍ਯ ਰੂਪ ਤੂਚਾ ਥਲ ਕਰ ਦੇਵੈ ਹੈ। ਦਾਹ ਹੋ ਕਰ, ਯਥਾ- ਬਿਨੁ ਗੁਰ ਸਬਦੈ ਜਲਿ ਬਲਿ ਤਾਤਾ। ਜੜ, ਜੈਸੇ- ਦੋ. ਸ੍ਰੀ ਯਾਦ ਨਿਧਿ ਯਾਦ ਹੈ ਯਾ ਮੇ ਨਾਹ ਬਿਬਾਦ। ਡਰਤੀ ਧੀਵਰ ਜਨਨ ਸੇ ਜਲ ਮਗਨੇ ਅਹਲਾਦ।੧। ਪੂਰਬ ਅਖਾੜਾ ਨਛਤ੍ਰ ; ਲਗਨ ਸੇ ਚੌਥਾ ਭਵਨ ; ਸੁਗੰਧ ਵਾਲੀ ਵਸਤੁ ; ਜਲਨ, ਯਥਾ- ਜਲਨਿ ਬੁਝੀ ਮਨਿ ਹੋਈ ਸਾਂਤਿ। ਜਲ, ਜਲਨ ਤੈਨੇ ਸਾਂਤ ਕਰੀ ਹੈ।

**ਜਲ੍ਹ** ਦੇ. ਗੁਰੂ ਕੇ ਸੇਵਕ ਭਾਟ ਕਵੀ ਕਾ ਨਾਮ ਹੈ, ਯਥਾ- ਸੁ ਮਤਿ ਜਲ੍ਹ ਜਾਣੀ ਜੁਗਤਿ।

**ਜਲ ਸਿਰ ਤਰ ਟਿਕੇ** ਵਾ. ਜਲ ਕੇ ਸਿਰ ਪੈ ਟਿਕ ਕੇ ਤਰਤਾ ਹੈ ਸਚੇ ਉਪਦੇਸ ਵਾਲਾ।

**ਜਲ ਸਿਰਿ** ਦੇ. ਜਲ ਕੇ ਸਿਰ ਪੈ, ਯਥਾ- ਜਲ ਸਿਰਿ ਤਰਿ ਟਿਕੈ। ਜਲ ਕੇ ਸਿਰ ਪੈ ਟਿਕ ਕੇ ਤਰੇ ਹੈ।

**ਜਲ ਖੀਨਾ** ਵਾ. ਜਲ ਕਰ ਅਰਥਾਤ ਦਾਹ ਹੋ ਕਰ ਖੀਨ ਹੋ ਗਏ।

**ਜਲ ਘਟਾਊ** ਵਾ. ਪਾਨੀ ਕੇ ਘੜਿਓ ਮੇ ਚੰਦ੍ਰਮਾ, ਯਥਾ- ਜਲ ਘਟਾਊ ਚੰਦ੍ਰਮਾ।

**ਜਲੰ ਜਲ** ਗੁ. ਜਲ ਕੇ ਹੀ ਸਾਥ, ਯਥਾ- ਜਲੰ ਜਲ ਪ੍ਰੀਤਿ ਹੈ।

**ਜਲ ਨੀਧੇ** ਗੁ. ਸਮੁਦ੍ਰ। ਸੰ. ਜਲ ਨਿਧਿ।

**ਜਲਈ** ਗੁ. ਜਲਿਓ ਨੇ।

**ਜਲਹਰ ਬਿੰਬ** ਗੁ. ਹਰਿ ਨੇ ਜਲ ਕੇ ਬੁਲਬਲੇ ਕੀ ਤਰਾ।

**ਜਲਹਰੁ** ਦੇ. ਬਾਦਲ। ਸੰ. ਜਲਧਰ, ਯਥਾ- ਜਲਹਰੁ ਬਰਸਨਹਾਰੁ। ਉਪਦੇਸ ਦਾਤੇ ਸੰਤ ਬਾਦਲ ਬਰਸਨੇ ਵਾਲੇ ਹੈ।

**ਜਲਤ** ਦੇ. ਜਲਤੇ ਹੂਏ ਨੇ, ਯਥਾ- ਅਬ ਮੋਹਿ ਜਲਤ ਰਾਮ ਜਲੁ ਪਾਇਆ।

**ਜਲਦ** ਸੰ. ਮੇਘ। ਦੇ. ਸੀਘ੍ਰ।

**ਜਲਦੀ** ਪੰ. ਸੜਦੀ, ਯਥਾ- ਜਲਦੀ ਕਰੇ ਪੂਕਾਰ। ਉੜਦੂ. ਸਿਤਾਬੀ, ਜੈਸੇ- ਜਲਦੀ ਕਾਮ ਕਰੋ।

**ਜਲਧਰਾ** ਸੰ. ਬਾਦਲ, ਯਥਾ- ਚਾਤ੍ਰਿਕ ਮੁਖ ਜੈਸੇ ਜਲਧਰਾ। ਬੰਬੀਹੇ ਕਾ ਮੁਖ ਜੈਸੇ ਘਨੋ ਓਰ ਹੋਤਾ ਹੈ।

**ਜਲਧਿ** ਸੰ. ਸਮੁਦ੍ਰ, ਯਥਾ- ਜਲਧਿ ਬਾਂਧਿ ਧ੍ਰੂ ਥਾਪਿਓ ਹੇ।

**ਜਲਨ** ਦੇ. ਦਾਹ, ਤਪਤ ; ਜਲੋ ਮੇ, ਯਥਾ- ਜਲਨ ਬਲਨ। ਗੁਰੋ ਕੀ ਉਸਤਤੀ ਕਰਨੇਵਾਲਾ ਭਾਟ ਕਵਿ।

**ਜਲ੍ਹਨ** ਦੇ. ਗੁਰ ਕਾ ਜਸ ਕਰਤਾ ਭਾਟ ਕਵਿ, ਯਥਾ- ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ। ਜਟ ਭਗਤ ਵਿਸੇਖ।

**ਜਲਾ ਬਿੰਬੁ** ਪੰ. ਜਲ ਹੀ ਜਲ, ਯਥਾ- ਜਲਾ ਬਿੰਬੁ ਅਸਰਾਲੁ।

**ਜਲਿ ਬਲਿ** ਦੇ. ਅਤ੍ਯੰਤ ਦਗਧ ਹੋਵੇ ਹੈ ਜਲ ਕੇ, ਯਥਾ- ਬਿਨੁ ਗੁਰ ਸਬਦੈ ਜਲਿ ਬਲਿ ਤਾਤਾ।

**ਜਲਿਐ** ਗੁ. ਜਲੇ ਹੂਏ ਨੇ, ਯਥਾ- ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ।

**ਜਲੀਆ** ਗੁ. ਦਗਧ ਹੋਈਆ, ਯਥਾ- ਜਲੀਆ ਸਭਿ ਸਿਆਣਪਾ।

**ਜਲੇਤਾ** ਗੁ. ਜਲਾਨੇ ਯੋਗ੍ਯ ਲਕੜੀਆਂ, ਯਥਾ- ਕਾਮੁ ਕ੍ਰੋਧੁ ਦੁਇ ਕੀਏ ਜਲੇਤਾ।

**ਜਲੈ** ਪੰ. ਜਲਨੇ ਸੇ, ਯਥਾ- ਜਲੈ ਨ ਪਾਈਐ ਰਾਮ ਸਨੇਹੀ। ਜਲ ਸੇ, ਯਥਾ- ਜਲ ਮਹਿ ਰਹਉ ਜਲਹਿ ਬਿਨੁ ਖੀਨੁ।

**ਜ੍ਵਲਿਤ** ਸੰ. ਦੀਪ੍ਤ ; ਉਜਲ ; ਭਾਸ੍ਵਰ।

**ਜਵਾਲੁ** ਗੁ. ਹਾਨੀ ਹੋਨੀ, ਤੇਜ ਘਟਨਾ, ਯਥਾ- ਖਉਫੁ ਨ ਖਤਾ ਨ ਤਰਸੁ ਜਵਾਲੁ।

**ਜੜ** ਸੰ. ਭਲੇ ਬੁਰੇ ਕੋ ਨਾ ਜਾਨਨੇ ਵਾਲਾ ; ਪਾਲੇ ਸੇ ਦੁਖੀ ; ਬੁਧੀਹੀਨ ; ਮੂਰਖ ; ਵਿਦ੍ਯਾ ਕੇ ਗ੍ਰਹਣ ਕੋ ਅਸਮਰਥ ; ਜਲ ; ਸਿੱਕਾ ਧਾਤੁ ; ਮੂਕ। ਦੇ. ਬ੍ਰਿਛਾਦਿਕੋ ਕਾ ਮੂਲ, ਯਥਾ- ਪਹਿਲੋ ਦੇ ਜੜ ਅੰਦਰਿ ਜੰਮੈ।

**ਜੜਾ** ਦੇ. ਮੂਰਖ, ਯਥਾ- ਕਵਨ ਸੁ ਸੁਰਤਾ ਕਵਨੁ ਜੜਾ।

**ਜੜਾਵਾ** ਦੇ. ਜੜਨੇ ਯੋਗ੍ਯ ਹੀਰੇ ਆਦਿ, ਯਥਾ- ਬਿਨੁ ਜੜੀਏ ਲੈ ਜੜਿਓ ਜੜਾਵਾ।

**ਜੜੀਜੇ** ਗੁ. ਜੜੀ ਜਾਵੇ ਹੈ।

**ਜਾ** ਦੇ. ਜਬ, ਯਥਾ- ਜਾਂ ਨ ਸਿਆ ਕਿਆ ਚਾਕਰੀ। ਜਬ ਯਹ ਜੀਵ ਨਹੀ ਜਨਮਿਆ ਥਾ। ਪੁਨਾ- ਜਾ ਪਤਿ ਲੇਖੈ ਨ ਪਵੈ। ਜਬ ਪਤਿ ਹਿਸਾਬ ਮੇ ਨਾ ਪੜ ਸਕੇ ਤਬ ਸਭੀ ਸਾਧਨ ਬਿਰਥੇ ਹੈ। ਜਾਵਾਂ।

**ਜਾ ਕਉ** ਦੇ. ਜਿਸ ਕੋ, ਯਥਾ- ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।

**ਜਾ ਕਉ** ਪੰ. ਜਿਸ ਕੋ, ਯਥਾ- ਜਾ ਕਉ ਨਦਰਿ ਕਰੇਇ।

**ਜਾ ਕਾ** ਦੇ. ਜਿਸ ਕਾ, ਯਥਾ- ਜਾ ਕਾ ਕੀਆ ਸਭੁ ਕਿਛੁ ਹੋਇ। ਜਿਸ ਕੀ, ਜੈਸੇ- ਜਾ ਕੀ ਦਾਤ ਨ ਖਿਰਖੀ ਜਾਇ।

**ਜਾ ਕੈ ਹਾਥਿ** ਵਾ. ਜਿਸ ਕੇ ਹਸਤ ਮੇ ਅਰਥਾਤ ਹੁਕਮ ਮੇ, ਯਥਾ- ਸਭ ਬਿਧਿ ਜਾ ਕੈ ਹਾਥਿ।

**ਜਾਂ ਚੈ** ਦੇ. ਦਖਣੀ ਜਾ ਕੇ, ਯਥਾ- ਜਾਂ ਚੈ ਘਰਿ ਕੁਲਾਲੁ ਬ੍ਰਹਮਾ। ਪੁਨਾ- ਸਗਲ ਭਗਤ ਜਾ ਚੈ ਨੀਸਾਣਿ।

**ਜਾ ਥੀਐ** ਗੁ. ਜਬ ਹੋਵੇ, ਯਥਾ- ਪਿਰੀ ਮਿਲਾਵਾ ਜਾ ਥੀਐ।

**ਜਾਂ ਨ ਸਿਆ** ਵਾ. ਜਬ ਨਹੀ ਥਾ, ਯਥਾ- ਜਾਂ ਨ ਸਿਆ ਕਿਆ ਚਾਕਰੀ।

**ਜਾ ਮੂ** ਵਾ. ਜਬ ਮੈਨੂ, ਯਥਾ- ਜਾ ਮੂੰ ਆਵਹਿ ਚਿਤਿ। ਪੁਨਾ- ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ।

**ਜਾਉ** ਗੁ. ਜਾਵਾਗਾ ਨਹੀ, ਯਥਾ- ਜਾਂਉ ਨ ਜਮ ਕੈ ਘਾਟ। ਜਾਵੇ, ਯਥਾ- ਨਾਨਕ ਸਭੋ ਜਾਉ।

**ਜਾਇ** ਫਾ. ਜਗਹ, ਥਾਨ, ਯਥਾ- ਦੂਜੀ ਨਾਹੀ ਜਾਇ। ਪੁਨਾ- ਦਰਗਹ ਮਿਲੈ ਤਿਸੈ ਹੀ ਜਾਇ। ਪੁਨਾ- ਤਿਸੁ ਬਿਨਾ ਨਹੀ ਜਾਇ ਜੀਉ। ਉਪਜੇ, ਯਥਾ- ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ। ਜਾਕਰ, ਯਥਾ- ਜਾਇ ਜਗਾਇਨਿ੍ ਬੈਠੇ ਸੁਤੇ। ਸੋਏ ਲੋਗੋ ਕੋ ਜਾ ਕਰ ਜਗਾਇ ਕੇ ਬੈਠੇ ਕਰ ਦੇਵੇ। ਜਾਤਾ ਹੈ, ਯਥਾ- ਸਚੁ ਗੁਰਮੁਖਿ ਪਾਇਆ ਜਾਇ। ਸਤਗੁਰੋ ਕੇ ਮੁਖ ਸੇ ਪਾਇਆ ਜਾਤਾ ਹੈ।

**ਜਾਇ ਕੈ** ਗੁ. ਉਪਜ ਕੇ, ਯਥਾ- ਜੀਵਣ ਮਰਣਾ ਜਾਇ ਕੈ।

**ਜਾਇਆ** ਦੇ. ਪੈਦਾ ਕੀਆ, ਯਥਾ- ਧਨੁ ਜਨਨੀ ਜਿਨਿ ਜਾਇਆ। ਸੰ. ਜਨਿਤ। ਇਸਤ੍ਰੀ, ਜੈਸੇ- ਮਮ ਜਾਇਆ ਸੀਤਾ ਇਤ ਨਾਮਾ। ਸੰ. ਜਾਯਾ। ਜਾਵੇ, ਯਥਾ- ਤਬ ਢੂੰਢਨ ਕਹਾ ਕੋ ਜਾਇਆ।

**ਜਾਇਬਾ** ਗੁ. ਜਾਤਾ ਹੈ।

**ਜਾਈ** ਪੰ. ਜਗਹ, ਯਥਾ- ਕੁਹਥੀ ਜਾਈ ਸਟਿਆ। ਮਿਲਾ ਨਹੀ ਜਾਤਾ, ਯਥਾ- ਇਨ ਬਿਧਿ ਮਿਲਣੁ ਨ ਜਾਈ।

**ਜਾਈਆ** ਗੁ. ਜਾਤੇ ਹੈ।

**ਜਾਸਨ** ਗੁ. ਜਸ ਨੂ, ਯਥਾ- ਆਪਹਿ ਸੁਨਤ ਆਪ ਹੀ ਜਾਸਨ। ਜਾਵੇਗੇ, ਯਥਾ- ਜਾਸਨਿ ਪਤਿ ਗਵਾਇ। ਜਿਨ ਕੀ, ਯਥਾ- ਜਾਸਨ ਬਾਸਨ। ਜਿਨ ਕੀ ਬਾਸਨਾ।

**ਜਾਸੀ** ਪੰ. ਜਾਵੇਗਾ, ਯਥਾ- ਜਲਿ ਜਾਸੀ ਢੋਲਾ। ਪੁਨਾ- ਬਾਹੁੜਿ ਜਾਸੀ ਨਾਗਾ।

**ਜਾਸੁ** ਦੇ. ਜਿਸ ਕੋ, ਯਥਾ- ਜਾਸੁ ਜਪਤ ਭਉ ਅਪਦਾ ਜਾਇ। ਗੁ. ਜਸ, ਯਥਾ- ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ। ਜਾਵਾਂ, ਯਥਾ- ਹਉ ਬਲਿ ਬਲਿ ਸਦ ਬਲਿ ਜਾਸ।

**ਜਾਹਰਨਵੀ** ਗੁ. ਜਹਨੁ ਕੀ ਪੁਤ੍ਰੀ ਭਾਗੀਰਥੀ ਗੰਗਾ, ਯਥਾ- ਜਾਹਰਨਵੀ ਤਪੈ ਭਾਗੀਰਥਿ ਆਣੀ। ਜਹਨੁ ਰਾਜਾ ਕੀ ਪੁਤ੍ਰੀ ਗੰਗਾ ਜੀ ਪਿਤਰ ਤਾਰਨੇ ਹੇਤ ਤਪਸੀ ਭਗੀਰਥ ਨੇ ਲਿਆਦੀ। ਕਥਾ ਇਸ ਕੀ ਰਾਮਾਯਣ ਕੇ ਆਦਿ ਕਾਂਡ ਕੇ ਤੇਤਾਲੀਸਵੇ ਅਧਯਾਯ ਮੇ ਐਸੇ ਹੈ। ਭਰਤ ਰਾਜਾ ਕਾ ਪੁਤ੍ਰ ਅਜਮੀਢ, ਤਿਸ ਕਾ ਪੁਤ੍ਰ ਜਹਨੁ ਰਾਜਾ ਜਗ ਕਰਤਾ ਥਾ। ਜਬ ਭਗੀਰਥ ਗੰਗਾ ਕੋ ਲੇ ਕਰ ਆਯਾ। ਗੰਗਾ ਨੇ ਤਿਸ ਕੀ ਯਗ ਸਾਮਗ੍ਰੀ ਰੁੜ੍ਹਾ ਲਈ, ਤਬ ਕੋਪ ਕਰ ਜਹਨੁ ਰਾਜਾ ਸਾਰੀ ਗੰਗਾ ਕੋ ਪਾਨ ਕਰ ਗਯਾ। ਦੇਖ ਕਰ ਸਮਗ੍ਰ ਦੇਵਨ ਨੇ ਅਰ ਭਗੀਰਥ ਨੇ ਜਹਨੁ ਕੀ ਉਸਤਤੀ ਕਰੀ। ਪ੍ਰਸੰਨ ਹੋ ਕੇ ਜਹਨੁ ਨੇ ਆਪਨੇ ਕੰਨ ਕੇ ਰਸਤੇ ਗੰਗਾ ਕੋ ਨਿਕਾਸਾ। ਤਬ ਸੇ ਗੰਗਾ ਕੋ ਜਹਨੁ ਕੇ ਸਰੀਰ ਸੇ ਜਨਮੀ ਸਮਝਕੇ ਜਹਨੁ ਕੀ ਪੁਤ੍ਰੀ ਜਾਹਨਵੀ ਕਹਤੇ ਹੈਂ। ਉਸ ਮੇ ਏਕ ਰਾਰਾ ਲਗਾ ਕੇ ਜਾਹਰਨਵੀ ਪਾਠ ਹੁਯਾ ਜਿਸ ਕਾ ਮੂਲ ਸੰਸਕ੍ਰਿਤ ਜਾਹ੍ਨਵੀ ਹੈ।

**ਜਾਹਰਾ** ਫਾ. ਪ੍ਰਗਟ, ਯਥਾ- ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ।

**ਜਾਹਿ** ਦੇ. ਜਿਸ ਕੋ, ਯਥਾ- ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।

**ਜਾਹਿਗਾ** ਪੰ. ਜਾਵੇਗਾ, ਯਥਾ- ਜੀਅਰੇ ਜਾਹਿਗਾ ਮੈ ਜਾਨਾਂ।

**ਜਾਹੀ** ਦੇ. ਜਾਤੇ, ਯਥਾ- ਮਰਿ ਨ ਜਾਹੀ।

**ਜਾਗ ਰੇ** ਦੇ. ਹੇ ਮਨ ਤੂ ਨਿੰਦ੍ਰਾ ਸੇ ਜਾਗ।

**ਜਾਗ ਲੇਹੁ** ਦੇ. ਮੋਹ ਨਿੰਦ੍ਰਾ ਸੇ ਜਾਗ, ਯਥਾ- ਜਾਗ ਲੇਹੁ ਰੇ ਮਨਾ ਜਾਗ ਲੇਹੁ।

**ਜਾਗਸਿ** ਦੇ. ਜਾਗਤਾ ਹੈ।

**ਜਾਗਹੁ** ਦੇ. ਨੀਦ ਸੇ ਉਠੋ, ਯਥਾ- ਜਾਗਹੁ ਜਾਗਹੁ ਸੁਤਿਹੋ।

**ਜਾਗਤੁ** ਗੁ. ਸਰਬਦਾ ਜਾਗਦੇ ਪ੍ਰਮੇਸ੍ਰਰ ਮੋ, ਯਥਾ- ਜਾਗਤੁ ਜਾਗਿ ਰਹਾ ਤੁਧੁ ਭਾਵਾ।

**ਜਾਗ੍ਰਤ** ਸੰ. ਦੇਵਤਿਓਂ ਕੀ ਅਨੁਗ੍ਰਹ ਸਹਿਤ ਇੰਦ੍ਰਯੋ ਸੇ ਸਬਦਾਦਿ ਵਿਖਯੋ ਕੇ ਗ੍ਯਾਨ ਕਾ ਸਮਯ।

**ਜਾਗਾ** ਗੁ. ਜਾਗਤਾ ਹੈ ਅਗਯਾਨ ਨਿੰਦ੍ਰਾ ਸੇ, ਯਥਾ- ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ।

**ਜਾਗਾਏ** ਦੇ. ਨਿੰਦ੍ਰਾ ਸੇ ਉਠਾਵੇ, ਯਥਾ- ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ।

**ਜਾਗਾਤੀ** ਦੇ. ਜਗਾਤ ਵਾਲਾ, ਮਹਸੂਲ ਵਾਲਾ। ਫਾ. ਯਕਾਤੀ, ਯਥਾ- ਜਮੁ ਜਾਗਾਤੀ ਨੇੜਿ ਨ ਆਵੈ।

**ਜਾਗਿ** ਪੰ. ਨਿਦ੍ਰਾ ਸੇ ਉਠੋ, ਯਥਾ- ਜਾਗਤੁ ਜਾਗਿ ਰਹਾ ਤੁਧੁ ਭਾਵਾ। ਜਾਵੇਗਾ, ਯਥਾ- ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ। ਫਾ. ਕਾਗ।

**ਜਾਗੂਤਾ** ਗੁ. ਜਾਗਨੇ ਵਾਲੇ, ਯਥਾ- ਕਾਪੜੀ ਕਉਤੇ ਜਾਗੂਤਾ।

**ਜਾਗੋਟੀ** ਗੁ. ਊਨ ਕਾ ਲੰਬਾ ਰਸਾ, ਜੋ ਅਲੇਖੀਏ ਗੁਸਾਈ ਤਥਾ ਨਾਥ ਬਾਂਧਤੇ ਹੈ, ਯਥਾ- ਕਾਂਇਆ ਕੜਾਸਣੁ ਮਨੁ ਜਾਗੋਟੀ।

**ਜਾਚਉ** ਦੇ. ਮਾਗਤਾ ਹੋ, ਯਥਾ- ਜਸੁ ਜਾਚਉ ਦੇਵੈ ਪਤਿ ਸਾਖੁ।

**ਜਾਚਕ** ਦੇ. ਮੰਗਤੇ, ਯਥਾ- ਜਾਚਕ ਜਨੁ ਜਾਚੈ ਪ੍ਰਭ ਦਾਨੁ। ਸੰ. ਯਾਚਕ।

**ਜਾਚੰਗਨਾ** ਗੁ. ਮਾਂਗਨਾ, ਯਥਾ- ਜਨੁ ਬਾਂਛੈ ਜਾਚੰਗਨਾ। ਭਕ੍ਤ ਜਨ ਚਾਹੇ ਹੈ ਆਪ ਸੇ ਮਾਗਨਾ।

**ਜਾਚੰਤ** ਗੁ. ਮਾਗਤੇ ਹੈ, ਯਥਾ- ਸਗਲ ਜਾਚੰਤ ਜਾਚਿਕਹ।

**ਜਾਚੰਤੀ** ਗੁ. ਮਾਂਗਤੇ ਹੈ।

**ਜਾਚੜੀ** ਗੁ. ਜਾਚਨਾ, ਯਥਾ- ਜਾਚੜੀ ਸਾ ਸਾਰੁ।

**ਜਾਚੀ** ਦੇ. ਮਾਂਗੀ।

**ਜਾਚੋਵੈ** ਗੁ. ਮਾਗਤਾ ਹੋ, ਯਥਾ- ਜਾਚਕੁ ਸਦਾ ਜਾਚੋਵੈ। ਮੈ ਜਾਚਕ ਸਦਾ ਮਾਗਤਾ ਹੂ।

**ਜਾਞੀ** ਪੰ. ਜਨੇਤੀਯੋ ਸਹਿਤ ਆਪ ਹੀ ਦੂਲੋ ਬਨ ਬਿਯਾਹਨ ਆਯਾ ਹੈ, ਯਥਾ- ਆਪੇ ਜਾਞੀ ਆਪੇ ਮਾਞੀ। ਪੁਨਾ- ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ।

**ਜਾਟ** ਦੇ. ਜਟ ਜਾਤਿ। ਸੰ. ਜਾਟਯ। ਬੰਗਾਲੇ ਦੇਸ ਮੇ ਇਕ ਮਹਾਂ ਭਾਗਵਤ ਨਾਮ ਸੇ ਪ੍ਰਸਿਧ ਪੁਸਤਕ ਹੈ ਇਸ ਮੇ ਮਹਾਦੇਵ ਕੀ ਜਟਾਂ ਸੇ ਜਟ ਬੰਸ ਕੀ ਉਤਪਤੀ ਲਿਖੀ ਹੈ। ਮਹਾਭਾਰਤ ਕੇ ਕਰਣ ਪਰਬ ਮੇ ਸਲਜ ਰਾਜਾ ਸਾਥ ਜਹਾ ਕਰਣ ਕਾ ਸੰਬਾਦ ਲਿਖਾ ਹੈ, ਨਾਮ ਜਰਤਿਕ ਔ ਬਾਹੀਕ ਲਿਖੇ ਹੈ। ਕ੍ਰਿਖੀ ਕਰਮ ਸੇ ਅਵਸਥਾ ਬਿਤਾਵਨੇ ਵਾਲੀ ਜਾਤਿ ਕਾ ਨਾਮ ਜਰਤਕ ਲਿਖਾ ਹੈ। ਕ੍ਰਿਖੀ ਕਾ ਕਾਮ ਕਰਨੇ ਵਾਲੇ ਕਾ ਬੈਲੋ ਸਾਥ ਮੇਲ ਰਹਨੇ ਸੇ, ਬੁਧੀ ਮੋਟੀ ਹੋਤੀ ਹੈ। ਇਸ ਭਾਵ ਸੇ ਸੰਸਕ੍ਰਿਤ ਪੋਥੀਯੋ ਮੇ ਵਾਹੀਕੋ ਕੋ ਗਊ। ਅਰਥਾਤ ਬੈਲ ਤੁਲਜ ਭੀ ਲਿਖਤੇ ਹੈ। ਨਿਖਲ ਜਾਤੀਓ ਕੇ ਮੂਰਖੋ ਵਾਸਤੇ ਪੋਥੀਯੋ ਮੇ ਯਹੀ ਦਰਜਾ ਲਿਖਾ ਹੈ। ਕਹੀ ਰੀਤ ਸੇ ਜਾਟ ਪਦ ਕਾ ਮੂਲ ਜਾਟੇਯ ਵਾ ਜਰਤਿਕ ਹੈ।

**ਜਾਟਰੋ** ਦੇ. ਧੰਨਾ ਜੱਟ, ਯਥਾ- ਇਹ ਬਿਧਿ ਸੁਨਿ ਕੈ ਜਾਟਰੋ।

**ਜਾਡਾ** ਦੇ. ਪਾਲਾ ਸੀਤ, ਯਥਾ- ਆਗੈ ਘਾਮ ਪਿਛੈ ਰੁਤਿ ਜਾਡਾ।

**ਜਾਣਲਾ** ਦੇ. ਦ. ਜਾਨਤਾ ਹੈਂ, ਯਥਾ- ਸਭੁ ਕਿਛੁ ਜਾਣਲਾ।

**ਜਾਣਾ** ਗੁ. ਜਾਨਜਾ ; ਜਨ, ਯਥਾ- ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।

**ਜਾਣੀ** ਗੁ. ਜਾਨਨੇ ਵਾਲਾ, ਯਥਾ- ਆਪੇ ਸਭਨਾ ਜੀਆ ਕਾ ਹੈ ਜਾਣੀ। ਜਾਣੀ ਹੂਈ ਚੀਜ।

**ਜਾਣੁ** ਦੇ. ਜਾਣੋ, ਯਥਾ- ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ।

**ਜਾਣੁ ਸੁਜਾਣੁ** ਗੁ. ਗ੍ਯਾਨੀਓ ਮੇ ਸ੍ਰੇਸ੍ਟ ਗ੍ਯਾਨੀ ਹੈ, ਯਥਾ- ਆਪੇ ਜਾਣੁ ਸੁਜਾਣੁ।

**ਜਾਣੇ ਜਾਤ** ਗੁ. ਜਾਣੀਤੀ ਹੈ ਉਤਪਤੀ।

**ਜਾਣੈ** ਦੇ. ਜਾਨੇ, ਯਥਾ- ਭੀਤਰਿ ਹੋਦੀ ਵਸਤੁ ਨ ਜਾਣੈ।

**ਜਾਣੋ ਪ੍ਰਭ ਜਾਣੋ** ਵਾ. ਜਾਨਨੇ ਮੇ ਬਡਾ ਜਾਨਨਾ ਕਿਆ ਹੈ ਪ੍ਰਭੁ ਕਾ ਜਾਨਨਾ।

**ਜਾਣੋਈ** ਪੰ. ਜਾਨਨੇ ਵਾਲਾ, ਯਥਾ- ਤੂੰ ਜਾਣੋਈ ਸਭਸੈ।

**ਜਾਤ ਬਹੀ** ਗੁ. ਬਹ ਜਾਤੀ ਹੈ।

**ਜਾਤ੍ਰ ਕਰਨ** ਵਾ. ਯਾਤ੍ਰਾ ਕਰਨੀ।

**ਜਾਤਾ** ਪੰ. ਜਾਣਿਆ, ਯਥਾ- ਜਿਨਿ ਜਾਤਾ ਸੋ ਤਿਸ ਹੀ ਜੇਹਾ। ਜਾਂਦਾ।

**ਜਾਤਿ** ਸੰ. ੧. ਜਨਮ, ਪੈਦਾ ਹੋਨਾ ੨. ਸੰਗੀਤ ਗ੍ਰੰਥੋ ਮੇ ਲਿਖੇ ਖਰਜ, ਰਿਖਭ, ਗੰਧਾਰ, ਮਧਜਮ, ਪੰਚਮ, ਧੈਵਤ, ਨਿਖਾਦ, ਯੇ ਸਾਤ ਸੁਰ। ੩. ਭੋਜਨ ਬਨਾਨੇ ਕਾ ਚੁੱਲਾ ੪. ਆਮਲਾ ੫. ਜਾਯ ਫਲ ੬. ਚੰਬੇਲੀ ੭. ਬਹੁਤੁ ਫੂਲੋ ਵਾਲਾ ਏਕ ਬ੍ਰਿਛ, ੮. ਕੰਬੀਲਾ ਔਖਧਿ, ੯. ਪਰ ਅਪਰ ਸਮਾਨਜ ਮੋ। ਅਪਰ ਸਾਮਾਨਯ। ਨਿਤਜ ਹੋਵੇ ਅਨੇਕੋ ਮੇ ਰਹੇ। ਤਿਸ ਕਾ ਨਾਮ- ਨਜਾਯ ਮਤ ਮੇ ਸਾਮਾਨਜ ਹੈ। ਸੱਤਾ ਔ ਮਨੁਖਤ੍ਵਾਦਿਕ ਜਾਤੀਆਂ ਕਬੀ ਨਾਸ ਨਾ ਹੋਨੇ ਸੇ ਨਿਤਜ ਹੈ। ਔ ਬਜਕਤੀਯੋ ਵਤ ਅਨੇਕ ਰੂਪ ਨਾ ਹੋਨੇ ਤੇ ਏਕ ਹੈ। ਅਨੇਕੋ ਮੇ ਰਹੇ ਹੈਂ। ਜੈਸੇ ਜਿਨ ਵਸਤੂਓ ਮੇ ਸਤ ਸਤ ਕਥਨ ਹੋਵੇ ਹੈ ਤਿਨ ਸਭ ਮੇ ਸਤਾ ਰਹੇ ਹੈ। ਜਿਨ ਮੇ ਮਨੁਖ ਮਨੁਖ ਐਸੇ ਏਕਕਾਰ ਗ੍ਯਾਨ ਹੋਵੇ ਹੈ। ਤਿਨ ਮੇ ਮਨੁਖਜਤ੍ਵ ਜਾਤੀ ਰਹੇ ਹੈ। ਐਸੇ ਹੀ ਦੈਵਤ੍ਵ ਰਾਖਸਤ੍ਵਾਦਿਕ ਜਾਤੀਆਂ ਹੈ। ਵਜਾਕਰਣ ਵਾਲੇ ਐਸੇ ਕਹੇ ਹੈ। ਸਤਾ ਹੀ ਘਟਾਦਿਕੋ ਮੇ ਘਟਤ੍ਵਾਦਿ ਜਾਤੀ ਹੈ। ਵਹੀ ਨਿਖਲ ਬਜਕਤੀਯੋ ਕੇ ਨਾਸ ਹੂਏ ਅਪਨੇ ਮੇ ਮਿਲ ਜਾਵੇ ਹੈ। ਸੋ ਸਤਾ ਬ੍ਰਹਮ ਸ੍ਵਰੂਪ ਹੈ। ਬੇਦਾਂਤੀ ਕਹੇ ਹੈ ਏਕ ਅਦ੍ਵਤੀ ਬ੍ਰਹਮ ਸੇ ਭਿੰਨ ਸਤਾ ਮਾਨਣੇ ਮੇ ਕੋਈ ਪ੍ਰਮਾਣ ਨਹੀ। ਯਾ ਤੇ ਬ੍ਰਹਮ ਰੂਪ ਸਤਾ ਕੋ ਹੀ ਨਜਾਯ ਵਾਲੇ ਸਾਮਾਨਜ ਬੋਲੇਂ, ੧੦. ਬ੍ਰਾਹਮਣਾ ਦੀ ਚਾਰ ਵਰਣ। ਸੋ ਵਰਣ ਰੂਪ ਜਾਤੀ ਦੋ ਪ੍ਰਕਾਰ ਕੀ ਹੈ। ਏਕ ਸੁਧ ਦੂਸਰੀ ਸੰਕਰ ਸੰਕੀਰਣ। ਸੁਧ ਜਾਤੀ ਚਾਰ ਵਰਣ ਹੈ। ਜਿਨ ਮੇ ਬ੍ਰਾਹਮਣ ਛਤ੍ਰੀ ਬੈਸ ਤੀਨ ਦ੍ਵਿਜਾਤੀ ਹੈ। ਪਾਚਵਾ ਕੋਈ ਵਰਣ ਨਹੀ। ਜਿਸ ਕੋ ਕਾਹੂ ਆਪ ਪੁਰਖ ਕਾ ਸੰਬੰਧ ਨਾ ਹੂਆ ਹੋਵੇ। ਐਸੀ ਅਪਨੀ ਜਾਤਿ ਕੀ ਬਿਵਾਹੀ ਕੰਨਜਾ ਸੇ। ਉਪਜੇ ਬ੍ਰਾਹਮਣਾਦੀ ਸੁਧ ਵਰਣ ਹੈ। ਆਨ ਵਰਣੋ ਕੀ ਬਿਵਾਹੀ ਕੰਨਜਾ ਸੇ ਅਨੁਲੋਮ ਪ੍ਰਤਿਲੋਮ ਸੇ ਉਪਜੇ ਬਰਣ ਸੰਕਰ ਹੈ। ਬ੍ਰਾਹਮਣ ਕੀ ਬ੍ਰਾਹਮਣੀ ਆਦੀ ਚਾਰ ਭਾਗਜ ਹੈ। ਛਤ੍ਰੀ ਕੀ ਛਤ੍ਰਾਣੀ ਆਦਿ ਤੀਨ ਹੈ। ਬੈਸਜ ਕੀ ਬਨਿਆਨੀ ਸੂਦ੍ਰੀ ਦੋ ਹੈ। ਸੂਦ੍ਰ ਕੀ ਏਕ ਹੈ। ਯਾ ਤੇ ਬ੍ਰਾਹਮਣ ਕੀ ਛਤ੍ਰਾਣੀ ਆਦਿ ਤੀਨ ਮੇ ਛਤ੍ਰੀ ਕੀ ਬਣਿਆ ਆਦਿ ਦੋ ਮੇ। ਬਣੀਏ ਕੀ ਏਕ ਸੂਦ੍ਰੀ ਮੇ ਉਪਜੀ ਸੰਤਾਨ ਅਨੁਲੋਮਜ ਬਰਣ ਸੰਕਰ ਹੈ। ਅਨੁਲੋਮ ਸੀਧੇ ਕਾ ਨਾਮ ਹੈ। ਯੇ ਸੀਧੀ ਰੀਤ ਸੇ ਉਪਜੇ ਬਰਣ ਸੰਕਰ ਹੈ। ਸੂਦ੍ਰ ਤੇ ਬਣਿਆਣੀ ਆਦਿ ਤੀਨ ਮੇ। ਬਣੀਏ ਸੇ

ਛਤ੍ਰਾਣੀ ਆਦਿ ਦੋ ਮੇ। ਛਤ੍ਰੀ ਸੇ ਏਕ ਬ੍ਰਾਹਮਣੀ ਮੇ ਉਪਜੀ ਸੰਤਾਨ। ਪ੍ਰਤਿਲੋਮ ਜਬਰਣ ਸੰਕਰ ਹੈ। ਪ੍ਰਤਿਲੋਮ ਉਲਟੇ ਕਾ ਨਾਮ ਹੈ। ਯੇ ਉਲਟੀ ਰੀਤਿ ਕੇ ਬਰਣ ਸੰਕਰ ਹੈ। ਬਰਣ ਸੰਕਰੋ ਕਾ ਮੂਰਧਾ ਵ ਸਿਕਤਾਦਿ ਨਾਮ। ਔ ਰਥ ਹਸਤੀ ਚਲਾਵਨਾਦਿ ਕਾਮ ਗੁਰੁ ਤੀਰਥ ਸੰਗ੍ਰਹ ਮੇ ਲਿਖੇ ਹੈ। ਸੋ ਤਹਾ ਸੇ ਦੇਖਨੇ। ਬਰਣ ਸੰਕਰ ਪੁਰਖ ਇਸਤ੍ਰੀਯੋ ਕੇ ਮੇਲ ਸੇ ਉਪਜੀ ਸੰਤਾਨ। ਸੰਕੀਰਣ ਕਹਾਤੀ ਹੈ। ਬਰਣ ਸੰਕਰੋ ਮੇ ਅਨੁਲੋਮਜ ਬਰਣ ਸੰਕਰ ਅਛੇ ਹੈ। ਪ੍ਰਤਿਲੋਮਜ ਉਨ ਸੇ ਨਿਖਿਧ ਹੈ ੧੧. ਨਯਾਯ ਮਤ ਮੇ ਅਪਰ ਸਾਮਾਨਯ ਵਤ। ਅਸਤ ਉਤਰ ਕਾ ਨਾਮ ਭੀ ਜਾਤਿ ਹੈ। ਬਿਚਾਰ ਉਸ ਕਾ ਨਾਮ ਭੀ ਜਾਤਿ ਹੈ। ਬਿਚਾਰ ਉਸਕਾ ਗੋਤਮ ਮੁਨਿ ਕੇ ਬਨਾਏ ਸੂਤ੍ਰੋ ਕੇ ਪਾਚਵੇ ਅਧਯਾਯ ਮੇ ਲਿਖਾ ਹੈ। ਯੇ ਅਸਤ ਉਤਰ ਰੂਪ ਜਾਤੀਆਂ ਗਿਨਤੀ ਮੇ ਚੌਬੀਸ ਹੈ, ਔ ਚੌਬੀਸ ਇਨ ਕੇ ਸਾਥ ਨਿਗ੍ਰਹ ਸਥਾਨ ਹੈ। ਮੂਰਖਤਾ ਕੇ ਠਿਕਾਨੇ ਕਾ ਨਾਮ ਨਿਗ੍ਰਹ ਸਥਾਨ ਹੈ। ਸਾਸਤ੍ਰਾਰਥ ਕੇ ਸਮੇ ਇਨ ਹੀ ਸੇ ਹਾਰ ਜੀਤ ਕੀ ਰੀਤ ਬਾਧੀ ਜਾਤੀ ਹੈ। ਬਿਚਾਰ ਉਨਕਾ ਬਹੁਤ ਹੈ ਇਸ ਲੀਏ ਲਿਖਾ ਨਹੀ, ੧੨. ਵੇਦ ਕੀ ਏਕ ਸਾਖਾ।

**ਜਾਤਿ** ਸੰ. ਉਪਜੇ, ਯਥਾ- ਪਵਣੈ ਪਾਣੀ ਜਾਣੈ ਜਾਤਿ। ਦੇਹੋ ਕੋ ਪਵਨਾਦਿ ਤਤ੍ਵੋ ਸੇ ਉਪਜੇ ਜਾਨੇ ; ਪ੍ਰਗਟ ਹੁਈ ਵਸਤੂ ; ਜਨਮ, ਪੈਦਾ ਹੋਨਾ ; ਸਮੂਹ।

**ਜਾਤਿ ਅਸੰਖ** ਵਾ. ਜਨਮਿਆ ਅਨੇਕ ਵਾਰ, ਯਥਾ- ਜਾਤਿ ਅਸੰਖ ਅੰਤ ਨਹੀ ਮੋਰੇ।

**ਜਾਤਿ ਨ ਜਾਲਾ** ਵਾ. ਪ੍ਰਮੇਸਰ ਕੀ ਦੇਹ ਮੇ ਕਾਹੂ ਜਾਤੀ ਕਾ ਜਾਲ ਨਹੀ, ਉਕ੍ਤੰਚ- ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ। ਆਗੇ ਪ੍ਰਮੇਸ੍ਵਰ ਕੀ ਦੇਹ ਮੇ ਕੋਈ ਜਾਤਿ ਨਹੀ ਹੈ।

**ਜਾਤਿ ਰਹੇ** ਵਾ. ਜਾਤੇ ਰਹੇ ਹੈ, ਯਥਾ- ਜਾਤਿ ਰਹੇ ਪਤਿ ਕੇ ਆਚਾਰਾ। ਕਬੀਰ ਕਹੇ ਜਾਤੇ ਰਹੇ ਹੈ, ਹਮਾਰੇ ਮਨ ਸੇ ਜਗਤ ਕੀ ਪ੍ਰਤਿਸ੍ਟਾ ਕੇ ਆਚਰਣ।

**ਜਾਤੀ** ਦੇ. ਬ੍ਰਾਹਮਣਾਦਿ, ਯਥਾ- ਕੁਦਰਤਿ ਜਾਤੀ ਜਿਨਸੀ ਰੰਗੀ। ਪੁਨਾ- ਜਾਤੀ ਦੈ ਕਿਆ ਹਥਿ। ਯਾਤ੍ਰਾ ਵਾਲਾ, ਯਥਾ- ਜਉ ਤੁਮ ਤੀਰਥ ਤਉ ਹਮ ਜਾਤੀ।

**ਜਾਤੀਆ** ਪੰ. ਜਾਣੀਆ, ਯਥਾ- ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ। ਮਨਮੁਖੋ ਨੇ ਬਜਵਹਾਰ ਚਾਤਰੀ ਕੀ, ਸਭੀ ਬਾਤ ਜਾਨੀਆ ਹੈ। ਨਾਮ ਜਾਪ ਕਾ ਉਪਦੇਸ ਸੁਨ ਕਰ ਚੁਪ ਰਹੇ ਹੈਂ। ਮਾਨੋ ਕਾਨ ਮੇ ਸੁਨਤੇ ਨਹੀ।

**ਜਾਤੁ** ਸੰ. ਕਦਾਚਿਤ, ਕਬੀ। ਜੈਸੇ- ਜਾਤ ਜਰਾ ਪਾਤ ਉਤਪਾਤ ਦੇਖ ਭੀਤ ਜਾਤੁ ਚੀਤ ਮੇ ਨ ਜਾਤੁ।

**ਜਾਦਿਮ** ਗੁ. ਜਾਦਵ, ਯਥਾ- ਹੀਨੜੀ ਜਾਤਿ ਮੇਰੀ ਜਾਦਿਮ ਰਾਇਆ। ਸੰ. ਯਾਦਵ।

**ਜਾਦੇ** ਪੰ. ਜਾਤੇ, ਯਥਾ- ਜਾਦੇ ਬਿਲਮ ਨ ਹੋਈ।

**ਜਾਨ** ਫਾ. ਜਿੰਦ, ਪ੍ਰਾਣ। ਦੇ. ਨੁਕਸਾਨ, ਹਾਨੀ। ਪੰ. ਪਹਚਾਨ, ਜੈਸੇ- ਉਸ ਸੇ ਜਾਨ ਹੈ।

**ਜਾਨਉ** ਦੇ. ਜਾਨਤਾ ਨਹੀ, ਯਥਾ- ਜਾਨਉ ਨਹੀ ਭਾਵੈ ਕਵਨ ਬਾਤਾ।

**ਜਾਨਥ** ਗੁ. ਜਾਣਤਾ ਹੈ, ਯਥਾ- ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ।

**ਜਾਂਨਦ** ਗੁ. ਜਾਨਤਾ ਹੈ, ਯਥਾ- ਸਗਲ ਗੁਣਾ ਬਿਧਿ ਜਾਂਨਦ।

**ਜਾਨਨ** ਦੇ. ਜਾਨਨੇ ਵਾਲਾ, ਯਥਾ- ਜਾਨਨਹਾਰ ਪ੍ਰਭੂ ਪਰਬੀਨ। ਪੁਨਾ- ਜਾਨਣਹਾਰੁ ਨ ਛਾਨਾ ਰੇ।

**ਜਾਨਿ ਸਤਾਨਵੈ** ਵਾ. ਹਿੰਦ ਮੇ ਬਿਕ੍ਰਮਾਜੀਤੀ ਪੰਦ੍ਰਾ ਸੈ ਅਠਤਰ ਸੰਬਤ ਮੇ ਮੁਗਲ ਆਵੇਗੇ ਔ ਉਸ ਸਮੇ ਕੇ ਆਏ ਨਾਦਰ ਕੇ ਆਨੇ ਪੀਛੇ ਸਤਾਰਾ ਸੈ ਸਤਾਨਵੇ ਮੇ ਤੇਜ ਹੀਨ ਹੋ, ਅਠਾਨਵੇ ਮੇ ਜਾਤੇ ਰਹੇਗੇ। ਯਹ ਗੁਰੁ ਜੀ ਕਾ ਭਵਿਖਯਤ ਦਸਾ ਕਾ ਬੋਧਕ ਬਚਨ ਹੈ। ਯਾ ਤੇ ਗੁਰੁ ਸਰਬਗ ਪ੍ਰਮੇਸ੍ਵਰ ਕੇ ਅਵਤਾਰ ਹੈ।

**ਜਾਨਿਓ** ਗੁ. ਜਾਣਿਆ, ਯਥਾ- ਜਨ ਨਾਨਕ ਜਗੁ ਜਾਨਿਓ ਮਿਥਿਆ।

**ਜਾਨੀ** ਫਾ. ਮਿਤ੍ਰ। ਸੰ. ਪਤਿ, ਜੈਸੇ- ਜਾਨ ਜੀ ਜਾਨੀ। ਦੇ. ਜਾਣ ਲਈ, ਯਥਾ- ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ। ਪੁਨਾ- ਸੰਤਨ ਅਵਰ ਨ ਕਾਹੂ ਜਾਨੀ।

**ਜਾਨੀ ਨਾਉ** ਗੁ. ਪਿਆਰੇ ਕਾ ਨਾਮ ਕਿਆ ਹੈ।

**ਜਾਨੀਅੜਾ** ਪੰ. ਮਿਤ੍ਰ ; ਜਾਨਨੇ ਵਾਲਾ, ਯਥਾ- ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ। ਹਮਾਰਾ ਮਿਤ੍ਰ ਸਭ ਬਾਤਾ ਜਾਨਨੇ ਵਾਲਾ ਹਮਾਰੇ ਸਮੀਪ ਖੜਾ ਹੈ ਹਰਿ ਸਭ ਕਾ ਮਿਤ੍ਰ।

**ਜਾਨੈ** ਗੁ. ਹਰਿ ਕੇ ਦਾਸ ਕੀ, ਯਥਾ- ਚਰਨੀ ਆਇ ਪਵੈ ਹਰਿ ਜਾਨੈ। ਜਾਨਤਾ, ਯਥਾ- ਕੋਇ ਨ ਜਾਨੈ ਕੋਇ ਨ ਮਾਨੈ।

**ਜਾਪਈ** ਗੁ. ਜਾਤਾ, ਯਥਾ- ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ। ਯਹ ਭੀ ਕਹਯਾ ਨਹੀ ਜਾਤਾ।

**ਜਾਪਸ** ਸੰ. ਜਾਨ ਪੜੇ ; ਜਾਣੀਏ।

**ਜਾਪਹੁ** ਗੁ. ਜਪੋ, ਯਥਾ- ਹਰਿ ਤਿਨ ਕੇ ਜਾਪਹੁ ਜਾਪ।

**ਜਾਪਤ** ਗੁ. ਜਪਤੇ, ਯਥਾ- ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ।

**ਜਾਪਦਾ** ਪੰ. ਜਾਨ ਪੜਤਾ ਹੈ, ਯਥਾ- ਹਰਿ ਜੀਉ ਸਬਦੇ ਜਾਪਦਾ ਭਾਈ।

**ਜਾਪਨ੍ਹੀ** ਗੁ. ਜਾਨਾ ਜਾਤਾ, ਯਥਾ- ਨਾਨਕ ਅੰਤ ਨ ਜਾਪਨ੍ਹੀ। ਗੁਰੁ ਕਹੇ ਯਹ ਨਹੀ ਜਾਨਾ ਜਾਤਾ ਜੋ ਪ੍ਰਮੇਸ੍ਵਰ ਕਿਸ ਕੋ ਲਿਆਵੇ ਸਚ ਪੈ।

**ਜਾਪੀ** ਗੁ. ਜਪੀਏ, ਯਥਾ- ਜਾਪੀ ਜਪੁ ਜਾਪੁ। ਜਪੀਏ ਜਪਣੇ ਯੋਗਜ ਜਪ ਕੋ।

**ਜਾਪੁ** ਗੁ. ਜਪ, ਯਥਾ- ਜਾਪੁ ਜਪਨਾ। ਜਪ ਕਰਨਾ।

**ਜਾਪੈ** ਪੰ. ਜਾਨ ਪੜੇ ; ਜਾਣਿਆ ਜਾਵੇ, ਯਥਾ- ਨਾਨਕ ਗਇਆ ਜਾਪੈ ਜਾਇ।

**ਜਾਪੈ** ਪੰ. ਪ੍ਰਤੀਤ ਹੋਵੇ, ਯਥਾ- ਜਾਪੈ ਆਪਿ ਪ੍ਰਭੂ ਤਿਹੁ ਲੋਇ।

**ਜਾਮ** ਗੁ. ਜਬ, ਯਥਾ- ਜਾਮਿ ਗੁਰੂ ਹੋਇ ਵਲਿ। ਪੁਨਾ- ਜਾਮਿ ਨ ਭੀਜੈ ਸਾਚ ਨਾਇ। ਜਮ ਰੂਪ, ਯਥਾ- ਮੀਤ ਸਜਣ ਸਭਿ ਜਾਮ।

**ਜਾਮ ਕਾ** ਗੁ. ਜਮ ਕਾ, ਯਥਾ- ਤਿਨ ਮਹਿ ਭਉ ਹੈ ਜਾਮ ਕਾ।

**ਜਾਮਣ** ਪੰ. ਦਹੀ ਜਮਾਵਨੇ ਕੀ ਜਾਗ ਦਹੀ ਵਾ ਛਾਛ ; ਜੰਬੂ ਬ੍ਰਿਛ।

**ਜਾਮਨੀ** ਦੇ. ਰਾਤ੍ਰੀ। ਸੰ. ਯਾਮਿਨੀ। ਜਮਾਨਤ, ਜੈਸੇ- ਅਮੁਕ ਕੀ ਜਾਮਨੀ।

**ਜਾਮਾ** ਗੁ. ਅੰਦਰਖਾ, ਬਸਤ੍ਰ ਮਾਤ੍ਰ, ਯਥਾ- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।

**ਜਾਰ** ਸੰ. ਮਿਤ੍ਰ। ਦੇ. ਜਲਾਉ।

**ਜਾਰਸਿ** ਦੇ. ਬਿਤੀਤ ਕਰਤਾ ਹੈ, ਯਥਾ- ਬੈਰੀ ਸੰਗਿ ਰੰਗ ਰਸਿ ਰਚਿਆ ਤਿਸੁ ਸਿਉ ਜੀਅਰਾ ਜਾਰਸਿ ਰੇ।

**ਜਾਰਤ** ਦੇ. ਪ੍ਰ. ਜਲਾਤਾ।

**ਜਾਲ** ਪੰ. ਦਗਧ ਕਰ, ਯਥਾ- ਨਾਨਕ ਇਹੁ ਤਨੁ ਜਾਲਿ। ਸੰ. ਕਦੰਬ ਬ੍ਰਿਛ ; ਗਵਾਖ੍ਯ ਰੰਧ੍ਰ, ਝਰੋਖੇ ਕਾ ਛਿਦ੍ਰ ; ਮ੍ਰਿਗ ਪੰਖੀ ਪਕੜਨੇ ਕਾ ਜਾਲ, ਯਥਾ- ਮਨੁ ਮਾਇਆ ਬੰਧਿਓ ਸਰ ਜਾਲਿ। ਸੰਸਾਰ ਸਮੁਦ੍ਰ ਮੋ ਮਾਯਾ ਜਾਲ ਨੇ ਜੀਵੋਂ ਕਾ ਮਨ ਬਾਧ ਲੀਆ ਹੈ। ਵ. ਸੰਸਾਰ ਸਾਗਰ ਕੇ ਮੋਹ ਰੂਪ ਜਾਲ ਨੇ ਜੀਵੋਂ ਕਾ ਮਨ ਬਾਂਧ ਲੀਯਾ ਹੈ। ਨਵੀਨ ਕਲੀਯੋਂ ਕਾ ਸਮੂਹ। ਗੁ. ਸਮੂਹ। ਦੇ. ਸਿੰ. ਇਸਤ੍ਰੀ, ਜੈਸੇ- ਜਾਲ ਬਾਲ ਰਾਜੀ ਹੈ। ਸਠਪਨਾ, ਦੰਭ ; ਇੰਦ੍ਰਜਾਲ।

**ਜਾਲਉ** ਦੇ. ਦਾਹ ਕਰੋ, ਯਥਾ- ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।

**ਜਾਲਹੁ** ਪੰ. ਦਗਧ ਕਰੋ।

**ਜਾਲਕਾ** ਗੁ. ਜਾਲ ਕੇ, ਯਥਾ- ਕਲਮਲ ਸਗਲੇ ਜਾਲਕਾ।

**ਜਾਲਣ** ਪੰ. ਬਿਤੀਤ ਕਰਤੇ ਹੈ, ਯਥਾ- ਜਾਲਣ ਗੋਰਾਂ ਨਾਲਿ।

**ਜਾਲਪੁ** ਦੇ. ਗੁਰੋ ਕਾ ਜਸ ਕਰਤਾ ਭਾਟ ਕਵਿ ਕਾ ਨਾਮ ਹੈ, ਯਥਾ- ਸਕਯਥੁ ਸੁ ਸਿਰੁ ਜਾਲਪੁ ਭਣੈ।

**ਜਾਲਾ** ਦੇ. ਜਲ ਕਾ ਜਾਲਾ ; ਦਗਧ ਕੀਆ, ਯਥਾ- ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ। ਹਮ ਪਹਲੇ ਬਹੁਤ ਮੈਲ ਵਾਲੇ ਥੇ ਅਬ ਹਰਿ ਜਸ ਕਹਤੇ ਨਿਰਮਲ ਹੋ ਗਏ ਹੈ। ਜਬ ਸਮਗ੍ਰ ਪਾਪ ਹਮਾਰੇ ਹਰਿ ਜਸ ਨੇ ਦਾਹ ਕੀਏ।

**ਜਾਲਿਆ** ਪੰ. ਜਲਾਇਆ, ਯਥਾ- ਜਿਨ ਸੰਗਿ ਮਨੁ ਤਨੁ ਜਾਲਿਆ।

**ਜਾਲੀ** ਗੁ. ਮਾਯਾ ਰੂਪ ਜਾਲ ਜੋ ਅਨੇਕ ਭਾਂਤ ਕੀ ਗਠੋ ਵਾਲਾ ਹੈ, ਯਥਾ- ਅਨਿਕ ਭਾਂਤਿ ਕੀ ਏਕੈ ਜਾਲੀ। ਜਾਲ, ਯਥਾ- ਜਾਲੀ ਰੈਨਿ ਜਾਲੁ ਦਿਨੁ ਹੂਆ। ਦਾਹ ਕਰੀ।

**ਜਾਲੀ ਰੈਨਿ** ਗੁ. ਤੁਮਾਰੇ ਬਾਧਨੇ ਹੇਤ ਜੈਸੇ ਜਾਲ ਰੂਪ ਰਾਤ ਹੋ ਗਈ ਵੈਸੇ ਹੀ ਦਿਨ ਹੁਏ ਹੈ, ਯਥਾ- ਜਾਲੀ ਰੈਨਿ ਜਾਲੁ ਦਿਨੁ ਹੂਆ।

**ਜਾਲੇ** ਪੰ. ਜਲਾਇ, ਯਥਾ- ਭਾਹਿ ਨ ਸਾਕੈ ਜਾਲੇ।

**ਜਾਵਹਿ** ਪੰ. ਜਾਤੇ ਹੈ, ਯਥਾ- ਜਾਵਹਿ ਸਗਲ ਵਿਜੋਗ। ਸਭੀ ਦੁਖ ਦੂਰ ਹੋ ਜਾਵੇ ਹੈ।

**ਜਾਵਤੁ** ਦੇ. ਜੇਤਾ ਕਾਲ, ਯਥਾ- ਜਾਵਤੁ ਬ੍ਰਹਮ ਨ ਬਿੰਦਤੇ।

**ਜਾਵਦ** ਗੁ. ਜੇਤਾ ਕਾਲ। ਸੰ. ਯਾਵਤ।

**ਜਾਵਾ** ਦੇ. ਜਾਵੋਂ, ਯਥਾ- ਹਉ ਢਾਢੀ ਕੈ ਦਰਿ ਜਾਵਾ।

**ਜਾਵੀ** ਗੁ. ਜਾਵੇਗੀ, ਗਈ।

**ਜਾੜਾ** ਦੇ. ਸੀਤ।

**ਜਿ** ਦੇ. ਜੋ, ਯਥਾ- ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ। ਪੁਨਾ- ਜਿ ਕਿਓਨੁ। ਜੋ ਕੀਆ ਹੈ। ਪੁਨਾ- ਸੋ ਵੈਦੁ ਜਿ ਜਾਣੈ ਰੋਗੀ। ਜੇੜੀ, ਯਥਾ- ਜਿ ਮਤਿ ਗਹੀ ਜੈਦੇਵਿ। ਪੁਨਾ- ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ। ਦਾਨ ਆਪ ਕਾ ਹੋਵੇ ਹੈ, ਜਿ- ਜੇੜਾ ਮੁਝ ਸਤੇ ਡੂਮ ਅਪਰਾਧੀ ਕੋ ਦੇਵੋਂ। ਜਿਨ ਕਾ, ਯਥਾ- ਜਿ ਭੰਨਿ ਘੜਾਇ। ਜਿਨ ਕਾ ਮੰਦ ਬ੍ਯਵਹਾਰ ਗੁਰੋ ਨੇ ਭੰਨ ਦੂਰ ਕਰ ਕੇ ਉਤਮ ਬ੍ਯਵਹਾਰ ਬਨਾਇ ਦੀਆ ਹੈ। ਸੰ. ਜਯ।

**ਜਿ ਦਿਹਿ** ਪੰ. ਜਿਸ ਦਿਨ, ਯਥਾ- ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।

**ਜਿਉ** ਦੇ. ਜਿਸ ਪ੍ਰਕਾਰ, ਯਥਾ- ਜਿਉ ਭਾਵੈ ਤਿਉ ਰਾਖਹਿ ਰਾਖੁ। ਹੇ ਰਖਨੇ ਵਾਲੇ ਜੈਸੇ ਤੇਰੇ ਕੋ ਰੁਚੇ ਤੈਸੇ ਉਸ ਮੋ ਅਪਨੀ ਬ੍ਰਿਤੀ ਕੋ ਪ੍ਰਪੱਕ ਰਖੋ।

**ਜਿਸ ਕਾ** ਦੇ. ਜਿਸ ਪ੍ਰਮੇਸ੍ਰਰ ਕਾ, ਯਥਾ- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ। ਜਿਸ ਪ੍ਰਮੇਸ੍ਰਰ ਕਾ ਰਚਾ ਦੇਹ ਹੈ। ਉਸੀ ਨੇ ਬੁਧੀ ਰੂਪ ਮੋਖ ਕੇ ਦਰਵਾਜੇ ਮੋ ਅਗ੍ਯਾਨ ਰੂਪੀ ਤਾਲਾ ਦੇ ਰਖਾ ਹੈ।

**ਜਿਸਹਿ** ਗੁ. ਜਿਸ ਕੋ, ਯਥਾ- ਜਿਸਹਿ ਬੁਝਾਏ ਸੋਈ ਬੂਝੈ। ਪੁਨਾ- ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ। ਗੁਰ ਕਹੇ ਜਿਸ ਕੋ ਪ੍ਰਮੇਸ੍ਰਰ ਗ੍ਯਾਨ ਦੇਤਾ ਹੈ ਤਿਸ ਪੈ ਜਾਨੋ ਅਛੀ ਤਰਾ ਪ੍ਰਸੰਨ ਹੋਤਾ ਹੈ।

**ਜਿਸਨੁ** ਬਿਸਨੁ ; ਇੰਦ੍ਰ ; ਅਰਜਨ ; ਜੀਤਨੇ ਵਾਲਾ।

**ਜਿਸਮ** ਅ. ਸਰੀਰ, ਦੇਹ।

**ਜਿਸੈ** ਪੰ. ਜਿਸ ਕੇ, ਯਥਾ- ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ

ਹੀ ਪਾਸਿ।

**ਜਿਹ** ਦੇ. ਜਿਸ ਕੀ ਦਯਾ ਸੇ, ਯਥਾ- ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।

**ਜਿਹਬਾ** ਦੇ. ਹੇ ਸੁਾਦੋ ਕੇ ਸਾਧਨ ਰਸਨਾ ਕੇ ਗੋਲਕ, ਯਥਾ- ਰੇ ਜਿਹਬਾ ਕਰਉ ਸਤ ਖੰਡ। ਅਗਨੀ ਕੀ ਜਿਹ੍ਵਾ ਸਾਤ ਹੈ ਕਾਲੀ ਕਰਾਲੀ ਮਨੋਜਵਾ ਆਦਿ।

**ਜਿਕਰ** ਦੇ. ਚਰਚਾ। ਫਾ. ਜ਼ਿਕਰ।

**ਜਿਚਰੁ** ਪੰ. ਜੇਤੀ ਦੇਰ, ਯਥਾ- ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ। ਓਤਾ ਕਾਲ ਦੇਹ ਸੰਸਾਰ ਮੇ ਰਹੇ ਹੈ ਜੇਤਾ ਕਾਲ ਜੀਵ ਦੇਹ ਮੇ ਰਹੇ ਹੈ। ਸੰ. ਯਾਵਤਚਿਰ।

**ਜਿਠੇਰੇ ਕੀ** ਗੁ. ਜਮ ਕੀ, ਯਥਾ- ਘਰ ਕੇ ਜਿਠੇਰੇ ਕੀ ਚੂਕੀ ਕਾਣਿ।

**ਜਿਣਕਾ** ਗੁ. ਜੀਤਤਾ ਹੈ, ਯਥਾ- ਸੋ ਗੁਰਮੁਖਿ ਹਰਿ ਜਪਿ ਜਿਣਕਾ।

**ਜਿਣਤਿਆ** ਗੁ. ਜੀਤਤੇ ਹੈ, ਯਥਾ- ਗੁਰਸਿਖ ਲੈ ਮਨੁ ਜਿਣਤਿਆ।

**ਜਿਣਿ** ਗੁ. ਜੀਤ, ਯਥਾ- ਮੰਨੇ ਨਾਉ ਸੋਈ ਜਿਣਿ ਜਾਇ।

**ਜਿਣਿ ਜਾਇ** ਪੰ. ਜੀਤ ਜਾਵੇਗਾ, ਯਥਾ- ਮੰਨੇ ਨਾਉ ਸੋਈ ਜਿਣਿ ਜਾਇ। ਜੋ ਪੁਰਖ ਨਾਮ ਕੋ ਚਿੰਤਨ ਕਰੇਗਾ ਸੋਈ ਜੀਤ ਜਾਵੇਗਾ।

**ਜਿਣੈ** ਦੇ. ਜੀਤੇ ਹੈ, ਯਥਾ- ਜੋਬਨੁ ਘਟੈ ਜਰੂਆ ਜਿਣੈ।

**ਜਿਤਉ** ਦੇ. ਜਿਤਿਆ।

**ਜਿਤਤੇ** ਗੁ. ਜੀਤ ਲੀਏ ਹੈ, ਯਥਾ- ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਵੰ ਕਰੋਤਿ ਪੰਚ ਤਸਕਰਹ। ਜੀਤ ਲੀਆ ਹੈ ਸੰਤੋ ਨੇ ਸਰਬ ਸੰਸਾਰ ਕੋ ਅਰ ਵਸ ਕਰ ਲੀਏ ਹੈ ਪਾਂਚ ਚੋਰ। ਪੁਨਾ- ਜਿਤਤੇ ਪ੍ਰਿਥਵੀ ਨਵ ਖੰਡਣਹ।

**ਜਿਤਨੇ** ਪੰ. ਜੇਤੇ।

**ਜਿਤੜੇ** ਦੇ. ਜੇਤੇ, ਯਥਾ- ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।

**ਜਿਤਾਨਾ** ਗੁ. ਜੀਤਣਾ, ਯਥਾ- ਜਗੁ ਤਿਨਹਿ ਜਿਤਾਨਾ।

**ਜਿਤੀ** ਦੇ. ਜੀਤੀ, ਫਤਹ ਕਰੀ।

**ਜਿਤੁ** ਦੇ. ਜਿਸ ਕਾਮ ਮੇ, ਯਥਾ- ਜਿਤੁ ਹਉ ਲਾਈ। ਉਪਦੇਸ ਦਾਤਿਓ ਨੇ ਜਿਸ ਓਰ ਲਗਾਈ ਤਹਾ ਮੈ ਲਗੀ। ਜੀਤ, ਫਤਹ ; ਜਿਸ ਨੂ ; ਜਿਸ, ਯਥਾ- ਜਿਤੁ ਦਿਹਾੜੈ ਧਨ ਵਰੀ। ਜਿਸ ਕਰ, ਯਥਾ- ਜਿਤੁ ਭੇਟੇ ਸਾਧੂ ਕੇ ਚਰਨ। ਪੁਨਾ- ਬਧਾ ਛੁਟਹਿ ਜਿਤੁ।

**ਜਿਥੈ** ਪੰ. ਜਹਾ, ਯਥਾ- ਜਿਥੈ ਕੋਇ ਕਥੰਨਿ। ਜਹਾ ਕੋਈ ਈਸ੍ਵਰ ਕੇ ਨਾਮ ਕੋ ਕਥਨ ਕਰੇ ਹੈ।

**ਜਿਥੋ** ਪੰ. ਜਹਾ ਸੇ।

**ਜ਼ਿੰਦਗੀ** ਫਾ. ਜੀਵਨ, ਜੈਸੇ- ਜ਼ਿੰਦਗੀ ਬਖਸੇ ਵਜੂਦੇ ਇਨਸਾਂ।

**ਜਿੰਦਾਰਿ** ਮਿ. ਜਿੰਦ ਕਾ ਅਰਿ ਸਤ੍ਰੁ ਜਮ ਪਰੰਤੂ ਪਾਠ ਜਿੰਦਾਰਿ ਹੋਵੇ ਤਬ ਯਹ ਅਰਥ ਬਨੇ ਹੈ ਜਿੰਦਾਰਿ ਨਾ ਹੋਵੇ ਤਬ ਜੰਦਾਲ ਮੂਲ ਹੈ। ਜਿਸ ਕਾ ਅਰਥ ਚੰਡਾਲ ਹੈ, ਇਸ ਅਰਥ ਮੇ ਭੀ ਸਹੀ ਪਾਠ ਜੰਦਾਰ ਚਾਹੀਏ।

**ਜਿੰਦੁ** ਦੇ. ਪ੍ਰਾਣ, ਯਥਾ- ਜਿੰਦੁ ਵਹੁਟੀ ਮਰਣੁ ਵਰੁ। ਜੀਵ।

**ਜਿੰਦੁੜੀਏ** ਪੰ. ਹੇ ਮੇਰੇ ਜੀਵ, ਹੇ ਮੇਰੇ ਆਤਮਾ, ਯਥਾ- ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ।

**ਜਿੰਦੂ** ਗੁ. ਜਿੰਦ, ਹੇ ਜੀਵ, ਯਥਾ- ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ।

**ਜਿਦੂ** ਪੰ. ਜਿਸ ਸੇ, ਯਥਾ- ਜਿਦੂ ਕਿਛੁ ਗੁਝਾ ਨ ਹੋਇ।

**ਜਿੰਦੋ** ਫਾ. ਗ੍ਰਾਤ ਵਾਲਾ।

**ਜਿਧਰਿ** ਪੰ. ਜਿਸ ਓਰ, ਯਥਾ- ਜਿਧਰਿ ਰਬ ਰਜਾਇ ਵਹਣੁ। ਸੰ. ਯਤ੍ਰ।

**ਜਿਨਸਿ** ਫਾ. ਵਸਤੁ ਮਾਤ੍ਰ, ਯਥਾ- ਜਿਨਸਿ ਥਾਪਿ ਜੀਆਂ ਕਉ ਭੇਜੈ। ਜੀਵੋ ਪਾਸ ਸਭ ਵਸਤੁ ਦੇ ਕਰ ਜੀਵੋ ਕੀ ਰਛਾ ਕਰੇ ਹੈ। ਜਿਨਸੋ ਸੇ, ਯਥਾ- ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।

**ਜਿਨਹਿ** ਦੇ. ਜਿਸ ਨੇ, ਯਥਾ- ਜਿਨਹਿ ਨਿਵਾਜੇ ਤਿਨ ਹੀ ਸਾਜੇ। ਜਿਸ ਨੇ ਸਾਜੇ ਹੈ ਉਸੀ ਨੇ ਪਾਲੇ ਹੈ।

**ਜਿੰਨਾ** ਅ. ਭੂਤ, ਯਖ ; ਜਿੰਨੋ ਕਾ, ਯਥਾ- ਜੋਰੁ ਜਿੰਨਾ ਦਾ ਸਿਕਦਾਰੁ।

**ਜਿਨਾ** ਪੰ. ਜਿਸ ਨੇ, ਯਥਾ- ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ। ਦੈਵ ਤੇ, ਪ੍ਰਮੇਸ੍ਵਰ ਸੇ ਜਿਨ ਕੋ ਸਿਫਤ ਕਰਨੀ ਮਿਲੀ ਹੈ। ਪੰ. ਜਿਨ ਕੇ, ਯਥਾ- ਜਿਨਾ ਪਿਛੈ ਹਉ ਗਈ। ਜਿਨ ਪਦਾਰਥੋ ਕੇ ਪਿਛੇ ਮੈ ਫਿਰਤਾ ਥਾ ਵਹੁ ਅਬ ਮੇਰੇ ਪਿਛੇ ਫਿਰਤੇ ਹੈ।

**ਜਿਨਿ** ਦੇ. ਜਿਸ ਨੇ, ਯਥਾ- ਜਿਨਿ ਸਿਰਜੀ ਤਿਨ ਹੀ ਫੁਨਿ ਗੋਈ। ਪੁਨਾ- ਜਿਨਿ ਜਿਨਿ ਨਾਮੁ ਧਿਆਇਆ। ਮਤ, ਜੈਸੇ- ਮੰਦੇ ਥਾਨ ਜਿਨ ਜਾਓ। ਜਿਨ ਕੀ, ਯਥਾ- ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ। ਸੰ. ਬੁਧ ਅਵਤਾਰ ਜਿਸ ਕੇ ਮਤ ਵਾਲੇ ਲੋਗੋ ਕਾ ਨਾਮ ਬੋਧ ਹੈ ; ਅਰਹੰਤ ਨਾਮਾ ਬੋਧ ਜਿਸ ਕੇ ਮਤ ਕੇ ਲੋਗੋ ਕਾ ਨਾਮ ਜੈਨੀ ਹੈ ; ਬਿਸਨੁ ; ਅਤੀ ਬ੍ਰਿਧ ; ਜਿਤ੍ਵਰ, ਜੈ ਕਰਨੇ ਵਾਲਾ।

**ਜਿਨੀ** ਪੰ. ਜਿਨਹੁ ਨੇ, ਯਥਾ- ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ। ਪੁਨਾ- ਜਿਨੀ ਐਸਾ ਹਰਿ ਨਾਮੁ ਨ ਚੇਤਿਓ।

**ਜਿਨੂਰਾ** ਗੁ. ਛੋਟਾ ਭੂਤਨਾ, ਯਥਾ- ਪੁਤੁ ਜਿਨੂਰਾ ਧੀਅ ਜਿੰਨੂਰੀ।

**ਜਿਨੇਹਾ** ਗੁ. ਜੈਸਾ, ਯਥਾ- ਕੋਰੜ ਮੋਠ ਜਿਨੇਹਾ।

**ਜਿਪਈ** ਗੁ. ਜੀਤੇਗਾ, ਯਥਾ- ਮਨਹਠਿ ਤਰਫ ਨ ਜਿਪਈ ਜੇ ਬਹੁਤਾ

ਘਾਲੇ।

**ਜਿਮ** ਦੇ. ਜਿਸ ਪ੍ਰਕਾਰ।

**ਜਿਮੀ** ਦੇ. ਧਰਤੀ, ਜਮੀਨ, ਯਥਾ- ਜਿਮੀ ਨਾਹੀ ਮੈ ਕਿਸੀ ਕੀ ਬੋਈ। ਵਸਤੁ ਨਹੀ ਮੈਨੇ ਕਿਸੀ ਕੀ ਗ੍ਰਹਣ ਕਰੀ।

**ਜਿਵ** ਦੇ. ਜਿਸ ਪ੍ਰਕਾਰ, ਯਥਾ- ਜਿਵ ਤੂ ਚਲਾਇਹਿ ਤਿਵੈ ਚਲਹ।

**ਜਿਵੇਹਾ** ਗੁ. ਜੈਸਾ।

**ਜੀ** ਗੁ. ਸਤਕਾਰ ਕੀ ਬੋਲੀ, ਯਥਾ- ਤੂ ਕੁਨੁ ਰੇ॥ ਮੈ ਜੀ॥ ਨਾਮਾ॥ ਹੇ ਜੀ। ਜੀਵ, ਜੈਸੇ- ਕਿਉ ਜੀ ਮਾਰਤਾ ਹੈ। ਚਿਤ, ਜੈਸੇ- ਕਿਆ ਜੀ ਮੇ ਸਮਾਈ ਹੈ।

**ਜੀਉ** ਗੁ. ਸਤਕਾਰ ਕੀ ਬੋਲੀ, ਯਥਾ- ਰਵਿਦਾਸ ਜੀਉ। ਪੁਨਾ- ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ। ਪੁਨਾ- ਜੀਉ ਜੀਉ ਸਗਲੀ ਕੀਤ। ਪ੍ਰਾਣ, ਯਥਾ- ਤਿਸੁ ਅਰਾਧਿ ਜਿਨਿ ਜੀਉ ਦੀਆ। ਪੁਨਾ- ਜੀਉ ਸਮਪਉ ਆਪਣਾ। ਪ੍ਰਾਣ ਅਰਪਨ ਕਰਉ ਅਪਨੇ ਬਚਨਾਂਤਰ ਮੇ- ਦੀਜਹਿ ਪ੍ਰਾਨ ਅਕੋਰਿ ਲਿਖਾ ਹੈ। ਸਕਤੀ, ਯਥਾ- ਕਰਮਹਿ ਕਿਨਿ ਜੀਉ ਦੀਨੁ ਰੇ। ਕਰਮੋ ਕੋ ਬੰਧਨ ਕੀ ਸਕਤੀ ਕਿਸ ਨੇ ਦਈ ਹੈ। ਪ੍ਰਾਣਧਾਰੀ, ਯਥਾ- ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ।

**ਜੀਅ** ਦੇ. ਪ੍ਰਾਣ, ਯਥਾ- ਮੈ ਤਉ ਮੋਲਿ ਮਹਗੀ ਲਈ ਜੀਅ ਸਟੈ। ਪ੍ਰਾਣੋ ਕੇ ਵਟੇ। ਚਿਤ ਕੀ, ਯਥਾ- ਜੀਅ ਕੀ ਸਾਰ ਨ ਜਾਣਨੀ। ਚਿਤ ਕੀ ਪ੍ਰੀਤੀ ਕੀ ਰੀਤੀ ਨਹੀ ਜਾਣੀ। ਨਿਜ ਰੂਪ ਕੀ ਦਾਤ ਦੇ ਕਰ, ਯਥਾ- ਜੀਅ ਦਾਨੁ ਦੇ ਭਗਤੀ ਲਾਇਨਿ। ਭੂਲੇ ਕਰ ਕੰਕਨ ਵਤ, ਭੂਲੇ ਰੂਪ ਵਾਲੇ ਜੀਵੋਂ ਕੋ ਉਪਦੇਸ ਦ੍ਵਾਰਾ ਨਿਜ ਰੂਪ ਪ੍ਰਾਪਤ ਕਰ ਕੇ ਭਕਤੀ ਮੇ ਲਗਾਵਤੇ ਹੈ ਲਗਾਇ ਕਰ ਹਰਿ ਸਾਥ ਅਭੇਦ ਕਰ ਦੇਵੇ ਹੈ। ਵਾ ਨਿਜ ਰੂਪ ਸੇ ਭੂਲ ਮੁਰਦੇ ਵਤ ਭਏ ਜੀਵੋਂ ਕੋ ਉਪਦੇਸ ਸੇ ਨਿਜ ਰੂਪ ਜੀਵਨਾ ਦੇ ਕਰ ਹਰਿ ਸਾਥ ਮੇਲ ਦੇਵੇ ਹੈ।

**ਜੀਅ ਕਹ** ਗੁ. ਆਜੀਵਕਾ, ਯਥਾ- ਉਚਰਣੰ ਜੀਅ ਕਹ। ਮੁਖ ਸੇ ਮਾਗ ਕੇ ਲੇਨੀ ਸਰਬ ਸੇ ਆਜੀਵਕਾ। ਉਚਰਣੰ ਉਲੰਘ ਵਰਤਨਾ ਸਰਬ ਜੀਵੋਂ ਕੋ।

**ਜੀਅ ਕੈ** ਗੁ. ਅਪਨੇ ਜੀਵਨੇ ਕੇ ਲੀਏ, ਯਥਾ- ਏਕ ਜੀਅ ਕੈ ਜੀਆ ਖਾਹੀ।

**ਜੀਅ ਜੀਅਨ** ਗੁ. ਜੀਵੋਂ ਕਾ ਜੀਵ।

**ਜੀਅ ਦਾਨ ਦੇ** ਵਾ. ਭੂਲੇ ਸ੍ਰੂਪ ਵਾਲੇ ਮੁਰਦੇ ਵਤ ਭਏ ਜੀਵੋਂ ਕੋ ਉਪਦੇਸ ਦ੍ਵਾਰਾ ਨਿਜ ਰੂਪ ਜੀਵਨਾ ਦੇ ਕਰ।

**ਜੀਅਣਹ** ਗੁ. ਸਰਬ ਜੀਵੋਂ ਕੀ।

**ਜੀਅਰੇ** ਪੰ. ਹੇ ਜੀਵ, ਯਥਾ- ਜੀਅਰੇ ਜਾਹਿਗਾ ਮੈ ਜਾਨਾਂ।

**ਜੀਅੜਾ** ਦੇ. ਮਨ, ਯਥਾ- ਜੀਅੜਾ ਅਗਨਿ ਬਰਾਬਰਿ ਤਪੈ। ਜੀਵ, ਪ੍ਰਾਣ।

**ਜੀਅੜਿਆ** ਪੰ. ਹੇ ਜੀਵ, ਯਥਾ- ਜੀਅੜਿਆ ਪਰਦੇਸੀਆ।

**ਜੀਅੜੇ** ਪੰ. ਜੀਵ ਕੇ, ਯਥਾ- ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ।

**ਜੀਆ** ਦੇ. ਜੀਵੋ ਕੋ, ਯਥਾ- ਜੀਆਂ ਕੁਹਤ ਨ ਸੰਗੈ ਪਰਾਣੀ। ਪੁਨਾ- ਸੋ ਕਿਉ ਬਿਸਰੈ ਜਿ ਜੀਵਨ ਜੀਆ।

**ਜੀਸ** ਗੁ. ਜਾਤੇ ਹੈ, ਯਥਾ- ਘੁਮਿ ਘੁਮਿ ਜੀਸ।

**ਜੀਹ** ਪੰ. ਜੀਭ, ਰਸਨਾ, ਯਥਾ- ਜੀਹ ਭਣਿ ਜੋ ਉਤਮ ਸਲੋਕ। ਸੰ. ਜਿਹ੍ਵਾ।

**ਜੀਜੈ** ਗੁ. ਜੀਵੇ ਹੈ, ਯਥਾ- ਪੇਖਿ ਦਰਸਨੁ ਨਾਨਕੁ ਜੀਜੈ। ਪੰ. ਭਗਨੀ ਪਤੀ, ਜੈਸੇ- ਜੀਜੇ ਕੋ ਬੁਲਾਵੋ।

**ਜੀਤ** ਦੇ. ਜੀਤ ਕੇ, ਯਥਾ- ਫਤਿਹ ਭਈ ਮਨਿ ਜੀਤ। ਜਯ ਕਰ, ਯਥਾ- ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ। ਕਚ ਤੁਲਯ ਨਾਸ ਹੋਨੇ ਵਾਲੇ ਪਦਾਰਥੋ ਸੇ ਤਿਸ ਕੋ ਸੀਘ੍ਰ ਜੀਤੋ।

**ਜੀਤਨ** ਦੇ. ਜਯ।

**ਜੀਤਾ** ਦੇ. ਜੀਤ ਲੀਆ, ਯਥਾ- ਆਤਮੁ ਜੀਤਾ ਗੁਰਮਤੀ।

**ਜੀਤਿ** ਗੁ. ਜੀ ਤੇ ਭਾਵ ਚਿਤ ਸੇ, ਯਥਾ- ਭ੍ਰਮ ਭੀਤਿ ਜੀਤਿ ਮਿਟਾਵਉ। ਭ੍ਰਾਤ ਕਾ ਪੜਦਾ ਚਿਤ ਸੇ ਛੋਡ। ਆਸਾ ਮ: ੫ ਸਬਦ ੧੫੪।

**ਜੀਤਿਆ** ਦੇ. ਜਯ ਕੀਆ, ਜੈਸੇ- ਲੰਕਾ ਗੜ ਜੀਤਿਆ।

**ਜੀਨ** ਫਾ. ਘੋੜੇ ਦੀ ਕਾਠੀ, ਯਥਾ- ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ।

**ਜੀਭੈ** ਦੇ. ਜਿਹਬਾ ਸੇ, ਯਥਾ- ਜੀਭੈ ਬਾਝਹੁ ਬੋਲਣਾ।

**ਜੀਰਕ** ਸੰ. ਜੀਰਾ।

**ਜੀਰਣ** ਸੰ. ਪੁਰਾਣਾ, ਬੋਦਾ ; ਜੀਰੇ ਨਾਮ ਵਾਲਾ ਮਸਾਲਾ।

**ਜੀਰਾਣ** ਗੁ. ਉਜਾੜ ਮੇ ਅਰਥਾਤ ਮਸਾਣ ਭੂਮੀ ਮੇ, ਯਥਾ- ਜਾਇ ਸੁਤੇ ਜੀਰਾਣ ਮਹਿ।

**ਜੀਰਾਂਦਿ** ਪੰ. ਖਿਮਾ, ਸਹਨਤਾਈ, ਯਥਾ- ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।

**ਜੀਲ** ਪੰ. ਚਮੜੇ ਕੀ ਤੰਦ, ਯਥਾ- ਜੀਲ ਬਿਨਾ ਕੈਸੇ ਬਜੈ ਰਬਾਬ।

**ਜੀਵ** ਸੰ. ੧. ਪ੍ਰਾਣੀ ੨. ਬ੍ਰਿਹਸਪਤਿ ੩. ਕਰਣ ੪. ਖੇਤ੍ਰਗ ੫. ਜੀਵ ਕਾ ੬. ਮਨੁਖ ਸੇ ਕੀਟ ਪ੍ਰਯੰਤ ਪ੍ਰਾਣੀ ੭. ਕਾਰਯ ਕਾਰਣ ਸੰਘਾਤ ੮. ਜੈਨ ਮਤ ਮੇ ਜੀਵਾਸ੍ਤਿਕਾਯ ਨਾਮ ਵਾਲਾ ਪਦਾਰਥ ੯. ਜਿਸ ਕੇ ਉਸ ਮਤ ਮੇ ਬੰਧ ਮੁਕਤ ਦੋ ਭੇਦ ਹੈ। ਮੋਹਾਦੀ ਰਹਿਤ ਅਰਹੰਤਾਦਿਕ ਮੁਕਤ ਹੈ। ਤਿਨ ਸੇ ਇਤਰ ਮੋਹਾਦਿਕੋ ਸੇ ਆਸ਼੍ਰਿਤ

ਜੀਵ ਬੰਧ ਹੈ। ਬੇਦਾਂਤ ਮਤ ਮੋ ਉਪਾਧਿ ਪ੍ਰਵਿਸ੍ਰ ਬ੍ਰਹਮ ੧੦. ਅਰਥਾਤ ਘਟਾ ਵ ਛਿੰਨ ਅਕਾਸ ਵਤ ਸਰੀਰ ਤ੍ਰਿਤਯਾ ਵ ਛਿੰਨ ਚੈਤਨਯ ੧੧. ਦਰਪਣ ਮੇ ਮੁਖ ਕੇ ਪ੍ਰਤਿਬਿੰਬ ਵਤ ਬੁਧਿ ਮੋ ਥਿਤ ਚੈਤਨਯ ਕਾ ਪ੍ਰਤਿਬਿੰਬ ੧੨. ਅਭਾਸ ਸਹਿਤ ਅਹੰਕਾਰ ਮੇ ਚੈਤਨਯ ਕਾ ਪ੍ਰਤਿਬਿੰਬ। ਪ੍ਰਾਣਾਦਿ ਸਮੁਦਾਯ ਕੇ ਧਾਰਣੇ ਵਾਲਾ ਛੇਤ੍ਰਗ, ੧੩. ਲਿੰਗ ਦੇਹ, ੧੪. ਬੈਸਨਵ ਮਤ ਮੇ ਬਾਲ ਕੇ ਅਗ੍ਰ ਕਾ ਜੋ ਸੌਮਾ ਹਿਸਾ ਤਿਸ ਕੇ ਸੌਮੇ ਹਿਸੇ ਕੇ ਸਮਾਨ ਜੀਵ ਹੈ। ਸੋ ਸਦਾ ਪ੍ਰਮੇਸ੍ਵਰ ਸੇ ਜੁਦਾ ਹੈ। ਯਵਨ ਮਤ ਮੇ ਰੂਹ।

**ਜੀਵਉ** ਪੰ. ਜੀਵਤਾ ਰਹੋਂ, ਯਥਾ- ਜੀਵਉ ਨਾਮੁ ਸੁਨੀ।

**ਜੀਵਸਾ** ਪੰ. ਜੀਵਾਗਾ, ਜੈਸੇ- ਨਹਿ ਭੁਲਾਵਾ ਤੁਧ ਜਿਚਰ ਜੀਵਸਾ।

**ਜੀਵਕ** ਸੰ. ਸੇਵਕ ; ਔਖਧਿ ਬਿਸੇਖ ; ਬਯਾਜਤੀਆ ਜਨ। ਦੇ. ਆਜੀਵਕਾ, ਗੁਜਾਰਾ।

**ਜੀਵਣੁ** ਦੇ. ਜੀਵਨੇ ਹੇਤ, ਯਥਾ- ਜੀਵਣੁ ਸਾਜਹਿ ਮਾਈ। ਜੀਵਨੇ ਹੇਤ ਪੈਦਾ ਕਰੇ ਹੈ ਮਾਯਾ ਕੋ।

**ਜੀਵਤ** ਗੁ. ਜੀਵਤਾ ਹੀ, ਯਥਾ- ਜੀਵਤ ਮਰਣਾ। ਜੀਵਤਾ ਹੈ, ਯਥਾ- ਸੋ ਜੀਵਤ ਜਿਹ ਜੀਵਤ ਜਪਿਆ। ਵਹੁ ਜੀਵਤਾ ਹੈ ਜਿਨ ਜੀਵਤਾ ਪੁਰਖ ਜਪਿਆ ਹੈ।

**ਜੀਵਤ ਮਰਣਾ** ਗੁ. ਜੀਵਨ ਮੁਕ੍ਤ ਹੋਨਾ, ਯਥਾ- ਜੀਵਤ ਮਰਣਾ ਸਭੁ ਕੋ ਕਹੇ ਜੀਵਨ ਮੁਕਤਿ ਕਿਉ ਹੋਇ।

**ਜੀਵਤੁ ਮਰੈ** ਗੁ. ਬਾਸਨਾ ਸੇ ਰਹਿਤ ਹੋਵੇ, ਯਥਾ- ਜੀਵਤੁ ਮਰੈ ਮਰੈ ਫੁਨਿ ਜੀਵੈ।

**ਜੀਵਤੇ ਕੋ** ਗੁ. ਅਗਨਿ ਕੋ।

**ਜੀਵਦੜੋ** ਪੰ. ਜੀਵਤਾ ਹੀ, ਯਥਾ- ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।

**ਜੀਵਦਾ ਪੁਰਖੁ** ਗੁ. ਅਮਰ ਪਰ ਪਰਮਾਤਮਾ, ਯਥਾ- ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ।

**ਜੀਵਦਿਆ** ਦੇ. ਜੀਵਨ ਸਮੇ, ਯਥਾ- ਜੀਵਦਿਆ ਮਰੁ ਮਾਰਿ ਨ ਪਛੋਤਾਈਐ।

**ਜੀਵਨ** ਸੰ. ਆਜੀਵਕਾ, ਗੁਜਾਰਾ, ਯਥਾ- ਗੁਰੁ ਮੇਰੀ ਜੀਵਨਿ। ਜੀਵਤਾ ਹੂਆ ਹੀ, ਯਥਾ- ਜੀਵਨ ਮੁਕਤਿ ਸੋ ਆਖੀਐ। ਜੀਵਨੇ ਕੀ, ਯਥਾ- ਜੀਵਨ ਤਲਬ ਨਿਵਾਰਿ। ਜਲ ; ਮੱਜਨ ; ਨਵਨੀਤ- ਮਖਣ, (ਭਾਵ ਮੇ) ਪ੍ਰਾਣ ; ਧਾਰਨ ; ਪੁਤ੍ਰ ; ਵਾਯੂ ; ਬ੍ਰਿਤੀ- ਆਜੀਵਕਾ ਸੋ ਦਸ ਪ੍ਰਕਾਰ ਕੀ ਹੈ- ੧. ਵਿਦਯ ੨. ਸਿਲਪ ੩. ਨੌਕਰੀ ੪. ਸੇਵਾ ੫. ਗੋਰਖ੍ਯਾ ੬. ਦੁਕਾਨ ੭. ਕ੍ਰਿਖੀ ੮. ਭਿਖ੍ਯਾ ੯. ਕੁਸੀਦ ੧੦ ਬੋਲਨ ਬੈਠਨਾਦਿ ਬਯਵਹਾਰ। ਦੇ. ਬਹੁਤੇ ਜੀਵ ; ਅਮਰ ਹੋਨਾ, ਯਥਾ- ਜੀਵਨ ਪਦਵੀ। ਉਤਰ ਕਾਲ ਮੋ ਨਾ ਮਰਨੇ ਸੇ ਅਮਰ ਹੋਨਾ ਰੂਪ ਥਾਨ।

**ਜੀਵਨ ਗਤਿ ਭਾਤੇ** ਵਾ. ਜੀਵਨ ਮੁਕ੍ਤੀ ਅਵਸਥਾ ਕਾ ਪ੍ਰਕਾਰ ਵਾ ਜੀਵਨੇ ਕੀ ਪ੍ਰਾਪਤੀ ਕਾ ਪ੍ਰਕਾਰ।

**ਜੀਵਨ ਜੀਆ** ਗੁ. ਸਭ ਕੇ ਪ੍ਰਾਣੋ ਕੇ ਪ੍ਰਾਣ ਅਰਥਾਤ ਸਭ ਕੇ ਪ੍ਰਾਣੋ ਕੀ ਰਖ੍ਯਾ ਕਰਤਾ, ਯਥਾ- ਸੋ ਕਿਉ ਬਿਸਰੈ ਜਿ ਜੀਵਨ ਜੀਆ।

**ਜੀਵਨ ਤਲਬ** ਵਾ. ਜੀਵਨੇ ਕੀ ਚਾਹ।

**ਜੀਵਨ ਦੇਵਾ** ਗੁ. ਜੀਵੋ ਕੋ ਜੀਵਨਾ ਦੇਨੇ ਵਾਲਾ ਹਰਿ ਹੈ।

**ਜੀਵਨ ਪਦਵੀ** ਦੇ. ਅਮਰ ਹੋਨੇ ਕਾ ਥਾਨ ਬੈਕੁੰਠਾਦਿ ਵਾਸਤਵ ਸੇ ਪ੍ਰਮੇਸ੍ਵਰ ਕਾ ਸ੍ਵਰੂਪ, ਯਥਾ- ਜੀਵਨ ਪਦਵੀ ਪਾਈ।

**ਜੀਵਨ ਮੁਕਤਿ** ਦੇ. ਜੀਵਤਾ ਹੀ ਕਰਤਾ ਭੋਕ੍ਤਾਪਨ ਬੰਧ ਸੇ ਰਹਿਤ ਅਰਥਾਤ ਤਤ੍ਵ ਗ੍ਯਾਨ ਮਨੋ ਨਾਸ ਵਾਸਨਾ ਖਯ ਕੇ ਪ੍ਰਤਾਪ ਸੇ ਦੇਹ ਮੋ ਪ੍ਰਾਣ ਹੋਤੇ ਹੀ ਮੈ ਕਰਤਾ ਭੋਕਤਾ ਹੂ ਐਸੇ ਅਭਿਮਾਨ ਰੂਪ ਬੰਧ ਸੇ ਰਹਤ, ਯਥਾ- ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।

**ਜੀਵਨਾ** ਦੇ. ਜੀਤੇ ਰਹਨਾ, ਯਥਾ- ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ।

**ਜੀਵਨੁ ਬਲਨਾ** ਵਾ. ਜੀਵਤੇ ਰਹਨਾ, ਯਥਾ- ਬਿਨੁ ਸਿਮਰਨ ਜੋ ਜੀਵਨੁ ਬਲਨਾ।

**ਜੀਵਾ** ਸੰ. ੧. ਧਨੁਖ ਕਾ ਚਿਲਾ, ੨. ਜੀਵੰਤੀ ਔਖਧੀ, ੩. ਬਚਬੂਟੀ, ੪. ਭੂਮੀ, ੫. ਜੀਵਨ ਉਪਾਯ। ਦੇ. ਪ੍ਰਾਣ ਧਾਰਣ ਕਰਤਾ ਹੂੰ, ਯਥਾ- ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ।

**ਜੀਵਾਈ** ਦੇ. ਜੀਵਤੀ ਕਰੀ, ਜੈਸੇ- ਸੈਨਾ ਸਕਲ ਜੀਵਾਈ।

**ਜੀਵਾਸਿ** ਗੁ. ਜੀਵਨੇ ਕੀ ਆਸਾ, ਯਥਾ- ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ। ਸੰ. ਜੀਵਤਾਸਾ।

**ਜੀਵਾਨਦ** ਗੁ. ਜੀਵਤਾ ਹੈ, ਯਥਾ- ਸਦਾ ਸਦਾ ਜੀਵਾਨਦ।

**ਜੀਵਾਲਿਅਨੁ** ਗੁ. ਜੀਵਾਏ ਹੈ, ਯਥਾ- ਰੋਗ ਮਿਟਾਇ ਜੀਵਾਲਿਅਨੁ।

**ਜੀਵਾਲੇ** ਪੰ. ਜੀਵਤਾ ਕਰੇ, ਯਥਾ- ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ।

**ਜੀਵਾਵਉ** ਦੇ. ਜੀਵਤਾ ਰਹੋ, ਯਥਾ- ਦਰਸੁ ਪੇਖਿ ਜੀਵਾਵਉ।

**ਜੀਵਿਆ** ਦੇ. ਜੀਵਤਾ ਰਹਤਾ, ਜੈਸੇ- ਜਿਨ ਜਿਨ ਜਪਿਆ ਜਗ ਸੋਈ ਜਨ ਜੀਵਿਆ।

**ਜੀਵੀਜੈ** ਗੁ. ਜੀਵਤੇ ਹੈ।

**ਜੀਵੈ** ਦੇ. ਜੀਤਾ ਰਹੇ, ਯਥਾ- ਜੀਵੈ ਦੇਵਣਹਾਰਾ।

**ਜੁ** ਦੇ. ਜੋ।

**ਜੁ ਗਣੰ** ਦੇ. ਜੋ ਗਿਣੀਦੇ ਹੈ, ਯਥਾ- ਭਗਤ ਹਰਿ ਕੇ ਜੁ ਗਣੰ।

**ਜੁ ਥੀਆ** ਵਾ. ਜੋ ਹੂਆ, ਯਥਾ- ਦੇਖੁ ਫਰੀਦਾ ਜੁ ਥੀਆ।

**ਜੁਆਨ** ਦੇ. ਗਭਰੂ। ਸੰ. ਯੁਵਾ।

**ਜੁਹਾਰ** ਦੇ. ਨਮਸਕਾਰ।

**ਜੁਗ ਛਤੀਹ** ਗੁ. ਛਤੀਸ ਜੁਗ, ਯਥਾ- ਜੁਗ ਛਤੀਹ ਕੀਓ ਗੁਬਾਰਾ। ਬਚਨਾਤਰ ਮੇ- ਜੁਗ ਛਤੀਹ ਗੁਬਾਰੁ ਕਰਿ ਵਰਤਿਆ। ਅਠਾਰਾ ਜੁਗੋਂ ਮੇ ਬ੍ਰਹਮਾ ਨਾਲ ਮੇਂ ਗਯਾ, ਅਠਾਰਾ ਮੇਂ ਫਿਰ ਕੇ ਆਯਾ ਇਸ ਕਥਾ ਕੇ ਭਾਵ ਸੇ ਬਚਨ ਹੈ। ਵਾ ਧਯਾਨ ਮੇਂ ਪ੍ਰਾਪਤ ਹੋ ਕਰ ਜੋ ਮੁਨੀਯੋਂ ਨੇ ਅੰਧਕਾਰ ਰੂਪ ਦੇਵ ਕੀ ਮਾਯਾ ਸਕਤੀ ਦੇਖੀ ਤਾ ਕੇ ਭਾਵ ਸੇ ਬਚਨ ਹੈ। ਛਤੀਸ ਪਦ ਅਨੰਤ ਕਾਲ ਕਾ ਬੋਧਕ ਹੈ ਯਾ ਤੇ ਬਹੁਤ ਕਾਲ ਅੰਧੇਰ ਹੀ ਰਹਾ ਪ੍ਰਲਯ। ਯਹੀ ਵਾਰਤਾ ਅਰਬਦ ਨਰਬਦ ਧੁੰਧੂਕਾਰਾ ਬਚਨਾਂਤਰ ਮੇ ਲਿਖੀ ਹੈ ਧੁੰਧੂਕਾਰ, ਗੁਬਾਰ।

**ਜੁਗ ਜੋਗੀਆ** ਵਾ. ਸਮਾਧੀ ਮੇਂ ਜੁੜਨੇ ਵਾਲਾ ਜੋਗੀ ਹੈ, ਯਥਾ- ਤੂ ਆਪੇ ਹੀ ਜੁਗ ਜੋਗੀਆ।

**ਜੁਗਹ ਲਗਿ** ਗੁ. ਜੁਗਾ ਪ੍ਰਯੰਤ।

**ਜੁਗਣ** ਗੁ. ਜੋ ਗਣੀ, ਜੈਸੇ- ਜੈ ਜੰਪਹੁ ਜੁਗਣ ਜੁਹ ਜੁਅੰ।

**ਜੁਗਤ** ਦੇ. ਮਿਲਤ, ਮਿਲਾ ਹੂਆ ; ਉਚਿਤ ; ਨਯਾਯ ਸੇ ਪ੍ਰਾਪਤ ਭਈ ਵਸਤੂ ; ਅਭਯਾਸ ਦ੍ਵਾਰਾ ਪ੍ਰਾਪਤ ਭਈ ਸਿਧੀ ਵਾਲਾ ਜੋਗੀ ; ਬਿਨਾ ਅਭਯਾਸ ਕੀਏ ਪ੍ਰਾਪ੍ਤ ਭਈ ਸਿਧਾਈ ਵਾਲੇ ਕਾ ਨਾਮ ਯੁੰਜਾਂਨ ਜੋਗੀ ਹੈ। ਵੈਸਾ ਈਸ੍ਵਰ ਹੈ। ਤਾ ਸੇ ਬਿਨਾ ਔਰ ਸਭੀ ਯੁਕ੍ਤ ਜੋਗੀ ਹੈ। ਸੰ. ਯੁਕ੍ਤ।

**ਜੁਗਤਾ** ਦੇ. ਜੁੜਨੇ ਵਾਲਾ, ਯਥਾ- ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ। ਇਸ ਜੁਗਤੀ ਸੇ, ਯਥਾ- ਨਹ ਮਿਲੀਐ ਇਹ ਜੁਗਤਾ।

**ਜੁਗਤਾਰਿ** ਗੁ. ਜੁੜਨੇ ਵਾਲਾ, ਯਥਾ- ਤੁਹੀ ਮੁਕੰਦ ਜੋਗ ਜੁਗ ਤਾਰਿ।

**ਜੁਗਤਿ** ਗੁ. ਆਤਮਾ ਮੇਂ ਜੁੜਨੇ ਕੀ ਰੀਤਿ, ਯਥਾ- ਜੋਗੀ ਜੁਗਤਿ ਨ ਜਾਣੈ ਅੰਧੁ। ਬਯਵਹਾਰ ਕੀ ਰੀਤਿ, ਯਥਾ- ਜਤੀ ਸਦਾਵਹਿ ਜੁਗਤਿ ਨ ਜਾਣਹਿ। ਸਾਧੁ ਕਹਾਵਤੇ ਹੈ ਪਰੰਤੁ ਸਾਧੁਪਨੇ ਕੀ ਰੀਤਿ ਨਹੀ ਜਾਨਤੇ। ਪੁਨਾ- ਜੁਗਤਿ ਸਾਈ। ਵਹੀ ਪੂਰਬ ਜੁਗੋ ਵਾਲੀ ਰੀਤਿ ਕੈ ਕਲਿ ਮੋ। ਦ੍ਰਿਸ੍ਟਾਂਤ ; ਅਨੁਮਾਨ ; ਅਰਥਾਪੱਤਿ ; ਅਨੁਮਾਨ ਕੇ ਅੰਗ ਹੇਤੁ ਕੇ ਗ੍ਯਾਨਾਦਿ ; ਨਾਟਕ ਕਾ ਅੰਗ ਬਿਸੇਖ ; ਜੁੜਨਾ, ਯਥਾ- ਪੂਰੀ ਹੋਵੈ ਜੁਗਤਿ। ਗੁਰੋ ਕੇ ਮੇਲ ਸੇ ਪਰਮਾਤਮਾ ਮੇਂ ਪੂਰਨ ਸਮਾਧੀ ਹੋਵੇ ਹੈ। ਜਿਸ ਕੇ ਪ੍ਰਤਾਪ ਸੇ ਨਿਖਲ ਕਾਮ ਕਰਤੇ ਹੀ ਮੁਕਤ ਹੋਵੇ ਹੈ। ਸੰ. ਯੁਕ੍ਤਿ।

**ਜੁਗਤਿ ਉਕ੍ਤਿ** ਵਾ. ਅਨੁਮਾਨ ਅਰਥਾਪੱਤਿ ਔ ਵੇਦਾਦਿਕੋਂ ਕੇ ਬਚਨ, ਜੈਸੇ- ਜੁਗਤਿ ਉਕ੍ਤਿ ਜੇਤੀ ਕਛ ਔਰ।

**ਜੁਗਤੀ** ਦੇ. ਜੁਗਤਿ ਪਦ ਕੇ ਸਭੀ ਅਰਥ।

**ਜੁਗਤੇ** ਗੁ. ਪ੍ਰਕਾਰ ਸੇ, ਜੈਸੇ- ਨ ਪਾਈਏ ਕਾਹੂ ਜੁਗਤੇ।

**ਜੁਗਨ** ਦੇ. ਜੁਗੋ ਮੇ।

**ਜੁਗਮ** ਦੇ. ਦੋ ਵਸਤੁ ; ਦੋ ਸੰਖਯਾ। ਸੰ. ਯੁਗਮ।

**ਜੁਗਲ** ਦੇ. ਦੋ ਵਸਤੁ ; ਦੋ ਸੰਖਯਾ। ਸੰ. ਯੁਗਲ।

**ਜੁਗਾਦਿ** ਦੇ. ਸਤ ਆਦਿ ਜੁਗੋ ਕੇ ਪ੍ਰਥਮ ਕਾਲ ; ਗੁਰ ਅੰਗਦ ਜੀ ਕੋ, ਯਥਾ- ਜੁਗਾਦਿ ਗੁਰਏ ਨਮਹ। ਜੁਗ ਕਹੀਏ ਗੁਰੁ ਰਾਮਦਾਸ ਗੁਰੁ ਅਮਰਦਾਸ। ਤਿਨ ਦੋਨੋ ਕੇ ਆਦਿ ਹੋਨੇ ਵਾਲੇ ਗੁਰੁ ਅੰਗਦ ਜੀ ਕੇ ਤਾਈ ਨਮਸਕਾਰ ਹੈ।

**ਜੁਗਿ** ਦੇ. ਦੋ ਵਸਤੁ ; ਦੋਪਨਾ ; ਸੰਖਯਾ ; ਸਤ ਦ੍ਵਾਪਰ ਤ੍ਰੇਤਾ ਕਲਿ ਚਾਰੋ, ਯਥਾ- ਮੈ ਜੁਗਿ ਜੁਗਿ ਦਯੈ ਸੇਵੜੀ। ਚਾਰ ਹਾਥ ਮਾਪ ; ਬ੍ਰਿਧਿ ਬੂਟੀ ; ਹਲ ਕਾ ਜੂਲਾ। ਸੰ. ਯੁਗ।

**ਜੁਗੀਆ** ਦੇ. ਜੋਗੀ, ਜੈਸੇ- ਜੁਗੀਆ ਅਘੋਰੀ ਮੋਹਿ ਭੋਰੀ ਮੈ ਧਰਤ ਹੈ।

**ਜੁਗੁ ਜੁਗੁ** ਦੇ. ਸਤ ਆਦਿ ਸਰਬ ਜੁਗੋ ਮੇ, ਯਥਾ- ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ।

**ਜੁਜ** ਗੁ. ਯਜੁਰ ਵੇਦ, ਯਥਾ- ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ।

**ਜੁਟਸੀ** ਪੰ. ਜੁੜੇ, ਯਥਾ- ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ।

**ਜੁਟੁ** ਪੰ. ਜੁੜਨਾ, ਯਥਾ- ਨਾਮੈ ਸੰਗਿ ਜੁਟੁ।

**ਜੁਤ** ਦੇ. ਸੰਯੁਕ੍ਤ, ਸਹਿਤ। ਸੰ. ਯੁਕ੍ਤ।

**ਜੁਤੇ** ਗੁ. ਜੋਏ ਹੈ, ਯਥਾ- ਫੜਿ ਜੋਨੀ ਜੁਤੇ। ਜੈਸੇ ਹਲ ਮੇਂ ਬੈਲ ਜੋੜੀਤੇ ਹੈ ਐਸੇ ਈਸ੍ਵਰ ਨੇ ਬਲ ਸੇ ਜੂਨੇ ਮੇ ਜੋੜੇ ਹੈ ਜੀਵ।

**ਜੁਥ** ਦੇ. ਯੂਥ ; ਯੁਕ੍ਤ।

**ਜੁਦਰੀਆ** ਦੇ. ਬੇਨਤੀ, ਯਥਾ- ਪਾਇ ਲਗਉ ਨਿਤ ਕਰਉ ਜੁਦਰੀਆ। ਜੋਹਦ।

**ਜੁਦਾ** ਦੇ. ਅਲਹਦਾ, ਵਖਰਾ।

**ਜੁਧ** ਦੇ. ਰਣ। ਸੰ. ਯੁਧ।

**ਜੁਧਿਸਟਰ** ਦੇ. ਪੰਡ ਰਾਜਾ ਕਾ ਬਡਾ ਪੁਤ੍ਰ ਜੋ ਧਰਮ ਰਾਜ ਕੇ ਅੰਸ ਸੇ ਕੁੰਤੀ ਕੇ ਜਨਮਾ, ਜੁਧ ਮੇ ਥਿਰ ਰਹਨੇ ਸੇ ਨਾਮ ਜੁਧਿਸ੍ਟਰ ਹੈ। ਸੰ. ਯੁਧਿਸ੍ਟਰ।

**ਜੁੰਮਣ** ਗੁ. ਨਾਸ ਹੋਨ, ਯਥਾ- ਢਲਿ ਢੁਲਿ ਜੁੰਮਣਹਾਰ।

**ਜੁਮਲਹ** ਫਾ. ਜੁਦੀ ਜੁਦੀ ਬਹੁਤ ਰਕਮੋ ਕਾ ਏਕ ਜੋੜ ਜੈਸੇ ਗ੍ਰੰਥ ਸਾਹਿਬ ਜੀ ਮੇ ਰਾਗੋ ਵਿਖੇ ਨਾਨਾ ਸਬਦੋ ਕੇ ਜੋੜੋ ਕੀ ਏਕ ਰਕਮ ਬਨਾਈ ਹੈ।

**ਜੁਰ** ਦੇ. ਤਪ, ਬੁਖਾਰ। ਸੰ. ਜ੍ਵਰ।

**ਜੁਲਈ** ਪੰ. ਪੋ. ਚਲੇਗੀ, ਯਥਾ- ਨਾਨਕ ਸਾਥਿ ਨ ਜੁਲਈ ਮਾਇਆ।

**ਜੁਲਸਾ** ਪੰ. ਚਲਾਂ।

**ਜੁਲੰਦੜੀ** ਸਿੰ. ਰਸਤੇ ਚਲਦੀ, ਯਥਾ- ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ।

**ਜੁਲਦੇ** ਪੰ. ਚਲਦੇ, ਯਥਾ- ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ।

**ਜੁਲਮ** ਫਾ. ਅਨਜਾਯ, ਧੱਕਾ, ਯਥਾ- ਜੋਰ ਜੁਲਮ ਫੂਲਹਿ ਘਨੋ। ਪੁਨਾ- ਇਸੁ ਬੰਦੇ ਸਿਰਿ ਜੁਲਮੁ ਹੋਤ ਹੈ। ਫਾ. ਜੁਰਮ।

**ਜੁਲਾਂ** ਪੰ. ਪੋ. ਚਲਾ, ਯਥਾ- ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ। ਰਸਤਾ ਪੂਛਾਂ ਅਰ ਤਿਸ ਮੋ ਚੱਲਾ ਨਾਂ। ਅਰ ਕਹਾਂ ਮੈ ਪਹੁਚ ਗਯਾ ਸੋ ਮਿਥਯਾ ਹੈ।

**ਜੁਲਾਊਂ** ਪੰ. ਮੁ. ਚਲਨਾ ਚਾਹਤਾ ਹੂ, ਯਥਾ- ਮੂੰ ਜੁਲਾਊਂ ਤਥਿ। ਮੈ ਚਲਨਾ ਚਾਹਤਾ ਹੂ ਤਹਾ।

**ਜੁਲਾਈਆ** ਵਾ. ਮਾਰਗ ਮੇ ਚਲਨਾ।

**ਜੁਵਰਾਜ** ਦੇ. ਰਾਜਾ ਕਾ ਬਡਾ ਪੁਤ੍ਰ ਜੋ ਗਦੀ ਕਾ ਅਧਿਕਾਰੀ ਹੋਵੇ, ਬਲੀ ਅਹਦ।

**ਜੁੜੰਦਾ** ਪੰ. ਮਿਲਿਆ, ਯਥਾ- ਜੇਠਿ ਜੁੜੰਦਾ ਲੋੜੀਐ।

**ਜੁੜੰਨ** ਦੇ. ਜੁੜਤੇ ਹੈਂ।

**ਜੁੜਿ** ਦੇ. ਇਕਠੇ ਹੋ, ਯਥਾ- ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ।

**ਜੁੜਿਆ** ਪੰ. ਮਿਲਜਾ।

**ਜੂ** ਦੇ. ਜੀ, ਯਥਾ- ਹਰਿ ਜੂ ਰਾਖਿ ਲੇਹੁ ਪਤਿ ਮੇਰੀ।

**ਜੂਆ** ਦੇ. ਸਤਰੰਜ, ਚੌਪੜ, ਗੰਜਫਾ ਆਦਿਕੋ ਸੇ ਹਾਰ ਜੀਤ ਕੀ ਖੇਲ, ਯਥਾ- ਕਾਹੂ ਬਿਹਾਵੈ ਖੇਲਤ ਜੂਆ। ਜੂਆ ਦੋ ਪ੍ਰਕਾਰ ਕਾ ਹੋਤਾ ਹੈ- ਏਕ ਅਪ੍ਰਾਣੀਯੋ ਸੇ, ਦੂਸਰਾ ਪ੍ਰਾਣੀਯੋ ਸੇ। ਪਹਲਾ ਸਤਰੰਜ ਆਦਿਕੋ ਸੇ ਹੈ, ਦੂਜਾ ਕੁਕੜ ਮੀਢੇ ਆਦਿਕੋ ਸੇ ਹੈ। ਪਹਲੇ ਕਾ ਨਾਮ ਦ੍ਯੂਤ ਹੈ, ਦੂਸਰੇ ਕਾ ਨਾਮ ਸਮਾਹ੍ਵਯ ਹੈ। ਰਾਜਾ ਇਨ ਦੋਨੋ ਕੋ ਰਾਜ ਸੇ ਬੰਦ ਕਰੇ, ਯਹ ਮਨੁ ਕੀ ਆਗ੍ਯਾ ਹੈ।

**ਜੂਆਰ** ਗੁ. ਜੁਆਰੀ ਕਾ, ਯਥਾ- ਜੂਆਰ ਬਿਸਨੁ ਨ ਜਾਇ।

**ਜੂਐ** ਦੇ. ਜੂਏ ਮੇ, ਯਥਾ- ਜੂਐ ਜਨਮੁ ਨ ਹਾਰੇ। ਪੁਨਾ- ਜੂਐ ਬਾਜੀ ਹਾਰੀ।

**ਜੂਈ** ਪੰ. ਜੂਆਂ ਸਾਥ, ਯਥਾ- ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ।

**ਜੂਏ** ਗੁ. ਛਲ ਰੂਪ ਸੰਸਾਰ ਮੇ, ਯਥਾ- ਜੂਆਰੀ ਜੂਏ ਮਾਹਿ ਚੀਤੁ।

**ਜੂਹ** ਪੰ. ਸਮੁਦਾਯ, ਯਥਾ- ਮਉਲਿਓ ਮਨੁ ਤਨੁ ਜੂਹ। ਪ੍ਰਫੁਲਿਤ ਹੂਆ ਅੰਤਾਕਰਣ ਦੇਹਾਦਿਕੋ ਕਾ ਸਮੁਦਾਯ। ਸੰ. ਜੂਥ, ਜੈਸੇ- ਜੈ ਜੈ ਜੰਪਹ ਜੁਗਣ ਜੂਹ ਜੁਅੰ। ਪੰ. ਜਿਮੀਨ ਕੀ ਸੀਮਾ।

**ਜੂਝੇ** ਦੇ. ਯੁਧ ਮੇ ਮਰੇ, ਜੈਸੇ- ਰਣ ਮਹ ਜੂਝੇ ਸੂਰਮੇ।

**ਜੂਟ** ਸੰ. ਬੰਧ ; ਸਮੂਹ ; ਜਟਾ ਕਾ ਜੂੜਾ।

**ਜੂਠਿ** ਦੇ. ਖਾਨੇ ਸੇ ਬਚੀ ਵਸਤੁ ਅਰਥਾਤ ਅਪਵਿਤ੍ਰ, ਯਥਾ- ਜੂਠਿ ਨ ਅੰਨੀ ਜੂਠਿ ਨ ਨਾਈ। ਪੁਨਾ- ਜੂਠੀ ਕਰਛੀ ਪਰੋਸਨ ਲਾਗਾ। ਅਪਵਿਤ੍ਰ ਕੜਛੀ ਸੇ। ਸੰ. ਉਛਿਸ੍ਟ।

**ਜੂਥ** ਦੇ. ਸਮੂਹ, ਗਿਰੋਹ। ਸੰ. ਯੂਥ।

**ਜੂਨੀ** ਦੇ. ਕਾਰਣ ; ਭਗ ; ਦੇਵ, ਪਸੂ, ਮਨੁਖ, ਪੰਖੀ, ਕੀਟਾਦਿ। ਸੰ. ਯੋਨੀ ।

**ਜੇ** ਦੇ. ਜੇਕਰ, ਯਥਾ- ਜੇ ਲੋਚੈ ਸਭੁ ਕੋਇ। ਪੁਨਾ- ਜੇ ਤੂ ਵਤਹਿ ਅੰਙਣੇ। ਜੇ ਕਰ ਵਰਤੇ ਚਿਤ ਮੇ ਆ ਕਰ। ਜਬ, ਯਥਾ- ਜੇ ਤਿਸੁ ਨਦਰਿ ਨ ਆਵਈ।

**ਜੇ ਕਾ** ਪੰ. ਜੋ ਕੁਛ ਅਰਥਾਤ ਜੇਤਾ ਬਲ ਚਲੇ, ਯਥਾ- ਜੇ ਕਾ ਪਾਰਿ ਵਸਾਇ।

**ਜੇ ਜੇ** ਦੇ. ਜੋ ਜੋ, ਜੈਸੇ- ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐ ਹੈ ਸੰਤ।

**ਜੇਈ** ਪੰ. ਜੋ।

**ਜੇਹਾ** ਦੇ. ਜੈਸਾ, ਯਥਾ- ਜਿਨਿ ਜਾਤਾ ਸੋ ਤਿਸ ਹੀ ਜੇਹਾ।

**ਜੇਜੀਆ** ਅ. ਤੀਰਥੋ ਪੈ ਕਰ, ਮਹਸੂਲ ਜੋ ਹਿੰਦੂਓ ਕੇ ਤੀਰਥੋ ਪੈ ਯਵਨ ਰਾਜਾ ਲਗਾਤੇ ਥੇ, ਯਥਾ- ਜੇਜੀਆ ਡੰਨੁ ਕੋ ਲਏ ਨ ਜਗਾਤਿ।

**ਜੇਠਿ** ਦੇ. ਸ੍ਰੇਸ੍ਟ ; ਅਤਿ ਬ੍ਰਿਧ ; ਪਹਲੇ ਜਨਮਾ ; ਜਜੇਸ੍ਟਾਨ ਛਤ੍ਰ ਸੰਯੁਕ੍ਤ ਪੁਨਜਾ ਵਾਲਾ ਮਹੀਨਾ, ਯਥਾ- ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ। ਸੰ. ਜਜੇਸ੍ਟ।

**ਜੇਠੀ** ਦੇ. ਜੇਠ ਕੀ ਨਾਰੀ ; ਉਮਰ ਮੈ ਬਡੀ ; ਗੰਗਾ ਨਦੀ ; ਜਜੇਸ੍ਟਾਨ ਛਤ੍ਰ ; ਛਪਕੀ, ਕਿਰਲੀ ; ਅਲਛਮੀ ਅਰਥਾਤ ਲਛਮੀ ਕੀ ਬਡੀ ਭੈਣ, ਬਡੀ ਭੈਣ ਮਾਤ੍ਰ, ਯਥਾ- ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ। ਸੰ. ਜਜੇਸ੍ਟੀ।

**ਜੇਣ** ਗੁ. ਜਿਨ ਕੇ, ਯਥਾ- ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿ ਕੀਰਤਨਹ।

**ਜੇਤ** ਗੁ. ਜੇਤੀ, ਯਥਾ- ਜੇਤ ਉਪਾਮ। ਜੇਤੀ ਉਤਪਤੀ ਹੈ।

**ਜੇਤੀ** ਦੇ. ਜਿਤਨੀ, ਯਥਾ- ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ।

**ਜੇਤੇ** ਗੁ. ਜਿਤਨੇ, ਯਥਾ- ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ। ਜੀਤ, ਯਥਾ- ਹਾਰ ਨਹੀ ਸਭ ਜੇਤੈ।

**ਜੇਨ** ਗੁ. ਜਿਸ ਕੀ, ਯਥਾ- ਜੇਨ ਕਲਾ ਧਾਰਿਓ ਆਕਾਸੰ। ਜਿਸ ਈਸ ਕੀ ਸਕਤੀ ਨੇ ਧਾਰ ਰਖੇ ਹੈ, ਭੂਮੀ ਸੇ ਆਕਾਸ ਨਾਮ ਵਾਲੇ ਉਪਰ ਕੇ ਸਾਤੋ ਲੋਕ ਜਿਨ ਕੋ ਤਲੇ ਕੋਈ ਥੰਭਾ ਨਹੀ ਈਹਾ ਇਨ

ਲੋਕੋ ਬਿਨਾ ਪੋਲ ਰੂਪ ਆਕਾਸ ਕਾ ਗ੍ਰਹਣ ਨਹੀ। ਜੋ ਪਾਂਚ ਭੂਤੋਂ ਮੇ ਪਹਲਾ ਭੂਤ ਹੈ, ਕਿਉਂਕੇ ਭੂਤਾਕਾਸ ਮੇ ਬੋਝ ਨਹੀ। ਬੋਝ ਬਿਨਾ ਵਸਤੂ ਕੇ ਗਿਰਨੇ ਕਾ ਸੰਭਵ ਨਹੀ। ਇਸੀ ਤਰਹ ਦੂਸਰੇ ਗ੍ਰੰਥ ਸਾਹਬ ਜੀ ਮੇਂ, ਜਹਾ ਬਿਨ ਥੰਮਾ ਗਗਨ ਰਹਾਇਆ ਲਿਖਾ ਹੈ, ਤਹਾ ਗਗਨ ਸਬਦ ਸੇ ਊਪਰ ਕੇ ਲੋਕ ਲੇਨੇ, ਕੇਵਲ ਪੋਲ ਰੂਪ ਭੂਤਾਕਾਸ ਮੇਂ ਗਿਰਨੇ ਕਾ ਅਸੰਭਵ ਹੈ। ਔ ਧਾਰਨ ਗਿਰਨੇ ਵਾਲੀ ਵਸਤੂ ਕਾ ਹੋਤਾ ਹੈ। ਵਾਸਤਵ ਸੇ 'ਬਿਨ ਥੰਮਾ ਗਗਨ' ਤਥਾ 'ਜੇਨ ਕਲਾ ਧਾਰਿਓ ਆਕਾਸ ਬਚਨੋ ਕਾ ਭਾਵ ਯਹ ਹੈ। ਜੇਕਰ ਊਪਰ ਕੇ ਸਾਤ ਲੋਕੋ ਮੇ। ਸਭ ਸੇ ਪਹਲੇ ਆਕਾਸ ਭੂ ਲੋਕ ਕੇ ਤਲੇ ਬੈਲ ਮਾਨੇ। ਤਬ ਉਸ ਕੋ ਭੀ ਕਾਹੂ ਕੇ ਊਪਰ ਠਹਰਾ ਮਾਨਨਾ ਹੋਗਾ। ਵਹੁ ਕਛਪ ਪੈ ਠਹਰਾ ਮਾਨੇ। ਤਬ ਕਛਪ ਭੀ ਕਾਹੂ ਆਸਰੇ ਪੈ ਠਹਰਾ ਕਹਨਾ ਹੋਗਾ। ਐਸੇ ਆਗੇ ਆਗੇ ਮਾਨਨੇ ਸੇ। ਅਨਵਸਥਾ ਦੋਖ ਆਵੇਗਾ। ਯਾ ਤੇ ਅਵਸਯ ਈਸ੍ਵਰ ਕੀ ਸਕਤੀ ਕੇ ਆਸ੍ਰਿਤ ਸਰਬ ਵਸਤੁਯੋ ਕੋ ਮਾਨਨਾ ਉਚਿਤ ਹੈ। ਤਾਤੇ ਇਸ ਭੂਮੀ ਲੋਕ ਕੇ ਉਠਾਨੇ ਹੇਤ ਬੈਲਾਦਿਕ ਕੋਈ ਨਹੀ। ਕੇਵਲ ਈਸ੍ਵਰ ਸਕਤੀ ਨੇ ਧਾਰਨ ਕਰੀ ਹੁਈ ਹੈ, ਤੈਸੇ ਹੀ ਉਪਰਲੇ ਔਰ ਆਕਾਸੋ ਕੇ ਤਲੇ ਆਸਰਾ ਕੋਈ ਨਹੀ। ਕੇਵਲ ਈਸਰ ਕੀ ਸਕਤੀ ਕੇ ਠਹਰਾਏ ਖੜੇ ਹੈਂ। ਏਵੰ ਚੰਦ੍ਰ ਸੂਰ ਤਾਰੇ ਉਸੀ ਕੇ ਧਾਰਨ ਕੀਏ ਵਿਚਰੇ ਹੈਂ।

**ਜੇਰ** ਫਾ. ਤਲੇ, ਨੀਚੇ, ਯਥਾ- ਹਮ ਜੇਰ ਜਿਮੀ। ਦੇ. ਗਊ ਮੈਸ ਆਦਿਕੋ ਕੀ ਜੇਰ ਜਿਸ ਮੇਂ ਬੱਚਾ ਹੋਤਾ ਹੈ।

**ਜੇਰਜ** ਦੇ. ਮਨੁਖ ਪਸੂ ਆਦਿਕੋ ਕੀ ਖਾਣ ਜੋ ਜੇਰ ਮੇ ਲਪੇਟੇ ਜਨਮੇ ਹੈ। ਗਰਭ ਕੋ ਵੇਸ੍ਰ ਨ ਕਰਨੇ ਵਾਲੇ ਪਤਲੇ ਸੇ ਚਮੜੇ ਕਾ ਨਾਮ ਜੇਰ ਹੈ, ਜਿਸ ਕਾ ਸੰਸਕ੍ਰਿਤ ਜਰਾਯੁ ਹੈ। ਜੇਰਜ ਕਾ ਮੂਲ ਜਰਾਯੁਜ ਹੈ।

**ਜੇਵ** ਗੁ. ਜਿਵ, ਤੁਲਯ, ਯਥਾ- ਓਹੁ ਜੇਵ ਸਾਇਰ ਦੇਇ ਲਹਰੀ।

**ਜੇਵਡਾ** ਪੰ. ਰੱਸਾ, ਫਾਹਾ, ਯਥਾ- ਤੇਰੇ ਮੁੰਧ ਕਟਾਰੇ ਜੇਵਡਾ।

**ਜੇਵਰੀ** ਦੇ. ਰਸੜੀ, ਯਥਾ- ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ। ਪੁਨਾ- ਗਲੇ ਹਮਾਰੇ ਜੇਵਰੀ ਜਹ ਖਿੰਚੈ।

**ਜੇਵੜੀ** ਗੁ. ਅਵਿਦਯਾ। ਪੰ. ਰਸੜੀ, ਰੱਜੁ, ਯਥਾ- ਗੁਰਿ ਕਟੀ ਮਿਹਡੀ ਜੇਵੜੀ।

**ਜੇਵਿਆ** ਦੇ. ਖਾਇਆ, ਯਥਾ- ਸੁਚਾ ਹੋਇ ਕੈ ਜੇਵਿਆ। ਪਹਲੇ ਹਾਥ ਪਾਉ ਧੋ ਕੇ ਭੋਜਨ ਛਕਿਆ ਪੀਛੇ ਸੇ। "ਅਨਾਦ ਭਵੰਤਿ ਭੂਤਾਨਿ ਪ੍ਰਜਨਯਾਦੱਨ ਸੰਭਵ' ਐਸਾ ਗੀਤਾ ਕਾ ਸਲੋਕ ਪੜਨੇ ਲਗਾ।

**ਜੇੜਾ** ਪੰ. ਜੋ।

**ਜੈ** ਗੁ. ਜਿਸ, ਯਥਾ- ਜੈ ਘਰਿ ਕੀਰਤਿ ਆਖੀਐ। ਪੁਨਾ- ਜੈ ਕਾਰਣਿ। ਜਿਸ ਸਚ ਕੇ ਪਾਵਨੇ ਹੇਤ। ਫਤੇ, ਜੈਸੇ ਆਪ ਕੀ ਜਯ ਹੋ ਸਰਬ ਕੇ ਉਪਰ ਹੋ ਵਰਤੋ ਐਸੇ ਕਾਹੂ ਕੇ ਲੀਏ ਪ੍ਰਾਰਥਨਾ ਕਰਨੀ, ਜੈਸੇ ਕਹਤੇ ਹੈ ਤੁਮਾਰੀ ਜਯ ਹੋ। ਜਿਨ ਕੇ, ਯਥਾ- ਜੈ ਮਿਲਿ ਕੰਤੁ ਪਛਾਣਾ।

**ਜੈ ਘਰਿ** ਵਾ. ਜਿਸ ਘਰ ਮੇ, ਯਥਾ- ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।

**ਜੈ ਜੈ** ਗੁ. ਜਿਸ ਜਿਸ ਪਾਸ, ਯਥਾ- ਜੈ ਜੈ ਪਹਿ ਕਹਉ ਬ੍ਰਿਥਾ। ਆਪ ਕੀ ਜਯ ਹੋ ਜਯ ਹੋ ਐਸੇ ਕਹਕੇ, ਯਥਾ-. ਜੈ ਜੈ ਕਾਰੁ ਜਪਉ ਜਗਦੀਸ।

**ਜੈ ਜੈ ਕਾਰ** ਵਾ. ਤੁਮਾਰੀ ਜਯ ਹੋ ਐਸੇ ਕਥਨ, ਯਥਾ- ਜੈ ਜੈ ਕਾਰ ਭਏ ਜਗ ਭੀਤਰਿ। ਸਭ ਸੇ ਊਪਰ ਹੋ ਕਰ ਵਰਤਨਾ ਜੈ ਹੈ। ਸੰ. ਜਯ।

**ਜੈਸੀ** ਦੇ. ਜਿਸ ਪ੍ਰਕਾਰ ਕੀ, ਯਥਾ- ਜੈਸੀ ਮੈ ਆਵੈ ਖਸਮ ਕੀ ਬਾਣੀ। ਜੈਸੀ ਮੁਝ ਕੋ ਆਤੀ ਹੈ ਪ੍ਰਮੇਸ੍ਵਰ ਓਰ ਸੇ ਆਵਾਜ। ਯਹ ਬਚਨ ਗੁਰੂ ਜੀ ਕੀ ਨਿਖਲ ਬਾਣੀ ਕੋ ਈਸਰ ਕੀ ਰਚਨਾ ਸਿਧ ਕਰਤਾ ਹੈ। ਯਥਾ ਵੇਦ ਕੇ ਬਚਨ ਵੇਦ ਕੋ ਈਸਰ ਕਾ ਬਨਾਯਾ ਸਿਧ ਕਰਤੇ ਹੈ। ਯਵਨੋ ਕੀ ਕੁਰਾਨ ਆਦਿਕੋ ਕਿਤਾਬੋ ਕੇ ਬਚਨ ਉਨ ਕੋ ਪ੍ਰਮੇਸ੍ਵਰ ਕੀ ਬਨਾਈ ਸਿਧ ਕਰਤੇ ਹੈ। ਅਧਿਕ ਬਿਚਾਰ ਇਸ ਬਾਤ ਕਾ ਗੁਰੁਮਤ ਨਿਰਣੇ ਅੰਤ ਕੇ ਅਧਯਾਯ ਮੇਂ ਲਿਖਾ ਹੈ ਤਹਾ ਸੇ ਦੇਖੋ।

**ਜੈਤਸਿਰੀ** ਦੇ. ਏਕ ਰਾਗਣੀ ਹੈ ਮਾਲ ਕੌਂਸਕ ਕੇ ਪੁਤ੍ਰ ਕੀ ਦੇਸੀ ਟੋਡੀ ਬਿਭਾਸ ਇਨ ਤੀਨੋ ਕੇ ਮੇਲ ਸੇ ਬਨੀ ਹੈ।

**ਜੈਤਵਾਰੁ** ਗੁ. ਜੀਤਨੇ ਵਾਲਾ, ਯਥਾ- ਜੈਤਵਾਰੁ ਹਰਿ ਜਨਕੁ ਉਪਾਯਉ।

**ਜੈਦੇਵ** ਸੰ. ਜੈ ਦੇਵ ਭਗਤ, ਯਥਾ- ਜੈਦੇਵ ਆਇਉ ਤਸ ਸਫੁਟੰ। ਜਯ ਹੋ ਆਪ ਕੀ ਹੇ ਪ੍ਰਮੇਸ੍ਵਰ, ਜੈਸੇ- ਜਯਦੇਵ ਹਰੇ।

**ਜੈਨੀ** ਦੇ. ਜਿਨ ਕੇ ਸੇਵਕ ਅਰਥਾਤ ਅਰਹੰਤ ਕੇ ਸੇਵਕ, ਯਥਾ- ਇਕਿ ਜੈਨੀ ਉਝੜ ਪਾਇ। ਜਿਨ ਬਿਸਨੁ ਕੇ ਬੁਧ ਅਵਤਾਰ ਕਾ ਤਥਾ ਅਰਹੰਤ ਬੋਧ ਕਾ ਨਾਮ ਹੈ। ਬੁਧ ਅਵਤਾਰ ਬਿਸਨੁ ਕਾ ਵੈਦਕ ਧਰਮੋ ਕੀ ਨਿੰਦਾ ਕਰ ਰਾਖਸੋ ਕੋ ਔਝੜ ਪਾਵਨੇ ਵਾਸਤੇ ਹੁਆ ਥਾ। ਅਰਹੰਤ ਭੀ ਉਸੀ ਕਾ ਉਪਦੇਸੀ ਉਸੀ ਮਤ ਕੇ ਉਪਦੇਸ ਵਾਸਤੇ ਹੁਆ। ਜਿਨ ਜਿਨ ਲੋਗੋ ਨੇ ਉਸ ਕਾ ਕਹਾ ਉਪਦੇਸ ਧਾਰਨ ਕੀਆ। ਵਹੁ ਉਜਾੜ ਮੇਂ ਪੜੇ ਹੂਏ ਹੈ ਕਿਉਂਕੇ ਕੱਚੇ ਜਲ ਮੇਂ ਅਨੰਤ ਜੀਵ ਮਾਨਣੇ। ਵਾਯੂ ਮੇਂ ਜੀਵ ਮਾਨਣੇ। ਉਨ ਕਾ ਅਗ੍ਯਾਨ ਹੈ। ਬਸਤ੍ਰ ਸਾਥ ਛਾਣੇ ਜਲ ਮੇਂ ਜੀਵ ਰਹ ਨਹੀ ਸਕਤਾ। ਦੂਰਬੀਨ ਲਗਾਨੇ ਸੇ ਜੋ ਦਿਖਾਈ ਪੜੇ ਹੈ। ਸੋ ਤ੍ਰਿਸ ਰੇਣੂ ਦ੍ਵਨੁਕਾਦਿ ਰੂਪ ਜਲ ਕੇ ਹੀ ਅਵਯਵ ਵਿਸੇਖ ਹੈ। ਜੀਵ ਨਹੀ ਯਾ ਤੇ ਉਨ ਕੋ ਜੀਵ ਮਾਨਣਾ ਉਜਾੜ ਮੇਂ ਪੜਨਾ ਹੈ। ਵੈਸੇ ਹੀ ਸਿਰ ਕੇ ਕੇਸ ਪਟਾਨੇ। ਪੀਨੇ ਹੇਤ ਧੋਣ ਧਾਣ ਕਾ ਪਾਨੀ ਲੇਨਾ। ਅਪਨੇ ਧਰਮ ਬਿਨਾ ਜੋਰ ਲਗਾ ਕਰ, ਇਤਰ ਧਰਮੋ ਕੀ ਨਿੰਦਾ ਕਰਨੀ। ਨਿੰਦਾ ਕਰ ਆਨ ਧਰਮੋ ਸੇ ਫੇਰਨਾ। ਜੈਨ ਧਰਮ ਮੇਂ ਰੁਚੀ ਕਰਾਨੀ ਮੁਕਤ ਹੂਏ ਜੀਵ ਕਾ ਸਦਾ ਆਕ ਕੀ ਰੂਈ ਵਤ, ਊਪਰ ਕੋ ਜਾਣਾ ਮਾਨਨਾ ਉਜਾੜ ਮੇਂ ਪੜਨਾ

ਹੈ। ਇਸ ਭਾਵ ਸੇ ਹੀ ਗੁਰੂ ਜੀ ਨੇ ਉਦਾਹਰਨ ਮੇ ਕਹੀ ਤੁਕ ਮੇਂ ਲਿਖਾ ਹੈ। ਏਕ ਜੋ ਜੈਨ ਮਤ ਕੇ ਪੁਰਖ ਹੈ। ਤਿਨ ਕੋ ਰਾਖਸੋ ਕੇ ਠਗਣੇ ਹੇਤ ਬਨਾਏ। ਗੁੰਥੇ ਕੇ ਜੰਗਲ ਮੇ ਪਾ ਕਰ ਪ੍ਰਮੇਸ੍ਵਰ ਨੇ ਆਪ ਠਗੇ ਹੈ। ਬਾਰੰਬਾਰ ਅਵਤਾਰ ਧਾਰ ਬਿਸਨੁ ਕੇ ਮਾਰੇ ਰਾਖਸੋ ਨੇ ਜਾਨਾ ਬਿਸਨੁ ਹਮ ਕੋ ਮਾਰ ਕੇ ਦੇਵਤਿਓਂ ਕੀ ਰਖ੍ਯਾ ਕਰਤਾ ਹੈ। ਦੇਵਤੇ ਵੇਦ ਅਨੁਸਾਰ ਚਲਤੇ ਹੈ। ਹਮ ਵੇਦ ਸੁ ਉਲਟੇ ਚਲਤੇ ਹੈ। ਦੇਵਨ ਸਮਾਨ ਹਮ ਭੀ ਵੇਦ ਅਨੁਸਾਰ ਚਲੇ। ਤਬ ਬਿਸਨੁ ਹਮ ਕੋ ਨਾ ਮਾਰੇਗਾ ਐਸਾ ਚਿੰਤਨ ਕਰ, ਕ੍ਰਿਸਨ ਅਵਤਾਰ ਸੇ ਡੇਢ ਹਜਾਰ ਸਾਲ ਪੀਛੇ ਰਾਖਸ, ਵੇਦਾਨੁਸਾਰੀ ਕਰਮ ਕਰਨੇ ਲਗੇ। ਤਬ ਦੇਵਤਿਓ ਨੇ ਫੇਰ ਬਿਸਨੁ ਆਗੇ ਪ੍ਰਾਰਥਨਾ ਕਰੀ। ਹਮ ਸਦਾ ਸੇ ਆਪ ਕੇ ਦਾਸ ਹੈ! ਵੇਦ ਕੇ ਅਨੁਸਾਰ ਚਲ ਹੈ। ਰਾਖਸ ਕੇਵਲ ਹਮਾਰਾ ਐਸ੍ਵਰਯ ਖੋਸਨੇ ਹੇਤ ਵੇਦਾਨੁਸਾਰੀ ਬਨੇ ਹੈ। ਉਨ ਕੋ ਆਪ ਵੇਦ ਕੇ ਧਰਮ ਮੇ ਅਰੁਚੀ ਕਰਾ ਕੇ ਹਨਨ ਕਰੋ। ਐਸੀ ਪ੍ਰਾਰਥਨਾ ਮਾਨ ਬਿਸਨੁ ਨੇ ਬੁਧ ਅਵਤਾਰ ਧਾਰ ਕੇ ਵੇਦੋ ਕੀ ਨਿੰਦਾ ਕਰੀ। ਈਸ੍ਵਰ ਕਾ ਅਭਾਵ ਸਿਧ ਕੀਆ। ਅੰਨ ਸੇ ਅੰਨ ਘਾਸ ਸੇ ਘਾਸ ਵਤ ਮਨੁਖ ਆਦਿ ਜੀਵੋਂ ਸੇ ਜੀਵੋਂ ਕੀ ਉਤਪਤੀ ਬਤਾਈ। ਐਸਾ ਉਪਦੇਸ ਸੁਨ ਰਾਖਸੋ ਨੇ ਵੈਦਕ ਕਰਮ ਕਰਨੇ ਛੋਡ ਦੀਏ। ਤਬ ਆਪ ਹੀ ਸਨੇ ਸਨੇ ਮਾਰੇ ਗਏ। ਐਸੀ ਗਾਥਾ ਬੁਧ ਅਵਤਾਰ ਧਾਰਨੇ ਕੀ ਪੁਰਾਣੋਂ ਮੇ ਲਿਖੀ ਹੈ। ਸੰਖੇਪ ਸੇ ਜੋ ਜੈਨ ਮਤ ਮੇਂ ਨਵ ਤਤ੍ਵ ਅੰਗੀਕਾਰ ਕਰ ਸਰਬ ਪਦਾਰਥੋ ਕੋ ਅਨੈਕਾਂਤ ਮਾਨਾ ਹੈ ਅਰਥਾਤ ਅਨੇਕ ਰੂਪ ਮਾਨਾ ਹੈ। ਬੇਦਾਂਤ ਮਤ ਮੇ ਬ੍ਰਹਮ ਕੋ ਸਤ ਏਕ ਰੂਪ ਔ ਸਸ ਸ੍ਰਿੰਗੋ ਕੋ ਅਸਤ ਏਕ ਰੂਪ ਮਾਨਨੇ ਵਤ ਕਾਹੂ ਕੋ ਏਕ ਰੂਪ ਨਹੀ ਮਾਨਾ, ਸੋ ਭਾਰੀ ਜੰਗਲ ਮੇ ਪੜਨਾ ਹੈ। ਤਿਸ ਕਾ ਖੰਡਨ ਮੋਖ ਪੰਥ ਕੀ ਟੀਕਾ ਮੇ ਲਿਖਾ ਹੈ ਸੋ ਤਹਾ ਸੇ ਦੇਖੋ।

**ਜੋ** ਦੇ. ਇਸਤ੍ਰੀ ; ਜਿਸ ਕੋ, ਯਥਾ- ਜੋ ਛਡਨਾ ਸੁ ਅਸਥਿਰੁ ਕਰਿ ਮਾਨੈ। ਜੇਹੜਾ, ਯਥਾ- ਜੋ ਦੇਵੈ ਸੋ ਖਾਵਣਾ। ਜੇਹੜਾ ਹਮ ਕੋ ਪ੍ਰਮੇਸ੍ਰ ਦੇਵੇਗਾ ਵਹੀ ਹਮਾਰਾ ਖਾਣਾ ਪਹਰਨਾ ਹੋਵੇਗਾ। ਪੁਨਾ- ਜੋ ਪ੍ਰਿਅ ਮਾਨੇ। ਜੇਹੜੇ ਹੇ ਪਤਿ ਤੇਰੇ ਕੋ ਮਾਨੇ ਹੈ। ਪੁਨਾ- ਜੋ ਤਜਿ ਛੋਡਨ। ਜੋ ਕਾਗੋਂ ਕੂਕਰੋਂ ਕਾ ਭਖ ਰੂਪ ਤਜਾਗਨੇ ਯੋਗਜ ਦੇਹ ਹੈ ਸੋ ਅਪਨੀ ਮਾਨੀ ਹੈ।

**ਜੋ ਉਬਰੇ** ਵਾ. ਜੋ ਬਚੇ ਹੈ ਮਾਇਆ ਰੂਪ ਅਗਨੀ ਤੇ, ਜੈਸੇ- ਜੋ ਉਬਰੇ ਮਾਇਆ ਪਾਵਕ ਤੇ।

**ਜੋ ਖੋਲੇ ਭਿਤਾ** ਵਾ. ਜੋ ਖੋਲੇ ਕੋਸ ਰੂਪ ਕਿਵਾੜ।

**ਜੋ ਜੋ** ਗੁ. ਜੇੜਾ ਜੇੜਾ ਭਗਤ, ਯਥਾ- ਜੋ ਜੋ ਤਰਿਓ ਪੁਰਾਤਨੁ। ਪੁਨਾ- ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।

**ਜੋ ਪ੍ਰਿਅ ਮਾਨੇ** ਵਾ. ਹੇ ਪਤਿ ਜੋ ਤੇਰੇ ਕੋ ਮਾਨੇ ਹੈ, ਯਥਾ- ਜੋ ਪ੍ਰਿਅ ਮਾਨੇ ਤਿਨ ਕੀ ਰੀਸਾ।

**ਜੋਇ** ਦੇ. ਇਸਤ੍ਰੀ ਮਾਯਾ ਰੂਪ ਇਸਤ੍ਰੀ, ਯਥਾ- ਜੋਇ ਖਸਮੁ ਹੈ ਜਾਇਆ। ਦੇਖ।

**ਜੋਇ ਖਸਮ** ਦੇ. ਇਸਤ੍ਰੀ ਪਤਿ, ਸਿਵ ਸਕਤੀ।

**ਜੋਇਆ** ਪੰ. ਬੈਲ ਵਤ ਜੋਤਿਆ, ਯਥਾ- ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।

**ਜੋਈ** ਦੇ. ਜੋ, ਯਥਾ- ਜੋਈ ਜੋਈ ਜੋਰਿਓ। ਇਸਤ੍ਰੀ, ਯਥਾ- ਜੋਈ ਸਾਈ ਮੁਹੁ ਖੜਾ। ਦੇਖਾਂ, ਯਥਾ- ਜੋਈ ਸਾਈ ਮੁਹੁ ਖੜਾ। ਦੇਖੋਂ ਸ੍ਵਾਮੀ ਕਾ ਮੁਖ ਖੜਾ ਹੋ ਕਰ ਕੇ।

**ਜੋਹੰ** ਗੁ. ਨਾਸ ਹੋਤੇ ਹੈ, ਯਥਾ- ਰਿਦੈ ਮਾਨ ਦੁਖ ਜੋਹੰ।

**ਜੋਹਹ** ਪੰ. ਦੇਖਤਾ ਹੈ।

**ਜੋਹਤ** ਦੇ. ਦੇਖਤੇ ਹੈ, ਯਥਾ- ਕਾਲੁ ਜੋਹਤ ਨਿਤ ਰਹੈ।

**ਜੋਹਦ** ਪੰ. ਭਜਨ ਤਪ ਰੂਪ ਮਿਹਨਤ।

**ਜੋਹਨ** ਦੇ. ਦੇਖਨ। ਪੰ. ਵਾ. ਜੋ ਹੈਂ, ਯਥਾ- ਜੋਹਨ ਪਾਪ ਬਿਦਾਰਨ ਕਉ। ਜੋ ਗੁਰੂ ਸੰਸਾਰ ਮੇਂ ਸਮਰਥ ਹੈਂ ਪਾਪੋ ਕੇ ਨਾਸ ਕਰਨ ਕੋ।

**ਜੋਹਾ** ਪੰ. ਦੇਖਤਾ ਹੈ, ਤਕਾਵਤਾ ਹੈ।

**ਜੋਹਾਰੀ** ਦੇ. ਨਮਸਕਾਰ ਕਰਤਾ ਹੋ, ਯਥਾ- ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ। ਤਿਸੀ ਕੋ ਨਮਸਕਾਰ ਕਰਤਾ ਹੂਂ। ਤਿਸੀ ਕੋ ਸ੍ਵਸ੍ਤਿ ਕਹਤਾ ਹੋ। ਤਿਸੀ ਕੀ ਅਬਿਨਾਸੀ ਸਭਾ ਹੈ।

**ਜੋਹਿ** ਪੰ. ਦੇਖ, ਯਥਾ- ਕਾਲੁ ਜਾਲੁ ਜਮੁ ਜੋਹਿ ਨ ਸਾਕੈ। ਪੁਨਾ- ਇਸੁ ਧਨ ਕਉ ਤਸਕਰੁ ਜੋਹਿ ਨ ਸਕਈ।

**ਜੋਹਿਓ** ਗੁ. ਦੇਖਿਓ, ਜੈਸੇ- ਬਹੁ ਜੁਨਿ ਨ ਫਿਰ ਜੋਹਿਓ।

**ਜੋਹਿਆ** ਪੰ. ਦੇਖੇ, ਯਥਾ- ਦੋਖ ਸਭਿ ਜੋਹਿਆ।

**ਜੋਹੈ** ਗੁ. ਅਪਨੀ ਦੇਹ ਮੇ ਬ੍ਰਾਹਮਣਪਨੇ ਕੇ ਭ੍ਰਮ ਸੇ ਮੁਝੇ ਸੁਦ ਦੇਖਤੇ ਹੈ, ਯਥਾ- ਆਲਾਵੰਤੀ ਇਹੁ ਭ੍ਰਮੁ ਜੋਹੈ।

**ਜੋਕ** ਦੇ. ਰੁਧਿਰ ਪੀਨੇ ਵਾਲਾ ਜਲ ਕਾ ਜੀਵ, ਯਥਾ- ਜਿਉ ਕੁਸਟੀ ਤਨਿ ਜੋਕ।

**ਜੋਖੀਵਦੈ** ਪੰ. ਕੈਸੇ ਬਚਨ ਹੋਵੇ ਉਨ ਕੇ ਜੋਖਣੇ ਮੇ ਅਰਥਾਤ ਗੁਰੁ ਬਚਨ ਏਤਾ ਹੀ ਬਲ ਰਖੋ ਹੈ ਐਸੇ ਮਾਪ ਮੇ ਉਨ ਕੇ ਬਚਨ ਨਹੀ ਹੋ ਸਕੇ, ਯਥਾ- ਕਿਉ ਬੋਲੁ ਹੋਵੈ ਜੋਖੀਵਦੈ।

**ਜੋਗ** ਦੇ. ਚਿਤ ਬ੍ਰਿਤੀ ਕਾ ਨਿਰੋਧ ਅਰਥਾਤ ਧੇਯ ਬਿਨਾ ਆਨ ਓਰ ਸੇ ਰੋਕਨਾ ; ਯਜਾਨ ; ਸੰਜੋਗ ; ਉਪਾਯ ; ਧਰਮਾਦਿਕੋ ਕਾ ਧਾਰਨ ; ਜੀਵਾਤਮਾ ਪਰਮਾਤਮਾ ਕੀ ਏਕਤਾ ; ਯੁਕਤੀ ; ਛਲ ; ਨਾ ਮਿਲੀ ਵਸਤ ਕੇ ਮਿਲਨੇ ਕੇ ਉਪਾਯ ਕਾ ਚਿੰਤਨ। ਯਹ ਖੇਮ ਕਾ ਸਾਥੀ ਯੋਗ ਹੈ ; ਦੇਹ ਕੀ ਥਿਰਤਾ ; ਸਬਦਾਦਿਕੋ ਕਾ ਉਚਾਰਣ ; ਜੋਤਿਸ ਗ੍ਰੰਥੋ ਮੇ ਕਹੇ ਸੂਰਯ ਚੰਦ ਕੇ ਮੇਲ ਕੇ ਅਧੀਨ ਵਿਸ ਕੁੰਭਾਦਿ ਜੋਗ। ਸਤਾਈ ਯੋਗੋ ਸਾਥ ਤਿਥਿ ਵਾਰ ਨਖਤ੍ਰੋ ਕੇ ਮੇਲ ਬਿਸੇਖ ਸੇ ਬਨੇ ਅਮ੍ਰਿਤਾਦਿ ਯੋਗ ; ਕਰਮ ਕੀ ਚਤਰਾਈ ; ਯਥਾ ਥਿਤ ਵਸਤੂ ਕਾ

ਔਰ ਰੀਤਿ ਸੇ ਪ੍ਰਤਿਪਾਦਨ, ਜੈਸੇ ਬੰਧ ਕੇ ਹੇਤੂ ਕਰਮੋ ਕੋ ਮੁਕ੍ਰੀ ਕਾ ਹੇਤੁ ਕਹਨਾ ; ਪਰਮਾਤਮਾ ਮੇਂ ਚਿਤ ਕੀ ਥਿਤੀ, ਯਥਾ- ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ। ਗ੍ਯਾਨ ਕੇ ਪ੍ਰਤਾਪ ਸੇ ਮਲੀਨ ਸੰਸਾਰ ਮੇਂ ਆਪ ਕੋ ਨਿਰਮਲ ਜਾਣੀਏ। ਤਬ ਪਰਮਾਤਮਾ ਮੇਂ ਚਿਤ ਕੀ ਥਿਰਤਾ ਰੂਪ ਜੋਗ ਕੀ ਜੁਗਤਿ, ਮਾਰਗ ਪ੍ਰਾਪ੍ਰ ਹੋਵੇ ਹੈ। ਪੁਨਾ ਇਨ ਬਿਧਿ ਨਾਗੇ ਜੋਗੁ ਨਾਹਿ। ਗੁ. ਸੀਤਾ ਕੇ ਢੂਢਨੇ ਪੀਛੇ ਯੁਧ ਮੇਂ ਲਛਮਨ ਕੋ ਜੀਵਾਨੇ ਯੋਗ੍ਯ, ਯਥਾ- ਸੀਤਾ ਲਛਮਣੁ ਜੋਗੁ। ਸੰ. ਯੋਗ।

**ਜੋਗ ਕਰੀ** ਗੁ. ਜੋਗ ਕਰਕੇ, ਯਥਾ- ਸਿਵ ਜੋਗ ਕਰੀ।

**ਜੋਗਯ** ਦੇ. ਉਚਿਤ, ਲਾਇਕ। ਸੰ. ਯੋਗ੍ਯ।

**ਜੋਗਵੈ** ਗੁ. ਜੋਗ ਮੇ ਜੁੜੇ ਅਰਥਾਤ ਚਿਤ ਬ੍ਰਿਤੀ ਕੇ ਨਿਰੋਧ ਮੇਂ ਲਗੇ, ਯਥਾ- ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ।

**ਜੋਗਾ** ਗੁ. ਯੋਗ੍ਯ, ਲਾਇਕ, ਯਥਾ- ਪ੍ਰਭੁ ਸਭਨਾ ਗਲਾ ਜੋਗਾ ਜੀਉ। ਸੰ. ਯੋਗ੍ਯ।

**ਜੋਗਿਆ** ਗੁ. ਗਾਯਨ ਯੋਗ੍ਯ ਕੋ, ਯਥਾ- ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ।

**ਜੋਗੀ** ਦੇ. ਪਰਮਾਤਮਾ ਮੇਂ ਚਿਤ ਕੀ ਥਿਰਤਾ ਵਾਲਾ, ਯਥਾ- ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ। ਪੁਨਾ- ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ। ਕਨ ਪਾਟਾ, ਯਥਾ- ਜੋਗੀ ਹਰਿ ਦੇਹੁ ਮਤੀ ਉਪਦੇਸੁ। ਸੰ. ਯੋਗੀ।

**ਜੋਗੀ ਬਪੁੜਾ** ਵਾ. ਜੋਗੀ ਵਤ ਬਿਚਾਰਾ ਜੀਵ ਅਰਥਾਤ ਪਰਾਈ ਦੇਹ ਮੇਂ ਪ੍ਰਵੇਸ ਸਮੇ ਅਪਨੀ ਦੇਹ ਕੋ ਤ੍ਯਾਗਨ ਵਾਲੇ ਸਿਧ ਜੋਗੀ ਵਤ, ਯਥਾ- ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ।

**ਜੋਗੀਆ** ਗੁ. ਚਿਤ ਬ੍ਰਿਤੀ ਨਿਰੋਧ ਵਾਲਿਓਂ ਕੋ, ਯਥਾ- ਜੋਗੀ ਅੰਦਰਿ ਜੋਗੀਆ। ਕਨ ਪਾਟੇ ਨਾਥ, ਯਥਾ- ਜੋਗੀਆ ਕਰਿ ਜਟ ਜਟਾ ਜਟ ਜਾਟ। ਜੋਗੀ ਕਨਪਾਟੇ ਕਰਤੇ ਹੈ ਜਟਾ ਕੇ ਜੂੜੇ ਜੜਤੀ ਸੇ ਜੜ ਕੇ।

**ਜੋਟ** ਦੇ. ਜੋੜੀ।

**ਜੋਤਕ** ਪੰ. ਜੋਤਿਸ ਜ੍ਯੋਤਿ ਨਾਮ ਸੂਰਯਾਦਿ ਗ੍ਰਹੋ ਕਾ ਹੈ। ਤਿਨ ਕੇ ਵਿਚਾਰ ਕੀ ਵਿਦ੍ਯਾ ਕਾ ਨਾਮ ਜੋਤਿਸ ਹੈ। ਇਸ ਵਿਦ੍ਯਾ ਮੈ ਤਿਥੀਓਂ ਕਾ, ਵਾਰੋ ਕਾ, ਨਖਤ੍ਰੋਂ ਕਾ, ਯੋਗੋ ਕਾ, ਕਰਣੋਂ ਕਾ ਸੁਭਾਸੁਭ ਮੁਹੂਰਤੋਂ ਕਾ ਅਛੀ ਤਰਹ ਬਿਚਾਰ ਹੋਤਾ ਹੈ। ਜਿਸ ਕਰ ਪੁਰਖੋਂ ਕੇ ਜਨਮ ਮਰਨ ਧਨੀ ਨਿਰਧਨ ਯਸ ਅਪਯਸ ਵਾਲਾ ਹੋਨੇ ਕਾ ਸਭ ਹਾਲ ਜਾਨਿਆ ਜਾਤਾ ਹੈ। ਇਸ ਮੇਂ ਦੋ ਪ੍ਰਕਾਰ ਕੇ ਗ੍ਰੰਥ ਹੈਂ। ਏਕ ਫਲਾਦੇਸ ਦੂਸਰੇ ਸਿਧਾਂਤ ਜਿਨ ਮੇਂ ਸੁਭਾਸੁਭ ਫਲੋ ਕਾ ਬਿਚਾਰ ਹੈ। ਵਹੁ ਫਲਾਦੇਸ ਕਹਾਵੇ ਹੈ, ਸੋ ਭੀ ਦੋ ਪ੍ਰਕਾਰ ਕੇ ਹੈ। ਏਕ ਜਾਤਕ ਦੂਸਰੇ ਤਾਜਕ ਹੈ। ਜਿਨ ਸੇ ਜਨਮ ਪਤ੍ਰੀ ਬਨੇ ਔ ਜਨਮ ਪਤ੍ਰੀ ਕੇ ਫਲ ਕਹੇ ਜਾਵੇ ਵਹੁ ਜਾਤਕ ਹੈ। ਜਿਨ ਸੇ ਬਰਖ ਬਰਖ ਕੇ ਫਲ ਕਹੇ ਜਾਵੇ ਵਹੁ ਤਾਜਕ ਹੈ। ਦੋਨੋ ਸੇ ਫਲ ਕਾ ਆਦੇਸ ਕਹਨਾ ਹੋਤਾ ਹੈ ਇਸ ਲੀਏ ਨਾਮ ਫਲਾਦੇਸ ਹੈ। ਜਿਨ ਮੇਂ ਪ੍ਰਿਥ੍ਵੀ ਗੋਲ ਹੈ ਵਾ ਚਪਟੀ ਹੈ ਚਲ ਹੈ ਵਾ ਥਿਰ ਹੈ। ਆਕਾਸ ਮੇਂ ਸੂਰਯਾਦਿ ਪੂਰਬ ਕੋ ਜਾਤੇ ਹੈ ਵਾ ਪਛਮ ਕੋ ਜਾਤੇ ਹੈ ਅਰ ਕਿਆ ਵਸਤੁ ਹੈ। ਐਸਾ ਬਿਚਾਰ ਕੀਆ ਜਾਵੇ ਵਹੁ ਸਿਧਾਂਤ ਹੈ।

**ਜੋਤਿ** ਦੇ. ਸੂਰਯ ; ਅਗਨਿ ; ਨੇਤ੍ਰ ਕੀ ਤਾਰਕ ; ਨਛਤ੍ਰ ; ਪ੍ਰਕਾਸ ; ਸਰਬ ਕਾ ਪ੍ਰਕਾਸਕ ਸ੍ਵਯੰ ਪ੍ਰਕਾਸ ਪਰਮਾਤਮਾ, ਯਥਾ- ਜੋਤਿ ਸਰੂਪੀ ਸਭੁ ਜਗੁ ਮਉਲੋ। ਪ੍ਰਕਾਸ ਰੂਪ ਪ੍ਰਮੇਸ੍ਵਰ ਔ ਸਰੂਪੀ ਸੁੰਦਰ ਰੂਪ ਵਾਲਾ। ਪੁਨਾ- ਸਭ ਮਹਿ ਜੋਤਿ ਜੋਤਿ ਹੈ ਸੋਇ। ਜੋ ਸਭ ਕੇ ਅੰਤਾਕਰਣ ਮੇਂ ਪ੍ਰਕਾਸ ਹੈ ਵਹੀ ਪ੍ਰਕਾਸ ਸ੍ਵਯੰ ਪ੍ਰਕਾਸ ਪਰਮਾਤਮਾ ਹੈ। ਸੰ. ਜ੍ਯੋਤਿ। ਗੁ. ਗ੍ਯਾਨ, ਯਥਾ- ਪ੍ਰਗਟੀ ਜੋਤਿ ਚੂਕਾ ਅਭਿਮਾਨੁ। ਜਬ ਅੰਤਾਕਰਣ ਮੇਂ ਅਖੰਡਾਕਾਰ ਬ੍ਰਿਤੀ ਪ੍ਰਗਟ ਭਈ ਉਪਦੇਸ ਸੇ ਤਬ ਨਿਖਲ ਦੇਹਾਦਿਕੋਂ ਕਾ ਅਹੰਕਾਰ ਉਠ ਗਯਾ।

**ਜੋਤੀ** ਦੇ. ਸ੍ਵਯੰ ਪ੍ਰਕਾਸ ਪਰਮਾਤਮਾ ਸਾਥ, ਯਥਾ- ਤਿਉ ਜੋਤੀ ਸੰਗਿ ਜੋਤਿ ਸਮਾਨਾ। ਤੈਸੇ ਜੋਤਿ ਪਰਮਾਤਮਾ ਸਾਥ ਦੇਹਾਦਿ ਸੰਘਾਤ ਕੇ ਪ੍ਰਕਾਸਕ ਜੀਵ ਕਾਲਖ ਭਾਗ ਮਿਲ ਗਯਾ ਪੁਨਾ-ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ। ਪਰਮਾਤਮ ਜੋਤੀ ਮੇਂ ਜੀਵ ਜੋਤੀ ਮਿਲ ਗਈ ਜਬ ਆਪ, ਸਰਬਬ੍ਯਾਪੀ ਪਰਮਾਤਮਾ ਕੋ ਜਾਨਯਾ ਆਪੇ, ਨਿਜ ਰੂਪ ਕਰ।

**ਜੋਦੜੀ** ਗੁ. ਬੇਨਤੀ, ਪ੍ਰਾਰਥਨਾ, ਯਥਾ- ਤਿਸੁ ਆਗੈ ਮੈ ਜੋਦੜੀ।

**ਜੋਧਾ ਕਰ** ਗੁ. ਜਿਨੋ ਨੇ ਰਾਖਸੋਂ ਸਾਥ ਜੁਧ ਹੇਤ ਅਵਤਾਰ ਧਾਰੇ ਹੈ ਤਿਨ ਕੋ ਭੀ ਪੂਛੋ।

**ਜੋਧੁ** ਦੇ. ਸੂਰਮਾ, ਬਹਾਦਰ, ਯਥਾ- ਕਵਨੁ ਜੋਧੁ ਜੋ ਕਾਲੁ ਸੰਘਾਰੈ। ਸੰ. ਯੋਧਾ।

**ਜੋਧੈ** ਗੁ. ਜੋਧਾ ਇਸ ਨਾਮ ਵਾਲੇ ਕੀ ਵਾਰ ਕੀ ਧੁਨਿ ਮੇਂ, ਯਥਾ- ਜੋਧੈ ਵੀਰੈ ਪੂਰਬਾਣੀ ਕੀ ਧੁਨੀ। ਜੁਧ ਕਰਨੇ ਵਾਲੇ ਜਵਾਂ ਮਰਦ।

**ਜੋਨਿ** ਦੇ. ਅਨੇਕ ਦੇਹੋ ਮੇ, ਯਥਾ- ਬਹੰਤਿ ਜੋਨਿ। ਪੁਨਾ- ਜੋਨਿ ਨ ਨੰਗਨਾ। ਕਾਹੂ ਦੇਹ ਮੇਂ ਪਾਇ ਦੁਖੀ ਨਹੀ ਕਰੇ ਜਾਤੇ। ਭਗ ਕੋ, ਯਥਾ- ਸੰਕਟ ਜੋਨਿ ਗਰਭ ਨ ਆਯਉ। ਗਰਭ ਮੇਂ ਪ੍ਰਾਪਤ ਹੋ ਭਗ ਮਾਰਗ ਕੇ ਖੇਦ ਮੇਂ ਨਹੀ ਆਯਾ। ਭਗ ਕੋ, ਯਥਾ- ਜੋਨਿ ਛਾਡਿ ਜਉ ਜਗ ਮਹਿ ਆਇਓ।

**ਜੋਨਿ ਛਾਡਿ** ਵਾ. ਮਾਤਾ ਕੀ ਭਗ ਸੇ ਨਿਕਸ ਕੇ, ਯਥਾ- ਜੋਨਿ ਛਾਡਿ ਜਉ ਜਗ ਮਹਿ ਆਇਓ।

**ਜੋਨੀ** ਦੇ. ਮਾਤਾ ਕੀ ਭਗ ਮੇਂ ਆਵੇ ਹੈ, ਯਥਾ- ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ। ਸੰ. ਯੋਨੀ।

**ਜੋਨੀ ਦੁਖ** ਗੁ. ਭਗ ਸੇ ਜਨਮ ਸਮੇ ਨਿਕਸਨੇ ਕਾ ਦੁਖ।

**ਜੋਨੀ ਬਾਟ** ਵਾ. ਭਗ ਕੇ ਰਸਤੇ, ਯਥਾ- ਬਹੁਰਿ ਨ ਆਵੈ ਜੋਨੀ ਬਾਟ। ਭਗ ਕੇ ਰਸਤੇ ਵਾ ਮਨੁਖ ਆਦਿ ਦੇਹੋ ਕੇ ਰਸਤੇ ਮੇ।

**ਜੂਨੀਐ** ਗੁ. ਜੂਨੋ ਮੇ, ਯਥਾ- ਬਹੁੜਿ ਨ ਪਾਈਐ ਜੂਨੀਐ।

**ਜੋਬਨੁ** ਦੇ. ਜੁਆਨੀ ਕੇ, ਯਥਾ- ਜੋਬਨੁ ਧਨੁ ਪ੍ਰਭਤਾ ਕੈ ਮਦ ਮੈ। ਜੁਵਾਵਸਥਾ ਮੇ, ਯਥਾ- ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।

**ਜੋਬਨੁ ਬਾਲਾ** ਦੇ. ਯੁਵਾਵਸਥਾ ਵਾਲਾ ਅਰਥਾਤ ਸਮਰਥਵਾਨ, ਯਥਾ- ਪਿਰੁ ਰਲੀਆਲਾ ਜੋਬਨੁ ਬਾਲਾ। ਆਨੰਦਵਾਨ ਪਤੀ ਸਮਰਥਵਾਨ ਹੈ।

**ਜੋਰ** ਫਾ. ਬਲ, ਯਥਾ- ਜੋਰ ਜੁਲਮ ਫੂਲਹਿ ਘਨੋ।

**ਜੋਰਾ** ਦੇ. ਇਸਤ੍ਰੀਆ ਕੋ, ਯਥਾ- ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ।

**ਜੋਰਾ ਅਮਰੁ** ਵਾ. ਇਸਤ੍ਰੀਆ ਕਾ ਹੁਕਮ, ਯਥਾ- ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ।

**ਜੋਰਿਓ** ਗੁ. ਜੋੜਿਆ ਕਰਮੋ ਸੇ, ਯਥਾ- ਜੋਈ ਜੋਈ ਜੋਰਿਓ।

**ਜੋਰੀ** ਦੇ. ਜੋੜੀ, ਲਗਾਈ, ਯਥਾ- ਅਨਿਕ ਭੇਖ ਬਹੁ ਜੋਰੀ। ਅਨੇਕ ਭੇਖਾਦਿ ਪਦਾਰਥੋ ਮੇ ਪ੍ਰੇਮ ਲਾਇਆ ਬਹੁਤ ; ਇਸਤ੍ਰੀਯੋ ਕਾ, ਯਥਾ- ਜੋਰੀ ਮੰਗੈ ਦਾਨੁ ਵੇ ਲਾਲੋ। ਜੋਰਾਵਰੀ, ਯਥਾ- ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ।

**ਜੋਰੁ ਸਕਤਿ** ਗੁ. ਬਜਾਖ੍ਯਾਨ ਬਜਾਖੇਯ ਪਦ, ਯਥਾ- ਜੋਰੁ ਸਕਤਿ ਨਾਨਕ ਕਿਛੁ ਨਾਹੀ।

**ਜੋਰੂ** ਦੇ. ਇਸਤ੍ਰੀ, ਯਥਾ- ਜੋਰੂ ਜਿੰਨਾ ਦਾ ਸਿਕਦਾਰੁ। ਪੁਨਾ- ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।

**ਜੋਲਿ ਕੈ** ਗੁ. ਚਲ ਕੇ, ਯਥਾ- ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ। ਪਾਓ ਸੇ ਚਲ ਕੇ ਅਪਨੇ ਹਾਥੋ ਸੇ ਕਿਸ ਕੇ ਗਲ ਦੌੜ ਕੇ ਲਗੇਗਾ।

**ਜੋਲੀਐ** ਪੰ. ਚਲਨਾ ਚਾਹੀਏ, ਯਥਾ- ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ। ਜੋ ਗੁਰੁ ਰਸਤਾ ਬਤਾਵੇ ਉਸ ਮੇ ਹੀ ਮੁਰੀਦੋ ਕੋ ਚਲਨਾ ਚਾਹੀਏ।

**ਜੋਵਹਿ** ਪੰ. ਜੋਤੇ ਹੈ ਬੈਲੋ ਕੋ, ਯਥਾ- ਜੋਵਹਿ ਕੂਪ ਸਿੰਚਨ ਕਉ ਬਸੁਧਾ।

**ਜੋਵਣਾ** ਗੁ. ਬੈਲ ਵਤ ਜੋਤਨਾ, ਯਥਾ- ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ।

**ਜੋਵਤ** ਦੇ. ਦੇਖਤਾ, ਜੈਸੇ- ਰੋਵਤ ਰਾਘਵ ਜੋਵਤ ਸੀਅ ਮੁਖ।

**ਜੋਵਨ** ਦੇ. ਦੇਖਨ।

**ਜੋਵੇ** ਦੇ. ਦੇਖੇ।

**ਜੋੜਿ** ਦੇ. ਜੁਦੇ ਜੁਦੇ ਅੰਕੋ ਕੀ ਮੇਲ ਕੇ ਏਕ ਸੰਖਯਾ ਕਰਨੀ ਜੈਸੇ ਗ੍ਰੰਥ ਸਾਹਿਬ ਜੀ ਮੇ ਸਬਦੋ ਕੇ ਅੰਗੋ ਕੇ ਜੋੜ ਹੈ। ਮੇਲ, ਯਥਾ- ਜਿਨਿ ਹਰਿ ਪ੍ਰਭੁ ਦਿਤਾ ਜੋੜਿ।

**ਜੋੜੀ** ਪੰ. ਲਾਈ ਹੈ, ਯਥਾ- ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ। ਯਤਨ ਸੇ ਮਿਲਾਈ, ਯਥਾ- ਜੋੜੀ ਜੁੜੈ ਨ ਤੋੜੀ ਤੂਟੈ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ
ਗੁਰੂ ਗਿਰਾਰਥ ਕੋਸੇ ਜਕਾਰਾਦਿ ਸਬਦਾਰਥ ਰਚਨੰ ਸਮਾਪ੍ਤੰ॥

# ਝ

**ਝਹੀਆ** ਪੰ. ਕੋਪ ਸੇ ਮੁਖ ਪਸਾਰ ਭੌਹ ਚਢਾਯ ਕਾਟਨੇ ਮਾਰਨੇ ਕੋ ਤਿਆਰ ਹੋਤਾ, ਯਥਾ- ਨਿਤ ਝਹੀਆ ਪਾਏ ਝਗੂ ਸੁਟੇ। ਕਚੀਚੀਆ ਪ੍ਰਸਿਧ।

**ਝਕੋਲਨ** ਪੰ. ਧੋਨੇ ਹੇਤ ਪਾਨੀ ਮੇ ਚੀਜ ਕੋ ਹਿਲਾਨਾ।

**ਝਕੋਲਨਹਾਰ** ਗੁ. ਮਧਾਣੀ ਰੂਪ ਹੈ ਬਿਲੋਨੇ ਵਾਲੀ, ਯਥਾ- ਪਵਨੁ ਝਕੋਲਨਹਾਰੁ।

**ਝਕੋਲਿਆ** ਪੰ. ਰੰਗਣੇ ਹੇਤ ਰੰਗ ਮੇ ਫੇਰਿਆ, ਯਥਾ- ਅੰਦਰੁ ਮੁਸਕਿ ਝਕੋਲਿਆ। ਮਨ ਪ੍ਰਮੇਸ੍ਵਰ ਕੇ ਜਸ ਗੁਣੋ ਮੇ ਰੰਗਾ ਗਯਾ ਹੈ।

**ਝੰਖ** ਗੁ. ਖਰਾਬੀ, ਬਜਰਥ ਕਾਮ।

**ਝਖਣਾ** ਗੁ. ਬਜਰਥ ਬੋਲ ਕੇ ਖਰਾਬ ਹੋਣਾ, ਯਥਾ- ਝਖਣਾ ਝਾਖ। ਕਹੀ ਰੀਤਿ ਸੇ ਖਰਾਬ ਹੋਨਾ ਕੇਵਲ ਖਰਾਬੀ ਹੈ ; ਖਪਨਾ, ਦੁਖੀ ਹੋਨਾ।

**ਝਖਦਾ** ਪੰ. ਝਗੜੇ ਕਰ ਖਰਾਬ ਹੋਤਾ ਹੂਆ, ਯਥਾ- ਨਿਤ ਝਹੀਆ ਪਾਏ ਝਗੁ ਸੁਟੇ ਝਖਦਾ ਝਖਦਾ ਝੜਿ ਪਇਆ।

**ਝਖੜਿ ਵਾਉ** ਪੰ. ਜੋਰ ਵਾਲੀ ਵਾਯੂ ਸੇ, ਯਥਾ- ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ। ਪਰ ਮਤੋਂ ਕੇ ਨਾਨਾ ਯੁਕਤੀਯੋ ਸਹਿਤ ਉਪਦੇਸੋ ਸੇ ਐ ਸਿਧਾਈਓ ਸੇ ਨਹੀ ਡੋਲਤੇ।

**ਝਖੜੁ** ਪੰ. ਤਕੜੀ ਅੰਧੇਰੀ, ਯਥਾ- ਝਖੜੁ ਝਾਗੀ ਮੀਹੁ। ਗੁ. ਵਿਖਯ ਤ੍ਰਿਸਨਾ। ਪੁਨਾ- ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ।

**ਝਖਾਈਐ** ਪੰ. ਨਿਸਫਲ ਕ੍ਰਿਯਾ ਕਰੀਏ।

**ਝਖਿ** ਪੰ. ਬਜਰਥ ਬੋਲ ਕੇ ਖਰਾਬ ਹੋਨਾ, ਯਥਾ- ਝਖਿ ਬੋਲਣੁ ਕਿਆ ਜਗ ਸਿਉ ਵਾਦੁ। ਸੰ. ਮਛੀ ; ਮੀਨ ਰਾਸਿ ; ਤਾਪ ; ਖਿਲ ; ਬਨ।

**ਝਖਿ ਝਖਿ** ਗੁ. ਖਰਾਬ ਹੋ ਹੋ।

**ਝਖਿ ਬੋਲਣੁ** ਵਾ. ਖਰਾਬ ਹੋਨੇ ਹੇਤ ਬੋਲਨਾ, ਯਥਾ- ਝਖਿ ਬੋਲਣੁ ਕਿਆ ਜਗ ਸਿਉ ਵਾਦੁ। ਖਰਾਬ ਹੋਨੇ ਹੇਤ ਬੋਲਨਾ ਕਿਆ ਹੈ ਜੋ ਜਗਤ ਕੇ ਜੀਵੋ ਸਾਥ ਝਗੜਾ ਕਰਨਾ ਹੈ।

**ਝੰਖੀਐ** ਗੁ. ਖਰਾਬ ਜੋਈਐ, ਯਥਾ- ਝੰਖੁ ਨ ਝੰਖੀਐ। ਬਜਰਥ ਕਾਮੋ ਮੇ ਖਰਾਬ ਨਾ ਹੋਈਐ।

**ਝਗਰਤ** ਦੇ. ਝਗੜਦਿਆ, ਯਥਾ- ਝਗਰਤ ਜਨਮੁ ਗਵਾਇਆ।

**ਝਗਰਾ** ਦੇ. ਲੜਾਈ, ਬਿਵਾਦ, ਤਨਾਜਾ, ਯਥਾ- ਪੰਚ ਕੋ ਝਗਰਾ। ਪੁਨਾ- ਝਗਰਾ ਏਕੁ ਨਿਬੇਰਹੁ ਰਾਮ। ਪੁਨਾ- ਹਮਰਾ ਝਗਰਾ ਰਹਾ ਨ ਕੋਊ।

**ਝਗੂ** ਪੰ. ਝੱਗ, ਫੇਨ, ਯਥਾ- ਝਗੂ ਸੁਟੇ। ਮੁਖ ਸੇ ਝਗ ਗੇਰੇ ਹੈ।

**ਝਗੋਲੁ** ਪੰ. ਝਕੋਲਨਾ, ਇਧਰ ਉਧਰ ਹਿਲਾਨਾ, ਯਥਾ- ਜਿਤੁ ਚੂਕਾ ਜਮ ਝਗੜੁ ਝਗੋਲੁ।

**ਝਝਕਿ** ਪੰ. ਅਕਸਮਾਤ, ਯਥਾ- ਰਹਿਓ ਝਝਕਿ ਨਾਹੀ ਪਰਵਾਨਾ।

**ਝਝਾ** ਗੁ. ਇਸ ਨਾਮ ਵਾਲੇ ਅਖਰ ਸੇ ਉਪਦੇਸ ਕਰੇ ਹੈਂ, ਯਥਾ- ਝਝਾ ਝੂਰਨੁ ਮਿਟੈ ਤੁਮਾਰੋ।

**ਝਟ** ਪੰ. ਸੀਘ੍ਰ ; ਸੀਂਚ।

**ਝਟੀਐ** ਪੰ. ਸਿੰਚਨ ਕਰੀਤਾ ਹੈ ਅਰਥਾਤ ਛਿੜਕੀਏ ਹੈ, ਯਥਾ- ਨੂਰੁ ਅਰਸਹੁ ਕੁਰਸਹੁ ਝਟੀਐ। ਪ੍ਰਕਾਸ ਸ੍ਵਰਗ ਐ ਬੈਕੁੰਠ ਕਾ ਸਿੰਚਨ ਕਰੀਤਾ ਹੈ। ਝਟਨਾ ਸਿੰਚਨ ਕਾ ਨਾਮ ਹੈ। ਝਟਨ ਸੇ ਝਟੀਐ ਬਨਾ ਹੈ।

**ਝਤਿ** ਪੰ. ਅਪਦਾ ਕਾ ਸਮਾ, ਦੁਖ ਕਾ ਵਖਤ, ਯਥਾ- ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।

**ਝਨਤ** ਗੁ. ਧੁਨਿ ਮਾਤ੍ਰ ਕਾਸੀ ਧਾਤੁ ਕੀ ਧੁਨਿ ਕੀ ਨਕਲ ਹੈ, ਯਥਾ- ਝਨਤਕਾਰ ਖੇਲੁ ਪਾਹਿ ਜੀਉ।

**ਝਨਤਕਾਰ** ਸੰ. ਕੰਕਣਾਦਿਕੋ ਕੀ ਧੁਨੀ। ਕਾਸੀ ਧਾਤ ਕੀ ਧੁਨੀ, ਜੈਸੇ- ਝਨਤਕਾਰ ਅਨਹਤ ਘਨ ਘੋਰੰ।

**ਝਪੀੜਾ** ਗੁ. ਕੌਰੀ ਭਰਕੇ, ਯਥਾ- ਹਰਿ ਮਿਲਿਓ ਲਾਇ ਝਪੀੜਾ।

**ਝਬਕ** ਪੰ. ਝਬੇ ਸੀਘ੍ਰ।

**ਝਭੀੜ** ਗੁ. ਜਫੀ ਮੇ ਘੁਟਨ।

**ਝਮਕ** ਪੰ. ਚਮਕਤੇ ਹੈ ਅਰਥਾਤ ਦਿਖਾਈ ਦੇਤੇ ਹੈ, ਯਥਾ- ਤੇਰੀ ਪੂੰਛਟ ਊਪਰਿ ਝਮਕ ਬਾਲ। ਨੇਤ੍ਰ ਕਾ ਖੁਲਨਾ।

**ਝਮਕ ਬਾਲ** ਪੰ. ਪ੍ਰਕਾਸਤੇ ਹੈ ਰੋਮ ਅਰਥਾਤ ਬ੍ਰਹਮ ਪੁਛੰ ਪ੍ਰਤਿਸ੍ਟਾ ਸ੍ਰੁਤਿ ਮੇ ਕਹੇ ਤੇਰੇ ਸ੍ਵਰੂਪ ਬ੍ਰਹਮ ਮੇ ਸਭੀ ਗੁਣ ਪ੍ਰਕਾਸਤੇ ਹੈ, ਯਥਾ- ਤੇਰੀ ਪੂੰਛਟ ਊਪਰਿ ਝਮਕ ਬਾਲ।

**ਝਰਹਿ** ਪੰ. ਗਿਰੇ ਅਰਥਾਤ ਦੂਰ ਹੋਵੇ, ਯਥਾ- ਝਰਹਿ ਕਸੰਮਲ ਪਾਪ ਤੇਰੇ।

**ਝਰਣੇ** ਦੇ. ਜਿਸ ਮੇ ਹੋ ਕਰ ਕੋਈ ਵਸਤੁ ਨਿਕਸੇ ਜੈਸੇ ਜਲ ਕਾ ਝਰਨਾ ; ਗਿਰਨਾ, ਨਿਕਸਨਾ ; ਨਿਰਝਰ, ਚਸਮੇ, ਯਥਾ- ਅਮਿਉ ਚਲਹਿ ਝਰਣੇ।

**ਝਰਨੇ** ਦੇ. ਚਸਮੇ, ਨਿਰਝਰ।

**ਝਰਿ** ਪੰ. ਗਿਰ, ਯਥਾ- ਨਿੰਦਕੁ ਐਸੇ ਹੀ ਝਰਿ ਪਰੀਐ। ਸੰ. ਨਿਰਝਰ, ਚਸਮਾ ; ਝਰਨੇ ਸੇ ਨਿਕਸਾ ਜਲ ਕਾ ਪ੍ਰਵਾਹ।

**ਝਲਈ** ਪੰ. ਸਹਾਰਤੇ, ਉਠਾਤੇ, ਯਥਾ- ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।

**ਝਲਾਘੇ** ਪੰ. ਪ੍ਰਾਤਾਕਾਲ ; ਰਾਂਧ।

**ਝਲੁ** ਪੰ. ਕਮਲਪਨਾ, ਬਾਉਲਪਨਾ, ਯਥਾ- ਭਉ ਕਰਿ ਝਲੁ ਗਵਾਇ। ਕਾਨਿਆ ਕਾ ਜੰਗਲ।

**ਝਲੇ** ਪੰ. ਕਮਲੇ, ਬਾਉਲੇ ; ਚੰਦ ਸੂਰਜ ਮੁਖੀ ਪਖੇ, ਯਥਾ- ਝਲੇ ਝਿਮਕਨਿ ਪਾਸਿ। ਗੁ. ਸਹਾਰੇ, ਜੈਸੇ- ਕਉਨ ਓਸ ਕੀ ਝਾਲ ਝਲੇ।

**ਝੜ ਝਖੜ ਓਹਾੜ** ਵਾ. ਸਬਦਾਦਿ ਵਿਖਯ ਕਾ ਪ੍ਰੇਮ ; ਵਿਖਯੋਂ ਕੇ ਲਾਭ ਜਨਯ ਅਹੰਕਾਰ ; ਧਰਮ ਕੀ ਬੁਧੀ ਕੋ ਸਰਬਥਾ ਰੁੜਾਨੇ ਵਾਲਾ ਲੋਭ ; ਯੇ ਜੁ ਤੀਨੋ ਚਿਤ ਮੇ ਮਨੁਖ ਜਨਮ ਰੂਪ ਬੇੜੇ ਕੋ ਡੋਬਨੇ ਵਾਲੇ ਝੜ ਝਖੜ ਪੁਨਾ ਹੜ ਰੂਪ ਚਲ ਰਹੇ ਹੈ, ਤੈਸੇ ਔਰ ਕਾਮ ਕਰੋਧਾਦਿ ਅਸੁਰ ਸੁਭਾਵੋ ਕੀ ਲਖਾ ਲਹਰਾ ਵਗ ਰਹੀ ਹੈ। ਇਨ ਸੇ ਬਚਨੇ ਕੀ ਇਛਾ ਹੈ, ਤਬ ਸਤਗੁਰੋ ਸੇ ਪੁਕਾਰ ਕਰੋ।

**ਝੜਿ** ਪੰ. ਗਿਰ, ਡਿਗ, ਯਥਾ- ਝੜਿ ਪਾਹਿ। ਪੁਨਾ- ਸਭਿ ਝਖਿ ਝਖਿ ਪਵੈ ਝੜਿ। ਗਿਰ ਪੜੇ ਹੈ ; ਸਘਨ ਬਦਲੋ ਕਾ ਸਮਾ ; ਸਬਦਾਦਿ ਵਿਖਯ।

**ਝੜੀ** ਗੁ. ਚਾਰੋਦਿਕ ਮੇ ਵਰਖਾ, ਯਥਾ- ਵਰਸੈ ਲਾਇ ਝੜੀ। ਨਾਨਾ ਰੀਤਿ ਸੇ ਉਪਦੇਸ।

**ਝਾਕ** ਪੰ. ਦੇਖ ਕੇ, ਯਥਾ- ਦੁਰਮਤਿ ਦੂਜਾ ਭਾਉ ਗਇਓ ਸਭ ਝਾਕ।

**ਝਾਖ** ਪੰ. ਖਰਾਬੀ।

**ਝਾਖ ਝਖਾਈਐ** ਵਾ. ਖਰਾਬੀ ਸੇ ਭੀ ਮਹਾ ਖਰਾਬੀ ਮੈ ਪੜਨਾ ਹੈ ਜੋ ਨਿਸਫਲ ਕਰਮ ਕਰਨੇ ਹੈ।

**ਝਾਗਿ** ਪੰ. ਦੇਖ ਕੇ, ਯਥਾ- ਪਰਦੇਸੁ ਝਾਗਿ ਸਉਦੇ ਕਉ ਆਇਆ। ਪੁਨਾ- ਪੀਵਸਿ ਨ ਝਾਗਿ। ਈਹਾ ਝਾਕ ਕੇ ਥਾਨ ਮੇ ਝਾਗ ਹੈ। ਦੇ. ਜਲ ਕੀ ਫੇਨ।

**ਝਾਗੀ** ਪੰ. ਦੇਖਾਂ, ਯਥਾ- ਝਖੜੁ ਝਾਗੀ। ਮਾਰਗੋ ਮੇ ਪ੍ਰਚੰਡ ਪਵਨ ਦੇਖੋ ਅਰਥਾਤ ਤੀਖਣ ਪਵਨ ਸਹਾਰਤਾ ਭੀ ਦਰਸਨ ਕੋ ਜਾਵਾਂ।

**ਝਾਗੇ** ਪੰ. ਦੇਖੇ, ਯਥਾ- ਦੇਸ ਦਿਸੰਤਰ ਮੈ ਸਗਲੇ ਝਾਗੇ।

**ਝਾਟੁਲੀ** ਪੰ. ਸਿਰ ਖੁਥੀ ਲੜਕੀ ; ਸਿਕਾਰੀ ਜਾਨਵਰ ਕੋ ਭੁਠਲਾਨੇ ਹੇਤ ਮਾਸ ਕੀ ਬੋਟੀ, ਯਥਾ- ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ। ਸਿਕਾਰੀ ਲੋਕ ਜਾਨਵਰ ਕੋ ਸਿਕਾਰ ਮਾਰਨਾ ਸਿਖਾਨੇ ਸਮੇ ਜਾਨਵਰ ਕੋ ਉਡਾ ਕੇ ਮਾਸ ਦਿਖਾਤੇ ਹੈ। ਜਬ ਵਹੁ ਖਾਨੇ ਹੇਤ ਆਵਤਾ ਹੈ। ਝਟ ਛਿਪਾ ਲੇਤੇ ਹੈਂ। ਐਸੇ ਬਹੁਤ ਵਾਰ ਕਰਤੇ ਹੈ। ਵਹੀ ਲਿਖਾ ਹੈ ਉਹੀ ਤੇ ਹਰਿਓ, ਜਹਾ ਸੇ ਮਾਸ ਨਿਕਾਲਾ ਹੈ। ਊਹਾ ਹੀ ਦਿਖਾ ਕਰ ਸੀਘ੍ਰ ਪੱਲੇ ਮੈ ਛਿਪਾ ਲੇਵੇ ਹੈ। ਜੈਸੇ ਬਾਸਾ ਜਾਨਵਰ ਕੋ ਮਾਸ ਕੀ ਝਾਟਲੀ ਝਟ ਪਕੜਨੇ ਹੇਤ ਦਿਖਾਈ ਬੋਟੀ ਵਾ ਸੁੱਕਾ ਕਾਕ।

**ਝਾਟੈ** ਪੰ. ਨੰਗੇ ਸਿਰ, ਯਥਾ- ਉਡਿ ਉਡਿ ਰਾਵਾ ਝਾਟੈ ਪਾਇ। ਉਡ ਉਡ ਕੇ ਰਵਾਲ ਖੁਲੇ ਕੇਸੋ ਮੈ ਪੜੇ ਹੈ।

**ਝਾਰ** ਪੰ. ਪਰਬਤੋ ਪੈ ਜੰਗਲੀ ਪੇਡੋ ਕੋ, ਯਥਾ- ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ। ਝਾੜ ਬੇਰੀ ਕਰੀਰਾਦਿ ਭਾਵ ਸੇ ਕੁਸੰਗ, ਯਥਾ- ਕੇਲਾ ਪਾਕਾ ਝਾਰਿ।

**ਝਾਰਉ** ਦੇ. ਦੂਰ ਕਰੋ, ਯਥਾ- ਕਲਮਲ ਸਗਲੇ ਝਾਰਉ।

**ਝਾਰਗਹੇ** ਵਾ. ਅਪਨੀ ਨਾਭੀ ਗਤ ਕਸਤੂਰੀ ਕੋ ਨਾ ਜਾਨਤਾ ਝਾੜੀ ਸੁੰਘੇ ਹੈ। ਤੈਸੇ ਦੇਹ ਗਤ ਸ੍ਵਰੂਪ ਕੋ ਨਾ ਜਾਨਤਾ ਜੀਵ ਦੇਵ ਮੰਦਰੋ ਮੈ ਫਿਰੇ ਹੈ।

**ਝਾਲ ਝਲੰਭੜੈ** ਵਾ. ਬਡੇ ਪ੍ਰਾਤਾਕਾਲ।

**ਝਾਲਾ** ਪੰ. ਝੱਲ ਬਨ ; ਲਹਰ, ਯਥਾ- ਅਗਨਿ ਬਿਖੁ ਝਾਲਾ।

**ਝਾਲਾਘੇ** ਪੰ. ਪ੍ਰਾਤਹਕਾਲ, ਯਥਾ- ਝਾਲਾਘੇ ਉਠਿ ਨਾਮੁ ਜਪਿ।

**ਝਾਲਿ** ਪੰ. ਪ੍ਰਾਤਾਕਾਲ, ਯਥਾ- ਵਡੜੈ ਝਾਲਿ ਝਲੰਭਲੈ ਨਾਵੜਾ ਲਈਐ ਕਿਸੁ।

**ਝਾਲੁ ਥੀਆ** ਪੰ. ਸੋਏ ਕੋ ਸਵੇਰ ਹੋ ਗਯਾ ਅਰਥਾਤ ਮੋਹ ਦਸਾ ਮੇ ਸਮਗ੍ਰ ਉਮਰ ਬੀਤ ਗਈ, ਯਥਾ- ਸੁਤੀ ਸੁਤੀ ਝਾਲੁ ਥੀਆ।

**ਝਾਲੂ** ਪੰ. ਪ੍ਰਾਤਹਕਾਲ, ਯਥਾ- ਉਠੀ ਝਾਲੂ ਕੰਤੜੇ। ਉਠ ਕਰ ਪ੍ਰਾਤਾ ਕਾਲ ਹੇ ਪਤਿ।

**ਝਾੜ** ਪੰ. ਮੱਲੇ ਬੇਰੀ ਕਰੀਰਾਦਿ।

**ਝਾੜਾ** ਪੰ. ਬਿਸ੍ਰਾ। ਗੁ. ਝਗੜਾ, ਯਥਾ- ਤੁਮ ਸਿਉ ਨਾਹੀ ਕਿਛੁ ਝਾੜਾ। ਮੰਤ੍ਰ ਸੇ ਝਾੜਨਾ।

**ਝਿਕ** ਪੰ. ਪ੍ਰ. ਤਲੇ, ਹੇਠ, ਜੈਸੇ- ਮਿੰਜੋ ਝਿਕੀ ਜਾਣਾ।

**ਝਿੰਙ** ਪੰ. ਢੀਂਗਰੀ, ਹਲਕਾ ਛਾਪਾ ; ਸੱਕ, ਝੱਕ, ਯਥਾ- ਹੋਵਹਿ ਲਿੰਙ ਝਿੰਙ ਨਹ ਹੋਵਹਿ। ਜਿਗ੍ਯਾਸੁਪਨ ਕੇ ਚਿੰਨ ਪੂਰੇ ਹੋਵੇ ਬਨਾਵਟੀ ਚਿੰਨ ਰੂਪ ਝਿੰਗ ਕਾਟਿਓ ਵਾਲਾ ਛਾਪਾ ਹੀ ਨਾ ਹੋਵੇ ਵਾ ਪੂਰੇ ਚਿੰਨ ਹੋਵੇ ਹੋਨੇ ਮੈ ਝਿੰਗ ਝਕ ਅਰਥਾਤ ਸੱਕ ਨਾ ਹੋਵੇ।

**ਝਿਮਕਨਿ** ਪੰ. ਪ੍ਰਕਾਸਤੇ, ਲਸਕਤੇ ਥੇ ਗੋਟੇ ਕਨਾਰੀ ਵਾਲੇ ਸੂਰਜ ਮੁਖੀ ਪਖੇ, ਯਥਾ- ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।

**ਝਿਮਿ ਝਿਮਿ** ਦੇ. ਵਰਖਾ ਕੀ ਅਵਾਜ ਕੀ ਤਥਾ ਝਰਨੇ ਸੇ ਗਿਰਤੇ ਪਾਨੀ ਕੀ ਅਵਾਜ ਕੀ ਨਕਲ ਜੈਸੇ ਅਗਨਿ ਕੀ ਅਵਾਜ ਕੀ ਨਕਲ ਭੁਕ ਭੁਕ ਹੈ ਜਲ ਕੀ ਚੁਲ ਚੁਲ ਹੈ। ਪ੍ਰਿਥ੍ਵੀ ਕੀ ਕਟ ਕਟ ਹੈ ਪਵਨ ਕੀ ਸੀਸੀ ਹੈ ਸਸਤ੍ਰੋਂ ਮੇ ਤੀਰ ਕੀ ਤ੍ਰਿਣਣਣ ਹੈ, ਗੋਲੀ ਕੀ ਟੀਂ ਹੈ

ਤੈਸੇ ਝਿਮ ਝਿਮ ਹੈ, ਯਥਾ- ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।

**ਝਿਲਕਾਵਹਿ** ਗੁ. ਚਮਕਤੇ ਹੈ ਭਾਵ ਦਿਖਾਈ ਪੜੇ ਹੈ ਖਾਲੀ ਕਾਨੇ, ਯਥਾ- ਦੁਆਰ ਊਪਰਿ ਝਿਲਕਾਵਹਿ ਕਾਨ।

**ਝਿਲਿ ਮਿਲਿ** ਦੇ. ਹਿਲਤਾ ਚਲਤਾ ਪ੍ਰਕਾਸ ਤਥਾ ਅਨੇਕ ਛਿਦ੍ਰੋਂ ਦ੍ਵਾਰਾ ਭਾਨ ਹੋਤਾ ਪ੍ਰਕਾਸ, ਯਥਾ- ਜਹ ਝਿਲਿ ਮਿਲਿ ਕਾਰੁ ਦਿਸੰਤਾ।

**ਝਿੜਕੇ** ਪੰ. ਤਾੜਨਾ ਕੇ ਬਚਨ ਕਹੇ, ਯਥਾ- ਜੇ ਗੁਰੁ ਝਿੜਕੇ ਤ ਮੀਠਾ ਲਾਗੈ।

**ਝੀਕ** ਪੰ. ਚੀਘ ਲਗਾ ਕੇ ਸ੍ਵਾਸ ਰੋਕ ਕੇ ਏਕ ਰਸ ਪੀਨੇ ਕਾ ਨਾਮ ਚੀਘ ਹੈ ਡੀਕ ਹੈ, ਯਥਾ- ਪੀਆ ਰਸੁ ਝੀਕ।

**ਝੀਂਗਰ** ਦੇ. ਬਿੰਡੇ, ਟੀਂਡ, ਝਿਲੀ।

**ਝੀਣੀ** ਪੰ. ਬਰੀਕ ਅਵਾਜ ਸੇ, ਯਥਾ- ਰੋਵਾ ਝੀਣੀ ਬਾਣਿ।

**ਝੀਨ** ਦੇ. ਬਾਰੀਕ, ਸੂਖਮ।

**ਝੀਵਰੁ** ਦੇ. ਮਹਰਿਓਂ ਤੁਲ, ਯਥਾ- ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ। ਸੰ. ਧੀਵਰ।

**ਝੁਕ** ਪੰ. ਨੀਵਾ ਹੋ।

**ਝੁੰਡੀ** ਪੰ. ਸਿਰ ਮੂਹ ਪਰ ਪੱਲਾ ਲੇ ਕਰ ਨੀਵੀ ਪਾਇ ਬੈਠਨਾ, ਯਥਾ- ਝੁੰਡੀ ਪਾਇ ਬਹਨਿ ਨਿਤਿ ਮਰਣੈ। ਜੈਨੀ ਸਾਧ ਮੁਖ ਪੈ ਪੱਲਾ ਲੇ ਮਰਨੇ ਮੈ ਬੈਠੀ ਇਸਤ੍ਰੀਓਂ ਵਤ ਬੈਠ ਜਾਤੇ ਹੈ।

**ਝੁਣ** ਗੁ. ਏਕ ਰਸ ਅਵਾਜ, ਯਥਾ- ਮੋਰੀ ਰੁਣ ਝੁਣ ਲਾਇਆ।

**ਝੁਨਕਾਰ** ਗੁ. ਦਸਮ ਦੁਆਰ ਕੀ ਅਵਾਜ ਕੀ ਨਕਲ ਹੈ, ਯਥਾ- ਅਨਹਦ ਸਬਦ ਹੋਤ ਝੁਨਕਾਰ।

**ਝੁਰਿ** ਪੰ. ਪਛਤਾਇ, ਯਥਾ- ਝੁਰਿ ਝੁਰਿ ਝਖਿ ਮਾਟੀ ਰਲਿ ਜਾਇ।

**ਝੁਰਿ ਝੁਰਿ** ਗੁ. ਪਛਤਾਇ ਪਛਤਾਇ।

**ਝੁਲ** ਪੰ. ਹਸਤੀ ਆਦਿਕੋਂ ਪੈ ਪਾਵਨੇ ਕਾ ਬਸਤ੍ਰ।

**ਝੁਲਾਰਦੇ** ਪੰ. ਝੁਲਾਰਾ ਦੇਤੀ ਹੈ। ਹਲਚਾਲ ਕਰਤੀ ਹੈ, ਯਥਾ- ਸੀਤਲ ਪਵੰਣ ਝੁਲਾਰਦੇ।

**ਝੁਲਾਰਿਆ** ਪੰ. ਲਹਰਾਂ, ਹਰੋਲੇ, ਯਥਾ- ਵੰਞਨਿ ਪਵਣ ਝੁਲਾਰਿਆ।

**ਝੁਲਾਰੇ** ਪੰ. ਝੂਲਤੀ ਹੈ, ਯਥਾ- ਸੋ ਪਉਣੁ ਝੁਲਾਰੇ। ਵਹੀ ਪਵਨ ਝੁਲਤੀ ਹੈ।

**ਝੁਲੁੰਭੜੇ** ਪੰ. ਝਾਲ ਝੁਲੰਭੜੇ ਯਹ ਮੋਠ ਕਾਠ ਰੜੇ ਰਬ ਕਥਨ ਵਤ ਪੰਜਾਬੀ ਦੁਹਰੀ ਬੋਲੀ ਮੈ ਪ੍ਰਾਤਾਕਾਲ ਕਾ ਨਾਮ ਹੈ।

**ਝੂਠਾ** ਦੇ. ਮਿਥਯਾਵਾਦੀ, ਯਥਾ- ਝੂਠਾ ਜਗੁ ਡਹਕੈ ਘਨਾ ਦਿਨ ਦੁਇ ਬਰਤਨ ਕੀ ਆਸ।

**ਝੂਠੁ** ਦੇ. ਮਿਥਯਾ, ਯਥਾ- ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ।

**ਝੂਠੁ ਬਾਤ** ਵਾ. ਜੋ ਧਨ ਜੋਬਨਾਦਿਕ ਝੂਠੇ ਪਦਾਰਥ ਹੈ, ਯਥਾ- ਝੂਠੁ ਬਾਤ ਸਾ ਸਚੁ ਕਰਿ ਜਾਤੀ।

**ਝੂਠੈ** ਦੇ. ਮਿਥਯਾ, ਯਥਾ- ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ।

**ਝੂਣੀ** ਗੁ. ਉਦਾਸ, ਯਥਾ- ਊਣੀ ਨਾਹੀ ਝੂਣੀ ਨਾਹੀ ਨਾਹੀ। ਉਦਾਸ ਨਹੀ ਖਾਲੀ ਖਾਲੀ ਨਹੀ। ਪੁਨਾ- ਨਾਮ ਵਿਹੂਣੇ ਊਣੇ ਝੂਣੇ।

**ਝੂਮ** ਪੰ. ਮਸਤ ਹੋ ਕਰ ਹਿਲਨਾ।

**ਝੂਰਤ** ਦੇ. ਪਛਤਾਤੇ, ਸੋਗ ਕਰਤੇ, ਯਥਾ- ਝੂਰਤ ਝੂਰਤ ਸਾਕਤ ਮੂਆ।

**ਝੂਰਨੁ** ਪੰ. ਪਛਤਾਵਾ, ਬੀਤ ਚੁਕੀ ਵਸਤੂਓਂ ਕੇ ਨਿਮਿਤ ਸੋਗ ਕਰਨਾ, ਯਥਾ- ਝਝਾ ਝੂਰਨੁ ਮਿਟੈ ਤੁਮਾਰੋ।

**ਝੂਰਿ** ਪੰ. ਪਛਤਾਇਕੇ, ਯਥਾ- ਸੋ ਜਨੁ ਮਰਤਾ ਨਿਤ ਨਿਤ ਝੂਰਿ।

**ਝੂਰਿਓ** ਗੁ. ਪਛਤਾਇਆ।

**ਝੂਰੈ** ਦੇ. ਸੋਗ ਕਰਤੇ ਭਏ, ਯਥਾ- ਮਨ ਮਹਿ ਝੂਰੈ ਰਾਮਚੰਦੁ।

**ਝੂਲ** ਪੰ. ਹਿਲਕੇ।

**ਝੂਲਾਵਉ** ਪੰ. ਫੇਰੋ, ਯਥਾ- ਤਿਸੁ ਗੁਰ ਕਉ ਝੂਲਾਵਉ ਪਾਖਾ।

**ਝੇਰਾ** ਦੇ. ਝਗੜਾ, ਯਥਾ- ਉਮਰਾਵਹੁ ਆਗੈ ਝੇਰਾ।

**ਝੇਰਿ** ਦੇ. ਟੋਏ ਮੇ, ਯਥਾ- ਅੰਧਾ ਝਖਿ ਝਖਿ ਪਇਆ ਝੇਰਿ। ਅਗ੍ਯਾਨੀ ਖਰਾਬ ਹੋ ਹੋ ਪੜ ਜਾਤੇ ਹੈ ਟੋਏ ਮੇ।

**ਝੋਕ** ਪੰ. ਝੁੱਕ ; ਟੁਲ, ਅਲਪ ਨਿੰਦ੍ਰਾ ਹੋ ਜਾਨੀ ਭਾਵ ਸੇ ਸਮਾਧੀ, ਯਥਾ- ਅਨਦ ਸਹਜ ਧੁਨਿ ਝੋਕ।

**ਝੋਟ** ਪੰ. ਚੋਟੀ ਕੋ, ਯਥਾ- ਜਾ ਜਮੁ ਆਇ ਝੋਟ ਪਕਰੈ। ਪੁਨਾ- ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ। ਉਘਰ ਗਈਆ ਅਖੀਆ ਸੇਖ।

**ਝੋਰਾ** ਪੰ. ਝੂਰਨਾ।

**ਝੋਲ** ਪੰ. ਸਫਾ ਕਰਕੇ, ਯਥਾ- ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ। ਹਲਚਾਲ ਅਰਥਾਤ ਜਲ ਕੇ ਸਮੁਦਾਯ ਚਲਨੇ ਸੇ, ਯਥਾ- ਕਾਲਾ ਗੰਢੁ ਨਦੀਆ ਮੀਹ ਝੋਲ। ਦੇ. ਬੰਗਾਲੀ ਮਛੀ ਕੇ ਮਾਸ ਕਾ ਪਾਨੀ।

**ਝੋਲਾ** ਦੇ. ਪਵਨ ਕਾ ਬੁਲਾ, ਬੇਗ ਵਾਲੀ ਪਵਨ ਅਰਥਾਤ ਦੁਖ ਰੂਪ ਪਵਨ, ਯਥਾ- ਤੁਝੈ ਨ ਲਾਗੈ ਤਾਤਾ ਝੋਲਾ। ਜੈਸੇ- ਉਚੇ ਝੋਲਾ ਮਾਰਸੀ ਨੀਵੇ ਰਹੇ ਅਟਲ।

**ਝੋਲੀ** ਦੇ. ਸਾਧੂਓਂ ਕਾ ਭਿਖ੍ਯਾ ਮਾਗਨੇ ਕਾ ਔ ਨਾਨਾ ਤਰਾ ਕੀ ਚੀਜਾ ਰਖਨੇ ਕਾ ਬਸਤ੍ਰ, ਯਥਾ- ਮੁੰਦਾ ਸੰਤੋਖੁ ਸਰਮੁ ਪਤੁ ਝੋਲੀ।

**ਝੋਲੋ** ਪੰ. ਝੁਲਾਵੋ, ਫੇਰੋ।

॥ਇਤਿ ਝਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

## ਞ

**ਞਤਨ** ਗੁ. ਯਤਨ, ਉਪਾਇ, ਯਥਾ- ਞਤਨ ਕਰਹੁ ਤੁਮ ਅਨਿਕ ਬਧਿ। ਸੰ. ਯਤਨ।

**ਞੰਞਾ** ਗੁ. ਇਸੀ ਅਖਰ ਸੇ ਉਪਦੇਸ ਕਰੇ ਹੈ, ਯਥਾ- ਞੰਞਾ ਞਾਣਹੁ ਦ੍ਰਿੜੁ ਸਹੀ।

**ਞਾ ਕੈ** ਗੁ. ਜਾ ਕੇ, ਯਥਾ- ਞਾ ਕੈ ਹਾਥਿ ਸਮਰਥ ਤੇ।

**ਞਾਹੂ** ਗੁ. ਜਿਸ, ਯਥਾ- ਨਾਨਕ ਤਿਹ ਉਸਤਤਿ ਕਰਉ ਞਾਹੂ ਕੀਓ ਸੰਜੋਗ।

**ਞਾਣਹੁ** ਗੁ. ਜਾਣੋ, ਯਥਾ- ਞੰਞਾ ਞਾਣਹੁ ਦ੍ਰਿੜੁ ਸਹੀ।

**ਞਾਣਤ** ਗੁ. ਜਾਣਤਾ ਹੈ, ਯਥਾ- ਞਾਣਤ ਸੋਈ ਸੰਤੁ ਸੁਇ।

**ਞਾਨੋ** ਗੁ. ਗ੍ਯਾਨ ਸਹਿਤ।

**ਞਿਆਨੋ** ਗੁ. ਗ੍ਯਾਨ ਸੇ ਬਚਨ ਕਰੇ, ਯਥਾ- ਞਿਆਨੋ ਬੋਲੈ ਆਪੇ ਬੂਝੈ।

**ਞੋ** ਗੁ. ਜੋ, ਯਥਾ- ਞੋ ਪੇਖਉ ਸੋ ਬਿਨਸਤਉ। ਜੋ ਦੇਖਤੇ ਹੋ ਸੋ ਸਭ ਨਾਸ ਹੋਨੇ ਵਾਲਾ ਹੈ।

॥ਇਤਿ ਞਕਾਰਾਦਿ ਸਬਦਾਰਥ ਰਚਨਾ ਸਮਾਪ੍ਰ॥

## ਟ

**ਟਹਕੇਵ** ਗੁ. ਖਿੜਤਾ ਹੈ, ਯਥਾ- ਧੰਨੁ ਅਨਾਦਿ ਭੂਖੇ ਕਵਲੁ ਟਹਕੇਵ। ਜਿਸ ਕੋ ਭੋਜਨ ਕਰ ਭੂਖੇ ਪੁਰਖ ਕਾ ਹਿਰਦਾ ਕਮਲ ਖਿੜੇ ਹੈ।

**ਟਹਲ** ਦੇ. ਸੇਵਾ, ਯਥਾ- ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ।

**ਟਹਲਾਵਾ** ਗੁ. ਟਹਲ ਸੇ, ਯਥਾ- ਹਸਤ ਪੁਨੀਤ ਟਹਲਾਵਾ।

**ਟੰਕੁ** ਸੰ. ਚਾਰ ਮਾਸੇ ਵਜਨ, ਯਥਾ- ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ। ਬਡੀ ਬੋਝ ਵਾਲੀ ਵਸਤੁ ਕੋ ਬਹੁਤ ਹਲਕਾ ਟੰਕ ਵਜਨ ਚੜਾ ਕੇ ਤੋਲ ਦੇਵਾ ਅੰਬਰ ਸਬਦ ਸੇ ਈਹਾ ਆਕਾਸ ਨਾਮ ਵਾਲੇ ਭੂਮੀ ਆਦਿ ਲੇਨੇ ਭੂਤਾਕਾਸ ਮੇਂ ਕਛੁ ਭੀ ਬੋਝ ਨਹੀ ; ਕੋਪ ; ਕੋਸ ; ਖੜੰਗ ; ਜੰਘ ; ਨੀਲ ਕੈਥਾ ਬ੍ਰਿਛ ; ਖਨਿਤ੍ਰ ; ਦਰਪ ; ਪਥਰ ਫੋੜਨੇ ਵਾਲਾ ਹਥਿਆਰ।

**ਟੰਗ** ਸੰ. ਜੰਘ, ਲਤ ; ਅਸਤ੍ਰ ਬਿਸੇਖ ਡਾਂਘਰਾ ਪ੍ਰਸਿਧ।

**ਟੰਚੁ** ਗੁ. ਸਜਾਵਟ, ਯਥਾ- ਟਟੈ ਟੰਚੁ ਕਰਹੁ ਕਿਆ ਪ੍ਰਾਣੀ। ਟੈਕੇ ਅਖਰ ਸੇ ਗੁਰੂ ਉਪਦੇਸ ਕਰਤੇ ਹੈ ਹੇ ਜਨੋ ਭੂਖਣ ਬਸਤ੍ਰੋ ਸੇ ਦੇਹ ਕੀ ਸਜ ਕਿਆ ਕਰਤੇ ਹੋ।

**ਟਟਰਿ** ਪੰ. ਸਿੰ. ਬਡੇ ਕੜਾਹੇ ਮੇ, ਯਥਾ- ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।

**ਟਬਰ** ਪੰ. ਕੁਟੰਬ ਕੇ ਲੋਕ, ਯਥਾ- ਟਬਰ ਰੋਵਨਿ ਧਾਹੀ।

**ਟੰਮਕ** ਪੰ. ਬਡੇ ਨਗਾਰੇ, ਯਥਾ- ਵਜਨਿ ਟੰਮਕ ਭੇਰੀਆ।

**ਟਲ** ਪੰ. ਹਟ, ਯਥਾ- ਇਸੁ ਲੋਭੀ ਕਾ ਜੀਉ ਟਲ ਪਲੈ। ਟਲ ਪੜੇ ਹੈ ਭਾਵ ਹਟ ਜਾਵੇ ਹੈ ; ਗੁਰੋ ਕਾ ਜਸ ਕਰਤਾ ਭਾਟ ਕਵਿ, ਯਥਾ- ਸੁ ਕਹੁ ਟਲ ਗੁਰੁ ਸੇਵੀਐ।

**ਟਲਹਿ** ਪੰ. ਹਟਤੇ ਹੈ, ਯਥਾ- ਟਲਹਿ ਜਾਮ ਕੇ ਦੂਤ ਤਿਹ।

**ਟਲਾਧਾ** ਗੁ. ਹਟਾਇਆ, ਯਥਾ- ਸੋ ਟਲੈ ਨ ਟਲਾਧਾ।

**ਟਾਹੇ** ਗੁ. ਦੇਖੇ, ਯਥਾ- ਟੋਹੇ ਟਾਹੇ ਬਹੁ ਭਵਨ। ਪਰਖ ਕੇ ਦੇਖੇ ਬਹੁਤ ਥਾਨ।

**ਟਾਕਿਮ** ਗੁ. ਵਿਖਯੋ ਕੀ ਓਰ ਸੇ ਰੋਕ, ਯਥਾ- ਟਾਕਿਮ ਕੁੰਜਰੀਆ। ਰੋਕੀ ਹੈ ਵਿਖਓ ਓਰ ਸੇ ਇੰਦ੍ਰੀਆ।

**ਟਾਟ** ਪੰ. ਤਪੜ ; ਕਾਨ ਮੇ ਪੀੜਾ ਕੀ ਲਹਰ।

**ਟਾਟੀ** ਪੰ. ਛਪਰੀ, ਟੱਟੀ, ਯਥਾ- ਸਭੈ ਉਡਾਨੀ ਭ੍ਰਮ ਕੀ ਟਾਟੀ।

**ਟਾਂਡਾ** ਦੇ. ਬਨਜਾਰਿਆ ਕਾ ਸਾਥ ਬਨਜਾਰਿਓ ਕੇ ਬੈਲੋ ਕਾ ਸਮੁਦਾਯ, ਯਥਾ- ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ।

**ਟਾਲੈ** ਦੇ. ਬਹਾਨਿਓ ਮੇ, ਯਥਾ- ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ। ਪੰਜਾਬੀ ਦੂਹਰੀ ਬੋਲੀ ਹੈ।

**ਟਿਕ** ਪੰ. ਠਹਰ, ਜੈਸੇ- ਅਮੁਕ ਥਾ ਟਿਕ ਗਏ ; ਟੇਕ, ਆਸਰਾ, ਯਥਾ- ਅੰਧੁਲੇ ਕਉ ਟਿਕ। ਠਹਰੇ, ਯਥਾ- ਮਨੂਆ ਟਿਕੈ ਨ ਟਿਕਈਆ। ਥਿਰ, ਜੈਸੇ- ਬ੍ਰਿਤੀ ਟਿਕੀ।

**ਟਿਕ ਟਿਕੈ** ਵਾ. ਟਿਕਾਵ ਟਿਕਾਵੇ ਹੈ ਕਰਮ ਕਾ, ਯਥਾ- ਕਿਸੁ ਉਪਰਿ ਓਹੁ ਟਿਕ ਟਿਕੈ।

**ਟਿਕਈ** ਗੁ. ਠਹਰਤਾ, ਯਥਾ- ਬਿਨੁ ਨਾਵੈ ਮਨੁ ਟੇਕ ਨ ਟਿਕਈ। ਬਿਨਾ ਨਾਮ ਸੇ ਆਨ ਜਪ ਤਪਾਦਿ ਕਾਮੋ ਕਾ ਆਸਰਾ ਨਹੀ ਠਹਰ ਸਕਤਾ।

**ਟਿਕਈਆ** ਗੁ. ਟਿਕਾਇਆ, ਯਥਾ- ਇਕੁ ਖਿਨੁ ਮਨੂਆ ਟਿਕੈ ਨ ਟਿਕਈਆ।

**ਟਿਕਾ** ਦੇ. ਰਾਜਾ ਕਾ ਬਡਾ ਪੁਤ੍ਰ, ਯੁਵਰਾਜ, ਬਲੀਅਹਦ ; ਤਿਲਕ ਸੋ ਵਿਸਨੁ ਪੁਰਾਣ ਮੇ ਚਾਰ ਵਰਣੋ ਕਾ ਭਿੰਨ ਭਿੰਨ ਲਿਖਾ ਹੈ। ਊਰਧ ਪੁੰਡ੍ਰੰ ਬ੍ਰਾਹਮਣਸ੍ਯ ਖਤ੍ਰਿਯਸ੍ਯ ਤ੍ਰਿਪੁੰਡਰਕੰ ਅਰਧਚੰਦ੍ਰੰਤੁ ਬੈਸ੍ਯਸ੍ਯ ਸੂਦ੍ਰਯਸ੍ਯ ਬਿੰਦੁਮਾਤ੍ਰਕੰ।

**ਟਿਕਾਈ** ਪੰ. ਥਾਪੀ ਹੈ, ਯਥਾ- ਸੰਤਨ ਕੀ ਮਨ ਟੇਕ ਟਿਕਾਈ।

**ਟਿਕਾਵਸਿ** ਦੇ. ਧਾਰਨ ਕਰਤਾ ਹੈ, ਯਥਾ- ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ।

**ਟਿਕਿਓਨੁ** ਪੰ. ਟਿੱਕਯਾ ਭਾਵ ਤਿਲਕ ਦੇ ਗੱਦੀ ਬੈਠਾਯਾ, ਯਥਾ- ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ।

**ਟਿੰਡ** ਪੰ. ਛੋਟੀ ਸੀ ਘੜੀ, ਹਰਟ ਸਾਥ ਬਾਧਨੇ ਕੀ ਘੜੀ, ਯਥਾ- ਕਰ ਹਰਿਹਟ ਮਾਲ ਟਿੰਡ ਪਰੋਵਹੁ।

**ਟਿਬੇ** ਗੁ. ਭੂਮੀ ਕੇ ਊਚੇ ਥਾਨ। ਗੁ. ਯਥਾ-ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ। ਟੋਏ ਦੀਨਤਾਦਿ ਜਿਨ ਮੇ ਪੜ ਤਲੇ ਪਹੁਚੇ ਹੈ ਟਿਬੇ ਅਹੰਕਾਰਾਦਿ ਜਿਨ ਪੈ ਚੜ ਉਤਰਨੇ ਕਾ ਰਸਤਾ ਮਿਲਨਾ ਕਠਨ ਹੈ।

**ਟੀਕ** ਗੁ. ਟਿਕ, ਆਸਰਾ, ਯਥਾ- ਰਾਮ ਨਾਮੁ ਰਸੁ ਟੀਕ। ਤਿਲਕ, ਯਥਾ- ਤਿਨਾ ਮਸਤਕਿ ਉਜਲ ਟੀਕ।

**ਟੀਕਾ** ਦੇ. ਤਿਲਕ ਰੂਪ, ਯਥਾ- ਸਰਨ ਪਾਲਨ ਟੀਕਾ। ਬਯਾਖ੍ਯਾ, ਯਥਾ- ਮੁਖ ਤੇ ਪੜਤਾ ਟੀਕਾ ਸਹਿਤ।

**ਟੀਚਾ** ਪੰ. ਔਧਿ, ਸੀਮ ; ਸੰਕੇਤ ਥਾਨ।

**ਟੀਡੁ** ਪੰ. ਬਿੰਡੇ, ਝੀਂਗਰ, ਯਥਾ- ਟੀਡੁ ਲਵੈ ਮੰਝਿ ਬਾਰੇ।

**ਟੁਕੁ** ਪੰ. ਥੋੜਾ ਭਾਵ ਆਧਾ, ਯਥਾ- ਟੁਕੁ ਦਮੁ ਕਰਾਰੀ ਜਉ ਕਰਹੁ। ਆਧਾ ਦਮ ਮਾਤ੍ਰ ਚਿਤ ਕੀ ਥਿਰਤਾ ਜੋ ਕਰੇ ; ਥੋੜਾ, ਯਥਾ- ਟੁਕੁ ਚਾਹਨ ਮਾਹਿ ਬਿਡਾਨੁ।

**ਟੂਲਿ** ਗੁ. ਉਛਲ, ਯਥਾ- ਟੂਲਿ ਟੂਲਿ ਪਉਦਾ ਜੀਉ।

**ਟੂਲੇਰੈ** ਪੰ. ਟੋਲਤੇ ਹੈ ਟੋਲਨੇ ਵਾਲੇ ; ਏਕ ਸਮੂਹ ਕੋ ਭੀ, ਯਥਾ- ਬਰਨਿ ਨ ਸਾਕਉ ਏਕ ਟੂਲੇਰੈ। ਮੈ ਬਰਨਨ ਨਹੀ ਕਰ ਸਕਤਾ। ਪ੍ਰਮੇਸ੍ਰਰ ਕੇ ਗੁਣੋ ਕੇ ਅਨੇਕ ਸਮੂਹੋ ਮੈ ਏਕ ਸਮੂਹ ਕੋ ਭੀ। ਵਾ ਪ੍ਰਮੇਸ੍ਰਰ ਕੇ ਹਚੇ ਨਾਨਾ ਭਾਤ ਕੇ ਪਦਾਰਥੋ ਕੇ ਸਮੂਹੋ ਕੋ ਭੀ। ਭਾਵ ਯਹ ਹੈ ਪ੍ਰਮੇਸ੍ਰਰ ਨੇ ਰਸੋ ਕੇ ਸਮੂਹ ਰਚੇ, ਤਿਨ ਕੋ ਰਸੋਈਏ ਜਾਨਤੇ ਹੈ। ਰੂਪੋ ਕੇ ਅਰਥਾਤ ਰੰਗੋ ਕੇ ਸਮੂਹ ਰਚੇ ਹੈ, ਤਿਸ ਕੋ ਰੰਗਰੇਜ ਜਾਨਤੇ ਹੈ। ਗੰਧੋ ਕੇ ਰਚੇ ਤਿਨ ਕੋ ਅਤਾਰ ਜਾਨਤੇ ਹੈ। ਐਸੇ ਔਰੋ ਕੇ ਔਰ ਔਰ ਜਾਨਤੇ ਹੈ।

**ਟੂਕ** ਪੰ. ਟੁਕੜਾ ਅਰਥਾਤ ਬ੍ਰਹਮਾਂਡ ਕੇ ਅੰਤਰਗਤ ਭੂਮੀ ਲੋਕ, ਯਥਾ- ਅੰਡ ਟੂਕ ਜਾ ਚੈ ਭਸਮਤੀ।

**ਟੂਟਿ** ਦੇ. ਟੁਕੜੇ ਹੋ, ਯਥਾ- ਟੂਟਿ ਪਰੀਤਿ ਗਈ ਬੁਰ ਬੋਲਿ। ਪੁਨਾ- ਜੋ ਹਮ ਜੰਤ੍ਰ ਬਜਾਵਤੇ ਟੂਟਿ ਗਈਂ ਸਭ ਤਾਰ।

**ਟੂਟਿਓ** ਦੇ. ਦੂਰ ਹੂਆ, ਜੈਸੇ- ਟੂਟਿਓ ਬੰਧੁ ਗਰਾਵਉ।

**ਟੂਟੀ** ਦੇ. ਟੂਟ ਗਈ ; ਕਮੰਡਲ ਕੀ ਟੂਟੀ।

**ਟੂਟੇ** ਦੇ. ਨਾਸ ਹੂਏ, ਯਥਾ- ਟੂਟੇ ਬੰਧਨ। ਪੁਨਾ- ਟੂਟੈ ਨੇਹੁ ਕਿ ਬੋਲਹਿ ਸਹੀ। ਟੂਟ ਜਾਵੇਗਾ ਪ੍ਰੇਮ ਜੋ ਗੁਰੋ ਸਾਮਨੇ ਬੋਲੇਗਾ ਨਿਸਚੇ ਕਰ। ਪੁਨਾ- ਟੂਟੈ ਗੰਠਿ ਪੜੈ ਵੀਚਾਰਿ। ਜਬ ਵਿਚਾਰ ਮੇ ਪੜੇ ਤਬ ਬਿਚਾਰ ਕਰਤਾ ਕੀ ਚਿਦਜੜ ਗ੍ਰੰਥੀ ਟੂਟ ਜਾਤੀ ਹੈ।

**ਟੇਕ** ਦੇ. ਆਸਰਾ, ਯਥਾ- ਬਿਨੁ ਨਾਵੈ ਮਨੁ ਟੇਕ ਨ ਟਿਕਈ। ਪੁਨਾ- ਭਗਤ ਟੇਕ ਤੁਹਾਰੇ। ਆਪ ਕੇ ਜੋ ਭਗਤ ਹੈ ਸੋ ਤਰਨੇ ਹੇਤ ਹਮ ਕੋ ਆਸਰਾ ਹੈ।

**ਟੇਕਾ** ਗੁ. ਟਿਕਤੇ ਹੈ ; ਟੇਕੇ ਟਿਕਾਵੇ ਆਸਰਾ ਦੇਵੇ।

**ਟੇਢੇ** ਦੇ. ਬਿੰਗੇ, ਕੁਟਿਲ ਤਿਰਛੇ, ਯਥਾ- ਚਲਤ ਕਤ ਟੇਢੇ ਟੇਢੇ ਟੇਢੇ।

**ਟੇਰ** ਦੇ. ਪੁਕਾਰ, ਬੁਲਾਉ।

**ਟੇਰਤ** ਦੇ. ਪੁਕਾਰਤ, ਯਥਾ- ਟੇਰਤ ਪ੍ਰੇਤਿ ਪੁਕਾਰਿ।

**ਟੇਵ** ਪੰ. ਅਵਾਜ, ਯਥਾ- ਟੇਵ ਏਹ ਪਰੀ।

**ਟੇਵਾ** ਪੰ. ਜਨਮ ਲਗਨ।

**ਟੋਹਤ** ਪੰ. ਪਰਖਤ, ਖੋਜਤੇ।

**ਟੋਹਨੀ** ਪੰ. ਅੰਧੇ ਕੀ ਲਾਠੀ, ਯਥਾ- ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ।

**ਟੋਹੇ** ਪੰ. ਅੰਤ ਲੇਨੇ ਹੇਤ ਪਰਖੇ, ਯਥਾ- ਟੋਹੇ ਟਾਹੇ ਬਹੁ ਭਵਨ। ਅੰਤ ਲੇਨੇ ਹੇਤ ਬਾਰ ਬਾਰ ਪਰਖੇ ਵਾ ਪੁਨ: ਪੁਨ: ਪਰਖੇ।

**ਟੋਟਾ** ਪੰ. ਘਾਟਾ।

**ਟੋਡੀ** ਦੇ. ਦੀਪਕ ਕੀ ਰਾਗਨੀ ਮਾਲਕੌਸ, ਆਸਾਵਰੀ, ਧਨਾਸਰੀ ਤੀਨ ਕੇ ਮੇਲ ਸੇ ਬਨੀ ਹੈ ਸਵਾ ਪਹਿਰ ਦਿਨ ਚੜੇ ਗਾਈ ਜਾਤੀ ਹੈ।

**ਟੋਪੀ** ਦੇ. ਸਿਰ ਕਾ ਛੋਟਾ ਸਾ ਕਪੜਾ, ਯਥਾ- ਊਂਧਉ ਖਪਰੁ ਪੰਚ ਭੂ ਟੋਪੀ।

**ਟੋਰੈ** ਪੰ. ਟੋਲਤੇ, ਖੋਜਤੇ, ਯਥਾ- ਅਨਿਕ ਬਿਧੀ ਕਰਿ ਟੋਰੈ। ਅਨੇਕ ਯੱਗ ਬ੍ਰਤਾਦਿ ਉਪਾਯਨ ਸੇ ਟੋਲਤੇ ਹਾਰ ਗਏ ਸਿੰਧੀ ਦਿਸਾ ਫਿਰਨੇ। ਪੰ. ਝੂਠੇ ਬਚਨ।

**ਟੋਲ** ਗੁ. ਸਾਧਨ ਸਮੁਦਾਯ, ਯਥਾ- ਹਭੇ ਟੋਲ ਸੁਹਾਵਣੇ। ਸਭੀ ਵਿਵੇਕਾਦਿ ਸਾਧਨ ਸਮੁਦਾਯ ਸੁੰਦਰ ਹੈ ਜਿਨੋ ਕਰ ਪਤੀ ਹਿਰਦੇ ਥਾਨ ਕੋ ਮਲ ਬੈਠਾ ਹੈ। ਖੋਜ।

**ਟੋਲਤ** ਪੰ. ਖੋਜਤ।

**ਟੋਲੀ** ਗੁ. ਸਮੁਦਾਯੋ ਮੇ, ਯਥਾ- ਹਉ ਏਨੀ ਟੋਲੀ ਭੁਲੀਅਸੁ। ਮੈ ਸੁੰਦ੍ਰ ਪਦਾਰਥੋ ਕੇ ਸਮੁਦਾਓ ਓਰ ਬ੍ਰਿਤੀ ਕਰ ਭੂਲ ਗਯਾ।

**ਟੋਲੇ** ਪੰ. ਖੋਜ ਕੇ, ਯਥਾ- ਸਭੁ ਦੇਖਿਆ ਜਗਤੁ ਮੈ ਟੋਲੇ।

॥ਇਤਿ ਟਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਠ

**ਠਉਰ** ਦੇ. ਥਾਨ, ਜਗਹ। ਗੁ. ਠਹਰਨ ਕੋ, ਯਥਾ- ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ। ਠਹਰਨੇ ਕੋ ਠਿਕਾਨਾ ਨਹੀ।

**ਠਹਕਿ** ਪੰ. ਪਰਸਪਰ ਚੋਟਾ ਖਾਇ ਕੇ ਭਾਵ ਪਰਸਪਰ ਝਗੜਾ ਕਰਕੇ, ਯਥਾ- ਠਹਕਿ ਮੁਈ। ਔਗੁਣੋ ਵਾਲੇ ਜੀਵੋ ਕੀ ਪੰਕ੍ਤੀ ਝਗੜਾ ਕਰਤੀ ਮਰ ਗਈ। ਪੁਨਾ- ਠਹਕਿ ਠਹਕਿ ਮਾਇਆ ਸੰਗਿ ਮੂਏ।

**ਠਕੁਰ** ਦੇ. ਠਾਕੁਰ, ਯਥਾ- ਠਕੁਰ ਹਰਦਾਸ ਤਨੇ।

**ਠਕੁਰਾਈ** ਦੇ. ਸਾਹਬੀ ਸ੍ਵਾਮੀਪਨਾ, ਜੈਸੇ- ਸਾਚੀ ਠਕੁਰਾਈ।

**ਠਕੁਰਾਣੀ** ਦੇ. ਠਾਕੁਰ ਕੀ ਇਸਤ੍ਰੀ, ਰਜਪੂਤਣੀ ਠਾਕਰ ਰਜਪੂਤੋ ਕਾ ਦਰਜਾ ਹੈ, ਯਥਾ- ਭਟਿਆਣੀ ਠਕੁਰਾਣੀ।

**ਠਗਉਰ** ਪੰ. ਠਗੀ।

**ਠਗਉਰੀ** ਦੇ. ਠਗੋ ਕੀ ਧਤੂਰੇ ਆਦਿਕ ਬੂਟੀਆ, ਯਥਾ- ਬਿਖੈ ਠਗਉਰੀ ਜਿਨਿ ਜਿਨਿ ਖਾਈ। ਠਗਪਨਾ, ਮਸਕਰੀ, ਯਥਾ- ਦੁਰਬਾਸਾ ਸਿਉ ਕਰਤ ਠਗਉਰੀ।

**ਠਗਣ** ਦੇ. ਛਲਨ, ਯਥਾ- ਠਗਣ ਕਉ ਸੰਸਾਰੁ।

**ਠਗਣੀ** ਦੇ. ਠਗਣੇ ਵਾਲੀ ਇਸਤ੍ਰੀ।

**ਠਗਦੇਉ** ਦੇ. ਠਗੋ ਕੇ ਦੇਵਤਾ ਅਰਥਾਤ ਸ੍ਵਾਮੀ, ਯਥਾ- ਐਸੇ ਹੀ ਠਗਦੇਉ ਬਖਾਨੈ।

**ਠਗਨ** ਦੇ. ਠਗਨੇ ਕੋ।

**ਠਗਮੂਰੀ** ਦੇ. ਠਗੋ ਕੀ ਦਈ ਧਤੂਰੇ ਆਦਿਕ ਬੂਟੀ, ਯਥਾ- ਭੂਲੌ ਰੇ ਠਗਮੂਰੀ ਖਾਇ।

**ਠਗਵਾੜਾ** ਗੁ. ਠਗਨੇ ਵਾਲਾ, ਯਥਾ- ਹਉ ਠਗਵਾੜਾ ਠਗੀ ਦੇਸੁ।

**ਠਗਵਾੜੀ** ਗੁ. ਠਗੀ ਵਾਲੇ ਕਾਮਾਦਿ ਦੋਖੋ ਨੇ, ਯਥਾ- ਠਗੀ ਠਗਵਾੜੀ। ਜੋ ਪਹਲੇ ਝੂਠ ਨੇ ਸ੍ਰਿਸ੍ਰਿ ਬਿਗਾੜੀ ਹੈ ਵਹੀ ਕਾਮਾਦਿਕ ਠਗੋ ਨੇ ਠਗੀ ਹੈ।

**ਠਗਾ** ਦੇ. ਠਗੋ ਸੇ, ਯਥਾ- ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ। ਗੰਧਰਬ ਨਗਰ ਵਤ ਝੂਠਾ ਜਾਨ ਕੇ ਠਗਾ ਸੇ ਨੇਹ ਤੋੜ ਲੈ।

**ਠਗਿਆ** ਦੇ. ਠਗ ਲੀਆ, ਯਥਾ- ਜਿਨੀ ਠਗੀ ਜਗੁ ਠਗਿਆ।

ਸਬਦਾਦਿ ਵਿਖਯ ਰੂਪ ਠਗੋ ਨੇ ਨਿਖਲ ਜੀਵ ਠਗ ਲੀਏ ਹੈਂ।

**ਠਗਿਆਈ** ਗੁ. ਠਗੀ, ਯਥਾ- ਲੋਗ ਦੁਰਾਇ ਕਰਤ ਠਗਿਆਈ। ਲੋਕੋਂ ਸੇ ਦੁਰਾਕੇ ਠਗੀ ਕਰਤੇ ਹੈਂ।

**ਠਗੀ** ਦੇ. ਬੰਕਪਨਾ, ਛਲ, ਯਥਾ- ਕੂੜੁ ਠਗੀ ਗੁਝੀ ਨਾ ਰਹੈ। ਠਗੋ ਨੇ, ਯਥਾ- ਜਿਨੀ ਠਗੀ ਜਗੁ ਠਗਿਆ। ਠਗਤਾ ਹੂਆ, ਯਥਾ- ਹਉ ਠਗਵਾੜਾ ਠਗੀ ਦੇਸੁ।

**ਠਗੁ** ਦੇ. ਬੰਚਕ, ਛਲ ਸੇ ਧਨ ਹਰਨੇ ਵਾਲਾ, ਯਥਾ- ਠਗੈ ਸੇਤੀ ਠਗੁ ਰਲਿ ਆਇਆ। ਗੁਰੂ ਅਮਰ ਜੀ ਕੇ ਸਮੀਪ ਠਗ ਪੰਡਿਤ ਨਾਲ ਠਗ ਬੈਰਾਗੀ ਸਾਧ ਮਿਲ ਗਯਾ ਥਾ ਤਿਨ ਕੇ ਪਰਥਾਇ ਯਹ ਬਚਨ ਹੈ।

**ਠਗੈ ਸੇਤੀ** ਦੇ. ਠਗ ਸਾਥ।

**ਠਟਿਆ** ਪੰ. ਬਨਾਇਆ।

**ਠਟੀ** ਦੇ. ਰਚੀ।

**ਠਠਾ** ਪੰ. ਹਾਸੀ, ਮਖੌਲ, ਖਿੱਲੀ, ਇਸ ਅਖਰ ਸੇ ਗੁਰੂ ਉਪਦੇਸ ਕਰੇ, ਯਥਾ- ਠਠਾ ਮਨੂਆ ਠਾਹਹਿ ਨਾਹੀ। ਹਾਸੀ ਮਖੌਲ ਸੇ ਕਿਸੇ ਕੇ ਮਨ ਕੋ ਨਾ ਢਾਹੋ।

**ਠੰਡੀ** ਪੰ. ਸੀਤਲ।

**ਠਨ** ਦੇ. ਬਨਾਵਟ, ਯਥਾ- ਨਕਟੀ ਕੋ ਠਨਗਨੁ ਬਾਡਾ ਡੂੰ। ਮਾਯਾ ਕੀ ਬਨਾਵਟ ਗਨ ਜਾਨੋ ਬਡੀ ਹੈ ਡੂ ਲੋਕ ਪਰਲੋਕ ਦੋਨੋਂ ਮੇ।

**ਠਨਕਾ** ਪੰ. ਚੀਜ ਕੋ ਫੋੜ ਦੇਨੇ ਵਾਲੀ ਛੋਟੀ ਚੋਟ, ਯਥਾ- ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ।

**ਠਪ** ਪੰ. ਇਕਤ੍ਰ ਕਰ, ਜੈਸੇ- ਠਪ ਧਰੋ।

**ਠਰੁ** ਪੰ. ਸੀਤਲ, ਯਥਾ- ਸਿਸਟਿ ਠਰੁ। ਸਰਦ ਹੋਈ ਸਭ ਸ੍ਰਿਸ੍ਟੀ।

**ਠਰੂਰੇ** ਗੁ. ਸੀਤਲ, ਯਥਾ- ਹਰਿ ਜਪਿ ਭਈ ਠਰੂਰੇ। ਸੀਤਲ ਰੂਪ ਠਹਰਾਯਾ ਹੈ, ਯਥਾ- ਤੂੰ ਓਹੁ ਠਰੂਰੁ। ਹੇ ਗੁਰੂ ਅੰਗਦ ਜੀ ਤੂ ਵਹੀ ਅਪਨਾ ਸੀਤਲ ਸਾਂਤ ਸ੍ਰੂਪ ਗਦੀ ਪੈ ਠਹਰਾਯਾ ਹੈ।

**ਠਾਉ** ਪੰ. ਥਾਨ, ਠਿਕਾਨਾ, ਯਥਾ- ਦੂਖਹ ਠਾਉ ਗਵਾਇਓ। ਪੁਨਾ- ਠਉਰ ਨ ਠਾਉ। ਠਹਰਨੇ ਹੇਤ ਠਿਕਾਨਾ ਨਹੀ।

**ਠਾਇ** ਦੇ. ਥਾਇ, ਠਿਕਾਨੇ।

**ਠਾਇਆ** ਗੁ. ਥਾਨ।

**ਠਾਹਹਿ** ਗੁ. ਠਹਰੇ, ਯਥਾ- ਠਠਾ ਮਨੂਆ ਠਾਹਹਿ ਨਾਹੀ। ਕਿਸੇ ਕਾ ਮਨ ਨਹੀ ਠਹਰਤਾ।

**ਠਾਹਣੁ** ਗੁ. ਢਾਹਣਾ, ਭੰਗ ਕਰਨਾ, ਯਥਾ- ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।

**ਠਾਹਰ** ਦੇ. ਸਥਾਨ, ਯਥਾ- ਅਵਰ ਨ ਸੂਝੈ ਦੂਜੀ ਠਾਹਰ।

**ਠਾਕ** ਦੇ. ਰੋਕ, ਬੰਦੀ, ਯਥਾ- ਠਾਕ ਨ ਹੋਤੀ। ਪੁਨਾ- ਠਾਕ ਨ ਪਾਈ। ਉਨ ਭਕ੍ਰੋਂ ਨੇ ਕਾਹੂ ਸੇ ਰੋਕ ਨਹੀ ਪਾਈ ਨਿਸੰਗ ਜਾਵੇ ਹੈਂ। ਪੁਨਾ- ਠਾਕਿ ਰਹਾਇਆ। ਸੰਯਮ ਸੇ ਇੰਦ੍ਰਯ ਰੋਕੇ ਹੈਂ।

**ਠਾਕਉ** ਪੰ. ਮੰਤ੍ਰ ਸੇ ਰੋਗ ਬੰਦ ਕਰੋ।

**ਠਾਕਹੁ** ਪੰ. ਰੋਕੋ, ਯਥਾ- ਠਾਕਹੁ ਮਨੂਆ ਰਾਖਹੁ ਠਾਇ।

**ਠਾਕੀ** ਪੰ. ਰੋਕੀ।

**ਠਾਕੀਆ** ਗੁ. ਰੁਕਾਂ, ਯਥਾ- ਨਾ ਹਉ ਥਕਾਂ ਨ ਠਾਕੀਆ।

**ਠਾਕੁਰ** ਦੇ. ਪ੍ਰ. ਰਜਪੂਤ ਰਾਮ ਕ੍ਰਿਸ੍ਨ ਅਵਤਾਰ ਰਜਪੂਤ ਹੁਏ। ਉਨ ਕਾ ਯਹ ਨਾਮ ਉਨ ਕੀ ਮੂਰਤੋਂ ਮੇ ਰਖਾ ਗਯਾ। ਮੂਰਤੋਂ ਸੇ ਫੈਲਤਾ ਹੂਆ ਸਾਲਗਰਾਂਮ ਮੇ ਪਹੁਚਾ। ਸਾਲਗ੍ਰਾਮ ਸੇ ਬਿਸਨੁ ਮੇ ਪਹੁਚਾ, ਯਥਾ- ਸਾਈ ਸੋੁਹਾਗਣਿ ਠਾਕੁਰਿ ਧਾਰੀ। ਵਹੀ ਸੁਹਾਗਣ ਹੈ ਜੋ ਬਿਸਨੁ ਨੇ ਧਾਰਨ ਕਰੀ। ਪੁਨਾ- ਠਾਕੁਰ ਵਜੀਰਾ। ਸੰਤ ਬਿਸਨੁ ਕੇ ਵਜੀਰ ਹੈਂ।

**ਠਾਕੁਰੋ** ਹੇ ਠਾਕੁਰ ਜੀ, ਯਥਾ- ਤੂ ਠਾਕੁਰੋ ਬੈਰਾਗਰੋ। ਹੇ ਠਾਕੁਰ ਜੀ ਆਪ ਹੀਰਿਓਂ ਕਾ ਪਰਬਤ ਹੋ ਭਾਵ ਬਡੀ ਨਿਧਿ ਹੋ।

**ਠਾਟ** ਦੇ. ਸਾਮਗ੍ਰੀ।

**ਠਾਟੀ** ਦੇ. ਠਟੀ, ਬਨਾਈ।

**ਠਾਠ** ਦੇ. ਸਾਮਗ੍ਰੀ।

**ਠਾਠਾ ਬਾਗਾ** ਪੰ. ਲਾਪਚਾਰੀ, ਊਪਰ ਕਾ ਮੇਲ, ਯਥਾ- ਲੋਗਨ ਸਿਉ ਮੇਰਾ ਠਾਠਾ ਬਾਗਾ। ਊਪਰ ਤੇ ਲੋਗੋਂ ਸੇ ਪ੍ਰੇਮ ਹੈ ਭੀਤਰ ਤੇ ਅਸੰਗ ਹੈ।

**ਠਾਂਢਿ** ਪੰ. ਸੀਤਲਤਾ, ਯਥਾ- ਠਾਂਢਿ ਪਰੀ ਸੰਤਹ ਸੰਗਿ ਬਸਿਆ। ਸੀਤਲ ਕਰਨੇ ਵਾਲਾ, ਯਥਾ- ਹਰਿ ਮੰਤ੍ਰੁ ਦੀਆ ਮਨੁ ਠਾਢੇ। ਗੁਰੋ ਨੇ ਹਰਿ ਨਾਮ ਮੰਤ੍ਰ ਦੀਆ ਮਨ ਕੋ ਸੀਤਲ ਕਰਨੇ ਵਾਲਾ।

**ਠਾਂਢੀ** ਪੰ. ਸੀਤਲ, ਯਥਾ- ਹਰਿ ਕੇ ਨਾਮ ਕੀ ਗਤਿ ਠਾਂਢੀ। ਪ੍ਰਾਪਤਿ ਸੀਤਲ ਹੈ। ਦੇ. ਬਾਂਗਰ। ਜੋਰਾਵਰ ਉਦਾਹਰਣ ਪਿਛਲਾ ਹੀ ਹੈ ; ਖੜੀ, ਯਥਾ- ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ।

**ਠਾਢੇ** ਦੇ. ਖੜੇ, ਥਿਤ, ਯਥਾ- ਦਰਮਾਦੇ ਠਾਢੇ ਦਰਬਾਰਿ।

**ਠਾਢੋ** ਦੇ. ਖੜਾ ਹੈ, ਜੈਸੇ- ਠਾਢੋ ਕਾਲ ਬੈਰਾਈ। ਕਾਲ ਬੈਰੀ ਖੜਾ ਹੈ, ਜੋਰਾਵਰ।

**ਠਾਣਾ** ਗੁ. ਸਥਾਨ, ਯਥਾ- ਨਿਹਚਲੁ ਤਿਨ ਕਾ ਠਾਣਾ।

**ਠਾਮ** ਪੰ. ਥਾਨ, ਜਗਹ।

**ਠਾਰੁ** ਪੰ. ਠੰਢਾ, ਯਥਾ- ਸੀਤਲੁ ਠਾਰੁ ਗੜਾ। ਸੀਤਲ ਗੜੇ ਜੈਸਾ, ਠੰਢਾ ਓਲੇ ਜੈਸਾ। ਪੁਨਾ- ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ।

**ਠਿਠਕੀ** ਪੰ. ਝਿੜਕੀ, ਧਿਕਾਰੀ ਹੂਈ, ਯਥਾ- ਸੰਤ ਕੀ ਠਿਠਕੀ ਫਿਰੈ ਬਿਚਾਰੀ। ਬਿਰਕ੍ਤ ਪੁਰਖ ਸਰਬ ਪਦਾਰਥੋ ਕੋ ਬੰਧ ਕਰਤੇ ਜਾਨ ਤਿਨ ਸੇ ਬਿਰਕ੍ਤ ਹੋ ਲਛਮੀ ਕੀ ਇਛਾ ਤਿਆਗਤੇ ਹੂਏ ਤਿਸ ਕੋ ਧਿਕਾਰੇ ਹੈ।

**ਠਿਨਿਕਿਓਨ** ਪੰ. ਠਾਨਾ ਮਾਰਿਆ ਹੈ, ਥਾਨਾ ਪਾਇਆ ਹੈ।

**ਠੀਸ** ਦੇ. ਜੰਗਲ. ਗੱਪ, ਝੂਠੀ ਬਾਤ, ਯਥਾ- ਕੂੜੀ ਕੂੜੈ ਠੀਸ।

**ਠੀਹ** ਦੇ. ਠਿਕਾਨਾ।

**ਠੀਕਰੁ** ਬਡੇ ਬਰਤਨ ਕਾ ਟੁਕੜਾ, ਯਥਾ- ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ। ਜਬ ਦੇਹ ਨਾਸ ਹੋਤੀ ਹੈ, ਤਬ ਜਲ ਕੇ ਵਾ ਕਟ ਕੇ ਵਾ ਗਲ ਕੇ ਦੇਹ ਕੇ ਅਸਥੀ ਆਦਿਕ ਅਵਯਵ ਜੁਦੇ ਜੁਦੇ ਹੋ ਜਾਤੇ ਹੈ। ਫੇਰ ਯਤਨ ਕਰ ਕਾਹੂ ਸੇ ਮੇਲੇ ਨਹੀ ਜਾਤੇ ; ਪੂਜਯ ਪੁਰਖੋ ਕੀ ਬੋਲੀ ਮੇ ਦੇਹ, ਜੈਸੇ- ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਆਨ। ਹਮਾਰੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦੇਹ ਰੂਪ ਠੀਕਰ ਕੋ ਫੋੜ ਕੇ ਦਿਲੀਸ ਸਿਰ ਔਰੰਗਜੇਬ ਕੇ ਸਿਰ ਆਪ ਪ੍ਰਭ ਪੁਰ ਮੋ ਜਾਨਾ ਕੀਆ ; ਮਹਾਜਨੋ ਕੀ ਬੋਲੀ ਮੇ ਰੁਪਯਾ।

**ਠੇਹ** ਗੁ. ਜਗਾ ਮੈ ਬੈਠੇ ਕੋ ਹੀ, ਯਥਾ- ਜਮੁ ਮਾਰੈ ਠੇਹ। ਪੁਨਾ- ਜਮਕਾਲੁ ਠੇਹ ਮਾਰਉ। ਗੰਗਾ ਜਮਨਾ ਕੇ ਮਧਯ ਮੇ ਥਾਨ ਕਾ ਨਾਮ ਠੀਹਾ, ਤਿਸ ਸੇ ਠੇਹ ਬਨਾ ਹੈ। ਜਮ ਕਾਲ ਕਾ ਥਾਨ ਦੂਰ ਕੀਆ ਕੋਈ ਠੀਗਾ ਸੇ ਠੇਹ ਬਨਾ ਕਹਤੇ ਹੈ। ਤਿਨ ਕੇ ਮਤ ਮੇ ਜਮ ਕਾਲ ਕਾ ਦੰਡ ਦੂਰ ਕੀਆ ਅਰਥ ਹੈ।

**ਠੇਗਾ** ਪੰ. ਡੰਡਾ, ਸੋਟਾ, ਯਥਾ- ਊਠਤ ਬੈਠਤ ਠੇਗਾ ਪਰਿਹੈ। ਪੁਨਾ- ਜਮ ਕਾ ਠੇਂਗਾ ਬੁਰਾ ਹੈ।

**ਠੋਕਾ** ਸਿਖ ਸੰਕੇਤ ਮੇ ਤਖਾਣ, ਖਾਤੀ।

**ਠੋਕਿ** ਪੰ. ਚੋਟ ਮਾਰਕੇ, ਯਥਾ- ਸਭ ਦੇਖੀ ਠੋਕਿ ਬਜਾਇ। ਸਭ ਸ੍ਰਿਸ੍ਟਿ ਦੇਖ ਲਈ ਹੈ ਪੂਰੀ ਨਿਰਣੇ ਕਰ।

**ਠੌਰ** ਦੇ. ਥਾਨ, ਠਿਕਾਨਾ।

॥ਇਤਿ ਠਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਡ

**ਡਉ** ਪੰ. ਦਾਵਾ ਅਗਨਿ, ਬਨ ਮੇ ਲਗੀ ਆਗ ਕਾ ਨਾਮ ਦਾਵਾ ਹੈ ਤਿਸ ਸੇ ਪੰਜਾਬੀ ਬੋਲੀ ਮੇ ਡਉ ਬਨਾ ਹੈ। ਸੰ. ਦਵ।

**ਡਉਰੂ** ਦੇ. ਵਾਜਾ ਮਹਾਦੇਵ ਕਾ, ਯਥਾ- ਬਰਦ ਚਢੇ ਡਉਰੂ ਢਮਕਾਵੈ। ਸੰ. ਡਮਰੂ।

**ਡਸਾਨਾ** ਪੰ. ਲੜ ਗਿਆ ਹੈ, ਯਥਾ- ਨਾਮੁ ਸੁਨਤ ਜਨੁ ਬਿਛੂਅ ਡਸਾਨਾ।

**ਡਸੀਅਲੇ** ਗੁ. ਡਸਿਆ ਹੈ।

**ਡੰਸੁ** ਗੁ. ਬਿਛੂ ਸਰਪਾਦਿਕੋ ਕੇ ਡੰਗ ਤੁਲਯ, ਯਥਾ- ਨਰ ਨਿੰਦਕ ਡੰਸੁ ਲਗਾਇ। ਦੇ. ਮਛਰ, ਡਾਂਸ ਪ੍ਰਸਿਧ।

**ਡਸੈ** ਦੇ. ਕਾਟੇ ਹੈ ਭਾਵ ਦੁਖੀ ਕਰੇ ਹੈ, ਯਥਾ- ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ।

**ਡਹਕਤ** ਪੰ. ਬਹਕਤ ਅਰਥਾਤ ਅਪਨੇ ਅਸਲ ਸੁਭਾਵ ਸੇ ਰਹਤ ਹੂਏ।

**ਡਹਕਾਇਆ** ਪੰ. ਬਹਕਾਇਆ।

**ਡਹਕਾਏ** ਦੇ. ਬਹਕਾਏ ਅਪਨੇ ਸੁਭਾਵ ਸੇ ਚਲਤੇ ਕੀਏ, ਯਥਾ- ਭਰਮਿ ਭਰਮਿ ਮਾਨੁਖ ਡਹਕਾਏ। ਭ੍ਰਾਂਤੀ ਨੇ ਅਪਨੇ ਮੇ ਭਰਮਦੇ ਜੀਵ ਬਹੁਤ ਅਪਨੇ ਸੁਭਾਵ ਸੇ ਚਲਤੇ ਕੀਏ ਹੈ।

**ਡਹਕਾਨਾ** ਦੇ. ਬਹਕਾਵਨਾ, ਝੂਠੀ ਬਾਤਾ ਸੁਨਾ ਕਰ ਅਯੋਗਯ ਕਾਮ ਮੇ ਲਗਾਇ ਦੇਨਾ। ਤਥਾ ਯੋਗਯ ਕਾਮ ਸੇ ਹਟਾਇ ਦੇਨਾ।

**ਡਹਕਾਵੇ** ਪੰ. ਭਰਮਾਵਤਾ ਹੈ।

**ਡੰਕ** ਦੇ. ਨਗਾਰਾ, ਯਥਾ- ਨਿਹਕਲੰਕ ਬਜੀ ਡੰਕ। ਸਰਪਾਦਿਕੋ ਕਾ ਡੰਗ ; ਕਲਮ ਆਗੇ ਲੋਹੇ ਕਾ ਮੁਹਰਾ।

**ਡਕੈ** ਗੁ. ਹਸਤੀ ਡਕਾਰੇ ਹੈ, ਯਥਾ- ਡਕੈ ਫੂਕੈ ਖੇਹ ਉਡਾਵੈ। ਹਸਤੀ ਡਕਾਰੇ ਹੈ ਫੁੰਕਾਰੇ ਮਾਰੇ ਹੈ। ਅਨਜੋਕ੍ਤੀ ਸੇ ਜੀਵ ਬਡੀ ਬਿਭੂਤੀ ਕਾ ਅਹੰਕਾਰ ਕਰੇ ਹੈ। ਪੰ. ਪਤਲੀ ਲਕੜੀਆਂ।

**ਡਖਣੇ** ਪੰ. ਮੁ. ਗੁਰੂ ਨਾਨਕ ਜੀ ਕੇ ਜਨਮ ਥਾਨ ਸੇ, ਸਾਹੀਵਾਲ ਮੁਲਤਾਨ ਤਰਫ ਕੀ ਦਖਣੀ ਬੋਲੀ ਲੇਨੀ। ਜੋ ਆਤਸੜੀ ਮੰਝ ਨੈਣ

ਇਤਯਾਦਿ ਡਖਣੇ ਕੀ ਵਾਰ ਮੋ ਲਿਖੀ ਹੈ। ਖਾਸ ਪੂਨੇ ਸਤਾਰੇ ਕੇ ਸਮੀਪ ਕੀ ਦਖਣੀ ਕਾ ਈਹਾ ਗ੍ਰਹਣ ਨਹੀ। ਕਿਉਂਕੇ ਜਹਾਂ ਜਹਾਂ ਡਖਣੇ ਲਿਖਾ ਹੈ ਤਹਾ ਤਹਾ ਖਾਸ ਦਖਣ ਕੀ ਬੋਲੀ ਨਹੀ, ਮੁਲਤਾਨ ਓਰ ਕੀ ਹੈ। ਜਿਸ ਕਾ ਉਚਾਰਣ ਮੁਲਤਾਨੀ ਲੋਗੋ ਮੇ ਹੈ ਜੈਸੇ ਡੂਖੜੇ ਡੂਮਣੀ ਡੋਸੜੇ ਡੂ ਡੀਹਰਾ ਹੈ।

**ਡੰਗ** ਪੰ. ਮਛਰਾਦਿਕੋ ਕਾ ਡੰਗ, ਯਥਾ- ਮਛਰ ਡੰਗ ਸਾਇਰ ਭਰ ਸੁਭਰ। ਦ੍ਰਖਨ, ਜੈਸੇ- ਆਜ ਕਾ ਡੰਗ ਲਖਾਓ।

**ਡਗਮਗ** ਪੰ. ਚਿੰਤਾ ਕੇ ਬਸ ਹੋ ਕਰ ਅਤਿਸੈ ਡੋਲਨਾ, ਯਥਾ- ਡਗਮਗ ਛਾਡਿ ਰੇ ਮਨ ਬਉਰਾ।

**ਡੰਗਰ** ਪੰ. ਪਸੂ।

**ਡਗਰੀ** ਦੇ. ਬਿਗੜੀ ਹੂਈ ਚਾਲ, ਯਥਾ- ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ।

**ਡਗਰੋ** ਦੇ. ਰਸਤਾ ਮਾਤ੍ਰ ; ਸੀਧਾ ਰਸਤਾ, ਯਥਾ- ਗੁਰ ਪ੍ਰਸਾਦਿ ਮੈ ਡਗਰੋ ਪਾਇਆ। ਡਗਰ।

**ਡੰਝ** ਪੰ. ਦਾਝ, ਯਥਾ- ਉਡਣ ਸੰਦੀ ਡੰਝ। ਦਾਝ, ਯਥਾ- ਮਨੁ ਥੀਆ ਠੰਢਾ ਚੂਕੀ ਡੰਝਾ।

**ਡੰਡ** ਪੰ. ਦੰਡ, ਰੌਲਾ।

**ਡੰਡ ਧਰਿ** ਦੇ. ਰਾਜਾ ; ਜਮਰਾਜ, ਯਥਾ- ਕਾਹੂ ਹੋ ਡੰਡ ਧਰਿ ਹੋ।

**ਡੰਡਉਤ** ਦੇ. ੧. ਛਾਤੀ ੨. ਵੱਖਸਥਲ ੩. ਬਾਹਾ ੪. ਜਾਨੁ ੫. ਸਿਰ ੬. ਮਨ ੭. ਬਾਣੀ ੮. ਦ੍ਰਿਸ਼ੀ, ਇਨ ਆਠ ਅੰਗੋ ਸੇ ਪ੍ਰਿਥਵੀ ਪੈ ਲੰਬੇ ਪੜ ਨਮਸਕਾਰ ਕਰਨੀ, ਯਥਾ- ਕਰਿ ਡੰਡਉਤ ਪੁਨੁ ਵਡਾ ਹੇ। ਪੁਨਾ- ਡੰਡਉਤਿ ਬੰਦਨ ਅਨਿਕ ਬਾਰ। ਸੰ. ਦੰਡਵਤ। ਉਰਸਾ ਬਖਸਾ ਬਾਹੁ ਜਾਨੁ ਭਜਾਂ ਸਿਰਸਾ ਤਥਾ ਮਨਸਾ ਬਚਸਾ ਦ੍ਰਿਸ੍ਰਜਾ ਪ੍ਰਣਾਮੋ ਅਸ੍ਰਾਂਗ ਉਚਜਤੇ।

**ਡੰਡਲੀ** ਗੁ. ਦੰਡ ਹੈ, ਯਥਾ- ਦੁਖੁ ਨ ਡੰਡਲੀ।

**ਡਡਾ** ਪੰ. ਮੀਡਕੀਆਂ ਅਨਜੋਕ੍ਰੀ ਸੇ। ਦੰਭੀ ਪੁਰਖ ਬਗਲੇ ਦਿਖਾਵੇ ਕੇ ਜਪ ਤਪ ਸੇ ਲੇਨੇ ਹੇਤ ਪਰਾਇਆ ਧਨ ਖੋਜੇ ਹੈ ; ਇਸ ਨਾਮ ਵਾਲੇ ਅਖਰ ਸੇ ਉਪਦੇਸ ਹੈ, ਯਥਾ- ਡਡਾ ਡੇਰਾ ਇਹੁ ਨਹੀ। ਪੁਨਾ- ਡਡਾ ਡਰ ਉਪਜੇ ਡਰੁ ਜਾਈ।

**ਡਡੀਆ** ਗੁ. ਦੰਡਧਾਰੀ ਜਮੋ ਨੇ, ਯਥਾ- ਕਹੁ ਡਡੀਆ ਬਾਧੈ ਧਨ ਖੜੀ। ਦੰਡਧਾਰੀ ਜਮ ਜੰਜੀਰੋ ਸੇ ਬਾਧ ਕੇ ਧਨ ਕੋ ਖੜੀ। ਲੈ ਗਏ ਜੋ ਜਮ ਜੀਵ ਇਸਤ੍ਰੀ ਕੋ ਮੁਕਲਾਵਨੇ ਅਰਥਾਤ ਬਿਹਾਵਨੇ ਆਏ ਥੇ ਬਚਨਾਂਤਰ ਮੇ ਭੀ ਲਿਖਾ ਹੈ ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।

**ਡੜੂਰੀ** ਪੰ. ਅਧ ਪੱਕੀ ਖੇਤੀ, ਯਥਾ- ਹਰੀ ਨਾਹੀ ਨਹ ਡੜੂਰੀ ਪਕੀ ਵਢਣਹਾਰ।

**ਡੰਨ** ਪੰ. ਦੰਡ, ਚੱਟੀ।

**ਡੰਫੁ** ਪੰ. ਦੰਭ, ਡਿੰਭ, ਯਥਾ- ਝੂਠਾ ਡੰਫੁ ਝੂਠੁ ਪਾਸਾਰੀ।

**ਡੰਭ** ਪੰ. ਦੰਭ, ਪਾਖੰਡ, ਦਿਖਾਵਾ।

**ਡਮਕਾਵਹ** ਪੰ. ਬਜਾਵੇ ਹੈ।

**ਡਮਕਾਵੇ** ਦੇ. ਬਜਾਵੇ।

**ਡਰ** ਦੇ. ਭਯ, ਯਥਾ- ਡਰ ਡਰਿ ਮਰੈ। ਪ੍ਰਮੇਸੂਰ ਕੇ ਡਰ ਸੇ ਕਾਲ ਕਾ ਡਰ ਮਰਤਾ ਹੈ।

**ਡਰਣ** ਪੰ. ਭਯ, ਯਥਾ- ਨਹੀ ਡਰਣ।

**ਡਰਣਾ** ਪੰ. ਭਯ ਕਰਨਾ, ਯਥਾ- ਭੀ ਕਰਤਾਰਹੁ ਡਰਣਾ।

**ਡਰਤ** ਪ੍ਰ. ਡਰਦਾ ਹੈ, ਜੈਸੇ- ਮ੍ਰਿਗ ਡਰਤ ਹੈ।

**ਡਰਨਾ** ਪੰ. ਮ੍ਰਿਗੋ ਸੇ ਖੇਤ ਕੀ ਰਖਾ ਹੇਤ ਬਨਾਯਾ ਤ੍ਰਿਣੋ ਕਾ ਪੁਰਖ, ਯਥਾ- ਜਿਉ ਡਰਨਾ ਖੇਤ ਮਾਹਿ ਡਰਾਇਆ।

**ਡਰਿਓ** ਪੰ. ਭੈ ਯੁਤ ਹੂਆ।

**ਡਰੂਆ** ਗੁ. ਜਮੋ ਤੇ ਡਰ ਨਹੀ, ਯਥਾ- ਜਮ ਨਹੀ ਡਰੂਆ।

**ਡਵਿ** ਦੇ. ਦਾਵਾ ਅਗਨਿ ਕਾ ਜਲਾਯਾ, ਯਥਾ- ਜਿਉ ਡਵਿ ਦਧਾ ਕਾਨੁ।

**ਡਾਇਣ** ਦੇ. ਡਾਕਣੀ, ਯਥਾ- ਨਾਰਾਇਣ ਦੰਤ ਭਾਨੇ ਡਾਇਣ। ਮਾਯਾ ਰੂਪ ਡਾਕਣੀ ਕੇ ਸੰਸਾਰੀਓ ਕੋ ਖਾਣੇ ਵਾਲੇ ਕਾਮਾਦਿ ਵਿਖੇ ਰੂਪ ਦਾਤ ਤੋੜੇ ਹੈ। ਸੰ. ਡਾਕਨੀ।

**ਡਾਹਪਣਿ** ਪੰ. ਬਜਰਥ ਫਿਰਨੇ ਤੇ ਭੌਣੇ ਭਟਕਨੇ ਸੇ, ਯਥਾ- ਡਾਹਪਣਿ ਤਨਿ ਸੁਖੁ ਨਹੀ। ਪੁਨਾ- ਅਤਿ ਡਾਹਪਣਿ ਦੁਖੁ ਘਣੋ। ਅਤਿਸੇ ਤ੍ਰਿਸ੍ਨਾ ਕਰ ਫਿਰਨੇ ਸੇ ਦੁਖ ਬਹੁਤ ਹੋਵੇ ਹੈ।

**ਡਾਂਗ** ਪੰ. ਲਾਠੀ, ਸੋਟੀ।

**ਡਾਂਗੀਆ** ਗੁ. ਚੋਬਦਾਰ, ਯਥਾ- ਪਾਪੁ ਪੁੰਨੁ ਜਾਂ ਚੈ ਡਾਂਗੀਆ। ਪੁੰਨੀਯੋ ਕੋ ਨਰਕ ਸੇ ਪਾਪੀਯੋ ਕੋ ਸੁਰਗ ਸੇ ਰੋਕਨੇ ਹੇਤ ਪੁਨਾ ਪੁੰਨੀਯੋ ਕੋ ਸੁਰਗ ਮੇ ਲਖਾਨੇ ਪਾਪੀਓਂ ਕੋ ਨਰਕ ਮੇ ਲਖਾਨੇ ਹੇਤ ਪਾਪ ਪੁੰਨ ਦੋਨੋ ਕਰਮ ਜਿਸ ਪ੍ਰਮੇਸਵਰ ਕੇ ਦ੍ਵਾਰੇ ਮੇ ਚੋਬਦਾਰੋ ਤੁਲਯ ਹੈ।

**ਡਾਟ** ਦੇ. ਵਰਜ, ਤਾੜ, ਘੂਰ ; ਦਰਵਜੇ ਆਦਿਕੋ ਮੇ ਈਟ ਕੀ ਮਹਰਾਬ।

**ਡਾਡੀ** ਪੁਰਬਸੀ ਪੰਜਾਬੀ। ਨੌ ਡੰਡੀਓ ਅਰਥਾਤ ਨੌ ਛਿਦ੍ਰ ਰੂਪ ਰਸਤਿਓ ਮੇ ਦਸ ਇੰਦ੍ਰੇ ਧਾਵਤੇ ਹੈ। ਸੋ ਇਨ ਜੀਵ ਰੂਪ ਰਯਤ ਕੋ ਸੁਖ ਸੇ ਬਸਨੇ ਨਹੀ ਦੇਤੇ। ਪਰਮ ਦੁਖੀ ਕਰਤੇ ਹੈ ਔਰ ਛਿਦ੍ਰੋ ਮੇ ਏਕ ਏਕ ਧਾਵੇ ਹੈ। ਮੁਖ ਮੇ ਵਾਕ ਔ ਰਸਨਾ ਦੋ ਧਾਵਤੇ ਹੈ। ਯਾ ਤੇ ਨੌ ਇੰਦ੍ਰਯੋ ਦ੍ਵਾਰਾ ਵਿਖਯੋ ਕੇ ਸੋਭਨ ਅਸੋਭਨਪਨੇ ਕਾ ਇਨਸਾਫ ਕਰਤੇ ਬਿਚਰੇ ਹੈ, ਯਥਾ- ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।

**ਡਾਢਿਆ** ਪੰ. ਤਕੜਾ, ਜੋਰਾਵਰ ਹੈ, ਯਥਾ- ਹਰਿ ਡਾਢੀ ਹੂੰ ਤੂੰ ਡਾਢਿਆ। ਤਕੜਿਆ।

**ਡਾਨੁ** ਦੇ. ਦੰਡ, ਡੰਡ, ਯਥਾ- ਸੰਤ ਕੇ ਦੋਖੀ ਕਉ ਡਾਨੁ ਲਾਗੈ। ਲੋਕ ਮੇਂ ਅਗਨਿ ਰਾਜਾ ਚੋਰੋਂ ਕਾ ਪਰਲੋਕ ਮੇਂ ਧਰਮ ਰਾਜਾ ਕਾ ਦੰਡ ਲਗੇ ਹੈ। ਪੁਨਾ- ਡਾਨੁ ਸਗਲ ਗੈਰ ਵਜਹਿ ਭਰਿਆ।

**ਡਾਰ** ਦੇ. ਡਾਲੀਓਂ ਮੇ, ਯਥਾ- ਜਿਉ ਬਨ ਫਲ ਪਾ ਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ। ਪੰ. ਜੀਵੋਂ ਕੀ ਪੰਕ੍ਤੀ, ਯਥਾ- ਬਿਨੁ ਡਰ ਬਿਣਠੀ ਡਾਰ। ਗੇਰ ਅਰਥਾਤ ਉਤਾਰ, ਯਥਾ- ਮਟੁਕੀ ਡਾਰਿ ਧਰੀ।

**ਡਾਰਹੁ** ਗੁ. ਫੈਂਕੋ, ਗੇਰੋ।

**ਡਾਰਤ** ਦੇ. ਪ੍ਰੂ. ਗੇਰਤੇ।

**ਡਾਰਨ** ਗੁ. ਡਾਰ ਦੀਆ ਹੈ।

**ਡਾਲ** ਦੇ. ਸਕੰਧ, ਟਾਲੇ ; ਗੇਰ, ਸੁੱਟ, ਫੈਂਕ।

**ਡਾਲੀ** ਦੇ. ਬ੍ਰਿਛ ਕੀ ਸਾਖਾ। ਗੁ. ਆਨ ਦੇਵਨ ਕੇ ਪੂਜਨਾਦਿ ਕਰਮੋ ਮੇ, ਯਥਾ- ਜਿਹ ਜਿਹ ਡਾਲੀ ਪਗੁ ਧਰਉ।

**ਡਾਂਵੜਾ** ਗੁ. ਸਰੀਰੋਂ ਕੀ ਕਤਾ ਬਨਾਨੇ ਵਾਲਾ ਕਾਰੀਗਰ, ਯਥਾ- ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ। ਜਿਸ ਈਸ੍ਵਰ ਕੇ ਘਰ ਮੇਂ ਚਾਰ ਮੁਖੀ ਬ੍ਰਹਮਾ ਸਰੀਰੋਂ ਕੀ ਡੌਲ ਅਰਥਾਤ ਰਚਨਾ ਕਰਨੇ ਵਾਲਾ ਹੈ।

**ਡਿਸੰਦੋ** ਪੰ. ਦਿਖਤਾ ਹੈ, ਦਿਖਾਈ ਦੇਤਾ ਹੈ, ਯਥਾ- ਜਿਨੀ ਡਿਸੰਦੋ ਮਾ ਪਿਰੀ।

**ਡਿਖਾਦੇ** ਪੰ. ਦਿਖਾਤੇ।

**ਡਿਠਮ** ਦੇ. ਸਿੰ. ਦੇਖਣਾ ਹੈ।

**ਡਿਠੜਿਆ** ਗੁ. ਦੇਖੇ ਹੈ।

**ਡਿਠੜੋ** ਪੰ. ਦੇਖਾ ਹੈ, ਯਥਾ- ਡਿਠੜੋ ਹਭ ਠਾਇ।

**ਡਿਠੇ** ਪੰ. ਦੇਖੇ, ਯਥਾ- ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ। ਪੁਨਾ- ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ। ਦੇਖਾ ਹੈ, ਯਥਾ- ਡਿਠਾ ਹਭ ਮਝਾਹਿ। ਦੇਖੀ, ਯਥਾ- ਸਭ ਡਿਠੀ ਠੋਕਿ ਵਜਾਇ।

**ਡਿੰਨਾ** ਦੇ. ਸਿੰ. ਦਿਤਾ, ਯਥਾ- ਮਾਣਿਕੂ ਮੋਹਿ ਮਾਉ ਡਿੰਨਾ। ਹੇ ਮਿਤ੍ਰੋ ਅਪਨਾ ਸ੍ਵਰੂਪ ਮਾਣਕ ਮੇਰੇ ਤਾਈ ਉਪਦੇਸ ਦ੍ਵਾਰਾ ਸ੍ਵਾਮੀ ਨੇ ਦੀਆ ਹੈ।

**ਡਿੰਭ** ਪੰ. ਦਿਖਾਵਾ ਮਾਤ੍ਰ ਜਪ ਤਪ ਯਗ੍ਯ ਦਾਨਾਦਿ। ਸੰ. ਦੰਭ। ਸੰ. ਮੂਰਖ ; ਸਿਸੁ, ਬਾਲਕ।

**ਡਿਵੇ** ਪੰ. ਮੁ. ਦੇਵੇ ਹੈ, ਯਥਾ- ਸੁਣਿ ਸ੍ਰਵਣੀ ਹੀਉ ਡਿਵੈ।

**ਡੀਹਰ** ਗੁ. ਡਾਯਨ ਸਮ, ਯਥਾ- ਡੀਹਰ ਨਿਆਈ ਮੋਹਿ ਫਾਕਿਓ ਰੇ। ਡਾਯਨ ਸਮਾਨ ਮੋਹ ਨੇ ਜੀਵੋਂ ਕੋ ਫੱਕ ਅਰਥਾਤ ਖਾਇ ਲੀਆ ਹੈ।

**ਡੀਹੜਾ** ਪੰ. ਮੁ. ਦਿਨ, ਯਥਾ- ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ। ਸੋ ਅਵਸਥਾ ਕੇ ਹਾਥ ਪਾਤਾ ਹੈ ਭਾਵ ਬਿਤੀਤ ਕਰਤਾ ਜਾਤਾ ਹੈ।

**ਡੀਗਨ** ਪੰ. ਟੇਢੇ ਚਲਨਾ, ਯਥਾ- ਡੀਗਨ ਡੋਲਾ ਤਊ ਲਉ। ਟੇਡਾ ਚਲਨਾ ਤਭੀ ਪ੍ਰਯੰਤ ਹੈ।

**ਡੀਗਿ** ਪੰ. ਟੇਢੇ, ਵਿੰਗੇ, ਯਥਾ- ਡੀਗਿ ਨ ਡੋਲੀਐ। ਟੇਢੇ ਹੋ ਕਰ ਨਾ ਬਿਚਰੀਏ। ਪੁਨਾ- ਡੀਗਨ ਡੋਲੇ। ਟੇਢਾ ਨਾ ਬਿਚਰੇ ਵਾ ਨਾ ਗਿਰੇ ਹੈ ਨਾ ਡੋਲੇ ਹੈ।

**ਡੁਖ** ਪੰ. ਮੁ. ਦੁਖ, ਯਥਾ- ਡੁਖੇ ਕੋੜਿ ਨ ਡੁਖ। ਹਰੀ ਕੇ ਸੇਵਕ ਕ੍ਰੋੜੋਂ ਦੁਖੋਂ ਸੇ ਦੁਖੀ ਨਹੀ ਹੋਤੇ।

**ਡੁਖੜੇ** ਪੰ. ਮੁ. ਦੁਖ, ਯਥਾ- ਹਭੇ ਡੁਖੜੇ ਉਲਾਹਿ।

**ਡੁਬ** ਪੰ. ਡੂਬਕੇ।

**ਡੁਬਦੇ** ਦੇ. ਡੂਬਤੇ, ਯਥਾ- ਡੁਬਦੇ ਪਥਰ ਤਾਰੇ।

**ਡੁੰਭ** ਪੰ. ਰੁਕੇ ਪ੍ਰਵਾਹ ਵਾਲੀ ਸੁਕੀ ਨਦੀ ਕੇ ਜਲੋ ਵਾਲੇ ਥਾਨ।

**ਡੁੰਮਣੀ** ਪੰ. ਮੁ. ਦੁਮਨੀ, ਦੁਚਿੱਤੀ ਅਰਥਾਤ ਲੋਕ ਮੈ ਭਲਾ ਕਹਾਨੇ ਹੇਤ ਜਪ ਕਰੋ ਵਾ ਤਪ ਕਰੋ। ਸ੍ਵਰਗ ਯਗੋਂ ਸੇ ਮਿਲੇਗਾ ਵਾ ਤਪੋਂ ਸੇ। ਇਤਜਾਦਿਕ ਸੰਦੇਹੋ ਸਹਿਤ ਹੀ ਜਨਮੋ ਮਰੇਗੀ, ਯਥਾ- ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ। ਪੁਨਾ- ਮਨਮੁਖਿ ਮੈਲੀ ਡੁੰਮਣੀ ਭਾਈ। ਚਿਤ ਕੇ ਸੰਸੇ ਮੇਟਨੇ ਹੇਤ ਚਾਹੇ ਕੇਤੇ ਹੀ ਮੰਤ੍ਰੀ ਜੰਤ੍ਰੀ ਜੋਤਸੀ ਲੋਗੋਂ ਕੋ ਮਿਤ੍ਰ ਬਨਾਵਾ। ਤੋਂ ਭੀ ਦੁਮਨੀ ਹੀ ਜਨਮੋ ਮਰੇਗੀ ਬਿਨਾ ਬ੍ਰਹਮ ਵੇਤੇ ਗੁਰੋਂ ਸੇ ਸੰਦੇਹ ਮੇਟ ਮੁਕਤ ਕਰਨੇ ਵਾਲਾ ਮਿਤ੍ਰ ਮਿਲਨਾ ਦੁਰਲਭ ਹੈ।

**ਡੂ** ਪੰ. ਮੁ. ਦੋਨੋ ਲੋਕੋ ਮੇ, ਯਥਾ- ਨਕਟੀ ਕੋ ਠਨਗਨੁ ਬਾਡਾ ਡੂੰ। ਦੂ ਮੂਲ।

**ਡੂਇ** ਪੰ. ਮੁ. ਦੋ, ਯਥਾ- ਸੁਖ ਘਟਾਊ ਡੂਇ।

**ਡੂਗਰ** ਦੇ. ਬਾਗੜੀ. ਪਰਬਤ।

**ਡੂਗਰਿ ਘਣਾ** ਦੇ. ਮਾ. ਪਰਬਤ ਬਡਾ, ਯਥਾ- ਘਟ ਅਵਘਟ ਡੂਗਰ ਘਣਾ। ਘਾਟ ਕਠਨ ਪਰਬਤ ਬਹੁਤ ਹੈ।

**ਡੂਗਰਿ ਵਾਸੁ** ਦੇ. ਪਰਬਤ ਮੇ ਵਾਸ ਹੈ, ਯਥਾ- ਡੂਗਰਿ ਵਾਸੁ ਤਿਖਾ ਘਣੀ। ਜਿਨ ਕਾ ਅਹੰਕਾਰ ਪਰਬਤ ਪੈ ਵਾਸ ਹੈ ਔ ਚਿਤ ਮੇ ਬਹੁਤ ਤ੍ਰਿਸਨਾ ਹੈ।

**ਡੂਬਨ** ਦੇ. ਡੂਬਨਾ।

**ਡੂਬਸ** ਦੇ. ਡੂਬਤੇ ਹੈ।

**ਡੂਬਿ** ਪੰ. ਡੁਬ ਕਰ, ਯਥਾ- ਡੂਬਿ ਮੁਏ ਵਿਣੁ ਪਾਣੀ।

**ਡੂਮਿ** ਪੰ. ਯਵਨੋ ਮੈ ਏਕ ਜਾਤਿ ਹੈ ਜੋ ਨ੍ਰਿਤ ਸਮੇ ਬੇਸ੍ਵਾ ਕੇ ਪੀਛੇ ਤਬਲੇ ਬਜਾਤੇ ਹੈ ਅਰ ਪੰਜਾਬ ਮੈ ਥੋੜਾ ਥੋੜਾ ਔਰੋ ਕਾ, ਬਹੁਤ ਕਰ ਜੱਟੋ ਕੀ ਕੁਲੋ ਕਾ ਉਚਾਰ ਕਰਤੇ ਹੈ। ਜਿਸ ਕਾ ਨਾਮ ਕਲਿਆਣ ਪ੍ਰਸਿਧ ਹੈ। ਇਸ ਜਾਤਿ ਮੈ ਸੇ ਏਕ ਗੁਰੂ ਨਾਨਕ ਜੀ ਕਾ ਸੇਵਕ ਹੁਆ। ਉਸ ਕੀ ਯਵਨ ਮਤ ਸੇ ਸ੍ਰਧਾ ਉਠ ਗਈ ਥੀ, ਇਸ ਲੀਏ ਅਪਨੇ ਸਰੀਰ ਕੋ ਅਗਨ ਮੇ ਦਾਹ ਕਰਾਯਾ। ਸਤਾ ਬਲਵੰਡ ਦੋ ਡੂਮ ਗੁਰੂ ਅਰਜਨ ਜੀ ਕੀ ਸਭਾ ਮੇ ਗਾਯਨ ਕਰਤੇ ਥੇ। ਉਨ੍ਹ ਨੇ ਅਹੰਕਾਰ ਕੇ ਬਸ ਹੋ ਗੁਰੂ ਨਾਨਕ ਜੀ ਕੀ ਅਵਗ੍ਯਾ ਕਰੀ। ਗੁਰੂ ਪੰਚਮ ਜੀ ਨੇ ਸਰਾਫ ਦੀਆ ਕੁਸ੍ਰੀ ਹੋ ਗਏ। ਗੁਰੂ ਕੇ ਪ੍ਰੇਮੀ ਸੇਵਕ ਭਾਈ ਲਧਾ ਨੇ ਅਪਰਾਧ ਖ੍ਿਮਾ ਕਰਾਯਾ। ਗੁਰੂ ਜੀ ਨੇ ਆਗ੍ਯਾ ਕਰੀ ਜਸ ਕੀ ਵਾਰ ਕਹੋ। ਰਾਮਕਲੀ ਮੇ ਵਾਰ ਕਹੀ, ਜਿਸ ਕਾ ਨਾਮ ਟਿਕੇ ਕੀ ਵਾਰ ਹੈ। ਉਤਪਤੀ ਇਸ ਜਾਤੀ ਕੀ ਭਾਟੋ ਸੇ ਜਾਨ ਪੜਤੀ ਹੈ। ਟੂਟੀ ਫੂਟੀ ਕਵਿਤਾ ਭੀ ਬਨਾ ਲੇਤੇ ਹੈ, ਯਥਾ- ਬਲਵੰਡਿ ਤਥਾ ਸਤੈ ਡੂਮਿ ਆਖੀ।

**ਡੇਊ** ਪੰ. ਮੁ. ਦੇਊ, ਯਥਾ- ਆਨ ਨ ਡੇਊ ਚਿਤੁ।

**ਡੇਈ** ਪੰ. ਮੁ. ਦੇਵੋਂ, ਯਥਾ- ਡੇਈ ਸਿਸੁ ਉਤਾਰਿ। ਦੇਵਾ ਸਿਰ ਉਤਾਰ ਕੇ।

**ਡੇਹ** ਪੰ. ਮੁ. ਦਿਨ, ਯਥਾ- ਪੂਰਬਿ ਲਿਖੇ ਡੇਹ ਸਿ ਆਏ ਮਾਇਆ।

**ਡੇਹੀਆ** ਪੰ. ਮੁ. ਦੇਤੀ ਹੂ।

**ਡੇਖੈ** ਪੰ. ਦੇਖਾ ; ਦੇਖੇ, ਯਥਾ- ਜੇ ਡੇਖੈ ਹਿਕ ਵਾਰ।

**ਡੇਰਾ** ਦੇ. ਰਹਨੇ ਕਾ ਥਾਨ, ਯਥਾ- ਡਡਾ ਡੇਰਾ ਇਹੁ ਨਹੀ।

**ਡੇਰੀ** ਗੁ. ਟੇਢੀ, ਯਥਾ- ਪਾਗ ਸਿਰਿ ਡੇਰੀ।

**ਡੋਸੜੇ** ਪੰ. ਮੁ. ਦੋਖ, ਯਥਾ- ਅੰਮਾਵਣਿ ਡੋਸੜੇ।

**ਡੋਹਾਗਣ** ਪੰ. ਦੁਹਾਗਣ, ਖੋਟੇ ਭਾਗ ਵਾਲੀ। ਸੰ. ਦੁਰਭਾਗਨੀ, ਯਥਾ- ਜੋ ਡੋਹਾਗਣਿ ਰਬ ਦੀ। ਜੋ ਖੋਟੇ ਭਾਗੋ ਵਾਲੀ ਪ੍ਰਮੇਸ੍ਵਰ ਪਤਿ ਓਰ ਸੇ ਛੁਟੜ ਹੋਈ ਹੈ।

**ਡੋਹਾਗਣੀ** ਪੰ. ਖੋਟੇ ਭਾਗ ਵਾਲੀਓ ਕੋ, ਯਥਾ- ਕਿਉ ਪਾਇਨਿ੍ ਡੋਹਾਗਣੀ ਦੁਖੀ ਰੈਣਿ ਵਿਹਾਇ। ਬਿਸੇਖ ਕਰ ਚਿਤ ਕਾ ਤਾਪ ਲਗਾ ਹੈ ਦੁਰਭਾਗਣੀਓ ਕੋ।

**ਡੋਬੇ** ਪੰ. ਡੋਬੇ ਹੈ, ਯਥਾ- ਦੁਬਿਧਾ ਡੋਬੇ ਪੂਰੁ।

**ਡੋਮ** ਦੇ. ਪਹਾੜੀ। ਭੰਗੀ, ਯਥਾ- ਡੋਮ ਚੰਡਾਰ ਮਲੇਛ ਮਨ ਸੋਇ। ਭੰਗੀ ਕਾ ਨਾਮ ਬਦਰੀ ਨਾਰਾਯਣ ਕੇ ਪਹਾੜ ਮੇ ਡੂਮ ਅਰ ਡੂਮੜਾ ਕਹਤੇ ਹੈ।

**ਡੋਰਾ** ਦੇ. ਬੋਲਾ, ਯਥਾ- ਕਹਾ ਬੁਝਾਰਤਿ ਬੂਝੈ ਡੋਰਾ। ਪੁਨਾ- ਨਾਮੁ ਨ ਸੁਨਈ ਡੋਰਾ। ਤਾਗਾ ; ਡੋਲਾ ਅਸਵਾਰੀ।

**ਡੋਰੀ** ਦੇ. ਮਾਪ ਕੀ ਰਸੀ, ਯਥਾ- ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ। ਨੇਤ੍ਰਾਦਿ ਇੰਦ੍ਰਯ ਰੂਪ ਰਸਾਦਿਕੋ ਕੇ ਗ੍ਰਹਣ ਸੇ ਤ੍ਰਿਪਤ ਨਹੀ ਹੋਵੇ। ਉਲਟੇ ਰੂਪਾਦਿਕੋ ਕੇ ਗਜਾਨ ਮੇ ਮਨ ਕਾ ਬਿਚੋਲਾਪਨਾ ਕਰਤੇ, ਤਾ ਕਾ ਮਿਹਨਤਾਨਾ ਬਹੁਤ ਲੇਤੇ ਹੈ ਅਰਥਾਤ ਮਨ ਕੋ ਰੂਪਾਦਿ ਵਿਖਯੋ ਕੀ ਖਬਰ ਦੇਤੇ ਆਪ ਤ੍ਰਿਪਤ ਨਹੀ ਹੋਤੇ। ਬਚਨਾਂਤਰ ਭੀ ਹੈ- ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ਇਤਯਾਦਿ ; ਰਸੀ ਮਾਤ੍ਰ ; ਪ੍ਰੀਤੀ, ਯਥਾ- ਚਰਨ ਕਮਲ ਸੰਗਿ ਲਾਗੀ ਡੋਰੀ। ਕਾਨੋ ਸੇ ਬੋਲੀ ਇਸਤ੍ਰੀ।

**ਡੋਲ** ਗੁ. ਡੋਲਨਾ ਕਰੇ ਹੈ, ਯਥਾ- ਮਨੁ ਡੋਲਤ ਡੋਲ ਕਰੀਜੈ। ਡੋਲਤੇ ਮਨੋ ਵਾਲੇ ਭ੍ਰਮੀ ਜਨੋ ਸਾਥ ਮਿਲ ਕੇ ਸਭ ਕਾ ਮਨ ਡੋਲਨਾ ਕਰੇ ਹੈ। ਯਾ ਤੇ ਭ੍ਰਮੀ ਜਨੋ ਕਾ ਸੰਗ ਨਾ ਕਰਨਾ ਚਾਹੀਏ। ਬਚਨ ਭੀ ਹੈ ਸਾਕਤ ਸੰਗੁ ਨ ਹੇਰਿ।

**ਡੋਲਤ** ਦੇ. ਫਿਰਤੇ, ਯਥਾ- ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ। ਨਾਨਾ ਜਨਮੋ ਮੇ ਫਿਰਤੀ ਜੀਵੋਂ ਕੀ ਪੰਗਤੀ ਕੇ ਦੇਹ ਰੂਪ ਚੀਰ ਔ ਬਿਵੇਕਾਦਿਕ ਸਾਧਨ ਰੂਪ ਸਿੰਗਾਰ ਦੂਰ ਹੋ ਗਏ ਹੈ।

**ਡੋਲਨ ਤੇ** ਦੇ. ਨਾਨਾ ਦੇਵਨ ਕੇ ਪੂਜਨ ਹੇਤ ਨਾਨਾ ਥਾਨੋ ਮੇ ਭਟਕਨੇ ਤੇ, ਯਥਾ- ਡੋਲਨ ਤੇ ਰਾਖਹੁ ਪ੍ਰਭੂ।

**ਡੋਲਨੀ** ਪੰ. ਦਹੀ ਰਿੜਕਨੇ ਕੀ ਚਾਟੀ, ਦੁਧਿ ਮਥਨ ਯੋਗ੍ਯ ਬਡਾ ਪਾਤ੍ਰ, ਯਥਾ- ਮਾਇਆ ਡੋਲਨੀ ਪਵਨੁ ਝਕੋਲਨਹਾਰੁ।

**ਡੋਲਾ** ਦੇ. ਫਿਰਨਾ, ਯਥਾ- ਡੀਗਨ ਡੋਲਾ। ਬਾਰ ਬਾਰ ਡੋਲਨਾ।

**ਡੋਲੀਐ** ਦੇ. ਫਿਰੀਏ, ਯਥਾ- ਰੇ ਮਨ ਡੀਗਿ ਨ ਡੋਲੀਐ।

**ਡੋਲੇਤ** ਗੁ. ਡੋਲਤੇ, ਯਥਾ- ਨਾਹੀ ਡੋਲੇਤ।

**ਡੋਲੈ** ਦੇ. ਡੋਲਤਾ ਨਹੀ, ਯਥਾ- ਡੋਲੈ ਵਾਉ ਨ ਵਡਾ ਹੋਇ।

॥ਇਤਿ ਡਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਢ

**ਢਹ ਪਈਆਸ** ਵਾ. ਗਿਰ ਪੜੀਆ।

**ਢਹਗਿ** ਪੰ. ਗਿਰ ਜਾਵੇਗੀ, ਯਥਾ- ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ। ਹੇ ਜਨੋ ਤੁਮਾਰੀ ਦੇਹ ਰੂਪ ਕਾਚੀ ਦੀਵਾਰ ਗਿਰ ਜਾਵੇਗੀ ਯਾ ਤੇ ਛਲਾਦਿਕੋ ਸੇ ਪਰਾਯਾ ਪਦਾਰਥ ਲੇ ਪੋਖਣ ਕਰਨਾ ਰੂਪ ਚੂਨਾ ਇਸੇ ਮਤ ਲਾਵੋ।

**ਢਹਤ** ਪੰ. ਗਿਰਤ, ਯਥਾ- ਢਹਤ ਢਹਤ ਅਬ ਢਹਿ ਪਰੇ। ਗਿਰਤੇ, ਯਥਾ- ਭਾਰੇ ਢਹਤੇ ਢਹਿ ਪਏ।

**ਢਹਦੇ** ਪੰ. ਗਿਰਤੇ, ਯਥਾ- ਸੇ ਭੀ ਢਹਦੇ ਡਿਠੁ ਮੈ। ਗਿਰਤੀ, ਯਥਾ- ਢਹਦੀ ਜਾਇ ਕਰਾਰਿ। ਦੇਹ ਰੂਪੀ ਭੀਤ ਅਪਨੀ ਕਰਾਰ, ਥਿਰਤਾ ਸੇ ਗਿਰਤੀ ਜਾਤੀ ਹੈ।

**ਢਹਨ** ਦੇ. ਗਿਰਨਾ।

**ਢਹਾ** ਗੁ. ਆਸਰਾ, ਯਥਾ- ਲੈਦੇ ਢਹਾ ਫਿਰਾਹੀ।

**ਢਹਿ** ਪੰ. ਡਿਗ, ਗਿਰ, ਯਥਾ- ਹੋਇ ਨਿਮਾਣੀ ਢਹਿ ਪਈ। ਪੁਨਾ- ਢਹਿ ਢੇਰੀ ਤਨੁ ਖੇਹ। ਪੁਨਾ- ਢਹਿ ਪਈਆਸਿ। ਢਹ ਪਈ ਹਾਂ।

**ਢਹੈ** ਪੰ. ਗਿਰੇ, ਯਥਾ- ਢਹੈ ਨ ਹੋਇ ਕਪਾਸ।

**ਢਕਣ** ਪੰ. ਕੱਜਣ ਕੋ, ਯਥਾ- ਢਕਣ ਕੂ ਪਤਿ ਮੇਰੀ।

**ਢੰਗੁ** ਪੰ. ਪ੍ਰਕਾਰ, ਬਨਾਵਟ, ਯਥਾ- ਕਿਛੁ ਢੰਗੁ ਨ ਮੇਰਾ।

**ਢਟੇ** ਪੰ. ਸਾਢ ਪਸੁ।

**ਢਠੀਆ** ਪੰ. ਗਿਰੀਆ, ਯਥਾ- ਢਠੀਆ ਕੰਮਿ ਨ ਆਵਨ੍ਹੀ।

**ਢੰਢੋਲਿਮੁ** ਗੁ. ਨਿਰਣੇ ਕਰ ਖੋਜ ਕੇ, ਯਥਾ- ਢੰਢੋਲਿਮੁ ਢੂਢਿਮੁ ਡਿਠੁ ਮੈ।

**ਢੰਢੋਲੇ** ਗੁ. ਢੂਢੇ ਹੈ, ਖੋਜੇ ਹੈ ਨਾੜੀ ਪਕੜ ਕੇ, ਯਥਾ- ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ। ਢੂਢ ਕੇ, ਯਥਾ- ਖੋਜਿ ਹਿਰਦੈ ਦੇਖਿ ਢੰਢੋਲੀ। ਜਿਸ ਕੋ ਖੋਜਤਾ ਹੈਂ ਤਿਸ ਕੋ ਖੋਜ, ਪੈੜ ਕੋ ਹਿਰਦੇ ਮੇ ਢੂੰਢ ਕੇ ਦੇਖ।

**ਢਬੁ** ਪੰ. ਪ੍ਰਕਾਰ, ਵਜਹ, ਤਰਹ, ਯਥਾ- ਨਾਹੀ ਸਤ ਕਾ ਢਬੁ।

**ਢਬੂਆ** ਦੇ. ਪੈਸਾ, ਯਥਾ- ਉਘਰਿ ਗਇਆ ਜੈਸਾ ਖੋਟਾ ਢਬੂਆ। ਪਹਾੜ ਦੇਸ ਮੋ ਇਸ ਕਾ ਨਾਮ ਢਊਆ ਹੈ ਯਹ ਪੈਸਾ ਕਦ ਮੋ ਬਡਾ ਹੋਤਾ ਹੈ।

**ਢਮਕਾਵੈ** ਪੰ. ਬਜਾਵੇ ਹੈ, ਯਥਾ- ਬਰਦ ਚਢੇ ਡਉਰੂ ਢਮਕਾਵੈ।

**ਢਰਕਿ** ਪ੍ਰ. ਅਪਨੇ ਠਿਕਾਨੇ ਸੇ ਗਿਰ, ਯਥਾ- ਚਰਨ ਰਹੇ ਕਰ ਢਰਕਿ ਪਰੇ ਹੈ। ਚਰਨ ਚਲਨੇ ਸੇ ਰਹ ਗਏ ਹਾਥ ਪਕੜਨੇ ਓਰ ਸੇ ਢਲਕ ਪਰੇ ਹੈ। ਪੰ. ਢਲਕ।

**ਢਰੈ** ਦੇ. ਢਲੇ ਹੈ, ਨਰਮ ਹੋਵੇ ਹੈ, ਯਥਾ- ਤਾ ਪਰ ਤੁਹੀਂ ਢਰੈ।

**ਢਲ ਢੁਲ** ਪੰ. ਗਿਰ ਗਰ ਕੇ ਢਲ ਢੁਲ ਪੰਜਾਬੀ ਦੋਹਰੀ ਬੋਲੀ ਹੈ ਅਰਥ ਇਸ ਕਾ ਗਿਰਨਾ ਮਾਤ੍ਰ ਹੈ।

**ਢਲਿ** ਪੰ. ਗਿਰ ਕੇ, ਯਥਾ- ਢਲਿ ਢੁਲਿ ਜੁੰਮਣਹਾਰ। ਗਿਰ ਗਰ ਕੇ ਜਾਨੇ ਅਰਥਾਤ ਨਾਸ ਹੋਨੇ ਵਾਲੇ ਹੈ।

**ਢਾਹਤ** ਪੰ. ਢਾਹਤੇ।

**ਢਾਹਨ** ਵਾ. ਭਗਤੋ ਕੇ ਨਹੀ ਦੇਹ ਸੇ ਪ੍ਰਾਨ ਨਿਕਾਸੇ, ਯਥਾ- ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।

**ਢਾਹਾ** ਪੰ. ਨਦੀ ਕਾ ਤੀਰ, ਯਥਾ- ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।

**ਢਾਹੇ** ਪੰ. ਗੇਰ ਕੇ, ਯਥਾ- ਢਾਹੇ ਢਾਹਿ ਉਸਾਰੇ। ਗੇਰੇ, ਯਥਾ- ਉਸਰੇ ਢਾਹੈ।

**ਢਾਕਨ** ਪੰ. ਢਕਨੇ।

**ਢਾਕੁ** ਦੇ. ਪਲਾਹ, ਯਥਾ- ਸੋ ਕੁਲ ਢਾਕੁ ਪਲਾਸੁ। ਕਹੇ ਬ੍ਰਿਛ ਸਰੀਖਾ ਹੈ। ਯਹ ਭੀ ਦੋਹਰੀ ਬੋਲੀ ਹੈ ; ਛਿਪਾਉ।

**ਢਾਕੈ** ਪੰ. ਕਜੇ, ਛਿਪਾਵੇ, ਯਥਾ- ਅਪੁਨੇ ਜਨ ਕਾ ਪਰਦਾ ਢਾਕੈ। ਪ੍ਰਮੇਸ੍ਰ ਅਪਨੇ ਸੇਵਕ ਕੋ ਨਗਨ ਨਹੀ ਹੋਨੇ ਦੇਤਾ ਯਤਨ ਸੇ ਉਸ ਕਾ ਪੜਦਾ ਢੱਕੇ ਹੈ। ਗੋਦ ਮੇ, ਜੈਸੇ- ਬਾਲਕ ਢਾਕੇ ਚੜਤਾ ਹੈ। ਦੇ. ਢਾਕੇ ਸਹਰ ਮੇ, ਜੈਸੇ- ਢਾਕੇ ਜਾਨਾ।

**ਢਾਠੀ** ਪੰ. ਗਿਰ ਗਈ, ਯਥਾ- ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ।

**ਢਾਢੀ** ਦੇ. ਸੂਰਮਿਓ ਕੀ ਵਾਰ ਗਾਨੇ ਵਾਲੇ ਮਰਾਸੀ ਲੋਗ, ਯਥਾ- ਹਉ ਢਾਢੀ ਕਾ ਨੀਚ ਜਾਤਿ। ਇਸ ਨਾਮ ਕਾ ਮੂਲ ਦੱਾਰੜੀ ਹੈ। ਦੱਾਰੜੀ ਯੁਧ ਸਮੇ ਬੀਰ ਰਸ ਕੀ ਕਵਿਤਾ ਸੁਨਾ ਕੇ ਬੀਰੋ ਕੋ ਦ੍ਰਿਢਤਾ ਕਰਾਨੇ ਵਾਲੇ ਭਾਟ ਲੋਗੋ ਕਾ ਨਾਮ ਹੈ, ਜੋ ਛਤ੍ਰੀਯੋ ਕੀ ਲੜਾਈਯੋ ਮੇ ਸਾਰੀ ਸੇਨਾ ਸੇ ਆਗੇ ਹੋਕਰ ਸੂਰਮਿਓ ਕਾ ਮਹਾਨ ਜਸ ਕਰ ਉਨ ਕੋ ਦ੍ਰਿਢਤਾ ਬੰਧਵਾਤੇ ਥੇ। ਮਾਰਵਾੜ ਦੇਸ ਮੋ ਇਸ ਕੋ ਢਾਢ ਬੰਧਵਾਨਾ ਕਹਤੇ ਹੈ। ਲੜਾਈਓ ਮੇ ਢਾਢ ਬੰਧਵਾਨੇ ਕੇ ਸਬਬ ਸੇ ਹੀ ਭਟ ਲੋਕ ਅਪਨੀ ਕਮਰ ਮੇ ਤਰਵਾਰ ਕਟਾਰ ਸਸਤ੍ਰ ਬਾਧਤੇ ਥੇ। ਕੇਵਲ ਮਾਗਨੇ ਹੇਤ ਸਸਤ੍ਰ ਨਹੀ ਬਾਧਨਾ ਪੜਤਾ। ਉਨ ਭਾਟੋ ਸੇ ਹੀ ਯਵਨ

ਪਾਤਸਾਹੋ ਕੇ ਸਮੇ ਮੇ ਕਈ ਲੋਗ ਮੁਸਲਮਾਨ ਬਣ ਗਏ। ਜਿਨ ਕਾ ਨਾਮ ਮਰਾਸੀ ਡੂਮ ਹੈ। ਲੜਾਈਯੋ ਮੇ ਜਾਨੇ ਕੇ ਠਿਕਾਨੇ ਸੁਰਮਿਓ ਕੇ ਘਰੋ ਮੇ ਹੀ ਬੈਠ ਕੇ ਵਾਰੇ ਗਾਨੇ ਲਗੇ। ਟੂਟੀ ਫੂਟੀ ਕਵਿਤਾ ਭੀ ਬਨਾਤੇ ਹੈ, ਕਈ ਜਾਤੋ ਕੇ ਬੰਸੋ ਕੀ ਪ੍ਰਸੰਸਾ ਭੀ ਕਰਤੇ ਹੈ। ਗੁ. ਜਸ ਕਰਤਾ ਮਾਤ੍ਰ।

**ਢਾਪ** ਦੇ. ਢਕ, ਕੱਜ, ਆਛਾਦ।

**ਢਾਬ** ਪੰ. ਕੱਚਾ ਬਡਾ ਤਲਾਉ।

**ਢਾਰ** ਦੇ. ਢਾਲ ; ਚਾਲ ਚਲਨ।

**ਢਾਲ** ਦੇ. ਮਰਯਾਦਾ, ਯਥਾ- ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ। ਅਹੰਕਾਰੀ ਕਾ ਨਾਸ ਹੋਨਾ ਯਹ ਆਦਿ ਕੀ ਮਰਯਾਦਾ ਹੈ। ਸਿਪਰ ਗੈਂਡੇ ਆਦਿਕੋ ਕੀ ਢਾਲ ਪ੍ਰਸਿਧ।

**ਢਾਲਣ** ਗੁ. ਤਰਹ, ਯਥਾ- ਕਹਣ ਅੰਮ੍ਰਿਤ ਕਲ ਢਾਲਣ।

**ਢਾਲਾ** ਗੁ. ਤਰਹ, ਯਥਾ- ਕੰਚਨ ਕਾਇਆ ਸੁਇਨੇ ਕੀ ਢਾਲਾ। ਸੁਧ ਸੁਵਰਣ ਕੀ ਤਰਹ ਹੋ ਕ੍ਰਿਸਨ ਆਪ ਕੀ ਦੇਹ ਹੈ ਸਿੰਘ ਸੰਕੇਤ ਮੇ ਸਿਪਰ ਢਾਲਾ ਪ੍ਰਸਿੱਧ ਹੈ।

**ਢਿਲ** ਪੰ. ਦੇਰ, ਬਲੰਬ।

**ਢਿਲਾ** ਪੰ. ਸਿਥਲ, ਯਥਾ- ਨਵੇ ਸੋਤ ਸਭਿ ਢਿਲਾ।

**ਢੀਠ** ਦੇ. ਢੀਠਪਨ ਵਾਲੇ, ਯਥਾ- ਢੀਠ ਮੁਕਰਨ। ਹੇ ਢੀਠ ਹਰਿ ਆਗੇ ਮੁਕਰਨਾ ਕਰਤਾ ਹੈ। ਢੀਠਤਾ ਵਾਲੇ, ਯਥਾ- ਕਾਮ ਕ੍ਰੋਧ ਬਿਨਸੇ ਮਦ ਢੀਠੇ। ਢੀਠਪਨੇ ਵਾਲੇ ਕਾਮਾਦਿ ਦੋਖ ਦੂਰ ਹੋ ਗਏ। ਢੀਠਪਨ, ਯਥਾ- ਬਿਨਸਿਓ ਮਨ ਕਾ ਮੂਰਖੁ ਢੀਠਾ। ਮਨ ਕਾ ਮੋਹ ਵਾਲਾ ਮੂਰਖ ਸੁਭਾਉ।

**ਢੀਠਾਈ** ਗੁ. ਢੀਠਤਾ। ਸੰ. ਧ੍ਰਿਸ੍ਰਤਾ।

**ਢੀਂਢੇ** ਪੰ. ਛੋਟੇ ਮਟੀ ਕੇ ਡਲੇ ਸਮ, ਯਥਾ- ਹਮ ਢੀਂਢੇ ਢੀਮ। ਹਮ ਛੋਟੇ ਮਟੀ ਕੇ ਡਲੇ ਸਮ ਤੁਛ ਹੈ, ਬਡੇ ਬੋਝਲ ਮਟੀ ਕੇ ਡਲੇ ਸਮ ਪਾਪੋ ਕੇ ਭਾਰ ਸੇ ਬੋਝਲ ਹੈ।

**ਢੀਮ** ਪੰ. ਬਡਾ ਬੋਝਲ ਮਟੀ ਕਾ ਡਲਾ, ਬੋਝਲ ਢੇਲਾ।

**ਢੀਲਾ** ਪੰ. ਸਹਜੇ, ਯਥਾ- ਲਾਹੇ ਕਉ ਤੂੰ ਢੀਲਾ ਢੀਲਾ। ਦੇਰ, ਜੈਸੇ- ਕਿਉ ਕੀਜੇ ਢੀਲਾ।

**ਢੁਕ** ਪੰ. ਸਮੀਪ ਪਹੁਚ।

**ਢੁਰਿ** ਗੁ. ਪਿਘਲ ਕੇ, ਯਥਾ- ਤਿਉ ਢੁਰਿ ਮਿਲਿਓ ਜੁਲਾਹੋ।

**ਢੁਲਿ** ਪੰ. ਝੁਕ, ਨੀਵਾ ਹੋ ਕਰ, ਯਥਾ- ਢਲਿ ਢੁਲਿ ਜੁੰਮਣਹਾਰ।

**ਢੂੰਢ** ਪੰ. ਖੋਜਣਾ, ਯਥਾ- ਢੂੰਢ ਵਞਾਈ ਥੀਆ ਥਿਤਾ। ਖੋਜਣਾ ਦੂਰ ਹੂਆ ਜਬ ਹੋ ਗਯਾ ਹਮਾਰਾ ਮਨ ਥਿਰ।

**ਢੂਢਤ** ਪੰ. ਖੋਜਤ।

**ਢੂਢਮ** ਪੰ. ਮੁ. ਖੋਜ ਕੇ।

**ਢੂੰਢਿਆ** ਪੰ. ਖੋਜਿਆ, ਯਥਾ- ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ।

**ਢੂਢੀਆ** ਦੇ. ਜੈਨੀ ਸਾਧ ਜੋ ਮੁਖ ਆਗੇ ਪਟੀ ਰਖਤੇ ਹੈ।

**ਢੂਢਨ** ਪੰ. ਖੋਜਨ, ਯਥਾ- ਅਬ ਢੂਢਨ ਕਾਹੇ ਕਉ ਜਾਹਿ।

**ਢੇਰ** ਪੰ. ਕੁਰੜੀ, ਰੂੜੀ ; ਬਹੁਤ, ਜੈਸੇ- ਏਹ ਵਸਤੁ ਢੇਰ ਹੈ।

**ਢੇਰੀ** ਪੰ. ਅਪਨੇ ਹਿਸੇ ਕੀ ਚੀਜ ਅਰਥਾਤ ਅੰਤਾਕਰਣ ਸੇ ਅਹੰਕਾਰ, ਯਥਾ- ਢੇਰੀ ਢਾਹਹੁ ਸਾਧਸੰਗਿ। ਜਾਤੀ ਆਦਿਕੋ ਕਾ ਅਹੰਕਾਰ ਦੂਰ ਕਰੋ ਸੰਤੋ ਕੇ ਸੰਗ ਮੇ ਮਿਲ। ਸਮੁਦਾਯ, ਜੈਸੇ- ਅੰਨ ਕੀ ਢੇਰੀ।

**ਢੋਆ** ਦੇ. ਭੇਟਾ, ਨਜਰ, ਯਥਾ- ਸਚੇ ਕਾ ਸਚਾ ਢੋਆ। ਪੁਨਾ- ਕਰਿ ਸਚਾ ਢੋਆ। ਭਗਤੀ ਰੂਪੀ ਸਚੀ ਭੇਟਾ ਦੇ ਕਰ। ਪੁਨਾ- ਕਰਿ ਗਏ ਗੋਸਟਿ ਢੋਆ। ਕਰ ਗਏ ਹਰਿ ਚਰਚਾ ਰੂਪ ਭੇਟਾ।

**ਢੋਇਓ** ਪੰ. ਲਿਆਂਦਾ, ਜੈਸੇ- ਜਲ ਢੋਇਓ ਸਤਿਗੁਰ ਕੇ ਦੁਆਰੇ।

**ਢੋਇਆ** ਪੰ. ਸਾਮਨਾ ਕੀਆ, ਯਥਾ- ਓਥੈ ਪਕੜਿ ਓਹੁ ਢੋਇਆ।

**ਢੋਈ** ਪੰ. ਸਤਕਾਰ ਸਾਥ ਬੁਲਾਨਾ ਬੈਠਾਨਾ, ਯਥਾ- ਦਰਗਹ ਢੋਈ ਨਾ ਲਹਨਿ੍। ਬੀਚ ਹਰਿ ਥਾਨ ਕੇ ਤਥਾ ਸਤ ਸੰਗ ਥਾਨ ਮੇ ਆਦਰ ਨਹੀ ਮਿਲੇ।

**ਢੋਲਾ** ਪੰ. ਪਿਆਰਾ, ਯਥਾ- ਜਲਿ ਜਾਸੀ ਢੋਲਾ। ਹੇ ਪਿਆਰੇ ਇਸਤ੍ਰੀ ਆਗ ਮੇ ਚਿੱਤ ਨ ਲਗਾਵੀ, ਲਗਾਨੇ ਸੇ ਦਗਧ ਹੋ ਜਾਵੇਗਾ। ਯਾਹੀ ਤੇ ਬਚਨਾਂਤਰ ਮੇ 'ਏਕ ਕਨਕ ਅਰ ਕਾਮਨੀ ਦੋ ਲਾਂਬੀ ਤਰਵਾਰ' ਕਹੇ ਹੈ।

**ਢੋਲਾਵਉ** ਪੰ. ਫੇਰੋ।

**ਢੋਲਿ** ਪੰ. ਢੋਲ, ਵਾਜਾ ; ਪਿਆਰੇ ਨੇ, ਯਥਾ- ਦੁਰਮਤਿ ਪਰਹਰਿ ਛਾਡੀ ਢੋਲਿ।

**ਢੋਲੀਐ** ਪੰ. ਪਿਆਰੇ ਕੇ, ਯਥਾ- ਤਿਸੁ ਕਾਰਣਿ ਹਰਿ ਢੋਲੀਐ।

**ਢੋਵਉ** ਪੰ. ਜਲ ਢੋਵਾ, ਯਥਾ- ਜਲੁ ਢੋਵਉ ਇਹੁ ਸੀਸ ਕਰਿ।

॥ਇਤਿ ਢਕਾਰਾਦਿ ਸਬਦਾਰਥ ਰਚਨਾ ਸਮਾਪ੍ਤ॥

# ਣ

**ਣਹ** ਗੁ. ਨਹੀ ਛੁਟੇਗਾ, ਯਥਾ- ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ। ਮੈ ਤੂ ਦੋਨੋਂ ਨਹੀ ਪ੍ਰਮੇਸ੍ਵਰ ਕੇ ਦੰਡ ਸੇ ਛੁਟੇਗੇ ਯਾ ਤੇ ਹੇ ਦੂਤ ਉਸ ਥਾਨ ਕੇ ਸਮੀਪ ਨਾ ਜਾਨਾ।

**ਣਾ** ਗੁ. ਨਾ। ਸੰ., ਯਥਾ- ਣਾ ਕੋ ਮੇਰਾ ਕਿਸੁ ਗਹੀ।

**ਣਾਣਾ** ਗੁ. ਇਸ ਨਾਮ ਵਾਲੇ ਅਖਰ ਸੇ ਉਪਦੇਸ ਕਰੇ ਹੈ, ਯਥਾ- ਣਾਣਾ ਰਣ ਤੇ ਸੀਝੀਐ।

**ਣਾਮ** ਗੁ. ਨਾਮ ਸੇ, ਯਥਾ- ਣਾਮ ਵਿਹੂਣੇ ਆਦਮੀ। ਸੰ. ਨਾਮ।

**ਣਿਆ** ਗੁ. ਵਾਲਿਆ, ਜੈਸੇ- ਹਰਿ ਹਰਿ ਨਾਮ ਜਪਾਵਣਿਆ। ਹੇ ਹਰਿ ਕਾ ਨਾਮ ਜਪਾਨੇ ਵਾਲਿਆ।

॥ਇਤਿ ਸ੍ਰੀਮਤ ਤਾਰਾ ਹਰਿ ਨਰੋਤਮ ਸੰਗ੍ਰਿਹੀਤੇ ਗੁਰੁ ਗਿਰਾਰਥ ਕੋਸੇ ਣਕਾਰਾਦਿ ਸਬਦਾਰਥ ਰਚਨੰ ਸਮਾਪ੍ਤ॥
ਮਿਤੀ ਫਾਗਣ ਸੁਦੀ ੧੩ ਫਾਗਣ ਪ੍ਰਵਿਸ੍ਰੇ ੨੨ ਸੰਮਤ ੧੯੫੧
ਪੁਸਤਕ ਲਿਖ ਕੇ ਸਮਾਪਤਿ ਕਰੀ ਸਾਧੂ ਕੁਸਾਲ ਸਿੰਘ ਨੇ ਸੁਭ ਮਸਤੁ ਲੇਖਕ ਪਾਠਕਾ ਨਾਂ॥